
**Kahani Dhara** Literary Punjabi Quarterly
Year:15, issue No. 57+58, April-Sep.,2020,




Price:200/-

- "ਅਸਲ ਵਿਚ ਸਾਡਾ ਵਧੀਆ ਚਾਲ-ਚੱਲਣ ਹੀ ਸਾਡਾ ਸਭ ਤੋਂ ਵੱਡਾ ਸਰਮਾਇਆ ਹੈ ਜੇ ਅਸੀਂ ਆਪਣਾ ਚਾਲ-ਚੱਲਣ ਗੁਆ ਬੈਠੀਏ ਤਾਂ ਸਮਝੋ ਅਸੀਂ ਸਭ ਕੁਝ ਗੁਆ ਲਿਆ ਚਾਲ-ਚੱਲਣ ਵਿਚ ਬਹੁਤ ਸਾਰੀਆਂ ਗੱਲਾਂ ਸ਼ਾਮਲ ਹਨ ਸੱਚ ਬੋਲਣਾ, ਇਮਾਨਦਾਰੀ ਨਾਲ ਜ਼ਿੰਦਗੀ ਜਿਊਣੀ, ਈਰਖਾ ਅਤੇ ਹੰਕਾਰ ਤੋਂ ਦੂਰ ਰਹਿਣਾ, ਨਿਮਰਤਾ ਨਾਲ ਜ਼ਿੰਦਗੀ ਵਸਲ ਕਰਨੀ, ਗਲਤ ਨੂੰ ਗਲਤ ਅਤੇ ਸਹੀ ਨੂੰ ਸਹੀ ਕਹਿਣਾ, ਕਿਸੇ ਵੀ ਅਧਾਰ ਤੇ ਪੱਖਪਾਤ ਨਾ ਕਰਨਾ, ਇਨਸਾਫ਼ ਦੇ ਅਧਾਰ ਤੇ ਫ਼ੈਸਲੇ ਕਰਨੇ, ਬੇਗੁਨਾਹਾਂ ਦੇ ਨਾਲ ਖੜ੍ਹਨਾ, ਗਰੀਬ ਅਤੇ ਕਮਜ਼ੋਰ ਲੋਕਾਂ ਦਾ ਸਾਥ ਦੇਣਾ, ਦੂਜਿਆਂ ਵਿਚ ਔਗੁਣ ਕੱਢਣ ਤੋਂ ਪਹਿਲਾਂ ਆਪਣੇ ਔਗੁਣਾਂ ਵੱਲ ਝਾਤ ਮਾਰਨੀ ਅਤੇ ਉਨ੍ਹਾਂ ਨੂੰ ਸੁਧਾਰਨਾ, ਲੋੜਵੰਦਾਂ ਦੀ ਮਦਦ ਕਰਨੀ, ਲੋਕਾਂ ਨਾਲ ਵਧੀਆ ਵਿਹਾਰ ਕਰਨਾ, ਆਦਿ ਇਕ ਚੰਗੇ ਚਾਲ-ਚੱਲਣ ਦੀਆਂ ਖ਼ਾਸ ਵਿਸ਼ੇਸ਼ਤਾਈਆਂ ਹਨ ਕਿਸੇ ਨਾਲ ਧੋਖਾ ਕਰਨਾ, ਝੂਠ ਬੋਲਣਾ, ਹੇਰਾ-ਫੇਰੀਆਂ ਕਰਨੀਆਂ, ਰਿਸ਼ਵਤਾਂ ਲੈਣੀਆਂ, ਚੋਰੀਆਂ ਕਰਨੀਆਂ, ਸਵਾਰਥੀ ਹੋਣਾ, ਪੱਖਪਾਤ ਕਰਨਾ, ਕਿਸੇ ਨਾਲ ਬੇਇਨਸਾਫ਼ੀ ਕਰਨੀ, ਝੂਠੀਆਂ ਅਫ਼ਵਾਹਾਂ ਫੈਲਾਉਣੀਆਂ, ਈਰਖਾ ਰੱਖ ਕੇ ਦੂਜਿਆਂ ਨੂੰ ਨਫ਼ਰਤ ਕਰਨੀ ਅਤੇ ਨੁਕਸਾਨ ਪਹੁੰਚਾਉਣਾ, ਹੰਕਾਰ ਦੇ ਗੁਲਾਮ ਬਣਨਾ, ਕਮਜ਼ੋਰ ਅਤੇ ਗਰੀਬ ਲੋਕਾਂ ਨੂੰ ਬਿਨਾਂ ਕਾਰਨ ਤੰਗ ਕਰਨਾ, ਜਿਨ੍ਹਾਂ ਤੱਕ ਸਾਨੂੰ ਲੋੜ ਹੋਵੇ ਉਨ੍ਹਾਂ ਦੀ ਚਾਪਲੂਸੀ ਕਰਨੀ, ਕਿਸੇ ਨੂੰ ਬਗੈਰ ਕਾਰਨ ਦੇ ਨਿੰਦਣਾ, ਭੈੜੀ ਭਾਸ਼ਾ ਵਰਤਣੀ, ਲੋਕਾਂ ਨਾਲ ਭੈੜਾ ਸਲੂਕ ਕਰਨਾ, ਦੂਜਿਆਂ ਨੂੰ ਨੀਵੇਂ ਦਿਖਾਉਣਾ, ਆਦਿ ਸਭ ਸਾਡੇ ਚਾਲ-ਚੱਲਣ ਦੀ ਗਿਰਾਵਟ ਵੱਲ ਇਸ਼ਾਰਾ ਕਰਦੇ ਹਨ ਅਸੀਂ ਆਪਣੇ ਚਾਲ-ਚੱਲਣ ਨੂੰ ਜਿੰਨਾ ਮਰਜ਼ੀ ਲੁਕੋ ਲਈਏ, ਫਿਰ ਵੀ ਇਸ ਦੇ ਚੰਗੇ ਜਾਂ ਮੰਦੇ ਹੋਣ ਦੀ ਭਿਣਕ ਲੋਕਾਂ ਨੂੰ ਪੈ ਹੀ ਜਾਂਦੀ ਹੈ ਚੰਗੇ ਚਾਲ-ਚੱਲਣ ਦੀ ਮਹਿਕ ਗੁਲਾਬ ਦੇ ਫੁੱਲ ਵਰਗੀ ਹੁੰਦੀ ਹੈ ਅਤੇ ਮਾੜੇ ਚਾਲ-ਚੱਲਣ ਦਾ ਮੁਸ਼ਕ ਈਸਬਗੋਲ ਵਰਗਾ ਹੁੰਦਾ ਹੈ ਕਿਸੇ ਦੇ ਚਾਲ-ਚੱਲਣ ਦੀ ਮਹਿਕ ਜਾਂ ਮੁਸ਼ਕ ਦਾ ਦੂਰ ਤੋਂ ਹੀ ਪਤਾ ਲੱਗ


Published By: Lokgeet Parkashan/Unistar Books Pvt. Ltd.
301, Industrial Area, Phase-9, S.A.S. Nagar , Mohali, Punjab
Phone+91-172-5027427,5027429,4027552

57
58

Registeed with the Registrar of Newspapers for India
videR.N.I. No:PUN PUN 2006/19971, ISSN:2321-4449

# ਕਹਾਣੀ ਧਾਰਾ

ਅਪ੍ਰੈਲ-ਸਤੰਬਰ,2020, ਮੁੱਲ:100/-



*ਅਪ੍ਰੈਲ-ਸਤੰਬਰ,2020 ਅੰਕ: 57-58*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN: 2321- 4449**

**e-mail:**
kahanidhara@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:
Editor:
**KAHANI DHARA** Magazine
Vill. Dharampur, P.O. Khambra,
Diútt. Jalandhar-144026, Pb.
Mob. 94170-64350

**ਚੰਦੇ: ਇਹ ਅੰਕ:100 ਰੁ., 10 ਅੰਕ:500 ਰੁ.,**
**(ਕਾਲਜ ਲਾਇਬਰੇਰੀ ਲਈ 600/-)**
**10 ਅੰਕ: ਡਾਲਰ:100, ਤੇ ਪੌਂਡ: 80**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

## ਅੰਦਰ ਪੜ੍ਹੋ

☛ ***ਸੰਪਾਦਕੀ***
ਸਾਹਿਤ ਨੂੰ ਵਾਇਰਸ ਦੀ ਮਾਰ-2
☛ਮੰਟੋ ਅਵਚੇਤਨ ਦਾ ਜੇਤੂ/ਪ੍ਰੇਮ ਪ੍ਰਕਾਸ਼ -4
***ਕਹਾਣੀਆਂ***
☛ਕੋਈ ਵੀ ਤਾਂ ਨਹੀਂ/ਨਿਰੰਜਣ ਬੋਹਾ-11
☛ਸੁਪਨੇ ਰਿਸ਼ਤੇ ਅਤੇ ਜ਼ਿੰਦਗੀ/ਇਛੂਪਾਲ-17
☛ਜਿਉਂਦਾ ਰਹਿ ਵੇ ਬੱਚੜਿਆ/ ਗੁਰਮੀਤ ਕੜਿਆਲਵੀ-22
☛ਕੀ ਕਿਹਾ ਭਰਜਾਈ?/ਨਰਿੰਦਰ ਕੌਰ ਭੱਚੂ-31
☛ਬਣਵਾਸ/ਕਰਮਜੀਤ ਸਿੰਘ ਨਡਾਲਾ-44
☛ਗੋਲਡਨ ਅੱਖਰ / ਬਲਵੀਰ ਕੌਰ ਰੀਹਲ-58
☛ਹੈਪੀ ਬਰਥਡੇ ਪਾਪਾ/ਗੁਰਮੀਤ ਬਿਰਦੀ-63
☛ਪੈਦਲ /ਗੁਰਵਿੰਦਰ ਸਿੰਘ-69
☛ਚਤੁਰੀ ਚਮਾਰ/ਸੂਰਯਾਕਾਂਤ ਤ੍ਰਿਪਾਠੀ-76
☛ਸ਼ੋਅ-ਰੂਮ (ਨਾਵਲ)/ ਬਲਬੀਰ ਪਰਵਾਨਾ-84
☛ਸਵੈ ਬਿਰਤਾਂਤ/ਦਹਿਸ਼ਤ ਭਰੇ ਦਿਨਾਂ 'ਚ / - ਗੁਰਮੀਤ ਕੜਿਆਲਵੀ-89
☛ਸਾਲ 2019 ਦੀ ਪੰਜਾਬੀ ਕਹਾਣੀ : ਰੂਪ ਅਤੇ ਰੁਝਾਨ /ਪ੍ਰੋ. ਜੇ. ਬੀ. ਸੇਖੋਂ-103
☛ਪ੍ਰਮੁੱਖ ਪੰਜਾਬੀ ਕਹਾਣੀਆਂ ਵਿਚ ਜਾਤ-ਪਾਤ ਵਿਵਸਥਾ/ਪ੍ਰੋ. ਕੁਲਵਿੰਦਰ ਸਿੰਘ-108
☛ਸਾਰੰਗੀ ਦੀ ਮੌਤ ਤੇ ਹੋਰ ਕਹਾਣੀਆਂ - ਡਾ. ਸੰਤੋਖ ਸਿੰਘ ਸੁੱਖੀ-116
☛ਅਨੁਵਾਦ ਦਾ ਸਾਹਿਤਕ -ਡਾ. ਸਵਰਨ ਜੀਤ ਕੌਰ ਸੰਮੀ-122
☛ਰਿਜ਼ਕ-127
☛ਸਾਦਿਕ ਸੁਲਤਾਨ ਸ਼ੇਰ ਸ਼ਾਹ ਸੂਰੀ-132
☛ਚਿੱਕੜ/ਡਾ. ਸੁਖਪਾਲ ਕੌਰ-138
☛ਮੇਰਾ ਸਟੱਡੀ ਟੇਬਲ/ਰਸੂਲਪੁਰੀ-141



***Title Painting by:***
***Sonali Arora***
***Mob. 97801-22046***

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਪ੍ਰੈਲ, 2020)**

✓ ***Published with Financial Assistance from the Central Institute of Indian Languages (Department of Higher Education Ministry of Human Resource Development, Government of India),Manasagangotri, Mysuru-570006 vide sanction letter F. No. 53-9(1)/2018-19/PUN/LM/GRNT dated 7th November 2019 under the Little Magazine scheme of Grant-in-Aid".***



**ਸੰਪਾਦਕੀ**



# ਸਾਹਿਤ ਨੂੰ 'ਵਾਇਰਸ' ਦੀ ਮਾਰ

ਜਦੋਂ ਚੁੱਪ ਚੁਪੀਤੇ ਕਰੋਨਾ ਵਾਇਰਸ ਭਾਰਤ ਤੋਂ ਹੁੰਦਾ ਹੋਇਆ ਪੰਜਾਬ 'ਚ ਪਰਵੇਸ਼ ਕਰ ਰਿਹਾ ਸੀ, ਉਦੋਂ ਕੁ ਹੀ ਪੰਜਾਬ 'ਚ ਸਾਹਿਤਕ ਸਮਾਗਮਾ ਦਾ ਹੜ੍ਹ ਆਇਆ ਹੋਇਆ ਸੀ। ਉੱਤਮ ਸਾਹਿਤ ਦੀ ਏਹੀ ਤਾਂ ਨਿਸ਼ਾਨੀ ਹੁੰਦੀ ਏ! ਇਕੱਤੀ ਮਾਰਚ ਨੇੜੇ ਆਉਂਦੀ ਵੇਖ, ਸਰਕਾਰੀ, ਅਰਧ ਸਰਕਾਰੀ, ਪੌਣੇ ਅਰਧ ਸਰਕਾਰੀ ਸਾਹਿਤ ਕਲਾ, ਸਭਿਆਚਾਰ ਦੀਆਂ ਸੰਸਥਾਵਾਂ ਅਤੇ ਇਨ੍ਹਾਂ ਵੱਲੋਂ ਦਿੱਤੇ ਜਾਂਦੇ ਆਰਥਿਕ ਸਹਿਯੋਗ ਨਾਲ ਚੱਲਣ ਵਾਲੀਆਂ ਸਭਾਵਾਂ-ਸੰਸਥਾਵਾਂ ਵੀ ਪੱਬਾ ਭਾਰ ਹੋਈਆਂ ਪਈਆਂ ਸਨ। ਸਮਾਗਮ ਹੋ ਚੁੱਕੇ ਸਨ। ਕਈ ਹੋ ਰਹੇ ਸਨ ਅਤੇ ਕਈਆਂ ਦੀ ਵਿਓਂਤ ਬਣਾਈ ਜਾ ਰਹੀ ਸੀ। ਕਿਹਨੂੰ ਕਿਹੜੀ ਚੇਅਰ ਤੇ ਪ੍ਰਧਾਨਗੀ ਦੇਣੀ ਏ, ਕਿਹਨੂੰ ਹਾਸ਼ੀਏ 'ਤੇ ਧੱਕਣਾ ਏ, ਕਿਹਨੂੰ ਨਜ਼ਰ ਅੰਦਾਜ਼ ਕਰਨਾ ਏ। ਇਹਦੀਆਂ ਵਿਉਂਤਾ ਬਣ ਰਹੀਆਂ ਸਨ।

ਇਹ ਕੋਈ ਪਿਛਾਂਹ ਖਿੱਚੂ ਰੁਝਾਨ ਨਹੀਂ ਏ। ਸਾਹਿਤ ਦੇ ਸਮਾਗਮ ਤਾਂ ਹੋਣੇ ਈ ਚਾਹੀਦੇ ਨੇ। ਇਹ ਸਮਾਗਮ ਸਾਹਿਤਕਾਰਾਂ ਨੂੰ ਆਕਸੀਜਨ ਦਿੰਦੇ ਨੇ। ਉਧਰ ਯੂਨੀਵਰਸਿਟੀਆਂ ਵਿਚ ਤਾਂ (ਬਕੌਲ ਐੱਸ. ਪੀ. ਸਿੰਘ) 'ਅਦਾਕਮਿਕ ਸਰਾਧ' ਉਤਰੇ ਹੋਏ ਸਨ। ਝੋਲੀ ਚੁੱਕ ਕਵੀਆਂ ਦੇ ਦੋਹਾਂ ਹੱਥਾਂ 'ਚ ਕਵੀ ਦਰਬਾਰਾਂ ਦੇ ਸੱਦੇ ਪੱਤਰ ਸਨ। ਇਕ ਭੁਗਤਾਇਆ ਦੂਜਾ ਤਿਆਰ। ਅਠਾਰਾਂ-ਵੀਹ ਕਵੀ ਤੇ ਏਨੇ ਕੁ ਪ੍ਰਮੁੱਖ ਵਿਦਵਾਨ ਹਰ ਥਾਂ ਸੁਣਨ ਨੂੰ ਮਿਲ ਰਹੇ ਸਨ। ਚਾਹੇ ਉਹ ਪਟਿਆਲਾ ਹੋਵੇ, ਅੰਮ੍ਰਿਤਸਰ ਹੋਵੇ, ਜਲੰਧਰ ਹੋਵੇ ਜਾਂ ਚੰਡੀਗੜ੍ਹ। 'ਅੰਤਰਦੇਸ਼ੀ' ਬਣਾਉਣ ਲਈ, ਵਿਦੇਸ਼ੀ ਪਹਿਲਾਂ ਹੀ ਆਪਣੀਆਂ ਗੋਹਟੀਆਂ ਫਿੱਟ ਕਰਕੇ ਆ ਰਹੇ ਸਨ। ਇੰਝ ਸਾਹਿਤਕ ਅਦਾਰਿਆਂ ਅਤੇ ਸਮਾਗਮਾਂ ਵਿਚ ਇਹ 'ਵਾਇਰਸ' ਪੂਰੇ ਜੋਬਨ 'ਤੇ ਫੈਲ ਰਿਹਾ ਸੀ। ਇਸ 'ਵਾਇਰਸ' ਦੇ ਲੱਛਣ ਤਾਂ ਪਹਿਲਾਂ ਵੀ ਵੇਖਣ ਨੂੰ ਮਿਲਦੇ ਰਹੇ ਨੇ। ਪ੍ਰੰਤੂ ਕਰੋਨਾ ਵਾਇਰਸ ਨੇ ਤਾਂ ਸਾਹਿਤਕ ਸਮਾਗਮਾਂ ਨੂੰ ਜੜ੍ਹੋਂ ਹੀ ਖਤਮ ਕਰ ਦਿੱਤਾ ਸੀ। ਸਾਹਿਤਕ ਅਦਾਰਿਆਂ ਦੀਆਂ ਯੋਜਨਾਵਾਂ ਧਰੀਆਂ ਧਰਾਈਆਂ ਹੀ ਰਹਿ ਗਈਆਂ ਸਨ। ਉਪਰੰਤ 21 ਮਾਰਚ ਤੋਂ ਸ਼ੁਰੂ ਕਰਫਿਊ+ਲੌਕਡਾਊਨ ਨੇ ਉਨ੍ਹਾਂ ਦੀਆਂ ਆਸਾਂ ਉੱਤੇ ਪਾਣੀ ਫੇਰ ਦਿੱਤਾ ਸੀ। ਜਿਨ੍ਹਾਂ ਨੇ ਸੈਮੀਨਾਰਾਂ 'ਚ ਉਤਮ ਦਰਜਾ ਪ੍ਰਾਪਤ ਸਾਹਿਤ ਦੀ ਪੁਣ-ਛਾਣ ਵਿਦੇਸ਼ੀ ਟੂਕਾਂ ਨਾਲ ਕਰਨੀ ਸੀ। ਏਥੋਂ ਤੱਕ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀਆਂ ਚੋਣਾਂ ਵੀ ਐਨ ਮੌਕੇ ਉੱਤੇ ਰੱਦ ਕਰਨੀਆਂ ਪੈ ਗਈਆਂ ਸਨ। ਲੇਖਕ, ਵਿਦਵਾਨ, ਕਵੀ ਸੱਜਣ ਘਰਾਂ ਅੰਦਰ ਡੱਕੇ ਗਏ ਸਨ। ਮੀਡੀਆ ਨੇ ਕਰੋਨਾ ਵਾਇਰਸ ਦਾ ਸਾਹਿਮ ਹਰ ਬੰਦੇ ਦੇ ਦਿਮਾਗ ਵਿਚ ਵਾੜ ਦਿੱਤਾ ਸੀ। ਕਾਲਜਾਂ-ਯੂਨੀਵਰਸਿਟੀਆਂ ਤੇ ਹੋਰ ਅਦਾਰਿਆਂ ਵੱਲੋਂ ਕੀਤੇ ਜਾ ਰਹੇ ਸਮਾਗਮਾਂ ਦੀ ਹਫ਼ੜਾ-ਦਫ਼ੜੀ ਇਕ ਦਮ ਰੁਕ ਗਈ ਸੀ। ਜੋ ਹਫ਼ਤੇ ਵਿਚ ਤਿੰਨ-ਤਿੰਨ ਦਿਨ ਪ੍ਰਧਾਨਗੀਆਂ ਕਰਦੇ ਪਏ ਸਨ... ਮਹਾਂਮਾਰੀਆਂ ਦੇ ਦੌਰ 'ਚ ਆਈਸੋਲੇਸ਼ਨ 'ਚ ਚਲੇ ਗਏ ਸਨ। ਭਲਾ ਇਹ ਹੋਇਆ ਕਿ ਸਮਾਗਮ ਵੈਟੀਂਲੇਟਰ 'ਤੇ ਨਹੀਂ ਪਹੁੰਚੇ।

ਪੰਜਾਬੀ ਸਾਹਿਤ ਨੂੰ ਸੱਚਮੁੱਚ ਬਹੁਤ ਘਾਟਾ ਪਿਆ ਏ। ਨਹੀਂ ਤਾਂ ਏਸ ਸਮੇਂ ਦੌਰਾਨ ਉਤਮ ਦਰਜੇ ਦੇ ਨਾਵਲਾਂ ’ਤੇ ਚਰਚਾ ਹੋਣੀ ਸੀ। ਪ੍ਰਸਿੱਧ ਕਹਾਣੀਆਂ ਦੀਆਂ ਗੱਲਾਂ ਹੋਣੀਆਂ ਸਨ। ਕਵਿਤਾ ’ਤੇ ਬਹੁਤ ਹੀ ਗੰਭੀਰ ਸੰਵਾਦ ਰਚਾ ਹੋਣੇ ਸਨ। ਉੱਚ ਦਰਜ਼ੇ ਦੀਆਂ ਕਿਤਾਬਾਂ ’ਤੇ ਗੋਸ਼ਟੀਆਂ ਹੋਣੀਆਂ ਸਨ। ਅਨੇਕਾਂ ਸਨਮਾਨ ਹੋਣੇ ਸਨ। ਦੁਕਾਨਦਾਰਾਂ ਦੀਆਂ ਲੋਈਆਂ ਵਿਕਣੀਆਂ ਸਨ। ਅਨੇਕਾਂ ਮੋਮੈਂਟੋਆਂ ਦਾ ਅਦਾਨ ਪ੍ਰਦਾਨ ਹੋਣਾ ਸੀ। ਦੋ-ਚਾਰ ਸੱਦਾ ਪੱਤਰ ਤਾਂ ਦਾਸ ਨੂੰ ਵੀ ਆ ਗਏ ਸਨ! ਸੱਚ ਮੁੱਚ ਪੰਜਾਬੀ ਸਾਹਿਤ ਨੂੰ ਬਹੁਤ ਵੱਡਾ, ਨਾ ਪੂਰਾ ਹੋਣ ਵਾਲਾ ਘਾਟਾ ਪਿਆ ਏ।

ਏਥੋਂ ਤੱਕ ਸਾਹਿਤਕ ਪਰਚੇ ਵੀ ਕਰੋਨਾ ਦੀ ਲਪੇਟ ’ਚ ਆ ਗਏ ਸਨ। ਪਾਠਕ ਅੱਡੀਆਂ ਚੁੱਕ ਚੁੱਕ ਕੇ ਪਰਚਿਆਂ ਦੀ ਉਡੀਕ ਕਰ ਰਹੇ ਸਨ। ਜਿਨ੍ਹਾਂ ਲੇਖਕਾਂ ਦੀਆਂ ਰਚਨਾਵਾਂ, ਇਨ੍ਹਾਂ ਪਰਚਿਆਂ ’ਚ ਛਪਣੀਆਂ ਸਨ, ਉਹ ਨਿੱਤ ਡਾਕੀਏ ਵੱਲ ਅੱਖਾਂ ਅੱਡ ਅੱਡ ਵੇਖਦੇ ਪਏ ਸਨ। ਇਸ ‘ਵਾਇਰਸ’ ਕਾਰਨ ਪਰਚੇ ਕੰਪਿਊਟਿਰ ’ਚੋਂ ਬਾਹਰ ਨਿਕਲਣ ਲਈ ਅਜੇ ਆਪਣੇ ਪਰ ਤੋਲ ਰਹੇ ਸਨ। ਏਸ ਹਫ਼ੜਾ-ਦਫ਼ੜੀ ਦੌਰ ’ਚ ਅਸੀਂ ਵੀ ਪਰਚੇ ਦਾ ਇਹ ਅੰਕ ਛੇ ਮਹੀਨੇ ਦਾ ਬਣਾ ਦਿੱਤਾ ਏ।

ਪਰ ਇਸ ਵਾਇਰਸ ਨੇ ਸਾਹਿਤ ਨੂੰ ਪੜ੍ਹਨੇ ਜ਼ਰੂਰ ਪਾ ਦਿੱਤਾ ਸੀ। ਪਾਠਕ-ਲੇਖਕ ਘਰਾਂ ’ਚ ਕੈਦ! ਕੀ ਕਰਨ? ਸੋ ਉਨ੍ਹਾਂ ਨੇ ਪੜ੍ਹਨ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਕੀਤਾ। ਪੰਜਾਬੀ ਹੀ ਨਹੀਂ ਬਲਕਿ ਹਿੰਦੀ, ਅੰਗਰੇਜ਼ੀ ’ਚ ਲਿਖਿਆ ਸਾਹਿਤ ਵੀ ਬਹੁਤ ਪੜ੍ਹਿਆ ਗਿਆ। ਏਸ ਸਮੇਂ ਪੜ੍ਹਨ ਦੇ ਨਾਲ ਨਾਲ ਲਿਖਿਆ ਵੀ ਬਹੁਤ ਗਿਆ ਹੋਵੇਗਾ। ਜੋ ਸਹਿਜੇ-ਸਹਿਜੇ ਬਾਹਰ ਆਵੇਗਾ।

ਤੁਹਾਨੂੰ ਨਹੀਂ ਲੱਗਦਾ ਕਿ ਪੰਜਾਬੀ ਸਾਹਿਤ ਖੜੋਤ ਦਾ ਸ਼ਿਕਾਰ ਹੋ ਗਿਆ ਸੀ? ਪਿਛਲੇ ਦੋ ਦਹਾਕੇ ਤੋਂ ਕੋਈ ਵੱਡੀ ਸਮੱਸਿਆ ਜਾਂ ਸੰਕਟ ਪੰਜਾਬੀਆਂ ਸਾਹਮਣੇ ਨਹੀਂ ਆਇਆ! ਕੋਈ ਲਹਿਰ ਨਹੀਂ ਚੱਲੀ। ਲੇਖਕ ਖਾਸ ਕਰਕੇ ਕਵੀ ਕੀ ਲਿਖਣ? ਸੋ ਸੰਕਟ ਆ ਗਿਆ। ਇਹਦੇ ਸਿੱਟੇ ਅਜੇ ਸਾਡੇ ਸਾਹਮਣੇ ਆਉਣਗੇ। ਸਾਹਿਤਕਾਰ ਵੀ ਸਾਹਿਤ ਲਿਖੇਗਾ। ਢੇਰਾਂ ਦਾ ਢੇਰ ਸਾਹਿਤ ਲਿਖਿਆ ਜਾਵੇਗਾ, ਜਿਵੇਂ ਸੰਤਾਲੀ ਤੇ ਚੁਰਾਸੀ ਵੇਲੇ ਬਹੁਤ ਸਾਹਿਤ ਲਿਖਿਆ ਗਿਆ ਸੀ। ਪਰ ਬਚਿਆ ਉਹੀ ਜੋ ਵੱਡਾ ਤੇ ਉੱਤਮ ਸੀ। ਬਾਕੀ ਨਸ਼ਟ ਹੋ ਗਿਆ। ਦੂਰ ਕਾਹਨੂੰ ਜਾਣਾ! ਪੰਜਾਬੀ ਵਿਚ ਸੈਕੜੇ ਕਹਾਣੀਆਂ ਪੰਜਾਬ ਸੰਕਟ ’ਤੇ ਲਿਖੀਆਂ ਗਈਆਂ। ਹੁਣ ਕਿੰਨੀਆਂ ਕੁ ਚੇਤੇ ਹਨ? ਨਾਵਲ ਵੀ ਬਹੁਤ ਲਿਖੇ ਗਏ। ਕਿਹੜਾ ਵੱਡਾ ਨਾਵਲ ਪੰਜਾਬ ਸੰਕਟ ’ਤੇ ਲਿਖਿਆ ਗਿਆ ਏ? ਕਵਿਤਾ ਦੀ ਤਾਂ ਗੱਲ ਹੀ ਛੱਡੋ। ਬਾਹਰਹਾਲ ਸਾਹਿਤ ਨੂੰ ਕਰੋਨਾ ਵਾਇਰਸ ਨਾਲ ਜੋ ਘਾਟਾ ਪਿਆ ਏ, ਉਸ ਤੇ ਸੈਮੀਨਾਰ ਗੋਸ਼ਟੀਆਂ ਜ਼ਰੂਰ ਹੋਣੀਆਂ ਚਾਹੀਦੀਆਂ ਨੇ। ਮੈਨੂੰ ਆਸ ਏ ਸਰਕਾਰੀ ਸਾਹਿਤਕ ਅਦਾਰੇ ਇਹ ਕਾਰਜ ਜ਼ਰੂਰ ਕਰਨਗੇ। ਉਨ੍ਹਾਂ ਕੋਲ ਫੰਡ ਵੀ ਹੁੰਦੇ ਹਨ ਤੇ ਉਨ੍ਹਾਂ ਕੋਲ ਖਰਚਣ ਦੀ ਕੁਸ਼ਲਤਾ ਵੀ ਹੁੰਦੀ ਏ। ਵਿਦਵਾਨ ਤਾਂ ਉਨ੍ਹਾਂ ਕੋਲ ਇੱਟ ਵਰਗੇ ਪੱਕੇ ਹੁੰਦੇ ਨੇ। ਕੰਨਸੋ ਇਹ ਵੀ ਮਿਲੀ ਏ ਕਿ ਅਖ਼ਬਾਰਾਂ ਦੇ ਦਫ਼ਤਰਾਂ ਵਿਚ ‘ਕਰੋਨਾ ਵਾਇਰਸ’ ਤੋਂ ਪ੍ਰਭਾਵਿਤ ਕਵਿਤਾ ਦੇ ਢੇਰ ਲੱਗਣ ਲੱਗੇ ਨੇ। ਕਹਾਣੀਆਂ ਵੀ ਛਪਣ ਲੱਗੀਆਂ ਨੇ। ਚਲੋ! ਇਸ ਕਰੋਨਾ ਵਾਇਰਸ ਦੇ ਸੰਕਟ ਦਾ ਇਕ ਪੌਜ਼ੇਟਿਵ ਪੱਖ ਤਾਂ ਸਾਹਮਣੇ ਆਇਆ।

**- ਭਗਵੰਤ ਰਸੂਲਪੁਰੀ**



# ਮੰਟੋ ਅਵਚੇਤਨ ਦਾ ਜੇਤੂ / -ਪ੍ਰੇਮ ਪ੍ਰਕਾਸ਼



ਮਾਰਚ 2010 ਨੂੰ ਅਮ੍ਰਿਤਸਰ ’ਚ ਹੋਏ ‘ਕਥਾ ਉਤਸਵ’ ’ਚ ਇੱਕ ਆਲੋਚਕ ਨੇ ਇਹ ਇੱਕ ਖਾਸ ਨੁਕਤਾ ਉਠਾਇਆ ਕਿ ਪੰਜਾਬ ਦੇ ‘ਕਾਲੇ ਦਿਨਾਂ’ ’ਚ ਜਿਹੜਾ ਕਥਾ ਸਾਹਿਤ ਰਚਿਆ ਗਿਆ, ਉਹਦੇ ਵਿੱਚੋਂ ਜਿਹੜਾ ਸਿੱਖ ਲੇਖਕਾਂ ਵੱਲੋਂ ਰਚਿਆ ਗਿਆ, ਉਹਦੇ ਵਿੱਚੋਂ ਸਿੱਖ ਮਾਨਸਿਕਤਾ ਤੇ ਹਿੰਦੂ ਲੇਖਕਾਂ ਵੱਲੋਂ ਰਚੇ ਗਏ ਵਿੱਚੋਂ ਹਿੰਦੂ ਮਾਨਸਿਕਤਾ ਲੁਕੀ ਹੋਈ ਦਿਸਦੀ ਏ।

ਮੈਨੂੰ ਇਹ ਨੁਕਤਾ ਬੜਾ ਅਹਿਮ ਤੇ ਬਹਿਸ ਕਰਨ ਵਾਲਾ ਲੱਗਿਆ। ਮੈਂ ਬੜੇ ਚਿਰ ਤੋਂ ਚਾਹੁੰਦਾ ਸੀ ਕਿ ਕੋਈ ਏਸ ਵਿਸ਼ੇ ਬਾਰੇ ਬਹਿਸ ਛੇੜੇ। ਕੁਝ ਦਿਨਾਂ ਬਾਅਦ ਮੈਂ ਫੋਨ ਕਰ ਕੇ ਓਸ ਆਲੋਚਕ ਨੂੰ ਉਹਦੀ ਆਖੀ ਗੱਲ ਯਾਦ ਕਰਾਈ ਤੇ ਪੁੱਛਿਆ ਕਿ ਕੀ ਏਸੇ ਤਰ੍ਹਾਂ ਦੀ ਮਾਨਸਿਕਤਾ ਆਲੋਚਕਾਂ ਦੀ ਵੀ ਨਹੀਂ ਹੁੰਦੀ ਤੇ ਨਾਲੇ ਪਾਠਕਾਂ ਦੀ ਵੀ? ਉਹ ਕਹਿੰਦਾ, “ਹੁੰਦੀ ਏ।” ... ਫੇਰ ਮੈਂ ਸੋਚਦਾ ਰਿਹਾ ਕਿ ਕੀ ਇਹ ਗੱਲ ਸਾਰੇ ਪੰਜਾਬੀ ਸਾਹਿਤ ਤੇ ਦੁਨੀਆ ਭਰ ਦੇ ਵੱਡੇ ਸਾਹਿਤ ’ਤੇ ਲਾਗੂ ਨਹੀਂ ਕੀਤੀ ਜਾ ਸਕਦੀ?

ਹੌਲੀ-ਹੌਲੀ ਮੈਨੂੰ ਇਹ ਗੱਲ ਬਹੁਤੀ ਠੀਕ ਲੱਗਣੋਂ ਹਟ ਗਈ। ਕਿਉਂਕਿ ਦੁਨੀਆ ਦੇ ਸਾਹਿਤ ’ਚ ਅਜਿਹਾ ਅਮਰ ਸਾਹਿਤ ਵੀ ਰਚਿਆ ਗਿਆ ਏ, ਜਿਹੜਾ ਦੇਸ਼, ਕਾਲ, ਧਰਮ ਅਤੇ ਲੇਖਕ ਦੀ ਵਿਚਾਰਧਾਰਾ ਦੀਆਂ ਸਰਹੱਦਾਂ ਟੱਪ ਕੇ ਸਾਰੀ ਦੁਨੀਆ ਨੂੰ ਆਪਣੇ ਕਲਾਵੇ ’ਚ ਲੈ ਲੈਂਦਾ ਏ। ਨਾਲੇ ਸਾਰੇ ਸਾਹਿਤਕਾਰਾਂ, ਆਲੋਚਕਾਂ ਤੇ ਪਾਠਕਾਂ ਦੀ ਮਾਨਸਿਕਤਾ ਇੱਕੋ ਜਿਹੀ ਕਿਵੇਂ ਹੋ ਸਕਦੀ ਏ? ਹਰੇਕ ਦੇ ਚਿੰਤਨ ਤੇ ਦ੍ਰਿਸ਼ਟੀ ਦੀ ਸੀਮਾ ਆਪਣੀ-ਆਪਣੀ ਹੁੰਦੀ ਏ। ਜੇ ਇੰਜ ਨਾ ਹੋਵੇ ਤਾਂ ਕਿਸੇ ਵੀ ਭਾਸ਼ਾ ਦਾ ਸਾਹਿਤ ਇੱਕ ਵਿਸ਼ੇਸ਼ ਦੇਸ, ਕਾਲ, ਧਰਮ, ਭੂਗੋਲਕ ਤੇ ਭਾਸ਼ਾਈ ਇਲਾਕੇ ਦੀ ਸੀਮਾ ਤੱਕ ਹੀ ਰਹਿ ਜਾਵੇ। ਉਹ ਇਲਾਕੇ, ਪ੍ਰਾਂਤ, ਦੇਸ ਤੇ ਅੰਤਰਦੇਸ਼ੀ ਹੱਦਾਂ ਹੀ ਨਾ ਟੱਪ ਸਕੇ। ਉਹਦੀ ਪ੍ਰਾਸੰਗਿਕਤਾ ਸਾਰੇ ਦੇਸ ਜਾਂ ਦੁਨੀਆ ਲਈ ਨਾ ਬਣ ਸਕੇ।... ਮੇਰਾ ਖਿਆਲ ਏ ਕਿ ਜਿਹੜੇ ਰਚਨਾਕਾਰ ਦੀ ਸਮਰੱਥਾ ਅਸੀਮ ਹੁੰਦੀ ਏ, ਉਹ ਦੁਨੀਆ ਭਰ ਦੀਆਂ ਸਾਰੀਆਂ ਸਰਹੱਦਾਂ ਟੱਪਣ ਵਾਲਾ ਸਾਹਿਤ ਰਚ ਸਕਦਾ ਏ। ਨਹੀਂ ਤਾਂ ਸਾਹਿਤਕਾਰ ਆਪਣੀਆਂ ਵਲਗਣਾਂ ਵਿਚ ਘਿਰਿਆ ਹੋਇਆ ਕੋਹਲੂ ਦੇ ਬਲਦ ਵਾਂਗ ਗੇੜੇ ਕੱਟਦਾ ਰਹਿੰਦਾ ਏ।

ਇਹੀ ਗੱਲ ਮੈਂ ਸੁਰਜੀਤ ਹਾਂਸ ਤੋਂ ਪੁੱਛੀ। ਉਹਦਾ ਇਹੋ ਜਵਾਬ ਸੀ ਕਿ ਲੇਖਕਾਂ ਦੀ ਬਹੁਗਿਣਤੀ ਦੀ ਮਾਨਸਿਕਤਾ ’ਚ ਸਿੱਖ ਤੇ ਹਿੰਦੂ ਦੀ ਮਾਨਸਿਕਤਾ ਵਾਲਾ ਫਰਕ ਜ਼ਰੂਰ ਹੋਵੇਗਾ। ਏਸ ਤੋਂ ਉੱਪਰ ਉੱਠਣ ਵਾਲੇ ਥੋੜ੍ਹੇ ਹੋਣਗੇ ਤੇ ਉਹਨਾਂ ਦਾ ਅਜਿਹਾ ਸਾਹਿਤ ਵੀ ਥੋੜ੍ਹਾ ਹੋਵੇਗਾ। ਉਹਦੀ ਉਮਰ ਵੀ ਥੋੜ੍ਹੀ ਹੋਵੇਗੀ।

ਮੈਨੂੰ ਲੱਗਿਆ ਕਿ ਏਸ ਤਰ੍ਹਾਂ ਤਾਂ ਸਾਰਾ ਪੰਜਾਬੀ ਸਾਹਿਤ ਖਾਨਿਆਂ ’ਚ ਵੰਡਿਆ ਜਾਵੇਗਾ। ਜਿਵੇ ਜੱਟ ਸਿੱਖਾਂ ਦਾ, ਦੂਜੀਆਂ ਛੋਟੀਆਂ ਵੱਡੀਆਂ ਜਾਤਾਂ ਦਾ, ਸਿੱਖਾਂ ਦਾ, ਮਹਾਜਨਾਂ ਦਾ, ਅਖੌਤੀ ਛੋਟੀਆਂ ਜਾਤਾਂ ਦਾ ਤੇ ਦਲਿਤਾਂ ਦਾ। ਫੇਰ ਮਾਨਵਵਾਦੀ ਕਿਹੜਾ ਹੋਵੇਗਾ? ਮਾਨਸਿਕਤਾ ਦੇ ਅਸੀਮ ਤੇ ਵਿਸ਼ਾਲ ਸੋਚ ਹੋਣ ਕਰ ਕੇ ਵੇਦ ਵਿਆਸ, ਮਹਾਰਿਸ਼ੀ ਬਾਲਮੀਕੀ, ਕਾਲੀਦਾਸ, ਸ਼ੈਕਸਪੀਅਰ, ਟਾਲਸਟਾਈ, ਦਸਤੋਵਸਕੀ, ਚੈਖੋਫ, ਮਾਅਮ, ਬਲਜ਼ਾਕ ਵਰਗੇ ਕਿੰਨੇ ਈ ਸਾਹਿਤਕਾਰਾਂ ਦੀਆਂ ਰਚਨਾਵਾਂ ਸਾਰੀਆਂ ਸਰਹੱਦਾਂ ਟੱਪ ਕੇ ਸਾਰੀ ਦੁਨੀਆ ਦੇ ਪਾਠਕਾਂ ਤਕ ਪਹੁੰਚੀਆਂ। ਭਾਰਤੀ ਲੋਕ ਹਜ਼ਾਰਾਂ ਸਾਲ ਪਹਿਲਾਂ

ਰਚੀਆਂ ਗਈਆਂ ਰਾਮਾਇਣ ਤੇ ਮਹਾਂਭਾਰਤ ਨੂੰ ਹੁਣ ਤਕ ਪੜ੍ਹੀ ਜਾਂਦੇ ਨੇ। ਸਾਰੀ ਦੁਨੀਆ ਉਹਨੂੰ ਮਹਾਨ ਕਹਿੰਦੀ ਏ। ਮਹਾਭਾਰਤ ਦੇ ਵੱਡੇ ਨਾਇਕ ਭਗਵਾਨ ਕ੍ਰਿਸ਼ਣ ਨੂੰ ਹਿੰਦੂ ਪਰਮਾਤਮਾ ਦਾ ਰੂਪ ਮੰਨਦੇ ਨੇ।

ਮੈਨੂੰ ਲੱਗਿਆ ਕਿ ਇਹ ਸਵਾਲ ਪੁੱਛਣ 'ਤੇ ਹਰੇਕ ਬੰਦਾ 'ਦਿੱਲੀ ਦੇ ਸਿੱਖ-ਵਿਰੋਧੀ ਦੰਗਿਆਂ' ਤੇ ਪੰਜਾਬ ਦੇ 'ਕਾਲੇ ਦਿਨਾਂ' ਦੇ ਨੇੜੇ ਦੇ ਸਮਿਆਂ 'ਚ ਚਲਿਆ ਜਾਂਦਾ ਏ। ਨੇੜੇ ਦੇ ਸਮੇਂ 'ਚ ਲੱਗੇ ਜ਼ਖ਼ਮ ਉਹਦੀ ਸੋਚ ਨੂੰ ਭੁਚਲਾ ਦੇਂਦੇ ਨੇ। ਜੇ ਉਹ ਸੰਪੂਰਨ ਪੰਜਾਬੀ ਸਾਹਿਤ ਤੇ ਕੌਮਾਂਤਰੀ ਮਹਾਨ ਸਾਹਿਤ ਨੂੰ ਦੇਖਣ ਤਾਂ ਸ਼ਾਇਦ ਉਹਨਾਂ ਦੀ ਸੋਚ ਠੀਕ ਹੋ ਜਾਵੇ। ਪੰਜਾਬ 'ਚ ਤੇ ਪੰਜਾਬੀ 'ਚ ਤਾਂ ਮੁਸਲਮਾਨਾਂ ਤੇ ਈਸਾਈਆਂ ਨੇ ਵੀ ਸਾਹਿਤ ਰਚਿਆ ਏ। ਕੀ ਉਹਨਾਂ ਦੇ ਸਾਹਿਤ ਬਾਰੇ ਵੀ ਅਸੀਂ ਇਵੇਂ ਸੋਚਾਂਗੇ? ਇਹ ਗੱਲ ਵੀ ਵਿਚਾਰਨ ਵਾਲੀ ਏ।

ਕੁਝ ਦਿਨਾਂ ਬਾਅਦ ਇਹੋ ਸਵਾਲ ਮੈਂ ਇੱਕ ਹੋਰ ਸਾਹਿਤਕਾਰ ਨੂੰ ਪੁੱਛਿਆ ਤਾਂ ਉਹਦਾ ਵੀ ਉਹੀ ਜਵਾਬ ਸੀ। ਮੈਂ ਫੇਰ ਪੁੱਛਿਆ ਕਿ ਦੇਸ਼ ਦੀ ਵੰਡ ਵੇਲ਼ੇ ਜਿਹੜਾ ਵੱਢ-ਵਢਾਂਗਾ ਹੋਇਆ, ਉਹਦੇ ਬਾਰੇ ਰਚੇ ਸਾਹਿਤ 'ਚ ਵੀ ਇਹੋ ਧਰਮ, ਕਾਲ ਤੇ ਦ੍ਰਿਸ਼ਟੀਕੋਣ ਦੀ ਮਾਨਸਿਕਤਾ ਕੰਮ ਕਰਦੀ ਏ? ਉਹਦੀ ਮਾਨਸਿਕਤਾ ਵੀ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ 'ਚ ਵੰਡੀ ਦਿਸਦੀ ਏ?... ਤਾਂ ਉਹ ਕਹਿੰਦਾ ਕਿ ਇਹ ਗੱਲ ਬਹੁਤਿਆਂ 'ਤੇ ਲਾਗੂ ਹੁੰਦੀ ਏ, ਪਰ **ਸਆਦਤ ਹਸਨ ਮੰਟੋ** 'ਤੇ ਨਹੀਂ ਹੁੰਦੀ।

ਮੈਂ ਸੋਚਿਆ ਕਿ ਉਰਦੂ 'ਚ ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਇਸਮਤ ਚੁਗ਼ਤਾਈ, ਅਹਿਮਦ ਨਦੀਮ ਕਾਸਿਮੀ, ਅਸ਼ਫਾਕ ਅਹਿਮਦ, ਗ਼ੁਲਾਮ ਅੱਬਾਸ ਆਦਿ ਦੀਆਂ ਮੈਂ ਕਈ ਕਹਾਣੀਆਂ ਦੱਸ ਸਕਦਾ ਹਾਂ, ਤੁਸੀਂ ਉਹਨਾਂ ਨੂੰ ਹਿੰਦੂ, ਸਿੱਖ ਜਾਂ ਮੁਸਲਮਾਨ ਮਾਨਸਿਕਤਾ ਵਿੱਚ ਨਹੀਂ ਵੰਡ ਸਕਦੇ। ਅਜਿਹੀਆਂ ਕਹਾਣੀਆਂ ਉਰਦੂ 'ਚ ਹੀ ਨਹੀਂ, ਅੰਗ੍ਰੇਜ਼ੀ, ਹਿੰਦੀ ਤੇ ਪੰਜਾਬੀ 'ਚ ਵੀ ਰਚੀਆਂ ਗਈਆਂ ਨੇ।

ਮੰਟੋ ਵੀ ਏਸ ਸਵਾਲ ਨਾਲ ਜ਼ਰੂਰ ਉਲਝਦਾ ਰਿਹਾ ਹੋਵੇਗਾ, ਖਾਸ ਤੌਰ 'ਤੇ ਉਦੋਂ, ਜਦ ਉਹ ਪਾਕਿਸਤਾਨ 'ਚ ਜਾ ਕੇ ਵੱਸਿਆ। ਉਹਨੂੰ ਇਸਲਾਮੀ ਕਾਨੂੰਨਾਂ ਤੇ ਕੱਟੜ ਧਾਰਮਕ ਜਨੂੰਨੀਆਂ ਦੇ ਸਿਆਸੀ ਤੇ ਸਮਾਜੀ ਵਰਤਾਰੇ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਉਹ ਕਹਾਣੀ ਲਿਖਣ ਲੱਗਿਆ ਸੋਚਦਾ ਹੋਵੇਗਾ ਕਿ ਏਥੇ ਕਾਨੂੰਨ ਪਹਿਲਾਂ ਵਾਲਾ ਨਹੀਂ, ਸ਼ਰਈਅਤ ਵਾਲਾ ਲਾਗੂ ਹੁੰਦਾ ਏ। ... ਪਰ ਹੈਰਾਨੀ ਦੀ ਗੱਲ ਏ ਕਿ ਉਹ ਡੋਲਿਆ ਨਹੀਂ। ਉਹਦੀ ਉਲਝਦੀ ਸੂਝ ਨੇ ਉਹਨੂੰ ਨਿੱਕਲਣ ਦਾ ਰਾਹ ਦੱਸ ਦਿੱਤਾ ਹੋਵੇਗਾ। ਪਹਿਲਾਂ ਉਹਦੀ ਸੋਚ ਏਸ ਘਟਨਾ 'ਤੇ ਅੜੀ ਰਹੀ ਸੀ, ਜਿਹੜੀ ਓਸ ਵੇਲੇ ਦੇ ਮਸ਼ਹੂਰ ਫਿਲਮ ਸਟਾਰ ਤੇ ਉਹਦੇ ਦੋਸਤ ਸ਼ਿਆਮ ਵਿਚਕਾਰ ਵਾਪਰੀ ਸੀ। ਇਹ ਗੱਲ ਮੰਟੋ ਨੇ 'ਸ਼ਿਆਮ' ਦੇ ਵਿਅਕਤੀ ਚਿਤਰ 'ਮੁਰਲੀ ਦੀ ਧੁਨ' 'ਚ ਲਿਖੀ ਏ।... ਉਹ ਤੇ ਮੰਟੋ ਦੋਵੇਂ ਹਮ-ਪਿਆਲਾ ਦੋਸਤ ਟਰੇਨ 'ਚ ਬੰਬਈ ਨੂੰ ਜਾ ਰਹੇ ਸਨ। ਰਾਹ 'ਚ ਪਾਕਿਸਤਾਨ ਤੋਂ ਵੱਢੇ ਟੁੱਕੇ ਰਿਫਿਊਜੀ ਟੱਬਰ ਆਪਣੀਆਂ ਦੁੱਖ ਭਰੀਆਂ ਕਹਾਣੀਆਂ ਸੁਣਾ ਰਹੇ ਸਨ। ਮੰਟੋ ਨੇ ਦੇਖਿਆ ਕਿ ਉਹਨਾਂ ਦੀਆਂ ਗੱਲਾਂ ਸੁਣ ਕੇ ਸ਼ਿਆਮ ਦੀਆਂ ਅੱਖਾਂ 'ਚ ਲਾਲੀ ਆ ਗਈ ਸੀ। ... ਰਾਹ 'ਚ ਉਹ ਰਿਫਿਊਜੀ ਉੱਤਰ ਗਏ। ਮੰਟੋ ਨੇ ਸ਼ਿਆਮ ਨੂੰ ਪੁੱਛਿਆ ਕਿ ਕੀ ਤੂੰ ਮੈਨੂੰ ਕਤਲ ਕਰ ਸਕਦਾ ਏਂ? ਤਾਂ ਸ਼ਿਆਮ ਨੇ ਕਿਹਾ ਕਿ ਹੁਣ ਨਹੀਂ। ... ਉਦੋਂ ਕਰ ਸਕਦਾ ਸੀ, ਜਦ ਮੈਂ ਉਹਨਾਂ ਦੀਆਂ ਗੱਲਾਂ ਸੁਣ ਰਿਹਾ ਸੀ।

ਇਹਦੇ ਬਾਅਦ ਦੋਵੇਂ ਕੁਝ ਦੇਰ ਤਕ ਚੁੱਪ ਰਹੇ। ਬੰਬਈ ਆਇਆ ਤਾਂ ਸ਼ਿਆਮ ਨੇ ਮੰਟੋ ਤੋਂ ਵਿੱਛੜਨ ਲੱਗਿਆਂ ਜੇਬ 'ਚੋਂ ਨੋਟਾਂ ਦੀ ਥੱਬੀ ਕੱਢੀ। ਅੰਦਾਜ਼ੇ ਨਾਲ ਦੋ ਹਿੱਸਿਆਂ 'ਚ ਵੰਡੀ। ਇੱਕ ਮੰਟੋ ਨੂੰ ਫੜਾ ਕੇ ਉਹਨੂੰ ਜੱਫੀ ਪਾ ਕੇ ਉੱਚੀ ਦੇਣੀ ਬੋਲਿਆ - "ਹਿੱਪਟੁੱਲਾ"- ਤੇ ਚਲਿਆ ਗਿਆ। ਜਦ ਮੰਟੋ ਨੇ ਪਾਕਿਸਤਾਨ ਜਾਣ ਦਾ ਫੈਸਲਾ ਕੀਤਾ ਤਾਂ ਸ਼ਿਆਮ ਖੁਸ਼ ਨਹੀਂ ਸੀ। ਫੇਰ ਵੀ ਉਹਨੇ ਮੰਟੋ ਦਾ ਸਮਾਨ ਆਪ ਆ ਕੇ ਬਨ੍ਹਵਾਇਆ ਸੀ ਤੇ ਉਹਨੂੰ ਜਹਾਜ਼ ਚੜ੍ਹਨ ਲਈ ਛੱਡਣ ਗਿਆ ਸੀ। ਫੇਰ ਲਾਹੌਰ 'ਚ ਜਦ ਮੰਟੋ ਦਾ ਹੱਥ ਤੰਗ ਹੋਇਆ ਸੀ ਤਾਂ ਉਹਨੂੰ ਪੰਜ ਸੌ ਰੁਪਏ ਮਹੀਨਾ ਭੇਜਦਾ ਰਿਹਾ ਸੀ।

ਇੱਕ ਦਿਲਚਸਪ ਗੱਲ ਇਹ ਏ ਕਿ 1947 ਦੇ ਵੱਢ ਵਢਾਂਗੇ 'ਤੇ ਦੁੱਖ ਮੰਨਦਿਆਂ ਜਿਹੜਾ ਸਾਹਿਤ ਚੜ੍ਹਦੇ ਪੰਜਾਬ ਦੇ ਹਿੰਦੂ ਤੇ ਸਿੱਖ ਲੇਖਕਾਂ ਨੇ ਰਚਿਆ ਏ, ਉਹਦਾ ਦਸਵਾਂ ਹਿੱਸਾ ਵੀ ਲਹਿੰਦੇ ਪੰਜਾਬ ਦੇ



ਮੁਸਲਮਾਨ ਲੇਖਕਾਂ ਨੇ ਨਹੀਂ ਲਿਖਿਆ। ਉਂਜ ਉਧਰ ਦੇ ਬਹੁਤ ਸਾਰੇ ਦਾਨਿਸ਼ਵਰ, ਸਿਆਸਤਦਾਨ ਤੇ ਸਾਹਿਤਕਾਰ 1947 ਦੇ ਕਾਰਿਆਂ ਵੇਲੇ ਹਿੰਦੂ ਸਿੱਖਾਂ 'ਤੇ ਕੀਤੇ ਜ਼ੁਲਮ 'ਤੇ ਦੁੱਖ ਜ਼ਾਹਰ ਕਰਦੇ ਨੇ। ਉਹ ਦਿੱਲੀ ਆ ਕੇ ਮੁਆਫੀ ਵੀ ਮੰਗ ਗਏ ਨੇ। ਪਰ ਕੀ ਇਹਦੇ ਨਾਲ ਧਾਰਮਕ ਵਖਰੇਵੇਂ ਦਾ ਮਸਲਾ ਹੱਲ ਹੋ ਗਿਆ? ਦਿਲ ਸਾਫ ਹੋ ਗਏ? ਜਦ ਦੋਹਾਂ ਦੇਸਾਂ ਵਿਚਕਾਰ ਜੰਗ ਦੇ ਹਾਲਾਤ ਪੈਦਾ ਹੁੰਦੇ ਨੇ ਤਾਂ ਸਾਹਿਤਕਾਰ ਝੱਟ ਦੇਣੀ ਦੇਸ-ਭਗਤੀ ਦੀਆਂ ਚੀਕਾਂ ਮਾਰਨ ਲੱਗ ਪੈਂਦੇ ਨੇ।

ਇਸਲਾਮੀ ਦੇਸ ਪਾਕਿਸਤਾਨ ਦੀਆਂ ਦੋ ਗੱਲਾਂ ਹੋਰ ਅਜਿਹੀਆਂ ਨੇ, ਜਿਨ੍ਹਾਂ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਏ। ਇੱਕ ਤਾਂ ਇਹ ਕਿ ਇਸਲਾਮ ਦੇ ਗੂੜ੍ਹੇ ਹਰੇ ਝੰਡੇ ਵਾਲੇ ਆਮ ਪਾਕਿਸਤਾਨੀ ਲੋਕ 1947 ਦੀ ਵੰਡ 'ਚ ਮਰਨ ਵਾਲੇ ਮੁਸਲਮਾਨਾਂ ਨੂੰ ਸ਼ਹੀਦ ਅਤੇ ਨਵੇਂ ਵਤਨ ਦੀ ਪ੍ਰਾਪਤੀ ਲਈ ਦਿੱਤੀ ਕੁਰਬਾਨੀ ਮੰਨਦੇ ਨੇ। ਏਸੇ ਤਰ੍ਹਾਂ ਹਿੰਦੋਸਤਾਨ ਤੋਂ ਪਾਕਿਸਤਾਨ ਨੂੰ ਮਹਾਜਨਾਂ ਦੀ ਹਿਜਰਤ ਨੂੰ ਮੱਕੇ ਤੋਂ ਮਦੀਨੇ ਦੀ ਧਾਰਮਕ ਹਿਜਰਤ ਵਰਗੀ ਮੰਨ ਲਿਆ ਜਾਂਦਾ ਏ। ਇਹ ਹਿਜਰਤ ਇਸਲਾਮ 'ਚ ਦੀਨ ਦਾ ਕੰਮ ਏ। ਕੁਝ ਅਜਿਹੇ ਈ ਅਸੂਲ ਦੀ ਬੁਨਿਆਦ 'ਤੇ ਪਾਕਿਸਤਾਨੀ ਪੰਜਾਬ ਦੇ ਕਈ ਪੰਜਾਬੀ ਸਾਹਿਤਕਾਰਾਂ ਨੇ ਵੀ ਭਾਰਤੀ ਪੰਜਾਬ 'ਚ ਖਾਲਿਸਤਾਨੀ ਲਹਿਰ ਦੀ ਹਿਮਾਇਤ ਕੀਤੀ, ਜਿਵੇਂ ਭਾਰਤੀ ਪੰਜਾਬ 'ਚ ਅੱਤਵਾਦੀਆਂ ਦੀ ਅਕਾਲੀਆਂ ਨੇ ਕੀਤੀ।

**ਅਵਚੇਤਨ ਨਾਲ ਘੋਲ ਤੇ ਜਿੱਤ**

ਏਥੇ ਮੈਨੂੰ ਇੱਕ ਗੱਲ ਹੋਰ ਵਿੱਚ ਆ ਕੇ ਤੰਗ ਕਰਦੀ ਏ ਕਿ ਹਰੇਕ ਬੰਦੇ ਦਾ ਆਪਣਾ ਵੱਖਰਾ ਅਵਚੇਤਨ ਹੁੰਦਾ ਏ। ਏਸੇ ਤਰ੍ਹਾਂ ਉਹ ਬੰਦਾ ਜਿਹੜੇ ਧਾਰਮਕ, ਭੂਗੋਲਕ, ਨਸਲ, ਜਾਤ ਤੇ ਭਾਸ਼ਾਈ ਲੋਕਾਂ ਦਾ ਹਿੱਸਾ ਹੁੰਦਾ ਏ, ਉਹਦਾ ਆਪਣਾ ਵੱਖਰਾ ਵੀ ਤੇ ਇੱਕ ਸਮੂਹਕ ਅਵਚੇਤਨ ਵੀ ਹੁੰਦਾ ਏ। ਏਸ ਤਰ੍ਹਾਂ ਹਰੇਕ ਲੇਖਕ ਆਪਣਾ-ਆਪਣਾ ਵਿਅਕਤੀਗਤ ਅਵੇਚਤਨ ਲੁਕਾ ਕੇ ਸਾਹਿਤ ਰਚਦਾ ਰਹਿੰਦਾ ਏ। ਪਰ ਉਹ ਕਿਤੇ ਨਾ ਕਿਤੇ ਉਘੜਦਾ ਵੀ ਰਹਿੰਦਾ ਏ। ਜਿਹੜਾ ਸਾਹਿਤਕਾਰ ਆਪਣੇ ਅਵਚੇਤਨ ਦੀ ਪਕੜ 'ਚ ਆ ਜਾਂਦਾ ਏ, ਉਹ ਸੋਚ ਦੇ ਇੱਕ ਛੋਟੇ ਘੇਰੇ 'ਚ ਘੁੰਮਦਾ ਰਹਿੰਦਾ ਏ। ਇਹੋ ਹਾਲਤ ਉਹਦੇ ਸਾਹਿਤ ਦੀ ਹੁੰਦੀ ਏ। ਪਰ ਜਿਹੜਾ ਆਪਣੇ ਅਵਚੇਤਨਾਂ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਏ, ਉਹਦਾ ਸਾਹਿਤ ਸਮੇਂ ਤੇ ਕਾਲ ਦੀਆਂ ਸੀਮਾਵਾਂ ਟੱਪ ਕੇ ਕਾਇਨਾਤੀ ਸੀਮਾਵਾਂ 'ਚ ਚਲਿਆ ਜਾਂਦਾ ਏ। ਮੰਟੋ ਨੂੰ ਇਹੋ ਜਿੱਤ ਪ੍ਰਾਪਤ ਹੋ ਗਈ ਸੀ।

ਏਸ ਦੇ ਬਾਅਦ ਦੂਜੀ ਗੱਲ ਇਹ ਏ ਕਿ ਜਦੋਂ 1971 'ਚ ਬੰਗਲਾ ਦੇਸ਼ ਬਣਿਆ ਤਾਂ ਪਾਕਿਸਤਾਨੀ ਲੇਖਕਾਂ ਤੋਂ ਇਹਦੇ ਬਾਰੇ ਕੁਝ ਨਾ ਲਿਖ ਹੋਇਆ। ਸਭ ਗੂੰਗੇ ਹੋ ਗਏ। ਹਾਲਾਂਕਿ ਬੰਗਲਾ ਦੇਸ਼ 'ਚ ਵੀ ਇਨਸਾਨਾਂ 'ਤੇ ਜ਼ੁਲਮ ਹੋਇਆ ਸੀ। ਬੰਦਿਆਂ ਦਾ ਲਹੂ ਡੁੱਲ੍ਹਿਆ ਸੀ। ਬੰਗਲਾ ਦੇਸ਼ 'ਚ ਇਹਦੇ ਬਾਰੇ ਸਾਹਿਤ ਰਚਿਆ ਗਿਆ। ਪਰ ਪਾਕਿਸਤਾਨ 'ਚ ਸਿਰਫ ਕਹਾਣੀਕਾਰ ਇੰਤਜ਼ਾਰ ਹੁਸੈਨ ਨੇ ਇੱਕ ਛੋਟਾ ਜਿਹਾ ਨਾਵਲ 'ਸਕੂਤੇ ਢਾਕਾ'(ਢਾਕੇ ਦੀ ਹਾਰ) ਲਿਖਿਆ। ਜੀਹਦਾ ਕੋਈ ਜ਼ਿਕਰ ਕਰਨਾ ਪਸੰਦ ਨਹੀਂ ਕਰਦਾ। ... ਫੇਰ ਪਾਕਿਸਤਾਨ 'ਚ ਸ਼ਈਆ ਮੁਸਲਮਾਨਾਂ ਨੂੰ ਮਾਰਿਆ ਗਿਆ ਤੇ ਉਹਨਾਂ ਦੀਆਂ ਮਸੀਤਾਂ ਫੂਕੀਆਂ ਗਈਆਂ। ਪਰ ਕਿਸੇ ਲੇਖਕ ਨੇ ਕੁਝ ਨਹੀਂ ਲਿਖਿਆ। ਏਵੇਂ ਭਾਰਤ ਦੇ ਵੱਖ ਵੱਖ ਹਿੱਸਿਆਂ 'ਚ ਧਰਮਾਂ, ਧਾਰਮਕ ਇਕਾਈਆਂ, ਜਾਤਾਂ ਅਤੇ ਨਿੱਕੇ ਸਮਾਜਾਂ ਵਿਚਕਾਰ ਵੀ ਖ਼ੂਨੀ ਫਸਾਦ ਹੋਏ। ਸਾਰਿਆਂ ਦੇ ਲੇਖਕਾਂ ਨੇ ਹੌਲਾ ਸਾਹਿਤ ਰਚ ਕੇ ਆਪਣਾ ਆਪਣਾ ਅਵਚੇਤਨ ਵਿਖਾ ਦਿੱਤਾ। ਪਰ ਵੱਡਾ ਸਾਹਿਤ ਨਾ ਰਚਿਆ ਗਿਆ।

ਏਥੇ ਇੱਕ ਅਹਿਮ ਸੱਚ ਹੋਰ ਵੀ ਏ। ਕੋਈ ਵੀ ਬੰਦਾ ਹੋਵੇ, ਉਹ ਆਪਣੇ ਤੌਰ 'ਤੇ ਜਿਹੜੇ ਘਰ 'ਚ ਜੰਮਦਾ ਏ, ਉਹਦੇ ਆਪਣੇ ਧਾਰਮਕ ਤੇ ਸਮਾਜਿਕ ਸੰਸਕਾਰ ਹੁੰਦੇ ਨੇ। ਓਸ ਬੰਦੇ ਦੇ ਆਪਣੇ ਜੀਨ ਹੁੰਦੇ ਨੇ। ਜਿਹੜੇ ਸੰਸਕਾਰਾਂ ਤੇ ਉਹਦੇ ਬਚਪਨ ਦੇ ਹਾਲਾਤ ਨਾਲ ਰਲ਼ ਕੇ ਬੰਦੇ ਦੀ ਸ਼ਖ਼ਸੀਅਤ ਨੂੰ ਘੜਦੇ ਸੰਵਾਰਦੇ ਜਾਂ ਵਿਗਾੜਦੇ ਨੇ। ਫੇਰ ਉਹ ਬੰਦਾ ਆਪ ਉਹਨਾਂ ਨੂੰ ਸੋਧਦਾ ਤੇ ਪਾਲ਼ਦਾ ਏ। ਤੇ ਫੇਰ ... ਜਦ ਉਹ ਕਿਸੇ ਪ੍ਰਸਥਿਤੀ ਨਾਲ ਨਿੱਬੜਦਾ ਏ ਤਾਂ ਉਹਨੂੰ ਆਪ ਨੂੰ ਨਹੀਂ ਪਤਾ ਹੁੰਦਾ ਕਿ ਉਹ 'ਹੁਣ' ਕੀ ਕਰੇਗਾ! ਇਹੋ

ਹਾਲਤ ਉਹਦੀ ਕਹਾਣੀ ਲਿਖਣ ਵੇਲੇ ਹੁੰਦੀ ਏ। ਮੰਟੋ ਇਵੇਂ ਕਹਾਣੀ ਲਿਖਦਾ ਸੀ ਕਿ ਉਹਦੇ ਪਾਤਰ ਉਹਨੂੰ ਹੈਰਾਨ ਕਰ ਦੇਂਦੇ ਨੇ ਤੇ ਉਹ ਪਾਤਰਾਂ ਤੇ ਪਾਠਕਾਂ ਨੂੰ ਹੈਰਾਨ ਕਰ ਦੇਂਦਾ ਏ।

ਮੰਟੋ ਨੂੰ ਆਪਣੇ ਅਵਚੇਤਨ ਨਾਲ ਓਸ ਵੇਲ਼ੇ ਜ਼ਰੂਰ ਘੁਲਣਾ ਪਿਆ ਹੋਵੇਗਾ, ਜਦ ਉਹਨੂੰ ਕਈ ਮਜਬੂਰੀਆਂ ਕਾਰਨ ਪਾਕਿਸਤਾਨ 'ਚ ਜਾ ਕੇ ਵਸਣਾ ਪਿਆ। ਫੇਰ ਪਾਕਿਸਤਾਨ ਦੇ ਮਾਹੌਲ ਨੇ ਉਹਨੂੰ ਤੰਗ ਕੀਤਾ, ਨਾਲੇ ਉਹਦਾ ਹੱਥ ਕਦੇ ਏਨਾ ਤੰਗ ਨਹੀਂ ਸੀ ਹੋਇਆ, ਜਿੰਨਾ ਲਾਹੌਰ ਜਾ ਕੇ ਹੋਇਆ। ਉਹਨੂੰ ਘਰ ਦੀ ਰੋਟੀ ਤੇ ਆਪਣੇ ਲਈ ਸ਼ਰਾਬ ਦੀ ਬੋਤਲ ਕਮਾਓਣ ਲਈ ਰੋਜ਼ ਕਹਾਣੀ, ਲੇਖ ਜਾਂ ਅਖ਼ਬਾਰ ਲਈ ਕਾਲਮ ਲਿਖਣਾ ਪੈਂਦਾ ਸੀ। ਅਜਿਹੇ ਮਾੜੇ ਸਮੇਂ 'ਚ ਮੰਟੋ ਨੇ ਸਭ ਤੋਂ ਵੱਧ ਕਹਾਣੀਆਂ ਫਸਾਦਾਂ ਬਾਰੇ ਲਿਖੀਆਂ। ਜਿਨ੍ਹਾਂ ਵਿੱਚੋਂ ਕਦੇ ਤੇ ਕਿਤੇ ਵੀ ਮੁਸਲਮਾਨ ਵਾਲੀ ਮਾਨਸਿਕਤਾ ਨਹੀਂ ਲੱਭਦੀ। ਉਹ ਆਪਣੇ ਅਵਚੇਤਨ ਦਾ ਗੁਲਾਮ ਨਹੀਂ ਬਣਿਆ। ਜਿਸ ਤੋਂ ਪਤਾ ਲੱਗਦਾ ਏ ਕਿ ਉਹੀ ਇੱਕ ਲੇਖਕ ਸੀ, ਜੀਹਨੇ ਆਪਣੇ ਨਿੱਜੀ ਤੇ ਸਮੂਹਕ ਅਵਚੇਤਨਾਂ 'ਤੇ ਜਿੱਤ ਪ੍ਰਾਪਤ ਕਰ ਲਈ ਸੀ। ਏਸ ਸਮੇਂ 'ਚ ਮੰਟੋ ਨੇ ਸਭ ਤੋਂ ਵੱਧ ਰਚਨਾਵਾਂ ਰਚੀਆਂ ਤੇ ਨਵੇਂ ਤਜਰਬੇ ਕੀਤੇ।

**ਸਾਹਿਤਕਾਰ ਦਾ ਵੰਡਿਆ ਵਜੂਦ**

ਉੱਪਰਲੀਆਂ ਗੱਲਾਂ ਤੋਂ ਏਸ ਗੱਲ ਦੀ ਸੂਹ ਮਿਲਦੀ ਏ ਕਿ ਹਰੇਕ ਦੇਸ਼ ਤੇ ਸਮਾਜ ਵਿੱਚ ਜੇਤੂ ਲੋਕਾਂ ਦਾ ਸਾਹਿਤ ਹੋਰ ਹੁੰਦਾ ਏ ਤੇ ਹਾਰੇ ਹੋਏ ਲੋਕਾਂ ਦਾ ਕੁਝ ਹੋਰ ਹੁੰਦਾ ਏ। ਪੰਜਾਬ 'ਚ 1980 ਤੋਂ ਬਾਅਦ ਰਚੇ ਗਏ ਸਾਹਿਤ ਵਿੱਚ ਜਿੱਤਣ ਵਾਲੀ ਧਿਰ ਦੀ ਮਾਨਸਿਕਤਾ ਖਿੜੀ ਹੋਈ ਏ। ਉਹ ਹੁੱਬ ਕੇ ਸਾਹਿਤ ਰਚਦੀ ਏ ਤੇ ਹਾਰੇ ਲੋਕਾਂ ਦੀ ਮਾਨਸਿਕਤਾ ਮੁਰਝਾਈ ਹੋਈ ਏ। ਉਹ ਮਿੱਧੀ ਹੋਈ ਮਾਨਸਿਕਤਾ 'ਚੋਂ ਉੱਭਰਨ ਦੀ ਕੋਸ਼ਿਸ਼ ਕਰਦੇ ਹੋਏ ਰੁਦਨ-ਮੁਖੀ ਦਾ ਜਾਂ ਬੀਤੇ ਜਾਂ ਆਓਣ ਵਾਲੇ ਚੰਗੇ ਸਮੇਂ ਵਾਲੀ ਮਾਨਸਿਕਤਾ ਨਾਲ ਸਾਹਿਤ ਰਚਦਾ ਏ। ... ਜੇ ਏਸ ਗੱਲ ਨੂੰ ਸਹੀ ਮੰਨ ਲਿਆ ਜਾਵੇ ਤਾਂ ਭਾਰਤ 'ਚ ਸਾਰਾ ਪੁਰਾਤਨ ਵੱਡਾ ਸਾਹਿਤ ਤੇ ਮਹਾਂਕਾਵਿ ਸਵਰਨ ਜਾਤਾਂ ਦੇ ਰਚੇ ਹੋਏ ਨੇ।

ਏਸੇ ਤਰ੍ਹਾਂ ਦੁਨੀਆ 'ਚ ਬਹੁਤ ਵੱਡੀਆਂ ਘਟਨਾਵਾਂ ਹੋਈਆਂ, ਜਿਨ੍ਹਾਂ ਵਿੱਚ ਪਹਿਲੀ ਆਲਮੀ ਜੰਗ, ਦੂਜੀ ਆਲਮੀ ਜੰਗ, ਬੰਗਾਲ ਦਾ ਕਾਲ਼, ਦੁਨੀਆ ਭਰ 'ਚ ਯਹੂਦੀਆਂ 'ਤੇ ਅੱਤਿਆਚਾਰ ਤੇ ਉਹਨਾਂ ਨੂੰ ਦੇਸ-ਨਿਕਾਲਾ, ਫਰਾਂਸ ਦੀ ਕ੍ਰਾਂਤੀ, ਰੂਸ ਤੇ ਚੀਨ ਦੀਆਂ ਖ਼ੂਨੀ ਕਰਾਂਤੀਆਂ, ਲੱਖਾਂ ਬੰਦਿਆਂ ਦੇ ਕਤਲੇ ਆਮ ਵਗੈਰਾ। ਕੀ ਇਹਨਾਂ ਬਾਰੇ ਰਚਿਆ ਗਿਆ ਸਾਹਿਤ ਮਾਨਵਵਾਦੀ ਨਹੀਂ ਬਣ ਸਕਿਆ? ਜੀਹਦੇ ਵਿੱਚ ਸਾਹਿਤਕਾਰ ਦਾ ਚਿੰਤਨ ਮੁਲਕਾਂ ਤੇ ਧਰਮਾਂ ਦੀ ਹੱਦਾਂ ਟੱਪ ਕੇ ਸਾਰੀ ਦੁਨੀਆ 'ਚ ਫੈਲ ਗਿਆ ਹੋਵੇ? ਉਹਦੀ ਰਚਨਾ ਜਿਹੜਾ ਵੀ ਬੰਦਾ ਪੜ੍ਹੇ, ਉਹਨੂੰ ਪੋਂਹਦੀ ਹੋਵੇ। ਜਵਾਬ ਏ ਕਿ ਨਹੀਂ, ਉਹ ਮਾਨਵਵਾਦੀ ਬਣ ਕੇ ਵੀ ਕਿਤੇ ਨਾ ਕਿਤੇ ਆਪਣੇ ਦੇਸ, ਕੌਮ, ਖਿੱਤੇ, ਧਰਮ, ਜਾਤ ਜਾਂ ਬੋਲੀ ਨਾਝ ਬੱਝਾ ਰਹਿ ਕੇ ਨਿੱਜੀ ਸੀਮਾ ਨੂੰ ਟੱਪ ਨਹੀਂ ਸਕਿਆ।

ਏਥੇ ਇੱਕ ਹੋਰ ਗੱਲ ਸੋਚਣ ਵਾਲੀ ਏ ਕਿ ਲੱਖਾਂ ਲੋਕਾਂ 'ਤੇ ਹੋਇਆ ਅੰਤਾਂ ਦਾ ਜ਼ੁਲਮ ਸਾਡੀ ਸੋਚ ਨੂੰ ਭੁਚਲਾ ਦੇਂਦਾ ਏ। ਉਹਨੂੰ ਸਾਵੀਂ ਨਹੀਂ ਰਹਿਣ ਦੇਂਦਾ। ਇਹ ਸੋਚਵਾਨ ਬੰਦੇ ਨੂੰ ਪਾਗਲ ਕਰ ਦੇਂਦਾ ਏ। ਮੰਟੋ ਨੂੰ ਲਾਹੌਰ ਜਾ ਕੇ ਬੇਤਹਾਸ਼ਾ ਸ਼ਰਾਬ ਪੀਣ ਦੀ ਆਦਤ ਹੋ ਗਈ ਸੀ। ਜਿਸ ਕਰਕੇ ਉਹਨੂੰ ਦੋ ਵਾਰ ਮੈਂਟਲ ਹਸਪਤਾਲ ਜਾਣਾ ਪਿਆ ਸੀ। ਕਿਉਂਕਿ ਓਸ ਹਸਪਤਾਲ ਵਿੱਚ ਡੀਐਡਿਕਸ਼ਨ ਸੈਂਟਰ ਸੀ। ਜਿਹੜੀਆਂ ਘਟਨਾਵਾਂ ਬਹੁਤ ਵੱਡੀਆਂ ਹੁੰਦੀਆਂ ਨੇ, ਉਹ ਸਾਹਿਤਕਾਰ ਦੇ ਕਲਾਵੇ 'ਚ ਬਹੁਤੀ ਵਾਰ ਆਉਂਦੀਆਂ ਵੀ ਨਹੀਂ ਹੁੰਦੀਆਂ। ਜਨਵਰੀ 1948 'ਚ ਪਾਕਿਸਤਾਨ ਜਾਂਦਿਆਂ ਈ ਉਹਨੂੰ ਇਹਨਾਂ ਸਵਾਲਾਂ ਨੇ ਘੇਰ ਲਿਆ ਸੀ ਕਿ ਬੰਦਾ ਦੂਜੇ ਧਰਮ ਦੇ ਬੰਦੇ ਨੂੰ ਕਤਲ ਕਿਉਂ ਕਰਦਾ ਏ?... ਕੀ ਪਾਕਿਸਤਾਨ 'ਚ ਰਚਿਆ ਗਿਆ 'ਪਾਕਿਸਤਾਨੀ ਸਾਹਿਤ' ਹੋਰ ਤਰ੍ਹਾਂ ਦਾ ਹੋਵੇਗਾ ਤੇ ਭਾਰਤੀ ਸਾਹਿਤ ਹੋਰ ਤਰ੍ਹਾਂ ਦਾ? ... ਕੀ ਉਰਦੂ ਸਾਹਿਤ ਦੋਹਾਂ ਪਾਸੇ ਜਿਉਂਦਾ ਰਵ੍ਹੇਗਾ? ਇਹਨਾਂ ਰਿਫ਼ਿਊਜੀਆਂ ਦਾ ਕੀ ਬਣੇਗਾ? ... ਉਹਨਾਂ ਜ਼ਨਾਨੀਆਂ ਦਾ ਕੀ ਬਣੇਗਾ, ਜਿਹੜੀਆਂ ਧਾੜਵੀ ਚੁੱਕ ਕੇ ਲੈ ਗਏ? ... ਤੇ ਫੇਰ ਉਹਨਾਂ ਦੇ ਪੇਟਾਂ 'ਚ ਪਲ਼ਦੇ ਬੱਚਿਆਂ ਦਾ ਕੀ ਬਣਗੇ?



ਅਸਲ 'ਚ ਸਾਹਿਤਕਾਰ ਨੂੰ ਦੋ ਪਾਤਰਾਂ 'ਚ ਵੰਡ ਹੋ ਕੇ ਜਿਊਣਾ ਪੈਂਦਾ ਏ। ਇੱਕ ਤਾਂ ਉਹ ਆਮ ਸ਼ਹਿਰੀ ਹੁੰਦਾ ਏ। ਜਿਹੜਾ ਆਪਣੇ ਦੇਸ਼, ਆਪਣੀ ਜਾਤ ਬਰਾਦਰੀ ਦੇ ਸਮਾਜ ਦੇ ਉਪ-ਸੱਭਿਆਚਾਰ ਨੂੰ ਹੰਢਾਉਂਦਾ ਤੇ ਕੋੜਮੇ ਕਬੀਲੇ ਅਤੇ ਟੱਬਰ ਦੀਆਂ ਜ਼ਿੰਮੇਦਾਰੀਆਂ ਨਿਭਾਉਂਦਾ ਜਿਊਂਦਾ ਏ। ਤੇ ਦੂਜੇ ਪਾਸੇ ਉਹਦੇ ਅੰਦਰ ਵਸਿਆ ਉਹਦੇ ਆਦਰਸ਼ਾਂ ਦਾ ਮਾਨਵਵਾਦ ਹੁੰਦਾ ਏ, ਜਿਹੜਾ ਉਹਨੂੰ ਦੇਸ਼, ਧਰਮ, ਜਾਤ ਬਿਰਾਦਰੀ ਤੇ ਨਿੱਜ ਦੀਆਂ ਹੱਦਾਂ ਨੂੰ ਟੱਪ ਕੇ ਕਹਾਣੀ ਰਚਨ ਲਈ ਆਖਦਾ ਏ। ਲੇਖਕ ਦੇ ਅੰਦਰ ਲੁਕਿਆ ਉਹ ਮਹਾਨ ਬੰਦਾ ਖਾਸ ਤੌਰ 'ਤੇ ਉਦੋਂ ਜਾਗਦਾ ਏ, ਜਦ ਉਹ ਕੋਈ ਰਚਨਾ ਕਰਨ ਲੱਗਦਾ ਏ।

ਮੰਟੋ ਵੀ ਆਮ ਬੰਦਿਆਂ ਵਾਂਗ ਥੋੜ੍ਹਾ ਬਹੁਤ ਦੋ ਤਿੰਨ ਹਿੱਸਿਆਂ ਵਿੱਚ ਵੰਡਿਆ ਦਿਸਦਾ ਏ। ਖਾਸ ਤੌਰ 'ਤੇ ਉੱਥੇ, ਜਦ ਦੇਸ਼ ਵੰਡਿਆ ਜਾਂਦਾ ਏ ਤੇ ਸਾਰੇ ਦੇਸ਼ 'ਚ ਫਿਰਕੂ ਫਸਾਦ ਸ਼ੁਰੂ ਹੋ ਜਾਂਦੇ ਨੇ। ਪੰਜਾਬ 'ਚ ਬਹੁਤ ਭਿਆਨਕ ਕਤਲੇ-ਆਮ ਹੁੰਦੇ ਨੇ। ਮੰਟੋ ਦੇ ਸ਼ਰੀਕੇ ਵਾਲੇ ਸਾਰੇ ਟੱਬਰ ਅਮ੍ਰਿਤਸਰ ਦੇ ਕੂਚਾ ਵਕੀਲਾਂ ਵਿੱਚੋਂ ਨਿੱਕਲ ਕੇ ਲਾਹੌਰ ਜਾ ਵਸੇ ਨੇ। ਬੰਬਈ 'ਚ ਵੀ ਬੜੇ ਭਿਆਨਕ ਫਸਾਦ ਹੁੰਦੇ ਨੇ। ਜਿਨ੍ਹਾਂ ਵਿੱਚ ਮੁਸਲਮਾਨਾਂ ਦੇ ਇਲਾਕਿਆਂ ਵਿੱਚ ਬਹੁਤ ਸਾਰੇ ਹਿੰਦੂ ਤੇ ਹਿੰਦੂਆਂ ਦੇ ਇਲਾਕਿਆਂ ਵਿੱਚ ਬਹੁਤ ਸਾਰੇ ਮੁਸਲਮਾਨ ਮਾਰੇ ਜਾਂਦੇ ਨੇ। ਫਸਾਦਾਂ ਦੀ ਇਹ ਅੱਗ ਬੰਬਈ ਦੇ ਫਿਲਮੀ ਜਗਤ 'ਚ ਵੀ ਫੈਲ ਜਾਂਦੀ ਏ। ਜਿਹੜੀ ਫਿਲਮੀ ਕੰਪਨੀ 'ਚ ਮੰਟੋ ਕੰਮ ਕਰਦਾ ਏ, ਉਹਦੇ ਵਿੱਚ ਵੀ ਬਹੁਤਿਆਂ ਦੀਆਂ ਅੱਖਾਂ ਤਰੇੜੀਆਂ ਜਾਂਦੀਆਂ ਨੇ। ਡਰਦਾ ਮੰਟੋ ਆਪਣੀ ਬੀਵੀ ਸਫ਼ੀਆ ਤੇ ਬੱਚੀ ਨਿਗਹਤ ਨੂੰ ਲਾਹੌਰ ਭੇਜ ਦੇਂਦਾ ਏ। ...ਹੁਣ ਉਹਨੂੰ ਲਾਹੌਰ ਬੈਠੇ ਦੋਸਤਾਂ, ਰਿਸ਼ਤੇਦਾਰਾਂ ਅਤੇ ਖਾਸ ਤੌਰ 'ਤੇ ਸਫ਼ੀਆ ਵੱਲੋਂ ਬੁਲਾਵੇ ਆਉਂਦੇ ਨੇ ਕਿ ਛੇਤੀ ਤੋਂ ਛੇਤੀ ਲਾਹੌਰ ਆ ਜਾਓ। ਅੱਖਾਂ ਤੋਂ ਦੂਰ ਬੈਠੇ ਖ਼ੂਨ ਦੇ ਸਾਕਾਂ ਨੂੰ ਮੰਟੋ ਨਾਲੋਂ ਬਹੁਤਾ ਡਰ ਲੱਗਦਾ ਏ। ਉਹ ਕਿੱਡਾ ਈ ਵੱਡਾ ਕਹਾਣੀਕਾਰ ਹੋਵੇ, ਪਰ ਆਖਰ ਨੂੰ ਉਹ ਇੱਕ ਬੀਵੀ ਦਾ ਪਤੀ ਤੇ ਇੱਕ ਬੱਚੀ ਦਾ ਬਾਪ ਏ। ਉਹ ਬੰਬਈ ਛੱਡ ਕੇ ਲਾਹੌਰ ਚਲਿਆ ਜਾਂਦਾ ਏ।

ਦੁਨੀਆ ਭਰ ਦੇ ਪ੍ਰਗਤੀਵਾਦੀਆਂ ਦੇ ਅੰਦਰ ਅਜਿਹਾ ਬੰਦਾ ਪੈਦਾ ਕੀਤਾ ਹੋਇਆ ਦਿਸਦਾ ਏ। ਉਹ ਏਸ ਗੱਲ 'ਚ ਫਸ ਗਏ ਕਿ ਉਹ ਆਪਣੀ ਸੋਚ ਦੀ ਸਿਖਲਾਈ ਅਨੁਸਾਰ ਦੇਸ਼ਾਂ, ਧਰਮਾਂ ਤੇ ਜਾਤਾਂ ਦੇ ਸੌੜੇ ਵਿਚਾਰਾਂ 'ਚ ਵੱਡੇ ਲੋਕਾਂ ਨੂੰ ਫਾਰਮੂਲੇ ਦੇ ਤਹਿਤ ਇੱਕੋ ਜਿਹੇ ਕਸੂਰਵਾਰ ਦੱਸਣ ਲਈ ਤੱਕੜੀਆਂ 'ਚ ਤੋਲਣ ਲੱਗ ਪਏ। ਜ਼ਾਹਰ ਏ ਕਿ ਉਹਨਾਂ ਕੋਲੋਂ ਕਦੇ ਕਿਸੇ ਭਾਵਨਾ ਅਧੀਨ ਡੰਡੀ ਵੀ ਵੱਜਦੀ ਰਹੀ ਏ। ਪੰਜਾਬੀ 'ਚ ਅਜਿਹਾ ਸਾਹਿਤ ਵੱਧ ਏ, ਪਰ ਉਰਦੂ 'ਚ ਘੱਟ ਰਚਿਆ ਗਿਆ।

**ਮੰਟੋ ਦੀ ਕਹਾਣੀਕਾਰੀ ਰਹੱਸ ਸੀ**

ਮੰਟੋ ਨੇ ਜੋ ਕੁਝ ਵੀ ਲਿਖਿਆ, ਉਹ ਉਹਦੇ ਪ੍ਰਸ਼ੰਸਕਾਂ ਨੂੰ ਵੀ ਸਾਰੇ ਦਾ ਸਾਰਾ ਕਬੂਲ ਨਹੀਂ। ਉਹਦੀਆਂ ਬਹੁਤੀਆਂ ਕਹਾਣੀਆਂ ਵਿੱਚ ਕਾਮ ਦੀ ਚਾਸ਼ਨੀ ਹੁੰਦੀ ਏ। ਪਰ ਉਹਨੇ ਆਪ ਕਦੇ ਏਸ ਗੱਲ ਦੀ ਲਿਖਤੀ ਵਕਾਲਤ ਨਹੀਂ ਕੀਤੀ। ਅਜਿਹੀ ਕਹਾਣੀ ਲਿਖਣ ਦੇ ਜੋ ਕਾਰਨ ਲੱਭਦੇ ਨੇ। ਇੱਕ ਤਾਂ ਉਹਨੇ ਪ੍ਰਗਤੀਵਾਦੀ ਲਹਿਰ ਕੋਲੋਂ ਧੱਕੇ ਨਾਲ ਪਾਠਕ ਖੋਹਣੇ ਸਨ। ਦੂਜੇ ਇਹ ਭਾਵਨਾ ਉਹਦੇ ਜ਼ਿੱਦੀ ਤੇ ਲੜਾਕੇ ਸੁਭਾਅ 'ਤੇ ਬੇਹੱਦ ਭਾਰੂ ਸੀ। ਉਹਨੇ ਕਾਮੁਕ ਵਿਹਾਰਾਂ ਬਾਰੇ ਨਾ ਸਿਰਫ ਕਹਾਣੀਆਂ ਲਿਖੀਆਂ, ਬਲਕਿ ਹਰੇਕ ਲਿਖਤ 'ਚ ਕਾਮੁਕਤਾ ਦੇ ਭਾਵਾਂ ਹੇਠ ਆਉਂਦੀਆਂ ਅੰਗਾਂ ਦੀਆਂ ਮੁਦਰਾਵਾਂ ਦਾ ਜ਼ਿਕਰ ਵੀ ਖੁੱਲ੍ਹ ਕੇ ਕੀਤਾ। ... ਅਜਿਹਾ ਸਾਹਿਤ ਸੰਸਕ੍ਰਿਤ 'ਚ ਮੁਸਲਮਾਨਾਂ ਦੀਆਂ ਹਕੂਮਤਾਂ ਤੋਂ ਪਹਿਲਾਂ ਰਚਿਆ ਗਿਆ ਸੀ। ਉਹਨੂੰ ਸ਼ਿੰਗਾਰ ਰਸ ਕਿਹਾ ਗਿਆ ਤੇ ਰਾਜ-ਰਸ ਕਹਿ ਕੇ ਵਡਿਆਇਆ ਵੀ ਗਿਆ। ਏਥੇ ਤਕ ਕਿ ਇਹ ਰਸ ਭਾਰਤੀ ਸਮਾਜ 'ਚ ਸਾਡੇ ਧਾਰਮਕ ਵਿਹਾਰਾਂ ਦਾ ਵੀ ਹਿੱਸਾ ਬਣਿਆ। ਜਿਸ ਨੂੰ ਆਮ ਸਵੀਕਾਰਿਆ ਗਿਆ।

ਮੰਟੋ ਨੇ ਕੁੱਲ 161 ਕਹਾਣੀਆਂ ਲਿਖੀਆ। ਜਿਨ੍ਹਾਂ ਵਿੱਚੋਂ 21/22 ਬਹੁਤ ਵਧੀਆ ਨੇ। ਬਾਕੀ ਦਰਮਿਆਨੇ ਦਰਜੇ ਦੀਆਂ ਤੇ ਬਹੁਤੀਆਂ ਫਜ਼ੂਲ ਨੇ। ... ਉਹਨੇ 1947 ਦੇ ਫਸਾਦਾਂ ਬਾਰੇ ਬਹੁਤੀਆਂ ਕਹਾਣੀ ਪਾਕਿਸਤਾਨ 'ਚ ਜਾ ਕੇ ਲਿਖੀਆਂ। ਜਿਹੜੀਆਂ ਏਸ ਗੱਲੋਂ ਬੇਮਿਸਾਲ ਨੇ ਕਿ ਮੰਟੋ ਕਿਸੇ ਧਾਰਮਕ ਗਰੁੱਪ ਦਾ ਹਮੈਤੀ ਜਾਂ ਵਿਰੋਧੀ ਬਣ ਕੇ ਨਹੀਂ ਲਿਖਦਾ। ਉਹ ਮਰਨ ਵਾਲੇ ਤੇ ਮਾਰਨ ਵਾਲੇ ਦੋਹਾਂ

ਨੂੰ ਬੰਦੇ ਸਮਝਦਾ ਏ। ਇਹੋ ਵੱਡੇ ਇਨਸਾਨ ਦੀਆਂ ਰਚਨਾਵਾਂ ਦੀ ਨਿਸ਼ਾਨੀ ਏ। ਏਸੇ ਕਰ ਮੰਟੋ ਅੱਜ ਏਸ਼ੀਆ ਦਾ ਵੱਡਾ ਕਹਾਣੀਕਾਰ ਬਣ ਕੇ ਸਾਡੇ ਸਾਹਮਣੇ ਏ।

**ਅਤਹਰ ਪਰਵੇਜ਼ ਦੇ ਵਿਚਾਰ**

ਉਰਦੂ ਕਹਾਣੀ ਅਤੇ ਮੰਟੋ ਦੀ ਕਹਾਣੀ ਕਲਾ ਬਾਰੇ ਉਰਦੂ ਦੇ ਇੱਕ ਵੱਡੇ ਆਲੋਚਕ ਜਨਾਬ ਅਤਹਰ ਪਰਵੇਜ਼ ਨੇ ਜੋ ਕੁਝ ਲਿਖਿਆ ਏ, ਮੈਂ ਉਹਦੇ ਨਾਲ ਕਾਫੀ ਹੱਦ ਤੱਕ ਸਹਿਮਤ ਹਾਂ :

"ਮੁਨਸ਼ੀ ਪ੍ਰੇਮ ਚੰਦ ਦੇ ਬਾਅਦ ਕਹਾਣੀਕਾਰਾਂ ਦੀ ਪੀੜ੍ਹੀ ਵਿੱਚੋਂ ਸਆਦਤ ਹਸਨ ਮੰਟੋ ਦਾ ਨਾਂ ਕਈ ਗੱਲਾਂ ਕਰ ਕੇ ਵਿਸ਼ੇਸ਼ ਹੈਸੀਅਤ ਰੱਖਦਾ ਏ।

ਮੰਟੋ ਉਰਦੂ ਦਾ ਸਭ ਤੋਂ ਬਦਨਾਮ ਕਹਾਣੀਕਾਰ ਏ।

ਮੰਟੋ ਉੱਤੇ ਸਭ ਤੋਂ ਵੱਧ ਮੁਕੱਦਮੇ ਚੱਲੇ ਨੇ।

ਮੰਟੋ ਨੇ ਅਜਿਹੇ ਵਿਸ਼ਿਆਂ 'ਤੇ ਕਲਮ ਚਲਾਈ, ਜਿਥੇ ਪੁੱਜਣ ਲਈ ਫ਼ਰਿਸ਼ਤਿਆਂ ਦੇ ਖੰਭ ਸੜਦੇ ਨੇ। ਜਿਨ੍ਹਾਂ ਵਿਸ਼ਿਆਂ ਨੂੰ ਬਹੁਤ ਸਾਰੇ ਲੋਕ ਵਰਜਨਾਵਾਂ ਵਿੱਚ ਸ਼ਾਮਲ ਕਰਦੇ ਨੇ।

ਮੰਟੋ ਬੜਾ ਬੇਬਾਕ ਕਹਾਣੀਕਾਰ ਏ। ਉਹ ਏਸ ਗੱਲੋਂ ਬਦਨਸੀਬ ਵੀ ਸੀ ਕਿ ਬਹੁਤੇ ਲੋਕਾਂ ਨੇ ਨਾ ਉਹਨੂੰ ਸਮਝਿਆ ਤੇ ਨਾ ਈ ਉਹਦੀਆਂ ਕਹਾਣੀਆਂ ਨੂੰ।... ਉਹਦੇ ਬਾਰੇ ਫ਼ੈਸਲਾ ਕਰਨ ਦਾ ਕੰਮ ਉਹਨਾਂ ਲੋਕਾਂ ਦੇ ਹਵਾਲੇ ਕੀਤਾ ਗਿਆ ਸੀ, ਜਿਨ੍ਹਾਂ ਦਾ ਕੰਮ ਅਦਾਲਤਾਂ ਦੀਆਂ ਕੁਰਸੀਆਂ 'ਤੇ ਬਹਿ ਕੇ ਉਹ ਕੁਝ ਕਰਨਾ ਸੀ, ਜਿਹੜਾ ਸਬਜ਼ੀ ਵੇਚਣ ਵਾਲੇ ਆਪਣੀਆਂ ਦੁਕਾਨਾਂ 'ਚ ਕਰਦੇ ਨੇ। ਮੇਰਾ ਮਤਲਬ ਏ ਕਿ ਤੱਕੜੀ ਦੇ ਦੋਹਾਂ ਪੱਲੜਿਆਂ ਨੂੰ ਇੱਕੋ ਜਿਹੇ ਰੱਖਣ ਦਾ ਕੰਮ !...ਜਦ ਕਿਤੇ ਮਨ 'ਚ ਆਈ ਤਾਂ ਡੰਡੀ ਮਾਰ ਦਿੱਤੀ।...ਇਹ ਲੋਕ ਉਹ ਸਨ, ਜਿਨ੍ਹਾਂ ਦਾ ਸੰਬੰਧ ਨਾ ਸਾਹਿਤ ਨਾਲ ਸੀ ਤੇ ਨਾ ਈ ਭਰਪੂਰ ਜ਼ਿੰਦਗੀ ਨਾਲ। ਏਸ ਲਈ ਉਹਨਾਂ ਨਾਲ ਕਾਹਦਾ ਰੋਸਾ।.. ਪਰ ਉਹ ਲੋਕ ਜਿਹੜੇ ਮੰਟੋ ਨੂੰ ਵੀ ਜਾਣਦੇ ਸਨ ਤੇ ਸਾਹਿਤ ਨੂੰ ਵੀ ਸਮਝਦੇ ਸਨ, ਉਹਨਾਂ ਨੇ ਵੀ ਘੱਟ ਡੰਡੀਆਂ ਨਹੀਂ ਮਾਰੀਆਂ ! ਡਾਕਟਰ ਅੱਬੁਲਲੇਸ ਸਿੱਦੀਕੀ ਇੱਕ ਘਟਨਾ ਵੱਲ ਇਸ਼ਾਰਾ ਕਰਦੇ ਹੋਏ ਲਿਖਦੇ ਨੇ ਕਿ ਇੱਕ ਸੰਗਤ ਵਿੱਚ ਮੰਟੋ ਨੇ ਆਪਣੀ ਕਹਾਣੀ ਪੜ੍ਹੀ। ਕਹਾਣੀ 'ਚ ਇੱਕ ਉਜੱਡ ਸਿਪਾਹੀ ਦਾ ਪਾਤਰ ਏ। ਜਿਹੜਾ ਗੱਲ ਗੱਲ 'ਤੇ ਗਾਹਲਾਂ ਕੱਢਦਾ ਏ। ਤੇ ਬਹੁਤੀਆਂ ਗਾਲ੍ਹਾਂ ਗੰਦੀਆਂ ਨੇ। ਲੋਕ ਮੰਟੋ 'ਤੇ ਵਰ੍ਹ ਪਏ। ਉਹਨੇ ਵਾਰ ਵਾਰ ਸਮਝਾਓਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਇਹ ਗਾਲ੍ਹਾਂ ਮੰਟੋ ਨੇ ਨਹੀਂ ਕੱਢੀਆਂ, ਓਸ ਸਿਪਾਹੀ ਨੇ ਕੱਢੀਆਂ ਨੇ, ਉਹ ਤੁਹਾਨੂੰ ਜਿਥੇ ਮਿਲੇ, ਤੁਸੀਂ ਉਹਦੀ ਚੰਗੀ ਖਬਰ ਲਓ। ਮੰਟੋ ਨੇ ਤਾਂ ਸਿਰਫ ਉਹਨੂੰ ਆਪਣੀ ਕਹਾਣੀ ਵਿੱਚ ਪੇਸ਼ ਕਰ ਦਿੱਤਾ ਏ। ਏਸ ਕਹਾਣੀ 'ਚ ਹੋਰ ਕਈ ਗੱਲਾਂ ਨੇ ਤੇ ਤੁਸੀਂ ਸਿਰਫ ਉਹਦੀਆਂ ਗਾਲ੍ਹਾਂ ਦੇ ਪਿੱਛੇ ਪੈ ਗਏ ਹੋ। ਉਹਨਾਂ ਗੱਲਾਂ ਵੱਲ ਧਿਆਨ ਦੇਣ ਲਈ ਤੁਸੀਂ ਰਾਜ਼ੀ ਨਹੀਂ। ਤੁਹਾਡਾ ਦਿਲ ਕਰਦਾ ਏ ਤਾਂ ਗਾਲ੍ਹਾਂ ਕੱਢ ਲਵੋ, ਪਰ ਕਹਾਣੀ ਨੂੰ ਸਮਝਣ ਦੀ ਕੋਸ਼ਿਸ਼ ਜ਼ਰੂਰ ਕਰੋ।"

**ਕਹਾਣੀਆਂ 'ਚ ਕਾਮੁਕ ਵਿਹਾਰ**

ਬਹੁਤ ਆਲੋਚਕਾਂ ਤੇ ਪਾਠਕਾਂ ਦੀ ਮੰਟੋ ਨਾਲ ਨਾਰਾਜ਼ਗੀ ਦਾ ਕਾਰਨ ਇਹ ਰਿਹਾ ਏ ਕਿ ਉਹਦੀਆਂ ਬਹੁਤੀਆਂ ਕਹਾਣੀਆਂ ਦਾ ਸੰਬੰਧ ਕਾਮੁਕ ਭਾਵਨਾਵਾਂ ਨਾਲ ਰਿਹਾ ਏ। ਤੇ ਕਾਮ ਦੀ ਹੈਸੀਅਤ ਸਾਡੇ ਸਮਾਜ 'ਚ ਵਰਜਿਤ ਫ਼ਲ ਜਿਹੀ ਰਹੀ ਏ। ਉਹ ਮਾਨਵਤਾ ਵਾਲੇ ਜਿਹੜੇ ਬਰੀਕ ਨੁਕਤੇ ਪੈਦਾ ਕਰਦਾ ਏ, ਉਹ ਭਾਵੇਂ ਵੱਡੀ ਗੱਲ ਏ।

1936 ਦੇ ਬਾਅਦ ਜਦ ਉਰਦੂ ਕਹਾਣੀ ਆਪਣੇ ਸਫ਼ਰ 'ਤੇ ਤੁਰੀ ਤਾਂ ਸ਼ੁਰੂ ਸ਼ੁਰੂ 'ਚ ਕਾਮੁਕ ਭਾਵਨਾਵਾਂ ਦਾ ਜ਼ਿਕਰ ਕਿਸੇ ਸੀਮਾ ਤੱਕ ਖੁੱਲ੍ਹ ਕੇ ਹੋਇਆ। ਤੇ ਲੋਕਾਂ ਨੇ ਇਹਨੂੰ ਪ੍ਰਗਤੀਵਾਦੀ ਸਾਹਿਤਕ ਲਹਿਰ ਦਾ ਹਿੱਸਾ ਈ ਸਮਝਿਆ।... ਪ੍ਰਗਤੀਵਾਦੀ ਲਹਿਰ ਕਿਉਂਕਿ ਰਾਜਨੀਤੀਵਾਨਾਂ ਦੀ ਚਲਾਈ ਹੋਈ ਸੀ, ਉਹਨੂੰ ਏਸ ਗੱਲ ਦਾ ਡਰ ਲੱਗਣ ਲੱਗ ਪਿਆ ਕਿ ਕਿਤੇ ਇਹ ਦਾਗ਼ ਸਾਰੀ ਲਹਿਰ ਉੱਤੇ ਈ ਨਾ ਲੱਗ ਜਾਵੇ। ਏਸ ਲਈ ਏਸ ਲਹਿਰ ਵਾਲਿਆਂ ਨੇ ਏਸ ਵਿਹਾਰ ਨੂੰ ਗੰਭੀਰਤਾ ਨਾਲ ਸਮਝਣ ਦੀ ਥਾਂ ਇਹੋ ਠੀਕ ਸਮਝਿਆ ਕਿ ਆਪਣੇ ਆਪ ਨੂੰ ਇਹਦੇ ਵਿਰੋਧ 'ਚ ਖਲ੍ਹਿਆਰ ਲਿਆ। ਏਸ ਲਈ ਜਿਹੜੇ ਕਹਾਣੀਕਾਰਾਂ



ਨੇ ਏਸ ਬਾਰੇ ਕਹਾਣੀਆਂ ਲਿਖੀਆਂ, ਉਹਨਾਂ ਦੀ ਘੋਰ ਨਿੰਦਿਆ ਕੀਤੀ ਗਈ। ਏਸੇ ਲਈ ਕਿਸੇ ਲੇਖਕ ਦੀਆਂ ਉਹਨਾਂ ਕਹਾਣੀਆਂ ਨੂੰ ਛੱਡ ਕੇ ਉਹਦੀਆਂ ਹੋਰ ਕਹਾਣੀਆਂ ਦੀ ਗੱਲ ਕੀਤੀ ਗਈ। ਜਿਵੇਂ ਇਸਮਤ ਚੁਗ਼ਤਾਈ ਦੀਆਂ ਕਹਾਣੀਆਂ 'ਚ ਜਿਥੇ ਕਾਮ ਦਾ ਜ਼ਿਕਰ ਆਉਂਦਾ, ਉਹਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ। ਏਸ ਤਰ੍ਹਾਂ ਇਸਮਤ ਨੂੰ ਦੋ ਹਿੱਸਿਆਂ ਵਿੱਚ ਵੰਡ ਲਿਆ ਗਿਆ। ਇੱਕ ਉਹ, ਜਿਹੜੀ ਪ੍ਰਗਤੀਵਾਦੀ ਸੀ ਤੇ ਦੂਜੀ ਉਹ, ਜਿਹੜੀ ਕਾਮੁਕ ਵਿਹਾਰ ਬਾਰੇ ਲਿਖਦੀ ਸੀ। ... ਏਥੇ ਇਸਮਤ ਤਾਂ ਚੁੱਪ ਰਹੀ, ਪਰ ਮੰਟੋ ਆਪਣੀ ਜ਼ਿੱਦ 'ਤੇ ਅੜਿਆ ਰਿਹਾ। ਉਹਨੇ ਆਪਣੇ ਆਪ ਨੂੰ ਦੋ ਹਿੱਸਿਆਂ 'ਚ ਵੰਡਣ ਦੀ ਆਗਿਆ ਨਾ ਦਿੱਤੀ। ਉਹਨੇ ਜਦ ਦੇਖਿਆ ਕਿ ਪ੍ਰਗਤੀਵਾਦੀ ਤੇ ਗੈਰ-ਪ੍ਰਗਤੀਵਾਦੀ ਆਲੋਚਕਾਂ 'ਚ ਏਸ ਮਾਮਲੇ 'ਤੇ ਸਮਝੌਤਾ ਹੋ ਗਿਆ ਏ ਤਾਂ ਉਹ ਅੜ ਕੇ ਅਜਿਹੀਆਂ ਕਹਾਣੀਆਂ ਲਿਖਦਾ ਰਿਹਾ। ਮੰਟੋ ਦੀ ਸ਼ਖ਼ਸੀਅਤ ਨੂੰ ਉਹਦੇ ਸੁਭਾਅ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਉਹਦੀ ਸ਼ਖ਼ਸੀਅਤ 'ਚ ਬੇਬਾਕੀ ਤੇ ਜ਼ਿੱਦ ਸੀ।... ਜ਼ਿੱਦ ਨੇ ਉਹਦੀਆਂ ਕਹਾਣੀਆਂ ਵਿੱਚ ਵੱਧ ਬੇਬਾਕੀ ਤੇ ਕੁੜੱਤਣ ਪੈਦਾ ਕਰ ਦਿੱਤੀ ਸੀ। ਇਹੋ ਈ ਰਵੱਈਆ ਮੰਟੋ ਦੀ ਕਲਾ ਦਾ ਕਮਾਲ ਬਣ ਗਿਆ। ...

ਸਾਨੂੰ ਮੰਟੋ ਦੀਆਂ ਕਹਾਣੀਆਂ ਨੂੰ ਸਮਝਣ ਲਈ ਕਹਾਣੀ-ਕਲਾ ਦੇ ਅਸੂਲਾਂ ਨਾਲੋਂ ਵੱਧ ਉਹਦੀਆਂ ਕਹਾਣੀਆਂ ਨੂੰ ਵੱਧ ਗੰਭੀਰਤਾ ਨਾਲ ਸਮਝਣਾ ਪਵੇਗਾ। ਸੋ, ਮੰਟੋ ਦੀਆਂ ਕਹਾਣੀਆਂ ਪੜ੍ਹਨੀਆਂ ਜ਼ਰੂਰੀ ਨੇ। ਉਂਜ ਵੀ ਮੈਂ ਸਮਝਦਾ ਹਾਂ ਕਿ ਸਾਹਿਤ ਦਾ ਮਿਆਰ ਆਲੋਚਕਾਂ ਦੀਆਂ ਦਾਰਸ਼ਨਿਕ ਗੱਲਾਂ ਨਾਲ ਨਹੀਂ ਸਮਝਿਆ ਜਾਂਦਾ, ਬਲਕਿ ਆਪ ਸਾਹਿਤ ਤੇ ਸਾਹਿਤਕਾਰ ਨੂੰ ਸਮਝ ਕੇ ਹੀ ਕਿਸੇ ਕਲਾਕਾਰ ਦੀ ਕਲਾ ਨੂੰ ਸਮਝਿਆ ਜਾ ਸਕਦਾ ਏ। ਤੇ ਇਹ ਕੰਮ ਉਸੇ ਸਮੇਂ ਵਿੱਚ ਨਹੀਂ, ਬਲਕਿ ਕਾਫੀ ਸਮਾਂ ਲੰਘ ਜਾਣ 'ਤੇ ਹੁੰਦਾ ਏ।

ਮੰਟੋ ਦੀਆਂ ਕਹਾਣੀਆਂ ਵਿੱਚ ਕਾਮੁਕ ਵਿਹਾਰ ਥਾਂ-ਥਾਂ ਮਿਲਦਾ ਏ। ਏਸ ਲਈ ਨਹੀਂ ਕਿ ਉਹ ਕਾਮ ਨੂੰ ਪਿਆਰ ਕਰਦਾ ਏ, ਕਾਮ ਦੇ ਬਿਆਨ ਵਿੱਚੋਂ ਸੁਆਦ ਲੈਂਦਾ ਏ। ਉਂਜ ਮੈਂ ਕਾਮ ਦੇ ਜ਼ਿਕਰ ਨੂੰ ਬੁਰਾ ਨਹੀਂ ਸਮਝਦਾ। ਥੁੜ੍ਹਾਂ ਦੇ ਦੁੱਖਾਂ ਅਤੇ ਪਿਆਰ ਦੀਆਂ ਕਹਾਣੀਆਂ ਵੀ ਤਾਂ ਦੁੱਖਾਂ ਵਿੱਚ ਰਚ ਕੇ ਈ ਲਿਖੀਆਂ ਜਾਂਦੀਆਂ ਨੇ। ਜੇ ਕਾਮੁਕ ਵਿਹਾਰ ਨੂੰ ਸੁਆਦ ਲੈ ਕੇ ਵੀ ਬਿਆਨ ਕੀਤਾ ਜਾਵੇ ਤਾਂ ਮਾੜੀ ਗੱਲ ਨਹੀਂ। ਪਰ ਸ਼ਰਤ ਇਹ ਵੇ ਕਿ ਬਿਆਨ ਕਹਾਣੀ ਦੇ ਵਿੱਚ ਰਲ਼ਿਆ ਹੋਇਆ ਹੋਵੇ। ਉਹਦਾ ਵਜੂਦ ਕੋਈ ਵਾਧੂ ਜਿਹੀ ਚੀਜ਼ ਨਾ ਲੱਗੇ। ਭਾਰਤੀ ਸਾਹਿਤ ਤੇ ਕਲਾਵਾਂ ਵਿੱਚ ਕਾਮ ਨੂੰ ਸੁੰਦਰਤਾ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾਂਦਾ। ਸਾਹਿਤ ਵਿੱਚ ਕਾਮ ਦੀ ਅਹਿਮੀਅਤ ਏਸ ਲਈ ਵੱਧ ਹੁੰਦੀ ਏ ਕਿ ਕਾਮ ਤੇ ਮਾਨਵ ਦੀ ਭਾਵਨਾਤਮਕ ਜ਼ਿੰਦਗੀ ਜੁੜੀ ਹੁੰਦੀ ਏ। ਤੇ ਉਹਦਾ ਜੀਵਨ ਨਾਲ ਸਿੱਧਾ ਸੰਬੰਧ ਹੁੰਦਾ ਏ। ... ਏਸੇ ਲਈ ਡੀ. ਐਚ. ਲਾਰੰਸ ਕਹਿੰਦਾ ਏ, "ਕਾਮ ਨਾਲ ਪਿਆਰ ਕਰਨ ਲਈ ਕਾਮ ਦਾ ਸਤਿਕਾਰ ਕਰਨਾ ਜ਼ਰੂਰੀ ਏ।"

ਫੇਰ ਇਹ ਗੱਲ ਵੀ ਏ ਕਿ ਜਦ ਜ਼ਿੰਦਗੀ ਦੀ ਇੱਕ ਬੁਨਿਆਦੀ ਪ੍ਰਵਿਰਤੀ ਕਾਮ ਵੀ ਏ ਤਾਂ ਉਹਨੂੰ ਸਾਹਿਤ ਤੋਂ ਵੱਖ ਕਰ ਕੇ ਕਿਵੇਂ ਰੱਖਿਆ ਜਾ ਸਕਦਾ ਏ। ਮੈਂ ਸਮਝਦਾ ਹਾਂ ਕਿ ਜੇ ਕੋਈ ਸਾਹਿਤਕਾਰ ਆਪਣੇ ਸਾਹਿਤ ਵਿੱਚੋਂ ਕਾਮ ਨੂੰ ਵੱਖਰਾ ਕਰ ਕੇ ਇਹਨੂੰ ਪਰੇ ਰੱਖੇ ਤਾਂ ਉਹਦੇ ਸਾਹਿਤ 'ਚ ਸੰਪੂਰਨ ਜੀਵਨ ਨਹੀਂ ਹੋਵੇਗਾ। ਏਸ ਲਈ ਜੇ ਮੰਟੋ ਦੀਆਂ ਕਹਾਣੀਆਂ ਵਿੱਚ ਕਾਮ ਦਾ ਪ੍ਰਗਟਾਵਾ ਏ ਤਾਂ ਏਸ ਤੋਂ ਘਬਰਾਓਣ ਦੀ ਕੋਈ ਗੱਲ ਨਹੀਂ। ਉਹ ਕਹਾਣੀ ਦਾ ਜ਼ਰੂਰੀ ਹਿੱਸਾ ਹੁੰਦਾ ਏ। ਉਹਦੀਆਂ ਕਹਾਣੀਆਂ ਦਾ ਮਾਹੌਲ ਹੀ ਅਜਿਹਾ ਏ। ਵੇਸਵਾ ਦੇ ਜੀਵਨ ਵਿੱਚੋਂ ਤਾਂ ਕਾਮ ਵੱਖਰਾ ਹੋ ਹੀ ਨਹੀਂ ਸਕਦਾ। ਕਿਉਂਕਿ ਇਹ ਉਹਦੇ ਕਾਰੋਬਾਰ ਦਾ ਹਿੱਸਾ ਏ। ਵੇਸਵਾ ਦੇ ਜਾ ਕੇ ਜੇ ਕੋਈ ਨਮਾਜ਼ ਦੀ ਆਸ ਕਰਦਾ ਏ ਤਾਂ ਇਹ ਸਿਹਤਮੰਦੀ ਦੀ ਨਿਸ਼ਾਨੀ ਨਹੀਂ। ਫੇਰ ਮੰਟੋ ਤੋਂ ਇਹ ਆਸ ਕਿਉਂ ਕੀਤੀ ਜਾਵੇ ਕਿ ਉਹ ਸ਼ਰਾਬ ਪੀਣ ਵਾਲਿਆਂ ਨੂੰ ਗੰਨੇ ਦਾ ਰਸ ਪੀਂਦਿਆਂ, ਮੱਥੇ 'ਤੇ ਟਿੱਕਾ ਲਾ ਕੇ ਬੈਠਿਆਂ ਤੇ ਮਾਲਾ ਫੇਰਦਿਆਂ ਵਿਖਾਵੇ !... ਕਾਮ ਸਾਡੇ ਜੀਵਨ 'ਚ ਗਰਮੀ ਤੇ ਖ਼ੂਬਸੂਰਤੀ ਪੈਦਾ ਕਰਦਾ ਏ। ਏਸ ਗੱਲ ਨੂੰ ਨਾ ਮੰਨਣਾ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਗੱਲ ਏ। (ਸੰਪਰਕ-62842-64983)



## ਕਹਾਣੀ/ ਕੋਈ ਵੀ ਤਾਂ ਨਹੀਂ / - ਨਿਰੰਜਣ ਬੋਹਾ

***(ਬੋਹਾ ਸਿਰੜੀ ਲੇਖਕ ਹੈ। ਉਸ ਨੇ ਆਲੋਚਨਾ ਦੇ ਨਾਲ ਨਾਲ ਕਹਾਣੀ ਵੀ ਲਿਖੀ ਹੈ। ਇਹ ਉਸ ਦੀ ਨਵੀਂ ਕਹਾਣੀ ਹੈ। ਇਸ ਕਹਾਣੀ ਦੇ ਕੇਂਦਰ 'ਚ ਜ਼ਮੀਨ ਹੈ। ਜੋ ਔਰਤ ਤੋਂ ਵਾਰਸ ਦੀ ਆਸ ਰੱਖਦੀ ਹੈ। ਪ੍ਰੰਤੂ ਪਿਛੋਕੜ 'ਚ ਤਲਖ਼ ਹਕੀਕਤ ਪਈ ਹੈ। ਪੰਜਾਬੀ ਸਮਾਜਿਕ ਵਿਧੀ ਵਿਧਾਨ ਅਨੁਸਾਰ ਵਾਰਸ ਔਰਤ ਨੂੰ ਪਤੀ ਤੋਂ ਮਿਲਣਾ ਹੈ। ਇਹ ਬਿਰਤਾਂਤ ਭਾਵੇਂ ਕਿ ਅਨੇਕਾਂ ਵਾਰ ਪੰਜਾਬੀ ਗਲਪ 'ਚ ਪੇਸ਼ ਹੋਇਆ ਹੈ। ਪ੍ਰੰਤੂ ਇਸ ਕਹਾਣੀ ਵਿਚ ਜ਼ਮੀਨੀ ਹਕੀਕਤ ਏਹ ਹੈ ਕਿ ਔਰਤ ਜ਼ਮੀਨ ਦਾ ਵਾਰਸ ਆਪਣੀ ਦਰਾਣੀ ਨਾਲੋਂ ਆਪਣੀ ਭੈਣ ਦੀ ਕੁੱਖ 'ਚੋਂ ਪੈਦਾ ਕਰਨ ਲਈ ਘਰੋਂ ਨਿਕਲਦੀ ਹੈ। -ਸੰਪਾਦਕ)***

"ਮੈਂ ਆਪਣੇ ਪੁੱਤ ਦਾ ਦੂਜਾ ਵਿਆਹ ਕਿਸੇ ਹੋਰ ਥਾਈਂ ਕਰ ਦੇਣਾ ਐ... ਫਿਰ ਨਾ ਕਹੀਂ ਬਈ ਮੈਨੂੰ ਦੱਸਿਆ ਨਹੀਂ... ਅਜੇ ਵੀ ਤੇਰੇ ਕੋਲ ਵਕਤ ਹੈ... ਮੇਰੀ ਗੱਲ ਮੰਨ੍ਹ ਲੈ ਮੈਨੂੰ ਚਿਤਾਵਨੀ ਦੇਣ ਵਾਲੇ ਇਹ ਬੋਲ ਮੇਰੀ ਸੱਸ ਨੇ ਪਹਿਲੀ ਵਾਰ ਨਹੀਂ ਸਨ ਬੋਲੇ ਸਗੋਂ ਹੁਣ ਤਾਂ ਉਹ ਹਰ ਦੂਜੇ ਤੀਜੇ ਦਿਨ ਆਪਣੀ ਇਸ ਚਿਤਾਵਨੀ ਨੂੰ ਦੁਹਰਾਉਣ ਵੀ ਲੱਗ ਪਈ ਸੀ ਪਹਿਲਾਂ ਤਾਂ ਉਹ ਇਹ ਗੱਲ ਥੋੜ੍ਹੀ ਦੱਬੀ ਜ਼ੁਬਾਨ ਵਿਚ ਆਖਦੀ ਹੁੰਦੀ ਸੀ ਪਰ ਸਾਡਾ ਨੂੰਹ ਸੱਸ ਦਾ ਤਕਰਾਰ ਹੁਣ ਉਸ ਪੜਾਅ 'ਤੇ ਪਹੁੰਚ ਗਿਆ ਹੈ ਕਿ ਉਸਦੇ ਮੂੰਹੋਂ ਅਜਿਹੇ ਬੋਲ ਸ਼ਰੇਆਮ ਨਿਕਲਣ ਲੱਗੇ ਪਏ ਸਨ।

ਮੈਂ ਸਰਦੂਲ ਕੋਲ ਉਸਦੀ ਮਾਂ ਵੱਲੋਂ ਨਿਤ ਦਿਹਾੜੀ ਮੇਰੇ ਨਾਲ ਕੀਤੇ ਜਾਂਦੇ ਤਰ੍ਹਾਂ ਦੇ ਵਿਵਹਾਰ ਬਾਰੇ ਸ਼ਕਾਇਤ ਕਰਦੀ ਤਾਂ ਉਹ ਅੱਗੋ ਹੱਸ ਕੇ ਗੱਲ ਟਾਲ ਦੇਂਦਾ, ਬੇਬੇ ਦੇ ਸੁਭਾਅ ਦਾ ਤਾਂ ਤੈਨੂੰ ਪਤਾ ਹੀ ਐ ਮੇਰੀ ਮਰਜ਼ੀ ਤੋਂ ਬਗੈਰ ਬੇਬੇ ਕਿਵੇਂ ਵਿਆਹ ਕਰਦੂ ਮੇਰਾ... ਮੈਂ ਤੇਰੇ ਨਾਲ ਹਾਂ ਪ੍ਰੀਤੀ— ਤੂੰ ਬੇਬੇ ਦੀ ਗੱਲ ਇਕ ਕੰਨ 'ਚੋਂ ਸੁਣ ਕੇ ਦੂਜੇ ਕੰਨ ਚੋਂ ਕੱਢ ਦਿਆ ਕਰ ।

ਮੈਂ ਸਰਦੂਲ ਦੇ ਸਮਝਾਉਣ ਤੇ ਗੱਲ ਆਈ ਗਈ ਵੀ ਕਰ ਛੱਡਦੀ ਪਰ ਹੁਣ ਸਾਲ ਭਰ ਤੋਂ ਤਾਂ ਉਹ ਵੀ ਮੇਰੀ ਗੱਲ ਨੂੰ ਗੌਲਣੋਂ ਹੱਟ ਗਿਆ ਸੀ ਮੈਂ ਬਥੇਰੀ ਕੋਸ਼ਿਸ਼ ਕਰਦੀ ਕਿ ਬੁੱਢੀ ਦੀਆਂ ਤਲਖ ਗੱਲਾਂ ਦਾ ਜਵਾਬ ਨਾ ਦੇਵਾਂ ਪਰ ਲਗਾਤਾਰ ਹਿਰਦੇ ਸਾੜਣ ਵਾਲੀਆਂ ਗੱਲਾਂ ਸੁਣ ਕੇ ਕੋਈ ਚੁੱਪ ਵੀ ਤਾਂ ਕਿੰਨਾ ਚਿਰ ਰਹਿ ਸਕਦਾ ਐ ਆਖਿਰ ਮੈਂ ਵੀ ਅੱਕ ਕੇ ਕਹਿ ਹੀ ਦੇਂਦੀ ਬੇਬੇ ਐਂ ਦੂਜਾ ਵਿਆਹ ਕਰਨੇ ਸੌਖੇ ਨਹੀਂ —— ਕਿਤੇ ਕਿਸੇ ਭੁਲੇਖੇ 'ਚ ਨਾ ਰਹਿ ਜੀਂ



"ਲੈ ਲਾ ਲੀਂ ਤੂੰ ਜਿਹੜਾ ਜ਼ੋਰ ਲਾਉਣੈ... ਨੰਦ ਸਿੰਹੁ ਨੇ ਪੋਤੇ ਦਾ ਮੂੰਹ ਵੇਖਣ ਲਈ ਆਪਣੇ ਮੁੰਡੇ ਦਾ ਦੂਜਾ ਵਿਆਹ ਕੀਤਾ ਈ ਐ। ਐਡੀ ਵੱਡੀ ਜ਼ਮੀਨ ਜਾਇਦਾਦ , ਅਸੀਂ ਹੁਣ ਸ਼ਰੀਕਾਂ ਨੂੰ ਸੰਭਾਲੀਏ ਤੇਰੇ ਭਾਣੇ ਵੱਡੀ ਆਈ ਮੈਨੂੰ ਕਾਨੂੰਨ ਪੜ੍ਹਾਉਣ ਵਾਲੀ '' ਹੰਕਾਰੀ ਸੱਸ ਸਾਡੇ ਹੀ ਗੁਆਂਢ ਅਤੇ ਸ਼ਰੀਕੇ ਵਿਚੋਂ ਮੇਰੇ ਚਾਚਾ ਸਹੁਰਾ ਲੱਗਦੇ ਨੰਦ ਸਿੰਹੁ ਦੀ ਉਦਾਹਰਣ ਦੇਣ ਲੱਗਿਆਂ ਮਿੰਟ ਵੀ ਨਾ ਲਾਉਂਦੀ , ਜਿਸ ਦੇ ਮੁੰਡੇ ਨੇ ਆਪਣੇ ਘਰ ਕੋਈ ਧੀ ਪੁੱਤ ਨਾ ਹੋਣ 'ਤੇ ਆਪਣੀ ਪਹਿਲੀ ਪਤਨੀ ਦੇ ਹੁੰਦਿਆਂ ਗਰੀਬ ਘਰ ਦੀ ਕਿਸੇ ਹੋਰ ਕੁੜੀ ਨਾਲ ਦੂਜਾ ਵਿਆਹ ਕਰਾ ਲਿਆ ਸੀ ਵਿਆਹ ਤਾਂ ਕਾਹਦਾ, ਨਿਰਾ ਪੁਰਾ ਸੌਦਾ ਹੀ ਸੀ ਉਹ ਕੁੜੀ ਦੇ ਮਤਰੇਅ ਬਾਪ ਨੇ ਦੋ ਲੱਖ ਰੁਪਏ ਬਦਲੇ ਉਸਨੂੰ ਅਮੀਰ ਜੱਟ ਕੋਲ ਵੇਚ ਦਿੱਤਾ ਸੀ।

ਹੁਣ ਸਰਦੂਲ ਆਪਣੀ ਮਾਂ ਦੀ ਹਾਂ ਵਿਚ ਹਾਂ ਜੋ ਮਿਲਾਉਣ ਲੱਗ ਪਿਆ ਸੀ , ਅਗਲੀ ਦੀ ਹੈਂਕੜ ਤਾਂ ਵੱਧਣੀ ਹੀ ਹੋਈ। ਲੋਹੜੀ ਵਾਲੇ ਦਿਨ ਗੁਆਂਢ ਵਿਚੋਂ ਮਿੰਦਰ ਕੁਰ ਆਪਣੇ ਪੋਤਰੇ ਦੀ ਲੋਹੜੀ 'ਤੇ ਪਹੁੰਚਣ ਦਾ ਸੱਦਾ ਦੇਣ ਆਈ ਤਾਂ ਬੁੱਢੀ ਮੇਰੇ ਵੱਲ ਵੇਖ ਕੇ ਬੁੜ ਬੁੜ ਕਰਨ ਲੱਗੀ , ਕਈ ਮਾੜੇ ਘਰ ਦੀਆਂ ਆਈਆਂ ਤਾਂ ਲੋਹੜੀ ਦੀ ਅੱਗ ਨੂੰ ਵੀ ਬੰਨ੍ਹ ਲੈਂਦੀਆਂ ਨੇ, ਮੈਂ ਤਿਉਹਾਰ ਵਾਲਾ ਦਿਨ ਹੋਣ ਕਾਰਨ ਉਸ ਦਿਨ ਤਾਂ ਚੁੱਪ ਰਹੀ ਪਰ ਦੋ ਦਿਨ ਬਾਦ ਉਸ ਸੜੀ ਜ਼ੁਬਾਨ ਵਾਲੀ ਨੇ ਗੱਲ ਹੀ ਅਜਿਹੀ ਕੀਤੀ ਕਿ ਮੈਥੋਂ ਬਰਾਬਰ ਬੋਲੇ ਬਿਨਾਂ ਨਾ ਰਿਹਾ ਗਿਆ ਗਲੀ ਵਿਚ ਸੂਈ ਕੁੱਤੀ ਨੇ ਪੰਜ ਕਤੂਰਿਆਂ ਨੂੰ ਜਨਮ ਦਿੱਤਾ ਸੀ। ਧਿਆਨੇ ਬਾਬੇ ਦੇ ਡੇਰੇ ਮੱਥਾ ਟੇਕ ਕੇ ਆਈ ਬੁੱਢੀ ਮੈਨੂੰ ਸੁਣਾ ਕੇ ਕਹਿਣ ਲੱਗੀ ਕਈਆਂ ਤੀਵੀਆਂ ਨਾਲੋਂ ਤਾਂ ਗਲੀ ਦੀਆ ਕਾਲੀਆਂ ਕੁੱਤੀਆਂ ਈ ਚੰਗੀਆਂ ਹੁੰਦੀਆਂ ਨੇ— ਜੋ ਪੰਜ ਪੰਜ ਜੰਮ ਧਰਦੀਆਂ ਨੇ।

ਇਕ ਵਾਰੀ ਤਾਂ ਮੈਨੂੰ ਐਨਾ ਗੁੱਸਾ ਆਇਆ ਕਿ ਚੁਲ੍ਹੇ ਮੂੱਢ ਪਈ ਖਲਪਾੜ ਚੁੱਕ ਕੇ ਬੁੱਢੀ ਦਾ ਸਿਰ ਹੀ ਪਾੜ ਦੇਵਾਂ ਜੇ ਜਵਾਕ ਜੰਮਣਾ ਮੇਰੇ ਸਿਰੇ ਹੋਵੇ ਤਾਂ ਮੈਂ ਤੇਰੀ ਸੜੀ ਹੋਈ ਕੋਲੋ ਨਿਤ ਦੀਆਂ ਸਲਾਵਤਾਂ ਕਿਉਂ ਸੁਣਾਂ? ਮੈਂ ਉਸਦਾ ਸਿਰ ਤਾਂ ਨਾ ਪਾੜ ਸਕੀ ਪਰ ਖਲਪਾੜ ਵਰਗੇ ਬੋਲ ਮੈਂ ਵੀ ਸਿੱਧੇ ਉਸਦੇ ਮੱਥੇ ਵਿਚ ਹੀ ਮਾਰੇ ਸਨ । ਜਿਹੜਾ ਆਪ ਕੁੱਤਿਆਂ ਦੀ ਨਸਲ ਵਿਚੋਂ ਹੋਵੇ ਉਸ ਨੂੰ ਕੁੱਤੇ ਹੀ ਚੰਗੇ ਲਗਣੇ ਨੇ। ਬੱਸ ਫਿਰ ਤਾਂ ਬੁੱਢੀ ਨੇ ਅਸਮਾਨ ਹੀ ਸਿਰ ਤੇ ਚੁੱਕ ਲਿਆ ਸੀ ਤੇ ਜਿੰਨਾਂ ਚਿਰ ਮੈਨੂੰ ਸਰਦੂਲ ਕੋਲੋਂ ਗਾਲ੍ਹਾਂ ਨਹੀਂ ਸਨ ਪੁਆਈਆਂ, ਉਹ ਚੁੱਪ ਨਹੀ ਸੀ ਹੋਈ।

ਵਿਆਹ ਦੇ ਪਹਿਲੇ ਸਾਲ ਡੇਢ ਸਾਲ ਤਾਂ ਸਾਡੀ ਦੋਹਾਂ ਦੀ ਇਕੋ ਹੀ ਰੀਝ ਰਹੀ ਕਿ ਆਪਣੀ ਵਿਆਹੁਤਾ ਜ਼ਿੰਦਗੀ ਦਾ ਪੂਰਾ ਲੁਤਫ਼ ਉਠਾਇਆ ਜਾਵੇ ਵਿਆਹ ਦੇ ਪਹਿਲੇ ਦੋ ਸਾਲ ਕਿਵੇਂ ਬੀਤ ਗਏ, ਇਹ ਸਾਨੂੰ ਪਤਾ ਹੀ ਨਾ ਚੱਲਿਆ ਕਦੇ ਕਦੇ ਸ਼ਰਾਰਤ ਨਾਲ ਮੈਂ ਸਾਡੇ ਵਿਚਾਰ ਕਿਸੇ ਤੀਸਰੀ ਧਿਰ ਦੇ ਅਗਮਨ ਦੀ ਗੱਲ ਕਰਦੀ ਤਾਂ ਸਰਦੂਲ ਹੱਸ ਕੇ ਆਖ ਛੱਡਦਾ, ਛੱਡ ਪ੍ਰੀਤ ! ਬੱਚੇ ਜੰਮਣ ਤੇ ਪਾਲਣ ਲਈ ਅੱਜੇ ਪੂਰੀ ਉਮਰ ਪਈ ਐ , ਅਜੇ ਜ਼ਿੰਦਗੀ ਦਾ ਸੁਆਦ ਲੈ ਲਈਏ , ਫਿਰ ਤਾਂ ਸਾਰੀ ਉਮਰ ਕਬੀਲਦਾਰੀ ਦੀ ਗੱਡੀ ਅੱਗੇ ਜੁੱਤਣਾ ਈ ਪੈਣਾ ਐ ।

ਪਰ ਹੌਲੀ ਹੌਲੀ ਸਾਨੂੰ ਦੋਹਾਂ ਨੂੰ ਇਹ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਕਿ ਹੁਣ ਸਾਡੇ ਵਿਚਕਾਰ ਕਿਸੇ ਤੀਜੀ ਧੀਰ ਦਾ ਆਗਮਨ ਜ਼ਰੂਰੀ ਹੈ। ਜਦੋਂ ਪੇਕੇ ਤੇ ਸਹੁਰੇ ਦੋਹੇਂ ਪਰਿਵਾਰਾਂ ਦੀਆਂ ਨਜ਼ਰਾਂ ਮੇਰੇ ਢਿੱਡ ਵਿੱਚ ਹੋਣ ਵਾਲੇ ਵਾਧੇ 'ਤੇ ਰਹਿਣ ਲੱਗੀਆਂ ਤੇ ਮੇਰੀਆਂ ਭਰਜਾਈਆਂ ਨੇ ਹਾਸੇ ਹਾਸੇ ਵਿਚ ਮੈਨੂੰ ਕਹਿਣਾ ਸ਼ੁਰੂ ਕਰ ਦਿੱਤਾ ਸੀ, "ਭਾਈ ਇਉਂ ਨਹੀ ਸਰਨਾ — ਬਥੇਰੀ ਲੈ ਲਈ ਤੁਸੀਂ ਐਸ਼— ਅਗਲੀ ਵਾਰੀ ਏਧਰ ਆਵੇਂ ਤਾਂ ਤੇਰਾ ਪੇਟ ਗਿੱਠ ਭਰ ਅੱਗੇ ਵੱਧਿਆ ਹੋਣਾ ਚਾਹੀਦਾ ਹੈ।

ਸਾਡੇ ਵਿਆਹ ਹੋਏ ਨੂੰ ਜਿਉਂ ਜਿਉਂ ਸਮਾਂ ਬੀਤ ਰਿਹਾ ਰਿਹਾ ਸੀ ਇਸ ਮਸਲੇ ਤੇ ਵਿਚਾਰ ਕਰਨਾ ਸਾਡੇ ਲਈ ਜ਼ਰੂਰੀ ਬਣ ਗਿਆ ਸੀ। ਮੈਂ ਤੇ ਸਰਦੂਲ ਤਾਂ ਅਜੇ ਸਾਲ ਛੇ ਮਹੀਨੇ ਹੋਰ ਇਸ ਗੱਲ ਨੂੰ

ਗੰਭੀਰਤਾ ਨਾਲ ਨਾ ਵੀ ਲੈਂਦੇ ਪਰ ਮੇਰੀ ਸੱਸ ਆਨੀ ਬਾਹਨੀ ਪੋਤੇ ਦੀ ਦਾਦੀ ਬਣਨ ਦੀ ਰੀਝ ਵਾਰ ਵਾਰ ਦੁਹਰਾਉਣ ਲੱਗ ਪਈ ਸੀ। ਪਤਾ ਨਹੀਂ ਕਿਹੜੇ ਵੇਲੇ ਰੱਬ ਦੇ ਘਰੋ ਵਾਰੰਟ ਆ ਜਾਣ... ਬੱਸ ਹੁਣ ਤਾਂ ਇੱਕੋ ਹੀ ਇੱਛਾ ਹੈ ਕਿ ਮਰਨ ਤੋਂ ਪਹਿਲਾਂ ਪੋਤੇ ਦਾ ਮੂੰਹ ਵੇਖਣ ਦੀ ਰੀਝ ਪੂਰੀ ਹੋ ਜੇ ...ਫਿਰ ਰੱਬ ਜਦੋਂ ਮਰਜ਼ੀ ਬੁਲਾ ਲਵੇ ਉਹ ਉੱਠਦੀ ਬੈਠਦੀ ਇਕੋ ਹੀ ਗੱਲ ਆਖਣ ਲੱਗ ਪਈ ਸੀ।

ਆਖਿਰ ਅਸੀਂ ਆਪਸ ਵਿਚ ਸਲਾਹ ਕੀਤੀ ਤੇ ਅਸੀ ਦੋਹੇਂ ਗੁਪਤ ਰੋਗਾਂ ਦੇ ਮਹਾਰ ਵਜੋਂ ਜਾਣੇ ਜਾਂਦੇ ਸ਼ਹਿਰ ਦੇ ਪ੍ਰਸਿੱਧ ਡਾਕਟਰ ਸੂਦ ਦੇ ਸਾਹਮਣੇ ਜਾਂ ਪੇਸ਼ ਹੋਏ ਡਾਕਟਰ ਸੂਦ ਨੇ ਸਾਡੇ ਪਤੀ ਪਤਨੀ ਦੋਹਾਂ ਦੇ ਕੁਝ ਟੈਸਟ ਕੀਤੇ ਤੇ ਮੇਰੇ ਲਈ ਕੁਝ ਦਵਾਈਆਂ ਲਿਖ ਦਿੱਤੀਆਂ ਜਦੋਂ ਉਸ ਮੇਰੀ ਬੱਚੇਦਾਨੀ ਦਾ ਮੂੰਹ ਬੰਦ ਹੋਣ ਬਾਰੇ ਦੱਸਿਆ ਤਾਂ ਮੇਰੇ ਹੋਸ਼ ਹੀ ਉੱਡ ਗਏ ਜੇ ਮੈਂ ਬਾਂਝ ਹੀ ਰਹਿ ਗਈ ਤਾਂ ਕੀ ਹੈਸੀਅਤ ਰਹਿ ਜਾਵੇਗੀ ਇਸ ਘਰ ਵਿਚ ਮੇਰੀ ? ਉਸ ਵੇਲੇ ਹੀ ਮੇਰੇ ਦਿਲ ਦਿਮਾਗ ਵਿਚ ਖੁਣਕਣ ਲੱਗ ਪਈ ਸੀ ਕਿ ਅੱਜ ਸਰਦੂਲ ਮੇਰੇ ਨਾਲ ਹੈ ਪਰ ਉਹ ਵੀ ਤਾਂ ਚਾਹੁੰਦਾ ਹੈ ਕਿ ਮੈਂ ਛੇਤੀ ਤੋਂ ਛੇਤੀ ਮਾਂ ਬਣ ਕੇ ਆਪਣੇ ਪੂਰਨ ਔਰਤ ਹੋਣ ਦਾ ਦਾ ਸਬੂਤ ਪੇਸ਼ ਕਰਾਂ ਅੱਜ ਉਹ ਮੇਰੇ ਨਾਲ ਹਮਦਰਦੀ ਕਰਦਾ ਹੈ ਪਰ ਹੈ ।ਉਹ ਵੀ ਇਸੇ ਮਰਦ ਪ੍ਰਧਾਨ ਸਮਾਜ ਦਾ ਹੀ ਹਿੱਸਾ। ਕੱਲ੍ਹ ਨੂੰ ਉਸਦੀਆ ਨਜ਼ਰਾਂ ਬਦਲ ਗਈਆਂ ਤਾਂ ਮੈਂ ਕੀ ਕਰਾਂਗੀ। ਉਦੋਂ ਜੋ ਮੈਂ ਸੋਚਿਆ ਸੀ ਅੱਜ ਉਹੀ ਹੱਡੀਂ ਹੰਢਾ ਰਹੀ ਹਾਂ ।

ਹਰ ਮਹੀਨੇ ਡਾਕਟਰ ਸੂਦ ਮੇਰਾ ਬੱਚੇਦਾਨੀ ਨਾਲ ਸੰਬੰਧਤ ਕੋਈ ਨਾ ਟੈਸਟ ਕਰਾਉਂਦਾ ਤਾਂ ਸਰਦੂਲ ਦੇ ਬਟੂਏ ਵਿਚ ਮੋਟੀ ਰਕਮ ਨਿਕਲ ਕੇ ਉਸਦੇ ਬਟੂਏ ਵਿਚ ਪੈ ਜਾਂਦੀ। ਕੁਝ ਮਹੀਨੇ ਬਾਅਦ ਉਸ ਨਿਰਾਸ਼ਤਾ ਵਿੱਚ ਸਿਰ ਹਿਲਾਉਂਦਿਆਂ ।ਸਾਨੂੰ ਇਸਤਰੀ ਰੋਗਾਂ ਦੇ ਮਾਹਿਰ ਪਟਿਆਲੇ ਦੇ ਡਾਕਟਰ ਕਪਿਲ ਵਰਮਾ ਨੂੰ ਮਿਲਣ ਦੀ ਸਲਾਹ ਦੇ ਦਿੱਤੀ। ਇਹੀ ਸਿਲਸਲਾ ਡਾਕਟਰ ਕਪਿਲ ਦੇ ਹਸਪਤਾਲ ਵਿਚ ਵੀ ਸਾਲ ਭਰ ਚਲਦਾ ਰਿਹਾ,ਪਰ ਸਾਡੇ ਪਿੜ੍ਹ ਪੱਲੇ ਕੁਝ ਨਹੀਂ ਸੀ ਪਿਆ ।ਮਾਂ - ਬਾਪੂ ਬਣਨ ਸਬੰਧੀ ਸਾਡੀ ਚਿੰਤਾ ਹੁਣ ਇਸ ਕਦਰ ਸਾਡੇ 'ਤੇ ਹਾਵੀ ਹੋਣ ਲੱਗੀ ਕਿ ਵਿਆਹ ਦੀ ਪੰਜਵੀ ਵਰ੍ਹੇ ਗੰਢ ਮਨਾਉਣੀ ਤਾਂ ਇਕ ਪਾਸੇ ਸਾਡਾ ਦੋਹਾਂ ਦਾ ਇਕ ਦੂਸਰੇ ਨੂੰ ਮੁਬਾਰਕਾਂ ਦੇਣ ਦਾ ਹੌਸਲਾਂ ਵੀ ਨਾ ਪਿਆ।

ਆਪਣੀ ਸੱਸ ਦੇ ਮੂੰਹੋਂ ਪਹਿਲਾਂ ਵਾਂਗ 'ਪ੍ਰੀਤ ਪੁੱਤ' ਦਾ ਸੰਬੋਧਨ ਸੁਣਨਾ ਤਾਂ ਜਿਵੇਂ ਮੇਰੇ ਲਈ ਸੁਪਨਾ ਹੀ ਬਣ ਗਿਆ ਸੀ ਉਸਦੇ ਸਾਰਾ ਦਿਨ ਵੱਢੂ ਖਾਊਂ ਕਰਦੇ ਰਹਿਣ ਕਾਰਨ ਮੇਰਾ ਆਪਣਾ ਸੁਭਾਅ ਵੀ ਹੁਣ ਨਿਰੰਤਰ ਚਿੜਚੜਾ ਜਿਹਾ ਬਣਦਾ ਜਾ ਰਿਹਾ ਸੀ। ਫਿਰ ਵੀ ਜਦੋਂ ਸਰਦੂਲ ਮੈਨੂੰ ਆਪਣੇ ਕਲਾਵੇ ਵਿਚ ਲੈਂਦਾ ਤਾਂ ਮੈ ਆਪਣੇ ਆਪ ਨੂੰ ਘੜੀ ਦੋ ਘੜੀ ਲਈ ਸਹਿਜ ਕਰ ਲੈਂਦੀ।

ਮੇਰਾ ਵੱਡੇ ਭਰਾ ਦੇ ਤਰਕਸ਼ੀਲ ਸਭਾ ਵਿਚ ਕੰਮ ਕਰਦੇ ਹੋਣ ਕਾਰਨ ਵਿਆਹ ਤੋਂ ਪਹਿਲਾਂ ਘਰ ਵਿਚ ਆਉਦਾ ਰਿਹਾ ਤਰਕਸ਼ੀਲ ਸਭਾ ਦਾ ਮੈਗਜ਼ੀਨ ਤੇ ਹੋਰ ਕਿਤਾਬਾਂ ਮੈਂ ਵੀ ਪੜ੍ਹਦੀ ਰਹੀ ਸਾਂ। ਇਸ ਲਈ ਸਾਧਾਂ- ਸੰਤਾਂ ਤੇ ਉਨ੍ਹਾਂ ਵੱਲੋਂ ਦਿੱਤੇ ਧਾਗੇ ਤਵੀਤਾਂ ਤੇ ਮੇਰਾ ਭੋਰਾ ਵੀ ਵਿਸ਼ਵਾਸ ਨਹੀਂ ਸੀ। ਮੈਨੂੰ ਪੇਕੇ ਘਰ ਵਿਚੋਂ ਮਿਲੇ ਸੰਸਕਾਰ ਹੀ ਕੁਝ ਅਜਿਹੇ ਸਨ ਕਿ ਇਸ ਸਭ ਕੁਝ ਮੈਨੂੰ ਪਾਖੰਡ ਹੀ ਲੱਗਦਾ ਸੀ। ਮੈਂ ਚੰਗੀ ਤਰਾਂ ਸਮਝਦੀ ਸਾਂ ਕਿ ਜੇ ਮੇਰੀ ਬੱਚੇਦਾਨੀ ਵਿਚ ਪਿਆ ਨੁਕਸ ਕਦੇ ਠੀਕ ਹੋਇਆ ਤਾਂ ਉਹ ਮੈਡੀਕਲ ਟਰੀਟਮੈਂਟ ਰਾਹੀ ਹੀ ਠੀਕ ਹੋਵੇਗਾ ਪਰ ਮੇਰੀ ਡੁੱਬੜੀ ਸੱਸ ਨੂੰ ਕੌਣ ਸਮਝਾਵੇ ਉਸਦੇ ਹੁਕਮ ਤੇ ਹੀ ਮੈਨੂੰ ਲਾਲਾਂ ਵਾਲੇ ਪੀਰ ਦੀਆਂ ਸੱਤ ਚੌਕੀਆਂ ਭਰਨ ਲਈ ਮਜਬੂਰ ਹੋਣਾ ਹੀ ਪਿਆ। ਪਤਾ ਨਹੀਂ ਪੜ੍ਹੇ ਲਿਖੇ ਸਰਦੂਲ ਦੀ ਮੱਤ ਨੂੰ ਵੀ ਕੀ ਹੋ ਗਿਆ ਸੀ। ਉਹ ਕੇਵਲ ਆਪਣੀ ਬੇਬੇ ਦੀ ਅੰਧ ਵਿਸ਼ਵਾਸੀ ਪੈੜ ਵਿਚ ਪੈਰ ਹੀ ਨਹੀਂ ਰੱਖਣ ਲਗ ਪਿਆ ਸੀ, ਸਗੋਂ ਮੈਨੂੰ ਵੀ ਸਮਝਾਉਣ ਦਾ ਯਤਨ ਕਰਦਾ ਕਿ ਬੇਬੇ ਆਪਣੇ ਭਲੇ ਲਈ ਹੀ ਕਰਦੀ ਹੈ ਇਹ ਸਾਰਾ ਕੁਝ। ਉਹ ਮੈਨੂੰ ਅਕਸਰ ਹੁਕਮ ਵਰਗੀ ਹਿਦਾਇਤ ਦੇਂਦਾ ਕਿ ਬੇਬੇ ਜਿਵੇਂ ਉਹ ਕਹਿੰਦੀ ਹੈ ਤੂੰ ਕਰੀ ਚੱਲ ਭੰਗ ਪੀ ਕੇ ਮਸਤ ਹੋਏ ਪੀਰ ਦੇ ਚੇਲੇ



ਜਦੋਂ ਮੈਨੂੰ ਲਾਲ ਅੱਖਾਂ ਨਾਲ ਘੂਰਦੇ ਤਾਂ ਸੱਚੀਂ ਮੈਨੂੰ ਬਹੁਤ ਹੀ ਡਰ ਲੱਗਦਾ। ਮੇਰੀ ਸੱਸ ਕਿਤੋਂ ਵੀ ਸੁਣ ਲੈਂਦੀ ਕਿ ਫਲਾਂ ਬਾਬੇ ਤੋਂ ਤਵੀਤ ਲੈਣ ਨਾਲ ਕਿਸੇ ਔਰਤ ਦੀ ਕੁੱਖ ਹਰੀ ਹੋਈ ਹੈ ਤਾਂ ਉਹ ਤੁਰੰਤ ਮੇਰੇ 'ਤੇ ਉਥੇ ਜਾਣ ਲਈ ਤਿਆਰ ਰਹਿਣ ਦਾ ਹੁਕਮ ਚੜ੍ਹਾ ਦੇਂਦੀ —ਤੇ ਫਿਰ ਉਸ ਬਾਬੇ ਦੀਆਂ ਚੌਂਕੀਆਂ ਭਰਨ ਦਾ ਸਿਲਸਲਾ ਸ਼ੁਰੂ ਹੋ ਜਾਂਦਾ।

ਮੇਰੇ ਦਿਉਰ ਕੁਲਵੰਤ ਦਾ ਵਿਆਹ ਹੋਇਆਂ ਵੀ ਹੁਣ ਤੇ ਤਿੰਨ ਸਾਲ ਬੀਤ ਗਏ ਸਨ। ਇਹਨਾਂ ਤਿੰਨ ਸਾਲਾਂ ਵਿਚ ਦੋ ਕੁੜੀਆਂ ਨੇ ਪਰਿਵਾਰ ਦੇ ਜੀਆਂ ਦੀ ਗਿਣਤੀ ਵਿਚ ਵਾਧਾ ਕਰ ਦਿੱਤਾ ਸੀ ਪਰ ਮੇਰੀ ਸੱਸ ਦੀ ਆਪਣੀ ਗੋਦ ਵਿਚ ਜਾਇਦਾਦ ਦੇ ਵਾਰਸ ਖਿਡਾਉਣ ਦੀ ਆਸ ਮੇਰੀ ਦਰਾਣੀ ਵੀ ਪੂਰੀ ਨਹੀਂ ਸੀ ਕਰ ਸਕੀ।

ਗੱਲ ਸੁਣ ਲੈ ਮੇਰੀ ਕੰਨ ਧਰ ਕੇ ਵੀਹ ਕਿਲੇ ਜ਼ਮੀਨ ਆਉਂਦੀ ਹੈ ਇੱਕਲੇ ਸਰਦੂਲ ਨੂੰ ਐਡੀ ਵੱਡੀ ਜਾਇਦਾਦ ਨੂੰ ਮੈਂ ਕਾਵਾਂ ਕੁੱਤਿਆਂ ਦੇ ਹਵਾਲੇ ਹੋਈ ਨਹੀ ਜ਼ਰ ਸਕਦੀ । ਸੱਸ ਸਾਡੇ ਦੂਰ ਨੇੜੇ ਦੇ ਸ਼ਰੀਕਾ ਵੱਲ ਇਸ਼ਾਰਾ ਕਰਕੇ ਮੈਨੂੰ ਆਖਦੀ , ਜਿਨ੍ਹਾਂ ਨੂੰ ਉਸ ਆਪਣੇ ਜਿਉਂਦੇ ਜੀਅ ਕਦੇ ਆਪਣੇ ਨੇੜੇ ਨਹੀਂ ਸੀ ਢੁੱਕਣ ਦਿੱਤਾ ਭਲਾ ਮੈਂ ਉਸਦੀ ਇਸ ਗੱਲ ਦਾ ਕੀ ਜਵਾਬ ਦੇਂਦੀ ਇਸ ਲਈ ਇਕ ਚੁੱਪ ਸੌ ਸੁਖ ਦੀ ਨੀਤੀ ਧਾਰਨ ਕਰਨਾ ਹੀ ਉਸ ਵੇਲ੍ਹੇ ਮੈਨੂੰ ਠੀਕ ਜਾਪਦਾ। ਕਈ ਵਾਰ ਮੈਨੂੰ ਆਪਣੀ ਸੱਸ ਦੀਆਂ ਗੱਲਾਂ ਠੀਕ ਵੀ ਜਾਪਦੀਆਂ , ਚਾਲੀ ਕਿੱਲਿਆਂ ਦੀ ਜਾਇਦਾਦ ਦੇ ਮਾਲਕ ਬੇਗਾਨੇ ਘਰੋਂ ਆਏ ਜਵਾਈ ਬਣ ਜਾਣ, ਇਹ ਗੱਲ ਆਪਣੀ ਖੁਸ਼ੀ ਨਾਲ ਕਿਹੜਾ ਜਾਇਦਾਦ ਦਾ ਮਾਲਕ ਕਬੂਲ ਕਰ ਸਕਦਾ ਹੈ। ਚਾਹੁੰਦੀ ਤਾਂ ਮੈਂ ਵੀ ਢਿੱਡੋਂ ਇਹੀ ਹਾਂ ਕਿ ਮੇਰੇ ਪੇਟੋਂ ਜੰਨਮਿਆਂ ਪੁੱਤਰ ਹੀ ਸਰਦੂਲ ਦੇ ਨਾਂ ਬੋਲਦੀ ਜਾਇਦਾਦ ਨੂੰ ਸਾਂਭੇ ਪਰ ਇਹ ਗੱਲ ਹੁਣ ਮੇਰੇ ਮੇਰੇ ਵੱਸ ਵਿਚ ਨਹੀਂ।

ਮੇਰੇ ਲਈ ਤਾਂ ਉਸ ਦਿਨ ਪਰਲੋ ਹੀ ਆ ਗਈ ਸੀ, ਜਿਸ ਦਿਨ ਮੇਰੀ ਸੱਸ ਨੇ ਮੈਨੂੰ ਸਪਸ਼ਟ ਹੀ ਕਹਿ ਦਿਤਾ ਸੀ, ''ਵੀਹ ਕਿੱਲੇ ਆਉਂਦੇ ਨੇ ਸਰਦੂਲ ਨੂੰ ... ਇਨੇ ਜਾਇਦਾਦ ਵਾਲੇ ਮੁੰਡੇ ਲਈ ਮੈਂ ਜਦੋਂ ਮਰਜ਼ੀ ਰਿਸ਼ਤਾ ਲੈ ਲਵਾਂ ... ਪਰ ਤੇਰੀ ਸ਼ੌਕਣ ਆਉਣ ਨਾਲ ਤੇਰਾ ਵਸੇਬਾਂ ਔਖਾ ਹੋ ਜੂ ... ਇਹ ਤੇਰੇ ਭਲੇ ਵਿਚ ਹੈ ਕਿ ਤੂੰ ਸਰਦੂਲ ਲਈ ਆਪਣੀ ਛੋਟੀ ਭੈਣ ਸਿਮਰੋ ਦਾ ਰਿਸ਼ਤਾ ਲੈ ਆ... ਭੈਣਾਂ ਦਾ ਕੀ ਹੁੰਦਾ ਹੈ, ਇੱਕਠਾ ਨਿਰਭਾਅ ਹੋ ਜੂ " ਬੁੱਢੀ ਅਜੇ ਵੀ ਇਸ ਤਰਾਂ ਬੋਲ ਰਹੀ ਸੀ ਜਿਵੇਂ ਮੇਰੇ ਤੇ ਕੋਈ ਅਹਿਸਾਨ ਕਰ ਰਹੀ ਹੋਵੇ ਜਾਂ ਮੈਨੂੰ ਕੋਈ ਵਿਸ਼ੇਸ਼ ਰਿਆਇਤ ਦੇ ਰਹੀ ਹੋਵੇ।

ਸੱਸ ਦੀ ਗੱਲ ਸੁਣ ਕੇ ਮੇਰੇ ਤੇ ਕੀ ਬੀਤੀ ਇਹ ਕੇਵਲ ਮੈਂ ਹੀ ਜਾਣਦੀ ਹਾਂ ਮੈਨੂੰ ਲੱਗ ਰਿਹਾ ਸੀ ਕਿ ਇਸ ਘਰ ਵਿਚ ਮੇਰਾ ਵਸੇਬਾ ਹੁਣ ਥੌੜ੍ਹਾ ਚਿਰ ਹੀ ਹੈ। ਜੇ ਸਰਦੂਲ ਮੇਰੇ ਨਾਲ ਹੁੰਦਾ ਤਾਂ ਮੈਂ ਬੁੱਢੀ ਨੂੰ ਕੀ ਗੌਲਦੀ ਸਾਂ ਪਰ ਹੁਣ ਤਾਂ ਇਸ ਘਰ ਵਿਚ ਮੇਰੀ ਕੋਈ ਵੀ ਧਿਰ ਨਹੀਂ ਸੀ ਰਹੀ ਭਲਾ ਇਹ ਕੀ ਤੁੱਕ ਬਣੀ ਕਿ ਮੈਂ ਪੇਕੇ ਘਰ ਜਾਂ ਕਿ ਕਹਾਂ ਕਿ ਸਿਮਰੋ ਦਾ ਰਿਸ਼ਤਾ ਉਸ ਬੰਦੇ ਨਾਲ ਕਰ ਦਿਉ, ਜਿਸ ਨਾਲ ਛੇ ਸਾਲਾਂ ਪਹਿਲੋਂ ਮੈਂ ਫੇਰੇ ਲਏ ਹਨ ਕਿੱਥੇ ਬਾਈਆਂ ਸਾਲਾਂ ਦੀ ਅਲ੍ਹੜ ਮੁਟਿਆਰ ਸਿਮਰੋ ਤੇ ਕਿੱਥੇ ਸੈਂਤੀ ਸਾਲ ਦਾ ਅੱਧਖੜ ਸਰਦੂਲ। ਮੈਂ ਪਰਿਵਾਰ ਵਿਚ ਸੱਭ ਤੋਂ ਵੱਡੀ ਹਾਂ ਤੇ ਸਿਮਰੋ ਤੇ ਮੇਰੇ ਵਿਚਕਾਰ ਦੋ ਛੋਟੇ ਭਰਾ ਨੇ ਠੀਕ ਹੈ ਪੈਸਿਆਂ 'ਤੇ ਜ਼ਮੀਨ ਪੱਖੋਂ ਮੇਰੇ ਪੇਕੇ ਪਰਿਵਾਰ ਦੀ ਹੈਸੀਅਤ ਮੇਰੇ ਸਹੁਰੇ ਪਰਿਵਾਰ ਨਾਲੋਂ ਕਿਤੇ ਘੱਟ ਹੈ ਪਰ ਪੈਸਾ ਹੀ ਤਾਂ ਸਭ ਕੁਝ ਨਹੀਂ ਹੁੰਦਾ ਫਿਰ ਸਿਮਰੋ ਤੇ ਮੇਰੇ ਮਾ ਬਾਪ ਮੇਰੀ ਗੱਲ ਮੰਨ ਵੀ ਕਿਵੇਂ ਜਾਣਗੇ ਸਿਮਰੋ ਦੀ ਜ਼ਿੰਦਗੀ 'ਤੇ ਉਸਦੀ ਆਪਣੀ ਮਰਜ਼ੀ ਹੈ। ਮੈਂ ਕੌਣ ਹੁੰਦੀ ਹਾਂ ਵੀਹ ਕਿੱਲਿਆ ਦੀ ਜਾਇਦਾਦ ਬਦਲੇ ਉਸਦੇ ਅਰਮਾਨਾਂ ਦੀ ਬਲੀ ਦੇਣ ਵਾਲੀ ਠੀਕ ਹੈ, ਬਾਪੂ ਉਸ ਲਈ ਯੋਗ ਵਰ ਲੱਭਣ ਲਈ ਇਹਨਾਂ ਦਿਨ ਵਿਚ ਬਹੁਤ ਚਿੰਤਾ ਵਿਚ ਰਹਿੰਦਾ ਹੈ ਪਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਸਨੂੰ ਮੈਂ ਆਪਣੇ ਹੱਥੀ ਖੂਹ ਵਿਚ ਧੱਕਾ ਦੇ ਦਿਆਂ ਤੇ ਉਸਨੂੰ ਭੈਣ ਤੋਂ ਆਪਣੀ ਸੌਂਕਣ ਬਣਾ ਲਵਾਂ।

ਮੇਰਾ ਦਿਲ ਕੀਤਾ ਕਿ ਸੱਸ ਨੂੰ ਅਜਿਹੀ ਗੱਲ ਕਹਿਣ ਬਦਲੇ ਖਰੀਆਂ ਖਰੀਆਂ ਸੁਣਾਵਾਂ ਤੇ ਕਹਾਂ ਕਿ ਜੇ ਤੇਰੀ ਆਪਣੀ ਲਾਡਲੀ ਧੀ ਕਮਲਪ੍ਰੀਤ ਨੂੰ ਮੇਰੀ ਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਜਾਵੇ ਤਾਂ ਤੂੰ ਉਸ ਲਈ ਸ਼ੌਂਕਣ ਲਿਆਉਣ ਦੀ ਹਾਮੀ ਭਰ ਦੇਵੇਂਗੀ।

ਜਿਸ ਦਿਨ ਦੀ ਸੱਸ ਨੇ ਇਹ ਗੱਲ ਮੇਰੇ ਨਾਲ ਕੀਤੀ ਹੈ ਉਸ ਦਿਨ ਤੋਂ ਮੇਰਾ ਬਲੱਡ ਪ੍ਰੈਸ਼ਰ ਵਧੇਰੇ ਹੀ ਵੱਧਣ ਲਗ ਪਿਆ ਹੈ ਤੇ ਅਕਸਰ 150 ਤੋ ਉਪਰ ਟੱਪ ਜਾਂਦਾ ਹੈ ਸੋਚਦੀ ਹਾਂ ਕਿ ਜੇ ਕੁਝ ਦਿਨ ਅਜਿਹੀ ਹੀ ਹਾਲਤ ਰਹੀ ਤਾਂ ਕਿਸੇ ਦਿਨ ਸੁੱਤਿਆਂ ਹੀ ਰਹਿ ਜਾਣਾ ਹੈਂ , ਬੰਦੇ ਤਾਂ ਹੁਣ ਤਾਂ ਪਲ ਭਰ ਦਾ ਭਰੋਸਾ ਨਹੀਂ ਕਿ ਕਦੋਂ ਹਰਟ ਅਟੈਕ ਹੋ ਜਾਵੇ ਫਿਰ ਮੇਰੀ ਸੱਸ ਤਾਂ ਚਾਹੁੰਦੀ ਹੀ ਇਹੋ ਹੈ— ਉਸਨੂੰ ਤਾਂ ਖੁਲ੍ਹ ਮਿਲ ਜਾਵੇਗੀ ਆਪਣੇ ਪੁੱਤ ਦਾ ਦੂਜਾ ਵਿਆਹ ਕਰਨ ਲਈ ਸਰਦੂਲ ਵੀ ਮੇਰੇ ਤੋਂ ਦੂਰ ਰਹਿਣ ਦੇ ਬਹਾਨੇ ਲੱਭਣ ਲੱਗ ਪਿਆ ਹੈ ਮੈਂ ਧੱਕੇ ਨਾਲ ਹੀ ਕਦੇ ਉਸ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦੀ ਹਾਂ ਪਰ ਉਹ ਮੈਥੋਂ ਦਿਨ ਪ੍ਰਤੀ ਦਿਨ ਦੂਰ ਹੁੰਦਾ ਜਾ ਰਿਹਾ ਹੈ ਇਸ ਘਰ ਵਿਚ ਮੇਰੀ ਹੈਸੀਅਤ ਲਗਾਤਾਰ ਘੱਟਦੀ ਜਾਂਦੀ ਮਹਿਸੂਸ ਕਰਕੇ ਮੇਰਾ ਦਿਨ ਵਿਚ ਕਈ ਕਈ ਵਾਰ ਰੋਣ ਨਿਕਲ ਆਉਂਦਾ ਹੈ ਪਰ ਕੀ ਕਰਾਂ, ਦਿਨ ਕਟੀ ਤਾਂ ਕਰਨੀ ਹੀ ਪੈਣੀ ਹੈ ਇਸੇ ਘਰ ਵਿਚ ।ਹੁਣ ਤਾਂ ਮੈਨੂੰ ਯਕੀਨ ਜਿਹਾ ਹੁੰਦਾ ਜਾ ਰਿਹਾ ਹੈ। ਸਰਦੂਲ ਵੀ ਮੈਥੋਂ ਖਹਿੜਾ ਛੁਡਾਉਣ ਲਈ ਬਹਾਨੇ ਹੀ ਭਾਲਦਾ ਹੈ। ਤੇ ਮੇਰੀ ਵੱਧ ਰਹੀ ਬਿਮਾਰੀ ਦਾ ਚੱਜ ਨਾਲ ਇਲਾਜ਼ ਵੀ ਨਹੀਂ ਕਰਾ ਰਿਹਾ। ਕਿੰਨਾਂ ਸਮਾਂ ਹੋ ਗਿਆ ਹੈ ਸਾਨੂੰ ਇਕਠੇ ਰੋਟੀ ਖਾਧਿਆ ਪਹਿਲਾਂ ਜਦੋਂ ਦੇ ਕੰਮ ਵਿਚ ਰੁੱਝੇ ਹੋਏ ਕਾਰਨ ਮੈਂ ਇੱਕਲੇ ਸਰਦੂਲ ਨੂੰ ਹੀ ਰੋਟੀ ਪਰੋਸ ਦੇਂਦੀ ਆਂ ਉਹ ਕਹਿ ਉੱਠਦਾ ਸੀ, ਛੱਡ ਪ੍ਰੀਤ ਕੰਮ ਨੂੰ ... ਤੇਰੇ ਬਿਨਾਂ ਤਾਂ ਰੋਟੀ ਦਾ ਸਵਾਦ ਹੀ ਅੱਧਾ ਰਹਿ ਜਾਵੇਗਾ... ਪਰ ਹੁਣ ਤਾਂ ਉਸਨੂੰ ਇਹਨਾਂ ਗੱਲਾਂ ਦੀ ਪ੍ਰਵਾਹ ਹੀ ਨਹੀਂ ਸੀ ਰਹੀ। ਉਹ ਰੋਟੀ ਪਾਉਣ ਲਈ ਅਕਸਰ ਮੇਰੀ ਬਜਾਇ ਆਪਣੀ ਮਾਂ ਤੇ ਭਰਜਾਈ ਨੂੰ ਕਹਿੰਦਾ। ਹੁਣ ਤਾਂ ਮੈਂ ਉਸਦੇ ਇਹ ਬੋਲ ਸੁਣੇ ਮੁੱਦਤਾਂ ਹੋ ਬੀਤ ਗਈਆਂ ਲੱਗਦੀਆਂ ਸਨ ਕਿ ਆ ਪ੍ਰੀਤ ਰੋਟੀ ਖਾਈਏ।

ਕੁਦਰਤ ਨੇ ਜਿਵੇਂ ਮੇਰੇ ਵੱਲ ਤਾਂ ਜਿਵੇਂ ਜਵਾਂ ਹੀ ਪਿੱਠ ਕਰ ਲਈ ਹੋਵੇ ਪਰ ਉਸ ਮੇਰੀ ਬੁੱਢੀ ਸੱਸ ਦੀ ਸੁਣਨ ਵਿਚ ਉਸ ਬਹੁਤੀ ਦੇਰੀ ਨਾ ਲਾਈ। ਪੋਹ ਮਹੀਨਾ ਚੜ੍ਹਦਿਆਂ ਇਕ ਪਾਸੇ ਮੇਰੀ ਦਰਾਣੀ ਦੇ ਪੈਰ ਫਿਰ ਭਾਰੀ ਹੋ ਗਏ ਸਨ ਤੇ ਦੂਜੇ ਪਾਸੇ ਡਾਕਟਰ ਵੱਲੋਂ ਜਵਾਬ ਮਿਲਣ ਕਾਰਨ ਮੇਰੀ ਕਿਸਮਤ ਹੋਰ ਹੌਲੀ ਹੋ ਗਈ ਸੀ ਹੁਣ ਬੁੱਢੀ ਦੀਆਂ ਹੀ ਨਹੀਂ ਸਗੋਂ ਸਰਦੂਲ ਸਮੇਤ ਸਾਰੇ ਪਰਿਵਾਰ ਦੀਆ ਨਜ਼ਰਾਂ ਦਰਾਣੀ ਦੀ ਕੁੱਖ ਵਲ ਹੀਂ ਲੱਗੀਆ ਹੋਈਆ ਸਨ। ਮੇਰੇ ਦਿਉਰ ਨੇ ਮਹਿੰਗਾ ਸਸਤਾ ਕਿਸੇ ਡਾਕਟਰ ਤੋਂ ਅਲਟਰਾ ਸਾਊਂਡ ਕਰਵਾ ਕੇ ਪਹਿਲਾਂ ਹੀ ਇਹ ਪਤਾ ਨਾ ਲਿਆ ਸੀ ਮੇਰੀ ਦਰਾਣੀ ਦੇ ਪੇਟ ਵਿਚ ਇਸ ਵਾਰ ਮੁੰਡਾ ਹੀ ਹੈ। ਇਸ ਲਈ ਮੇਰੀ ਸੱਸ ਉਸਨੂੰ ਪੈਰ ਭੁੰਜੇ ਲਾ ਲਾਉਣ ਦੇਂਦੀ ਤੇ ਮੈਂ ਹੁਣ ਇਸ ਘਰ ਦੀ ਨੌਕਰਾਨੀ ਜਿਹੀ ਬਣ ਕੇ ਰਹਿ ਗਈ ਸਾਂ। ਦੋ ਕੁੜੀਆ ਤੋਂ ਬਾਅਦ ਦਿਰਾਣੀ ਕੋਲ ਮੁੰਡਾ ਹੋਇਆ ਤਾਂ ਉਹ ਫਰਸ਼ੋਂ ਅਰਸ਼ 'ਤੇ ਪਹੁੰਚ ਗਈ ਤੇ ਮੇਰੇ ਪੈਰ ਹੁਣ ਫਰਸ਼ ਤੇ ਵੀ ਨਹੀਂ ਸਨ ਰਹੇ।

ਘਰ ਵਿਚ ਵਿਚ ਕਈ ਦਿਨ ਜਸ਼ਨ ਚਲਦਾ ਰਿਹਾ ਸਰਦੂਲ ਨੇ ਵੀ ਇਹਨਾਂ ਦਿਨਾਂ ਵਿਚ ਰੱਜ ਕੇ ਸ਼ਰਾਬ ਪੀਤੀ ।ਮੁੰਡੇ ਦੀ ਛੱਠੀ ਰਾਤ ਤੋਂ ਇਕ ਦਿਨ ਪਹਿਲਾਂ ਸ਼ਰਾਬ ਰੱਜੇ ਹੋਏ ਨੇ ਮਾਮੂਲੀ ਜਿਹੀ ਗੱਲ ਤੇ ਹੀ ਸਾਰੇ ਪਰਿਵਾਰ ਦੇ ਸਾਹਮਣੇ ਮੇਰੇ ਥੱਪੜ ਜੜ ਦਿੱਤਾ ਤਾਂ ਮਨ ਵਿਚ ਆਇਆ ਕੀ ਥੁੜਿਆਂ ਪਿਆ ਹੈ ਮੇਰੇ ਜੀਣ ਬਾਝੋਂ। ਦਿਲ ਕੀਤਾ ਕਿ ਸਾਰੇ ਟੱਬਰ ਦੇ ਸਿਰ ਚੜ੍ਹ ਮਰਾਂ। ਸਰਦੂਲ ਤੋਂ ਜ਼ਿੰਦਗੀ ਵਿੱਚ ਪਹਿਲੀ ਮਾਰ ਖਾ ਕੇ ਮੈਂ ਬਹੁਤ ਰੋਈ ਪਰ ਹੁਣ ਸਾਰੇ ਪਰਿਵਾਰ ਵਿਚ ਮੇਰੀਆਂ ਅੱਖਾ ਪੂੰਝਣ ਵਾਲਾ ਵੀ ਤਾਂ ਕੋਈ ਨਹੀਂ ਸੀ ਦਿੱਸਦਾ। ਮਾੜੀ ਮੋਟੀ ਮੇਰਾ ਸਹੁਰਾ ਮੇਰੀ ਹਾਮੀ ਭਰਦਾ ਹੁੰਦਾ ਸੀ ਪਰ ਪਿਛਲੇ ਸਾਲ ਅੱਧਰੰਗ ਦਾ ਸ਼ਿਕਾਰ ਹੋਣ ਤੋਂ ਬਾਅਦ ਉਹ ਬੇਚਾਰਾਂ ਤਾਂ ਆਪ ਦੂਜਿਆ ਦਾ ਮੁਥਾਜ਼ ਬਣ ਕੇ ਰਹਿ ਗਿਆ ਹੈ । ਘਰ ਛੱਡ ਕੇ ਪੇਕੇ ਘਰ ਜਾਣ ਬਾਰੇ ਵੀ ਸੋਚਿਆ ਪਰ ਪੇਕੇ ਘਰ ਦੀ ਖਿਲਰੀ ਕਬੀਲਦਾਰੀ



ਵੱਲ ਨਜ਼ਰ ਮਾਰੀ ਤਾਂ ਇਹ ਰਾਹ ਵੀ ਮੈਨੂੰ ਆਪਣੇ ਲਈ ਬੰਦ ਹੋਇਆ ਹੀ ਲੱਗਿਆ ਭਰਾ ਪੜ੍ਹ ਲਿਖ ਕੇ ਵੀ ਅਜੇ ਬੇਕਾਰ ਘਰੇ ਬੈਠਾ ਹੈ ਤੇ ਉੱਤੋਂ ਬਾਪੂ ਨੂੰ ਮੇਰੀ ਭੈਣ ਸਿਮਰਜੀਤ ਦੇ ਵਿਆਹ ਦੀ ਚਿੰਤਾ ਬੇਬੇ ਬਾਪੂ ਕਿਵੇਂ ਸਹਿਣ ਕਰੇਗਾ ਇਕ ਕੁੜੀ ਅਜੇ ਕੁਆਰੀ ਹੀ ਬੈਠੀ ਹੈ ਤੇ ਕਰਜ਼ਾ ਚੁੱਕ ਕੇ ਵਿਆਹੀ ਦੂਜੀ ਕੁੜੀ ਵੀ ਘਰ ਆ ਬੈਠੇ।

ਉਪਰਲੇ ਮਨੋ ਤੇ ਵਿਖਾਵੇ ਦੇ ਤੌਰ ਤੇ ਮੈਂ ਪਰਿਵਾਰ ਦੀਆ ਖੁਸ਼ੀਆ ਵਿਚ ਸ਼ਾਮਿਲ ਹੋਣ ਦੀ ਕੋਸ਼ਿਸ਼ ਕਰਦੀ ਰਹੀ। ਪਰ ਦਿਰਾਣੀ ਦੀਆ ਜੇਤੂ ਨਜ਼ਰਾਂ ਮੈਨੂੰ ਦਿਨ ਰਾਤ ਪ੍ਰੇਸ਼ਾਨ ਰੱਖਦੀਆਂ । ਪੁੱਤ ਦੀ ਮਾਂ ਬਨਣ ਕਰਕੇ ਉਹ ਹੁਣ ਘਰ ਦੀ ਮਹਾਰਾਣੀ ਸੀ ਤੇ ਮੈ ਹੁਣ ਉਸ ਲਈ ਨੌਕਰਾਨੀ ਦਾ ਦਰਜ਼ਾ ਹੀ ਰਖਦੀ ਸਾਂ। ਜਦੋਂ ਉਨ੍ਹਾਂ ਮਾਂ ਪੁੱਤ ਵਲ ਵੇਖਦੀ ਤਾਂ ਮੈਨੂੰ ਲੱਗਦਾ ਹੈ ਕਿ ਮੇਰੇ ਅੰਦਰੋਂ ਕੁਝ ਖੁਸ ਰਿਹਾ ਹੈ। ਮੈਨੂੰ ਇਹ ਵੀ ਲੱਗਦਾ ਕਿ ਸਾਰਾ ਟੱਬਰ ਹੀ ਨਹੀ ਸਗੋਂ ਆਂਢ ਗੁਆਂਢ ਦੇ ਲੋਕ ਵੀ ਮੈਨੂੰ ਮਜ਼ਾਕ ਉਡਾਉਣ ਵਾਲੀਆਂ ਨਜ਼ਰਾਂ ਨਾਲ ਵੇਖ ਰਹੇ ਹੋਣ

ਮੁੰਡੇ ਦੀ ਦੀ ਛੱਠੀ ਰਾਤ ਸੀ ਉਸ ਦਿਨ ।ਮੈਂ ਸਿਰ ਦਰਦ ਦਾ ਬਹਾਨਾ ਬਣਾ ਕੇ ਉਸ ਦਿਨ ਬਿਸਤਰੇ ਵਿਚ ਹੀ ਪਈ ਰਹੀ ਪਰ ਮੈਨੂੰ ਕਿਸੇ ਵੀ ਬੱਚੇ ਦੇ ਨਾਮਕਰਨ ਦੀਆਂ ਰਸਮਾਂ ਵਿਚ ਸ਼ਾਮਿਲ ਹੋਣ ਲਈ ਨਾ ਕਿਹਾ ਫਿਰ ਸੋਚਿਆ। ਮਨਾਂ ਰਹਿਣਾ ਤਾਂ ਇਸ ਘਰ ਵਿਚ ਹੀ ਹੈ...ਜੇ ਘਰ ਵਿਚ ਦਿਨ ਕਟੀ ਕਰਨੀ ਹੈ ਤਾਂ ਇਸ ਤਰਾਂ ਰੁੱਸ ਕੇ ਬੈਠਣਾ ਵੀ ਮੇਰੇ ਲਈ ਠੀਕ ਨਹੀਂ। ਭਾਵੇ ਮੈਂ ਇਹ ਵੀ ਮਹਿਸੂਸ ਕਰਦੀ ਰਹੀ ਹਾਂ ਕਿ ਮੀਦਵਾਰੀ ਹੋਣ ਤੋਂ ਬਾਅਦ ਮੇਰੀ ਦਰਾਣੀ ਮੈਨੂੰ ਛੱਡ ਮੇਰੇ ਪਰਛਾਵੇਂ ਤੋਂ ਵੀ ਦੂਰ ਰਹਿਣ ਦੀ ਕੋਸ਼ਿਸ਼ ਕਰਦੀ ਰਹੀ ਹੈ, ਫਿਰ ਵੀ ਮੈਂ ਆਪਣਾ ਮਨ ਮਾਰ ਕੇ ਡਿਗਦੀ ਢਹਿੰਦੀ ਦਿਰਾਣੀ ਦੇ ਮੰਜੇ ਕੋਲ ਪਹੁੰਚ ਹੀ ਗਈ।

"ਜਾਹ ਪੁੱਤ ਤਾਈ ਕੋਲ... ਤੇਰੀ ਵੱਡੀ ਮੰਮੀ ਐ, ਮੇਰੀ ਦਰਾਣੀ ਦੀ ਮਾਂ ਜੋ ਉਸਦਾ ਜਾਪਾ ਕਟਾਉਣ ਆਈ ਹੋਈ ਸੀ ਨੇ 'ਜਾਇਦਾਦ ਦੇ ਵਾਰਸ' ਨੂੰ ਮੇਰੀ ਝੋਲੀ ਪਾਇਆ ਤਾਂ ਮੈਨੂੰ ਲੱਗਿਆ ਜਿਵੇਂ ਉਸ। ਮੇਰੇ ਵੱਡੀ ਮੰਮੀ ਹੋਣ ਹੋਣ 'ਤੇ ਵਧੇਰੇ ਹੀ ਜ਼ੋਰ ਦਿੱਤਾ ਹੋਵੇ। ਬੱਚੇ ਨੂੰ ਗੋਦ ਵਿਚ ਲੈਂਦਿਆ ਮੈਨੂੰ ਚੱਕਰ ਜਿਹਾ ਆਇਆ ਤਾਂ ਮੈਂ ਆਪਣੀ ਢੋਹ ਕੰਧ ਨਾਲ ਲਾ ਲਈ। ਜੇ ਮੈਂ ਅਜਿਹਾ ਨਾ ਕਰਦੀ ਤਾਂ ਸ਼ਾਇਦ ਬੱਚੇ ਸਮੇਤ ਥਾਂਏ ਹੀ ਡਿੱਗ ਪੈਂਦੀ

ਮੇਰੀ ਦਿਰਾਣੀ ਦੀ ਮਾਂ ਨੇ ਕਾਹਲੀ ਨਾਲ ਮੈਥੋਂ ਬੱਚਾ ਫੜ੍ਹ ਕੇ ਫਿਰ ਆਪਣੀ ਧੀ ਦੀ ਝੋਲੀ ਵਿਚ ਪਾ ਦਿੱਤਾ ਹੈ । ਦਿਰਾਣੀ ਆਪਣੇ ਬੱਚੇ ਨੂੰ ਚੁੰਮਦਿਆਂ ਪਤਾ ਨਹੀਂ । ਮੇਰੇ ਹਲਾਤ ਵੱਲ ਵੇਖ ਕੇ ਮੁਸ਼ਕਰਾਈ ਹੈ ਜਾਂ ਬੱਚੇ ਵੱਲ ਵੇਖ ਕੇ । ਉਸਦੀ ਜੇਤੂ ਮੁਸ਼ਕਾਹਟ ਮੇਰੇ ਧੁਰ ਅੰਦਰ ਲਹਿ ਗਈ ਹੈ। ਮੈਂ ਮਰੀ ਜਿਹੀ ਚਾਲ ਨਾਲ ਵਾਪਸ ਆਪਣੇ ਕਮਰੇ ਵੱਲ ਤੁਰ ਪਈ ਹਾਂ ।

ਬਿਸਤਰੇ ਤੇ ਮੂਧੇ ਮੂੰਹ ਡਿੱਗ ਕੇ ਸਾਰੀ ਰਾਤ ਰੋਂਦੀ ਰਹੀ ਹਾਂ । ਸ਼ਰਾਬ ਨਾਲ ਰੱਜੇ ਹੋਏ ਸਰਦੂਲ ਨੇ ਤਾਂ ਪਾਸਾ ਬਦਲ ਕੇ ਵੀ ਮੇਰੇ ਵੱਲ ਨਹੀਂ ਵੇਖਿਆ ਹੈ


ਸਵੇਰੇ ਹੀ ਉੱਠ ਕੇ ਇਸ਼ਨਾਨ ਕੀਤਾ ਹੈ ਤੇ ਅਟੈਚੀ ਵਿਚ ਦੋ ਸੂਟ ਪਾ ਕੇ ਸੱਸ ਦੇ ਕਮਰੇ ਅੱਗੇ ਜਾ ਖਲੋਤੀ ਹਾਂ ।

'' ਬੇਬੇ ਮੈਂ ਪੇਕੇ ਜਾ ਰਹੀ ਹਾਂ— ਬਾਪੂ ਜੀ ਨਾਲ ਸਿਮਰੋ ਬਾਰੇ ਗੱਲ ਕਰਾਂਗੀ -ਜੇ ਉਹ ਮੰਨ ਗਏ ਤਾਂ ਠੀਕ ਹੈ ਨਹੀ ਕੋਈ ਖੂਹ ਟੋਭਾ ਤਾਂ ਪਨਾਹ ਦੇ ਹੀ ਦੇਊ ਮੈਨੂੰ।

ਅਭੜਬਾਹੇ ਜਿਹੇ ਬੋਲਦਿਆਂ ਮੈਂ ਛੋਟੇ ਛੋਟੇ ਕਦਮਾਂ ਨਾਲ ਸਹੁਰੇ ਘਰ ਦੀ ਦਹਿਲੀਜ ਪਾਰ ਕੀਤੀ ਹੈ।

ਘਰ ਦਾ ਦਰਵਾਜ਼ਾ ਲੰਘਦਿਆ ਮੈਂ ਇਸ ਆਸ ਨਾਲ ਪਿੱਛੇ ਮੁੜ ਕੇ ਵੇਖਿਆ ਹੈ ਸਰਦੂਲ ਜਾਂ ਮੇਰੀ ਸੱਸ ਮੇਰਾ ਰਾਹ ਰੋਕਣ ਆ ਜਾਵੇ ਪਰ ਕੇਵਲ ਮੇਰਾ ਪਰਛਾਵਾਂ ਹੀ ਮੇਰਾ ਪਿੱਛਾ ਕਰ ਰਿਹਾ ਹੈ।

(**ਮੋਬਾਇਲ- 89682-82700** )



## ਕਹਾਣੀ/ ਸੁਪਨੇ ਰਿਸ਼ਤੇ ਅਤੇ ਜ਼ਿੰਦਗੀ/ - ਇੱਛੂਪਾਲ

*(ਕੁਰਾਹੇ ਪੈ ਕੇ ਨਸ਼ਿਆ 'ਚ ਗਰਕ ਗਈ ਔਲਾਦ 'ਚੋਂ ਉਪਜੇ ਸੰਕਟ ਦੀ ਕਹਾਣੀ ਇੱਛੂਪਾਲ ਕਹਿੰਦਾ ਹੈ। ਇਸ ਸੰਕਟ ਨੂੰ ਭੋਗਦੀ ਔਰਤ ਹੈ। ਔਰਤ 'ਸ.ਫਰ' ਕਰਦੀ ਹੈ। ਕਹਾਣੀ ਵਿਚਲੀ ਔਰਤ ਦਾ ਪਤੀ ਤੇ ਨਸ਼ਿਆ 'ਚ ਗਰਕ ਗਿਆ ਉਹਦਾ ਪੁੱਤ ਉਸ ਦੀ ਬਾਕੀ ਜ਼ਿੰਦਗੀ ਨਰਕ ਬਣਾ ਦਿੰਦੇ ਹਨ। ਪਰਿਵਾਰ ਤੇ ਸਮਾਜ ਵੱਲੋਂ ਸਤਵੀਰ ਨੂੰ ਉਸਾਰੂ ਅਗਵਾਈ ਨਹੀਂ ਮਿਲਦੀ। ਜਿਸ ਦਾ ਅੰਤ ਰੁਦਨ, ਪੀੜਾ 'ਚ ਹੁੰਦਾ ਹੈ। ਪਰ ਉਸ ਮਾਂ ਦੇ ਮਨ 'ਚ ਜੀਉਣ ਦੇ ਸੁਪਨੇ ਵੀ ਹਨ। ਜਿਨ੍ਹਾਂ ਸੁਪਨਿਆ'ਚ ਜ਼ਿੰਦਗੀ ਧੜਕਦੀ ਹੈ।-ਸੰਪਾਦਕ )*

ਮਸਾਂ ਮਸਾਂ ਕਿਧਰੇ ਪੈਸੇ ਦਾ ਮੂੰਹ ਵੇਖਿਆ ਹੈ। ਅਜੇ ਮੇਰੇ ਅੱਥਰੂ ਸੁੱਕੇ ਵੀ ਨਹੀਂ ਸੀ ਕਿ ਇਧਰ ਸਤਵੀਰ ਆਪਣਾ ਨਵਾਂ ਪਲਾਨ ਲੈ ਕੇ ਆ ਧਮਕਿਆ। ਉਹਨੂੰ ਗੱਡੀ ਪਾਨ ਦਾ ਚਾਅ ਚੜ ਆਇਆ ਸੀ। ਦੂਜੀ ਗੱਲ ਗੁਆਂਢ 'ਚ ਰਹਿ ਰਹੀ ਕੁੜੀ ਨਾਲ ਆਪਣਾ ਵਿਆਹ ਕਰਾਣ ਦੀ ਤਜ਼ਵੀਜ਼। ਮੈਂ ਮੂਕ ਦਰਸ਼ਕ ਬਣੀ ਹੋਈ ਸਤਵੀਰ ਨੂੰ ਵੇਖਦੀ ਰਹਿੰਦੀ। ਕੁੜੀ ਕਿਧਰੇ ਕਾਲਜ ਵਿਚ ਪੜ੍ਹ ਰਹੀ ਸੀ। ਸਤਵੀਰ ਅੱਠਵੀਂ ਵੀ ਪਾਸ ਨੀਂ ਕਰ ਸਕਿਆ। ਅਜੇ ਮੈਂ ਕੁਝ ਸੋਚ ਹੀ ਰਹੀ ਸੀ ਕਿ ਸਤਵੀਰ ਦੇ ਤਿੰਨ ਚਾਰ ਮਿੱਤਰ ਆ ਧਮਕੇ। ਪਹਿਲਾਂ ਆਪਸ ਵਿਚ ਕੁਝ ਖੁਸਰ ਮੁਸਰ ਕਰਦੇ ਰਹੇ ਮਗਰੋਂ ਇਕ ਨੇ ਕਿਹਾ।

"ਆਂਟੀ ਸਤਵੀਰ ਦਾ ਵਿਆਹ ਕਰਾ ਲੈ। ਕੁੜੀ ਬੜੀ ਚੰਗੀ ਹੈ। ਪੜ੍ਹੀ ਲਿਖੀ। ਗੁਆਂਢ ਵਿਚ ਹੀ ਰਹਿੰਦੀ ਹੈ। ਤੁਹਾਡੇ ਸੌਂ ਕਮ ਆਣਗੇ। ਤੁਹਾਡੇ ਦੁੱਖ ਸੁੱਖ ਵਿਚ। ਤੁਹਾਡੇ ਘਰ ਵਿਚ ਵੀ ਕਿਸੇ ਚੀਜ਼ ਦੀ ਕੋਈ ਘਾਟ ਨਹੀਂ। ਮੇਰੇ ਸਾਹਮਣੇ ਇਹ ਇਕ ਹੋਰ ਮਸਲਾ ਆ ਖਲੋਤਾ ਸੀ। ਕੀ ਕਰਾਂ ਕੀ ਨਾ ਕਰਾਂ। ਇਨ੍ਹਾਂ ਮੁੰਡਿਆਂ ਨਾਲ ਇਕ ਜਵਾਨ ਕੁੜੀ ਵੀ ਆਈ ਸੀ। ਉਂਝ ਉਹਦਾ ਮੇਰੇ ਘਰ ਆਉਣਾ ਇਕ ਦੋ ਸਾਲ ਤੋਂ



ਚਲ ਰਿਹਾ ਸੀ। ਕਹਿਣ ਨੂੰ ਸਤਵੀਰ ਦੀ ਭੈਣ ਸੀ। ਮੇਰੇ ਨਾਲ ਗੱਲ ਕਰਨ ਮਗਰੋਂ ਸਤਵੀਰ ਦੇ ਦੋਸਤਾਂ ਨਾਲ ਉਹ ਦੂਜੇ ਕਮਰੇ ਵਿਚ ਗੱਲੀ ਰੁਝ ਗਏ ਸੀ। ਇਹ ਕੁੜੀ ਸਾਡੇ ਘਰ ਤੋਂ ਅੱਗੇ ਤਿੰਨ ਕਿਲੋਮੀਟਰ ਡੱਬੇ ਪਿੰਡ ਵਿਚ ਰਹਿੰਦੀ ਸੀ। ਗੁਆਂਢੀਆਂ ਦੀ ਕੁੜੀ ਨਾਲ ਪੜ੍ਹਦੀ ਸੀ।

ਇਸ ਵੇਲੇ ਮੈਂ ਆਪਣੇ ਹੀ ਦੁੱਖ ਵਿਚ ਜਿਵੇਂ ਧਸਦੀ ਜਾ ਰਹੀ ਸਾਂ। ਕੋਈ ਕੀ ਕਹਿ ਰਿਹਾ ਹੈ ਜਾਂ ਮੇਰੇ ਨਾਲ ਕੀ ਕੀ ਖੇਡ ਖੇਡੀ ਜਾ ਰਿਹਾ ਹੈ, ਸਮਝ ਤਾਂ ਲੱਗਦੀ ਸੀ, ਪਰ ਮੈਂ ਮਨ ਹੀ ਮਨ ਵਿਚਾਰਦੀ ਵੀ ਰਹੀ। ਸਤਵੀਰ ਦੇ ਦੋਸਤ ਉਹ ਕੁੜੀ ਅਤੇ ਵਿਆਹ ਦੀ ਪੇਸ਼ਕਸ਼ ਲਈ ਇਹ ਸਮਾਂ ਮੁਨਾਸਬ ਸੀ? ਸਤਵੀਰ ਨੂੰ ਤੇ ਮੈਂ ਜਾਣਦੀ ਸਾਂ। ਉਹਦੇ ਦੋਸਤ ਵੀ ਮੇਰੇ ਤੋਂ ਲੁਕੇ ਨਹੀਂ ਸੀ। ਉਹ ਇੰਜਨਰਿੰਗ ਦੀਆਂ ਡਿਗਰੀਆਂ ਪ੍ਰਾਪਤ ਕਰ ਚੁੱਕੇ ਸੀ। ਆਪਣਾ ਆਪਣਾ ਪੇਸ਼ਾ ਵੀ ਚੁਣ ਬੈਠੇ ਸਨ।

ਕਦੀ ਕਦੀ ਸੋਚਦੀ ਕਿੱਥੇ ਸਤਵੀਰ ਤੇ ਕਿੱਥੇ ਉਹਦੇ ਦੋਸਤ। ਢੇਰ ਸਾਰਾ ਅੰਤਰ। ਸਤਵੀਰ ਸਵੇਰੇ ਘਰੋਂ ਨਿਕਲ ਜਾਂਦਾ, ਦੁਪਹਿਰ ਨੂੰ ਰੋਟੀ ਖਾਣ ਲਈ ਆ ਧਮਕਦਾ। ਰੋਟੀ 'ਚ ਨੁਕਸ ਕੱਢਦਾ। ਘਰ ਨੂੰ ਸਿਰ ਤੇ ਚੁੱਕ ਲੈਂਦਾ। ਉੱਚੀ ਉੱਚੀ ਬੋਲਦਾ ਹੋਇਆ ਘਰ ਦੇ ਗੇਟ ਪਾਸ ਖੜੋ ਕੇ ਚੀਕਦਾ। ਰੋਟੀ ਵਿਚ ਕੋਈ ਨੁਕਸ ਹੁੰਦਾ ਜਾਂ ਨਹੀਂ। ਪਰ ਮੈਂ ਤਰਸ ਦਾ ਪਾਤਰ ਹੋਈ ਘਰ ਦੇ ਅੰਦਰ ਹੀ ਦੱਬੀ-ਘੁੱਟੀ ਬਹਿ ਜਾਂਦੀ। ਭਲੇ ਦਿਨ... ਭਲੇ ਹੀ ਹੁੰਦੇ ਨੇ ਇਹ ਮੇਰੀ ਹਯਾਤੀ ਦੇ ਸਾਡੇ ਚਾਰ ਦਹਾਕਿਆਂ ਮਗਰੋਂ ਵੀ ਮੇਰੇ ਨਸੀਬਾਂ ਵਿਚ ਨਹੀਂ ਆਏ। ਨਾ ਹੀ ਆਣ ਦੀ ਕੋਈ ਸੰਭਾਵਨਾ ਹੀ ਸੀ। ਪਹਿਲਾਂ ਸਤਵੀਰ ਦਾ ਬਾਪੂ, ਜਿਸ ਨੇ ਮਰਦੇ ਦਮ ਤੱਕ ਇਕ ਵੀ ਪੈਸਾ ਮੇਰੀ ਤਲੀ ਤੇ ਨੀਂ ਰੱਖਿਆ। ਘਰ ਦਾ ਖਰਚ ਆਪ ਕਰਦਾ ਆਪਣੇ ਹੱਥੀਂ। ਭਾਵੇਂ ਘਰ ਛੁੱਟੀ ਆਇਆ ਹੋਵੇ ਜਾਂ ਡਿਊਟੀ ਤੇ ਉਥੋਂ ਹੀ ਦੁਕਾਨਦਾਰਾਂ ਦੇ ਖਾਤੇ ਵਿਚ ਪੈਸੇ ਪਾਉਂਦਾ। ਆਪਣੇ ਖਰਚ ਲਈ ਬਹੁਤੀ ਰਕਮ ਰੱਖ ਲੈਂਦਾ। ਸਤਵੀਰ ਦੇ ਖਾਤੇ ਵਿਚ ਵੀ ਪਾ ਦੇਂਦਾ। ਸਤਵੀਰ ਕੀ ਕਰ ਰਿਹਾ ਹੈ? ਉਹ ਪੈਸੇ ਕਿੱਥੇ ਖਰਚ ਕਰ ਰਿਹਾ ਹੈ? ਕੀ ਪੜ੍ਹ ਰਿਹਾ ਹੈ? ਉਹਦੇ ਸਾਥੀ ਕਜੇਹੇ ਨੇ? ਇਸ ਸਭ ਕਾਸੇ ਤੋਂ ਉਹਨੇ ਚੁੱਪੀ ਸਾਧੀ ਰੱਖੀ ਸੀ। ਮੈਂ ਸਤਵੀਰ ਨੂੰ ਸੁਧਾਰਨ ਦਾ ਹਰ ਇਕ ਹਰਬਾ ਵਰਤਿਆ ਪਰ ਉਹ ਨਾ ਸੁਧਰਿਆ। ਉਹਨੂੰ ਬਾਪ ਨੇ ਖੁੱਲ੍ਹ ਦਿੱਤੀ ਹੋਈ ਸੀ। ਉਹਦਾ ਬਾਪ ਵੀ ਮੈਨੂੰ ਸਮਝ ਨੀਂ ਪਾਇਆ। ਮੇਰੇ ਪਾਸ ਕੇਵਲ ਸਿਰ ਫ਼ੜਨ ਤੋਂ ਬਿਨਾ ਕੁਝ ਵੀ ਨੀਂ ਸੀ। ਹਾਂ ਮੇਰਾ ਖਾਤਾ ਬਹੁਤ ਪਹਿਲਾਂ ਮੇਰੇ ਭਰਾ ਨੇ ਬੈਂਕ ਵਿਚ ਖੁਲਾ ਦਿੱਤਾ ਸੀ। ਮੇਰੇ ਖਾਤੇ ਵਿਚ ਉਹ ਹਰ ਮਹੀਨੇ ਕੁਝ ਨਾ ਕੁਝ ਜਮ੍ਹਾਂ ਕਰ ਦੇਂਦਾ ਸੀ। ਛੋਟੀ ਭੈਣ ਜੀਤਾਂ ਵੀ ਮੇਰੇ ਬੈਂਕ ਖਾਤੇ ਵਿਚ ਜਮ੍ਹਾਂ ਕਰਾ ਲੈਂਦੀ। ਜੀਤਾਂ ਆਪਣੇ ਵਿਆਹ ਤੋਂ ਪਹਿਲਾਂ ਅਤੇ ਮਗਰੋਂ ਵੀ। ਉਹ ਸਰਕਾਰੀ ਸਕੂਲ ਵਿਚ ਪੜ੍ਹਾ ਰਹੀ ਸੀ। ਜੀਤਾਂ ਬਾਜ਼ਾਰ ਵਿਚ ਨਵੇਂ ਫ਼ੈਸ਼ਨ ਦੇ ਕੱਪੜੇ ਜਿੱਥੇ ਆਪਣੇ ਲਈ ਖਰੀਦਦੀ ਉੱਥੇ ਮੇਰੇ ਲਈ ਵੀ ਲੈ ਆਉਂਦੀ। ਜੀਤਾਂ ਦੇ ਘਰਵਾਲੇ ਨੇ ਕਦੀ ਵੀ ਜੀਤਾਂ ਨੂੰ ਮੇਰੇ ਲਈ ਕੱਪੜੇ ਖਰੀਦਣ ਤੋਂ ਰੋਕਿਆ ਨਹੀਂ, ਸਗੋਂ ਉਹ ਆਪ ਵੀ ਪਸੰਦ ਕਰਦਾ। ਜੀਤਾਂ ਨਾਲ ਹਰ ਮੋੜ ਤੇ ਉਹਦੀ ਹਾਂ ਵਿਚ ਹਾਂ ਮਿਲਾਉਂਦਾ।

ਜੀਤਾਂ ਤੇ ਜੀਤਾਂ ਦੇ ਘਰਵਾਲੇ ਨੇ ਮੈਨੂੰ ਮਾਂ ਬਾਪ ਵੀ ਵਿਸਾਰ ਦਿੱਤੇ ਸੀ। ਛੋਟਾ ਭਰਾ ਵੀ ਸਾਡੇ ਨਾਲ ਨਿਤਰਦਾ। ਉਹਦੀ ਆਪਣੀ ਵੀ ਟੱਬਰਦਾਰੀ ਸੀ। ਹੁਣ ਉਹ ਬਾਹਰ ਦੇ ਕਿਸੇ ਮੁਲਕ ਵਿਚ ਚਲਾ ਗਿਆ ਸੀ। ਸੋਚਦੀ ਹੋਈ ਦੀਆਂ ਅੱਖਾਂ ਨਮ ਹੋ ਗਈਆਂ ਸੀ। ਖੌਰੇ ਅਜਿਹਾ ਕੀ ਹੋ ਜਾਂਦਾ ਹੈ ਮੇਰੇ ਨਾਲ, ਨਮ ਅੱਖਾਂ, ਰੱਬ ਜਾਣੇ ਇਨ੍ਹਾਂ ਅੱਖਾਂ ਵਿਚ ਪਾਣੀ ਕਿੱਥੋਂ ਕਿੱਥੋਂ ਆ ਟਪਕਦਾ ਹੈ। ਲੱਗਦੈ ਕੋਈ ਬਰਸਾਤੀ ਨਾਲਾ ਕਿਧਰਉਂ ਟੁੱਟ ਕੇ ਮੇਰੀਆਂ ਅੱਖਾਂ ਵਿਚੋਂ ਵਹਿਣ ਲੱਗਾ ਏ। ਹਾਂ ਮਾਂ ਕੁਝ ਕਹਿੰਦੀ ਹੁੰਦੀ ਸੀ।

"ਦੁੱਖਾਂ ਦੇ ਵੀ ਵੱਡੇ ਵੱਡੇ ਪਹਾੜ ਹੁੰਦੇ ਨੇ, ਇਨ੍ਹਾਂ ਪਹਾੜਾਂ ਵਿਚ ਹੌਲੀ ਹੌਲੀ ਕਿਨ੍ਹਾਂ ਕੁਝ ਸਮਾ ਜਾਂਦਾ ਹੈ। ਪਹਾੜਾ ਦੇ ਦਾਮਨ ਚੋਂ ਹੀ ਚਸ਼ਮੇ ਵਾਂਗੂੰ ਕੁਝ ਤੇ ਫੁੱਟਦਾ ਹੈ। ਸੁੱਖਾਂ ਵਿਚ ਆਦਮੀ ਇੰਨਾ ਵਿਅਸਤ ਹੋ

ਜਾਂਦਾ ਹੈ ਕਿ ਉਹਨੂੰ ਸੋਚਣ ਦੀ ਵਿਹਲ ਹੀ ਨੀਂ ਮਿਲਦੀ। ਉਦੋਂ ਮਾਂ ਦੀਆਂ ਕਹੀਆਂ ਹੋਈਆਂ ਦਾ ਅਸਰ ਮੇਰੇ ਤੇ ਕੁਝ ਪਿਆ ਸੀ ਜਾਂ ਨੀਂ ਪਰ ਹੁਣ ਮਹਿਸੂਸ ਹੋ ਰਿਹਾ ਹੈ। ਫ਼ੋਨ ਦੀ ਘੰਟੀ ਨੇ ਮੇਰਾ ਧਿਆਨ ਆਪਣੇ ਵੱਲ ਖਿੱਚ ਲਿਆ। ਜਿਵੇਂ ਇਹ ਘੰਟੀ ਵੀ ਹੁਣੇ ਹੀ ਵਜਣੀ ਸੀ।

"ਹੈਲੋ...।"

"ਹੈਲੋ ਮਾਸੀ ਮੈਂ ਸੁਮੀਤ ਬੋਲ ਰਿਹਾ ਹਾਂ। ਅੱਜ ਸਵੇਰ ਦਾ ਫ਼ੋਨ ਕਰ ਰਿਹਾ ਹਾਂ ਪਰ ਤੁਸੀਂ ਫ਼ੋਨ ਨ੍ਹੀਂ ਚੁੱਕਿਆ। ਮਾਮਾ ਜੀ ਵੀ ਤੁਹਾਨੂੰ ਫ਼ੋਨ ਕਰ ਰਹੇ ਸੀ।"

"ਅਸੀਂ ਅੱਜ ਰੁਟੀਨ ਦੇ ਚੈਕਅਪ ਲਈ ਡਾਕਟਰ ਕੋਲ ਗਏ ਸੀ। ਕੁਝ ਟੈਸਟ ਵੀ ਕਰਾਣੇ ਪਏ ਨੇ। ਤੇਰਾ ਪਾਪਾ ਰਿਪੋਟ ਲੈ ਕੇ ਮੁੜ ਡਾਕਟਰ ਪਾਸ ਗਿਆ ਹੈ। ਹੋਰ ਕੋਈ ਗੱਲ ਨੀਂ।"

ਮੈਂ ਤੇ ਘਾਬਰ ਗਿਆ। ਮਾਮਾ ਵੀ ਫ਼ੋਨ ਤੇ ਘਾਬਰਿਆ ਹੋਇਆ ਲਗਾ ਸੀ। ਸਾਨੂੰ ਇਹ ਡਰ ਸੀ ਕਿ ਕਿੱਧਰੇ ਸਤਵੀਰ ਨੇ ਕੋਈ ਕਾਂਡ ਨਾ ਕਰ ਲਿਆ ਹੋਵੇ। ਹਾਂ ਪਾਪਾ ਆਣਗੇ ਤੇ ਗੱਲ ਕਰਾਣੀ।" ਕਿਨਾਂ ਖਿਆਲ ਰੱਖਦਾ ਹੈ ਸਾਡਾ। ਸਤਵੀਰ ਸਿੱਧਾ ਅੱਗ ਵਿਚ ਧੱਕਣ ਜੋਗਾ। ਬਚੀ ਹੋਈ ਜ਼ਿੰਦਗੀ ਨਰਕ ਬਣਾ ਕੇ ਰੱਖੀ ਹੈ। ਉਸ ਪਾਸ ਸੀ ਤੇ ਨਿਤ ਰੋਜ਼ ਘਰ 'ਚ ਕਾਂ ਕਾਂ ਪਾਈ ਰੱਖਦਾ। ਸਿਆਣੇ ਕਹਿੰਦੇ ਹੁੰਦੇ ਨੇ,

"ਘਰ ਦੀ ਕਾਂ ਕਾਂ ਘੜੇ ਦਾ ਪਾਣੀ ਸੁਕਾ ਦੇਂਦੀ ਹੈ।" ਸੱਚ-ਮੁਚ ਦੋਵਾਂ ਪਿਉ ਪੁੱਤਰਾਂ ਨੇ ਮੇਰੇ ਅੰਦਰ ਦਾ ਪਾਣੀ ਸੁਕਾ ਦਿੱਤਾ ਹੈ। ਭਲਾ ਹੋਵੇ ਮੇਰੇ ਵੀਰੇ ਦਾ ਨਾਲੇ ਸੁਮੀਤ ਦਾ ਜਿਨ੍ਹਾਂ ਨੇ ਸਾਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਜੀਤਾਂ ਦੇ ਸਵਰਗਵਾਸੀ ਹੋਣ ਤੋਂ ਮਗਰੋਂ ਮੈਨੂੰ ਜੀਜੇ ਪਾਸ ਛੱਡ ਗਏ। ਸਤਵੀਰ ਤੋਂ ਅਜੇ ਵੀ ਛੁਟਕਾਰਾ ਕਿੱਥੇ ਮਿਲਿਆ ਹੈ। ਇੱਥੇ ਵੀ ਆ ਕੇ ਹੰਗਾਮਾ ਖੜਾ ਕਰਨ ਲੱਗਾ ਸੀ। ਸੁਮੀਤ ਦੀ ਭੂਆ ਦਾ ਮੁੰਡਾ ਪੁਲਿਸ ਵਿਚ ਹੋਣ ਕਾਰਨ ਇੱਥੇ ਢੁੱਕਣ ਤੋਂ ਦੂਰ ਰਹਿੰਦਾ ਹੈ। ਫ਼ੋਨ ਤੇ ਅਨਾਪ ਸ਼ਨਾਪ ਬੋਲਦਾ ਹੀ ਰਹਿੰਦਾ ਹੈ। ਸਭ ਤੋਂ ਪਹਿਲਾਂ ਸੁਮੀਤ ਹੀ ਸਾਨੂੰ ਆਪਣੇ ਨਾਲ ਬੈਂਗਲੌਰ ਲੈ ਗਿਆ ਸੀ। ਬੈਂਗਲੌਰ ਉਹ ਕਿਸੇ ਵੱਡੀ ਕੰਪਨੀ ਵਿਚ ਕੰਮ ਕਰਦਾ ਸੀ। ਸੁਮੀਤ ਦੀ ਵਹੁਟੀ ਵੀ ਕਿਸੇ ਹੋਰ ਕੰਪਨੀ ਵਿਚ ਕੰਮ ਕਰਦੀ ਸੀ। ਉਨ੍ਹਾਂ ਨੇ ਆਪਣਾ ਇਕ ਨਵੇਕਲਾ ਫ਼ਲੈਟ ਲੈ ਰੱਖਿਆ ਸੀ। ਸੁਮੀਤ ਦਾ ਸਹੁਰਾ ਪਰਿਵਾਰ ਬੈਂਗਲੌਰ ਦੇ ਕਿਸੇ ਪਿੰਡ ਵਿਚ ਰਹਿ ਰਿਹਾ ਸੀ। ਸ਼ਹਿਰ ਤੋਂ ਕੋਈ ਪੈਂਤੀ ਕਿਲੋਮੀਟਰ ਦੀ ਵਿੱਥ ਤੇ। ਸੁਮੀਤ ਦਾ ਇਕੋ ਇਕ ਸਾਲਾ ਵਲੈਤ ਵਿਚ ਨੌਕਰੀ ਕਰਦਾ ਸੀ। ਉਹਨੇ ਉੱਥੇ ਆਪਣੇ ਬੱਚੇ ਨਾਲ ਰੱਖੇ ਸੀ। ਹਰ ਦੋਹਾਂ ਸਾਲਾਂ ਮਗਰੋਂ ਘਰ ਆਉਂਦੀ।

ਸੁਮੀਤ ਦੇ ਫ਼ਲੈਟ ਵਿਚ ਜ਼ਰੂਰਤ ਦਾ ਹਰ ਸਾਮਾਨ ਮੌਜੂਦ ਸੀ। ਉਹ ਸਾਰੇ ਇਕੱਠੇ ਭੌਂਇ 'ਤੇ ਬੈਠ ਕੇ ਰੋਟੀ ਖਾਂਦੇ ਸੀ। ਡਾਇਨਿੰਗ ਟੇਬਲ ਦੇ ਲਾਗੇ ਕਲੀਨ 'ਤੇ ਬੈਠ ਕੇ ਵਿਚਕਾਰ ਇਕ ਸੀਟ ਵਿਛਾ ਲੈਂਦੇ। ਮੇਰੇ ਲਈ ਇਹ ਅਚੰਬੇ ਵਾਲੀ ਕੋਈ ਗੱਲ ਨਹੀਂ ਸੀ ਪਰ ਜਦੋਂ ਸੁਮੀਤ ਦੇ ਸਹੁਰਿਆਂ ਦੇ ਘਰ ਵੀ ਇਹੋ ਮਾਹੌਲ ਵੇਖਿਆ  ਕੁਝ ਪਲਾਂ ਲਈ ਸੋਚਣ ਲੱਗੀ ਕਿ ਸੁਮੀਤ ਸੱਚ-ਮੁਚ ਹੀ ਸਾਰਿਆਂ ਦਾ ਮੀਤ ਹੈ। ਸੁਮੀਤ ਨੇ ਅਜਿਹੇ ਲੋਕਾਂ ਨਾਲ ਆਪਣਾ ਮੱਥਾ ਮਿਲਾਇਆ ਹੈ ਜਿੱਥੇ ਹਉਮੇ ਲਈ ਕੋਈ ਵੀ ਥਾਂ ਨਹੀਂ ਸੀ। ਸੁਮੀਤ ਦਾ ਸਹੁਰਾ ਇਕ ਅਧਿਆਪਕ ਸੀ। ਸੇਵਾ ਮੁਕਤੀ ਮਗਰੋਂ ਜ਼ਿਆਦਾਤਰ ਪਿੰਡ ਵਿਚ ਹੀ ਰਹਿੰਦੇ। ਸੁਮੀਤ ਦੇ ਲਾਗੇ ਵਾਲੀ ਬਿਲਡਿੰਗ ਵਿਚ ਉਨ੍ਹਾਂ ਨੇ ਵੀ ਇਕ ਫ਼ਲੈਟ ਲੈ ਰੱਖਿਆ ਸੀ। ਮੈਂ ਉਨ੍ਹਾਂ ਨੂੰ ਪੁੱਛਿਆ।

"ਤੁਸੀਂ ਸ਼ਹਿਰ ਵਾਲੇ ਫ਼ਲੈਟ ਵਿਚ ਕਿਉਂ ਨਹੀਂ ਸਿਫ਼ਟ ਹੁੰਦੇ?"

"ਇੱਥੇ ਪਿੰਡ ਵਿਚ ਸਾਡੀਆਂ ਜੜ੍ਹਾਂ ਨੇ। ਪਿੰਡ ਵਿੱਚੋਂ ਹੀ ਸਾਡੇ ਬੱਚੇ ਪਰਵਾਨ ਚੜ੍ਹੇ ਨੇ। ਦੋ ਦੋ ਚਾਰ ਚਾਰ ਕਿਲੋਮੀਟਰ ਸਾਇਕਲ ਤੇ ਚੜ੍ਹ ਕੇ ਸਕੂਲ ਜਾਂਦੇ ਸੀ। ਹੁਣ ਤੇ ਪਿੰਡ ਦੇ ਲਾਗੇ ਹੀ ਕਾਲਜ਼ ਬਣ ਗਿਆ ਹੈ। ਹਾਂ ਕਦੀ ਕਦੀ ਸੁਮੀਤ ਸਿੰਘ ਆ ਕੇ ਲੈ ਜਾਂਦਾ ਹੈ। ਦੋ ਚਾਰ ਦਿਨ ਸ਼ਹਿਰ 'ਚ ਰਹਿ ਆਉਂਦੇ ਹਾਂ।"

ਮੈਂ ਮਨ ਹੀ ਮਨ ਵਿਚਾਰਨ ਲੱਗੀ, ਕਾਸ਼ ਮੇਰਾ ਸਤਵੀਰ ਵੀ ਸੁਮੀਤ ਵਰਗਾ ਸੁਪੂਤ ਹੁੰਦਾ। ਢੇਰ ਸਾਰਾ



ਅੰਤਰ ਹੈ ਦੋਨਾਂ ਵਿਚ। ਦੋਨਾਂ ਦੇ ਬਾਪਾਂ ਵਿਚ। ਕੋਈ ਕੇਵਲ ਆਪਣੇ ਲਈ ਜੀ ਰਿਹਾ ਏ ਤੇ ਕੋਈ ਆਪਣੇ ਨਾਲ ਨਾਲ ਹੋਰਨਾਂ ਦਾ ਵੀ ਭਲਾ ਕਰਦਾ ਹੋਇਆ। ਸੁਮੀਤ ਨੂੰ ਬਾਪੂ ਨੇ ਕੋਈ ਪੰਜਾਹ ਹਜ਼ਾਰ ਦਾ ਚੈਕ ਦਿੱਤਾ ਸੀ। ਉਹਨੇ ਲੈਣ ਤੋਂ ਇਨਕਾਰ ਕਰ ਲਿਆ। ਉਲਟਾ ਹੀ ਸਾਨੂੰ ਆਪਣੇ ਨਾਲ ਲੈ ਜਾ ਕੇ ਢੇਰ ਸਾਰੀਆਂ ਚੀਜ਼ਾਂ ਲੈ ਕੇ ਦਿੱਤੀਆਂ ਅਤੇ ਆਪਣੇ ਪੱਲਿਓਂ ਜਹਾਜ਼ ਦੀਆਂ ਟਿਕਟਾਂ ਤੱਕ ਦਿੱਤੀਆਂ।

ਮੈਂ ਨਹੀਂ ਜਾਣਦੀ ਕਿ ਇਨੇ ਸੁੱਖਾਂ ਵਿਚ ਰਹਿੰਦੀ ਹੋਈ ਨੂੰ ਉਹ ਘਰ ਜਿੱਥੇ ਮੇਰੀ ਨੂੰਹ ਰਾਣੀ ਅਤੇ ਹਰਸਿਮਰਨ ਪੋਤੀ ਰਹਿ ਰਹੀਆਂ ਸੀ ਅੰਦਰੋਂ ਅੰਦਰ ਖਿੱਚੀ ਜਾ ਰਿਹਾ ਸੀ। ਸੋਚਦੀ ਹੋਈ ਦੇ ਅੱਥਰੂ ਵੀ ਨਿਕਲ ਆਏ ਸੀ। ਸੁਮੀਤ ਦੀ ਪਤਨੀ ਨੇ ਵੀ ਵੇਖ ਲਿਆ ਸੀ। ਮੈਂ ਅੱਥਰੂ ਤੇ ਰੋਕ ਲਏ, ਸੁਮੀਤ ਦੇ ਪਿਤਾ ਮੈਨੂੰ ਕਲਾਵਾ ਮਾਰ ਕੇ ਕਮਰੇ 'ਚ ਲੈ ਗਏ। ਭਾਵੁਕ ਹੋਈ ਦੇ ਕਲੂਕ ਨਿਕਲ ਆਈ ਸੀ। ਇੱਥੇ ਰਹਿੰਦੀ ਹੋਈ ਦੇ ਇਹ ਅਹਿਸਾਸ ਹੋਇਆ ਕਿ ਇੱਥੇ ਵੱਡੇ ਸ਼ਹਿਰਾਂ ਵਿਚ ਪੈਸੇ ਦੀ ਦੌੜ ਲੱਗੀ ਹੋਈ ਹੈ। ਨਾਲ ਦੀ ਨਾਲ ਸੰਤੁਸ਼ਟੀ ਵੀ ਦਿਸ ਰਹੀ ਸੀ। ਸਤਵੀਰ ਦੇ ਬਾਪ ਪਾਸ ਪੈਸੇ ਸੀ ਪਰ ਉਹ ਪੈਸੇ ਨੂੰ ਖਰਚਣ ਦੀ ਥਾਂ ਮੁੱਠੀ ਵੱਟੀ ਰੱਖਦਾ ਸੀ। ਆਪਣੇ ਲਈ ਮੁੱਠੀ ਖੋਲ੍ਹ ਦੇਂਦਾ। ਸਤਵੀਰ ਤੇ ਆਪਣੇ ਹੱਥੀ ਕਮਾਣ ਤੋਂ ਸੱਖਣਾ ਸੀ, ਹੱਥ ਅੱਡਣ ਲਈ ਚੰਗਾ ਭਲਾ। ਸੁਮੀਤ ਨੇ ਉਹਨੂੰ ਕਿਸੇ ਕੰਪਨੀ ਵਿਚ ਡਰਾਇਵਰ ਲਗਾਇਆ ਸੀ। ਇਹ ਕਹਿ ਕੇ ਨੌਕਰੀ ਛੱਡ ਆਇਆ ਸੀ ਕਿ,

"ਮੈਂ ਗੁਲਾਮੀ ਨੀਂ ਕਰਨੀ। ਆਪਣਾ ਕਾਰੋਬਾਰ ਕਰਾਂਗਾ। ਹੋਰਨਾਂ ਨੂੰ ਨੌਕਰ ਰੱਖ ਸਕਦਾ ਹਾਂ।" ਕਦੀ ਕਦੀ ਇਹ ਵੀ ਵਿਚਾਰ ਆਉਂਦੈ ਕਿ ਮੈਂ ਕਿਧਰੇ ਗਲਤ ਸੀ। ਸਤਵੀਰ ਦੇ ਪਾਲਨ ਪੋਸ਼ਨ ਵਿਚ ਕਿਹੜੀ ਕਮੀ ਰਹਿ ਗਈ ਸੀ। ਮੇਰੀਆਂ ਸੋਚਾਂ ਦੀ ਸੂਈ ਐਸੀ ਥਾਂ ਤੇ ਆ ਟਿਕਦੀ ਜਿੱਥੇ ਸਤਵੀਰ ਦਾ ਬਾਪੂ ਖਲੋਤਾ ਹੁੰਦਾ ਸੀ। ਸਤਵੀਰ ਲਈ ਬੰਦੂਕਾਂ ਦੇ ਖਿਲੌਨੇ, ਭਾਂਤ ਭਾਂਤ ਦੀਆਂ ਕਾਰਾਂ ਵਾਲੇ ਖਿਲੌਨੇ ਜਿਨ੍ਹਾਂ ਦੇ ਨਾ ਸਤਵੀਰ ਨੇ ਤੋਤੇ ਵਾਂਗ ਰਟੇ ਹੋਏ ਸੀ। ਬਚਪਨ ਵਿਚ ਹੀ ਸਤਵੀਰ ਨੂੰ ਜਿਮ ਜਾਂ ਜੂਡੋ ਕਰਾਟੇ ਸਖਾਣ ਲਈ ਘੱਲਣਾ। ਆਪ ਵੀ ਸਤਵੀਰ ਨਾਲ ਘੋਲ ਕਰਦਾ। ਇਹ ਕਜੇਹੀ ਖੇਡ ਸੀ। ਸਤਵੀਰ ਤੋਂ ਪੜ੍ਹਾਈ ਦੂਰ ਬਹੁਤ ਦੂਰ ਭੱਜਦੀ ਰਹੀ। ਸਤਵੀਰ ਦੇ ਦੋਸਤਾਂ ਦਾ ਘੇਰਾ ਕਿਹੜਾ ਸੀ? ਜਿਹੜੇ ਇੰਜੀਨੀਅਰਿੰਗ ਦੀਆਂ ਡਿੱਗਰੀਆਂ ਵੱਲ ਅਗਰਸਰ ਸਨ ਜਾਂ ਉਹਦੇ ਟਰਾਂਸਪੋਰਟ ਵਾਲੇ ਯਾਰ ਬੇਲੀ। ਉਹਦੀ ਦਿਲਚਸਪੀ ਬਸ ਇਨੀ ਹੀ ਲਗਦੀ ਜਿੰਨੀ ਦੇਰ ਤੱਕ ਉਸ ਵਿਅਕਤੀ ਤੋਂ ਉਕਤਾ ਨਾ ਜਾਵੇ। ਲੰਬੀ ਦੋਸਤੀ ਜਾਂ ਹਮਦਰਦੀ ਉਸ ਲਈ ਪਲ ਭਰ ਲਈ ਸੀ। ਦੂਜੇ ਹੀ ਪਲ ਉਹ ਥੁੱਕ ਦੇਂਦਾ। ਉਹ ਦੀ ਗੱਲ ਪ੍ਰਤੀ ਕੋਈ ਕੀ ਸੋਚੇਗਾ। ਜਾਂ ਕੀ ਮਤਲਬ ਕੱਢੇਗਾ। ਇਸ ਪ੍ਰਤੀ ਨਾ ਹੀ ਉਹਨੂੰ ਚਿੰਤਾ ਸੀ ਨਾ ਹੀ ਅਫਸੋਸ। ਇਹੋ ਕਾਰਣ ਹੈ ਕਿ ਉਹ ਘਰੋਂ ਬਾਹਰ ਸੱਟਾ ਲੁਆ ਕੇ ਆਉਂਦਾ। ਸਤਵੀਰ ਦੀ ਅਜਿਹੀ ਹਾਲਤ ਵੇਖ ਕੇ ਮੇਰਾ ਕਾਲਜਾ ਮੂੰਹ ਨੂੰ ਆ ਜਾਂਦਾ। ਅੰਦਰ ਹੀ ਅੰਦਰ ਤੜਫਦੀ ਰਹਿੰਦੀ, ਕਦੀ ਆਪਣੀ ਛਾਤੀ ਕੁੱਟਦੀ ਤੇ ਬਾਲ ਪੁੱਟਦੀ। ਅਜਿਹੇ ਵੇਲੇ ਦਾ ਦੁੱਖ ਕੇਵਲ ਮੇਰਾ ਹੀ ਹੁੰਦਾ ਸੀ। ਕੇਵਲ ਮੇਰਾ।

ਉਹ ਦਿਨ ਬੜਾ ਹੀ ਕਿਆਮਤ ਦਾ ਦਿਨ ਸੀ ਜਦੋਂ ਸਤਵੀਰ ਕੋਈ ਨਸ਼ਾ ਕਰ ਕੇ ਘਰ ਆਇਆ ਸੀ। ਰੱਬ ਜਾਣੇ ਇਨੇ ਨਸ਼ੇ ਵਿਚ ਉਹਦੇ ਜਿਸਮ ਵਿਚ ਇਨੀ ਜਾਨ ਕਿੱਥੋਂ ਆ ਗਈ ਸੀ। ਪਹਿਲਾਂ ਵੀ ਉਹ ਕਈ ਵੇਰਾਂ ਆਪਣਾ ਮੂੰਹ ਮੱਥਾ ਸੁਜਾ ਕੇ ਘਰ ਆਇਆ ਸੀ। ਜ਼ੋਰ ਜ਼ੋਰ ਨਾਲ ਗੇਟ ਵਜਾਣ ਲੱਗਾ। ਅਸੀਂ ਭਾਵੇਂ ਸਤਵੀਰ ਦੀ ਤੀਵੀਂ, ਮੈਂ ਤੇ ਪੋਤੀ ਸਿਮਰਨ ਟੀ ਵੀ ਵੇਖ ਰਹੇ ਸੀ। ਸਤਵੀਰ ਦੀ ਤੀਵੀਂ ਝਟ ਉੱਠੀ ਤੇ ਗੇਟ ਖੋਲ੍ਹਿਆ। ਗੇਟ ਖੋਲ੍ਹਦੀ ਹੋਈ ਨੂੰ ਉਹ ਥੱਪੜ ਮੁੱਕੇ ਅਤੇ ਲੱਤਾਂ ਮਾਰਦਾ ਹੋਇਆ ਘਰ ਅੰਦਰ ਘਸੀਟ ਕੇ ਲੈ ਆਇਆ ਸੀ। ਜਦੋਂ ਮੈਂ ਉਹਨੂੰ ਹੌਲੀ ਬੋਲਣ ਨੂੰ ਕਿਹਾ ਤੇ ਉਹਨੇ ਮੇਰੇ ਸਿਰ ਦੇ ਵਾਲ਼ ਫੜ ਲਏ ਅਤੇ ਪੂਰੇ ਕਮਰੇ ਵਿਚ ਘਸੀਟਣ ਲੱਗ ਪਿਆ। ਗੁਆਂਢੀਆਂ ਨੇ ਆ ਕੇ ਛੜਾਇਆ। ਮੈਂ ਕਦੀ ਸਤਵੀਰ ਨੂੰ ਤੇ ਕਦੀ

ਰੋਂਦੀ ਹੋਈ ਪੋਤੀ ਅਤੇ ਨੂੰਹ ਨੂੰ ਵੇਖਦੀ ਰਹੀ। ਉਦੋਂ ਮੈਨੂੰ ਆਪਣੀਆਂ ਪੀੜਾਂ ਭੁੱਲ ਗਈਆਂ ਸੀ। ਦੂਜੇ ਹੀ ਪਲ ਸਤਵੀਰ ਕਹਿਣ ਲੱਗਾ।

"ਬੁੱਢੀਏ ਨਿਕਲ ਜਾ ਇਸ ਘਰੋਂ, ਜਾ ਕੇ ਕੋਈ ਖ਼ਸਮ ਕਰ ਲੈ।" ਕਹਿੰਦਾ ਹੋਇਆ ਮੈਨੂੰ ਧਰੂ ਕੇ ਬਾਹਰ ਖਿਚ ਕੇ ਲੈ ਗਿਆ। ਉਸ ਵੇਲੇ ਗੁਆਂਢੀ ਗਲੀ ਵਿਚ ਖਲੋਤੇ ਸੀ। ਉਂਝ ਭਾਵੇਂ ਸਤਵੀਰ ਦਾ ਅਜਿਹਾ ਕਰਨਾ ਅਚੰਭੇ ਵਾਲੀ ਗੱਲ ਨਹੀਂ ਸੀ। ਪਰ ਅੱਜ ਦਾ ਤਮਾਸ਼ਾ ਮੈਨੂੰ ਬਹੁਤਾ ਹੀ ਲਹੂ-ਲੁਹਾਨ ਕਰ ਗਿਆ ਸੀ। ਦੋ ਤਿੰਨ ਦਿਨਾਂ ਮਗਰੋਂ ਮੇਰਾ ਭਰਾ ਆ ਗਿਆ ਸੀ। ਸੁਮੀਤ ਦੀ ਕਾਰ ਵਿਚ ਉਹ ਪਹਿਲਾਂ ਮੈਨੂੰ ਡਾਕਟਰ ਪਾਸ ਲੈ ਗਏ ਸੀ। ਪੁਲਿਸ ਥਾਣੇ ਜਾਣ ਤੋਂ ਮੈਂ ਇਨਕਾਰੀ ਹੋ ਗਈ ਸੀ। ਉਸ ਦਿਨ ਮਗਰੋਂ ਮੈਂ ਕਈ ਦਿਨ ਜਿਵੇਂ ਆਪਣੀ ਸੁੱਧ ਬੁੱਧ ਖੋ ਬੈਠੀ ਸੀ ਸੁਮੀਤ ਤੇ ਮੇਰੇ ਵੀਰੇ ਨੇ ਮਿਲ ਕੇ ਕੁਝ ਕਾਗਜ਼ ਲਿਆ ਕੇ ਮੇਰੇ ਸਾਹਮਣੇ ਧਰ ਦਿੱਤੇ ਮੈਂ ਆਪਣੇ ਦਸਤਖ਼ਤ ਉਨ੍ਹਾਂ ਤੇ ਕਰ ਲਏ ਸੀ। ਸੁਮੀਤ ਦਾ ਪਾਪਾ ਪਹਿਲਾਂ ਹੀ ਆਪਣੀ ਸਹਿਮਤੀ ਦੇ ਚੁੱਕਾ ਸੀ। ਕਈ ਦਿਨਾਂ ਦੇ ਇਲਾਜ਼ ਮਗਰੋਂ ਮੈਂ ਭਾਵੇਂ ਆਪਣੀ ਪਹਿਲਾਂ ਵਰਗੀ ਸੁਰਤ ਵਿਚ ਨਹੀਂ ਸੀ ਪਰ ਹੌਲੀ ਹੌਲੀ ਨਵੇਂ ਮਾਹੌਲ ਵਿਚ ਆਪਣੇ ਆਪ ਨੂੰ ਢਾਲਣ ਲੱਗੀ ਸੀ। ਚੜ੍ਹੇ ਮਹੀਨੇ ਸਤਵੀਰ ਦੀ ਵਹੁਟੀ ਨੂੰ ਬੁਲਾ ਕੇ ਉਹਦੇ ਘਰ ਦਾ ਖਰਚ ਅਤੇ ਪੋਤੀ ਦੇ ਸਕੂਲ ਦੀ ਫੀਸ ਆਦਿ ਖਰਚ ਲਈ ਦੇ ਦੇਂਦੀ। ਸਤਵੀਰ ਗਲੀਆਂ ਨਾਲੀਆਂ ਵਿਚ ਢਹਿੰਦਾ ਰਿਹਾ। ਹੁਣ ਉਹਨੂੰ ਨਸ਼ੇ ਦੀਆਂ ਗੋਲੀਆਂ ਅਸਰ ਨਹੀਂ ਸੀ ਕਰਦੀਆਂ। ਉਹਦਾ ਸਰੀਰ ਉਹਦਾ ਸਾਥ ਦੇਣਾ ਵੀ ਛੱਡਦਾ ਜਾ ਰਿਹਾ ਸੀ। ਫਿਰ ਵੀ ਸਤਵੀਰ ਤੇ ਉਹਦੇ ਬੱਚੇ ਹਰ ਮੋੜ ਤੇ ਮੇਰੀਆਂ ਅੱਖਾਂ ਦੇ ਸਾਹਮਣੇ ਰਹਿੰਦੇ। ਸਤਵੀਰ ਦੀ ਵਹੁਟੀ ਕਿਸੇ ਪ੍ਰਾਈਵੇਟ ਸਕੂਲ 'ਚ ਪੜ੍ਹਾ ਰਹੀ ਸੀ। ਸਤਵੀਰ ਨਾ ਬਦਲਿਆ ਨਾ ਹੀ ਉਹਦੇ ਪਰਤਣ ਦੇ ਕੁਝ ਆਸਾਰ ਨਜ਼ਰ ਆ ਰਹੇ ਸੀ। ਮੈਨੂੰ ਇਸ ਗੱਲ ਦਾ ਵੀ ਅਫਸੋਸ ਸੀ ਕਿ ਭੈਣ ਦੀ ਥਾਂ ਤੇ ਮੈਂ ਭਾਵੇਂ ਰਹਿ ਰਹੀ ਸੀ, ਪਰ ਮੇਰੇ ਮਨ ਵਿਚਲੀਆਂ ਮਨਬਚਨੀਆਂ ਸਤਵੀਰ ਦੇ ਬਾਪ ਦੇ ਬਣਾਏ ਹੋਏ ਘਰ ਵਿਚ ਹੀ ਬੱਝੀਆਂ ਰਹੀਆਂ। ਉਸ ਘਰ ਦਾ ਸਫ਼ਰ ਮੇਰੀ ਆਤਮਾ ਨੂੰ ਲਹੂ ਲੁਹਾਨ ਕਰਦਾ ਸੀ। ਇੱਥੇ ਰਹਿ ਕੇ ਫਿਰ ਵੀ ਉੱਧਰ ਵੱਲ ਦਾ ਧਿਆਨ ਕਿਉਂ? ਇਹ ਗੱਲ ਮੈਨੂੰ ਬਾਰ ਬਾਰ ਕਰੇਦਦੀ ਜਾ ਰਹੀ ਸੀ।

ਸੁਮੀਤ ਦਾ ਪਾਪਾ ਟੈਸਟ ਦੀਆਂ ਰਪੋਟਾਂ ਲੈ ਕੇ ਆ ਗਿਆ ਸੀ। ਟੈਸਟ ਠੀਕ ਹੀ ਨਿਕਲੇ। ਡਾਕਟਰ ਦੀਆਂ ਹਦਾਇਤਾਂ ਬਾਰੇ ਦੱਸਣ ਲੱਗਾ ਸੀ। ਚਾਣਚੱਕ ਫੋਨ ਦੀ ਘੰਟੀ ਵੱਜੀ। ਫ਼ੋਨ ਮੇਰੇ ਵੀਰੇ ਦਾ ਸੀ। ਗੱਲ ਬਾਤ ਕਰਦਿਆਂ ਕਰਦਿਆਂ ਨਿੱਕੀਆਂ ਨਿੱਕੀਆਂ ਗੱਲਾਂ ਵੀ ਪੁੱਛਦਾ। ਪੂਰੀ ਰਿਸ਼ਤੇਦਾਰੀ ਦੀ ਖ਼ਬਰ ਰੱਖਦਾ ਸੀ। ਇਕ ਤਰ੍ਹਾਂ ਨਾਲ ਮੈਨੂੰ ਢਾਰਸ ਦੇਂਦਾ। ਮੇਰੇ ਨਾਲ ਹੋਈਆਂ ਵਧੀਕੀਆਂ ਨੂੰ ਭੁੱਲਣ ਲਈ ਪ੍ਰੇਰਦਾ। ਮੇਰੇ ਮੂੰਹੋਂ ਏਨਾ ਹੀ ਨਿਕਲਦਾ,

"ਇਹ ਜ਼ਿੰਦਗੀ ਤੇਰੇ 'ਤੇ ਸੁਮੀਤ ਦੀ ਦਿੱਤੀ ਹੋਈ ਹੈ, ਕਿਵੇਂ ਭੁੱਲ ਸਕਦੀ ਹਾਂ। ਬੀਤੀ ਜ਼ਿੰਦਗੀ ਵਿਚ ਜਿੱਥੇ ਦੁੱਖ ਹੀ ਦੁੱਖ ਸੀ। ਮੇਰੀ ਜ਼ਿੰਦਗੀ ਦਾ ਉਹ ਭਾਗ ਮੇਰੇ ਮਨ੍ਹ 'ਚੋਂ ਨਾ ਨਿਕਲਿਆ ਅਤੇ ਨਾ ਹੀ ਮੈਂ ਉਹਨੂੰ ਦੂਰ ਕਰ ਪਾਈ ਹਾਂ।" ਸਤਵੀਰ ਇਕ ਦਿਨ ਘਰ ਦੀ ਗਲੀ ਵਿਚ ਪਿਆ ਪਿਆ ਠੰਡਾ ਹੋ ਗਿਆ ਸੀ। ਇਸ ਖ਼ਬਰ ਦੇ ਨਾਲ ਹੀ ਮੈਂ ਮੁੜ ਉਸੇ ਅਵਸਥਾ 'ਚ ਜਾ ਪਈ ਸੀ ਜਿਸ ਵਿਚੋਂ ਮੇਰਾ ਭਰਾ ਅਤੇ ਸੁਮੀਤ ਮੈਨੂੰ ਕੱਢ ਕੇ ਲੈ ਆਏ ਸੀ। ਮੈਨੂੰ ਬਾਰ ਬਾਰ ਇਹੋ ਲੱਗਦਾ ਕਿ ਮੈਂ ਸੁਮੀਤ ਦੇ ਪਾਪਾ ਪਾਸ ਆ ਕੇ ਵੀ ਉਨ੍ਹਾਂ ਤੋਂ ਦੂਰ ਹੁੰਦੀ ਜਾ ਰਹੀ ਹਾਂ। ਅਜਿਹਾ ਕਿਹੜਾ ਮੋਹ ਸੀ। ਅਜਿਹੀ ਕਿਹੜੀ ਖਿੱਚ ਸੀ ਜਿਹੜੀ ਜੀਣ ਨਹੀਂ ਸੀ ਦੇ ਰਹੀ। ਜੀਤਾਂ ਦੀ ਮੌਤ ਮਗਰੋਂ ਸੁਮੀਤ ਦੇ ਦਾਦਾ ਜੀ ਮੇਰੇ ਪਾਸ ਆ ਕੇ ਕਹਿਣ ਲੱਗੇ,

"ਪ੍ਰੀਤੋ ਇੱਥੋਂ ਨਾ ਜਾ। ਰਹਿ ਜਾ ਇਸੇ ਘਰ ਵਿਚ, ਬਚੀ ਹੋਈ ਜ਼ਿੰਦਗੀ ਦੇ ਸੁਪਨੇ ਦੋਵੇਂ ਮਿਲ ਕੇ ਸੰਜੋਵੋ।"





## ਕਹਾਣੀ / ਜਿਉਂਦਾ ਰਹਿ ਵੇ ਬੱਚੜਿਆ/ - ਗੁਰਮੀਤ ਕੜਿਆਲਵੀ

***( ਗੁਰਮੀਤ ਪੰਜਾਬੀ ਦਾ ਪ੍ਰਤੀਨਿੱਧ ਕਥਾਕਾਰ ਹੈ। ਪੰਜਾਬ ਵਿਚ ਰਹਿ ਰਹੇ ਆਰਥਿਕ ਪੱਖੋਂ ਨਪੀੜੇ ਦਲਿਤ ਪਰਿਵਾਰ ਦੀ ਔਰਤ ਸੁੱਖੋ ਦੀ ਕਹਾਣੀ ਨੂੰ ਗੁਰਮੀਤ ਨੇ ਬਹੁਤ ਹੀ ਸਹਿਜ ਹੋ ਕੇ ਲਿਖਿਆ ਹੈ। ਕਹਾਣੀ ਭਾਵੇਂ ਕਰੋਨਾ ਵਾਇਰਸ ਤੋਂ ਉਤਪਨ ਹੁੰਦੀਆਂ ਗੰਭੀਰ ਸਮੱਸਿਆਵਾਂ ਤੇ ਕੇਂਦਰਤ ਹੈ ਪਰ ਕਿਤੇ ਵੀ ਵਾਇਰਸ ਵਾਲਾ ਬਿਰਤਾਂਤ ਜਬਰੀ ਘਸੋੜਿਆ ਨਹੀਂ ਲੱਗਦਾ। ਸੁੱਖੋ ਉਸ ਸਮਾਜਿਕ ਜਬਰ ਨਾਲ ਨਪੀੜ ਹੁੰਦੀ ਨਾਰੀ ਦੀ ਪ੍ਰਤੀਨਿਧਤਾ ਕਰਦੀ ਹੈ ਜਿਹੜੀ ਨਾਰੀ ਨੂੰ ਪੈਰ ਪੈਰ 'ਤੇ ਅਨਿਆ ਮਿਲਦਾ ਹੈ। )***

ਸੁੱਖੋ ਨੇ ਵਾਣ ਦੀ ਢਿਲਕਣੀ ਜਿਹੀ ਮੰਜੀ 'ਤੇ ਗੁੱਛੀਮੁੱਛੀ ਹੋਏ ਪਏ ਪੁੱਤ ਹੀਰੇ ਦੇ ਮੱਥੇ 'ਤੇ ਹੱਥ ਰੱਖ ਕੇ ਵੇਖਿਆ। ਮੱਥਾ ਭੱਠ ਵਾਂਗ ਤਪ ਰਿਹਾ ਸੀ। ਉਸ ਨੇ ਪਾਣੀ ਨਾਲ ਭਿਉਂ ਕੇ ਪੱਟੀ ਉਸਦੇ ਮੱਥੇ 'ਤੇ ਰੱਖੀ। ਦੋ ਤਿੰਨ ਵਾਰ ਹੀਰੇ ਨੂੰ ਹਲੂਣ ਹਲੂਣ ਕੇ ਜਗਾਇਆ, "ਹੀਰੇ ਪੁੱਤ ! ਮੇਰੇ ਸ਼ੇਰ—ਕਿਮੇ ਐ ਪੁੱਤ ? ਮੇਰੇ ਸੋਹਣਿਆ ਪੁੱਤਾ, ਆਵਦੀ ਬੀਬੀ ਕੰਨੀ ਵੇਖ ਅੱਖਾਂ ਚੱਕ ਕੇ।"

ਹੀਰੇ ਨੇ ਕੋਈ ਜਵਾਬ ਨਾ ਦਿੱਤਾ। ਉਹ ਉਸੇ ਤਰ੍ਹਾਂ ਬੇਸੁੱਧ ਪਿਆ ਰਿਹਾ। ਉਸ ਨੇ ਤਾਂ ਅੱਖ ਪੁੱਟ ਕੇ ਵੀ ਨਾ ਵੇਖਿਆ। ਸੁੱਖੋ ਨੇ ਹੀਰੇ ਦਾ ਸਿਰ ਚੁੱਕ ਕੇ ਪੱਟਾਂ 'ਤੇ ਰੱਖ ਲਿਆ ਤੇ ਵਾਲਾਂ 'ਚ ਪੋਲੇ ਪੋਲੇ ਹੱਥ ਮਾਰਨ ਲੱਗੀ। ਵੱਡਾ ਮੁੰਡਾ ਬੀਰਾ ਇੱਕ ਅਲਾਣੀ ਮੰਜੀ 'ਤੇ ਪਾਂ ਖਾਧੇ ਕੁੱਤੇ ਵਾਂਗ ਪਿਆ ਸੀ ਜਿਸ ਦੇ ਮੂੰਹ 'ਤੇ ਮੱਖੀਆਂ ਭਿਣਭਿਣਾ ਰਹੀਆਂ ਸਨ। ਕੁੜੀ ਪਿੰਦਰੀ ਚੁੱਲ੍ਹੇ ਕੋਲ ਬੈਠੀ ਡੈਂਬਰਿਆਂ ਵਾਂਗ ਕਦੇ ਮਾਂ ਵੱਲ ਤੇ ਕਦੇ ਬੀਰੇ ਵੱਲ ਝਾਕਣ ਲੱਗ ਜਾਂਦੀ ਸੀ।

"ਵੇ ਮੇਰੇ ਹੀਰਿਆ—ਹੂੰ ਹਾਂ ਕਰ ਪੁੱਤ। ਵੇਖ ਤੇਰੀ ਮਾਂ ਕਿਮੇ ਪਾਕਲਾਂ ਆਗੂੰ ਹੋਈ ਪਈ ਐ। ਉੱਠ ਮੇਰਾ ਲਾਲ।" ਸੁੱਖੋ ਨੇ ਹੀਰੇ ਦਾ ਸਿਰ ਛਾਤੀ ਨਾਲ ਲਾਇਆ।

"ਜੇ ਆਹ ਗੰਦੀ 'ਲਾਦ ਕਿਸੇ ਕਰਮ ਜਰਮ ਦੀ ਹੁੰਦੀ—ਆਪਣੇ ਐਨੇ ਮੰਦੜੇ ਹਾਲ ਨਾ ਹੁੰਦੇ। ਏਹ ਤਾਂ

ਪਿਉ ਨਾਲੋਂ ਵੀ ਚਾਰ ਰੱਤੀਆਂ ਉੱਤੋਂ ਦੀ ਗਿਆ।" ਸੁੱਖੋ ਨੇ ਦੋਵਾਂ ਹੱਥਾਂ ਨਾਲ ਆਪਣੇ ਮੱਥੇ ਨੂੰ ਘੁੱਟਿਆ।

"ਨੀ ਅੰਮੜੀਏ, ਕੀ ਸੋਚ ਕੇ ਮੇਰਾ ਨਾਂ ਸੁੱਖੋ ਰੱਖਿਆ ਸੀਗਾ ? ਜੇ ਰੱਖਿਆ ਈ ਸੀਗਾ ਤਾਂ ਇੱਕ ਅੱਧ ਸੁੱਖ ਵੀ ਝੋਲੀ ਪਾ ਦਿੰਦੀ।" ਸੁੱਖੋ ਅੱਖਾਂ ਤੇ ਨੱਕ 'ਚੋਂ ਵਗ ਆਏ ਪਾਣੀ ਨੂੰ ਸਿਰ ਉੱਤਲੀ ਪਾਟੀ ਪੁਰਾਣੀ ਚੁੰਨੀ ਦੇ ਲੜ ਨਾਲ ਪੂੰਝਦਿਆਂ ਹੀਰੇ ਦੀਆਂ ਲੱਤਾਂ ਬਾਹਾਂ ਘੁੱਟਣ ਲੱਗੀ।

ਸੁੱਖੋ ਨੇ ਸੱਚਮੁੱਚ ਹੀ ਇੱਕ ਦਿਨ ਵੀ ਸੁੱਖ ਦਾ ਨਹੀਂ ਸੀ ਦੇਖਿਆ। ਨਾ ਪੇਕੇ—ਨਾ ਸਹੁਰੇ। ਪੇਕਿਆਂ ਘਰ ਗਰੀਬੀ ਨਾਲ ਘੁੱਲਦੀ ਆਈ ਸੁੱਖੋ ਨੂੰ ਸਹੁਰੇ ਵੀ ਸੱਪ ਦੇ ਮੂੰਹ 'ਚ ਫਸੇ ਡੱਡੂ ਵਰਗੇ ਮਿਲੇ ਸਨ, ਗਰੀਬੀ ਦੇ ਮੂੰਹ 'ਚੋਂ ਛੁੱਟ ਜਾਣ ਲਈ ਤਰਲੇ ਮਾਰਦੇ। ਗਰੀਬੀ ਵਾਲੀ ਸਾੜਸਤੀ ਨੇ ਦੋਵਾਂ ਪਰਿਵਾਰਾਂ ਨੂੰ ਇੱਕੋ ਜਿਹਾ ਝੰਭਿਆ ਹੋਇਆ ਸੀ। ਸੁੱਖੋ ਨੂੰ ਸਹੁਰੇ ਆ ਕੇ ਕੁੱਝ ਵੀ ਵੱਖਰਾ ਮਹਿਸੂਸ ਨਹੀਂ ਸੀ ਹੋਇਆ। ਬੱਸ ਏਨਾ ਕੁ ਫਰਕ ਪਿਆ - ਉਹ ਸੁੱਖੀ ਸਾਂਦੀ 'ਆਵਦੇ ਘਰ' ਆ ਗਈ ਸੀ। ਇਸ 'ਆਵਦੇ ਘਰ' 'ਚ ਦਿਨਾਂ ਨੂੰ ਧੱਕੇ ਦਿੰਦਿਆਂ ਹੀ ਉਸਦੀ ਕੁੰਦਨ ਵਰਗੀ ਦੇਹੀ ਨੇ ਅਮਲਾਂ ਖਾਧੇ ਕੁੰਦਨ ਨੂੰ ਤਿੰਨ ਜੁਆਕ ਜੰਮ ਕੇ ਦਿੱਤੇ ਸਨ।

"ਵੇ ਬੀਰਿਆ, ਡੁੱਬੜੀ ਦਿਆ—ਵੇਖ ਲੈ ਉੱਠ ਕੇ ਬਾਹਰ। ਸ਼ੈਂਤ ਟਹਿਲੂ ਡਗਟਰ ਦੀ ਦੁਕਾਨ ਖੁੱਲ੍ਹੀ ਹੋਵੇ ? ਜੁਆਕ ਦੇ ਟੀਕਾ ਟਪੱਲਾ ਲੁਆ ਲਿਆਮਾ। ਏਹ ਤਾਂ ਜਮਾ ਸੁਰਤ ਨ੍ਹੀ ਕਰਦਾ। ਆਹ ਵੇਖ ਉਰ੍ਹੇ ਆਕੇ। ਪਿੰਡਾ ਤਾਂ ਭੱਠ ਮਾਗੂੰ ਤਪੀ ਜਾਂਦਾ। ਪੂਰੇ ਤਿੰਨ ਦਿਨ ਹੋਗੇ ਜੁਆਕ ਨੂੰ ਮੱਛੀਓ ਮਾਸ ਹੋਏ ਨੂੰ।"

"ਬਾਹਰ ਕਿੱਥੇ ਜਾਵਾਂ ? ਕੋਈ ਦੁਕਾਨ-ਦਕੂਨ ਨ੍ਹੀ ਖੁੱਲਦੀ। ਬਾਹਰ ਪੁਲਸ ਆਲੀ ਗੱਡੀ ਫਿਰਦੀ ਐ ਚਾਂਗਰਾਂ ਮਾਰਦੀ। ਪੁਲਸੀਏ ਤਾਂ ਹੂਅਤ -ਹੂਅਤ ਕਰਦੇ ਫਿਰਦੇ। ਉਦੋਂ ਈ ਪਤਾ ਲੱਗਦਾ ਜਦੋਂ ਗਿੱਟੇ ਛਾਂਗ ਦਿੰਦੇ। ਕਿਸੇ ਦੀ ਨ੍ਹੀ ਸੁਣਦੇ। ਪਰਸੋਂ ਤਾਸ਼ ਖੇਡਦੇ ਤਾਏ ਲੋਧੀ ਅਰਗੇ ਸਿਆਣਿਆਂ ਬਿਆਣਿਆਂ ਦੀ ਖੜਕੈਂਤੀ ਕਰਤੀ। ਮੈਂ ਨ੍ਹੀ ਜਾਂਦਾ-ਜੂੰਦਾ।"

ਬੀਰਾ ਮਾੜਾ ਜਿਹਾ ਮੰਜੇ ਤੋਂ ਹਿੱਲਿਆ ਤੇ ਜੁਆਬ ਦੇ ਕੇ ਫੇਰ ਮੰਜੇ 'ਤੇ ਢੇਰੀ ਹੋ ਗਿਆ। ਨਸ਼ੇ ਦੇ ਘੋਰੀ ਹੋਏ ਪਏ ਉਸਦੇ ਸਰੀਰ 'ਚ ਉੱਠਣ ਦੀ ਸੱਤਿਆ ਹੀ ਨਹੀਂ ਸੀ।

"ਵੇ ਮੈਂ ਕੱਲੀ ਕਾਰੀ ਤੀਮੀ ਮਾਨੀ ਕੀ ਕਰਾਂ ਵੇ ਮੇਰੇ ਹੀਰਿਆ ਪੁੱਤਾ—ਕਿਧਰ ਜਾਵੇ ਤੇਰੀ ਵਿਧਵਾ ਮਾਂ ? ਸਿਰੋਂ ਨੰਗੀ। ਰੱਬ ਨੇ ਦੁੱਖਾਂ ਦੇ ਸਾਰੇ ਪਹਾੜ ਸਿੱਟਤੇ ਏਸ ਕਰਮਾਂ ਮਾਰੀ 'ਤੇ। ਐਨੇ ਜੋਗੀ ਕਿੱਥੇ ਸੀਗੀ ਮੈਂ ? ਜਿਐ ਜਿਆ ਸੀਗਾ ਅਮਲੀ ਭੰਗੀ, ਸਿਰ 'ਤੇ ਤਾਂ ਬੈਠਾ ਸੀਗਾ। ਬੰਦਾ ਤਾਂ ਮਿੱਟੀ ਦਾ ਨ੍ਹੀ ਮਾਣ। ਅੱਜ ਜਿਉਂਦਾ ਹੁੰਦਾ ਸੌ ਓਹੜ ਪੋਹੜ ਕਰਦਾ।" ਸੁੱਖੋ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾਂਦੀ ਸੀ।

ਜਦੋਂ ਕੁੰਦਨ ਦੀ ਮੌਤ ਹੋਈ ਸੀ, ਕੁੜੀ ਪਿੰਦਰੀ ਸੱਤਾਂ ਅਤੇ ਬੀਰਾ ਮਸੀਂ ਪੰਜਾਂ ਸਾਲਾਂ ਦਾ ਸੀ। ਹੀਰਾ ਤਾਂ ਮਸੀਂ ਅਜੇ ਢਾਈ ਤਿੰਨ ਮਹੀਨਿਆਂ ਦਾ ਹੀ ਸੀ। ਉਦੋਂ ਉਹ ਬੱਸੀਆਂ ਵਾਲਿਆਂ ਦੇ ਤਿੰਨ ਮਹੀਨਿਆਂ ਵਾਸਤੇ ਸੀਰੀ ਰਲਿਆ ਹੋਇਆ ਸੀ। ਮੌਤ ਵਾਲੇ ਦਿਨ ਉਹਨਾਂ ਦੇ ਖੇਤ ਹੀ ਸੀ। ਕੀ ਗੱਲ ਹੋਈ ਸੀ, ਇਸ ਬਾਰੇ ਕਿਸੇ ਨੂੰ ਕੁੱਝ ਨਹੀਂ ਸੀ ਪਤਾ। ਇਹ ਤਾਂ ਜਾਂ ਬੱਸੀਆਂ ਵਾਲੇ ਜਾਣਦੇ ਸਨ ਜਾਂ ਰੱਬ। ਬੱਸੀਆਂ ਵਾਲਿਆਂ ਦੇ ਦੱਸਣ ਅਨੁਸਾਰ ਕੁੰਦਨ ਵੱਟਾਂ ਘੜਦਾ ਘੜੀ ਬਿੰਦ ਸਾਹ ਲੈਣ ਲਈ ਲੰਮਾ ਪੈ ਗਿਆ ਤੇ ਫਿਰ ਉੱਠਿਆ ਹੀ ਨਹੀਂ ਸੀ। ਇਸ ਗੱਲ ਦਾ ਸੁੱਖੋ ਨੂੰ ਅੱਜ ਤੱਕ ਵੀ ਯਕੀਨ ਨਹੀਂ ਆਇਆ। ਕੁੰਦਨ ਨਸ਼ਾ ਪੱਤਾ ਕਰਦਾ ਜ਼ਰੂਰ ਸੀ ਪਰ ਇਸ ਤਰ੍ਹਾਂ ਮਰ ਜਾਣ ਵਾਲੀ ਵੀ ਕੀ ਗੱਲ ਸੀ ?

ਮਾੜੀ ਮੋਟੀ ਚਵਾ ਚਵੀ ਜ਼ਰੂਰ ਹੋਈ ਸੀ ਪਰ ਬੱਸੀਆਂ ਵਾਲਿਆਂ ਗੱਲ ਖਿਲਰਨ ਨਹੀਂ ਸੀ ਦਿੱਤੀ। ਦਸ ਹਜ਼ਾਰ 'ਚ ਸਾਰੀ ਗੱਲ ਨਿਬੜ ਗਈ ਸੀ। ਬੱਸੀਆਂ ਵਾਲੇ ਪਿੰਡ 'ਚ ਵੱਡੀ ਧਿਰ ਸਨ ਤੇ ਪਿੰਡ ਦੇ ਬੰਦਿਆਂ ਨੇ ਜ਼ਨਾਨੀ ਨਾਲ ਨਹੀਂ ਵੱਡੀ ਧਿਰ ਨਾਲ ਹੀ ਖੜਨਾ ਸੀ।

"ਚਲੋ—ਚਲੋ—ਟੈਮ ਨਾਲ ਮਿੱਟੀ ਕਿਉਂਟੋ ।" ਆਖਦਿਆਂ ਮੋਹਤਬਰ ਬੰਦਿਆਂ ਨੇ ਅੱਗੇ ਲੱਗ ਕੇ



ਕੁੰਦਨ ਦੀ ਦੇਹ ਦਾ ਕਾਹਲੀ ਕਾਹਲੀ ਇਸ਼ਨਾਨ ਕਰਾ ਸਸਕਾਰ ਦਾ ਕੰਮ ਨਿਬੇੜ ਦਿੱਤਾ ਸੀ। ਸਸਕਾਰ ਤੋਂ ਕਈ ਦਿਨ ਬਾਅਦ ਗੱਲਾਂ ਬਾਹਰ ਨਿਕਲਣ ਲੱਗੀਆਂ ਸਨ। ਕੁੰਦਨ ਨੂੰ ਨਹਾਉਣ ਵੇਲੇ ਵਿਹੜੇ ਦੇ ਕਈ ਲੋਕਾਂ ਨੇ ਕੁੰਦਨ ਦੀ ਧੌਣ 'ਤੇ ਨੀਲ ਦੇ ਵੱਡੇ ਵੱਡੇ ਨਿਸ਼ਾਨ ਵੇਖੇ ਸਨ। ਸੁੱਖੋ ਕਰ ਵੀ ਕੀ ਸਕਦੀ ਸੀ? ਤੀਵੀਂ ਸੀ— ਉਹ ਵੀ ਇਕੱਲੀ ਕਹਿਰੀ ਤੇ ਗਰੀਬ। ਜਿਸ ਦੀ ਕੋਈ ਧਿਰ ਨਹੀਂ ਸੀ। ਗੱਲਾਂ ਜਿਵੇਂ ਬਾਹਰ ਨਿਕਲੀਆਂ ਸਨ, ਉਵੇਂ ਅੰਦਰ ਵੀ ਚਲੀਆਂ ਗਈਆਂ।

"ਅੱਜ ਤੀਆ ਦਿਨ ਹੋ ਗਿਆ...ਜਿਉਣ ਜੋਗਿਆ, ਪਾਣੀ ਦੀ ਤਿੱਪ ਤੋਂ ਬਗੈਰ ਕੁੱਛ ਵੀ ਨ੍ਹੀ ਅੰਦਰ ਗਿਆ ਤੇਰੇ। ਕੋਈ ਦੁਕਾਨ ਖੁੱਲਦੀ ਤਾਂ ਤੇਰੇ ਜੋਗਾ ਦਲੀਆ ਈ ਲੈ ਆਉਂਦੀ ਉਧਾਰ-ਸੁਧਾਰ ਕਿਸੇ ਦੁਕਾਨਦਾਰ ਦੀ ਮਿੰਨਤ ਸਪੈਦ ਕਰਕੇ।"

ਆਪਣੇ ਆਪ ਨਾਲ ਹੀ ਗੱਲਾਂ ਕਰਦੀ ਸੁੱਖੋ ਨੇ ਬਾਹਰ ਗਲੀ 'ਚ ਨਿਕਲ ਕੇ ਦੂਰ ਤੱਕ ਨਿਗਾਹ ਮਾਰੀ। ਚਾਰੇ ਪਾਸੇ ਸਿਵਿਆਂ ਵਰਗੀ ਸੁੰਨਸਾਨ ਤੇ ਡਰਾਉਣੀ ਚੁੱਪ ਵਰਤੀ ਪਈ ਸੀ। ਜਿਵੇਂ ਗਲੀਆਂ 'ਚ ਕੋਈ ਦਿਓ ਫਿਰ ਗਿਆ ਹੋਵੇ। ਕਿਸੇ ਘਰ ਦਾ ਦਰਵਾਜ਼ਾ ਖੁੱਲ੍ਹਾ ਨਹੀਂ ਸੀ। ਗਲੀ ਦੇ ਧਰਮਸ਼ਾਲਾ ਵਾਲੇ ਮੋੜ 'ਤੇ ਦੋ ਕਾਲੇ ਕੁੱਤੇ ਬੇਫਿਕਰ ਹੋਏ ਖੜੇ ਸਨ।

ਪਿੰਡ ਵਿਚਲੇ ਵੱਡੇ ਗੁਰਦੁਆਰੇ 'ਚੋਂ ਭਾਈ ਵਾਰ ਵਾਰ ਘਰਾਂ ਅੰਦਰ ਤੜੇ ਰਹਿਣ ਦੇ ਹੋਕੇ ਦੇ ਰਿਹਾ ਸੀ।

"ਭਾਈ ਆਹ ਜਿਹੜੀ ਕਰੋਨਾ ਵਾਇਰਸ ਵਾਲੀ ਨਵੀਂ ਮਹਾਂਮਾਰੀ ਚੱਲੀ ਐ ਨਾ, ਬੜੀ ਖਤਰਨਾਕ ਐ। ਇਹ ਲਾਗ ਦੀ ਬਿਮਾਰੀ ਹੈ ਭਾਈ। ਏਹਦਾ ਇਲਾਜ ਵੀ ਹੈਨੀ। ਇੱਕ ਦੂਏ ਤੋਂ ਲੱਗ ਜਾਂਦੀ ਐ। ਬਾਹਰਲੇ ਦੇਸ਼ਾਂ 'ਚ ਏਸ ਬਿਮਾਰੀ ਨਾਲ ਲੱਖਾਂ ਲੋਕ ਮਰਗੇ। ਕਿਸੇ ਨੇ ਲਾਸ਼ਾਂ ਨ੍ਹੀ ਸੰਭਾਲੀਆਂ। ਸੜਕਾਂ 'ਤੇ ਰੁਲਦੀਆਂ ਰਹੀਆਂ ਕਈ ਕਈ ਦਿਨ। ਸੋ ਭਾਈ ਲਾਗ ਵਾਲੀ ਏਸ ਬਿਮਾਰੀ ਤੋਂ ਬਚਣ ਲਈ ਇਕ ਦੂਏ ਤੋਂ ਦੂਰ ਈ ਰਹੋ। ਭਾਈ ਗੌਰਮਿੰਟ ਨੇ ਵੀ ਸਖਤ ਆਡਰ ਕਰਤੇ। ਆਵਦੇ ਆਵਦੇ ਘਰਾਂ 'ਚ ਈ ਰਹੋ। ਕੋਈ ਜੀਅ ਬਾਹਰ ਨਾ ਨਿਕਲੇ।"

"ਵਾਖਰੂ ! ਵਾਖਰੂ ! ਹੇ ਸੱਚਿਆ ਪਾਸ਼ਾਹ ਮਿਹਰ ਰੱਖੀਂ। ਠੰਡ ਵਰਤਾਈਂ। ਗਰੀਬ ਗੁਰਬੇ ਦਾ ਤਾਂ ਤੂੰ ਈ ਏਂ।" ਸੁੱਖੋ ਦੇ ਦੋਵੇਂ ਹੱਥ ਆਪ ਮੁਹਾਰੇ ਜੁੜ ਗਏ। ਬਾਹਰਲੇ ਬੂਹੇ ਦੀ ਸਿਉਂਕ ਖਾਧੀ ਚੁਗਾਠ ਨਾਲ ਢੋਅ ਲਾਈ ਉਹ ਲਾਗ ਵਾਲੀ ਬਿਮਾਰੀ ਬਾਰੇ ਸੋਚਣ ਲੱਗੀ

-ਏਹ ਲਾਗ ਆਲੀ ਬਿਮਾਰੀ ਤਕੜਿਆਂ ਨੂੰ ਈ ਹੁਣ ਚਿੰਮਟੀ ਐ । ਸਾਡੇ ਤਾਂ ਜਰਮ ਲੈਂਦਿਆਂ ਈ ਚਿੰਬੜ ਜਾਂਦੀ ਐ, ਸਾਨੂੰ ਤਾਂ ਗੁਰੂ ਘਰ ਚੌਲ ਲੈਣ ਗਿਆ ਨੂੰ ਵੀ ਦੂਰ ਬਹਾ ਦਿੰਦੇ ਸੀਗੇ।"

ਸੁੱਖੋ ਨੇ ਆ ਕੇ ਆਟੇ ਵਾਲਾ ਪੀਪਾ ਖੋਲਿਆ। ਮਸਾਂ ਦੋ ਤਿੰਨ ਡੰਗਾਂ ਦਾ ਆਟਾ ਬਚਿਆ ਸੀ। ਉਸਨੇ ਆਟੇ ਦੀਆਂ ਦੋ ਤਿੰਨ ਮੁੱਠਾਂ ਭਰ ਕੇ ਸਿਲਵਰ ਦੀ ਚਿੱਬ ਖੜਿੱਬੀ ਪਰਾਤ 'ਚ ਪਾਈਆਂ ਤੇ ਆਟਾ ਗੁੰਨਣ ਲੱਗੀ। ਕਾਹਲੀ ਨਾਲ ਮੋਟੀਆਂ ਮੋਟੀਆਂ ਦੋ ਰੋਟੀਆਂ ਲਾਹੀਆਂ। ਹੱਥ ਨਾਲ ਹਿਲਾ ਹਿਲਾ ਕੇ ਠੰਡੀਆਂ ਕੀਤੀਆਂ ਤੇ ਬਾਹਰ ਗਲੀ 'ਚ ਨਿਕਲ ਗਈ। ਦੋਵੇਂ ਕਾਲੇ ਕੁੱਤੇ ਅਜੇ ਵੀ ਗਲੀ ਦੇ ਮੋੜ 'ਤੇ ਬੇਬਾਕ ਖੜੇ ਸਨ, ਜਿਵੇਂ ਸਾਰੀ ਗਲੀ ਉਹਨਾਂ ਦੀ ਹੀ ਮਲਕੀਅਤ ਹੋਵੇ।

ਸੁੱਖੋ ਨੇ 'ਕੂਰ—ਕੂਰ' ਕਰਕੇ ਕੁੱਤਿਆਂ ਨੂੰ ਕੋਲ ਬੁਲਾਇਆ ਪਰ ਉਹਨਾਂ ਨੇ ਉਸਦੀ ਆਵਾਜ਼ ਅਣਸੁਣੀ ਕਰ ਦਿੱਤੀ। ਉਹ ਹਿੰਮਤ ਕਰਕੇ ਆਪ ਹੀ ਅੱਗੇ ਗਈ ਤੇ ਰੋਟ ਵਰਗੀਆਂ ਦੋਵੇਂ ਰੋਟੀਆਂ ਦੋਵਾਂ ਕੁੱਤਿਆਂ ਨੂੰ ਪਾਉਂਦਿਆਂ ਮਨ ਹੀ ਮਨ ਅਰਦਾਸ ਕਰਨ ਲੱਗੀ,

"ਹੇ ਬਾਬਾ ਭੈਰੋਂ, ਦੁਨੀਆਂ 'ਤੇ ਆਈ ਸਾੜਸਤੀ ਦੂਰ ਕਰ। ਤੇਰੇ ਦਰਵੇਸ਼ਾਂ ਨੂੰ ਰੋਟ ਪਾ ਦਿੱਤਾ। ਐਨੀ

ਕਰੋਪੀ ਨਾ ਵਿਖਾ। ਠੰਡ ਵਰਤਾ। ਭਲਾ ਕਰ ਸਾਰਿਆਂ ਦਾ। ਮਾਲ ਮਨੁੱਖੀਂ ਸੁੱਖ ਰੱਖ। ਤੇਰੇ ਬੱਚਿਆਂ ਤੋਂ ਸੌ ਗਲਤੀਆਂ ਭੁੱਲਾਂ ਹੋ ਜਾਂਦੀਆਂ।"

ਕੁੱਤਿਆਂ ਨੇ ਬੇਯਕੀਨੀ ਜਿਹੀ ਨਾਲ ਰੋਟੀਆਂ ਨੂੰ ਸੁੰਘਿਆ, ਮੂੰਹ ਚੁੱਕ ਕੇ ਸੁੱਖੋ ਵੱਲ ਦੇਖਿਆ ਤੇ ਫਿਰ ਦੋਵੇਂ ਰੋਟੀਆਂ ਮੂੰਹਾਂ 'ਚ ਲੈ ਪਰ੍ਹਾਂ ਟੋਭੇ ਵੱਲ ਨੂੰ ਦੌੜ ਗਏ। ਸੁੱਖੋ ਨੇ ਭੈਰੋਂ ਦਾ ਲੱਖ ਲੱਖ ਸ਼ੁਕਰਾਨਾ ਕੀਤਾ।

"ਧੀਏ, ਮੇਰੀ ਸੁਰਤ 'ਚ ਐਹੋ ਜਈ ਸਾੜਸਤੀ ਪਹਿਲੀ ਵਾਰ ਆਈ ਐ। ਥੋਡਾ ਪੜਨਾਨਾ ਦੱਸਦਾ ਹੁੰਦਾ ਸੀ ਜਿਮੇ ਹੁਣ ਆਹ ਕਰੋਨੇ ਆਲੀ ਬਿਮਾਰੀ ਫੈਲੀ ਐ, ਏਵੇਂ ਜਿਮੇ ਕੱਤੇ ਦੇ ਮੀਨ੍ਹੇ 'ਚ ਪਲੇਗ ਫੈਲਗੀ ਸੀਗੀ ਸਾਰੇ ਕਿਤੇ। ਲੋਥਾਂ ਦੇ ਢੇਰ ਲੱਗਗੇ। ਜਦੋਂ ਕਿਸੇ ਪਿੰਡ ਦਸ ਵੀਹ ਮੌਤਾਂ ਹੋ ਜਾਣੀਆਂ, ਬਾਕੀ ਪਿੰਡ ਆਲਿਆਂ ਨੇ ਪਿੰਡ ਛੱਡ ਕੇ ਅਗਾਂਹ ਤੁਰ ਜਾਣਾ। ਪਿੰਡਾਂ ਦੇ ਪਿੰਡ ਖਾਲੀ ਹੋਗੇ ਸੀਗੇ। ਮਰ ਗਿਆਂ ਨੂੰ ਕੋਈ ਨ੍ਹੀ ਸੀ ਰੋਂਦਾ। ਰੋਣ ਆਲਾ ਬਚਿਆ ਈ ਨ੍ਹੀ ਸੀ। ਬਾਰ੍ਹੀਂ ਕੋਹੀਂ ਦੀਵਾ ਜਗਦਾ ਸੀਗਾ। ਬਾਬੇ ਆਖਣਾ, ਕੁੱਤੇ ਲੋਥਾਂ ਧੂਹੀ ਫਿਰਦੇ ਸੀਗੇ ਬੀਹੀਆਂ 'ਚ। ਗਿਰਝਾਂ ਦੇ ਝੁੰਡਾਂ ਦੇ ਝੁੰਡ ਲੋਥਾਂ ਨੂੰ ਚੂੰਡਦੇ ਰਹਿੰਦੇ। ਰਿਸ਼ਤੇਦਾਰਾਂ ਨੇ ਲਾਸ਼ਾਂ ਤੱਕ ਨ੍ਹੀ ਸੀ ਸੰਭਾਲੀਆਂ। ਹੁਣ ਆਹ ਕਰੋਨੇ ਆਲੀ ਕਰੋਪੀ—ਬਾਬਾ ਨਾਨਕ ਮੇਹਰ ਰੱਖੇ।"

ਮਾਂ ਦੀਆਂ ਗੱਲਾਂ ਸੁਣ ਕੇ ਸੁੰਨ ਮਸੁੰਨ ਹੋਈ ਬੈਠੀ ਪਿੰਦਰੀ ਡਰ ਨਾਲ ਹੋਰ ਵੀ ਸੁੰਗੜ ਗਈ। ਉਸਨੂੰ ਗਲੀ ਵਿੱਚ ਰੁਲਦੀਆਂ ਫਿਰਦੀਆਂ ਲਾਸ਼ਾਂ ਵਿਖਾਈ ਦੇਣ ਲੱਗੀਆਂ।

"ਨੀ ਬੀਬੀ, ਆਪਾਂ ਕੀ ਕਰਾਂਗੇ?" ਪਿੰਦਰੀ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਮਾਂ ਨਾਲ ਕੀ ਗੱਲ ਕਰੇ। ਸੁੱਖੋ ਧੀ ਦੇ ਸਵਾਲ ਨਾਲ ਧੁਰ ਅੰਦਰ ਤੱਕ ਕੰਬ ਗਈ। ਉਸਨੂੰ ਮਹਿਸੂਸ ਹੋਇਆ ਜਿਵੇਂ ਪਿੰਦਰੀ ਨੇ ਇਹ ਗੱਲ ਮੰਜੇ 'ਤੇ ਬੇਸੁਰਤ ਹੋਏ ਪਏ ਛੋਟੇ ਭਰਾ ਵੱਲ ਵੇਖ ਕੇ ਆਖੀ ਹੋਵੇ।

-ਜੇ ਮੇਰੇ ਹੀਰੇ ਨੂੰ ਕੁੱਛ ਹੋ ਗਿਆ ?

ਸੋਚਦਿਆਂ ਸੁੱਖੋ ਦਾ ਤ੍ਰਾਹ ਨਿਕਲ ਗਿਆ। ਹੀਰੇ ਦੀ ਗਲੀਆਂ 'ਚ ਰੁਲਦੀ ਫਿਰਦੀ ਲਾਸ਼ ਉਸਦੀਆਂ ਅੱਖਾਂ ਅੱਗੇ ਘੁੰਮਣ ਲੱਗੀ।

-ਨਈਂ -ਨਈਂ... ਆਏਂ ਨ੍ਹੀ ਮੈਂ ਰੁਲਣ ਦਿੰਦੀ ਪੁੱਤ ਦੀ ਮਿੱਟੀ। ਮੈਂ ਤਾਂ ਕੰਨੇੜ੍ਹੇ ਚੁੱਕ ਕੇ ਲੈ ਜਾਊਂ ਪੁੱਤ ਨੂੰ ਸਿਵਿਆਂ 'ਚ। ਅੱਗੇ ਵੀ ਤਾਂ ਬਾਰ੍ਹਾਂ ਸਾਲਾਂ ਤੋਂ ਚੱਕੀ ਫਿਰਦੀ ਆਂ।

ਸੁੱਖੋ ਨੂੰ ਪੂਰੇ ਬਾਰ੍ਹਾਂ ਵਰ੍ਹੇ ਹੋ ਗਏ ਸਨ ਹੀਰੇ ਨੂੰ ਕੰਧੇੜੇ ਚੁੱਕੀ ਫਿਰਦਿਆਂ। ਨਿਰਾ ਹੱਡੀਆਂ ਦਾ ਪਿੰਜ਼ਰ। ਨਾ ਲੱਤਾਂ ਕੰਮ ਕਰਦੀਆਂ, ਨਾ ਬਾਹਾਂ। ਬੋਲਣ ਦੇ ਨਾਂ 'ਤੇ ਸਿਰਫ 'ਊਂ—ਊਂ -ਈਂ—ਈਂ ।ਮੰਜੇ 'ਤੇ ਹੀ ਟੱਟੀ ਪਿਸ਼ਾਬ ਕਰਦਾ। ਕੱਪੜਿਆਂ ਵਾਲੀ ਗੱਠੜੀ ਵਾਗੂੰ ਗੁੱਛੀ ਮੁੱਛੀ ਹੋਇਆ ਪਿਆ ਰਹਿੰਦਾ। ਖਾਲੀ ਖਾਲੀ ਅੱਖਾਂ ਨਾਲ ਝਾਕਦਾ। ਜਿਧਰ ਨੂੰ ਮਾਂ ਜਾਂਦੀ ਓਧਰ ਨੂੰ ਹੀ ਨਜ਼ਰਾਂ ਘੁੰਮਾ ਲੈਂਦਾ।

ਦਿਨ ਵੇਲੇ ਜਦੋਂ ਸੁੱਖੋ ਲੋਕਾਂ ਦੇ ਘਰਾਂ 'ਚ ਕੰਮ ਧੰਦਾ ਕਰਨ ਜਾਂਦੀ, ਹੀਰੇ ਦੀ ਸਾਂਭ ਸੰਭਾਲ ਪਿੰਦਰੀ 'ਤੇ ਆ ਜਾਂਦੀ। ਲੋਕਾਂ ਦੇ ਘਰਾਂ 'ਚ ਸਿਰ 'ਤੇ ਗੋਹੇ ਦੇ ਭਰੇ ਟੋਕਰੇ ਚੁੱਕਦਿਆਂ ਵੀ ਸੁੱਖੋ ਦੀ ਸੁਤਾਅ ਹੀਰੇ 'ਚ ਭਟਕਦੀ ਰਹਿੰਦੀ। ਉਹ ਕਾਹਲੀ ਕਾਹਲੀ ਕੰਮ ਨਿਬੇੜ ਘਰ ਵੱਲ ਦੌੜਦੀ।

ਦਿਨ ਵੇਲੇ ਸੁੱਖੋ ਹੱਡੀਆਂ ਦੀ ਗੱਠੜੀ ਵਰਗੇ ਹੀਰੇ ਨੂੰ ਕੰਧੇੜੇ ਚੁੱਕ ਕੇ ਏਧਰ ਓਧਰ ਲਈ ਫਿਰਦੀ।

"ਪੁੱਤ ਅਹਿ ਦੇਖ ਤੇਰੇ ਚਾਚੇ ਦਾ ਘਰ—ਅਹਿ ਤੇਰੇ ਤਾਏ ਕਿਆਂ ਦਾ। ਆਪਣੇ ਨਾਲ ਵਰਤਦੇ ਨ੍ਹੀ। ਆਪਾਂ ਗਰੀਬ ਜੂ ਹੋਏ। ਅਹਿ ਤੇਰਾ ਬਾਬਾ ਲੱਗਦਾ। ਐਧਰ ਦੇਖ, ਅਹਿ ਆਪਣੇ ਪੀਰ ਦੀ ਜਗਾ ਐ। ਬੜੀ ਸਗਤੀ ਆਲੀ ਐ। ਪੁੱਤ ਪੀਰ ਫ਼ਕੀਰ ਹਜੇ ਗੁੱਸੇ ਆ ਆਪਣੇ ਨਾਲ। ਨਜ਼ਰ ਨਿਆਜ਼ ਨ੍ਹੀ ਨਾ ਦੇ ਹੁੰਦੀ ਮੈਤੋਂ ਗਰੀਬਣੀ ਤੋਂ। ਪਰ ਕੋਈ ਨਾ ਪੁੱਤ ਘਰਬਾ ਨਾ, ਪੀਰਾਂ-ਫ਼ਕੀਰਾਂ ਦਾ ਕੀ ਪਤਾ ਹੁੰਦਾ, ਕਿਹੜੀ ਗੱਲੋਂ ਵਿੱਟਰ ਜਾਣ- ਕਿਹੜੀ ਗੱਲੋਂ ਖੁਸ਼ ਹੋ ਜਾਣ। ਗਰੀਬੀ ਦਾਵੇ ਵੀਰਵਾਰ ਦੀ ਵੀਰਵਾਰ ਚੂਰਮਾ ਚੜ੍ਹਾ ਜਾਨੀ ਆਂ।



ਔਧਰ ਦੇਖਲਾ ਪੁੱਤ, ਬਾਬੇ ਬਾਲਮੀਕ ਦਾ ਮੰਦਰ। ਐਥੇ ਦੀਵਾਲੀ ਆਲੇ ਦਿਨ ਦੀਵੇ ਜਗਾਉਨੇ ਹੁੰਨੇ ਆਂ। ਪੁੱਤ ਆਪਾਂ ਨ੍ਹੀ ਮੇਰ੍ਹ-ਤੇਰ ਕਰਦੇ ਕਿਸੇ ਬਾਬੇ ਨਾਲ। ਗੁਰਦੁਆਰੇ ਵੀ ਮੱਥਾ ਟਿਕਾ ਲਿਆਉਨੀ ਆਂ ਸੰਗਰਾਂਦ ਆਲੇ ਦਿਨ।"

ਹੀਰੇ ਨੂੰ ਮਾਂ ਦੀਆਂ ਗੱਲਾਂ ਕਿੱਥੇ ਸੁਣਦੀਆਂ ਸਨ। ਉਹ ਮਾਂ ਦੇ ਖੁੱਲ੍ਹਦੇ ਤੇ ਬੰਦ ਹੁੰਦੇ ਮੂੰਹ ਵੱਲ ਝਾਕਦਾ, "ਊਂ—ਆਂ—ਊਂ—ਆਂ?" ਕਰੀ ਜਾਂਦਾ।

ਪੁੱਤ ਨੂੰ ਕੰਧੇੜੇ ਚੁੱਕੀ ਫਿਰਦੀ ਸੁੱਖੋ ਵੱਲ ਵੇਖ ਵੇਖ ਆਂਡਣਾਂ-ਗੁਆਂਢਣਾਂ ਹੈਰਾਨ ਹੁੰਦੀਆਂ।

"ਪੁੱਤ ਤਾਂ ਪੁੱਤ ਹੁੰਦਾ ਭਾਵੇਂ ਕਿਹੋ ਜਿਆ ਈ ਹੋਵੇ। ਅੰਨ੍ਹਾ, ਲੂਲਾ, ਲੰਗੜਾ, ਗੂੰਗਾ, ਬੋਲਾ, ਸਿਧਰਾ। ਭਾਈ ਢਿੱਡ ਦੀ ਆਂਦਰ ਐ। ਨੌਂ ਮੀਨ੍ਹੇ ਪਾਲਿਆ ਢਿੱਡ 'ਚ ਰੱਖ ਕੇ।"

"ਭੈਣੇ ਬਾਂਦਰੀ ਆਵਦੇ ਮਰੇ ਬੱਚੇ ਨੂੰ ਵੀ ਹਿੱਕ ਨਾਲ ਲਾਈ ਰੱਖਦੀ। ਮਜ਼ਾਲ ਕੀ ਕਿਸੇ ਨੂੰ ਨੇੜੇ ਆਉਣ ਦੇਵੇ। ਏਹੀ ਹਾਲ ਆਪਣੀ ਸੁੱਖੋ ਦਾ। ਜੁਆਕ ਦੇ ਅੰਗ ਪੈਰ ਵੀ ਪੂਰੇ ਹੈਨ੍ਹੀ। ਨਾ ਸੁਣਦਾ—ਨਾ ਬੋਲਦਾ। ਡਮਾਕ ਉਹਦਾ ਸਾਲ ਦੋ ਸਾਲਾਂ ਦੇ ਜੁਆਕ ਅਰਗਾ।"

"ਨੀ ਚਾਚੀ, ਧੰਨ ਆ ਸੁੱਖੋ। ਕੈਅ ਵਰ੍ਹੇ ਹੋਗੇ ਚੱਕੀ ਫਿਰਦੀ ਮਾਸ ਦੇ ਲੋਥੜੇ ਨੂੰ। ਹੱਥੀਂ ਟੱਟੀ ਪਿਸ਼ਾਬ ਚੱਕਦੀ ਪਰ ਮਜ਼ਾਲ ਕੀ ਮੱਥੇ ਵੱਟ ਪੈਜੇ। ਮੂੰਹ ਸੁੱਕਦਾ ਮੇਰਾ ਹੀਰਾ ਪੁੱਤ—ਮੇਰਾ ਹੀਰਾ ਪੁੱਤ ਕਰਦੀ ਦਾ।"

ਸੁੱਖੋ ਨੇ ਸਿਰ ਉਤਲੀ ਲੱਠੇ ਦੀ ਘਸਮੈਲੀ ਜਿਹੀ ਚੁੰਨੀ ਨਾਲ ਹੀਰੇ ਦੇ ਮੂੰਹ 'ਚੋਂ ਵਗ ਆਈਆਂ ਰਾਲਾਂ ਨੂੰ ਸਾਫ਼ ਕੀਤਾ। ਵਿਹੜੇ 'ਚ ਲੱਗੀ ਬਰਕੈਨ ਤੋਂ ਚਿੜੀ ਦਾ ਨਵਜੰਮਿਆ ਬੋਟ ਭੁੰਜੇ ਆ ਡਿੱਗਾ ਸੀ। ਚਿੜੀ ਬੋਟ ਕੋਲ ਆਣ ਹਊ ਵਿਰਲਾਪ ਕਰਨ ਲੱਗੀ। ਸੁੱਖੋ ਦੇ ਦਿਲ ਨੂੰ ਖੋਹ ਪੈਣ ਲੱਗੀ। ਉਸ ਨੇ ਭੱਜ ਕੇ ਚਿੜੀ ਦੇ ਬੋਟ ਨੂੰ ਚੁੱਕਿਆ ਅਤੇ ਮੰਜੇ 'ਤੇ ਚੜ ਕੇ ਆਲ੍ਹਣੇ 'ਚ ਟਿਕਾ ਦਿੱਤਾ। ਸੁੱਖੋ ਨੂੰ ਮਹਿਸੂਸ ਹੋਇਆ ਜਿਵੇਂ ਚਿੜੀ ਨੇ ਉਸ ਵੱਲ ਮੋਹ ਤੇ ਸ਼ੁਕਰਾਨੇ ਭਰੀਆਂ ਅੱਖਾਂ ਨਾਲ ਵੇਖਿਆ ਹੋਵੇ।

"ਬੀਬੀ, ਕਿੰਨੇ ਦਿਨ ਚੱਲੂ ਏਹ ਬਿਮਾਰੀ ? ਆਪਣੇ ਤਾਂ ਆਟਾ ਵੀ ਮਸਾਂ ਦੋ ਡੰਗਾਂ ਦਾ ਈ ਹੋਊ।"

ਸੁੱਖੋ ਨੇ ਪਿੰਦਰੀ ਦੇ ਪਿਚਕ ਗਏ ਮੂੰਹ ਵੱਲ ਵੇਖਿਆ। ਉੱਥੇ ਡਰ ਦੀ ਸ਼ਾਹ ਕਾਲੀ ਲਕੀਰ ਡੇਰਾ ਲਾਈ ਬੈਠੀ ਸੀ।

"ਬੀਬੀਏ, ਹਵੇਲੀ ਵਾਲਿਆਂ ਕੰਮ ਤੋਂ ਕਿਉਂ ਜਵਾਬ ਦੇਤਾ ? ਤੇਰੇ ਤਾਂ ਹੱਥ ਈ ਬਾਹਲੇ ਸਚਿਆਰੇ ਐ। ਤੇਰੇ ਲਾਏ ਪੋਚੇ ਆਲੀ ਫਰਸ਼ 'ਚੋਂ ਤਾਂ ਭਾਮੇ ਮੂੰਹ ਵੇਖਲੋ। ਨਾਲੇ ਬੀਬੀ, ਹੁਣ ਉਹਨਾਂ ਦੇ ਝਾੜੂ ਪੋਚਾ ਕੌਣ ਲਾਉਂਦਾ ਹੋਊ? ਸਰਦਾਰਨੀਆਂ ਨੇ ਤਾਂ ਕਦੇ ਆਵਦੇ ਹੱਥ ਨਾਲ ਚੱਕ ਕੇ ਪਾਣੀ ਦਾ ਗਲਾਸ ਨ੍ਹੀ ਪੀਤਾ ਹੋਣਾ।"

"ਪਿੰਦਰੀ ਧੀਏ, ਦੁਨੀਆਂ ਡਰੀ ਖਲੋਤੀ ਕਰੋਨੇ ਆਲੀ ਬਿਮਾਰੀ ਤੋਂ। ਹਵੇਲੀ ਆਲੇ ਵੀ ਡਰਦੇ ਕਿਤੇ ਮੈਂ ਲਾਗ ਆਲੀ ਬਿਮਾਰੀ ਨਾ ਲੈਜਾਂ ਉਨ੍ਹਾਂ ਦੇ ਘਰੇ।"

"ਆਏਂ ਬਿਮਾਰੀ ਕਿਮੇ ਵੜਜੂ ਸਰਦਾਰਾਂ ਘਰੇ? ਐਡੀ ਵੱਡੀ ਹਵੇਲੀ 'ਚ ? ਅੰਦਰ ਜਾਣ ਵਾਸਤੇ ਤਿੰਨ ਤਿੰਨ ਤਾਂ ਬੂਹੇ ਲੰਘਣੇ ਪੈਂਦੇ। ਨਾਲੇ ਐਨੀਆਂ ਤਾਂ ਰਫ਼ਲਾਂ ਅਗਲਿਆਂ ਕੋਲ।"

"ਹੁਣ ਭਾਈ ਕੁੜੀਏ ਮੈਨੂੰ ਕੀ ਪਤਾ ਨਪੜ ਨੂੰ। ਬਿਮਾਰੀ ਕਿਮੇ ਵੜਜੂ, ਕਿੱਥੋਂ ਦੀ ਵੜਜੂ ? ਮੈਨੂੰ ਤਾਂ ਐਨਾ ਪਤਾ, ਡਰੀਓ ਜਾਂਦੇ ਬਾਹਲੇ ਈ। ਮੈਨੂੰ ਤਾਂ ਲੱਗਦਾ ਅਗਲਿਆਂ ਨੇ ਡਰਦਿਆਂ ਰਫ਼ਲਾਂ ਵੀ ਪੇਟੀਆਂ 'ਚ ਸਾਂਭਤੀਆਂ ਹੋਣੀਆਂ। ਵੱਡੀਆਂ ਵੱਡੀਆਂ ਗੱਡੀਆਂ ਵੀ ਖੜੀਆਂ ਕਬਾੜ ਬਣੀ ਜਾਂਦੀਆਂ। ਜਿਹੜੀਆਂ ਸਰਦਾਰਨੀਆਂ ਸਵੇਰੇ ਸਾਝਰੇ ਈ ਬਣ ਠਣ ਕੇ ਬਹਿ ਜਾਂਦੀਆਂ ਸੀਗੀਆਂ ਮੇਮਾਂ ਬਣਕੇ, ਮੂੰਹ ਤੋਂ ਮੱਖੀ ਨ੍ਹੀ ਉੱਡਦੀ ਵੱਡੀਆਂ ਰਕਾਨਾਂ ਦੇ।"

ਆਖਦਿਆਂ ਸੁੱਖੋ ਹਵੇਲੀ ਵਾਲਿਆਂ ਬਾਰੇ ਸੋਚਣ ਲੱਗੀ ਸੀ। ਉਹ ਤਾਂ ਸੋਚ ਕੇ ਹੈਰਾਨ ਸੀ ਕਿ ਉੱਚੀਆਂ ਉੱਚੀਆਂ ਕੰਧਾਂ ਹੋਣ ਦੇ ਬਾਵਜੂਦ ਵੀ ਹਵੇਲੀ ਵਾਲੇ ਕਿਉਂ ਡਰੀ ਜਾਂਦੇ ਸਨ। ਆਪਣੇ ਆਪ ਖੁੱਲਣ ਤੇ ਬੰਦ ਹੋ ਜਾਣ ਵਾਲੇ ਬੂਹਿਆਂ ਦੇ ਹੁੰਦਿਆਂ ਤਾਂ ਕਦੇ ਮੱਖੀ ਮੱਛਰ ਨੇ ਵੀ ਅੰਦਰ ਜਾਣ ਦੀ ਜ਼ੁਰਅਤ ਨਹੀਂ ਸੀ ਕੀਤੀ।

"ਬੀਬੀਏ ! ਤੂੰ ਆਪ ਈ ਤੇ ਆਹਨੀ ਹੁੰਨੀ, ਹਵੇਲੀ ਆਲੇ ਤਾਂ ਬਾਹਲੇ ਈ ਅਮੀਰ ਆ। ਉਹ ਫਿਰ ਐਮੇ ਡਰੀ ਜਾਂਦੇ ਬਿਮਾਰੀ ਤੋਂ?"

"ਕੁੜੀਏ, ਏਹ ਬਿਮਾਰੀ ਅਮੀਰਾਂ ਨੂੰ ਈ ਬਾਹਲੀ ਪੈਂਦੀ ਐ। ਜਿੰਨਾ ਕੋਈ ਬਾਹਲਾ ਅਮੀਰ ਐ, ਓਨਾ ਵੱਧ ਡਰੀ ਜਾਂਦੈ।"

ਸੁੱਖੋ ਨੇ ਬਰਕੈਨ 'ਤੇ ਬਣੇ ਆਲ੍ਹਣੇ ਵੱਲ ਵੇਖਿਆ। ਚਿੜੀ ਬੋਟ ਦੇ ਮੂੰਹ 'ਚ ਚੋਗਾ ਪਾ ਰਹੀ ਸੀ। ਸੁੱਖੋ ਦੇ ਦਿਲ ਨੰ ਹੌਲ ਪੈਣ ਲੱਗਾ। ਹੀਰੇ ਨੂੰ ਖੁਆਉਣ ਲਈ ਤਾਂ ਘਰ 'ਚ ਦਲੀਆ ਵੀ ਨਹੀਂ ਸੀ। ਚੌਲ ਵੀ ਨਹੀਂ ਸਨ ਜਿਸ ਨਾਲ ਖਿਚੜੀ ਬਣਾ ਕੇ ਖਵਾ ਦਿੰਦੀ। ਸੁੱਖੋ ਨੂੰ ਹਵੇਲੀ ਵਾਲੇ ਸਰਦਾਰਾਂ 'ਤੇ ਗੁੱਸਾ ਆਇਆ ਜਿੰਨ੍ਹਾਂ ਨੇ ਉਸ ਨੂੰ ਖੜੇ ਪੈਰ ਕੰਮ ਤੋਂ ਜਵਾਬ ਦੇ ਦਿੱਤਾ ਸੀ। ਉਸ ਦਿਨ ਵੀ ਉਹ ਹਰ ਰੋਜ ਵਾਂਗ ਸਾਝਰੇ ਕੰਮ 'ਤੇ ਗਈ ਸੀ। ਸਫ਼ਾਈ ਕਰਨ ਲਈ ਉਸ ਨੇ ਅਜੇ ਹੱਥ 'ਚ ਝਾੜੂ ਫੜਿਆ ਹੀ ਸੀ ਕਿ ਸਰਦਾਰਨੀ ਨੇ ਪੋਲੇ ਜਿਹੇ ਮੂੰਹ ਨਾਲ ਆਖਿਆ ਸੀ,

"ਸੁੱਖੋ, ਤੂੰ ਭਾਈ ਆਹ ਦਸ ਵੀਹ ਦਿਨ ਨਾ ਈ ਆਈਂ। ਆਹ ਬਿਮਾਰੀ-ਠਮਾਰੀ ਜ੍ਹੀ ਦੇ ਦਿਨ ਲੰਘ ਜਾਣਦੇ। ਕੰਮ ਦਾ ਨਾ ਫ਼ਿਕਰ ਕਰੀਂ ਵ੍ਹੀ ਸਰਦਾਰਨੀ ਕਿਵੇਂ ਕਰੂ। ਅਸੀਂ ਆਪੇ ਸਾਰ ਲਾਂਗੀਆਂ ਔਖੇ ਸੌਖੇ। ਮੈਂ ਤਾਂ ਆਹਨੀ ਆਂ ਤੂੰ ਹੋਰਾਂ ਘਰਾਂ 'ਚ ਵੀ ਨਾ ਜਾਇਆ ਕਰ। ਰਮਾਨ ਨਾਲ ਘਰੇ ਬੈਠ। ਕਰੋਨੇ ਵਾਲੀ ਬਿਮਾਰੀ ਤਾਂ ਬਾਹਲੀ ਚੰਦਰੀ ਆ। ਪਤਾ ਨ੍ਹੀ ਲੱਗਦਾ ਕੀਹਦੇ ਤੋਂ ਲੱਗ ਜਾਣੀ। ਕੇਰਾਂ ਠੰਡ ਠੰਡੋਰਾ ਜਿਆ ਹੋਜੇ, ਫੇਰ ਆ ਜਿਆ ਕਰੀਂ ।"

ਸਾਰਾ ਕੁੱਝ ਅਚਾਨਕ ਵਾਪਰਿਆ ਸੀ ਜਿਸ ਲਈ ਸੁੱਖੋ ਮਾਨਸਿਕ ਤੌਰ 'ਤੇ ਤਿਆਰ ਹੀ ਨਹੀਂ ਸੀ। ਇਸੇ ਕਰਕੇ ਸਰਦਾਰਨੀ ਤੋਂ ਘਰ ਦੀ ਲੋੜ ਵਾਸਤੇ ਪੈਸਾ ਧੇਲਾ ਜਾਂ ਸਮਾਨ ਵੀ ਨਹੀਂ ਸੀ ਮੰਗ ਸਕੀ। ਉਹ ਝਾੜੂ ਉੱਥੇ ਹੀ ਰੱਖ ਉੱਲਟੇ ਪੈਰੀਂ ਵਾਪਸ ਆ ਗਈ ਸੀ।

"ਥੋਨੂੰ ਕੀ ਪਤਾ ਵੱਡੀਆਂ ਸਿਆਣੀਆਂ ਨੂੰ ? ਆਵਦੀਆਂ ਮਾਰੀ ਜਾਨੀਓਂ। ਇਹ ਬਿਮਾਰੀ ਤਾਂ ਬਾਹਰਲੇ ਮੁਲਕਾਂ 'ਚੋਂ ਆਈ ਐ ਜੁਆਜਾਂ ਰਾਹੀਂ। ਕਦੇ ਖਵਰਾਂ ਸੁਣੀਆਂ ਹੋਣ ਤਾਂ ਪਤਾ ਚੱਲੇ। ਸਾਰੇ ਲੋਕ ਤਾਂ ਰੌਲਾ ਪਾਈ ਜਾਂਦੇ। ਗੁਰਦੁਆਰੇ 'ਚੋਂ ਵੀ ਲੌਂਸਮੈਂਟ ਹੋਈ ਸੀ।" ਬੀਰੇ ਦੀ ਆਵਾਜ਼ ਨੇ ਸੁੱਖੋ ਦੀਆਂ ਯਾਦਾਂ ਦੀ ਲੜੀ ਤੋੜ ਦਿੱਤੀ ਸੀ। ਮੰਜੀ 'ਤੇ ਮੂਧੇ ਮੂੰਹ ਪਏ ਬੀਰੇ ਨੇ ਸਿਰ ਉੱਤੇ ਚੁੱਕਿਆ ਸੀ।

"ਬਿਮਾਰੀਆਂ ਤਾਂ ਲਿਆਉਂਦੇ ਈ ਜੁਆਜਾਂ ਆਲੇ ਐ। ਭੁੱਖ ਵੀ ਜੁਆਜਾਂ ਆਲੇ ਲਿਆਉਂਦੇ। ਸਾਡੇ ਅਰਗਿਆਂ ਨੇ ਕੀ ਲਿਆਉਣੈ ? ਕੋਈ ਪਾਣੀ ਆਲੇ ਜੁਆਜ 'ਤੇ ਚੜ੍ਹ ਆਉਂਦਾ—ਕੋਈ ਹਵਾ 'ਚ ਉੱਡਣ ਆਲੇ ਜੁਆਜ 'ਤੇ। ਗਰੇਜ਼ ਵੀ ਤਾਂ ਪਾਣੀ ਆਲੇ ਜੁਆਜਾਂ 'ਚ ਈ ਚੜ੍ਹਕੇ ਆਏ ਸੀਗੇ। ਥੋਡੇ ਪੜਨਾਨੇ ਨੇ ਆਖਣਾ-ਹੁਣ ਆਲੇ ਰਾਜਿਆਂ ਨਾਲੋਂ ਤਾਂ ਗਰੇਜ਼ ਈ ਚੰਗੇ ਸੀਗੇ। ਖਵਰੇ ਚੰਗੇ ਈ ਹੋਣ ?" ਸੁੱਖੋ ਨੇ ਆਪਣੇ ਨਾਨੇ ਵੱਲੋਂ ਦੱਸੀਆਂ ਗੱਲਾਂ ਯਾਦ ਕਰਦਿਆਂ ਬੀਰੇ ਦੀ ਗੱਲ ਦਾ ਜਵਾਬ ਦਿੱਤਾ ਸੀ। ਉਸਦੇ ਨਾਨੇ ਨੇ ਆਜ਼ਾਦੀ ਤੋਂ ਪਹਿਲਾਂ ਕਚਿਹਰੀਆਂ 'ਚ ਕਾਂਗਰਸ ਦਾ ਝੰਡਾ ਚੁੱਕਣ ਕਰਕੇ ਕੁੱਝ ਦਿਨ ਜੇਲ੍ਹ ਕੱਟੀ ਸੀ।

ਪਿੰਦਰੀ ਨੇ ਮਾਂ ਨੂੰ ਬਰਕੈਨ ਵੱਲ ਵੇਖਣ ਦਾ ਇਸ਼ਾਰਾ ਕੀਤਾ। ਕਿੰਨੀਆਂ ਹੀ ਰੰਗ ਬਿਰੰਗੀਆਂ



ਨਿੱਕੀਆਂ ਨਿੱਕੀਆਂ ਚਿੜੀਆਂ ਬਰਕੈਨ ਦੀਆਂ ਟਾਹਣੀਆਂ 'ਤੇ ਆ ਬੈਠੀਆਂ ਸਨ। 'ਚੁਅਰ—ਚੁਅਰ' ਕਰਦੀਆਂ ਨਿੱਕੇ ਨਿੱਕੇ ਪੂੰਛਿਆਂ ਵਾਲੀਆਂ ਮਟਮੈਲੀਆਂ ਤੇ ਗੂੜ੍ਹੇ ਨੀਲੇ ਰੰਗ ਦੀਆਂ ਚਿੜੀਆਂ ਚਿੜਚੋਲੜ ਪਾਈ ਜਾਂਦੀਆਂ ਸਨ। ਟਾਹਣੀਆਂ ਦੇ ਹਿੱਲਣ ਨਾਲ ਬਰਕੈਨ ਦੇ ਪੀਲੇ ਪੈ ਚੁੱਕੇ ਪੱਤੇ ਝੜ ਕੇ ਥੱਲੇ ਡਿੱਗਦੇ ਜਾ ਰਹੇ ਸਨ। ਥੋੜੇ ਚਿਰ ਬਾਅਦ ਦੋ ਤਿੰਨ ਚਿੜੀਆਂ ਉੱਡ ਕੇ ਉਹਨਾਂ ਦੇ ਢਹਿ ਰਹੇ ਕੋਠੇ ਦੇ ਬਨੇਰੇ 'ਤੇ ਜਾ ਬੈਠੀਆਂ। ਦੂਰ ਕਿਸੇ ਰੁੱਖ 'ਤੇ ਬੈਠੀ ਕੋਇਲ ਦੇ ਗਾਉਣ ਦੀ ਆਵਾਜ਼ ਇਉਂ ਲੱਗ ਰਹੀ ਸੀ, ਜਿਵੇਂ ਕੋਈ ਮੁਟਿਆਰ ਸੁਹਾਗ ਗਾ ਰਹੀ ਹੋਵੇ। ਕਿੰਨੇ ਹੀ ਪੰਛੀਆਂ ਦੀਆਂ ਆਵਾਜ਼ਾਂ ਹਵਾ 'ਚ ਘੁੱਲ ਗਈਆਂ ਸਨ। ਟਟੀਹਰੀ ਦੀ 'ਟਿਰ ਟਿਰ' ਅਤੇ ਧਰਮਸ਼ਾਲਾ ਦੇ ਪਿੱਪਲ 'ਤੋਂ ਮੋਰ ਦੀ "ਕਿਆਊਂ-ਕਿਆਊਂ" ਆਪਸ ਵਿੱਚ ਰਲਗੱਡ ਹੋਕੇ ਬੜਾ ਪਿਆਰਾ ਸੰਗੀਤ ਸਿਰਜ ਰਹੀਆਂ ਸਨ। ਪਿੰਦਰੀ ਹੋਰਾਂ ਨੇ ਬੜੇ ਚਿਰ ਬਾਅਦ ਅਜਿਹੀਆਂ ਆਵਾਜ਼ਾਂ ਸੁਣੀਆਂ ਸਨ।

"ਨੀ ਬੀਬੀਏ, ਜਨੌਰ ਬੋਲਦੇ ਕਿੰਨੇ ਪਿਆਰੇ ਲੱਗਦੇ। ਜਣੀਦਾ ਮਿੱਠੇ ਮਿੱਠੇ ਗੀਤ ਈ ਗਾਈ ਜਾਂਦੇ। ਮੇਰਾ ਤਾਂ ਜੀਅ ਕਰਦਾ ਆਏਂ ਬੈਠੀ ਸੁਣੀ ਜਾਵਾਂ। ਅੱਗੇ ਤਾਂ ਵੱਡੇ ਘਰਾਂ ਦੀਆਂ ਜੀਪਾਂ-ਕਾਰਾਂ ਦਾ ਰੌਲਾ ਹੀ ਸੁਣਦਾ ਹੁੰਦਾ ਸੀ। ਪੀਂਅ ਪੀਂਅ -ਪੌਂ ਪੌਂ। ਜਏ ਖਾਣੇ ਦੇ ਲੋਕ ਏਹਨਾਂ ਗਰੀਬ ਜੀਆਂ ਨੂੰ ਤਾਂ ਬੋਲਣ ਈ ਨ੍ਹੀ ਸੀ ਦਿੰਦੇ।"

ਸੁੱਖੋ ਹੈਰਾਨੀ ਨਾਲ ਪਿੰਦਰੀ ਦੇ ਮੂੰਹ ਵੱਲੀਂ ਵੇਖਣ ਲੱਗੀ ਜਿਵੇਂ ਧੀ ਤੋਂ ਐਡੀ ਵੱਡੀ ਗੱਲ ਦੀ ਉਮੀਦ ਹੀ ਨਾ ਹੋਵੇ।

"ਗਰੀਬ ਜੀਆਂ ਨੂੰ ਬੋਲਣ ਕੌਣ ਦਿੰਦਾ ਧੀਏ? ਗਰੀਬ ਲੋਕ ਤਾਂ ਉਦੋਂ ਈ ਬੋਲਦੇ ਜਦੋਂ ਕੁਜਰਤ ਆਵਦੇ ਰੰਗਾਂ 'ਤੇ ਆਜੇ। ਤਕੜੇ ਲੋਕ ਤਾਂ ਉਦੋਂ ਖੁੱਡਾਂ 'ਚ ਲੁੱਕ ਜਾਂਦੇ।"

ਵਿਹੜੇ 'ਚ ਛਾਲਾਂ ਮਾਰਦੀ ਫਿਰਦੀ ਗਾਲੜ੍ਹ ਵੱਲ ਵੇਖਦਿਆਂ ਇੱਕ ਵਾਰ ਤਾਂ ਸੁੱਖੋ ਦੇ ਚਿਹਰੇ 'ਤੇ ਖੁਸ਼ੀ ਦੀ ਹਲਕੀ ਜਿਹੀ ਪਰਤ ਫਿਰ ਗਈ। ਗਾਲੜ੍ਹਾਂ ਨਾਲ ਉਸਦੇ ਹੀਰੇ ਪੁੱਤ ਦਾ ਖਾਸਾ ਈ ਮੋਹ ਸੀ। ਵਿਹੜੇ 'ਚ ਟਪੂਸੀਆਂ ਮਾਰਦੀਆਂ ਫਿਰਦੀਆਂ ਗਾਲੜ੍ਹਾਂ ਨੂੰ ਵੇਖ ਕੇ ਉਹ ਖੁਸ਼ ਹੋ "ਊਂਅ-ਯਾਂਅ—ਊਂ—ਈਂ" ਕਰਦਾ ਪਲਸੇਟੇ ਮਾਰਨ ਲੱਗਦਾ ਸੀ। ਸੁੱਖੋ ਰੋਟੀ ਦੇ ਛੋਟੇ ਛੋਟੇ ਟੁਕੜੇ ਕਰਕੇ ਉਸਦੇ ਮੰਜੇ ਦੇ ਆਲੇ-ਦੁਆਲੇ ਖਿਲਾਰ ਦਿੰਦੀ। ਰੋਟੀ ਦੇ ਨਿੱਕੇ ਟੁਕੜੇ ਨੂੰ ਅਗਲੇ ਦੋਵੇਂ ਪਹੁੰਚਿਆਂ 'ਚ ਫੜਕੇ ਮੂੰਹ ਨਾਲ 'ਕੁਰਚ-ਕੁਰਚ' ਕਰਦੀਆਂ ਗਾਲੜ੍ਹਾਂ ਨੂੰ ਵੇਖ ਕੇ ਹੀਰੇ ਨੂੰ ਅਗੰਮੀ ਖੁਸ਼ੀ ਚੜ ਜਾਂਦੀ।

ਸੁੱਖੋ ਦਾ ਜੀਅ ਕੀਤਾ ਵਿਹੜੇ 'ਚ ਫਿਰਦੀ ਗਾਲੜ੍ਹ ਨੂੰ ਆਖੇ, "ਨ੍ਹੀ ਭੈਣੇ, ਉਠਾ ਲੈ ਆਵਦੇ ਹੀਰੇ ਨੂੰ। ਕਿੰਨੇ ਦਿਨਾਂ ਦਾ ਬੇਸੁੱਧ ਹੋਇਆ ਪਿਆ। ਅੱਖ ਨ੍ਹੀ ਪੱਟੀ ਜਿਉਣ ਜੋਗੇ ਨੇ। ਥੋਡੇ ਨਾ ਤਾਂ ਬਲਾਈ ਖੇਡਦਾ ਹੁੰਦਾ। ਥੋਡਾ ਦਿਲ ਨ੍ਹੀ ਘਟਦਾ ਉਹਨੂੰ ਆਏਂ ਪਏ ਨੂੰ ਵੇਖਕੇ ? ਕਰਮਾਂ ਵਾਲੀਏ ਉਠਾ ਲੈ ਉਹਨੂੰ ਬਾਹੋਂ ਫੜਕੇ। ਆਖ-ਚੱਲ ਉੱਠ ਖੇਡੀਏ ਦੋਵੇਂ।"

"ਨੀ ਬੀਬੀ, ਨਾਲੇ ਕਹਿੰਦੇ ਸੀਗੇ ਗਰੀਬਾਂ ਨੂੰ ਰਾਸ਼ਨ ਵੰਡਣਾ।" ਪਿੰਦਰੀ ਦੇ ਸਵਾਲ ਨੇ ਸੁੱਖੋ ਨੂੰ ਖਿਆਲਾਂ 'ਚੋਂ ਬਾਹਰ ਕੱਢਿਆ।

"ਉਹਨਾਂ ਨੂੰ ਵੰਡਿਆ ਹੋਊ ਜਿਹੜੇ ਗਰੀਬ ਹੋਣਗੇ। ਆਪਾਂ ਪੁੱਤ ਗਰੀਬ ਨ੍ਹੀ ਹੋਣੇ ਅਗਲਿਆਂ ਦੀ ਨਿਗਾਹ 'ਚ। ਬਥੇਰਾ ਰਾਸ਼ਨ ਪਾਣੀ ਵੰਡਿਆ ਆਵਦੇ ਸੂਤ ਬਾਤ ਆਲਿਆਂ ਨੂੰ। ਧੀਏ ਸਾਰੇ ਭਰਿਆਂ ਨੂੰ ਈ ਭਰਦੇ।"

"ਭਾਲਦੇ ਰਾਅਛਨ। ਉਦੋਂ ਤਾਂ ਬੋਲਣ ਲੱਗੀ ਅੱਗਾ ਪਿੱਛਾ ਨ੍ਹੀ ਵੇਂਹਦੀ। ਕੀ ਲੋੜ ਸੀ ਤੈਅਨੂੰ ਸਰਪੈਂਚ ਨਾਲ ਉੱਚਾ ਨੀਵਾਂ ਬੋਲਣ ਦੀ? ਅਗਲਾ ਹੁਣ ਤਾਈਂ ਖੁੰਦਕ ਰੱਖਦਾ। ਮੈਅਨੂੰ ਕਈ ਵੇਰੀ ਸੁਣਾਈ

ਕੀਤੀ ਅਕੇ ਥੋਡੀ ਬੀਬੀ ਦਾ ਮੂੰਹ ਕੁਹਾੜੇ ਨਾਲ ਪਾਟਿਆ।" ਨਸ਼ੇ ਦੀ ਤੋਟ ਦਾ ਭੰਨ੍ਹਿਆ ਬੀਰਾ ਫੇਰ ਮੰਜੇ 'ਤੇ ਉੱਠ ਬੈਠਾ ਸੀ।

"ਹਾਔ ਭਾਈ, ਮੇਰਾ ਮੂੰਹ ਤਾਂ ਆਪੇ ਕੁਹਾੜੇ ਨਾਲ ਪਾਟਿਆ, ਸੱਚੀਆਂ ਜੋ ਸੁਣਾਤੀਆਂ ਸੀਗੀਆਂ ਤੇਰੇ ਸਰਪੈਂਚ ਨੂੰ। ਸੱਚੀ ਗੱਲ 'ਤੇ ਕੀਹਨੂੰ ਨ੍ਹੀ ਮਿਰਚਾਂ ਲੱਗਦੀਆਂ? ਮੈਂ ਕੋਈ ਝੂਠ ਆਖਿਆ ਸੀਗਾ ? ਏਹਦੇ 'ਚ ਕੀ ਗਲਤ ਆਖਤਾ ਵ੍ਹੀ ਸਰਪੈਂਚਾ ਨਰੇਗਾ ਦਾ ਕੰਮ ਸਾਰਿਆਂ ਨੂੰ ਵੰਡ ਕੇ ਦਿਆ ਕਰ। ਆਵਦੇ ਲਿਹਾਜ਼ੀਆਂ ਨੂੰ ਤਾਂ ਕੰਮ ਦੇਈ ਜਾਊ, ਮੇਰੇ ਅਰਗਿਆਂ ਆਰੀ ਆਖੂ-ਕੰਮ ਹੈਨੀ, ਕੰਮ ਹੈਨੀ। ਸਾਨੂੰ ਕਿਤੇ ਪਤਾ ਨ੍ਹੀ ਕਾਗਤਾਂ 'ਚ ਈ ਕੀ ਲੁੱਤ-ਘੜੁੱਤ ਕਰੀ ਜਾਂਦੇ। ਸਾਰਾ ਪਤਾ ਕਿਵੇਂ ਏਹਨਾਂ ਨੇ ਝੂਠੀਆਂ ਸੱਚੀਆਂ ਦਿਹਾੜੀਆਂ ਪਾ ਪਾ ਕੇ ਆਵਦੇ ਬੱਬਰ ਭਰਲੇ। ਹੁਣ ਜੇ ਏਹਦੇ ਨਾਲ ਗੁੱਸਾ ਲੱਗਦਾ ਤਾਂ ਲੱਗੀ ਜਾਵੇ।"

"ਬੰਦਾ ਰਮਾਨ ਨਾਲ ਵੀ ਤਾਂ ਕਹਿ ਸਕਦੈ। ਜਨੂਰੀ ਤਾਂ ਨ੍ਹੀ ਹੁੰਦਾ ਅਗਲੇ ਨੂੰ ਤੁਰੇ ਜਾਂਦੇ ਨੂੰ ਬੀਹੀ 'ਚ ਖੜਾ ਕੇ ਸੌ ਬੰਦਿਆਂ 'ਚ ਠਿੱਠ ਕਰਨਾ।"

"ਰਮਾਨ ਨਾਲ ਈ ਆਖਿਆ ਸੀਗਾ। ਰਮਾਨ ਨਾਲ ਕਿਹੜਾ ਆਖਿਆ ਨ੍ਹੀ। ਨਾਲੇ ਦੱਸ, ਰਮਾਨ ਨਾਲ ਆਖੀ ਗੱਲ ਸੁਣਦੇ ਏਹ ਮਿੰਬਰ ਸਰਪੈਂਚ? ਸੁਣਦਾ ਕੋਈ ਗਰੀਬਾਂ ਦੀ? ਚੱਲ ਤੂਈਂ ਦੱਸਦੇ, ਕੈਅ ਵਰ੍ਹੇ ਹੋਗੇ ਪਿਲਸ਼ਣ ਆਲੇ ਕਾਗਤ ਭਰਦੀ ਨੂੰ ? ਹੋਈ ਕਿਧਰੇ ਸੁਣਵਾਈ? ਤਿੰਨ ਸੌ ਰੁਪਈਆ ਵੀ ਵਿਹੜੇ ਆਲੇ ਮਿੰਬਰ ਦੇ ਢਿੱਡ 'ਚ ਪਾਤਾ। ਮੈਂ ਤਾਂ ਸਿਰ 'ਤੇ ਗੋਹੇ ਦੇ ਬੱਠਲ ਢੋਅ ਢੋਅ ਕੇ ਕਮਾਇਆ ਸੀਗਾ ਵਖਤਾਂ ਨਾਲ। ਅਖੇ ਪਿਲਸ਼ਣਾਂ ਆਲੇ ਦਫ਼ਤਰ ਦੇਣਾ। ਦੋ ਸਾਲ ਹੋਗੇ ਏਸ ਗੱਲ ਨੂੰ ਵੀ। ਅੱਜ ਲੱਗਦੀ ਪਿਲਸ਼ਣ। ਨਾ ਹੋਰ ਫਿਰ ਖੰਡ ਪਾਵਾਂ ਏਹਨਾਂ ਭੁੱਖੜਾਂ ਨੂੰ ?" ਸੁੱਖੋ ਨੂੰ ਤਾਅ ਚੜ ਗਿਆ ਸੀ।

"ਨੀ ਬੀਬੀਏ! ਕਿਉਂ ਖੂਨ ਸਾੜਦੀ ਆਂਵਦਾ ? ਜਿਹੜੇ ਬੰਦੇ ਨੂੰ ਆਵਦੇ ਨਸ਼ੇ ਪੱਤੇ ਤੋਂ ਬਿਨਾ ਪਤਾ ਈ ਨ੍ਹੀ ਜੱਗ ਜਹਾਨ ਦਾ, ਕੀ ਲੋੜ ਐ ਉਹਦੀਆਂ ਗੱਲਾਂ ਦਾ ਜਵਾਬ ਦੇਣ ਦੀ?"

"ਭਰਲੋ ਫਿਰ ਪੀਪੇ ਰਾਸ਼ਨ ਨਾਲ।" ਬੀਰੇ ਨੇ ਭੈੜੀਆਂ ਜਿਹੀਆਂ ਅੱਖਾਂ ਨਾਲ ਪਿੰਦਰੀ ਵੱਲ ਵੇਖਿਆ ਤੇ ਮੰਜੇ 'ਤੇ ਟੇਡਾ ਹੋ ਗਿਆ।

"ਕੋਈ ਲੋੜ ਨ੍ਹੀ ਸਾਨੂੰ ਏਹੋ ਜ੍ਹੇ ਰਾਸ਼ਨ ਦੀ। ਬਾਰ੍ਹਾਂ ਵਰ੍ਹੇ ਹੋਗੇ ਰੰਡੇਪਾ ਹੰਢਾਉਂਦੀ ਨੂੰ। ਹੱਥ ਨ੍ਹੀ ਅੱਡਿਆ ਕਿਸੇ ਅੱਗੇ। ਗਰੀਬੀ ਤਾਂ ਪੇਕੇ ਘਰ ਵੀ ਬਥੇਰੀ ਸੀਗੀ। ਬਾਈ ਨੇ ਆਖਣਾ-ਬੰਦਾ ਆਵਦੀ ਕਰਕੇ ਖਾਵੇ, ਭਾਮੇ ਅੱਧੀ ਖਾਲੇ ਏਹੀ ਗੱਲ ਨਾਨੇ ਨੇ ਆਖਣੀ, ਬੰਦਾ ਘਰੋਂ ਗਰੀਬ ਹੋਵੇ-ਨੀਅਤ ਦਾ ਗਰੀਬ ਨਾ ਹੋਵੇ। ਨੀਤ ਦੀ ਗਰੀਬੀ ਨ੍ਹੀ ਨਿਕਲਦੀ ਹੁੰਦੀ। ਮੇਹਨਤ ਮਜ਼ੂਰੀ ਕਰਕੇ ਰੋਟੀ ਖਾਧੀ, ਨਾਲੇ ਥੋਡੇ ਮੂੰਹਾਂ 'ਚ ਪਾਈ ਐ। ਕੋਈ ਬਦਨਾਮੀ ਨ੍ਹੀ ਖੱਟੀ। ਕੱਲੀ ਕਹਿਰੀ ਗਰੀਬ ਜ਼ਨਾਨੀ ਨੂੰ ਦਿਹਾੜੇ ਕੱਟਣੇ ਬੌਅਤ ਔਖੇ ਹੁੰਦੇ। ਜਣਾ ਖਣਾ ਗੁੜ ਦੀ ਰੋੜੀ ਸਮਝਦੈ-ਜਣੀਦਾ ਚੱਕ ਕੇ ਮੰਹ 'ਚ ਪਾ ਲੋ।"

ਸੁੱਖੋ ਨੇ ਅੰਦਰ ਜੰਮਿਆ ਪਿਆ ਗੁਬਾਰ ਕੱਢ ਦੇਣਾ ਹੀ ਠੀਕ ਸਮਝਿਆ ਸੀ।

"ਮਾਂ ਥੋਡੀ ਗਰੀਬ ਜ਼ਰੂਰ ਐ, ਕਿਸੇ ਤੋਂ ਝਕਣ ਆਲੀ ਨ੍ਹੀ। ਜੇ ਝਕਣ ਆਲੀ ਹੁੰਦੀ, ਹੁਣ ਨੂੰ ਕਦੋਂ ਦੀ ਕੋਠੇ ਦੀ ਗਰਾਂਟ ਲੈ ਲੈਂਦੀ। ਆਵਦੇ ਲਿਹਾਜ਼ ਵਾਲੇ ਬਥੇਰੇ ਘਰਾਂ ਨੂੰ ਕੋਠਿਆਂ ਦੀ ਮੁਰੰਮਤੀ ਵਾਸਤੇ ਸਰਕਾਰੂ ਗਰਾਂਟ ਦਵਾਈ ਐ ਪੰਚੈਤ ਆਲਿਆਂ। ਚੰਗੇ ਭਲੇ ਪੱਕੇ ਕੋਠਿਆਂ ਆਲਿਆਂ ਨੂੰ ਪੈਸੇ ਦਵਾਤੇ, ਮੈਨੂੰ ਨ੍ਹੀ ਦਵਾਏ।"

"ਬੀਬੀਏ, ਆਪਣਾ ਕੋਠਾ ਤਾਂ ਜਵਾਂ ਈ ਖੂਹ ਬਣਿਆ ਪਿਆ। ਮੀਂਹ ਆਏ ਤੋਂ ਡਰ ਈ ਲੱਗੀ ਜਾਊ-ਹੁਣ ਵੀ ਡਿੱਗਿਆ ਹੁਣ ਵੀ ਡਿੱਗਿਆ। ਆਏਂ ਲੱਗਦਾ ਹੁੰਦਾ ਜਿਵੇਂ ਮੀਂਹ ਬਾਹਰ ਨ੍ਹੀ ਆਪਣੇ ਕੋਠੇ ਦੇ ਅੰਦਰ ਈ ਪੈਂਦਾ ਹੋਵੇ। ਹੱਥ ਹੱਥ ਭਰ ਮਘੋਰੇ ਬਣੇ ਪਏ ਛੱਤ 'ਚ।"



"ਹਜੇ ਆਹ ਛੋਹਰ ਕਹਿੰਦਾ ਆਵਦੇ ਘਰ ਭਰਨ ਆਲੇ ਮਿੰਬਰਾਂ ਸਰਪੰਚਾਂ ਨੂੰ ਮਾੜਾ ਨਾ ਆਖਾਂ। ਅਸੀਂ ਭਾਮੇ ਛੱਤ ਥੱਲੇ ਈ ਆਜੀਏ। ਪਰ ਭਾਈ ਇਹਨਾਂ ਡਾਕੂਆਂ ਨੂੰ ਕੀ ਐ ਕਿਸੇ ਗਰੀਬ ਗੁਰਬੇ ਦੀ ਜਾਨ ਨਾਲ? ਇਹਨਾਂ ਭਾਣੇ ਗਰੀਬ ਲੋਕ ਤਾਂ ਹੈ ਈ ਕੀੜੇ ਮਕੌੜੇ। ਗਰੀਬਾਂ ਦਾ ਕੀ ਐ, ਭਮੇ ਛੱਤ ਥੱਲੇ ਆ ਜਾਣ, ਭਮੇ ਭੁੱਖ ਨਾਲ ਮਰ ਜਾਣ ਤੇ ਭਮੇ ਕਿਸੇ ਮਾਂਹਮਾਰੀ ਨਾਲ।"

"ਨਾ ਨੀ ਬੀਬੀ ਐਂ ਨਾ ਆਖ। ਸੁੱਖੀ ਸਾਂਦੀ ਆਪਾਂ ਨੂੰ ਕਿਉਂ ਹੋਵੇ ਕੁੱਛ? ਮਰਨ ਉਹ ਜਿਹੜੇ ਗਰੀਬ ਗੁਰਬੇ ਦਾ ਹੱਕ ਮਾਰਦੇ। ਮਰਨ ਉਹ ਜਿਹੜੇ ਨਸਾਫ ਨ੍ਹੀ ਕਰਦੇ। ਮਰਨ ਉਹ ਜਿਹੜੇ ਗੰਦ ਪਾਉਂਦੇ-ਆਪਾਂ ਕਿਉਂ ਮਰੀਏ, ਆਪਾਂ ਤਾਂ ਸਫ਼ਾਈਆਂ ਕਰਦੇ ਆਂ।"

ਧੀ ਦੀ ਗੱਲ ਸੁਣ ਕੇ ਸੁੱਖੋ ਦੀਆਂ ਅੱਖਾਂ ਫੈਲ ਕੇ ਵੱਡੀਆਂ ਹੋ ਗਈਆਂ। ਉਸਨੇ ਇੱਕ ਵਾਰ ਫੇਰ ਹੈਰਾਨੀ ਨਾਲ ਪਿੰਦਰੀ ਵੱਲ ਵੇਖਿਆ। ਉਸਨੂੰ ਧੀ 'ਤੇ ਡਾਹਡਾ ਮਾਣ ਮਹਿਸੂਸ ਹੋਇਆ। ਕੀ ਹੋਇਆ ਗਰੀਬ ਮਾਂ ਦੀ ਧੀਅ ਸੀ, ਗੱਲਾਂ ਤਾਂ ਕਿੰਨੀਆਂ ਸਿਆਣੀਆਂ ਕਰਦੀ ਸੀ।

-ਗਰੀਬੀ ਤੋਂ ਨ੍ਹੀ ਘਬਰਾਈਦਾ, ਗਰੀਬੀ ਤਾਂ ਸਗੋਂ ਬੰਦੇ ਨੂੰ ਉਮਰੋਂ ਪਹਿਲਾਂ ਸਿਆਣਾ ਕਰ ਦਿੰਦੀ ਐ। ਆਪਣੇ ਨਾਨੇ ਦੇ ਬੋਲ ਸੁੱਖੋ ਦੇ ਜ਼ਿਹਨ 'ਚ ਗੂੰਜਣ ਲੱਗੇ ਸਨ।

"ਬੀਬੀ, ਮੈਂ ਵੀਰੇ ਨੂੰ ਆਪੇ ਸੰਭਾਲ ਲੂੰ। ਤੂੰ ਬੀਬੀ ਬਣਕੇ ਵੇਖ, ਕੋਈ ਨਾ ਕੋਈ ਤਾਂ ਦੁਕਾਨ ਖੁੱਲੀਓ ਹੋਊ। ਖਵਰੇ ਭੋਰਾ ਦਲੀਆ ਮਿਲਜੇ ਵੀਰੇ ਆਸਤੇ। ਸ਼ੈਂਤ ਚੌਲ ਈ ਮਿਲ ਜਾਣ ਕੌਲੀ ਦੋ ਕੌਲੀਆਂ। ਜੇ ਕੋਈ ਦੁਕਾਨ ਨਾ ਖੁੱਲ੍ਹੀ ਹੋਈ, ਬੰਸੋ ਮਾਸੀ ਕਿਉਂ ਮੰਗਲੀਂ। ਮਾਸੀ ਨ੍ਹੀ ਜਵਾਬ ਦਿੰਦੀ। ਸਕਿਆਂ ਨਾਲੋਂ ਵੱਧ ਕਰਦੀ ਐ।"

"ਜਾਨੀ ਆਂ ਪੁੱਤ-ਜਾਨੀ ਆਂ। ਠੰਡੇ ਪਾਣੀ ਦੀਆਂ ਪੱਟੀਆਂ ਰੱਖੀ ਜਾਈਂ ਵੀਰੇ ਦੇ ਮੱਥੇ 'ਤੇ। ਵੇਂਹਨੀ ਜੇ ਕੋਈ ਦੁਕਾਨ ਖੁੱਲ੍ਹੀ ਹੋਈ ਤਾਂ।"

ਸੁੱਖੋ ਨੇ ਦੇਹਲੀ ਤੋਂ ਬਾਹਰ ਹੋ ਕੇ ਲੰਮੀ ਨਿਗਾਹ ਮਾਰੀ। ਪਿੰਡ ਤਾਂ ਸੁਸਰੀ ਵਾਂਗ ਸੁੱਤਾ ਪਿਆ ਸੀ। ਜਿਵੇਂ ਕਿਸੇ ਸਰਾਲ ਨੇ ਸਾਹ ਪੀ ਲਏ ਹੋਣ।

-ਜੇ ਭਲਾ ਕੁੱਛ ਹੋ ਗਿਆ ਮੇਰੇ ਪੁੱਤ ਨੂੰ?

-ਲਾਸ਼ ਲੈ ਕੇ ਕਿੰਨਾ ਕੁ ਚਿਰ ਘਰੇ ਬੈਠੀ ਰਹੂੰ ?

-ਸਿਵਿਆਂ ਤੱਕ ਕੌਣ ਜਾਊ ਸਾਡੇ ਨਾਲ?

ਸੁੰਨੀਆਂ ਗਲੀਆਂ 'ਚ ਫਿਰਦੀ ਸੁੱਖੋ ਦੇ ਮਨ 'ਚ ਮੁੜ ਮੁੜ ਆਉਂਦੇ ਭੈੜੇ ਖਿਆਲਾਂ ਨੇ ਉਸਦੀ ਹਾਲਤ ਪਾਗਲਾਂ ਵਰਗੀ ਕਰ ਦਿੱਤੀ ਸੀ। ਪਿੰਡ ਦੀ ਕੋਈ ਵੀ ਦੁਕਾਨ ਨਹੀਂ ਸੀ ਖੁੱਲ੍ਹੀ। ਉਹ ਕਈ ਘਰਾਂ ਦੇ ਬੂਹੇ ਖੜਕਾਉਂਦੀ ਰਹੀ ਸੀ ਪਰ ਉਸ ਲਈ ਉਸਦੇ ਜਿਹੇ ਹੀ ਵਖਤਾਂ ਮਾਰੇ ਘਰ ਨੇ ਬੂਹਾ ਖੋਲਿਆ ਸੀ।

ਸੁੱਖੋ ਥੋੜਾ ਜਿਹਾ ਦਲੀਆ ਤੇ ਚੌਲ ਲੈ ਕੇ ਘਰ ਦੀ ਦੇਹਲੀ ਅੰਦਰ ਲੰਘਣ ਲੱਗੀ ਤਾਂ ਪੈਰ ਥਾਏਂ ਗੱਡੇ ਗਏ। ਉਸਨੇ ਵੇਖਿਆਂ ਦੋ-ਤਿੰਨ ਗਾਲ੍ਹੜਾਂ ਹੀਰੇ ਦੇ ਮੰਜੇ ਦੇ ਨੇੜੇ ਭੱਜੀਆਂ ਫਿਰਦੀਆਂ ਸਨ। ਟੱਪਦੀਆਂ ਫਿਰਦੀਆਂ ਗਾਲ੍ਹੜਾਂ ਨੂੰ ਵੇਖ ਕੇ ਹੀਰਾ ਖੁਸ਼ ਹੋ ਰਿਹਾ ਸੀ। ਪਿੰਦਰੀ ਉਸ ਦੇ ਪਾਣੀ ਨਾਲ ਭਿੱਜੇ ਵਾਲਾਂ 'ਚ ਉਂਗਲਾਂ ਫੇਰਦੀ ਪਤਾ ਨਹੀਂ ਕੀ ਗੱਲਾਂ ਕਰੀ ਜਾਂਦੀ ਸੀ। ਬਰਕੈਨ 'ਤੇ ਬੈਠੀਆਂ ਚਿੜੀਆਂ ਨੇ ਚਿੜਚੋਲੜ ਪਾਇਆ ਹੋਇਆ ਸੀ। ਸੁੱਖੋ ਨੂੰ ਲੱਗਿਆ ਜਿਵੇਂ ਉਸਦਾ ਚਿਰਾਂ ਦਾ ਸੁੱਕਿਆ ਪਿਆ ਬਾਗ ਹਰਾ ਹੋ ਗਿਆ ਹੋਵੇ। - "ਤੈਨੂੰ ਤੱਤੀ ਵਾਅ ਨਾ ਲੱਗੇ ਵੇ ਮੇਰੇ ਬੱਚੜਿਆ।" ਭੱਜ ਕੇ ਹੀਰੇ ਨੂੰ ਬੁੱਕਲ 'ਚ ਲੈਂਦਿਆਂ ਸੁੱਖੋ ਕਮਲਿਆਂ ਵਾਂਗ ਚੁੰਮਣ ਲੱਗੀ ਸੀ। ਪਰਲ ਪਰਲ ਵਗਦੇ ਹੰਝੂ ਮੈਲੀ ਚੁੰਨੀ ਨੂੰ ਭਿਉਂ ਰਹੇ ਸਨ।

( **ਸੰਪਰਕ-98726-40994** )




## ਕਹਾਣੀ / ਕੀ ਕਿਹਾ ਭਰਜਾਈ? / - ਨਰਿੰਦਰ ਕੌਰ ਭੱਚੂ

*(ਨਰਿੰਦਰ ਦੀਆਂ 'ਕਹਾਣੀ ਧਾਰਾ 'ਦੇ ਪਾਠਕਾਂ ਨੇ ਪਹਿਲਾਂ ਵੀ ਅਨੇਕਾਂ ਕਹਾਣੀਆਂ ਪੜ੍ਹੀਆਂ ਹਨ। ਇਹ ਕਹਾਣੀ ਉਸ ਨੇ ਕਾਫੀ ਦੇਰ ਬਾਅਦ ਭੇਜੀ ਹੈ। ਇਸ ਕਹਾਣੀ ਵਿਚ ਉਸ ਨੇ ਸਾਂਝੇ ਪਰਿਵਾਰ ਵਿਚ ਇਕੱਲੀ ਔਰਤ ਦੀ ਕਹਾਣੀ ਬਿਆਨ ਕੀਤੀ ਹੈ। ਭਾਵੇਂ ਕਹਾਣੀ ਵਿਚ ਤਿੰਨ ਔਰਤਾਂ ਹਨ। ਪਰ ਤ੍ਰਾਸਦੀ ਭੁਗਤਣ ਵਾਲੀ ਔਰਤ ਉਹ ਜਿਹੜੀ ਪਤੀ ਦੇ ਮਰਨ ਉਪਰੰਤ ਇਕਲਾਪਾ ਕੱਟਦੀ ਹੈ। ਉਸ ਦਾ ਜੀਵਨ ਪਤੀ ਵਿਹੂਣਾ ਹੈ, ਰੁੱਖਾ ਹੈ ਤੇ ਸੁੱਕਾ ਹੈ। ਸਾਡਾ ਸਮਾਜਿਕ ਸਿਸਟਮ ਇਕੱਲੀ ਔਰਤ, ਜਿਹਦਾ ਪਤੀ ਮਰ ਜਾਂਦਾ ਹੈ ਅੱਗੇ ਅਨੇਕ ਵਰਜਨਾਵਾਂ ਖੜੀਆਂ ਕਰ ਦਿੰਦਾ ਹੈ। ਉਹ ਆਰਥਿਕ ਤੌਰ ਤੇ ਤਾਂ ਨਿਰਭਰ ਹੁੰਦੀ ਹੀ ਹੈ ਨਾਲ ਨਾਲ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਮਾਰਦੀ ਵੀ ਹੈ। ਦੱਬੀ ਘੁੱਟੀ ਰਹਿ ਕੇ ਆਪਣੇ ਮਨ ਦੀ ਸਾਂਝ ਗੈਰ ਮਰਦ ਨਾਲ ਪਾਉਣ ਦਾ ਉਪਰਾਲਾ ਵੀ ਕਰਦੀ ਹੈ। ਉਹਦੀ ਕਹਾਣੀ ਦੂਜੀ ਔਰਤ ਪਾਤਰ ਦੱਸਦੀ ਹੈ। ਕਿ ਉਹ ਆਪਣੇ ਘਰ ਵਿਚ ਰੁੱਖਾ ਵਿਹਾਰ ਕਿਉਂ ਕਰਦੀ ਹੈ। ਕਹਾਣੀ ਵਿਚ ਬਹੁਤ ਖ਼ਾਮੋਸ਼ ਧੁਨੀਆਂ ਪਾਠਕ ਨੂੰ ਸੁਣਨ ਨੂੰ ਮਿਲਦੀਆਂ ਹਨ। ਪੰਜਾਬੀ ਸਮਾਜ ਵਿਚ ਸਮਾਜਿਕ ਦਾਬੇ ਵਿਚ ਪਿਸ ਰਹੀ ਔਰਤ ਦੀ ਟਰੈਜਡੀ ਨੂੰ ਕਹਾਣੀ ਬਿਆਨ ਕਰਦੀ ਹੈ। -ਸੰਪਾਦਕ)*

ਆਹੋ ਠੀਕ ਵਾ। ਕੱਲ੍ਹ ਅਸੀਂ ਦੇਖਣ ਗਏ ਸੀ। ਬਹੁਤ ਬੁਰਾ ਹਾਲ ਉਹਦਾ। ਉਹਤੋਂ ਹਿੱਲ ਵੀ ਨ੍ਹੀਂ ਹੁੰਦਾ। ਪੇਟ ਬਹੁਤ ਵਾ। ਮਾਂ ਖਵਾਉਂਦੀ ਬਹੁਤ ਉਹਨੂੰ। ਹਿੱਲਣ ਵੀ ਨ੍ਹੀਂ ਦਿੰਦੀ। ਖਾਧਾ ਪੀਤਾ ਸਾਰਾ ਬੱਚੇ ਨੂੰ ਲੱਗੀ ਜਾਂਦਾ। ਆਪ ਪਤਲੀ ਵਾ। ਕੱਦ ਵੀ ਨਿੱਕਾ ਕਰਕੇ ਪੇਟ ਬਹੁਤਾ ਈ ਲੱਗਦਾ। ਸਾਡੇ ਗਿਆਂ ਤੋਂ ਮਸਾਂ ਈਂ ਉੱਠੀ। ਦੇਖ ਕੇ ਸਗੋਂ ਮੇਰੇ ਦਿਲ ਨੂੰ ਹੋਰ ਤਰ੍ਹਾਂ ਹੋਇਆ। ਮਾੜਾ-ਮੋਟਾ ਤੁਰੇ-ਫਿਰੇ, ਕੰਮ-ਧੰਦਾ ਕੋਈ ਕਰੇ ਤਾਂ ਸਗੋਂ ਦੀ ਸਈ ਰਵੇ। ਮਾਂ ਮੰਜੇ ਤੋਂ ਲਹਿਣ ਨ੍ਹੀਂ ਦਿੰਦੀ। ਬੈਠੀ ਦਾ ਖ਼ਨੀ ਉਹਦਾ ਇਹ ਹਾਲ ਹੋ ਗਿਆ। ਉਲਟੀਆਂ ਵੀ ਨ੍ਹੀਂ ਆਉਣੋ ਹਟੀਆਂ। ਘੜੀ ਘੜੀ ਮਾਂ ਖਾਣ ਨੂੰ ਦਿੰਦੀ। ਤਦੇ ਨ੍ਹੀਂ ਮਾਂ ਨੇ ਇੱਥੇ ਕਹਿਣ ਦਿੱਤੀ। ਕਹਿੰਦੀ , 'ਇੱਥੇ ਨਿਆਣਾ ਹੈਗਾ ਘਰ 'ਚ। ਇਹ ਕੁਛ ਖਾਊਗੀ ਉਹ ਇਹਦਾ ਮੂੰਹ ਦੇਖੂਗਾ। ਉਹਨੂੰ ਦਊਗੀ ਇਹ ਭੁੱਖੀ ਰਹੂਗੀ। ਇੱਥੇ ਵੰਡਵੀਂ ਚੀਜ਼ ਹਿੱਸੇ ਆਉਣੀ ਉੱਥੇ ਸਾਡੇ ਕੋਲ ਜਿੰਦਾਂ ਮਰਜ਼ੀ ਆਵਦਾ ਖਾਵੇ-ਪੀਵੇ।



ਅਸੀਂ ਮੁੰਡੇ ਨੂੰ ਕਿਹਾ। ਉਹ ਵੀ ਕਹਿੰਦਾ, ਜਿੱਥੇ ਖੁਸ਼ ਰਹਿੰਦੀ। ਉੱਥੇ ਰਹਿ ਲਵੇ। ਅਸੀਂ ਕਿਹਾ, ਚੰਗਾ ਭਾਈ। ਜਿੱਦਾਂ ਥੋੜੀ ਮਰਜ਼ੀ ਕਰ ਲਵੋ। ਟੱਬਰ 'ਚ ਤਾਂ ਵੰਡਵੀਂ ਚੀਜ਼ ਈ ਹਿੱਸੇ ਆਉਣੀ। ਬਾਕੀ ਇੱਥੇ ਵੀ ਆਵਦਾ ਜਿੱਦਾ ਮਰਜ਼ੀ ਖਾਵੇ ਪੀਵੇ। ਕਿਸੇ ਗੱਲੋਂ ਨਾਂਹ ਨਈਂ। ਇਹਦਾ ਘਰ ਵਾ। 'ਕੱਲਾ ਖਾਣ-ਪੀਣ ਈਂ ਨ੍ਹੀਂ ਸਾਰਾ ਕੁਛ ਹੁੰਦਾ। ਇੱਥੇ ਰਹਿੰਦੀ ਇੱਥੇ ਪਿਆਰ ਪੈਂਦਾ। ਮਾਂ ਕਹਿੰਦੀ , ਨੀਂ ਮੈਂ ਲੈ ਜਾਣੀ। ਅਸੀਂ ਕਿਹਾ, ਭਾਈ ਲੈ ਜਾ। ਜਦ ਥੋਡੀ ਸਲਾਹ ਈ ਕੀਤੀ ਹੋਈ ਵਾ। ਅਸੀਂ ਕੀ ਕਹਿਣਾ। ਨਾਲੇ ਸਾਡੇ ਕੇਹਨੇ ਮੰਨਣੀ। ਮੁੰਡੇ ਨੇ ਵੀ ਕਹਿਤਾ ਸੀ, ਜਿੱਥੇ ਖੁਸ਼ ਰਹਿੰਦੀ ਰਹਿ ਲਵੇ। ਹੁਣ ਮਾਂ ਕੋਲ ਖੁਸ਼ ਵਾ। ਹਜੇ ਉਹਦਾ ਥੋੜਾ ਟੈਮ ਰਹਿੰਦਾ। ਅਸੀਂ ਕਹਿੰਨੇ ਨੌਰਮਲ ਹੋ ਜਾਵੇ। ਜਿਹੜੀ ਡਾ. ਕੋਲ ਉਹ ਜਾਂਦੇ। ਉਹ ਕਹਿੰਦੀ, ਪਰੇਸ਼ਨ ਕਰਨਾ ਪੈਣਾ। ਬੱਚੇ ਦੇ ਗਲ ਦੁਆਲੇ ਨਾੜੂਏ ਦੇ ਵਲ਼ ਪਏ ਹੋਏ ਵਾ। ਵਹੁਟੀ ਵੀ ਕਹਿੰਦੀ, ਮੈਂ ਨੌਰਮਲ ਕੇਸ ਕਰਾਉਣੀ। ਫੇ ਕਿਸੇ ਹੋਰ ਡਾਕਟਰ ਨੂੰ ਦਿਖਾਉਣ ਗਏ। ਉਹ ਕਹਿੰਦੀ, ਵਲ਼ ਤਾਂ ਹੈਗੇ। ਕੇਸ ਨੌਰਮਲ ਹੋ ਜੂਗਾ। ਹੁਣ ਦੇਖੋ ਕਿੱਦਾਂ ਹੁੰਦੀ। ਸਾਡੇ ਕੋਲ ਇੱਕ ਸਿਆਣਾ ਡਾਕਟਰ ਵਾ। ਅਸੀਂ ਕਿਹਾ ਸੀ, ਇਹਨੂੰ ਇੱਕ ਵਾਰ ਦਿਖਾ ਲਾ। ਇਹ ਕੀ ਕਹਿੰਦਾ, ਉਹ ਕਹਿੰਦੀ ਮੈਂ ਲੇਡੀ ਡਾਕਟਰ ਕੋਲੋਂ ਈਂ ਕੇਸ ਕਰਾਉਂਣਾ। ਮੈਂ ਦੂਜੇ ਡਾਕਟਰ ਕੋਲੋਂ ਨ੍ਹੀਂ ਕਰਾਉਂਣਾ।

ਉਹਨੇ ਆਪ ਨਰਸ ਦਾ ਕੋਰਸ ਕੀਤਾ ਹੋਇਆ। ਉਹਨੂੰ ਨੌਕਰੀ ਵੀ ਮਿਲ ਗਈ। ਦਸ ਕੁ ਦਿਨ ਜਾ ਕੇ ਛੁੱਟੀ ਲੈ ਲਈ। ਹਜੇ ਛੁੱਟੀ ਛੇ ਮਹੀਨਿਆਂ ਦੀ ਮਿਲੀ। ਗਾਂਹ ਵਧਦੀ ਹੋਈ ਤਾਂ ਵਧਾ ਲਊਗੀ। ਮਹੀਨਾ ਸਵਾ ਜਾਂ ਦੋਂਹ ਮਹੀਨਿਆਂ ਦਾ ਬੱਚਾ ਕਰਕੇ ਇੱਥੇ ਆਜੂਗੀ। ਮੈਂ ਕਦੇ ਗੱਲ ਨੀਂ ਕੀਤੀ। ਇੱਥੇ ਉਹ ਇੱਕ ਦਿਨ ਆਈ ਸੀ। ਆਵਦਾ ਸਮਾਨ ਲੈਣ। ਰਾਤ ਰਹੀ। ਦੂਜੇ ਦਿਨ ਛੱਡਣ ਚੱਲੇ। ਇਹ ਵੀ ਉਹਦੇ ਨਾਲ ਪਿੱਛੇ ਬਹਿ ਗਈ। ਕਾਰ 'ਚ ਛੱਡਣ ਚੱਲੇ ਸੀ। ਇਹ ਉਹਨੂੰ ਕਹਿੰਦੀ,

ਤੈਨੂੰ ਕਾਰਾਂ 'ਚ ਘੁਮਾਉਂਦੇ ਹੁਣ। ਮੇਰੀ ਵਾਰੀ ਤਾਂ ਨ੍ਹੀਂ ਮੈਨੂੰ ਕਾਰਾਂ 'ਚ ਕਿਤੇ ਲੈ ਕੇ ਗਏ।

ਇਹ ਪਹਿਲਾਂ ਇੱਕ ਵਾਰ ਉਹਨੂੰ ਮਿਲਣ ਗਈ ਉਹਦੀ ਮਾਂ ਨੂੰ ਕਹਿ ਆਈ, 'ਉੱਥੇ ਮੈਂ ਈ ਰਹਿਣਾ। ਮੈਂ ਈ ਦੇਖਣਾ ਉਹਨਾਂ ਨੂੰ। ਸਾਨੂੰ ਕਹਿੰਦੀ ਮੈਂ ਦੇਖਣਾ। ਅਖੇ ਅੱਗੇ ਦਾਦਾ ਦਾਦੀ ਨੂੰ ਵੀ ਮੈਂ ਦੇਖਦੀ ਸੀ। ਉਹਨਾਂ ਨੂੰ ਮੈਂ ਈਂ ਸਾਂਭਦੀ ਸੀ। ਇਹਨਾਂ ਨੂੰ ਵੀ ਮੈਂ ਈਂ ਸਾਂਭਣਾ। ਕਈ ਹੋਰ ਗੱਲਾਂ ਇਹਨੇ ਉਹਨਾਂ ਨਾਲ ਕੀਤੀਆਂ, ਦੋ ਤਿੰਨ ਵਾਰੀ ਇਹ ਉਹਨਾਂ ਦੇ ਜਾ ਆਈ ਵਾ। ਇਹਦੀਆਂ ਗੱਲਾਂ ਕਰਕੇ ਦੂਜੀ ਦੀ ਮਾਂ ਕਹਿੰਦੀ, ਮੈਨੂੰ ਡਰ ਲੱਗਦਾ। ਕਿਤੇ ਮੇਰੀ ਧੀ ਤੇ ਉਹਦੇ ਨਿਆਣੇ ਨੂੰ ਕੁਛ ਕਰ ਨਾ ਦੇਵੇ।

ਉਹ ਮੈਨੂੰ ਕਹਿੰਦੀ, ਭੈਣ ਜੀ, ਜਦੋਂ ਮੇਰੀ ਕੁੜੀ ਥੋਡੇ ਕੋਲ ਜਾਊਗੀ। ਇਹਦਾ, ਇਹਦੇ ਨਿਆਣੇ ਦਾ ਖ਼ਿਆਲ ਤੁਸੀਂ ਰੱਖਣਾ। ਮੈਨੂੰ ਉਹ ਤੇ ਯਕੀਨ ਨਈਂ ਉਹ ਗੱਲਾਂ ਬਹੁਤ ਹੋਰ ਤਰ੍ਹਾਂ ਦੀਆਂ ਕਰਦੀ। ਮੈਂ ਏਦਾਂ ਦੀਆਂ ਦੇਖੀਆਂ ਹੋਈਆਂ ਏਦਾਂ ਦੀਆਂ ਦੇ ਅੰਦਰ ਸਾੜੇ ਦੀ ਅੱਗ ਬਹੁਤ ਹੁੰਦੀ। ਉਹ ਕੁਛ ਵੀ ਕਰ ਸਕਦੀਆਂ ਤਾਂ ਕਰਕੇ ਮੈਨੂੰ ਡਰ ਆਉਂਦਾ।

ਉਹ ਡਰਦੀ ਬਹੁਤ ਵਾ। ਇਹ ਏਦਾਂ ਤਾਂ ਨ੍ਹੀਂ ਕੁਛ ਕਰਨ ਲੱਗੀ।

ਕਿਸੇ ਦੇ ਦਿਲ ਦਾ ਕੁਛ ਨਈ ਪਤਾ ਭਰਜਾਈ।

ਉਹ ਦੱਸਣ ਲੱਗ ਪਈ। ਕਹਿੰਦੀ ਸਾਡੇ ਗਵਾਂਢ ਏਦਾਂ ਦਾ ਚਾਂਸ ਹੋਏ। ਗਵਾਂਢੀਆਂ ਦੀ ਇੱਕ ਨੌਂਹ ਨੇ ਸਾਰੇ ਟੱਬਰ ਨੂੰ ਦਾਲ ਸਬਜ਼ੀ 'ਚ ਕੁਛ ਮਿਲਾ ਕੇ ਦੇਤਾ। ਸਾਰਾ ਟੱਬਰ ਬਹੋਸ਼ ਹੋ ਗਿਆ। ਬਾਕੀ ਬਚ ਗਏ। ਸਹੁਰਾ ਮੁੱਕ ਗਿਆ। ਹੁਣ ਉਹ ਜੇਲ੍ਹ 'ਚ ਬੈਠੀ। ਇੱਕ ਧੀ ਨੇ ਆਪਣੇ ਮਾਂ ਪੇ ਨਾਲ ਏਦਾਂ ਕੀਤੀ। ਜਦੋਂ ਉਹ ਸੌਂ ਗਏ। ਸੁਰਤ ਨਾ ਰਹੀ। ਕੁੜੀ ਕਿਸੇ ਮੁੰਡੇ ਨਾਲ ਭੱਜ ਗਈ। ਦੋਨੋਂ ਫੜ੍ਹ ਹੋ ਗਏ। ਪਰ ਏਦਾਂ ਦੀਆਂ ਗੱਲਾਂ ਕਰਕੇ ਮੈਨੂੰ ਡਰ ਲੱਗਦਾ।

ਸ਼ੁਰੂ 'ਚ ਉਹ ਜਦੋਂ ਦੂਜੀ ਵਾਰੀ ਮਿਲਣ ਆਏ। ਉਹਨੂੰ ਇਹ ਕਹਿੰਦੀ ਇਹਨੂੰ ਸੈੱਟ ਪਾਇਆ। ਮੈਨੂੰ ਪਾਇਆ ਨਈਂ। ਉਹਨੂੰ ਇਹਨੇ ਦੋ ਕੁ ਵਾਰੀ ਏਦਾਂ ਕਿਹਾ, ਉਹ ਨੇ ਫੇ ਕਹਿਤਾ, ਤੂੰ ਆਈਂ ਕਿੱਦਾਂ। ਤੈਨੂੰ

ਆਪਣੇ ਹਾਲਾਤਾਂ ਦਾ ਨ੍ਹੀਂ ਚੇਤਾ। ਤੂੰ ਭੱਜ ਕੇ ਆਈਂ ਵਾਂ। ਤੂੰ ਵਿਆਹ ਕੇ ਆਉਂਦੀ ਤੈਨੂੰ ਵੀ ਸੈੱਟ ਪੈਂਦੇ। ਤੇਰੇ ਮਾਂ ਪੇ ਤੈਨੂੰ ਸਿਆਣਦੇ ਨਈਂ। ਅਸੀਂ ਆਪਣੀ ਧੀ ਦੇ ਨਾਲ ਵਾਂ। ਸਾਨੂੰ ਇਹ ਸਿੱਟੀ ਹੋਈ ਨਈਂ। ਤੂੰ ਇਹਦੇ ਨਾਲ ਮੁਕਾਬਲਾ ਨਾ ਕਰ। ਆਪਣਾ ਪਿੱਛਾ ਚੇਤੇ ਰੱਖ। ਫੇ ਇਹਦੀ ਕੀ ਰਹੀ।

ਫੇ ਰੋਣੇ। ਇਹਨੂੰ ਏਦਾਂ ਦੀਆਂ ਗੱਲਾ ਨਈਂ ਕਰਨੀਆਂ ਚਾਹੀਦੀਆਂ। ਇਹ ਟਲਦੀ ਨਈਂ। ਹਜੇ ਇਹਨੂੰ ਅਸੀਂ ਹਰ ਚੀਜ਼ ਦਈਦੀ। ਮੇਰੇ ਪੇਕਿਆਂ ਨੇ ਇਹਦੇ ਕਾਕੇ ਹੋਏ ’ਤੇ ਮੈਨੂੰ ਸੰਗਲੀ ਤੇ ਵਾਲੀਆਂ ਪਾਈਆਂ ਸੀ। ਇਹ ਉਦੋਂ ਵੀ ਕਹਿਣ ਲੱਗ ਪਈ। ਮੈਨੂੰ ਵੀ ਸੰਗਲੀ ਪਾਉਂਣ। ਬੀਬੀ ਵੀ ਕਹਿਣ ਲੱਗ ਗਈ। ਮੈਨੂੰ ਵੀ ਵਾਲੀਆਂ ਬਣਦੀਆਂ ਸੀ। ਮੈਂ ਕੇਹੀ। ਮੁੰਡੇ ਦੀ ਪੜਦਾਦੀ ਨਾ ਉਹਨਾਂ ਨੂੰ ਦਿਸੀ।

ਮੇਰੇ ਪੇਕੇ ਮੇਰੇ ਲਈ ਲੈ ਕੇ ਆਏ ਸੀ। ਇਹਨਾਂ ਦੋਹਾਂ ਨੇ ਰੋਣਾ ਪਾ ਲਿਆ। ਮੈਂ ਸੰਗਲੀ ਇਹਨੂੰ ਦੇ ਦਿੱਤੀ। ਵਾਲੀਆਂ ਬੀਬੀ ਨੂੰ ਦੇ ਦਿੱਤੀਆਂ। ਦੋਹਾਂ ਨੇ ਚੁੱਪ ਕਰਕੇ ਰੱਖ ਲਈਆਂ। ਇੱਕ ਵਾਰੀ ਨਈਂ ਦੋਹਾਂ ’ਚੋਂ ਕਿਸੇ ਨੇ ਕਿਹਾ, ‘ਤੇਰੇ ਪੇਕੇ ਲੈ ਕੇ ਆਏ। ਤੂੰ ਆਪਣੀ ਕੋਲ ਰੱਖ। ਸਾਨੂੰ ਫੇ ਇਹਤੇ ਤਰਸ ਆ ਜਾਂਦਾ।

ਭੂਆ ਆਈ ਸੀ। ਉਹਨੂੰ ਕਹਿੰਦੀ, ਮੈਂ ਸਕੂਟੀ ਲੈਣੀ। ਉਹਨੇ ਸਕੂਟੀ ਲੈ ਤੀ। ਜਾਣ ਲੱਗੀ ਤੀਹ-ਚਾਲੀ ਹਜ਼ਾਰ ਇਹਨੂੰ ਫੜਾ ਕੇ ਗਈ। ਪਹਿਲੀ ਵਾਰੀ ਭੂਆ ਮੁੰਡੇ ਨੂੰ ਸਵਾ ਲੱਖ ਰੁਪਈਆ ਦੇ ਕੇ ਗਈ ਸੀ। ਦਸ ਸਾਲ ਹੋ ਗਏ। ਹੁਣ ਇੱਕ ਦਿਨ ਕਹਿੰਦੀ, ਉਹ ਪੈਸੇ ਮੈਨੂੰ ਕਢਾ ਕੇ ਦਿਉ। ਡਬਲ ਹੋ ਗਏ ਹੋਣੇ। ਬੈਂਕ ਵਾਲੇ ਨੇ ਕਿਹਾ ਸੀ ਅੱਠੀਂ ਸਾਲੀਂ ਡਬਲ ਹੋ ਜਾਣੇ।

ਇਹਨੇ ਕੀ ਕਰਨੇ ਉਹ ਪੈਸੇ। ਮੁੰਡੇ ਦੇ ਵਾ। ਮੁੰਡੇ ਦੇ ਨਾਂ ਪਏ ਰਹਿਣ। ਵੱਡੇ ਹੋਏ ਦੇ ਕੰਮ ਆਉਣਗੇ। ਇਹਨੂੰ ਭੂਆ ਉਦੋਂ ਵੀ ਚਾਲੀ ਦੇ ਕੇ ਗਈ ਸੀ। ਇਹ ਜੇ ਕਦੇ ਕਹਿ ਦੇਵੇ, ਉਹ ਭੇਜ ਵੀ ਦਿੰਦੀ। ਉਹ ਕਹਿੰਦੀ, ਮੈਨੂੰ ਪੰਜਾਂ ਦਸਾਂ ਨਾਲ ਫ਼ਰਕ ਨਈਂ ਪੈਂਦਾ। ਉਹ ਓਧਰ ਕੰਮ ਕਰਦੀ। ਉਹਨੂੰ ਨੀਂ ਫ਼ਰਕ ਪੈਂਦਾ। ਕਹਿੰਦੀ ਹੁੰਦੀ, ਮੇਰਾ ਕੰਮ ਸੋਹਣਾ। ਉਹ ਤਾਂ ਨਿੱਕੇ ਮੁੰਡੇ ਨੂੰ ਵੀ ਕਹਿੰਦੀ, ਤੂੰ ਵੀ ਇਧਰ ਈ ਆ ਜਾ। ਦੋ ਕੁ ਵਾਰ ਮੁੰਡੇ ਨੇ ਕਾਗਜ਼ ਭਰੇ। ਉਹਦਾ ਬਣਿਆ ਨਈਂ। ਹੁਣ ਉਹ ਕਹਿੰਦਾ, ‘ਅਸੀਂ ਫੇ ਕਾਗਜ਼ ਭਰਨੇ। ਵਹੁਟੀ ਨਰਸ ਕਰਕੇ ਛੇਤੀ ਬਣ ਜਾਣਾ। ਬਾਰ੍ਹ ਨਰਸਾਂ ਦੀ ਡਮਾਂਡ ਬਹੁਤ ਵਾ। ਉਹਨੂੰ ਤਾਂ ਇੱਥੇ ਵੀ ਨੌਕਰੀ ਮਿਲ ਗਈ। ਬਾਰ੍ਹ ਦਾ ਨਾ ਵੀ ਬਣੇ ਤਾਂ ਵੀ ਠੀਕ ਵਾ। ਵਹੁਟੀ ਦੇ ਦੋ ਭਰਾ ਬਾਰ੍ਹ ਵਾ। ਉਹ ਕਹਿੰਦੇ, ਬਣ ਜਾਣਾ ਇਹਨਾਂ ਦਾ ਵੀ। ਜੇ ਉਹਨਾਂ ਦਾ ਬਣ ਗਿਆ। ਸਾਡੇ ਕੋਲ ਇਹਨੇ ਰਹਿ ਜਾਣਾ। ਇਹਦਾ ਈ ਵਾ ਫੇ ਸਾਰਾ ਕੁਛ।

ਇਹਨੂੰ ਪਤਾ ਨਈਂ ਕਾਹਦੀ ਭੁੱਖ ਪਈ ਵਾ। ਸਾਰਾ ਕੁਛ ਆਪਣੇ ਕਮਰੇ ’ਚ ਸਟੋਰ ’ਚ ’ਕੱਠਾ ਕਰੀ ਜਾਂਦੀ। ਬੀਬੀ ਦੀ ਪੇਟੀ ’ਚੋਂ ਖ਼ਰਾ ਖ਼ਰਾ ਸਮਾਨ ਵੀ ਕੱਢ ਲਿਆ। ਉਹਦੇ ਗਹਿਣੇ ਵੀ ਲੈ ਲੈ ਆਪੇ। ਮੈਨੂੰ ਕੁਛ ਨ੍ਹੀਂ ਪਤਾ। ਉਹਦਾ ਕੀ ਸੀ ਕੀ ਨਈਂ। ਨਾ ਮੈਂ ਕਦੇ ਐਦਾਂ ਹੱਥ-ਭੱਥ ਮਾਰਿਆ ਸੀ। ਨਾ ਉਹਨੇ ਮੈਨੂੰ ਕਦੇ ਦੱਸਿਆ ਸੀ। ਉਹਦੇ ਕੋਲ ਕੀ ਵਾ। ਜਿਹੜੇ ਬੀਬੀ ਨੇ ਥਾਂ ਥਾਂ ਥੋੜ੍ਹੇ ਥੋੜ੍ਹੇ ਪੈਸੇ ਗੰਢਾਂ ਦੇ ਦੇ ਕੇ ਰੱਖੇ ਹੋਏ ਸੀ, ਉਹ ਵੀ ਇਹਨੇ ਸਾਰੇ ’ਕੱਠੇ ਕਰ ਲਏ। ਜਿੱਦਾਂ ਬੁੜ੍ਹੀਆਂ ਨੂੰ ਆਦਤ ਈ ਹੁੰਦੀ, ਥੋੜ੍ਹੇ ਥੋੜ੍ਹੇ ਪਾਸੇ ਕਰਕੇ ਰੱਖਣ ਦੀ। ਇਹਨੂੰ ਪਤਾ ਨ੍ਹੀਂ ਪਤਾ ਸੀ ਬੀਬੀ ਦੇ ਪੈਸਿਆਂ ਦਾ? ਕਿੱਥੇ ਕਿੱਥੇ ਰੱਖੇ? ਪਤਾ ਨ੍ਹੀਂ ਇਹਨੇ ਉਹਦੇ ਮਗਰੋਂ ਫੋਲਾ ਫਾਲੀ ਕਰਦੀ ਨੇ ਲੱਭ ਲਏ। ਮੈਨੂੰ ਏਦਾਂ ਦੀ ਆਦਤ ਨਈਂ।

ਹਰੇਕ ਕੋਲੋਂ ਚੀਜ਼ਾਂ ਮੰਗਣ ਲੱਗ ਜਾਂਦੀ। ਪਹਿਲੀ ਵਾਰੀ ਮੇਰੇ ਪੇਕਿਆਂ ਦੇ ਗਈ ਨੂੰ ਉਹਨਾਂ ਨੇ ਵਾਲੀਆਂ ਪਾਈਆਂ। ਉਦੋਂ ਬੜੀ ਖੁਸ਼। ਵਿਆਹੋਂ ਮਗਰੋਂ ਉਹ ਮਿਲਣ ਆਏ ਨਿੱਕੀ ਵਹੁਟੀ ਲਈ ਝਾਂਜਰਾਂ ਲੈ ਕੇ ਆਏ। ਇਹਨੇ ਉਦੋਂ ਈਂ ਰੋਣ ਪਾ ਲਿਆ, ਮੇਰੇ ਲਈ ਨ੍ਹੀਂ ਲੈ ਕੇ ਆਏ ਝਾਂਜਰਾਂ। ਖੜ੍ਹੇ ਪੈਰ ਉਹਨਾਂ ਨੇ ਇਹਨੂੰ ਝਾਂਜਰਾਂ ਲਿਆ ਕੇ ਦਿੱਤੀਆਂ।

ਬਾਰ੍ਹੋਂ ਜਦੋਂ ਨਿੱਕਾ ਮੁੰਡਾ ਪਹਿਲੀ ਵਾਰ ਆਇਆ ਸੀ, ਮੇਰੇ ਲਈ ਗਲ ਦੀ ਗਾਨੀ ਕਰਾ ਕੇ ਲਿਆਇਆ। ਦਾਦੀ ਲਈ ਕੰਨਾਂ ਦੇ। ਇਹ ਉਦੋਂ ਕਹੇ, ਮੇਰੇ ਲਈ ਕਿਉਂ ਨ੍ਹੀਂ ਲਿਆਇਆ। ਮੈਨੂੰ ਵੀ ਗਲ ਦੀ ਕਰਾ ਕੇ ਦੇ।



ਫੇ ਮੁੰਡੇ ਨੇ ਇਹਨੂੰ ਸ਼ਹਿਰੋਂ ਗਲ ਦੀ ਕਰਾ ਕੇ ਦਿੱਤੀ। ਹੁਣ ਉਹ ਆਵਦੀ ਵਹੁਟੀ ਲਈ ਸੈੱਟ ਲੈ ਕੇ ਆਇਆ, ਇਹਨੇ ਤਾਂ ਰੌਲੀ ਪਾ ਲਈ। ਮੇਰੇ ਲਈ ਨ੍ਹੀਂ ਕਰਾ ਕੇ ਲਿਆਇਆ। ਮੁੰਡਾ ਕਹਿੰਦਾ, ਹੁਣ ਮੈਂ ਕੀ ਕਰਾਂ, ਸਾਰਾ ਖਰਚਾ ਨਿਆਣੇ ਦੇ ਸਿਰ ’ਤੇ ਕਰਾਇਆ। ਹੁਣ ਉਹ ਕਹਿੰਦਾ, ਮੰਮੀ ਮੇਰੇ ਕੋਲੋਂ ਏਨਾ ਨਈਂ ਹੋਣਾ। ਮੈਂ ਜਾ ਕੇ ਦੇਖੂੰਗਾ। ਜੇ ਕੰਮ ਵਧੀਆ ਲੱਗ ਗਿਆ, ਮੈਂ ਭਾਬੀ ਨੂੰ ਸੈੱਟ ਬਣਾ ਕੇ ਕਿਸੇ ਆਉਂਦੇ ਹੱਥ ਘੱਲ ਦਊਂਗਾ। ਹੁਣ ਵਹੁਟੀ ਨੂੰ ਕਹਿੰਦੀ, ਤੈਨੂੰ ਕਾਰਾਂ ’ਚ ਲਈ ਫਿਰਦੇ। ਮੈਨੂੰ ਕਦੇ ਕਾਰ ’ਚ ਲਗਏ ਨਈਂ। ਇਹਨੂੰ ਕਹਿੜਾ ਬੱਸਾਂ ’ਚ ਘੱਲੀਦਾ ਸੀ। ਮੋਟਰਸੈਕਲ ’ਤੇ ਦੀਪਕ ਇਹਨੂੰ ਲੈ ਕੇ ਜਾਂਦਾ ਹੁੰਦਾ ਸੀ। ਪਿੱਛੇ ਬੀਬੀ ਨੇ ਬਹਿ ਕੇ ਜਾਣਾ। ਕੁਮਾਰ ਹੋਣ ਵਾਲੇ ਤੇ ਇਹ ਕਦੇ ਵੀ ਨ੍ਹੀਂ ਬੱਸੇ ਗਈ। ਉਦੋਂ ਮੋਟਰ ਸੈਕਲ ਦੀਪਕ ਕੋਲ ਸੀ। ਉਹ ਮੋਟਰ ਸੈਕਲ ਤੇ ਲੈ ਕੇ ਜਾਂਦਾ ਰਿਹਾ। ਅਸੀਂ ਇਹਨੂੰ ਵਧੀਆਂ ਤਰ੍ਹਾਂ ਰੱਖਿਆ। ਬਾਰ੍ਹ ਦੇ ਦੋ ਸਫ਼ਰ ਲਾ ਕੇ ਦੀਪਕ ਨੇ ਗੱਡੀ ਲਈ। ਉਹ ਵੀ ਉਹਦੀ ਭੂਆ ਕਹਿੰਦੀ, ਅਸੀਂ ਆਉਣਾ, ਤੂੰ ਵੀ ਆਇਆ ਹੋਇਆ ਗੱਡੀ ਲੈ ਲਾ। ਆਪਾਂ ਘੁੰਮਣਾ ਫੇ ਗੱਡੀ ਬਿਨਾਂ ਨ੍ਹੀਂ ਸਰਨਾ। ਰੋਜ਼ ਕਿਰਾਏ ਦੀ ਕਰਨ ਨਾਲੋਂ ਆਪਣੀ ਲੈ ਲਈ। ਸਗੋਂ ਉਹਨੇ ਚੱਲਦੀ ਪੁਰਾਣੀ ਲਈ। ਕਹਿੰਦਾ, ਹਜੇ ਨਵੀਂ ਨਾ ਲੈਂਦੇ। ਹੱਥ ਖੋਲ੍ਹਣ ਲਈ ਪੁਰਾਣੀ ਠੀਕ ਵਾ।

ਉਹੋ ਗੱਡੀ ਹੁਣ ਨਿੱਕੀ ਦਾ ਡੈਡੀ ਲੈ ਕੇ ਗਿਆ। ਉਹਦੇ ’ਚ ਵੀ ਉਹਨੂੰ ਡਾਕਟਰ ਦੇ ਲੈ ਕੇ ਜਾਂਦਾ।

ਪੇ ਲੈ ਕੇ ਜਾਂਦਾ ਧੀ ਨੂੰ। ਹੋਰ ਕੋਈ ਘਰ ’ਚ ਹੈਨੀ। ਮੁੰਡੇ ਦੋਵੇਂ ਬਾਹਰ। ਅੱਜ ਕੱਲ੍ਹ ਕਿਤੇ ਹੈਗੀ ਕੋਈ ਸੰਗ-ਸ਼ਰਮ। ਅੱਗੇ ਨਿਆਣੇ ਹੋਣ ਵਾਲਾ ਹੋਣਾ। ਲੁਕਦੀਆਂ ਫਿਰਨਾ। ਪੇ ਭਰਾਵਾਂ ਤੋਂ ਸੰਗ ਈ ਬਹੁਤ ਆਉਂਣੀ। ਕਹਿਣਾ, ਇਹ ਕੀ ਕਹਿਣਗੇ। ਇਹਨੂੰ ਨਿਆਣਾ ਹੋਣ ਵਾਲਾ। ਮੇਰੇ ਦੋਨੋਂ ਵਾਰੀ ਸਿਆਲ ਸੀ। ਦੋਨੋਂ ਵਾਰੀ ਮੈਂ ਪੇਕੀਂ ਗਈਂ। ਸੌਲ ਲਪੇਟ ਕੇ ਰੱਖਣਾ। ਡੈਡੀ ਨੇ ਤਾਂ ਭਰਾਵਾਂ ਨੇ ਜਦੋਂ ਘਰ ਹੋਣਾ ਮੈਂ ਪਿਛਲੇ ਕਮਰੇ ’ਚੋਂ ਨਾ ਨਿਕਲਣਾ। ਬੱਤੀ ਵੀ ਨਾ ਜਗਾਉਣੀ। ਨੇਰੇ ’ਚ ਈ ਪਈ ਰਹਿਣਾ। ਅੱਜ ਕੱਲ੍ਹ ਤਾਂ ਸਾਰੇ ’ਕੱਠੇ ਤੁਰੇ ਫਿਰਦੇ। ਗੱਲਾਂ ਕਰਦੇ। ਪਰੈੱਗਨੈਂਸੀ ’ਚ ਐਦਾਂ ਹੁੰਦਾ। ਪਰੈੱਗਨੈਂਸੀ ’ਚ ਓਦਾਂ ਹੁੰਦਾ। ਹੈਨੀ ਝਾਕਾ ਕਿਸੇ ਨੂੰ ਵੀ। ਨੌਰਮਲ ਹੋ ਜਾਵੇ ਚੰਗਾ। ਮੇਰੇ ਦੋਨੋਂ ਘਰੇ ਹੋ ਗਏ ਸੀ।

ਮੇਰੇ ਵੱਡੇ ਨੂੰ ਨਾਲ ਬੋਤਲ ਲਾ ਦਿੱਤੀ ਸੀ। ਉਹਨੂੰ ਬੀਬੀ ਮੇਰੇ ਕੋਲ ਰਹਿਣ ਨ੍ਹੀਂ ਸੀ ਦਿੰਦੀ ਹੁੰਦੀ। ਜਿੱਥੇ ਜਾਣਾ ਨਾਲ ਲੈ ਜਾਣਾ। ਮੈਂ ਬੈਠੀ ’ਡੀਕਦੀ ਰਹਿਣਾ, ਮੇਰਾ ਦੁੱਧ ਵਗ ਵਗ ਝੱਗਾ ਭਿੱਜੀ ਜਾਣਾ। ਬੀਬੀ ਨੇ ਕਦੇ ਤਕਾਲਾਂ ਨੂੰ ਮੁੜ ਆਉਣਾ। ਕਦੇ ਕਦੇ ਦੂਜੇ ਤੀਜੇ ਦਿਨ ਮੁੜਨਾ। ਮੇਰੇ ’ਚ ਬੀਬੀ ਨੇ ਉਹਦਾ ਪਿਆਰ ਪੈਣ ਈਂ ਦਿੱਤਾ ਸੀ। ਨਿੱਕੇ ਨੇ ਮੇਰਾ ਪੀਤਾ।

ਕੁਮਾਰ ਆਪਣੀ ਮੰਮੀ ਕੋਲ ਈ ਰਹਿੰਦਾ। ਸਾਡੇ ਕੋਲ ਨ੍ਹੀਂ ਆਉਂਦਾ। ਉਹ ਘਰ ਨਾ ਵੀ ਹੋਵੇ। ਇਹਨੇ ਆਵਦੇ ਕਮਰੇ ’ਚ ਬੈਠੇ ਰਹਿਣਾ। ਮੋਬਾਇਲ ਤੇ ਗੇਮਾਂ ਖੇਲਦਾ ਰਹਿੰਦਾ। ਜੇ ਕਹਿ ਵੀ ਦਈਏ ਅਸੀਂ ਆ ਜਾ ਸਾਡੇ ਕੋਲ ਬਹਿ ਜਾ। ਆਪਾਂ ਗੱਲਾਂ ਕਰੀਏ। ਕਹੂਗਾ, ਨਈਂ ਵੱਡੀ ਮੰਮੀ, ਮੈਂ ਆਪਣੀ ਮੰਮੀ ਦੇ ਕਮਰੇ ’ਚ ਠੀਕ ਵਾਂ। ਮੇਰੀ ਮੰਮੀ ਮੈਨੂੰ ਕਹਿ ਕੇ ਗਈ ਸੀ, ਇੱਥੇ ਬੈਠਾ ਰਹੀਂ। ਕਿਤੇ ਜਾਈਂ ਨਾ। ਐਨਾ ਪੱਕਾ ਕੀਤਾ ਮੁੰਡੇ ਨੂੰ। ਸਾਡੇ ਕੋਲ ਬੈਠਣ ਨਈਂ ਦਿੰਦੀ। ਅਸੀਂ ਦੋਵੇਂ ਜੀ ਬੈਠੇ ਕੰਧਾਂ ਦੇਖਦੇ ਰਹੀਦਾ।

ਹੁਣ ਅਸੀਂ ਬੈਠਕ ’ਚ ਬਹਿਣ ਲੱਗ ਪਏ। ਇੱਥੇ ਈਂ ਰਾਤ ਨੂੰ ਪੈ ਜਾਈਦਾ। ਹੁਣ ਸਾਨੂੰ ਕਹਿੰਦੀ, ਤੁਸੀਂ ਇੱਥੇ ਕਿਉਂ ਆਏਂ। ਜਾਓ ਆਵਦੇ ਕਮਰੇ ’ਚ ਇਹਨੂੰ ਮੈਂ ਵਧੀਆ ਡਰਾਇੰਗ ਰੂਮ ਬਣਾਉਂਣਾ। ਆਏ ਗਏ ਲਈ ਸਜ਼ਾ ਕੇ ਰੱਖਣਾ। ਵੱਡਾ ਸੋਫਾ ਇੱਥੇ ਲਾਉਣਾ।

ਆਏ ਗਏ ਦੀ ਪਈ। ਸਾਡੀ ਬਾਤ ਨ੍ਹੀਂ ਪੁੱਛਦੀ। ਕਿੱਥੇ ਜਾਂਦੀ? ਕਿੱਥੋਂ ਆਉਂਦੀ ਸਾਨੂੰ ਕੁਛ ਨ੍ਹੀਂ ਦੱਸਦੀ। ਮੈਂ ਕਿਹਾ, ਅਸੀਂ ਤਾਂ ਨ੍ਹੀਂ ਜਾਣਾ ਹੁਣ ਓਸ ਕਮਰੇ ’ਚ ਸਾਨੂੰ ਇੱਥੇ ਠੀਕ ਵਾ। ਇੱਥੋਂ ਬਾਹਰਲੇ ਬੂਹੇ ਦੀ ਬਿੜਕ ਰਹਿੰਦੀ। ਆਇਆ ਗਿਆ ਇੱਥੇ ਬੈਠਿਆਂ ਨੂੰ ਦਿਸ ਪੈਂਦਾ। ਪਿਛਲੇ ਕਮਰੇ ’ਚ ਸੀਰੀ ਤਾਂ ਪਤਾ ਨਈਂ ਸੀ ਲੱਗਦਾ। ਆਪ ਸਾਰੇ ਕਮਰਿਆਂ ’ਚ ਕਬਜ਼ਾ ਕਰੀ ਜਾਂਦੀ। ਬੀਬੀ ਦੇ ਕਮਰੇ ’ਚ ਹੁਣ ਇਹਨੇ ਸਾਰਾ

ਵਾਧੂ ਘਾਟੂ ਸਮਾਨ ਵਾੜ ਦਿੱਤਾ। ਕਹਿੰਦੀ ਵਿਹੜਾ ਖ਼ਾਲੀ ਰੱਖਣਾ। ਸੈਂਕਲ, ਮੋਟਰਸੈਕਲ, ਸਕੂਟਰ, ਸੈਂਕਲੀ, ਸਾਰੀ ਕੁਛ ਬੀਬੀ ਦੇ ਕਮਰੇ 'ਚ। ਅਸੀਂ ਬੀਬੀ ਦਾ ਕਮਰਾ ਪਾਠ ਪੂਜਾ ਲਈ ਰੱਖਿਆ ਸੀ। ਇਹਨੇ ਹਾਅ ਸਾਰਾ ਕੁਛ ਅੰਦਰ ਕਰਤਾ। ਕਿਸੇ ਨੂੰ ਪੁੱਛਦੀ ਦੱਸਦੀ ਥੋੜੋਂ ਕੁਛ। ਮਰਜ਼ੀਆਂ ਕਰਦੀਆਂ। ਜੋ ਜੀ ਆਉਂਦਾ ਕਰੀ ਜਾਂਦੀ। ਪਤਾ ਨ੍ਹੀਂ ਇਹਦੇ ਦਿਲ 'ਚ ਕੀ ਵਾ? ਇਹ ਕੀ ਕਰਨਾ ਚਾਹੁੰਦੀ?

ਪਹਿਲੋਂ ਵਿਆਹ ਮਰਜ਼ੀ ਨਾਲ ਕਰਾਇਆ। ਅਸੀਂ ਇੱਜ਼ਤ-ਮਾਣ 'ਨਾ ਤਾਂ ਵੀ ਰੱਖ ਲਿਆ। ਆਵਦੇ ਮੁੰਡੇ ਕਰਕੇ ਈ ਸਈ। ਰੱਖ ਲਿਆ। ਉਮਰ 'ਚ ਵੀ ਸਾਡੇ ਮੈਹਿੰਮੀ ਨਾਲੋਂ ਤਿੰਨ ਸਾਲ ਵੱਡੀ ਸੀ। ਉਹ ਟੈਕਸੀ ਚਲਾਉਂਦਾ ਹੁੰਦਾ ਸੀ। ਉਦੋਂ ਕਿਤੇ ਪੜ੍ਹਦੀ ਦੀ ਉਹਦੇ ਨਾਲ ਗੱਲਬਾਤ ਹੋ ਗਈ। ਮਾਂ ਪੇ ਮੰਨਦੇ ਨਈਂ ਸੀ। ਇਹ ਭੱਜ ਗਏ। ਉਦੋਂ ਮੈਹਿੰਮੀ ਨੂੰ ਅਜੇ ਇੱਕੀਵਾਂ ਲੱਗਾ ਸੀ। ਇਹ ਚੌਵੀਆਂ ਦੀ ਸੀ। ਪੇ ਇਹਦਾ ਉਦੋਂ ਹਲਕਿਆ ਫਿਰਦਾ ਸੀ।

ਮੁੰਡਾ ਸਾਡਾ ਇਹਦੇ ਪੇ ਨੇ ਮਰਵਾਇਆ। ਇੱਕ ਦਿਨ ਮੈਂ ਬੱਸ 'ਚ ਬੈਠਾ ਸੀ। ਬੁੜੀਆਂ ਗੱਲਾਂ ਕਰਨ, ਫਲਾਣੇ ਨੇ ਆਵਦਾ ਜਵਾਈ ਮਰਵਾ 'ਤਾ। ਉਹਨਾਂ ਨੂੰ ਥੋੜ੍ਹੋ ਪਤਾ ਸੀ ਉਹ ਮੇਰਾ ਮੁੰਡਾ ਸੀ। ਮੈਂ ਮੁੰਡੇ ਦਾ ਪੇ ਆਂ। ਮੈਂ ਬੁੜੀਆਂ ਦੀਆਂ ਗੱਲਾਂ ਸੁਣਦਾ ਰਿਹਾ। ਉਹ ਇਹਦੇ ਪੇ ਦਾ ਨਾਉਂ ਲੈ ਕੇ ਗੱਲਾਂ ਕਰਦੀਆਂ ਸੀ। ਵਿਚ ਇਹਦਾ ਵੀ ਨਾਉਂ ਲੈਂਦੀਆਂ ਸੀ। ਮੈਨੂੰ ਪੱਕਾ ਹੋ ਗਿਆ। ਇਹ ਸਾਡੇ ਮੁੰਡੇ ਦੀ ਗੱਲ ਕਰਦੀਆਂ। ਉਦੋਂ ਸਾਰੇ ਪਾਸੇ ਏਹੋ ਹਵਾ ਸੀ। ਇਹਦੇ ਪੇ ਨੇ ਉਹਦਾ ਕੰਮ ਕੀਤਾ।

ਜਦੋਂ ਇਹ ਭੱਜੇ ਸੀ ਉਹ ਮੈਨੂੰ ਕਹਿੰਦਾ ਸੀ,

'ਹੁਣ ਮੈਂ ਦੇਖੂ। ਇਹਦਾ ਕੀ ਕਰਨਾ।'

ਮੈਂ ਕਿਆ, 'ਤੂੰ ਕੀ ਕਰ ਲੈਂਗੈ।' ਅਸੀਂ ਠਾਣੇ ਦਰਖਾਸ਼ਤ ਦੇਤੀ ਸੀ।

ਉਹ ਕਹਿੰਦਾ, 'ਦੇਖੀਂ। ਮੈਂ ਕੀ ਕਰਦਾ।'

ਉਹਨੇ ਦਿਖਾਤਾ। ਸਾਨੂੰ ਕੀ ਪਤਾ ਸੀ ਉਹਨੇ ਸਾਡਾ ਮੁੰਡਾ ਮਰਵਾ ਦੇਣਾ। ਅਸੀਂ ਕਿਹਾ, ਅੰਦਰ-ਕਰਾਉਣ ਦੀਆਂ ਧਮਕੀਆਂ ਦਿੰਦਾ। ਕਿਤੇ ਮੁੰਡੇ ਨੂੰ ਫੜ੍ਹ ਕੇ ਕੁੱਟਣ ਨਾ। ਅਸੀਂ ਮੁੰਡੇ ਨੂੰ ਕਿਤੇ ਬਾਰ੍ਹ ਦਾਰੂ ਨੇੜੇ ਨਾ ਜਾਣ ਦੇਣਾ। ਇਹ ਜਦੋਂ ਭੱਜੇ ਸੀ ਦੂਜੇ ਦਿਨ ਇਹਨਾਂ ਦੀਆਂ ਲਾਵਾਂ ਅਸੀਂ ਗੁਰਦਵਾਰੇ ਪੜ੍ਹ ਦਿੱਤੀਆਂ। ਮਗਰੋਂ ਦੋਈਂ ਕੁ ਮਹੀਨੀ ਅਸੀਂ ਮੈਹਿੰਮੀ ਨੂੰ ਦੋਹਾ-ਕਤਰ ਘੱਲਤਾ ਸੀ। ਜਦੋਂ ਸਾਡਾ ਕੁਮਾਰ ਹੋਇਆ। ਉਦੋਂ ਉਹ ਦੋਈਂ ਸਾਲੀਂ ਦੋਹਾ ਕਤਰ ਤੋਂ ਆਇਆ ਸੀ। ਕੁਮਾਰ ਨੂੰ ਦੇਖਣ। ਕੁਮਾਰ ਉਦੋਂ ਦੋਹ ਮੀਹੀਨਿਆਂ ਦਾ ਸੀ। ਇਹਨੂੰ ਪੇ ਦਾ ਕੀ ਪਤਾ। ਪੇ ਕੀ ਹੁੰਦਾ?

ਜਿੱਦਣ ਉਹਨੂੰ ਮਾਰਿਆ ਇੱਕ ਦਿਨ ਪਹਿਲੋਂ ਇਹ ਉਹਨੂੰ ਨਾਲ ਲੈ ਕੇ ਪੇਕੀਂ ਮਿਲ ਕੇ ਆਈ। ਆਲੇ-ਦੁਆਲੇ ਘਰਾਂ 'ਚ ਜਾਣ ਪਛਾਣ ਦੇ ਹੋਣਗੇ। ਤਾਏ ਚਾਚੇ ਹੋਣਗੇ। ਸਾਨੂੰ ਕੀ ਪਤਾ ਕੇਹਦੇ ਕੇਹਦੇ ਲੈ ਕੇ ਮਿਲ ਕੇ ਆਏ। ਪੇਕਿਆਂ ਦੇ ਨਈਂ ਗਈ। ਪੇਕਿਆਂ ਦੇ ਕੀ ਜਾਣਾ ਸੀ। ਉਹਨਾਂ ਨੇ ਉਦੋਂ ਬਦਖ਼ਲ ਕਰਤੀ ਸੀ। ਜਿਹਨਾਂ ਨੂੰ ਮਿਲ ਕੇ ਆਏ ਸੀ ਦੂਜੇ ਦਿਨ ਉਹਨਾਂ ਨੇ ਫੇ ਮੁੰਡੇ ਸਾਡੇ ਨੂੰ ਫ਼ੋਨ ਕਰਕੇ ਸੱਦ ਲਿਆ। ਇਹ ਆਪ ਘਰ ਰਹੀ। ਮੈਹਿੰਮੀ 'ਕੱਲਾ ਗਿਆ। ਜਾਂਦੇ ਦਾ ਉਹਨਾਂ ਨੇ ਕੰਮ ਕਰਤਾ। ਲੋਕ ਦੱਸਦੇ ਸੀ। ਮੈਨੂੰ ਕੀ ਪਤਾ ਕੀ ਹੋਇਆ। ਮੈਂ ਜਦੋਂ ਗਿਆ, ਕਹਿਣ,

'ਔਹ ਖੜ੍ਹੇ ਟਰੱਕ ਹੇਠਾਂ ਉਹਦਾ ਮੋਟਰ ਸੈਕਲ ਵੜ੍ਹ ਗਿਆ। ਉਹਦੀ ਸਪੀਡ ਬਹੁਤ ਸੀ। ਉਹ ਉਦੋਂ ਈ ਮੁੱਕ ਗਿਆ। ਉਹਦਾ ਸਿਰ ਪਾਟਾ ਹੋਇਆ ਸੀ। ਕਹਿਣ ਟਰੱਕ ਵੀ ਇੱਥੇ ਕਈ ਦਿਨਾਂ ਦਾ ਖੜ੍ਹਾ ਸੀ। ਮੁੰਡੇ ਸਾਡੇ ਨੇ ਖੜ੍ਹੇ ਟਰੱਕ ਹੇਠਾਂ ਆਉਣਾ ਸੀ। ਇਹ ਉਹਨਾਂ ਨੇ ਗੱਲ ਬਣਾ ਲਈ। ਸਾਨੂੰ ਕੀ ਪਤਾ। ਟਰੱਕ ਉੱਥੇ ਖੜ੍ਹਾ ਸੀ। ਮੈਂ ਖੜ੍ਹਾ ਟਰੱਕ ਦੇਖਿਆ। ਮੈਂ ਘਰ ਸੀ ਜਦੋਂ ਮੈਨੂੰ ਫ਼ੋਨ ਆਇਆ, 'ਮੈਹਿੰਮੀ ਠੀਕ ਨਈਂ। ਉਹਨੂੰ ਹਸਪਤਾਲ ਲੈ ਕੇ ਜਾਣਾ। ਛੇਤੀ ਆ ਜੋ। ਉਹਦਾ ਐਕਸੀਡੈਂਟ ਹੋ ਗਿਆ।'

ਐਕਸੀਡੈਂਟ ਦਾ ਨਾਂ ਸੁਣ ਕੇ ਮੈਨੂੰ ਹੱਥਾਂ ਪੈਰਾਂ ਦੀ ਪੈ ਗਈ। ਮੈਂ ਫਟਾਫਟ ਕਿਸੇ ਨੂੰ ਨਾਲ ਲੈ ਕੇ ਉੱਥੇ



ਗਿਆ। ਨੇੜੇ ਸੀ। ਅਸੀਂ ਪੰਦਰਾਂ ਵੀਹਾਂ ਮਿੰਟਾਂ 'ਚ ਉੱਥੇ ਚਲੇ ਗਏ। ਮੈਨੂੰ ਉੱਥੇ ਜਾ ਕੇ ਪਤਾ ਲੱਗਾ ਉਹ ਮੁੱਕ ਗਿਆ। ਇਹਨੂੰ ਘਰ ਬੈਠੀ ਨੂੰ ਪਤਾ ਲੱਗ ਗਿਆ। ਇਹਨੂੰ ਫ਼ੋਨ ਤੇ ਫ਼ੋਨ ਆਈ ਜਾਂਦੇ ਸੀ। ਇਹ ਕੋਠੇ 'ਤੇ ਕਾਹਲੀ ਕਾਹਲੀ ਇਧਰ ਉਧਰ ਘੁੰਮੇ। ਦੁਕਾਨ ਵਾਲੇ ਦੇਬੂ ਨੇ ਦੇਖੀ। ਉਹਨੇ ਸਾਨੂੰ ਮਸੋਸ ਕਰਨ ਆਏ ਨੇ ਦੱਸਿਆ। ਕਹਿੰਦਾ, ਮੈਂ ਉਧਰ ਨੂੰ ਦੇਖਿਆ, ਉਪਰੋਂ ਧੂੰਆਂ ਜਿਆ ਉੱਡਦਾ ਸੀ। ਇਹ ਹੱਥ 'ਚ ਧੂਫ਼ ਧਖਾਈ ਲੈ ਕੇ ਗੇੜੇ ਕੱਢੇ। ਅਰਦਾਸਾਂ ਕਰਦੀ ਸੀ। ਮੈਹਿੰਮੀ ਠੀਕ ਹੋ ਜਾਵੇ। ਇਹ ਇਹਨੇ ਬਾਅਦ 'ਚ ਸਾਨੂੰ ਆਪ ਦੱਸਿਆ,

"ਮੈਂ ਅਗਰਬੱਤੀ ਲਾ ਕੇ ਬਹੁਤ ਅਰਦਾਸਾਂ ਕੀਤੀਆਂ। ਠੀਕ ਠਾਕ ਘਰ ਆ ਜਾਵੇ।'

ਇਹ ਇਹਦੇ ਚਲਿੱਤਰ ਹੋਣੇ। ਇਹਨੂੰ ਪਤਾ ਸੀ ਉਹ ਮੁੱਕ ਗਿਆ। ਇਹਦੇ ਪੇ ਨੇ ਮਰਵਾਇਆ। ਇਹ ਕਹਿੰਦੀ, ਉਹਨਾਂ ਨੇ ਨਈ ਮਰਵਾਇਆ। ਸਾਰੇ ਪਾਸੇ ਲੋਕ ਗੱਲਾਂ ਏਹੋ ਕਰਦੇ ਸੀ, ਸਹੁਰਿਆਂ ਨੇ ਜਵਾਈ ਮਰਵਾਤਾ।' ਐਕਸੀਡੈਂਟ ਉਹਨੇ ਬਣਾਤਾ।'

ਘਰੋਂ ਭੱਜ ਕੇ ਉਹਨੇ ਕੀ ਖੱਟਿਆ। ਆਹ ਰੱਬ ਨੇ ਇਹਨੂੰ ਨਿੱਕਾ ਮੈਹਿੰਮੀ ਦੇਤਾ। ਅਸੀਂ ਰੱਬ ਦਾ ਭਾਣਾ ਸਮਝ ਕੇ ਜ਼ਰ ਲਿਆ। ਇਹਨੂੰ ਧੀ ਬਣਾ ਕੇ ਰੱਖ ਲਿਆ। ਇਹ ਧੀ ਬਣ ਕੇ ਰਹਿੰਦੀ ਨਈਂ। ਹੁਣ ਵੀ ਕਿਤੇ ਨਾ ਕਿਤੇ ਤੁਰੀ ਹੁੰਦੀ। ਸਾਨੂੰ ਨ੍ਹੀਂ ਦੱਸਦੀ।'

'ਪੁਲਿਸ ਮੁੰਡੇ ਦੀ ਲਾਸ਼ ਲੈ ਗਈ। ਮੈਂ ਘਰ ਆ ਗਿਆ। ਮੈਂ ਘਰ ਆ ਕੇ ਕੋਈ ਗੱਲ ਨਈਂ ਕੀਤੀ। ਕਿਸੇ ਨੂੰ ਕੁਛ ਨ੍ਹੀਂ ਦੱਸਿਆ ਕਿ ਮੈਹਿੰਮੀ ਹੈਨੀ। ਜਦੋਂ ਮੈਂ ਘਰ ਆਇਆ, ਇਹ ਮੇਰੀਆਂ ਲੱਤਾਂ ਨੂੰ ਚੁੰਬੜ ਗਈ। ਮੈਨੂੰ ਹੇਠਾਂ ਸਿੱਟ ਦਿੱਤਾ। ਕਹਿੰਦੀ, 'ਡੈਡੀ ਜੀ ਹੁਣ ਮੈਨੂੰ ਘਰੋਂ ਨਾ ਕੱਢਿਓ!'

ਇਹਦੇ ਕਰਕੇ ਸਾਰਾ ਕੁਛ ਹੋਇਆ। ਉਦੋਂ ਮੈਨੂੰ ਆਵਦੀ ਹੋਸ਼ ਨਹੀਂ ਸੀ। ਜਵਾਨ ਪੁੱਤ ਹੱਸਦਾ ਖੇਡਦਾ ਮਿੰਟਾਂ 'ਚ ਹੱਥਾਂ 'ਚੋਂ ਨਿਕਲ ਗਿਆ। ਨਿੱਕਾ ਜਿਆ ਕੁਮਾਰ ਇਹਦੇ ਕੁੱਛੜ। ਅਸੀਂ ਕਿੱਥੇ ਕੱਢਣੀ ਸੀ। ਕੁਮਾਰ ਸਾਡਾ ਖ਼ੂਨ। ਸਾਡੀ ਜੜ੍ਹ। ਮੈਹਿੰਮੀ ਤਾਂ ਰਿਹਾ ਨਾ। ਅਸੀਂ ਕੁਮਾਰ ?'ਚੋਂ ਉਹਨੂੰ ਹਰ ਵੇਲੇ ਦੇਖਦੇ।'

'ਪਰ ਇਹ ਸਾਡੀ ਇੱਜਤ ਨ੍ਹੀਂ ਕਰਦੀ। ਜਿਹੜੀ ਇਹਦੀ ਵੱਡੀ ਭੈਣ ਕਹਿੰਦੀ ਸੀ, ਅਸੀਂ ਨ੍ਹੀਂ ਇਹਨੂੰ ਮਿਲਣਾ ਕਦੇ। ਇਹਨੇ ਸਾਡੇ ਪਿਓ ਦੀ ਪੱਗ ਮਿੱਟੀ 'ਚ ਰੋਲੀ। ਉਹ ਮਗਰੋਂ ਇਹਨੂੰ ਮਿਲਣ ਲੱਗ ਪਈ। ਇਹਤੋਂ ਨਿੱਕੀ ਵਿਆਹੀ। ਉਹ ਵੀ ਮਿਲਣ ਆਉਂਦੀ। ਬਾਹਰੋਂ ਬਾਹਰ ਮਿਲਦੀਆਂ ਹੱਟੀਆਂ ਭੱਠੀਆਂ 'ਤੇ। ਬਜ਼ਾਰ 'ਚ ਘਰ ਨਈਂ ਆਉਂਦੀਆਂ। ਕਹਿੰਦੀ ਸੀ, ਮੇਰੀਆਂ ਭੈਣਾਂ ਘਰ ਆ ਜਾਇਆ ਕਰਨ ਅਸੀਂ ਕਿਆ ਨਈਂ। ਸਾਡੇ ਘਰ ਨਾ ਆਉਣ। ਅਸੀਂ ਨ੍ਹੀਂ ਆਪਣੇ ਘਰ ਵੜ੍ਹਨ ਦੇਣੀਆਂ। ਸਾਡੇ ਘਰ ਉਹਨਾਂ ਦਾ ਕੀ ਕੰਮ। ਹੁਣ ਪੇ ਦੀ ਪੱਗ ਕਿੱਥੇ ਗਈ। ਕੋਈ ਪੁੱਛੇ ਉਹਨੂੰ।

ਜਦੋਂ ਫ਼ੋਨ ਆਉਂਦਾ ਇਹ ਭੱਜੀ ਜਾਂਦੀ ਮਿਲਣ। ਓਦਾਂ ਵੀ ਤੁਰੀ ਰਹਿੰਦੀ ਟੀਸ਼ਨ ਵਾਲੇ ਨਿੱਕੇ ਨਿੱਕੇ ਨਿਆਣਿਆਂ ਦੇ ਘਰੀਂ। ਅੱਜ ਮਹਿਕ ਦੀ ਦਾਦੀ ਦਾ ਜਨਮ ਦਿਨ। ਮੈਂ ਉੱਥੇ ਗਈ ਸੀ। ਅੱਜ ਰਿਚਾ ਦੇ ਚਾਚੇ ਦੀ ਅਨਵਰਸਰੀ ਮੈਂ ਉੱਥੇ ਗਈ ਸੀ। ਕਦੇ ਕਿਸੇ ਨਿਆਣੇ ਦੀ ਮਾਂ ਦਾ ਜਨਮ ਹੁੰਦਾ। ਕਦੇ ਕਿਸੇ ਦੇ ਪੇ ਦਾ। ਕਦੇ ਸਕੂਲ ਵੱਲੋਂ ਜਲੰਧਰ ਗਈ ਸੀ। ਕਦੇ ਸਕੂਲੇ ਟੈਮ ਵੱਧ ਲੱਗ ਗਿਆ।

ਆ ਕੇ ਕਹਿ ਦਿੰਦੀ ਇਹਨਾਂ ਨੂੰ। ਮੇਰੇ ਨਾਲ ਤਾਂ ਗੱਲ ਈ ਨਹੀਂ ਕਰਦੀ। ਕੀ ਪਤਾ ਕਿੱਥੇ ਜਾਂਦੀ। ਕਿੱਥੇ ਖੇਹ ਖਾਂਦੀ। ਕਦੇ ਟੀਸ਼ਨ ਵਾਲਿਆਂ ਦੇ ਦਾਦੇ-ਦਾਦੀਆਂ ਨੂੰ ਘਰ ਸੱਦ ਲੈਂਦੀ। ਕਦੇ ਆਂਢ-ਗੁਆਂਢ ਚਲੇ ਜਾਂਦੀ। ਕਦੇ ਕਿਸੇ ਦੇ ਕਦੇ ਕਿਸੇ ਦੇ। ਆਹ ਕੁਛ ਕਰਦੀ। ਲੋਕ ਕਹਿੰਦੇ ਚੰਗੀ ਬਹੁਤ ਵਾ। ਏਹ ਤਾਂ ਰੱਬ ਜਾਣਦੈ।

ਹੁਣ ਇਹਨਾਂ ਨੂੰ ਕਹਿੰਦੀ, ਨਵਾਂ ਸੋਫ਼ਾ ਬਣਵਾ ਕੇ ਦਿਓ। ਵੱਡਾ। ਕੰਧਾਂ ਦੇ ਨਾਪ ਦਾ। ਸੋਫ਼ੇ ਨਾਲ ਵੱਡਾ ਕੱਚ ਦਾ ਟੇਬਲ ਵੀ ਲੈ ਕੇ ਦਿਓ। ਫਰਿੱਜ਼ ਵੀ ਵੱਡੀ ਲੈਣੀ।

ਚਾਲੀ ਪੰਜਾਹ ਹਜ਼ਾਰ ਅਸੀਂ ਕਿੱਥੋਂ ਕੱਢਣਾ। ਅੱਗੇ ਮੁੰਡਾ ਭੇਜ ਦਿੰਦਾ ਸੀ। ਜਿਉਂ ਵਿਆਹ ਕਰਾ ਕੇ

ਗਿਆ, ਉਹਦਾ ਕੰਮ ਈ ਐਸ ਸਾਲ ਸੂਤ ਨ੍ਹੀਂ ਆਇਆ। ਪਹਿਲੋਂ ਆਪ ਬਿਮਾਰ ਹੋ ਗਿਆ। ਦੋ ਮਹੀਨੇ ਕੰਮ 'ਤੇ ਨ੍ਹੀਂ ਗਿਆ। ਫੇ ਵਹੁਟੀ ਕੋਲ ਸੱਦ ਲਈ। ਵਹੁਟੀ ਨੂੰ ਉੱਥੇ ਦਾ ਪਾਣੀ ਨ੍ਹੀਂ ਮਾਫ਼ਕ ਬੈਠਾ। ਦੋਈਂ ਮਹੀਨੀ ਵਹੁਟੀ ਆ ਗਈ। ਉਹ ਖਰਚਾ ਉਹਦਾ ਹੋਇਆ। ਹੁਣ ਉਹਦੀ ਲੱਤ 'ਤੇ ਕੁਛ ਹੋ ਗਿਆ ਸੀ। ਉਹ ਕਹਿਣਾ, ਮੇਰੇ ਤੋਂ ਤੁਰਿਆ ਵੀ ਨਈਂ ਜਾਂਦਾ ਸੀ। ਫੇ ਉਹਦੀ ਕੰਮ ਤੋਂ ਛੁੱਟੀ ਹੋਈ ਰਹੀ। ਉਹਨੇ ਆਵਦੀ ਵਹੁਟੀ ਦਾ ਵੀ ਦੇਖਣਾ। ਉਹ ਹੁਣ ਬਾਹਰ ਦਾ ਵੀ ਬਣਾਉਣ ਲੱਗੇ। ਕਾਗਜਾਂ 'ਤੇ ਵੀ ਖਰਚ ਹੋਇਆ। ਥੋੜ੍ਹੇ ਬਹੁਤੇ ਪੈਸੇ ਸ਼ੋਅ ਵੀ ਕਰਨੇ ਪੈਣੇ। ਉਹਦਾ ਸਾਲਾ ਕਹਿੰਦਾ, "ਦੋਵੇਂ ਜਾਣੇ ਸਾਂਝਾ ਅਕਾਊਂਟ ਬਣਾ ਕੇ ਉਹਦੇ 'ਚ ਪੈਸੇ ਪਾਵੋ। ਹੁਣ ਉਹਨਾਂ ਨੇ ਉਹ ਵੀ ਖੁਲਵਾਇਆ। ਉਹਦੇ 'ਚ ਥੋੜ੍ਹੇ ਥੋੜ੍ਹੇ ਹਰ ਮਹੀਨੇ ਪਾਉਂਦਾ। ਉਹ ਕੱਲਾ ਕੀ ਕੀ ਕਰੇ।

ਇਹ ਵੀ ਉਹਨੂੰ ਫ਼ੋਨ ਕਰਦੀ ਰਹਿੰਦੀ, ਮੈਨੂੰ ਸੈੱਟ ਬਣਾ ਕੇ ਦੇ। ਇਹਦਾ ਉਹਨੂੰ ਏਦਾਂ ਕਹਿਣਾ ਕਿਤੇ ਬਣਦਾ। ਝੱਟ ਮੂੰਹ ਪਾੜ ਕੇ ਕਹਿ ਦਿੰਦੀ। ਮੈਂ ਕਿਸੇ ਤੋਂ ਰੁਪਈਆਂ ਨ੍ਹੀਂ ਮੰਗ ਸਕਦੀ। ਨਾ ਕਦੇ ਮੰਗਿਆ। ਇੱਥੇ ਤੰਗੀ ਸੀ ਮੇਰੇ ਪੇਕੇ ਮੈਨੂੰ ਜੋ ਲੈ ਦਿੰਦੇ ਸੀ। ਮੈਂ ਵਰਤ ਲੈਂਦੀ ਸੀ।'

'ਉਹ ਹੁਣ ਦੋ ਰੱਖ ਲਵੇ। ਉਹਨੇ ਇੱਕ ਈ ਰੱਖਣੀ।'

ਕੱਲ੍ਹ ਸਾਡੇ ਬੈਠਿਆਂ ਤੋਂ ਵਹੁਟੀ ਨੂੰ ਮੁੰਡੇ ਦਾ ਫ਼ੋਨ ਆਇਆ। ਮੈਂ ਘਰ ਆ ਕੇ ਇਹਨਾਂ ਨੂੰ ਕਿਹਾ, ਦੇਖ ਲਓ ਦੀਪਕ ਵਹੁਟੀ ਦਾ ਕਿੰਨਾ ਖ਼ਿਆਲ ਰੱਖਦਾ। ਤੁਸੀਂ ਮੈਨੂੰ ਏਦਾਂ ਕਦੇ ਨਈਂ ਪੁੱਛਿਆ ਸੀ। ਤੇਰਾ ਕੀ ਹਾਲ? ਤੂੰ ਕੀ ਕਰਦੀ? ਬਾਰ੍ਹ ਵੀ ਰਹੇਂ, ਉਦੋਂ ਫ਼ੋਨ ਤਾਂ ਹੁੰਦੇ ਨਈਂ ਸੀ। ਨਾ ਕਦੇ ਚਿੱਠੀ ਨਾ ਪੱਤਰ। ਬੀਬੀ ਜਿੱਦਾਂ ਕਹਿੰਦੀ ਸੀ ਤੁਸੀਂ ਓਦਾਂ ਈਂ ਕਰਦੇ ਸੀ। ਨਾ ਬੀਬੀ ਮੈਨੂੰ ਕੁਛ ਜਾਣਦੀ ਸੀ ਨਾ ਤੁਸੀਂ... ਹੁਣ ਮੇਰੀ ਨੂੰਹ ਦਾ ਵੀ ਮੇਰੇ ਨਾਲ ਏਹੋ ਹਾਲ ਵਾ। ਉਹ ਵੀ ਨ੍ਹੀਂ ਮੈਨੂੰ ਕੁਛ ਜਾਣਦੀ। ਹਜੇ ਮੈਂ ਕਦੇ ਕਿਸੇ ਨੂੰ ਕੁਛ ਕਿਹਾ ਨਈਂ। ਤਾਂ ਵੀ ਮੇਰੇ ਨਾਲ ਏਦਾਂ ਕਰਦੀਆਂ।

ਹੁਣ ਇੱਕ ਦਿਨ ਨੀਰਜਾ ਮੈਨੂੰ ਅੱਖਾਂ ਜਿਹੀਆਂ ਕੱਢਣ ਲੱਗੀ ਸੀ ਫੇ ਮੈਂ ਬੋਲੀ। ਮੈਂ ਕਿਆ, ਅੱਗੇ ਮੇਰੀ ਸੱਸ ਦਾ ਮੇਰੇ ਨਾਲ ਏਹੋ ਹਾਲ ਸੀ। ਹੁਣ ਮੇਰੀ ਨੂੰਹ ਵੀ ਉਹੋ ਕੁਛ ਕਰਨ ਡੈਅ ਪੀ। ਸਕੂਲੋਂ ਆਈ ਉੱਚੀ ਉੱਚੀ ਬੋਲਣ ਲੱਗੀ,

ਸਫ਼ਾਈ ਕਿਉਂ ਨ੍ਹੀਂ ਕੀਤੀ। ਘਰ 'ਚ ਕਿੰਨਾ ਗੰਦ ਪਾਇਆ। ਕੀ ਕੀਤਾ ਮੰਮੀ ਸਵੇਰ ਦਾ ਤੁਸੀਂ?

ਸਵੇਰ ਦੀ ਰੋਟੀ ਸਬਜ਼ੀ, ਭਾਂਢੇ , ਕੱਪੜੇ, ਕੱਪੜੇ ਮੈਂ ਹੱਥ ਨਾਲ ਧੋਨੀ ਇਹ ਮਸ਼ੀਨ ਨਾਲ। ਜਦੋਂ ਮੈਂ ਕਹਿ ਦੇਵਾਂ ਅੱਜ ਕੱਪੜੇ ਜਾਦਾ ਹੋਏ ਸਾਡੇ ਮਸ਼ੀਨ 'ਚ ਪਾ ਦੇਵੀਂ। ਕਹੂਗੀ, ਅੱਜ ਨ੍ਹੀਂ ਮੈਂ ਧੋਣੇ। ਜੇ ਮੈਂ ਘਰੋਂ ਕਿਤੇ ਚਲੀ ਜਾਵਾਂ, ਮੇਰੇ ਮਗਰੋਂ ਧੋ ਲੈਂਦੀ। ਸਾਡੇ ਨਈਂ ਧੋਂਦੀ। ਪਿਛਲੀ ਵਾਰੀ ਦੀਪਕ ਆਏ ਤੋਂ ਇਹਨੇ ਮਸ਼ੀਨ ਲੈ ਲਈ। ਇੱਕ ਅਲਮਾਰੀ ਲਈ। ਕਹਿੰਦੀ, ਉਹਨੂੰ ਮੈਨੂੰ ਇਹ ਦੋ ਚੀਜ਼ਾਂ ਲੈ ਕੇ ਦੇ। ਉਹਨੇ ਲੈ ਦਿੱਤੀਆਂ। ਆਪਨੂੰ ਪੰਜ ਛੇ ਹਜ਼ਾਰ ਸਕੂਲੋਂ ਮਿਲਦਾ। ਟੀਸ਼ਨਾਂ ਦੇ ਹੋ ਜਾਂਦੇ। ਆਪ ਇੱਕ ਪੈਸਾ ਨਈਂ ਖ਼ਰਚਦੀ। ਪੰਦਰਾਂ ਸੌ ਦੋਨਾਂ ਨੂੰ ਪੈਨਸ਼ਨ ਮਿਲਦੀ। ਅੱਠ ਨੌਂ ਹੋ ਜਾਂਦਾ ਹੋਣਾ।

ਇਹਨਾਂ ਨੂੰ ਨ੍ਹੀਂ ਮਿਲੇ। ਉਦਣ ਮੈਂ ਥੱਕ ਗਈ ਸੀ। ਉਤੋਂ ਇਹ ਆ ਕੇ ਬੋਲਣ ਡੈਅ ਪੀ। ਮੈਂ ਕਿਹਾ ਫੇ , ਤੂੰ ਕੀ ਕਰਦੀਂ। ਸਫ਼ਾਈ ਕਰਕੇ ਜਾਇਆ ਕਰ। ਮੈਨੂੰ ਤੂੰ ਨੌਕਰਨੀ ਸਮਝਦੀਂ। ਰਸੋਈ 'ਚ ਖਲਾਰਾ ਤੂੰ ਪਾ ਕੇ ਚਲੀ ਜਾਂਦੀ। ਜੂਠੇ ਭਾਂਢੇ ਢੇਰ ਤੂੰ ਲਾ ਕੇ ਸਿੱਟ ਜਾਨੀ। ਕੱਪੜੇ ਸਾਡੇ ਤੂੰ ਮਸ਼ੀਨ 'ਚ ਨ੍ਹੀਂ ਪਾਉਂਦੀ। ਤੂੰ ਕੀ ਕਰਦੀ?

ਇਹਦੇ ਮਗਰੋਂ ਦੋਧੀ ਆਉਂਦਾ। ਮੈਂ ਦੁੱਧ ਲੈ ਕੇ ਉਹ ਉਬਾਲ ਕੇ ਰੱਖਦੀਂ। ਕਿਸੇ ਦਿਨ ਉਹ ਵੀ ਇਹਨੇ ਆ ਕੇ ਕਹਿਣਾ। ਅੱਜ ਦੁੱਧ ਤੇ ਮਲਾਈ ਘੱਟ ਵਾ। ਅੱਜ ਦੁੱਧ ਘੱਟ ਵਾ। ਇੱਕ ਦਿਨ ਮੈਂ ਉਬਾਲੀ ਨਾ ਦਿੱਤੀ। ਜਦੋਂ ਆ ਕੇ ਇਹਨੇ ਉਬਾਲਿਆ ਦੁੱਧ ਫਟ ਗਿਆ। ਓਦਣ ਦੀ ਮੈਂ ਉਬਾਲੀ ਦੇ ਦਿੰਨੀ। ਇਹਨੇ ਬੋਲੀ ਜਾਣਾ। ਪੈਸੇ ਤਾਂ ਘਰੋਂ ਜਾਣੇ। ਇਹ ਦੁੱਧ ਅੱਡ ਲੈਂਦੀ। ਅਸੀਂ ਅੱਡ। ਕਿੱਲੋ ਆਵਦੇ ਦੁੱਧ ਦੇ ਪੈਸੇ ਇਹ



ਆਪਣੇ ਕੋਲੋਂ ਦਿੰਦੀ। ਹੋਰ ਕਿਤੇ ਨ੍ਹੀਂ ਖਰਚਦੀ।

ਬੀਬੀ ਨੇ ਇਹਨੂੰ ਬਾਹਲਾ ਸਿਰ 'ਤੇ ਚਾੜ੍ਹਿਆ ਸੀ। ਜੋ ਬੀਬੀ ਕਰਦੀ ਸੀ ਉਹੋ ਇਹ ਮੇਰੇ ਨਾਲ ਕਰਨ ਲੱਗ ਪਈ ਸੀ। ਮੈਨੂੰ ਦੋਨੋਂ ਇੱਕੋ ਜਿਹੀਆਂ ਟੱਕਰੀਆਂ। ਹੈਗੀਆਂ ਵੀ ਇੱਕ ਪਾਸੇ ਦੀਆਂ। ਜੇ ਮੈਂ ਕਹਾਂ ਇਹਨੂੰ ਕਣਕ ਕੱਢ ਲਾ ਆਟਾ ਮੁੱਕਣ ਵਾਲਾ ਹੋਇਆ। ਇਹਨੇ ਕਦੇ ਨਈਂ ਕੱਢਣੀ। ਆਖੇ ਲੱਗਣਾ ਈ ਨੀਂ। ਜਦੋਂ ਆਟਾ ਮੁੱਕ ਜਾਂਦਾ। ਪੀਪਾ ਖੜਕਾ ਦਿੰਦੀ। ਬੋਲਦੀ ਨਈਂ। ਜੇ ਅਸੀਂ ਕਹਿੰਨੇ, ਵਿਆਹ ਤੇਰਾ ਕਰ ਦਿੰਦੇ। ਵਿਆਹ ਕਰਾ ਲਾ। ਉਹ ਮੰਨਦੀ ਲਈਂ। ਓਦਾਂ ਤੁਰੀ ਫਿਰਦੀ। ਕਦੇ ਕਿਤੇ ਕਦੇ ਕਿਤੇ... ਸਾਡਾ ਕਾਲਜਾ ਸਾੜਨ ਨੂੰ।

ਲੋਕੀਂ ਕਹਿੰਦੇ ਇਹ ਚੰਗੀ ਬਹੁਤ ਵਾ। ਘਰ ਹਾਅ ਕੁਛ ਕਰਦੀ। ਲੋਕਾਂ ਨਾਲ ਪਤਾ ਨ੍ਹੀਂ ਕਿੱਦਾਂ ਚੰਗੀ ਰਹਿੰਦੀ। ਇੱਕ ਮੇਰੀ ਦਦ੍ਹੇਸ ਲੱਗਦੀ। ਉਹ ਵੀ ਕਹੂਗੀ ਨੀਰਜਾ ਬਹੁਤ ਚੰਗੀ। ਉਹਦੇ ਪੋਤੇ ਦਾ ਤਲਾਕ ਹੋਇਆ। ਉਹ ਕਹਿੰਦੀ, 'ਮੇਰੇ ਪੋਤੇ ਨਾ ਇਹਦਾ ਵਿਆਹ ਕਰ ਦਈਏ। ਮੈਂ ਕਿਹਾ, ਕਰਾਉਂਦੀ ਤਾਂ ਕਰ ਲਓ। ਇਹਨੂੰ ਕਹੂ ਕਿਹੜਾ। ਉਸ ਮੁੰਡੇ ਦਾ ਸਾਨੂੰ ਸਾਰਿਆਂ ਨੂੰ ਪਤਾ ਉਹਦਾ ਕਿਸੇ ਤੀਵੀਂ ਨਾਲ ਚੱਕਰ ਵਾ। ਤੀਵੀਂ ਦੇ ਦੋ ਵੱਡੇ ਵੱਡੇ ਮੁੰਡੇ। ਉਹਦੇ ਨਾਲ ਫਿਰਦਾ ਉਹ ਅਸੀਂ ਕਈ ਵਾਰ ਦੇਖਿਆ। ਮੇਰੀ ਦਦੇਸ ਕਹਿੰਦੀ, ਕੋਈ ਗੱਲ ਨਈਂ। ਆਪੇ ਜਦੋਂ ਵਿਆਹ ਹੋ ਗਿਆ ਉਹਦੇ ਨਾਲ ਫਿਰਨੋਂ ਹਟਜੂਗਾ। ਨਾ ਹਟੂ ਨਾ ਸਈ। ਵਹੁਟੀ ਆ ਕੇ ਘਰ ਸਾਂਭੇ। ਜ਼ਮੀਨ ਜੈਦਾਤ ਕਿੰਨੀ ਵਾਂ ਆ ਕੇ ਆਵਦੇ ਨਾਂ ਕਰਾਵੇ। ਨਈਂ ਤਾਂ ਲੋਕਾਂ ਨੇ ਈਂ ਸਾਂਭਣੀ।

ਉਹਨਾਂ ਦੇ ਇਹਦੀ ਨਿਭਣੀ ਨਈਂ। ਉਹਨਾਂ ਨੇ ਕਹਿਣਾ ਘਰ ਬਹਿ। ਘਰ ਦਾ ਕੰਮ ਕਰ। ਉਹਨਾਂ ਨੇ ਬਾਰ੍ਹ ਜਾਣ ਨਈਂ ਦੇਣੀ। ਇਹਨੇ ਫਿਰਨਾ ਆਵਦੀ ਮਰਜ਼ੀ ਨਾਲ। ਇਹਨੇ ਸਕੂਲ ਵੀ ਨਈਂ ਛੱਡਣਾ। ਇਹਨੂੰ ਏਦਾਂ ਦਾ ਚਾਹੀਦਾ ਜਿਹੜਾ ਇਹਨੂੰ ਕੁਛ ਕਹੇ ਨਾ। ਇਹ ਜੋ ਮਰਜ਼ੀ ਕਰੇ। ਅਸੀਂ ਕੁਮਾਰ ਕਰਕੇ ਇਹਨੂੰ ਕੁਛ ਨ੍ਹੀਂ ਕਹੀਦਾ। ਨਿਆਣਾ ਘਰ 'ਚ ਅੱਖਾਂ ਮੋਹਰੇ ਤੁਰਿਆ ਫਿਰਦਾ ਤਾਂ ਦੀਹਦਾ। ਭਾਵੇਂ ਸਾਡੇ ਕੋਲ ਬਹਿੰਦਾ ਭਾਵੇਂ ਨਈਂ ਬਹਿੰਦਾ। ਉਹਦੇ ਨਾਲ ਘਰ 'ਚ ਰੌਣਕ ਵਾ। ਉਹਨਾਂ ਦਾ ਕੀ ਪਤਾ ਕੋਲ ਬਹਿੰਦਾ ਭਾਵੇਂ ਨਈਂ ਬਹਿੰਦਾ। ਉਹਦੇ ਨਾਲ ਘਰ 'ਚ ਰੌਣਕ ਵਾ। ਉਹਨਾਂ ਦਾ ਕੀ ਪਤਾ ਬਾਅਦ 'ਚ ਕਹਿਣ, ਮੁੰਡਾ ਨਾਲ ਨਾ ਲਿਆਵੇ। ਇਹਨੇ ਮੁੰਡੇ ਬਿਨਾਂ ਰਹਿਣਾ ਨਈਂ। ਜੇ ਮੁੰਡਾ ਨਾਲ ਚਲੇ ਗਿਆ ਸਾਡਾ ਜੀ ਨ੍ਹੀਂ ਲੱਗਣਾ। ਉੱਥੇ ਇਹਨੇ ਕਰਾਉਣਾ ਈਂ ਨ੍ਹੀਂ। ਇਹਨੂੰ ਉਹ ਪਸੰਦ ਈ ਨ੍ਹੀਂ ਆਉਂਣਾ।

ਮੈਹਿੰਮੀ ਤੋਂ ਸਾਲ ਬਾਅਦ ਈ ਅਸੀਂ ਇਹਨੂੰ ਕਿਹਾ ਸੀ, ਜੇ ਤੂੰ ਵਿਆਹ ਕਰਾਉਣਾ ਤਾਂ ਦੱਸ ਦੇ। ਅਸੀਂ ਕੋਈ ਮੁੰਡਾ ਦੇਖ ਲੈਨੇ। ਅਸੀਂ ਤੈਨੂੰ ਧੀ ਬਣਾ ਕੇ ਤੋਰ ਦਿਆਂਗੇ। ਤੂੰ ਸਾਡੇ ਨਾਲ ਸਾਡੀ ਧੀ ਬਣਕੇ ਮਿਲਦੀ ਵਰਤਦੀ ਰਹੀ। ਇਹ ਮੰਨੀ ਨ੍ਹੀਂ।

'ਆਹੋ ਸਾਡੇ ਕਿਹੜੀ ਕੋਈ ਕੁੜੀ ਹੈਗੀ। ਅਸੀਂ ਇਹਨੂੰ ਧੀ ਮੰਨਦੇ।

ਮੇਰੇ ਨਾਲ ਨ੍ਹੀਂ ਕੋਈ ਗੱਲ ਕਰਦੀ। ਇਹਨਾਂ ਨਾਲ ਹੌਲੀ ਹੌਲੀ ਮਿੱਠੀਆਂ ਮਿੱਠੀਆਂ ਮੇਰੇ ਮਗਰੋਂ ਕਰਦੀ ਰਹਿੰਦੀ। ਇਹ ਆ ਜਾਂਦੇ ਉਹਦੀਆਂ ਗੱਲਾਂ 'ਚ ਹੁਣ ਇੱਕ ਦਿਨ ਇਹਨਾਂ ਨੂੰ ਮਕਾਨ ਦਾ ਕਹਿੰਦੀ, ਮੇਰਾ ਹਿੱਸਾ ਮੈਨੂੰ ਦੇ ਦਿਉ। ਮੈਨੂੰ ਇਹ ਕਹਿੰਦੇ, ਮਕਾਨ ਆਪਾਂ ਨੀਰਜਾ ਦੇ ਨਾਂ ਕਰਾ ਦਈਏ।

ਆਹੋ। ਨੀਰਜਾ ਮੈਨੂੰ ਕਹਿੰਦੀ ਸੀ। ਮੈਂ ਕਿਹਾ ਕਰਾ ਦਿੰਨੇ। ਮੈਂ ਏਦਾਂ ਸੋਚਦਾ ਸੀ, ਨਾਲੇ ਆਪਣੇ ਤੋਂ ਬਾਅਦ 'ਚ ਨਿਆਣਿਆਂ 'ਚ ਲੜਾਈ ਨਾ ਹਊਗੀ।

ਮੈਂ ਥੋਨੂੰ ਕਹਿੰਨੀ। ਮਕਾਨ ਇਹਦੇ ਕੱਲੀ ਦੇ ਨਾਂ ਨਾ ਕਰਾਇਓ। ਏਦਾਂ ਸਗੋਂ ਦੀ ਨਿਆਣਿਆਂ 'ਚ ਲੜਾਈ ਹੋਊਗੀ। ਦੂਜੇ ਕਹਿਣਗੇ, ਅਸੀਂ ਕੇਹੇ। ਸਾਡਾ ਹਿੱਸਾ ਕਿੱਥੇ?

ਮੈਂ ਏਦਾਂ ਸੋਚਿਆ ਨਈਂ। ਮੈਂ ਕਿਆ, ਇੱਕ ਬਾਰ੍ਹ ਆ। ਦੂਜਾ ਕਹਿੰਦਾ ਮੈਂ ਬਾਰ੍ਹ ਚਲੇ ਜਾਣਾ। ਇਹਨੇ ਇੱਥੇ ਰਹਿਣਾ। ਇਹਦੇ ਨਾਂ ਕਰਾ ਦਿੰਨਾ।

ਆਪਾਂ ਦੋਵੇਂ ਫੇ ਕਿੱਥੇ ਜਾਵਾਂਗੇ। ਜੇ ਇਹਨੇ ਮਗਰੋਂ ਆਪਾਂ ਨੂੰ ਘਰੋਂ ਕੱਢਤਾ। ਜਿੱਦਾ ਇਹ ਕਰਦੀ ਇਹਦਾ ਕੀ ਪਤਾ। ਹੁਣ ਸਾਨੂੰ ਕਹਿੰਦੀ ਏਸ ਕਮਰੇ 'ਚ ਤੁਸੀਂ ਕੀ ਕਰਦੇ। ਫੇ ਕਹੂਗੀ ਏਸ ਮਕਾਨ 'ਚ ਥੋਡਾ ਕੀ ਕੰਮ। ਫੇ ਆਪਾਂ ਕਿੱਧਰ ਨੂੰ ਜਾਵਾਂਗੇ। ਮੈਂ ਥੋਨੂੰ ਕਹਿੰਨੀ, ਇਹ ਕੰਮ ਨ੍ਹੀਂ ਕਰਨਾ। ਮਕਾਨ ਹਊਗਾ ਤਾਂ ਤਿੰਨਾਂ ਦੇ ਨਾਂ। ਇੱਕ ਦੇ ਨਈਂ।'

'ਮੇਰੀ ਮਾਂ ਨੇ ਮਕਾਨ ਮੇਰੇ ਨਾਂ ਕਰਾਇਆ ਸੀ। ਮੈਂ ਮਾਂ ਨਾਲ ਏਦਾਂ ਨ੍ਹੀਂ ਕੀਤੀ। ਮੈਂ ਮਾਂ ਦੀ ਅਖ਼ੀਰ ਤੱਕ ਸੇਵਾ ਕਰਦਾ ਰਿਹਾ। ਜੋ ਮਾਂ ਕਹਿੰਦੀ ਸੀ ਮੈਂ ਮੰਨਦਾ ਰਿਹਾ।'

'ਤੁਸੀਂ ਕੱਲੇ ਸੀ ਭਰਾ ਜੀ। ਧਾਡਾ ਸਰ ਗਿਆ। ਧਾਡੇ ਤਿੰਨ ਆ। ਹੁਣ ਦੇ ਨਿਆਣੇ ਧਾਡੇ ਵਰਗੇ ਨਈਂ। ਬਹੁਤ ਸਵਾਰਥੀ ਹੋ ਗਏ ਆ।'

ਐਨੇ ਚਿਰ ਦੀ ਹੁਣ ਮੇਰੀ ਮੰਮੀ ਬੋਲੀ। ਮੰਮੀ ਵੀ ਉਹਨਾਂ ਦੀਆਂ ਗੱਲਾਂ ਸੁਣਦੀ ਰਹੀ। ਮੈਂ ਵੀ ਚੁੱਪ ਕਰਕੇ ਟੀ. ਵੀ. ਮੋਹਰੇ ਬੈਠਾ ਉਹਨਾਂ ਦੀਆਂ ਗੱਲਾਂ ਸੁਣਦਾ ਰਿਹਾ। ਮੇਰੀ ਮੰਮੀ ਨੇ ਉਹਨਾਂ ਨੂੰ ਰਤਨੀ ਮਾਮੀ ਕੋਲੋਂ ਸੁਣੀ ਗੱਲ ਦੱਸੀ।

'ਕੱਲ੍ਹ ਰਤਨੀ ਏਦਾਂ ਦੀ ਕਿਸੇ ਦੀ ਦੱਸਦੀ ਸੀ। ਚੜ੍ਹਾਈ ਵਾਲੇ ਪਾਸੇ ਆ ਓਸ ਬੁੜ੍ਹੀ ਦਾ ਘਰ। ਵਿਚਾਰੀ ਵਿਧਵਾ ਆ। ਰਤਨੀ ਦੀ ਹੱਟੀ 'ਤੇ ਸੌਦਾ ਲੈਣ ਆਈ ਰੋਂਦੀ ਸੀ। ਕਿਰਾਏ 'ਤੇ ਘਰ ਲੱਭਦੀ ਫਿਰਦੀ ਸੀ, ਓਦਾਂ ਰਤਨੀ ਕਹਿੰਦੀ, ਉਹ ਪਰਸੋਂ ਹੱਟੀਓਂ ਦਾਲ ਲੈਣ ਆਈ ਸੀ। ਕਹਿੰਦੀ, ਕਿਸੇ ਸਿਆਣੇ ਨੇ ਵਿੱਚ ਪੈ ਕੇ ਸੁਲਾਹ ਸਫ਼ਾਈ ਕਰਾਤੀ। ਕੁੜੀ ਨੂੰ ਸਮਝਾਇਆ। ਹੁਣ ਕੁੜੀ ਮਾਂ ਤੇ ਭਰਾ ਨੂੰ ਘਰ 'ਚੋਂ ਦੋ ਕਮਰੇ ਦੇਣੇ ਮੰਨ ਗਈ। ਭਲਕ ਨੂੰ ਏਹੋ ਜੀ ਦਾ ਕੀ ਪਤਾ ਕੀ ਕਰੇ।'

'ਫੇ ਦੇਖ ਲਓ। ਸੁਣ ਲਓ। ਨਾਲੇ ਉਹ ਧੀ ਸੀ। ਜੇ ਧੀ ਏਦਾਂ ਕਰ ਸਕਦੀ ਫੇ ਨੂੰਹ ਦਾ ਕੀ ਪਤਾ। ਇਹ ਕੀ ਕਰੂ। ਇਹ ਤਾਂ ਹੁਣ ਵੀ ਆਪਣਾ ਕਿਹਾ ਨਈਂ ਮੰਨਦੀ। ਮਗਰੋਂ ਇਹਨੇ ਕੀ ਮੰਨਣਾ। ਤੁਸੀਂ ਵੀ ਐਵੇਂ ਚਾਂਮਲੇ ਹੋਏ ਹੱਥ ਪੈਰ ਨਾ ਵੱਢ ਕੇ ਰੱਖ ਲਿਓ। ਉਹਨੇ ਹੁਣੇ ਸਾਰੇ ਕਮਰੇ ਮੱਲੇ ਪਏ। ਨਿੱਕੀ ਵਹੁਟੀ ਦੇ ਕਮਰੇ 'ਚ ਵੀ ਆਵਦਾ ਸਮਾਨ ਖਲਾਰੀ ਰੱਖਦੀ। ਆਪਾਂ ਨੂੰ ਏਸ ਕਮਰੇ 'ਚੋਂ ਕੱਢਣ ਨੂੰ ਫਿਰਦੀ। ਹੈਦਾਂ ਦੀਆਂ ਗੱਲਾਂ ਕਰਕੇ ਮੈਂ ਕਹਿੰਨੀ। ਇਹਦੇ 'ਕੱਲੀ ਦੇ ਨਾਂ ਮਕਾਨ ਨ੍ਹੀਂ ਕਰਾਉਂਣਾ।

'ਕਿੱਦਾਂ ਕਰੀਏ ਫੇ?'

ਅੰਕਲ ਨੇ ਮੰਮੀ ਵੱਲ ਮੂੰਹ ਕਰ ਲਿਆ। ਪਰੇਸ਼ਾਨ ਹੋਏ ਅੰਕਲ ਨੇ ਕਿੰਨੀ ਵਾਰੀ ਅੱਖਾਂ ਝਮਕੀਆਂ। ਮੰਮੀ ਨੇ ਅੱਖ ਘੁਮਾ ਕੇ ਮੈਨੂੰ ਦੇਖਿਆ। ਮੈਂ ਚੈਨਲ ਬਦਲਣ ਲੱਗ ਪਿਆ। ਮਕਾਨ ਇਹਦੇ 'ਕੱਲੀ ਦੇ ਨਾਂ ਨਾ ਕਰਾਇਓ। ਇਹਦੇ ਚਾਰ ਹਿੱਸੇ ਕਰੋ। ਤਿੰਨ ਤਿੰਨਾਂ ਮੁੰਡਿਆਂ ਦੇ। ਇੱਕ ਤੁਵਾਡਾ। ਮੈਂ ਤਾਂ ਕਹਿੰਨੀ ਮੈਹਿੰਮੀ ਦਾ ਹਿੱਸਾ ਉਹਦੇ ਮੁੰਡੇ ਕੁਮਾਰ ਦੇ ਨਾਂ ਕਰਾਓ। ਪੋਤੇ ਦੇ ਨਾਂ। ਲਿਖਾ ਕੇ ਰੱਖ ਲਓ। ਜਿੰਨਾ ਚਿਰ ਅਸੀਂ ਮਕਾਨ ਸਾਡਾ। ਮਗਰੋਂ ਸਾਡੇ ਤਿੰਨਾਂ ਮੁੰਡਿਆਂ ਦਾ। ਹੁਣ ਆਪਣੇ ਹੱਥ ਕਾਹਤੋਂ ਵੱਢਣੇ।'

'ਓਦਾਂ ਵਿਆਹ 'ਚ ਅੱਗੇ ਹੋ ਕੇ ਸਾਰਾ ਕੰਮ ਚੱਕੀ ਫਿਰਦੀ ਰਹੀ। ਓਦਾਂ ਭੱਜਣ-ਨੱਠਣ ਨੂੰ ਤੇਜ਼ ਵਾ। ਦੇਖਣ ਵਾਲੇ ਨੂੰ ਲਗਦਾ ਬਹੁਤ ਕੰਮ ਕਰਦੀ। ਤਦੇ ਸਾਰੇ ਕਹਿ ਦਿੰਦੇ ਚੰਗੀ ਵਾ। ਓਦਾਂ ਜੋ ਕਰਦੀ, ਉਹ ਨ੍ਹੀਂ ਚੰਗਾ ਲੱਗਦਾ। ਪਤਾ ਨ੍ਹੀਂ ਇਹਨੂੰ ਕਾਹਦੀ ਬੇਵਸਾਈ ਪਈ ਵਾ। ਆ ਜੋ ਉਪਰ ਥੋਨੂੰ ਦਿਖਾਵਾਂ ਦੋਹਾਂ ਦੇ ਕਮਰੇ। ਆਪਣਾ ਸਵਾਰ ਕੇ ਰੱਖਦੀ ਵਾ। ਉਹਦੇ ਕਮਰੇ 'ਚ ਨਿੱਕ ਸੁੱਕ ਸਿੱਟੀ ਰੱਖਦੀ। ਇੱਕ ਦਿਨ ਇਹ ਕਹਿੰਦੀ,

ਤਾਈ ਨੇ ਮੰਮੀ ਦਾ ਗੁੱਟ ਫੜ੍ਹ ਲਿਆ। ਅੱਜ ਬੜੇ ਚਿਰਾਂ ਮਗਰੋਂ ਤੇਰੇ ਨਾਲ ਮੈਂ ਪੌੜੀਆਂ ਚੜ੍ਹਨ ਲੱਗੀਂ। ਮੇਰੇ ਕੋਲੋਂ ਚੜ੍ਹ ਨਈਂ ਹੁੰਦਾ। ਮੇਰੀਆਂ ਲੱਤਾਂ ਫੁੱਲ ਜਾਂਦੀਆਂ। ਸਾਹ ਚੜ੍ਹਨ ਲੱਗ ਪੈਂਦਾ।

'ਤੁਸੀਂ ਸੈਰ ਕਰਿਆ ਕਰੋ ਭਰਜਾਈ। ਇੱਕ ਦੋ ਵਾਰ ਦਿਨ 'ਚ ਪੌੜੀਆਂ ਵੀ ਚੜ੍ਹਿਆ ਕਰੋ। ਹਜੇ ਤਵਾਡੀ ਉਮਰ ਕੀ ਆ। ਤਵਾਡੇ ਤੋਂ ਵੱਡੀ ਉਮਰ ਦੀਆਂ ਭੱਜੀਆਂ ਫਿਰਦੀਆਂ। ਤੁਸੀਂ ਐਵੇਂ ਦਿਲ



ਛੱਡਿਆ। ਹਜੇ ਤੁਸੀਂ ਸੱਠਾਂ ਦੇ ਨਈਂ ਹੋਏ ਹੋਣੇ?

ਨਈਂ ਹਜੇ। ਤਿੰਨਾਂ ਚਹੁੰ ਸਾਲਾਂ ਨੂੰ ਸੱਠਾਂ ਦੀ ਵੀ ਹੋਜੂ। ਜੇ ਰੱਬ ਨੇ ਚਾਹਿਆ ਤਾਂ।

ਰੱਬ ਚਾਹੁੰਦਾ ਆ। ਤੁਸੀਂ ਵੀ ਮਨ ਕਰੜਾ ਰੱਖੋ। ਹਜੇ ਜੀਣਾ ਆ। ਏਦਾਂ ਸੋਚਿਆ ਕਰੋ।

'ਘਰਾਂ ਦੇ ਫ਼ਿਕਰ ਮਾਰ ਲੈਂਦੇ। ਮੈਂ ਜਿਉਂ ਵਿਆਹੀ ਚੱਜ ਦਾ ਸੁਖ ਨ੍ਹੀਂ ਦੇਖਿਆ। ਇਹ ਕਿਹੜਾ ਮੇਰੀ ਬਾਤ ਪੁੱਛਦੇ ਹੁੰਦੇ ਸੀ। ਬੀਬੀ ਓਦਾਂ ਤੇਜ਼ ਸੀ। ਬੋਲਦੀ ਬਹੁਤ ਹੁੰਦੀ ਸੀ। ਕਹਿਣਾ ਇਹਨੂੰ ਚੱਜ ਨਈਂ। ਕਮਲੀ ਸਾਡੇ ਪੱਲੇ ਪਾਤੀ। ਮੈਂ ਪਹਿਲੋਂ ਤਾਂ ਨ੍ਹੀਂ ਸੀ ਕਮਲੀ। ਇਹਨਾਂ ਨੇ ਰਲ ਮਿਲ ਕੇ ਸਾਰਿਆਂ ਨੇ ਮੈਨੂੰ ਕਮਲੀ ਕਰਕੇ ਰੱਖਤਾ। ਇਹਨਾਂ ਨੇ ਆਪ ਸਾਰੀ ਉਮਰ ਕਦੇ ਟਿਕ ਕੇ ਕੰਮ ਨਈ ਕੀਤਾ। ਮਾਂ ਦੀ ਮੁੱਠੀ ਚਾਪੀ ਕਰਦੇ ਰਹੇ। ਮਾਂ ਮੈਨੂੰ ਢਾਹ ਢਾਹ ਮਾਰਦੀ ਰਹੀ। ਸਾਡੇ ਆਂਢ ਗੁਆਂਢ ਸਾਰਿਆਂ ਨੂੰ ਪਤਾ ਬੀਬੀ ਮੇਰੇ ਨਾਲ ਕੀ ਕਰਦੀ ਹੁੰਦੀ ਸੀ। ਮੈਂ ਬਹੁਤਾ ਰਹਿੰਦੀ ਪੇਕਿਆਂ ਦੇ ਸੀ। ਪਹਿਲਾਂ ਪਹਿਲਾਂ ਮਾਂ ਪੇ ਭਰਾ ਲੈ ਜਾਂਦੇ ਹੁੰਦੇ ਸੀ। ਕਈ ਕਈ ਮਹੀਨੇ, ਸਾਲ ਸਾਲ ਵੀ ਰਹਿ ਲੈਣਾ। ਫੇ ਉਹਨਾਂ ਨੇ ਛੱਡ ਜਾਣਾ। ਬੀਬੀ ਨੇ ਕਹਿਣਾ, ਇਹਨੂੰ ਦਾਲ ਸਬਜ਼ੀ ਰੋਟੀ ਬਣਾਉਣ ਦਾ ਚੱਜ ਨਈਂ। ਕਈ ਵਾਰੀ ਤਾਂ ਜੀ ਹੁੰਦਾ ਸੀ ਮਰ ਮੁੱਕ ਜਾਵਾਂ। ਫੇ ਨਿਆਣਿਆਂ ਦਾ ਮੂੰਹ ਦੇਖਣਾ। ਐਦਾਂ ਈ ਆਹ ਦਿਨ ਆ ਗਏ।'

ਤਾਈ ਨੇ ਪੌੜੀਆਂ ਚੜ੍ਹ ਕੇ ਸਾਹ ਲਿਆ। ਤਾਈ ਦੀ ਛਾਤੀ ਉਪਰ-ਥੱਲੇ ਹੋਵੇ। ਤਾਈ ਨੇ ਛਾਤੀ ਤੇ ਹੱਥ ਰੱਖਿਆ ਐਦਾਂ ਸਾਹ ਧੌਂਖਣੇ ਪੈ ਜਾਂਦਾ। ਆ ਜਾ ਪਹਿਲੋਂ ਵੱਡੀ ਦਾ ਕਮਰਾ ਦਿਖਾਉਨੀ। ਤਾਈ ਨੇ ਕਮਰੇ ਦਾ ਬੂਹਾ ਖੋਲ੍ਹਿਆ, 'ਇਹ ਵੱਡੀ ਦਾ। ਨਾਲ ਸਟੋਰ ਡੇਢ ਕੁ ਮੰਜੇ ਦੀ ਨੁੱਕਰ ਜ੍ਹੀ ਵਾਲੀ ਥਾਂ ਸੀ। ਇਹਨੂੰ ਅਸੀਂ ਸਟੋਰ ਬਣਾ ਲਿਆ। ਹੇਠਾਂ ਵੀ ਏਦਾਂ ਈ ਸਾਡੇ ਕਮਰੇ ਨਾਲ ਬਣਿਆ ਹੋਇਆ।'

ਕਮਰੇ 'ਚ ਬੈੱਡ ਤੇ ਸੋਹਣੀ ਚਾਦਰ ਵਿਛੀ ਹੋਈ । ਸੋਹਣਾ ਕੁਇਲਟ ਪੈਰਾਂ ਵਾਲੇ ਪਾਸੇ ਤੈਹ ਲਾ ਕੇ ਲੰਮਾ ਪਾਇਆ ਹੋਇਆ। ਕੰਧ 'ਤੇ ਟੰਗੀ ਵੱਡੀ ਫੋਟੋ ਵੀ ਬਹੁਤ ਪਿਆਰੀ। ਮੈਹਿੰਮੀ ਚਲੇ ਗਿਆ ਯਾਦਾਂ ਛੱਡ ਗਿਆ।'

'ਹੋਰ ਕੀ, ਥੋੜੀ ਉਮਰ ਲਿਖਾ ਕੇ ਆਇਆ ਸੀ। ਉਹਤੋਂ ਮਗਰੋਂ ਮੇਰੀ ਏਦਾਂ ਦੀ ਹਾਲਤ ਜਾਦਾ ਹੋਈ। ਪਹਿਲੋਂ ਮੈਂ ਖਿੱਚੀ ਜਾਂਦੀ ਸੀ। ਆਹ ਪਿੱਛੇ ਸਟੋਰ।'

ਮੰਮੀ ਨੇ ਸਟੋਰ ਦੇਖਿਆ। ਸਟੋਰ 'ਚ ਦੋ ਅਲਮਾਰੀਆਂ ਵਿਚ ਸੰਦੂਕ, ਇੱਕ ਕੂਲਰ, ਇੱਕ ਡੰਡੇ ਵਾਲਾ ਟੇਬਲ ਫੈਨ ਪਿਆ। ਤਾਈ ਨੇ ਇੱਕ ਭੂਰੀ ਅਲਮਾਰੀ ਵੱਲ ਹੱਥ ਕੀਤਾ, 'ਇਹ ਪਿਛਲੀ ਵਾਰ ਆਏ ਦੀਪਕ ਨੇ ਲੈ ਕੇ ਦਿੱਤੀ ਸੀ। ਮੰਗਦੀ ਸੀ ਉਹਤੋਂ। ਔਹ ਟੇਬਲ ਫੈਨ ਮੇਰੇ ਪੇਕੇ ਦੇ ਗਏ ਸੀ। ਇਹ ਵੀ ਉਪਰ ਚੱਕ ਲਿਆਈ। ਅਸੀਂ ਹੇਠਾਂ ਲਾ ਲਈਦਾ ਸੀ। ਲੈ ਆਈ। ਮੈਂ ਤਾਂ ਵੀ ਕੁਛ ਨਈਂ ਕਿਹਾ,

''ਤਵਾਨੂੰ ਲੋੜ ਸੀ ਤਾਂ ਕਹਿ ਦਿੰਦੇ ਹੇਠਾਂ ਰਹਿਣ ਦੇ।'

'ਮੈਂ ਕੁਛ ਵੀ ਨਹੀਂ ਕਿਹਾ। ਦੂਜੇ ਕਮਰੇ 'ਚੋਂ ਦੀਪਕ ਕਹਿੰਦਾ, ਜੇ ਸਾਡਾ ਬਾਰ੍ਹ ਦਾ ਬਣ ਗਿਆ। ਅਸੀਂ ਬਾਰ੍ਹ ਚਲੇ ਜਾਣਾ। ਇਹ ਘਰ ਇਹਨੂੰ ਦੇ ਦੇਣਾ। ਮੈਂ ਕਿਹਾ, ਥੋੜਾ ਆਵਦੇ ਲਈ ਵੀ ਰੱਖੀਂ।

ਕਮਰਾ ਦੇਖ ਕੇ ਮੰਮੀ ਕਮਰੇ ਵਿੱਚੋਂ ਬਾਹਰ ਹੋ ਗਈ, ਤਾਈ ਨੂੰ ਬੂਹਾ ਮਾਰਿਆ। ਨਾਲ ਦੇ ਕਮਰੇ ਦਾ ਬੁਰਾ ਖੋਲ੍ਹ ਤਾਈ ਅੰਦਰ ਹੋ ਗਈ, ਆਹ ਦੇਖ ਲਾ। ਉਹਦੇ ਕਮਰੇ ਦਾ ਕੀ ਹਾਲ ਬਣਾਇਆ।

ਮੰਮੀ ਦੇ ਬੂਹੇ 'ਚ ਖੜ੍ਹੀ ਨੇ ਦੇਖਿਆ। ਨੀਰਜਾ ਤੇ ਕੁਮਾਰ ਦੇ ਕੱਪੜਿਆ ਨਾਲ ਉਹਨਾਂ ਦਾ ਬੈੱਡ ਭਰਿਆ ਹੋਇਆ। ਬੈੱਡ ਦੇ ਢੋਅ ਤੇ ਮਾਂ ਪੁੱਤ ਦੀਆਂ ਨਿੱਕਰਾਂ ਤੌਲੀਏ ਟੰਗੇ ਹੋਏ। ਕਮਰੇ 'ਚ ਬਣੀ ਅੰਗੀਠੀ, ਜਿਸ 'ਤੇ ਦੀਪਕ ਦੇ ਵਿਆਹ ਦੀਆਂ ਫੋਟੋ ਰੱਖੀਆਂ ਹੋਈਆਂ ਸੀ। ਉਹਤੇ ਨੀਰਜਾ ਦੀਆਂ ਨਿੱਕੀਆਂ ਬਨੈਣਾਂ ਤੇ ਜ਼ੁਰਾਬਾਂ ਲਟਕਣ ਜਿੱਦਾ ਤਿੱਤਰ, ਬਟੇਰੇ ਮਾਰ ਕੇ ਟੰਗੇ ਹੁੰਦੇ। ਕਮਰੇ 'ਚ ਪਾਣੀ। ਅਲਮਾਰੀ ਉੱਤੇ ਨੀਰਜਾ ਦੇ ਜੁੱਤੀਆਂ ਦੇ ਜੋੜੇ, ਕੋਈ ਸਿੱਧਾ ਕੋਈ ਪਾਸੇ ਪਰਨੇ ਪਿਆ। ਮੰਮੀ ਸਾਰਾ ਕਮਰਾ ਦੇਖ ਕੇ ਦੁਬਾਰਾ ਅੰਗੀਠੀ ਨੂੰ ਦੇਖਣ ਲੱਗੀ, 'ਆਹ ਕੀ?'

'ਏਦਾਂ ਈਂ ਕਰਦੀ। ਉਹਦੇ ਕਮਰੇ 'ਚ ਗੰਦ ਪਾ ਕੇ ਰੱਖਦੀ। ਜਿੱਦਣ ਉਹ ਆਈ ਸੀ। ਓਦਣ ਵੀ ਏਹੋ

ਹਾਲ ਸੀ। ਉਹ ਹੋਰ ਤਰ੍ਹਾਂ ਕਰਦੀ ਸੀ, ਸਾਡੇ ਕਮਰੇ 'ਚ ਕਿੰਨਾ ਗੰਦ ਪਾਇਆ।'

ਉਹਨੇ ਸਾਰਾ ਕੁਛ ਚੱਕ ਕੇ ਬਾਹਰ ਪਾਤਾ ਸੀ। ਕਹਿੰਦੀ, ਮੰਮੀ ਭਾਬੀ ਨੂੰ ਕਹੋ ਸਾਡੇ ਕਮਰੇ 'ਚ ਏਦਾਂ ਕੱਪੜੇ ਨਾ ਫੋਲਿਆ ਕਰੇ।

ਤੁਸੀਂ ਕਿਹਾ ਫੇ?

ਨਾ। ਮੈਂ ਨ੍ਹੀਂ ਕੁਛ ਕਿਹਾ। ਓਦਾਂ ਜਦੋਂ ਉਹ ਇੱਥੇ ਸੀ। 'ਕੱਠੀਆਂ ਸੌਂਦੀਆਂ ਸੀ।

ਚੁੱਕ ਕੇ ਬਾਹਰ ਰੱਖ ਦਿਓ। ਏਦਾਂ ਚੰਗਾ ਲੱਗਦਾ। ਕੋਈ ਹੋਰ ਆ ਜਾਂਦਾ ਉਪਰ।

ਮੈਂ ਨ੍ਹੀਂ ਚੱਕਣੇ। ਉਹਨੇ ਕਹਿਣਾ ਮੰਮੀ ਉਪਰ ਆਈ। ਉਹਨੂੰ ਪਤਾ ਮੈਂ ਉਪਰ ਨਈਂ ਆਉਂਦੀ।

ਮੈਂ ਕਦੇ ਉਪਰ ਆਈ ਨਈਂ। ਔਰ ਬਾਹਰ ਮਸ਼ੀਨ ਉਪਰ ਪਈ। ਮੈਂ ਕਦੇ ਮਸ਼ੀਨਾ 'ਚ ਕੱਪੜੇ ਧੋਣ ਨ੍ਹੀਂ ਉਪਰ ਚੜ੍ਹੀ। ਹੇਠਾਂ ਹੱਥ ਨਾਲ ਧੋ ਲੈਨੀ। ਮੇਰੇ ਤੋਂ ਉਪਰ ਚੜ੍ਹਿਆ ਈ ਨ੍ਹੀਂ ਜਾਂਦਾ। ਮੈਂ ਚੜ੍ਹਦੀ ਨਹੀਂ। ਅੱਜ ਤੇਰੇ ਨਾਲ ਆਈਂ। ਦੇਖ ਲਾ ਮੇਰਾ ਸਾਹ ਕਿੱਦਾਂ ਫੁੱਲ ਗਿਆ। ਹਜੇ ਤੱਕ ਕਾਬੂ ਨ੍ਹੀਂ ਆਉਂਦਾ।

'ਤੁਸੀਂ ਉਪਰ ਚੜ੍ਹਿਆ ਕਰੋ। ਉਹਦੀ ਆਈ ਤੇ ਉਪਰ ਆਇਓ। ਉਹਦੇ ਸਾਹਮਣੇ ਕਹਿਓ, ਇਹ ਤੂੰ ਕੀਤਾ? ਸਾਹ ਤਵਾਡਾ ਐਵੇਂ ਨ੍ਹੀਂ ਫੁੱਲਦਾ। ਟੈਨਸ਼ਨ ਨਾਲ ਫੁੱਲਦਾ। ਆਹ ਕੁਛ ਦੇਖ ਕੇ ਤਾਂ ਚੰਗੇ ਭਲੇ ਦਾ ਪਾਰਾ ਚੜ੍ਹ ਜਾਵੇ। ਤੁਸੀਂ ਰੋਜ਼ ਸਹਿਣੇ ਸਾਹ ਕੀ ਕਰੇ। ਕਰੜੇ ਹੋਵੋ ਭਰਜਾਈ। ਤਵਾਨੂੰ ਕੋਈ ਬਿਮਾਰੀ ਨ੍ਹੀਂ ਹੈਗੀ। ਹੇਠਾਂ ਹੱਥ ਨਾਲ ਵੀ ਤੁਸੀਂ ਧੋਨੇ ਈ ਆਂ ਕੱਪੜੇ। ਉਪਰ ਹੌਲੀ ਹੌਲੀ ਆ ਕੇ ਮਸ਼ੀਨ 'ਚ ਆਪ ਪਾ ਦਿਆ ਕਰੋ।'

'ਮੇਰੇ ਤੋਂ ਚੜ੍ਹ ਨ੍ਹੀਂ ਹੁੰਦਾ।'

'ਚੜ੍ਹ ਕਿਉਂ ਨ੍ਹੀਂ ਹੁੰਦਾ, ਅੱਜ ਕਿੱਦਾਂ ਚੜ੍ਹੇ ਤੀਜੇ ਚੌਥੇ ਦਿਨ ਏਦਾਂ ਈਂ ਚੜ੍ਹ ਆਇਆ ਕਰੋ। ਤੁਸੀਂ ਐਵੇਂ ਹੌਸਲਾ ਢਾਹਿਆ। ਮੈਨੂੰ ਲੱਗਦਾ ਤੁਸੀਂ ਨੂੰਹ ਤੋਂ ਡਰਦੇ ਜਾਦਾ।'

'ਡਰਨਾ ਕੀ ਘਰ 'ਚ ਕਲੇਸ਼ ਚੰਗਾ ਨ੍ਹੀਂ ਹੁੰਦਾ। ਤਦੇ ਮੈਂ ਚੁੱਪ ਰਹਿੰਨੀ।'

'ਤੁਸੀਂ ਕੋਈ ਉਹਦੇ ਨਾਲ ਕਲੇਸ਼ ਨਈਂ ਕਰਨਾ। ਜਿਹੜਾ ਤੁਸੀਂ ਆਪਣੇ ਮਨ 'ਚ ਕਲੇਸ਼ ਪਾਇਆ ਉਹਦਾ ਹੱਲ ਕਰਨਾ। ਤੁਵਾਡੀ ਨੂੰਹ ਧੀ ਆ। ਨੂੰਹ ਧੀ ਨੂੰ ਆਪਾਂ ਕੋਈ ਗੱਲ ਕਹਿ ਸਕਦੇ, ਪੁੱਤ ਐਦਾਂ ਨ੍ਹੀਂ ਐਦਾਂ। ਕਰ ਲਾ। ਤੁਸੀਂ ਉਪਰ ਆ ਕੇ ਉਹਨੂੰ ਪਿਆਰ ਨਾਲ ਕਹਿਓ। ਉਹ ਸਮਝ ਜਾਊਗੀ।

'ਮੈਂ ਕਹਿੰਦੀ ਜੇ ਇਹ ਕੋਠੇ 'ਤੇ ਚੜ੍ਹ ਆਉਣ ਤਾਂ ਕੀ ਕਹਿਣ। ਮੈਂ ਇਹਨਾਂ ਨੂੰ ਕੋਠੇ ਤੇ ਆਉਣ ਈ ਨ੍ਹੀਂ ਦਿੰਦੀ।'

'ਭਰਜਾਈ ਭਵੇਂ ਉਹ ਜੋ ਮਰਜ਼ੀ ਕਰੀ ਜਾਂਦੀ। ਤੁਸੀਂ ਉਪਰ ਕਦੇ ਕਦੇ ਗੇੜਾ ਲਾਇਆ ਕਰੋ। ਕਦੇ ਉਹਦੇ ਕੋਲ ਉਪਰ ਬੈਠ ਗਏ। ਕਦੇ ਉਹਨੂੰ ਕਿਹਾ, ਤਵਾਡੇ ਕੋਲ ਹੇਠਾਂ ਬੈਠ ਜਾਵੇ। ਏਦਾਂ ਕਰਕੇ ਦੇਖ ਲਓ। ਤੁਸੀਂ ਤਾਂ ਆਪਣੇ ਆਪ ਨੂੰ ਹੇਠਾਂ ਕਰ ਲਿਆ। ਹੈਦਾਂ ਤਾਂ ਤਵਾਡੀਆਂ ਲੱਤਾਂ ਰਹਿ ਜਾਣੀਆਂ। ਤੁਰਿਆਂ ਫਿਰਿਆ ਕਰੋ। ਉਪਰ ਆ ਕੇ ਦਸ ਗੇੜੇ ਸਹਿਜੇ ਸਹਿਜੇ ਕੱਢਿਆ ਕਰੋ। ਨਾਲ ਪੋਤੇ ਨੂੰ ਲਾ ਲਿਆ। ਦੇਖਿਓ ਦਿਨਾਂ 'ਚ ਤੁਸੀਂ ਠੀਕ ਹੋ ਜਾਣਾ। ਸਾਹ ਨੂੰ ਵੀ ਫੁੱਲਣ ਦਾ ਚੇਤਾ ਨ੍ਹੀਂ ਰਹਿਣਾ। ਇਹ ਨਾ ਸਮਝਿਓ ਮੈਂ ਚੱਕ ਥੱਲ ਕਰਦੀ ਆਂ। ਐਦਾਂ ਔਖਾ।

ਤਾਈ ਹੱਸ ਪਈ, 'ਗੱਲ ਤੇਰੀ ਸਈ ਵਾ। ਇੱਕ ਆਹ ਕਮਰਾ।'

ਤਾਈ ਨੇ ਤੀਜੇ ਕਮਰੇ ਦਾ ਦਰਵਾਜ਼ਾ ਪੂਰਾ ਖੋਲ੍ਹ ਦਿੱਤਾ, ਜਿਹੜਾ ਪਹਿਲਾਂ ਗਿੱਠ ਕੁ ਖੁੱਲ੍ਹਾ ਸੀ, 'ਇਹ ਬੀਬੀ ਤੇ ਦਾਦੀ ਦੇ ਦਾਜ ਦੇ ਮੰਜੇ।'

ਕਮਰੇ 'ਚ ਦੋ ਵੱਡੇ ਨਵਾਰੀ ਮੰਜੇ ਟੇਡੇ ਦਾਅ ਖੜ੍ਹੇ। ਵਿੱਚ ਨੁੱਕਰ 'ਚ ਵੱਡਾ ਲੋਹੇ ਦਾ ਕੂਲਰ ਤੇ ਹੋਰ ਨਿੱਕ ਸੁੱਕ ਪਿਆ। ਮੰਮੀ ਨੇ ਤਾਈ ਵੱਲ ਮੂੰਹ ਕੀਤਾ,

'ਭਰਜਾਈ ਵਹੁਟੀ ਨੂੰ ਕਹਿਓ ਏਸ ਕਮਰੇ 'ਚ ਰੱਸੀ ਬੰਨ੍ਹ ਕੇ ਕੱਪੜੇ ਇਹਤੇ ਪਾ ਦਿਆ ਕਰੇ। ਨਿੱਕੀ ਵਹੁਟੀ ਦੇ ਕਮਰੇ 'ਚ ਖਲਾਰਾ ਨਾ ਪਾਵੇ। ਇਹ ਕਮਰਾ ਖ਼ਾਲੀ ਪਿਆ।'



'ਕਹਿ ਕੇ ਦੇਖ ਲਾਂਗੀ। ਨਾਲ ਬਾਥਰੂਮ ਵਾਂ। ਉਹਦੇ ਨਾਲ ਸਟੋਰ। ਮੋਹਰੇ ਰਸੋਈ।'

'ਸਾਰਾ ਘਰ ਤਵਾਡਾ ਸੋਹਣਾ ਬਣਿਆ।'

'ਮੈਹਿੰਮੀ ਕਰਕੇ ਕੰਮ ਰੁਕ ਗਿਆ। ਨਈਂ ਤਾਂ ਅਸੀਂ ਹੋਰ ਸੋਹਣਾ ਬਣਾ ਲੈਣਾ ਸੀ। ਪਹਿਲੋਂ ਵੱਡਾ ਵੀ ਪੈਸੇ ਭੇਜਦਾ ਹੁੰਦਾ ਸੀ। ਮੈਹਿੰਮੀ ਦੇ ਵੀ ਦੋ ਸਫ਼ਰ ਸੋਹਣੇ ਲੱਗ ਗਏ ਸੀ। ਫੇ ਮੈਹਿੰਮੀ ਰਿਹਾ ਨ੍ਹੀਂ। ਵੱਡੇ ਨੇ ਭੇਜਣੇ ਬੰਦ ਕਰ ਦਿੱਤੇ। ਉਹ ਕਹਿੰਦਾ, 'ਮੈਂ ਇਧਰ ਆਪਣਾ ਘਰ ਲੈਣਾ। ਵਿਆਹ ਵੀ ਮੈਂ ਏਧਰ ਕਰਾਉਣਾ। ਕੁੜੀ ਕਹਿੰਦਾ, ਮੈਂ ਪਸੰਦ ਕੀਤੀ ਹੋਈ ਵਾ। ਉਹ ਤਾਂ ਕਹਿੰਦਾ, ਮੇਰੀ ਚਿੰਤਾ ਨਾ ਕਰੋ। ਮੈਨੂੰ ਘਰ 'ਚੋਂ ਕੁਛ ਨ੍ਹੀਂ ਚਾਹੀਦਾ। ਇਹਨਾਂ ਦੋਹਾਂ ਨੂੰ ਦੇ ਦਿਓ। ਮੈਂ ਕਹਿੰਨੀ, ਨਈਂ ਅਸੀਂ ਏਦਾਂ ਨਈਂ ਕਰਨੀ। ਚੱਲ ਚੱਲੀਏ ਹੁਣ ਥੱਲੇ।'

ਅੱਗੇ ਮੰਮੀ ਪਿੱਛੇ ਤਾਈ ਹੇਠਾਂ ਆ ਗਈਆਂ। ਅੰਕਲ ਸੋਚੀਂ ਪਿਆ ਹੋਇਆ, ਮੈਂ ਕਹਿਨਾ, ਫੇ ਵਸੀਅਤ ਕਰਾ ਦਈਏ। ਉਹਦੇ ਨਈ ਕਚਹਿਰੀ ਜਾਣਾ ਪਊ।'

'ਕਿਸੇ ਚੰਗੇ ਵਕੀਲ ਦੀ ਸਲਾਹ ਲੈ ਲਓ ਭਰਾ ਜੀ।'

'ਉਹਦੇ ਲਈ ਦੋ ਤਿੰਨ ਗਵਾਹ ਵੀ ਚਾਹੀਦੇ ਹੁੰਦੇ। ਓਦਾਂ ਇਹ ਕੰਮ ਹੈ ਠੀਕ।'

'ਤੁਸੀਂ ਵਕੀਲ ਨਾਲ ਗੱਲ ਕਰੋ। ਗਵਾਹ ਵੀ ਲੱਭ ਜਾਣਗੇ। ਇੱਕ ਸਾਨੂੰ ਨਾਲ ਲੈ ਲਿਓ।'

'ਸਾਨੂੰ ਕਹਿੰਦੀ, ਪੈਸੇ ਜਿਹੜੇ ਸਾਂਭ ਸਾਂਭ ਰੱਖਦੇ ਉਹ ਕੱਢ ਕੇ ਖਰਚ ਲਓ।

ਥੋੜੇ ਬਾਅਦ 'ਚ ਨਈਂ ਤਾਂ ਮੈਨੂੰ ਨਿੱਕੀਆਂ ਨਿੱਕੀਆਂ ਗੰਢਾਂ ਖੋਲ੍ਹਣੀਆਂ ਪੈਣੀਆਂ। ਜਿੱਦਾਂ ਹੁਣ ਮੈਨੂੰ ਬੀਬੀ ਦੇ ਲਕੋ ਲਕੋ ਲੱਭਦੇ। ਫੇ ਧਾਡੇ ਲੱਭਣਗੇ। ਇਹ ਸਾਨੂੰ ਮਰੇ ਈ ਭਾਲਦੀ। ਲੋਕੀ ਕਹਿੰਦੇ ਚੰਗੀ ਬਹੁਤ ਵਾ।'

'ਲੋਕਾਂ ਲਈ ਚੰਗੀ ਹੋਣਾ? ਜੋ ਘਰ 'ਚ ਕਰਦੀ ਉਹ ਲੋਕਾਂ ਨਾਲ ਨਈਂ ਨਾ ਕਰਦੀ। ਤੁਸੀਂ ਲੋਕਾਂ ਨੂੰ ਦੱਸਦੇ ਨਈਂ। ਜੇ ਤੁਸੀਂ ਲੋਕਾਂ ਨੂੰ ਦੱਸੋਂ ਆਪੇ ਪਤਾ ਲੱਗ ਜੂ ਲੋਕਾਂ ਨੂੰ, ਘਰ ਦੀ ਗੱਲ ਲੋਕਾਂ ਨਾਲ ਕਰ ਦਿਆਂ ਨੂੰ ਵੀ ਸ਼ਰਮ ਮਾਰਦੀ। ਲੋਕਾਂ ਨੇ ਕਹਿਣਾ ਇਹਨਾਂ ਦੇ ਘਰ ਇਹ ਕੁਛ ਹੁੰਦਾ।'

'ਏਹੋ ਕੁਛ ਹਰੇਕ ਦੇ ਘਰ ਹੁੰਦਾ। ਕਿਸੇ ਦੇ ਥੋੜ੍ਹਾ ਕਿਸੇ ਦੇ ਬਹੁਤਾ। ਏਹੋ ਕੁਛ ਕਿਸੇ ਕਿਸੇ ਨੂੰ ਦੁਖੀ ਕਰਦਾ, ਕਿਸੇ ਨੂੰ ਨਈਂ। ਕਈ ਜਾਣ ਬੁੱਝ ਕੇ ਦੂਜਿਆਂ ਨੂੰ ਦੁਖੀ ਕਰਦੇ। ਤੁਸੀਂ ਐਨਾ ਭਰੇ ਪੀਤੇ ਪਏ ਸੀ। ਤੁਸੀਂ ਪਹਿਲਾਂ ਕਦੇ ਗੱਲ ਈ ਨਈਂ ਕੀਤੀ।'

'ਕੀ ਗੱਲ ਕਰਦੀ। ਕੱਲ੍ਹ ਦੀ ਬਹੁਤੀ ਸੋਚੀਂ ਪਈ ਸੀ ਜਦੋਂ ਦਾ ਨਿੱਕੀ ਦੀ ਮਾਂ ਨੇ ਕਿਹਾ। ਅੱਜ ਬੈਠੀ ਨੂੰ ਬੀਬੀ ਨੂੰ ਬਹੁਤ ਚੇਤੇ ਆਈ। ਇਹ ਕਈ ਵਾਰੀ ਬੀਬੀ ਵਾਂਗੂੰ ਕਰਦੀ। ਮੈਂ ਮਨ 'ਚ ਕਹਾਂ, ਉਹ ਮੇਰੀ ਸੱਸ ਹੋ ਕੇ ਮੇਰੇ ਨਾਲ ਕਰਦੀ ਸੀ। ਇਹ ਮੇਰੀ ਨੂੰਹ ਵੀ ਮੇਰੀ ਸੱਸ ਬਣਨ ਨੂੰ ਫਿਰਦੀ।'

'ਤੂੰ ਭਰਜਾਈ ਢਿੱਲੀ ਜ੍ਹੀ ਨਾ ਰਹਿ। ਦਿਲ ਨਾ ਛੱਡ। ਤੂੰ ਵੀ ਥੋੜੇ ਕੁ ਦਿਨ ਓਦਾਂ ਦੀ ਸੱਸ ਬਣ ਜਾ।'

ਤਾਈ ਫੇ ਢਿੱਲਾ ਜਿਹਾ ਹੱਸੀ, 'ਮੇਰੇ ਕੋਲੋਂ ਨ੍ਹੀਂ ਬਣ ਹੋਣਾ ਓਦਾਂ ਦੀ। ਮੈਂ ਏਦਾਂ ਦੀ ਸਈ ਵਾਂ। ਇਹ ਚੰਗੀ ਰਵੇ ਹੋਰ ਕੋਈ ਗੱਲ ਨਈਂ।'

'ਇਹ ਮੰਮੀ ਨਾਲ ਵੀ ਏਦਾਂ ਈਂ ਕਰਦੀ ਸੀ। ਉਹਨੂੰ ਦੋ ਦੋ ਮਹੀਨੇ ਬੁਲਾਉਂਦੀ ਨਈਂ ਸੀ ਹੁੰਦੀ। ਉਹਨੇ ਇਹਦੀਆਂ ਮਿਨਤਾਂ ਕਰਨੀਆਂ। ਇਹਦੇ ਪਿੱਛੇ ਘੁੰਮਣਾ। ਮੰਮੀ ਇਹਦਾ ਬਹੁਤ ਕਰਦੀ ਸੀ।'

'ਮੰਮੀ ਨੇ ਇਹਦੇ ਕੱਪੜੇ ਵੀ ਧੋ ਦੇਣੇ। ਰੋਟੀ ਬਣਾ ਕੇ ਮਗਰ ਮਗਰ ਫਿਰਨਾ। ਖਾ ਲਾ। ਇਹਨੇ ਬੁਲਾਉਣਾ ਨਾ। ਨਾ ਬੁਲਾਏ ਬੋਲਣਾ। ਮੰਮੀ ਨੇ ਦਿਲ 'ਚ ਹੌਕਾ ਈ ਕਰ ਲਿਆ। ਨੀਰਜਾ ਮੈਨੂੰ ਬੁਲਾਉਂਦੀ ਨਈਂ। ਮੈਂ ਕਈ ਵਾਰ ਕਹਿ ਦੇਣਾ, ਤੁਸੀਂ ਵੀ ਨਾ ਬੁਲਾਓ ਨਈਂ ਬੋਲਦੀ ਤਾਂ। ਮੰਮੀ ਨੇ ਮੈਨੂੰ ਪੈ ਜਾਣਾ। ਮੇਰੇ ਨਾਲ ਮੰਮੀ ਹਮੇਸ਼ਾਂ ਏਦਾਂ ਈ ਕਰਦੀ ਰਹੀ। ਜਿਉਂ ਮੰਮੀ ਬਿਮਾਰ ਹੋਣੀ ਫੇ ਨ੍ਹੀਂ ਉੱਠੀ। ਮੰਮੀ ਕੋਲੋਂ ਬੋਲ ਵੀ ਨਾ ਹੋਣਾ। ਇਹਨੂੰ ਸੈਨਤਾਂ ਕਰਨੀਆਂ। ਮੇਰੇ ਨੇੜੇ ਆ। ਮੇਰੇ ਸਾਹਮਣੇ ਹੋ। ਇਹਨੇ ਪਾਸੇ ਜੇ ਮਾਰਦੀ ਨੇ ਪਰਾਂ ਪਰਾਂ ਰਹਿਣਾ। ਉਹਦੀ ਸੁਣਨੀ ਨਾ। ਜਿੱਦਣ ਉਹਦੇ ਡੇਲੇ ਪੁੱਠੇ ਹੋਏ। ਓਦਣ ਹਸਪਤਾਲ ਲੈ ਕੇ ਚੱਲੇ ਫੇ ਇਹ

ਨਾਲ ਦੌੜ ਗਈ। ਸਵਾਸ ਤਾਂ ਮੰਮੀ ਦੇ ਘਰ ਈ ਨਿਕਲ ਗਏ ਸੀ। ਸਾਨੂੰ ਪਤਾ ਨਈਂ ਲੱਗਾ ਸੀ। ਅਸੀਂ ਕਿਹਾ ਬਹੋਸ਼ ਹੋਈ ਵਾ। ਘਰ ਡਾਕਟਰ ਸੱਦਿਆ ਕਹਿੰਦਾ, ਹਸਪਤਾਲ ਲੈ ਜਾਓ। ਉਹਨਾਂ ਦਿਨਾਂ 'ਚ ਇਹਨੇ ਮੋਹਰੇ ਹੋ ਹੋ ਕੇ ਕੰਮ ਕੀਤਾ। ਲੋਕਾਂ ਨੂੰ ਦਿਖਾਉਣ ਲਈ। ਵਿਆਹ 'ਚ ਵੀ ਏਦਾਂ ਈਂ। ਨੱਠ ਨੱਠ ਕੇ ਹੱਸ ਹੱਸ ਕੇ ਅੱਗੇ ਅੱਗੇ। ਓਦਾਂ ਕਦੇ ਨਈਂ ਤਦੇ ਲੋਕੀ ਕਹਿੰਦੇ, ਚੰਗੀ ਬਹੁਤ ਵਾ।

...ਆ ਜਾ ਏਕਤਾ ਰਸੋਈ 'ਚ ਘੁੱਟ ਚਾਹ ਬਣਾ ਕੇ ਪੀਈਏ।

ਚੰਗੀ ਰਹੇ ਸਗੋਂ ਇਹ ਚੰਗੀ ਗੱਲ ਆ। ਹੋਰ ਕੀ ਚਾਹੀਦਾ। ਇੱਕ ਵਾਰੀ ਤਾਈ ਬਹੁਤ ਮਨ ਭੈੜਾ ਜਿਹਾ ਕਰਦੀ ਸੀ। ਇਹਦੀਆਂ ਕਰਦੀ ਸੀ। ਦੱਸਦੀ ਸੀ। ਮੈਨੂੰ ਸਿੱਧੇ ਮੂੰਹ ਬੁਲਾਉਂਦੀ ਨਈਂ। ਹੋਰ ਵੀ ਕਰਦੀ ਸੀ, ਇਹਦੀ ਕਿਸੇ ਮੁੰਡੇ ਨਾਲ ਗੱਲਬਾਤ ਆ। ਸਾਡੇ ਦੀਪਕ ਦਾ ਉਹ ਮੁੰਡਾ ਦੋਸਤ ਆ। ਦੀਪਕ ਨੇ ਉਹਦੇ ਮੋਬਾਇਲ 'ਚ ਇਹਦੀ ਮੁੰਡੇ ਨਾਲ ਫੋਟੋ ਦੇਖੀ। ਉਹ ਮੁੰਡਾ ਇਹਨੂੰ ਨਿੱਕੇ ਕੱਪੜੇ ਘੱਲਦਾ। ਰੰਗ ਬਰੰਗੇ। ਤਾਈ ਨੇ ਇਹ ਵੀ ਮਨ ਨੂੰ ਲਾ ਲਈ ਹੋਣੀ। ਉਹ ਇਹਦਾ ਬਹੁਤ ਕਰਦੀ ਸੀ। ਇਹਨਾਂ ਗੱਲਾਂ ਦਾ ਫੇ ਕੋਈ ਨਾ। ਤੁਸੀਂ ਵੱਡੀ ਗੱਲ 'ਚ ਮਾਰ ਨਾ ਖਾ ਲਿਓ। ਮਕਾਨ ਇਹਦੇ 'ਕੱਲੀ ਦੇ ਨਾਂ ਨਾ ਕਰਾਇਓ। ਜੀਂਦੇ ਜੀ ਹੱਥ ਵੱਢ ਕੇ ਬਹਿ ਜੋਂਗੇ। ਨਿਆਣੇ ਜਿੰਨੇ ਮਰਜ਼ੀ ਚੰਗੇ ਹੋਣ ਟੈਮ ਦਾ ਨ੍ਹੀਂ ਪਤਾ ਹੁੰਦਾ, ਕਿਹੜੇ ਵੇਲੇ ਮੱਤ 'ਤੇ ਧੂੜ ਪੈ ਜਾਣੀ। ਇੱਕ ਵਾਰ ਤਾਂ ਮਰਨਾ ਮਰਨਾ। ਰੋਜ਼ ਰੋਜ਼ ਕਾਹਤੋਂ ਮਰਨਾ। ਚਾਹ ਭਾਵੇਂ ਰਹਿਣ ਦਿੰਦੇ। ਗਰਮੀ ਆ।'

ਜਦੋਂ ਮੰਮੀ ਚਾਹ ਦਾ ਕਹਿੰਦੀ ਸੀ ਤਾਈ ਵਿੱਚੋਂ ਬੋਲ ਪਈ,

ਆਹੋ ਇੱਕ ਵਾਰ ਮਰਨਾ ਤਾਂ ਹੈਗਾ। ਪਹਿਲੋਂ ਈਂ ਸਿਵਿਆਂ 'ਚ ਜਾ ਕੇ ਬਹਿ ਜਾਨੇ ਵਾਂ।

ਦੋਹਾਂ ਦੇ ਰਾਮ ਰੌਲੇ ਜੇ 'ਚ ਮੰਮੀ ਨੂੰ ਤਾਈ ਦੀ ਅੱਧ ਪਚੱਧੀ ਗੱਲ ਸੁਣੀ। ਸਿਵਿਆਂ 'ਚ ਜਾ ਕੇ ਬਹਿ ਜਾਨੇ ਵਾਂ। ਇਹ ਕੀ ਕਹਿ ਗਈ ਭਰਜਾਈ? ਮੰਮੀ ਨੇ ਤਾਈ ਨੂੰ ਫੇ ਪੁੱਛਿਆ, 'ਕੀ ਕਿਹਾ ਭਰਜਾਈ?'

ਤਾਈ ਮੱਠਾ ਜਿਹਾ ਹੱਸੀ। ਮੈਂ ਕਿਹਾ, ਇੱਕ ਵਾਰ ਮਰਨਾ ਤਾਂ ਹੈਗਾ। ਪਹਿਲੋਂ ਈਂ ਸਿਵਿਆਂ 'ਚ ਜਾ ਕੇ ਬਹਿ ਜਾਨੇ ਵਾਂ।

ਮੰਮੀ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਕਿੱਡੀ ਗੱਲ ਕਹਿ ਦਿੱਤੀ ਭਰਜਾਈ ਨੇ।

ਮੰਮੀ ਗਈ ਨੂੰ ਦੇਖੀ ਗਈ। ਮੰਮੀ ਕੋਲੋਂ ਬੋਲ ਨਾ ਹੋਇਆ। ਮੈਂ ਟੀ. ਵੀ. ਅੱਗੇ ਬੈਠਾ ਮੰਮੀ ਦਾ ਮੂੰਹ ਦੇਖਾਂ। ਮੰਮੀ ਨੇ ਤਾਈ ਨੂੰ ਇੱਕ ਪ੍ਰਸ਼ਨ ਪੁੱਛਿਆ ਸੀ,

ਭਰਜਾਈ ਵਹੁਟੀ ਦਾ ਕੁਛ ਪਤਾ ਲੱਗਾ?

ਤਾਈ ਨੇ ਘਰ ਦਾ ਤੇ ਆਪਣੇ ਦਿਲ ਦਾ ਸਾਰਾ ਹਾਲ ਸੁਣਾ ਦਿੱਤਾ।

ਉਬਲਦੇ ਪਾਣੀ 'ਚ ਪਾਈ ਚਾਹਪੱਤੀ ਰਿੱਝ ਰਿੱਝ ਕਮਲੀ ਹੋਈ ਜਾਵੇ। ਤਾਈ ਤੇ ਮੰਮੀ ਕਿਤੇ ਗਵਾਚੀਆਂ ਖੜ੍ਹੀਆਂ ਨਿਗਾਹ ਚਾਹ ਦੇ ਸਫ਼ਰੀਏ 'ਚ

ਵਿਹੜੇ 'ਚ ਬੈਠੇ ਅੰਕਲ ਨੇ ਡੱਬ ਖੜੱਬੇ ਅੰਬਰ ਵੱਲ ਮੂੰਹ ਚੱਕਿਆ ਹੋਇਆ, ਵਸੀਅਤ ਵਾਲਾ ਕੰਮ ਸਹੀ ਆ। ਨਾ ਆਪ ਨੂੰ ਡਰ ਨਾ ਗਾਂਹ ਕਿਸੇ 'ਚ ਰੌਲਾ। ਦੇਖਦਾਂ ਕੋਈ ਚੰਗਾ ਜਿਆ ਵਕੀਲ।

ਅੰਕਲ ਨੂੰ ਮੈਂ ਨਿੱਕਾ ਹੁੰਦਾ ਅੰਕਲ ਕਹਿੰਨਾ। ਕਦੇ ਤਾਇਆ ਨਹੀਂ ਕਿਹਾ। ਗਵਾਂਢੀਆਂ ਦੇ ਨਿਆਣਿਆਂ ਦੀ ਰੀਸੀ ਅੰਕਲ ਕਹਿਣ ਲੱਗ ਪਿਆ ਸੀ।

ਚਾਹ ਦੀ ਉਡੀਕ 'ਚ ਬੈਠੇ ਅੰਕਲ ਨੇ ਰਸੋਈ ਵੱਲ ਮੂੰਹ ਕੀਤਾ,

ਮਿਹਰ ਚਾਹ ਬਣ ਗਈ?

ਅੰਕਲ ਦੀ ਆਵਾਜ਼ ਸੁਣ ਕੇ ਮੰਮੀ ਕਹਿੰਦੀ, ਹਾਅ! ਭਰਜਾਈ ਪਾਣੀ ਸੜ ਕੇ ਅੱਧਾ ਰਹਿ ਗਿਆ। ਪਤਾ ਈ ਨ੍ਹੀਂ ਲੱਗਾ। ਮੈਂ ਹੋਰ ਈ ਸੋਚਾਂ ਸੋਚੀ ਗਈ। ਤਾਈ ਨੇ ਦੋ ਵਾਰ ਅੱਖਾਂ ਘੁੱਟੀਆਂ, ਕਿਸੇ ਟੈਮ ਦਮਾਕ ਈ ਹਿੱਲ ਜਾਂਦਾ। ਪਤਾ ਈਂ ਨ੍ਹੀਂ ਲੱਗਾ। ਚੱਲ ਕੋਈ ਨਾ। ਘੁੱਟ ਦੁੱਧ ਜਾਦਾ ਪਾ ਲੈਨੀ।

(**ਸੰਪਰਕ-99889**-30287)





## ਕਹਾਣੀ/ ਬਣਵਾਸ/ - ਡਾ. ਕਰਮਜੀਤ ਸਿੰਘ ਨਡਾਲਾ

*(ਜੱਟ ਦਾ ਜ਼ਮੀਨ ਨਾਲ ਜੋ ਮੋਹ ਹੈ, ਉਸ 'ਚੋਂ ਜੋ ਸੰਕਟ ਪੈਦਾ ਹੁੰਦਾ ਹੈ। ਇਹ ਕਹਾਣੀ ਉਸ ਦਾ ਕਰੂਰ ਬਿਰਤਾਂਤ ਪੇਸ਼ ਕਰਦੀ ਹੈ। ਸੰਕਟ ਦੀ ਜੜ੍ਹ ਜ਼ਮੀਨ ਹੈ। ਜ਼ਮੀਨ ਦੋ ਭਰਾਵਾਂ ਦੇ ਲਹੂ ਦੇ ਰਿਸ਼ਤੇ ਨੂੰ ਤਾਰ ਤਾਰ ਕਰ ਦਿੰਦੀ ਹੈ। ਇਕ ਭਰਾ ਦੀ ਪਤਨੀ, ਜ਼ਮੀਨ ਦੇ ਲਾਲਚ 'ਚ ਫਸ ਕੇ ਦੋ ਭਰਾਵਾਂ 'ਚ ਪਾੜ ਪਾਉਂਦੀ ਹੈ ਤੇ ਫਿਰ ਦੂਜਾ ਸੰਵੇਦਨਸ਼ੀਲ ਭਰਾ ਸਲਫਾਸ ਖਾ ਕੇ ਮਰ ਜਾਂਦਾ ਹੈ ਤੇ ਉਹਦੀ ਪਤਨੀ ਦੂਜੇ ਭਰਾ ਤੇ ਖੁਦਕੁਸ਼ੀ ਦਾ ਦੋਸ਼ ਲਾ ਦਿੰਦੀ ਹੈ। ਜਿਸ ਕਾਰਨ ਦੂਜਾ ਭਰਾ ਬੇਕਸੂਰ ਹੁੰਦਾ ਹੋਇਆ ਜੇਲ੍ਹ 'ਚ ਡੱਕ ਹੋ ਜਾਂਦਾ ਹੈ। ਤੇ ਮਗਰੋਂ ਕਿਵੇਂ ਉਸ ਦਾ ਭਰਾ ਤਬਾਹ ਹੁੰਦਾ ਹੈ, ਇਹ ਕਹਾਣੀ ਬਿਰਤਾਂਤ ਵਿਚ ਕਰਮਜੀਤ ਨੇ ਪੇਸ਼ ਕੀਤਾ ਹੈ। -ਸੰਪਾਦਕ)*

"ਬਾਪੂ ਤਿਆਰ ਹੋ ਜਾ... ਅੱਜ ਤੇਰਾ ਬਣਵਾਸ ਕੱਟਿਆ ਗਿਆ ਈ...।" ਸਵੇਰੇ ਹੀ ਸੀਖਾਂ ਸਾਮ੍ਹਣੇ ਆ ਖੜ੍ਹੇ ਹੋਏ ਇੱਕ ਸੰਤਰੀ ਨੇ ਵਗਾਹਵੇ ਬੋਲ ਕੱਢ ਮਾਰੇ।

ਸੁਣਦਿਆਂ ਹੀ ਸੁੱਚਾ ਸਿੰਘ ਦੇ ਬੁੱਲ੍ਹ ਫ਼ਰਕਣ ਲੱਗ ਪਏ।

"ਓਏ ਮਾਸਟਰਾਂ ਐਵੇਂ ਨਾ ਰੋਈ ਜਾ... ਹੁਣ ਤੇਰੀ ਖਲਾਸੀ ਹੋ ਗਈ ਸਮਝ... ਹੁਣ ਕਾਹਦਾ ਰੋਣਾ... ਇਹਨਾਂ ਹੰਝੂਆਂ ਨੂੰ ਕਿਸੇ ਹੋਰ ਵੇਲੇ ਲਈ ਸਾਂਭ ਰੱਖ... ਕਿਤੇ ਕੰਮ ਆਉਣਗੇ।"

ਇਸਤੋਂ ਮਾੜਾ ਵੇਲਾ ਵੀ ਅਜੇ ਆਉਣੈ। ਜਿੱਥੇ ਹੰਝੂਆਂ ਦੀ ਲੋੜ ਪਵੇਗੀ। ਉਸ ਮਨ ਹੀ ਮਨ ਇਹ ਵਾਕ ਵਿਚਾਰਿਆ। ਫਿਰ ਉਸਨੂੰ ਚੱਕਰ ਜਿਹਾ ਆ ਗਿਆ। ਪਰ ਉਹ ਸੰਭਲ ਗਿਆ।

ਅਚਾਨਕ ਜਿਵੇਂ ਉਸਨੂੰ ਅਹਿਸਾਸ ਹੋਇਆ, ਉਸਦਾ ਪੈਰ ਮਖਮਲੀ ਘਾਹ ਭਰੇ ਲਾਂਘੇ 'ਤੇ ਪੈ ਗਿਆ

ਹੋਵੇ। ਉਹ ਅਜ਼ਾਦ ਹੋ ਰਿਹਾ ਸੀ। ਉਸ ਅੰਦਰ ਘਰ ਦੀ ਖਿੱਚ ਪੈਦਾ ਹੋਈ।

ਜ਼ਿੰਦਗੀ ਦੀ ਖੇਡ ਬੜੀ ਨਿਰਾਲੀ ਹੈ। ਉੱਭੜ ਖਾਬੜ ਰਾਹਾਂ, ਉਸਦੀਆਂ ਅੱਖਾਂ ’ਚੋਂ ਪੂਰੇ ਬਾਰਾਂ ਵਰ੍ਹੇ ਇਉਂ ਲੰਘ ਗਈਆਂ, ਜਿਵੇਂ ਅੱਜ ਹੀ ਉਸਦੀਆਂ ਅੱਖਾਂ ਖੁੱਲ੍ਹੀਆਂ ਹੋਣ। ਉਸ ਨੂੰ ਜਾਪਿਆ, ਸਦੀਆਂ ਪੁਰਾਣੇ ਪੱਥਰ ਯੁੱਗ ਦਾ ਇਨਸਾਨ ਇਸ ਨਵੀਂ ਦੁਨੀਆਂ ’ਚ ਗਲਤੀ ਨਾਲ ਆਣ ਵੜਿਆ ਹੋਵੇ।

ਉਵੇਂ ਉਸਨੂੰ ਸੰਤਰੀ ਦੇ ਮੂੰਹੋਂ ਸੁਣਦਿਆਂ ਬੜਾ ਚੰਗਾ ਚੰਗਾ ਜਿਹਾ ਲੱਗਾ। ਫੇਰ ਝੱਟਪਟ ਹੀ ਬੁੱਝ ਗਈ ਫੁਲਝੜੀ ਵਾਂਗੂੰ ਫੁੱਸ ਜਿਹਾ ਵੀ ਹੋ ਗਿਆ। ਉਹ ਡੂੰਘੇ ਵਹਿਣਾ ’ਚ ਹੜ ਗਿਆ ਸੀ। ਉਸਨੂੰ ਹੁਣ ਸਮਝ ਨਹੀਂ ਸੀ ਪੈ ਰਹੀ। ਉਹ ਰਿਹਾਅ ਹੋਣ ਦੀ ਖੁਸ਼ੀ ਮਨਾਵੇ ਕਿ ਵੈਣ ਪਾਵੇ। ਉਸਦੇ ਦਿਲ ਨੂੰ ਡੋਬੂ ਜਿਹੇ ਪੈਣ ਲੱਗ ਪਏ। ਔਣ ਵਾਲੇ ਭਵਿੱਖ ਦੀ ਚਿੰਤਾ ਵੱਢ ਵੱਢ ਖਾਣ ਲੱਗ ਪਈ। ਅੱਖਾਂ ਵਾਰ-ਵਾਰ ਭਰਦੀਆਂ।

ਇੱਕ ਪਲ ਤਾਂ ਇਉਂ ਲੱਗਾ ਜਿਵੇਂ ਉਸਦੀ ਹਾਲਤ ਦੇਖਕੇ ਆਲਾ-ਦੁਆਲਾ ਕੀ ਆਸਮਾਨ ਵੀ ਰੋ ਪਊਗਾ। ਫਿਰ ਉਸਨੂੰ ਯਾਦ ਆਇਆ, ਜਿਹੜਾ ਉਦੋਂ ਨਹੀਂ ਸੀ ਫੁੱਟਿਆ ਉਹ ਰੱਬ ਅੱਜ ਕੀ ਰੋ ਪਊ। ਅੱਜ ਤਾਂ ਹਾਲਾਤ ਬਦਲ ਰਹੇ ਨੇ।

ਇੱਕ ਨਵੀਂ ਸੋਚ ਉਸ ਅੰਦਰ ਪੈਦਾ ਹੋਣ ਲੱਗ ਪਈ। ਹੁਣ ਉਸਦੀ ਘਰੇ ਕਿਸਨੂੰ ਲੋੜ ਹੋਵੇਗੀ। ਉਸਨੂੰ ਇਵੇਂ ਜਾਪਿਆ ਜਿਵੇਂ ਇਕ ਸਜ਼ਾ ਖ਼ਤਮ ਹੋਈ ਤੇ ਸੰਤਰੀ ਅਗਲੀ ਸਜ਼ਾ ਸੁਣਾ ਗਿਆ ਹੋਵੇ। ਸਿਰ ਹੌਲਾ ਹੋਣ ਦੀ ਜਗ੍ਹਾ ਸਗੋਂ ਭਾਰਾ ਜਿਹਾ ਹੋਣ ਲੱਗ ਪਿਆ। ਉਹ ਉੱਥੇ ਹੀ ਪੈਰਾਂ ਪਰਨੇ ਬੈਠ ਗਿਆ। ਪਤਾ ਨਹੀਂ ਏਨੇ ਵਰ੍ਹੇ ਜੇਲ੍ਹ ਅੰਦਰ ਰਹਿੰਦਿਆਂ ਉਸ ਅੰਦਰ ਇੱਕ ਹੋਰ ਜੇਲ੍ਹ ਉੱਸਰ ਆਈ ਸੀ।

ਉਹ ਚੰਗਾ ਭਲਾ ਪ੍ਰਾਇਮਰੀ ਸਕੂਲ ਮਾਸਟਰ ਸੀ। ਤਨਖਾਹ ਮਿਲਦੀ। ਚਲੋ ਲੇਟ ਹੀ ਹੋਇਆ ਪਰ ਵਿਆਹ ਵੀ ਹੋ ਗਿਆ। ਬੱਚੇ ਵੀ ਤਿੰਨ ਹੇਠ-ਉੱਪਰ ਹੋ ਗਏ ਸਨ। ਰੋਟੀ ਟੁੱਕ ਵੀ ਚੰਗਾ ਚਲ ਰਿਹਾ। ਤਿੰਨ ਚਾਰ ਕਿੱਲੇ ਪੈਲੀ ਵੀ ਹਿੱਸੇ ਆਉਂਦੀ। ਫੇਰ ਵੀ ਸਭ ਕੁਝ ਖਲਤ-ਮਲਤ ਜਿਹਾ ਹੋ ਗਿਆ। ਇਵੇਂ ਸਭ ਕੁਝ ਹੁੰਦਿਆਂ ਵੀ ਉਹਦੇ ’ਤੇ ਇੱਕ ਗ੍ਰਹਿਣ ਲੱਗ ਗਿਆ ਸੀ। ਕਿਵੇਂ ਬਘਿਆੜ ਵਾਂਗੂੰ ਮੂੰਹ ਅੱਡੀ ਖੜ੍ਹੀ ਜੇਲ੍ਹ ਅੰਦਰ ਅਪੜ ਗਿਆ। ਉਸਨੂੰ ਸਮਝ ਨਹੀਂ ਸੀ ਲੱਗੀ।

ਜਿਵੇਂ ਅੱਜ ਉਹ ਡਰਿਆ ਹੋਇਆ ਸੀ। ਬਾਰਾਂ ਵਰ੍ਹੇ ਪਹਿਲਾਂ ਜੇਲ੍ਹ ਅੰਦਰ ਪੈਰ ਰੱਖਣ ਵੇਲੇ ਵੀ ਬੁਰੀ ਤਰ੍ਹਾਂ ਡਰ ਗਿਆ ਸੀ। ਘਬਰਾਹਟ ’ਚ ਛਟਪਟਾਉਂਦਾ ਉਹ ਪਾਗਲ ਹੋਣ ਨੂੰ ਫਿਰਦਾ।

ਜਦੋਂ ਜੱਜ ਨੇ ਉਸਦੇ ਵਕੀਲ ਤੇ ਕਿਸੇ ਵੀ ਦਲੀਲ ਦੀ ਪਰਵਾਹ ਨਾ ਕਰਦੇ ਹੋਏ ਸਖਤ ਸਜ਼ਾ ਲਗਾ ਦਿੱਤੀ। ਤਾਂ ਉਹ ਹੱਕਾ-ਬੱਕਾ ਰਹਿ ਗਿਆ। ਉਸਨੂੰ ਘੁੰਮਣ ਘੇਰੀਆਂ ਆਉਣ ਲੱਗ ਪਈਆਂ। ਉਦੋਂ ਵੀ ਉਹ ਚੱਕਰ ਖਾਂਦਾ ਡਿੱਗਦਾ ਫਿਰਦਾ ਸੀ। ਵਿਰੋਧੀ ਧਿਰ ਵਾਲੇ ਆਲੇ-ਦੁਆਲੇ ਖੜ੍ਹੇ ਪਖੰਡ ਬਾਜ਼ੀ ਕਹਿ ਰਹੇ। ਦੇਖ ਕਿਵੇਂ ਜੇਲ੍ਹ ਜਾਣ ਦਾ ਸਾਰਾ ਮਕਰਾ ਬਣਦਾ ਪਿਐ। ਲੋਕ ਤਰ੍ਹਾਂ ਤਰ੍ਹਾਂ ਦੇ ਬੋਲ ਬੋਲ ਰਹੇ। ਉਹ ਕਚਿਹਰੀ ਦੀਆਂ ਕੰਧਾਂ ਨਾਲ ਟੱਕਰਾਂ ਮਾਰਦਾ। ਬੁੜਬੜਾਉਂਦਾ। ਹਾਲ-ਪਾਰ੍ਹਿਆ ਕਰ ਰਿਹਾ।

ਇਹ ਕਿਹੋ ਜਿਹੀ ਸਜ਼ਾ ਸੀ ਜਿਸਦਾ ਉਹ ਹੱਕਦਾਰ ਵੀ ਨਹੀਂ ਸੀ। ਫਿਰ ਵੀ ਇੱਥੇ ਭਟਕਦਾ ਫਿਰ ਰਿਹਾ। ਉਸਦੇ ਮੱਥੇ ਬਿਣ ਕਸੂਰੋਂ ਇਹ ਸਜ਼ਾ ਮੜੀ ਜਾ ਰਹੀ। ਪਰ ਉਹ ਦੇਖ ਰਿਹਾ ਸੀ ਹਜ਼ਾਰਾਂ ਲੋਕ ਤੁਰੇ ਫਿਰ ਰਹੇ, ਪਰ ਕੋਈ ਵੀ ਉਹਦੇ ਹੱਕ ’ਚ ਬੋਲ ਨਹੀਂ ਸੀ ਰਿਹਾ। ਨਾਲੇ ਇੱਥੇ ਕਿਸਨੇ ਉਹਦੀ ਸੁਣਨੀ ਸੀ। ਹੁਣ ਤਾਂ ਵੇਲਾ ਵੀ ਲੰਘ ਗਿਆ। ਇੱਥੇ ਤਾਂ ਲੋਕ ਆਪ ਸਤੇ-ਸਤਾਏ ਆਏ ਬੈਠੇ ਹੋਏ।

ਉਹ ਕਾਲੇ-ਚਿੱਟੇ ਕੱਪੜੇ ਪਾਈ ਫਿਰਦੇ ਵਕੀਲਾਂ ਜੱਜਾਂ ਦੇ ਇਨਸਾਫ਼ ਦੀ ਬੂੰਦ ਦੇ ਪਿਆਸੇ, ਅੱਖਾਂ ਚੁੱਕ ਚੁੱਕ ਝਾਕ ਰਹੇ। ਉਹ ਤਾਂ ਕਾਨੂੰਨੀ ਪ੍ਰੀਕਿਆ ਦੇ ਪੱਟੇ ਹੋਏ ਇਨਸਾਫ਼ ਲਈ ਤਰਸ ਰਹੇ ਸਨ। ਕਦੋਂ ਕਿਤੇ ਖ਼ੈਰ ਪਵੇਗੀ ਤੇ ਉਹ ਸੁਰਖਰੂ ਹੋਣਗੇ।

ਉਹ ਸਾਮ੍ਹਣੇ ਪਈ ਜੱਜ ਦੀ ਖਾਲ਼ੀ ਕੁਰਸੀ ਵੱਲ ਦੇਖਦਾ। ਕਿੱਥੇ ਇੱਥੇ ਬੈਠਕੇ ਕੋਈ ਇਨਸਾਫ਼ ਕਰਦੈ। ਬਸ ਜੱਜਪੁਣੇ ਦੇ ਟੌਹਰ ’ਚ ਫੱਬੇ ਵੱਡੀ ਕੁਰਸੀ ਤੇ ਟੰਗੇ ਸੋਹਣੇ ਚਿਹਰੇ। ਜੇ ਪੁੱਛਣੈ ਤਾਂ ਮੇਰੇ ਵਰਗੇ ਨੂੰ ਜਾਂ ਔਹ ਬੈਂਚਾਂ ਤੇ ਉਦਾਸ ਤੇ ਮੁਰਝਾਏ ਬੈਠਿਆ ਨੂੰ ਕੋਈ ਪੁੱਛੇ। ਕਦੋਂ ਤੇ ਕਿਹੜੇ ਵਲੇ ਨਿਆਂ ਮਿਲਦੈ। ਨਾਲੇ ਕਈ ਕਿੱਲਿਆਂ ’ਚ ਮੂੰਹ ਅੱਡੀ ਬੈਠੀ ਤੇ ਭਿਆਨਕ ਲੱਗਦੀ ਕਚਿਹਰੀ ਦੀ ਇਮਾਰਤ ਤਾਂ ਚੁੱਪ ਏ। ਇਹ ਕਿੱਥੇ



ਬੋਲਦੀ। ਪਰ ਇੱਥੇ ਆਈ ਬੈਠੀ ਭੀੜ ਨੂੰ ਵੀ ਬੋਲਣ ਦਾ ਹੱਕ ਨਹੀਂ ਮਿਲਿਆ। ਇੱਥੇ ਤਾਂ ਜੱਜ ਬੋਲਦੇ ਨੇ ਜਾਂ ਵਕੀਲ। ਪਰ ਇਮਾਰਤ ਸੱਚ-ਝੂਠ ਦੇਖਦੀ ਤੇ ਆਫਰੇ ਪਏ ਢਿੱਡ ’ਚੋਂ ਮਹਿਸੂਸ ਜ਼ਰੂਰ ਕਰਦੀ ਹੋਵੇਗੀ। ਖੌਰੇ ਇਸ ਇਮਾਰਤ ਦੇ ਢਿੱਡ ਅੰਦਰ ਕਿੰਨੀਆਂ ਬੇਇਨਸਾਫੀਆਂ ਦੇ ਰਾਜ ਦਫ਼ਨ ਪਏ ਨੇ।

ਪਰ ਕਚਿਹਰੀ ਦੇ ਚੌਧਰੀ ਜੱਜ ਸ੍ਰੀਮਾਨ ਦੇ ਮੂੰਹੋਂ ਨਿਕਲਿਆ ਫੈਸਲਾ, ਇਸ ਧਰਤੀ ’ਤੇ ਰੱਬ ਨਾਲੋਂ ਵੱਡਾ ਫੈਸਲਾ ਸੀ। ਜਿਹੜਾ ਉਹਦੇ ’ਤੇ ਅਸਮਾਨੀ ਬਿਜਲੀ ਵਾਂਗੂੰ ਆਣ ਪਿਆ। ਜੋ ਛਿਲਤਰ ਵਾਂਗੂੰ ਉਸਦੇ ਦਿਮਾਗ਼ ’ਚ ਚੁੱਭ ਜਿਹਾ ਗਿਆ।

ਜੱਜ ਫ਼ਾਈਲ ਬੰਦ ਕਰਕੇ ਕੁਰਸੀ ’ਤੋਂ ਉੱਠ ਖੜੋਇਆ। ਜਾਂਦਾ ਤਿਉੜੀਆਂ ਜਿਹੀਆਂ ਪਾਉਂਦਾ ਇਵੇਂ ਤੁਰ ਪਿਆ ਸੀ ਜਿਵੇਂ ਸਾਰੇ ਪੁਆੜੇ ਦੀ ਜੜ੍ਹ ਮੈਂ ਹੀ ਹੋਵਾਂ। ਉਸਦੀ ਕੋਈ ਅਪੀਲ ਤੇ ਦਲੀਲ ਇੱਥੇ ਕੰਮ ਨਹੀਂ ਸੀ ਆਈ। ਮੈਨੂੰ ਉਸਦੀ ਉੱਚ ਵਿੱਦਿਆ ਤੇ ਲਿਆਕਤ ਉੱਤੇ ਤਰਸ ਆਇਆ। ਪਰ ਇਵੇਂ ਉਸਨੂੰ ਕੀ ਫ਼ਰਕ ਪੈਣਾ ਸੀ। ਭੱਠਾ ਤਾਂ ਮੇਰਾ ਬਹਿ ਗਿਆ। ਬਾਅਦ ’ਚ ਕੁਝ ਸਾਲਾਂ ਬਾਅਦ ਪਤਾ ਲੱਗਾ, ਉਹ ਜੱਜ ਚੰਗੀ ਮਿਹਨਤ ਤੇ ਇਨਸਾਫ਼ ਕਰਨ ਕਰਕੇ ਹਾਈ ਕੋਰਟ ਦਾ ਜੱਜ ਬਣਾ ਦਿੱਤਾ ਗਿਆ।

ਚਲੋ ਖ਼ੈਰ! ਪਰ ਮੈਂ ਤਾਂ ਉਸ ਵੇਲੇ ਕੋਰਟ ਅੰਦਰ ਭੁੰਜੇ ਹੀ ਬਹਿ ਗਿਆ ਸਾਂ। ਮੇਰੇ ਕੰਨਾਂ, ’ਚੋਂ ਸੇਕ ਨਿਕਲਣ ਲੱਗ ਪਿਆ। ਮੇਰਾ ਵਕੀਲ ਪੰਡ ਰੁਪਈਆਂ ਦੀ ਖਾ ਕੇ ਵੀ ਮੈਨੂੰ ਇਨਸਾਫ਼ ਨਹੀਂ ਸੀ ਦੁਆ ਸਕਿਆ। ਜਿਸਦਾ ਉਹ ਉੱਚੀ ਬਾਂਹ ਕਰਕੇ ਆਪਣੇ ਕੈਬਿਨ ’ਚ ਦਾਅਵਾ ਕਰਦਾ ਹੁੰਦਾ ਸੀ।

ਬਸ ਹੁਣ ਮੇਰੀ ਹਾਲਤ ’ਤੇ ਦੰਦੀਆਂ ਜਿਹੀਆਂ ਕੱਢਦਾ ਤੇ ਢਿੱਲਾ ਜਿਹਾ ਮੂੰਹ ਬਣਾ ਕੇ ਦੇਖੀ ਜਾ ਰਿਹਾ। ਜਿਵੇਂ ਮੋਏ ਦੀ ਮਕਾਣੇ ਆਇਆ ਹੋਵੇ।

ਪਰ ਅੱਜ ਰਿਹਾਅ ਹੋਣ ਦੀ ਖ਼ਬਰ ਸੁਣਕੇ, ਏਨੇ ਵਰ੍ਹਿਆਂ ਬਾਅਦ ਉਹਦੀ ਫਿਰ ਉਹੋ ਜਿਹੀ ਹੀ ਹਾਲਤ ਹੋ ਗਈ। ਹੁਣ ਤਾਂ ਇੱਥੇ ਜੇਲ੍ਹ ਅੰਦਰ ਵਾਹਵਾ ਹੀ ਆਹਰੇ ਜਿਹਾ ਲੱਗਾ ਹੋਇਆ ਸਾਂ। ਜ਼ਿੰਦਗੀ ਦੀ ਇੱਕ ਚਾਲ ਜਿਹੀ ਬਣੀ ਹੋਈ। ਜਿਵੇਂ ਇੱਕ ਲੰਬਾ ਸੁਪਨਾ ਲੈਂਦਿਆਂ ਅਚਾਨਿਕ ਕਿਸੇ ਮੋਡਿਓਂ ਫੜਕੇ ਕੱਚੀ ਨੀਂਦੇ ਜਗ੍ਹਾ ਦਿੱਤਾ ਹੋਵੇ।’ ਜਿਸ ਉਸਦੀ ਬਣੀ-ਬਣਾਈ ਖੇਡ ਵਿਗਾੜ ਕੇ ਰੱਖ ਦਿੱਤੀ ਸੀ। ਪਰ ਹੁਣ ਕੀ ਬਣੇਗਾ।

ਭਾਵੇਂ ਰੱਬ ਉਹਦੇ ਲਈ ਹੁਣ ਕੋਈ ਹੈਸੀਅਤ ਤਾਂ ਨਹੀਂ ਸੀ ਰੱਖਦਾ। ਉਹ ਕਿਹੜਾ ਉਹਦੇ ਕਿਸੇ ਔਖੇ ਵੇਲੇ ਕੰਮ ਆਇਆ। ਜਿਸਨੂੰ ਉਹ ਮੰਨਦਾ ਫਿਰੇ ਤ ਮੱਥੇ ਰਗੜਦਾ। ਫੇਰ ਵੀ ਉਸ ਅੱਖਾਂ ਆਸਮਾਨ ਵੱਲ ਕਰਕੇ ਇਕ ਵਾਰ ਮੱਥੇ ਰਗੜਦਾ। ਫੇਰ ਵੀ ਉਸ ਅੱਖਾਂ ਆਸਮਾਨ ਵੱਲ ਕਰਕੇ ਇਕ ਵਾਰ ਉਲਾਂਭਾ ਜਿਹਾ ਦਿੱਤਾ।

ਉਦੋਂ ਜੇਲ੍ਹ ’ਚ ਬੈਠਿਆਂ ਵੀ ਰੱਬ ਨੂੰ ਉਲਾਂਭਾ ਦੇਂਦਾ ਹੁੰਦਾ ਸੀ। ਆਹ ਦਿਨ ਵੀ ਰੱਬਾ ਦਿਖਾਉਣੇ ਸੀ। ਮੈਂ ਕਿਸੇ ਦਾ ਕੀ ਵਿਗਾੜਿਆ। ਉਸਨੇ ਤਾਂ ਕਦੇ ਚਿੜੀ ਮਾਰਕੇ ਵੀ ਨਹੀਂ ਸੀ ਦੇਖੀ। ਕਿਸੇ ਨਿਆਣੇ ਨੂੰ ਸਕੂਲੇ ਪੜਾਉਂਦਿਆਂ ਗਲਤੀ ਤੇ ਵੀ ਕਦੇ ਥੱਪੜ ਨਹੀਂ ਮਾਰਿਆ। ਉਸਨੂੰ ਲੜਨਾ ਤੇ ਕਿਸੇ ਨੂੰ ਮਾਰਨਾ ਆਉਂਦਾ ਹੀ ਨਹੀਂ ਸੀ।

ਉਦੋਂ ਨਵੇਂ ਨਵੇਂ ਜੇਲ੍ਹ ਆਇਆਂ ਬੈਰਕ ਅੰਦਰ ਕਚੀਚੀਆਂ ਲੈਂਦਾ। ਕਦੇ ਸੀਖਾਂ ਨੂੰ ਹੱਥ ਪਾਈ ਖੜੇ ਉਸਦਾ ਜੀਅ ਕਰਦਾ ਹੁੰਦਾ, ਇੱਥੋਂ ਨਿਕਲਕੇ ਬਾਹਰ ਭੱਜ ਜਾਵੇ ਤੇ ਘਰੇ ਪਹੁੰਚ ਜਾਵੇ।

ਘਰ ਘਰ ਹੁੰਦਾ। ਇੱਕ ਸੁਖੀ ਤੇ ਸਵਰਗ ਵਰਗਾ ਨਜ਼ਾਰਾ। ਸਾਰੇ ਜੀਅ ਪੰਛੀਆਂ ਦੇ ਰੰਗੀਲੇ ਖੰਭਾਂ ਵਰਗੀਆਂ ਉਡਾਰੀਆਂ ਭਰਦੇ, ਉਸਨੂੰ ਚੰਗੇ ਲੱਗਦੇ। ਜਿਹਨਾਂ ਸਿਰ ’ਤੇ ਉਹ ਉੱਡਿਆ ਫਿਰਦਾ। ਜਦੋਂ ਸਾਰੇ ਜਣੇ ਗੋਲ ਦਾਇਰੇ ’ਚ ਬੈਠੇ ਰਾਤ ਦੀ ਰੋਟੀ ਖਾਂਦੇ। ਹੱਸਦੇ ਖੇਡਦੇ। ਤਾਂ ਉਦੋਂ ਉਹ ਮਹਿਸੂਸਦਾ ਜਿਵੇਂ ਬਿਨ ਬੱਦਲ ਤੋਂ ਸਤਰੰਗੀ ਪੀਂਘ ਜਿਹੀ ਸਿਰਜ ਗਈ ਹੋਵੇ।

ਪਰ ਉਸਦੀ ਇਸ ਸਤਰੰਗੀ ਪੀਂਘ ਨੂੰ ਨਜ਼ਰ ਲੱਗ ਗਈ ਸੀ। ਉਹ ਘਰ ਤੇ ਘਰ ਵਾਲਿਆਂ ਤੋਂ ਬਗੈਰ ਇੱਥੇ ਕਿਵੇਂ ਰਹੇਗਾ। ਜੇਲ੍ਹ ਕਿਸੇ ਦੇ ਬਾਪ ਦੀ ਥੋੜਾ ਹੁੰਦੀ। ਇੱਥੇ ਰਹਿਣਾ ਹੀ ਪੈਣਾ ਸੀ। ਹੁਣ ਕਿੱਥੋਂ ਏਡੀ ਛੇਤੀ ਮੁੜ ਹੋਣਾ ਸੀ। ਇਸ ਬੇਤਰਤੀਬ ਹੋ ਗਈ ਜ਼ਿੰਦਗੀ ਨੂੰ ਸਿੱਧਿਆਂ ਕਰਨ ਲਈ ਉਹਦੇ ਬੜੇ ਵਰ੍ਹੇ ਇਸ

ਚੱਕਰਵਿਊ ’ਚ ਲੰਗਣੇ ਸਨ।

ਉਸਨੂੰ ਫਿਲਮਾਂ ਦੇ ਫਿਲਮੀ ਸੀਨ ਚੇਤੇ ਆਉਂਦੇ। ਕਿਵੇਂ ਬੰਦਾ ਜੇਲ੍ਹ ’ਚ ਜਾਂਦੈ। ਕਿਵੇਂ ਦਿਨ ਕੱਢਦੈ। ਕੈਦੀ ਆਕੜ ਆਕੜ ਕੇ ਜੇਲ੍ਹ ’ਚ ਖੌਰੂ ਪਾਉਂਦੇ। ਪੁਲਸੀਏ ਡਰਦੇ ਲੁਕਦੇ-ਫਿਰਦੇ। ਕੈਦੀ ਜੇਲ੍ਹਾਂ ਦੀਆਂ ਕੰਧਾਂ ਟੱਪ ਭੱਜ ਜਾਂਦੇ। ਡਿਸ਼ੂ-ਡਿਸ਼ੂ। ਠੂਹ-ਠਾਹ। ਗੋਲੀਆਂ ਬੰਬ। ਕਿੰਨਾ ਕੁਝ ਫ਼ਿਲਮਾਂ ਦੇ ਸੀਨਾਂ ’ਚ ਚੱਲਦਾ। ਉਦੋਂ ਘਰੇ ਬੈਠਿਆਂ ਟੀ. ਵੀ. ਦੇਖਦਿਆਂ ਕਿੰਨਾ ਵਧੀਆ ਲੱਗਦਾ। ਸਾਰਾ ਟੱਬਰ ਹੱਸ ਹੱਸ ਦੋਹਰਾ ਹੁੰਦਾ।

ਪਰ ਫਿਲਮਾਂ ਤਾਂ ਫਿਲਮਾਂ ਹੁੰਦੀਆਂ। ਜੋ ਦੇਖਣ ਨੂੰ ਚੰਗੀਆਂ ਲੱਗਦੀਆਂ। ਅਸਲ ਜੇਲ੍ਹ ਤਾਂ ਅਸਲ ਜੇਲ੍ਹ ਹੁੰਦੀ। ਬੜੀ ਨਿਰਮੋਹੀ ਜਿਹੀ। ਹੁਣ ਤਾਂ ਉਹ ਆਪ ਜੇਲ੍ਹ ’ਚ ਬੈਠਾ ਹੋਇਆ, ਹੰਢਾ ਰਿਹਾ ਸੀ। ਕੰਧਾਂ ਹੀ ਏਨੀਆਂ ਉੱਚੀਆਂ ਕੋਈ ਭੱਜ ਹੀ ਨਹੀਂ ਸਕਦਾ। ਨਾਲੇ ਜਦੋਂ ਬੰਦਾ ਪੁਲੀਸ ਤੇ ਕਚਿਹਰੀਆਂ ਦੇ ਰਾਹੇ ਭਟਕਿਆ ਪੈ ਜਾਵੇ ਤਾਂ ਫਿਰ ਉਸ ਤੰਤਰ ’ਚੋਂ ਲੰਘਦਾ ਹੋਇਆ ਚਿੰਤਾਵਾਂ ਦੀ ਭੱਠੀ ਸੜਦੈ। ਪਲ ਪਲ ਘੀਸੀਆਂ ਕਰਦੈ ਤਾਂ ਉਹਦੇ ਪੱਲੇ ਹੀ ਕੀ ਰਹਿ ਜਾਂਦੈ। ਫੋਕਾ ਫਇਰ ਫਿਰ ਕੀ ਕਿਸੇ ਕੰਧਾਂ ਟੱਪਣੀਆਂ।

ਅਸਲ ਜੇਲ੍ਹ ਤਾਂ ਆਇਆਂ ਹੀ ਪਤਾ ਚੱਲਦੈ, ਇਹ ਬੜੀ ਭਿਅੰਕਰ ਹੁੰਦੀ। ਇੱਥੇ ਆ ਕੇ ਸੁਪਨਿਆਂ ਦੇ ਮਿੱਧੇ ਜਾਣ ਦਾ ਡੂੰਘਾ ਅਹਿਸਾਸ ਹੁੰਦੈ।

ਜੇਲ੍ਹ ਅੰਦਰ ਰਹਿੰਦਿਆਂ ਉਹਦਾ ਕਈ ਵਾਰ ਮਨ ਭਰਦਾ। ਅੱਖਾਂ ਲਾਲ ਹੋਈਆਂ ਰਹਿੰਦੀਆਂ। ਹੋਰਨਾਂ ਕੈਦੀਆਂ ਤੋਂ ਲੁਕ ਲੁਕ, ਸਿਰ ਗੋਡਿਆਂ ’ਚ ਦੇ ਕੇ ਅੱਥਰੂਆਂ ਨੂੰ ਡੱਕਾ ਲਾਉਂਦਾ। ਕਦੇ ਅੱਖਾਂ ਦੀਆਂ ਲਾਲੀਆਂ ਛੁਪਾਉਂਦਾ। ਉਸਦਾ ਗਮਗੀਨ ਚਿਹਰਾ, ਉਸਦੀ ਉਦਾਸੀ ਦਾ ਅਸਤ ਹੋਇਆ ਸੂਰਜ ਜਾਪਦਾ। ਉਹ ਅੰਦਰੋਂ ਬਾਹਰੋਂ ਬੁਰੀ ਤਰ੍ਹਾਂ ਵੀਰਾਨ ਹੋਇਆ ਪਿਆ ਸੀ।

ਜੇਲ੍ਹ ਜਾਣ ਤੋਂ ਪਹਿਲਾਂ ਉਸਦੇ ਦਿਨ ਹਵਾ ਵਾਂਗੂੰ ਲੰਘਦੇ ਜਾਂਦੇ। ਉਹ ਜ਼ਿੰਦਗੀ ਜਿਉ ਰਿਹਾ ਸੀ। ਸਵੇਰੇ ਘਰੋਂ ਜਾਂਦਾ ਤੇ ਦੁਪਹਿਰ ਨੂੰ ਛੁੱਟੀ ਕਰਕੇ ਸਕੂਲੋਂ ਪਰਤ ਆਉਂਦਾ। ਸ਼ਾਮ ਨੂੰ ਖੇਤੀਬਾੜੀ ਕਰਦਾ। ਕਿਆ ਦਿਨ ਸਨ ਜੋ ਸਰੀਰ ਤੇ ਕੁਤਕੁਤਾਰੀਆਂ ਕੱਢਦੇ। ਪਰ ਜੇਲ੍ਹ ਆਇਆ ਤਾਂ ਇੱਕ ਦਿਨ ਕੀ ਇੱਕ ਪਲ੍ਹ ਵੀ ਸਾਮ੍ਹਣੇ ਖੜ੍ਹੇ ਦੈਂਤ ਵਾਂਗੂੰ ਅੜ ਜਿਹਾ ਹੀ ਖੜੋਂਦਾ। ਮੁੱਕਦਾ ਹੀ ਨਾ। ਅੱਕ-ਥੱਕ ਜਾਂਦਾ। ਸਰੀਰ ’ਤੇ ਅਚਵੀ ਜਿਹੀ ਹੁੰਦੀ। ਲੱਤਾਂ ਖੁੱਸਦੀਆਂ। ਕਾਹਲ ਜਿਹੀ ਪਈ ਜਾਂਦੀ।

ਜੇਲ੍ਹ ’ਚ ਰੋਟੀ ਵੀ ਮਿਲਦੀ। ਰਹਿਣ ਨੂੰ ਬਿਸਤਰਾ ਤੇ ਛੱਤ ਵੀ ਹੁੰਦੀ। ਪਰ ਇਹਨਾਂ ਥੱਲੇ ਸੁਪਨੇ ਨਹੀਂ ਲਏ ਜਾ ਸਕਦੇ। ਇੱਥੇ ਆ ਕੇ ਸੁਪਨੇ ਮੋਏ ਹੋ ਜਾਂਦੇ। ਜੋ ਮਾੜੇ ਪਲਸਤਰ ਵਾਂਗੂੰ ਭੁਰਦੇ ਭੁਰ ਜਾਂਦੇ। ਪਰ ਉਹਦੇ ਸੁਪਨੇ ਤਾਂ ਅੰਦਰ ਰਹਿ ਕੇ ਪਿਘਲਕੇ ਅੱਖਾਂ ’ਚ ਬਰਫ਼ ਵਾਂਗੂੰ ਜੰਮ ਗਏ ਸਨ।

ਬੈਰਕ ਦੇ ਰਾਤ ਦੇ ਝੁਸਮੁਸੇ ’ਚ ਬੈਠਾ, ਸੋਚਦਾ ਹੁੰਦਾ, ਉਹ ਘਰ ਸਕੂਲ ਤੇ ਖੇਤੀਬਾੜੀ ਦੀਆਂ ਕਿੰਨੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਹੋ ਗਿਆ ਸੀ। ਘਰ ’ਚ ਰਹਿੰਦਿਆਂ ਤਾਂ ਕੰਮਾਂ ਤੋਂ ਵਿਹਲ ਹੀ ਨਾ ਮਿਲਦੀ। ਵਕਤ ਵਕਤ ਦੀ ਗੱਲ ਹੈ। ਉਦੋਂ ਕੰਮ ਨਹੀਂ ਸੀ ਮੁੱਕਦੇ। ਇੱਥੇ ਜੰਮ ਬਣੇ ਦਿਨ ਜਿਉਣ ਨਾ ਦੇਂਦੇ। ਵਿਹਲ ਉਸਨੂੰ ਲੜਦੀ। ਵਿਹਲੇ ਰਹਿਣਾ ਵੀ ਕੋਈ ਸੌਖਾ ਕੰਮ ਨਹੀਂ ਹੁੰਦਾ। ਉਹ ਹਰ ਵੇਲੇ ਸੋਚਦਾ ਹੀ ਰਹਿੰਦਾ। ਇਵੇਂ ਤਾਂ ਉਹ ਛੇਤੀ ਹੀ ਸੋਚ ਸੋਚ ਮਰ ਜਾਵੇਗਾ।

ਜਦੋਂ ਉਹ ਦਿਲੋਂ ਦਿਮਾਗ ’ਤੇ ਜਿਆਦਾ ਹੀ ਬੋਝ ਪਾਉਂਦਾ ਤਾਂ ਮਹਿਸੂਸ ਹੁੰਦਾ, ਮੌਤ ਦੇ ਦੈਂਤ ਉਹਦੇ ਚਾਰ-ਚੁਫੇਰੇ ਗੇੜੇ ਲਾਉਂਦੇ ਜਾਪਦੇ।

ਉਦੋਂ ਉਸਨੂੰ ਜੇਲ੍ਹ ’ਚ ਆਏ ਅਜੇ ਥੋੜੇ ਦਿਨ ਹੀ ਹੋਏ ਸਨ। ਫੇਰ ਉਹ ਹੌਲੀ ਹੌਲੀ ਇਸ ਸਰਕਾਰੀ ‘ਸੁਧਾਰ ਘਰ’ ਦੀ ਬੈਰਕ ’ਚ ਰਹਿਣ ਦਾ ਆਦੀ ਹੋ ਗਿਆ ਸੀ। ਹੋਰ ਹੱਲ ਵੀ ਤਾਂ ਕੋਈ ਨਹੀਂ ਸੀ। ਕੀ ਕਰਦਾ ਉਸ ਪਲਕਾਂ ਦੇ ਬੂਹੇ ਢੋਹ ਕੇ ਦੜ੍ਹ ਵੱਟ ਲੈਣਾ ਹੀ ਵਾਜਬ ਸਮਝਿਆ।

ਜੇਲ੍ਹ ਆਉਣ ਤੋਂ ਪਹਿਲਾਂ ਪੁਲੀਸ ਕਾਰਵਾਈ ਕੋਰਟ ਕਚਿਹਰੀਆਂ ਦੇ ਚੱਕਰਵਿਊ ’ਚ ਕਿੰਨਾ ਹੀ ਸਮਾਂ ਲੰਘ ਗਿਆ। ਇਸ ਚਿੰਤਾਜਨਕ ਸਥਿਤੀ ’ਚ ਉਹਦੀ ਨੌਕਰੀ ਵੀ ਛੁਟ ਗਈ ਸੀ। ਤਨਖਾਹ ਬੰਦ ਹੋ ਗਈ। ਵਕੀਲਾਂ ਨੂੰ ਪੈਸੇ ਦੇਂਦੇ ਦੇਂਦੇ ਉਸਦੀ ਜਮਾਂ ਪੂੰਜੀ ਸਭ ਖਰਚ ਹੋ ਗਈ।



ਇਹ ਕੀ ਹੋ ਰਿਹਾ ਸੀ। ਜਿਵੇਂ ਪ੍ਰੇਸ਼ਾਨ ਹੋਇਆ ਅੱਥਰਾ ਸਮੁੰਦਰ, ਮੇਰੇ ਵਲ ਵਧਿਆ ਆਉਂਦਾ। ਮੇਰੀਆਂ ਪਰੇਸ਼ਾਨੀਆਂ ਵਧਾਈ ਜਾ ਰਿਹਾ। ਇਹ ਮੁਸ਼ਕਿਲਾ ਦਾ ਗੰਭੀਰ ਦੌਰ ਸੀ, ਮੇਰੇ ਤੇ ਪਰਵਾਰ ਤੇ। ਪਰ ਇਹ ਛੱਲਾਂ ਬਿਣ ਬੁਲਾਏ ਮਹਿਮਾਨ ਵਾਂਗੂੰ ਸਾਨੂੰ ਡੂੰਘੇ ਪਾਣੀਆਂ ’ਚ ਡੋਬੂ ਲਾਈ ਜਾ ਰਹੀਆਂ।

ਸ਼ੁਰੂ ਸ਼ੁਰੂ ’ਚ ਘਰਵਾਲੀ ਕਦੇ ਮੁੰਡੇ ਨਾਲ ਮੁਲਾਕਾਤ ਲਈ ਆਉਂਦੀ। ਕਦੇ ਕੁੜੀਆਂ ਨਾਲ। ਫਿਰ ਉਹ ਕੱਲੀ ਹੀ ਕਦੇ ਕਤਾਂਈ ਆ ਜਾਂਦੀ। ਇਸ ਚੱਕਰ ’ਚ ਉਹ ਵੀ ਰੁਲ ਗਈ। ਨਹੀਂ ਸਾਰਾ ਟੱਬਰ ਹੀ ਰੁਲ਼ ਗਿਆ ਸੀ।

ਪਤਨੀ ਜਿਵੇਂ ਸਮੇਂ ਤੋਂ ਪਹਿਲਾਂ ਹੀ ਬੁੜੀ ਜਿਹੀ ਹੋ ਗਈ ਹੋਵੇ। ਉਹ ਜੇਲ੍ਹ ਮਿਲਣ ਆਉਂਦੀ ਤਾਂ ਉਹਨੂੰ ਦੇਖ ਦੇਖ ਤਰਸ ਆਉਂਦਾ। ਉਹ ਮੁਰਝਾਈ ਪਈ ਹੁੰਦੀ। ਪਰ ਫਿਰ ਵੀ ਪਤਨੀ ਨਾਲ ਹੱਸਣ ਦੀ ਕੋਸ਼ਿਸ਼ ਕਰਦਾ। ਪਰ ਹੱਸਿਆ ਤਾਂ ਉਹਦੇ ਤੋਂ ਵੀ ਨਾ ਜਾਂਦਾ। ਦਿਲ ਭਰ ਆਉਂਦਾ।

ਉਹ ਫਿਕਰ ਕਰਦੀ ਦੱਸਦੀ ਬੱਚੇ ਆਪ-ਮੁਹਾਰੇ ਹੋ ਗਏ ਨੇ। ਮੇਰੀ ਸੁਣਦੇ ਹੀ ਨਹੀਂ। ਮੈਂ ਤਾਂ ਦੋਹਰੇ ਫਿਕਰ ’ਚ ਮਰੀ ਜਾਂਦੀ ਆ। ਉਹਨਾਂ ਦੀਆਂ ਬਾਪ ਤੋਂ ਬਿਨਾ ਵਾਗੈ ਖੁੱਲ੍ਹ ਗਈਆਂ ਨੇ। ਸਮਝਾਉਂਦੀ ਆ ਤਾਂ ਅੱਗੋਂ ਖਾਣ ਨੂੰ ਪੈਂਦੇ ਨੇ। ਮੇਰੇ ਪੱਲੇ ਕੁਝ ਨਹੀਂ। ਪਰ ਉਹਨਾਂ ਦੀਆਂ ਜ਼ਰੂਰਤਾਂ ਵੱਡੀਆਂ ਨੇ।

ਮੈਂ ਸੁੰਨ ਹੋ ਕੇ ਰਹਿ ਜਾਂਦਾ।

ਹੌਲੀ ਹੌਲੀ ਆਰਥਿਕ ਤੰਗੀਆਂ ਕਰਕੇ ਘਰਵਾਲੀ ਦਾ ਵੀ ਜੇਲ੍ਹ ਆਉਣਾ ਦਾ ਸਿਲਸਿਲਾ ਘਟਦਾ ਘਟ ਹੀ ਗਿਆ ਸੀ। ਉਹ ਢਿੱਲੀ ਰਹਿਣ ਲੱਗੀ। ਜਿਸ ਔਰਤ ਦਾ ਘਰਵਾਲਾ ਜੇਲ੍ਹ ’ਚ ਹੋਵੇ। ਨੌਕਰੀ ਟੁੱਟ ਗਈ ਹੋਵੇ ਨਿਆਣਿਆਂ ਦੀਆਂ ਫੀਸਾਂ। ਰੋਟੀ ਟੁੱਕ ਤੋਂ ਲਾਲੇ। ਆਮਦਨੀ ਦਾ ਸਾਧਨ ਕੋਈ ਨਹੀਂ। ਉਹ ਚਿੰਤਾ ਮਨ ਨੂੰ ਲਾ ਬੈਠੀ ਸੀ। ਘਰੋਂ ਆਉਂਦੇ ਸੁਨੇਹੇ ਵੀ ਫਿਰ ਕਦੇ ਕਤਾਈਂ ਹੀ ਆਉਂਦੇ। ਫਿਰ ਕੁਝ ਸਾਲਾਂ ਬਾਅਦ ਪਤਾ ਲੱਗਾ ਉਸ ਫ਼ਿਕਰਾਂ ਦੀ ਮਾਰੀ ਨੇ ਮੰਜਾ ਮੱਲ ਲਿਆ ਸੀ।

ਪਰ ਉਸ ਸੋਚ ਲਿਆ, ਉਸਦਾ ਬੇੜਾ ਤਾਂ ਡੁੱਬ ਰਿਹਾ ਸੀ। ਮੇਰੇ ਜੇਲ੍ਹ ਆਉਣ ਨਾਲ ਮੇਰਾ ਹੱਸਦਾ ਵਸਦਾ ਪਰਵਾਰ ਵੀ ਬਦਕਿਸਮਤ ਹੋ ਗਿਆ। ਪਰ ਮੈਂ ਤਾਂ ਇੱਥੇ ਬੱਝਾ ਹੋਇਆ ਤੇ ਬੇਵੱਸ ਸਾਂ। ਚਲੋ ਜੇ ਸਮਾਂ ਮਿਲਿਆ ਤੇ ਸਰੀਰ ’ਚ ਜਾਨ ਹੋਈ ਤਾਂ ਕਦੇ ਇੱਥੋਂ ਰਿਹਾਅ ਹੋ ਕੇ ਸਭ ਕੁਝ ਫਿਰ ਖੜਾ ਕਰ ਲਵੇਗਾ। ਉਹ ਟੁੱਟਾ ਭੱਜਾ ਜਿਹਾ ਵੀ ਜੇਲ੍ਹ ’ਚ ਬੈਠਾ ਕੁਝ ਉਧੇੜ ਬੁਣ ਕਰਦਾ, ਸੁਪਨਿਆਂ ਨੂੰ ਜ਼ਰਬਾਂ ਤਕਸੀਮਾਂ ਦੇਣ ਲੱਗਦਾ।

ਜ਼ਿੰਦਗੀ ਦਾ ਸੁਆਦ ਤਾਂ ਹੁਣ ਮੁੱਕ ਚੁੱਕਾ ਸੀ। ਕੋਈ ਹਲ ਨਹੀਂ। ਉਹ ਤਾਂ ਲੰਬੀ ਸਜ਼ਾ ਭੁਗਤਣ ਆਇਐ। ਉਹ ਇੱਥੇ ਦੋ ਚਾਰ ਦਿਨ ਦਾ ਪ੍ਰੌਹੁਣਾ ਤਾਂ ਨਹੀਂ ਸੀ।

ਜੇਲ੍ਹ ਘਰ ਤਾਂ ਨਹੀਂ ਹੁੰਦੀ। ਪਰ ਉਸ ਘਰ ਸਮਝ ਲਿਆ ਸੀ। ਉਹ ਕੰਧਾਂ ’ਤੇ ਔਸੀਆਂ ਪਾਉਂਦਾ। ਜਿਵੇਂ ਕਿਸੇ ਮੁਟਿਆਰ ਦਾ ਕੰਤ ਪ੍ਰਦੇਸ਼ ਗਿਆ ਹੋਵੇ ਤੇ ਉਹ ਪਿੱਛੋਂ ਯਾਦ ਕਰ ਕਰ ਉਡੀਕ ਦਿਆਂ ਇਹ ਚਲਿੱਤਰ ਕਰਦੀ। ਕਿਤੇ ਮਾਹੀ ਛੇਤੀ ਘਰ ਬਹੁੜ ਪਵੇ। ਉਵੇਂ ਹੀ ਉਹ ਆਪਣੇ ਘਰ ਬਾਰ ਤੇ ਪਤਨੀ ਨੂੰ ਕੰਤ ਸਮਝ ਕੇ ਇਵੇਂ ਕਰਨ ਲੱਗਾ। ਉਨ੍ਹਾਂ ਨੂੰ ਯਾਦ ਕਰਦਾ। ਰੋਜ਼ ਮਹੀਨੇ ਦੀਆਂ ਲੀਕਾਂ ਬੈਰਕ ਦੀ ਕੰਧ ’ਤੇ ਕੋਲੇ ਨਾਲ ਪਾ ਲੈਂਦਾ। ਸ਼ਾਮ ਹੁੰਦਿਆਂ ਹੀ ਇੱਕ ਲਾਈਨ ਕੱਟ ਦੇਂਦਾ। ਜਦੋਂ ਮਹੀਨਾ ਮੁੱਕ ਜਾਂਦਾ। ਉਹਨਾਂ ਨੂੰ ਢਾਹ ਕੇ ਮੁੱਢੋ ਸੁੱਢੋਂ ਨਵੇਂ ਮਹੀਨੇ ਦੀਆਂ ਲੀਕਾਂ ਵਾਹ ਲੈਂਦਾ। ਉਹ ਵਾਹੁੰਦਾ ਤੇ ਮਿਟਾਉਂਦਾ ਰਹਿੰਦਾ। ਇਵੇਂ ਕਰਦਾ ਉਹ ਕਦੇ ਰੋ ਪੈਂਦਾ। ਕਦੀ ਆਪਣੇ ਆਪ ’ਤੇ ਹੱਸ ਛੱਡਦਾ। ਉਸਨੂੰ ਇਹ ਪਾਗਲਪਨ ਦੀਆਂ ਨਿਸ਼ਾਨੀਆਂ ਜਾਪਦੀਆਂ। ਨਾਲ ਦੇ ਬੈਰਕ ਦੇ ਸਾਥੀ ਵੀ ਉਹਨੂੰ ਪੜ੍ਹਿਆ ਲਿਖਿਆ ਕਮਲਾ ਕਹਿ ਛੱਡਦੇ। ਪਰ ਇਵੇਂ ਕਮਲ ਘੋਟਣ ਨਾਲ ਉਹਦੇ ਦਿਨ ਮਹੀਨੇ ਤੇ ਫਿਰ ਸਾਲਾਂ ਦੇ ਸਾਲ ਲੰਘਣ ਲੱਗੇ ਸਨ।

ਸਮਾਂ ਆਪਣੀ ਹੀ ਤੋਰੇ ਬੀਤ ਰਿਹਾ। ਪਰ ਉਸਨੂੰ ਸਭ ਕੁਝ ਕੱਲ ਦੀ ਹੀ ਗੱਲ ਜਾਪਦੀ। ਅਜੇ ਉਹਦੇ ਚੇਤੇ ’ਚੋਂ ਕੁਝ ਵੀ ਮਨਫ਼ੀ ਨਹੀਂ ਸੀ ਹੋਇਆ। ਉਹਦੇ ਅੰਦਰ ਤੇ ਬਾਹਰ ਕਈ ਕੁਝ ਉਸਰਦਾ ਤੇ ਕਦੇ ਢਹਿ ਜਾਂਦਾ। ਜਿਵੇਂ ਸਰੀਰ ਨੂੰ ਕੰਡ ਪਈ ਲੜਦੀ ਹੋਵੇ। ਕਦੇ ਉਸਨੂੰ ਸੁਪਨੇ ਕੰਧਾਂ ਨਾਲ ਪੁੱਠੇ ਲਟਕਦੇ ਚਮਗਾਦੜਾਂ ਵਾਂਗੂੰ ਝੂਲਦੇ ਦਿਸਦੇ। ਉਹ ਹੁੱਭ ਹੁੱਭ ਕੇ ਦੇਖਦਾ। ਫਿਰ ਅੱਡੀਆਂ ਚੁੱਕ ਚੁੱਕ ਕੇ ਤੁਰਨ ਲੱਗਦਾ। ਕਿਵੇਂ

ਉਹਦਾ ਵੱਡਾ ਮੁੰਡਾ ਪ੍ਰੋਫੈਸ਼ਰ ਬਣਿਆ ਕਿਸੇ ਕਾਲਜ਼ 'ਚ ਪੜ੍ਹਾਉਂਦਾ, ਆਪਣੀ ਵਿਦਵਤਾ ਦਾ ਮੁਜ਼ਾਹਰਾ ਕਰਦਾ ਪਿਆ ਹੁੰਦਾ। ਸਟੇਜ਼ 'ਤੇ ਲੈਕਚਰ ਕਰਦਾ ਵਿਦਿਆਰਥੀਆਂ ਨੂੰ ਮੰਤਰ-ਮੁਗਧ ਕਰੀ ਜਾ ਰਿਹਾ ਹੁੰਦਾ। ਦੂਜੇ ਪਾਸੇ ਵਿਚਕਾਰਲੀ ਕੁੜੀ ਔਰਤਾਂ ਦੀ ਡਾਕਟਰ ਬਣਕੇ ਹਸਪਤਾਲ 'ਚ ਮਰੀਜ਼ਾਂ ਨੂੰ ਚੈੱਕ ਕਰ ਰਹੀ ਦਿਸਦੀ। ਉਸਦੀ ਓ ਪੀ ਡੀ ਵਾਲੇ ਕਮਰੇ ਦੇ ਬਾਹਰ ਮਰੀਜ਼ਾਂ ਦੀ ਭੀੜ ਪਈ ਹੋਈ। ਛੋਟੀ ਕੁੜੀ ਰਿੰਪੀ ਪਾਇਲਟ ਬਣਨ ਦੇ ਕੋਰਸ 'ਚ ਰੁੱਝੀ ਕਿਤਾਬਾਂ ਨਾਲ ਮੱਥਾ ਮਾਰ ਰਹੀ। ਉਹ ਉਸਨੂੰ ਅਸਮਾਨ 'ਚ ਉੱਡਦੀ ਦਿਖਾਈ ਦਿੰਦੀ।

ਉਹ ਨੱਠ ਨੱਠ ਕੇ ਉਹਨਾਂ ਨੂੰ ਫੜਨ ਦੀ ਕੋਸ਼ਿਸ਼ ਕਰਦਾ। ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਦੌੜਦਾ। ਤਿੰਨਾਂ ਨਿਆਣਿਆਂ ਨੂੰ ਪ੍ਰਵਾਨ ਚੜ੍ਹਦਿਆਂ ਦੇਖ ਦੇਖ ਉੱਚੀ ਉੱਚੀ ਆਵਾਜ਼ਾਂ ਲਾਉਂਦਾ। ਖੁਸ਼ ਹੁੰਦਾ। ਲੋਕਾਂ ਨੂੰ ਦੱਸਦਾ, ਦੌੜਿਆ ਹੀ ਫਿਰਦਾ। ਫਿਰ ਅਚਾਨਿਕ ਉੱਚੀਆਂ ਕੰਧਾਂ 'ਚ ਵੱਜ ਵੱਜ ਕੇ ਡਿੱਗ ਪੈਂਦਾ। ਉਸਦੀ ਅੱਖ ਖੁੱਲ੍ਹ ਜਾਂਦੀ ਹੈ। ਇਹ ਕੀ!! ਉਹ ਨਿਢਾਲ ਹੋਇਆ ਪਿਆ ਹੁੰਦਾ। ਸਾਹ ਤੇਜ਼-ਤੇਜ਼ ਚਲ ਰਹੇ। ਦਿਲ ਠੱਕ ਠੱਕ ਵੱਜ ਰਿਹਾ ਹੁੰਦਾ। ਉਸਨੂੰ ਲੱਗਦਾ ਉਹਦੀ ਜਾਨ ਨਿਕਲ ਜਾਵੇਗੀ। ਫਿਰ ਆਪਣੇ ਆਪ 'ਤੇ ਗੁੱਸਾ ਆਉਂਦਾ। ਕਿਵੇਂ ਬਣੀ ਬਣਾਈ ਖੇਡ ਵਿਗੜ ਗਈ। ਕਿੱਡਾ ਸੋਹਣਾ ਸੁਪਨਾ ਸੀ। ਉਹ ਖਿਝ ਜਾਂਦਾ। ਰੋਣ ਲੱਗਦਾ। ਜੇ ਉਹ ਸੁਪਨੇ ਪੂਰੇ ਕਰਨ ਜੋਗਾ ਨਹੀਂ ਤਾਂ ਕਿਉਂ ਲੈਂਦੇ ਸੁਪਨੇ।

ਮਸੀਂ ਤਾਂ ਅੱਖ ਲੱਗੀ ਸੀ। ਜਿਵੇਂ ਖੁਸ਼ੀ 'ਚ ਉੱਚੀਆਂ ਹੋਈਆਂ ਅੱਡੀਆਂ ਹੁਣ ਬੋਝ ਪੈਣ ਨਾਲ ਚਪਟੀਆਂ ਹੋ ਗਈਆਂ ਹੋਣ।

ਕੀ ਮੈਂ ਸੁਪਨਿਆਂ 'ਚ ਵੀ ਰੇਤ ਦੇ ਮਹਿਲ ਬਣਾਉਣ ਬਹਿ ਜਾਂਦਾ। ਹੁਣ ਤਾਂ ਉਹ ਇੱਥੋਂ ਮਰ ਕੇ ਹੀ ਬਾਹਰ ਨਿਕਲੇਗਾ। ਅਜੇ ਤਾਂ ਸਜ਼ਾ ਦਾ ਅੱਧ ਵੀ ਨਹੀਂ ਹੋਇਆ। ਉਸਤੋਂ ਏਨਾ ਪੰਧ ਮੁਕਾ ਨਹੀਂ ਹੋਣਾ।

ਸੈਕੜਿਆਂ ਵਾਰੀ ਉਸਦਾ ਮਨ ਉਦਾਸ ਹੁੰਦਾ। ਕਦੇ ਡੋਲਦਾ ਕਦੇ ਤਾਂ ਦਿਲ ਹੀ ਬਹਿ ਜਾਂਦਾ। ਉੱਥੇ ਉਸਨੂੰ ਕੌਣ ਹੌਸਲਾ ਦੇਣ ਵਾਲਾ ਸੀ। ਆਹ ਲਾਸ਼ਾਂ ਵਾਂਗੂੰ ਪਏ ਲੋਕਾਂ 'ਚੋਂ ਕਿਸੇ ਹੌਸਲਾ ਦੇਣਾ। ਜਿਹੜੇ ਅੱਖਾਂ 'ਚ ਮਰੇ ਸੁਪਨੇ ਲਈ ਜਰਬਾਂ ਤਕਸੀਮਾਂ ਦੇਂਦੇ ਪਾਗਲਾਂ ਵਰਗੇ ਹੋ ਰਹੇ। ਕੁਝ ਕਿਸਮਤਾਂ ਨੂੰ ਕੋਸਦੇ। ਆਪੋ-ਆਪਣੇ ਰੱਬ ਨੂੰ ਹੱਥ ਜੋੜਦੇ। ਦੁਆਵਾਂ ਕਰ ਕਰ ਮੱਥੇ ਘਸਾ ਰਹੇ। ਉਹ ਵੀ ਖੌਰੇ ਕਦੇ ਇਵੇਂ ਪਾਗਲ ਹੋ ਜਾਵੇਗਾ।

ਉਹ ਹਜ਼ਾਰਾਂ ਵਾਰੀ ਆਪਣੇ ਹੀ ਡੁੱਬਦੇ ਬੁਝਦੇ ਦਿਲ ਨੂੰ ਸੰਭਾਲਦਾ ਕਦੇ ਪਲੋਸਦਾ। ਫਿਰ ਵਲ 'ਚ ਕਰ ਲੈਂਦਾ ਤੇ ਡੁੱਬ ਰਹੇ ਸੁਪਨਿਆਂ ਦੀਆਂ ਵਿੰਗੀਆਂ ਟੇਢੀਆਂ ਤਾਰਾਂ ਨੂੰ ਸਿੱਧਿਆਂ ਕਰਨ ਦੀ ਕੋਸ਼ਿਸ਼ 'ਚ ਲੱਗ ਜਾਂਦਾ। ਪਰ ਹੁਣ ਨਾ ਉਹਦੇ ਕਿਹਾ ਜ਼ਿੰਦਗੀ ਮੁੱਕਣੀ ਸੀ। ਨਾ ਸੁਆਦ ਹੀ ਆ ਰਿਹਾ ਸੀ। ਸੁਪਨੇ ਤਾਂ ਕਦੋਂ ਦੇ ਖਾਧੇ ਪੀਤੇ ਜਾ ਚੁੱਕੇ ਸਨ। ਉਹ ਐਵੇਂ ਹੀ ਇਹਨਾਂ ਮੋਇਆਂ ਸੁਪਨਿਆਂ ਦੀ ਅਰਥੀ ਚੁੱਕੀ ਫਿਰਦਾ।

ਜਦੋਂ ਉਹ ਜੇਲ੍ਹ ਅੰਦਰ ਗਿਆ, ਉਦੋਂ ਉਹ ਛਪੰਜਾ ਵਰ੍ਹਿਆਂ ਦਾ ਸੀ। ਅੱਜ ਉਹ ਅਠਾਹਟ ਵਰ੍ਹਿਆਂ ਦਾ ਹੋ ਗਿਆ। ਉਹਦੀ ਹੁਣ ਅਖੀਰੀ ਕਾਗਜ਼ੀ ਕਾਰਵਾਈ ਹੋ ਰਹੀ। ਸੋਚਦਾ ਕੀ ਪੱਲੇ ਰਹਿ ਗਿਆ ਉਹਦੇ। ਨਾਲੇ ਕੀ ਕਮਾਈ ਕਰਕੇ ਘਰ ਜਾ ਰਿਹਾ ਸੀ। ਕੀ ਮੂੰਹ ਦਿਖਾਊ ਨਿਆਣਿਆਂ ਨੂੰ ਤੇ ਪਿੰਡ ਵਾਲਿਆਂ ਨੂੰ।

"ਤਾਇਆ... ਤਿਆਰ ਹੋ ਜਾ ਤਿਆਰ... ਕੀ ਸਿਰ ਸੁੱਟੀ ਬੈਠਾ 'ਸੋਚੀ ਜਾਂਦੈਂ ਬਾਰਾਂ ਵਰ੍ਹੇ ਲੰਘਾਏ ਆ ਕੋਈ ਮਾੜੀ ਮੋਟੀ ਖੇਡ ਥੋੜੀ... ਹੁਣ ਮਾਰ ਬੁਬਲੀਆਂ.... ਅੱਜ ਤਾਂ ਤੇਰੇ ਲਈ ਵਿਆਹ ਵਰਗਾ ਦਿਨ ਆ ਤੇਰੀ ਅੱਜ ਸਾਰੀ ਕਾਗਜ਼ੀ ਕਾਰਵਾਈ ਬਾਰਾਂ ਕੁ ਵਜੇ ਤੱਕ ਹੋ ਜਾਣੀ... ਤੂੰ ਮਾਰੀਂ ਫਿਰ ਪਲਾਕੀਆਂ.. ਨਜ਼ਾਰੇ ਲਵੀਂ ਘਰੇ ਜਾ ਕੇ ਨਾਲੇ ਸੁਣ ਅੱਜ ਜਾਂਦਿਆਂ ਸਾਡੀ ਸੇਵਾ-ਸੂਵਾ ਕਰਜ਼ੀ ਫਿਰ ਨਦੀਓ ਨਾਵ ਸੰਜੋਗੀ ਮੇਲੇ ਅਸੀਂ ਵੀ ਤੇਰੇ ਨਾਂ ਦੀ ਸ਼ਾਮ ਨੂੰ ਘੁੱਟ ਲਾ ਲਾਂਗੇ... ਅਸੀਂ ਤੇਰੀ ਏਨੇ ਵਰ੍ਹੇ ਸੇਵਾ ਕੀਤੀ ਆ।"

ਦੋ ਪੁਲੀਸ ਵਾਲੇ ਉਸਦੇ ਨਾਲ ਹਾਸਾ ਠੱਠਾ ਕਰਦੇ ਸੇਵਾ ਵਾਲੀਆਂ ਗੱਲ ਪੱਕੀ ਕਰਦੇ ਤੁਰ ਗਏ। ਪਰ ਉਹ ਮਜ਼ਾਕ ਦੇ ਮੂਡ 'ਚ ਨਹੀਂ ਸੀ। ਉਸਨੂੰ ਤਾਂ ਰਿਸ਼ਤਿਆਂ ਤੋਂ ਵੀ ਨਫ਼ਰਤ ਹੋਈ ਪਈ। ਪਰ ਅੱਜ ਏਨੇ ਸਾਲਾਂ ਬਾਅਦ ਉਸਨੂੰ ਪੁਲੀਸ ਵਾਲੇ ਤਾਇਆ ਕਹਿ ਕੇ ਨਵੀਂ ਰਿਸ਼ਤੇਦਾਰੀ ਗੰਢ ਗਏ ਸਨ। ਇਹ ਕਾਹਦੀ ਖੁਸ਼ੀ ਕਰਨਾ ਚਾਹੁੰਦੇ ਨੇ। ਮੈਨੂੰ ਜਾਪਦੈ ਇਹ ਜਿਉਂਦੇ ਜੀਅ, ਮੇਰੇ ਮਰ ਗਏ ਵਰ੍ਹਿਆਂ ਦੀਆਂ ਠੀਕਰਾਂ ਦਾ



ਮੁੱਲ ਵੱਟਣਾ ਚਾਹੁੰਦੇ ਨੇ। ਮੇਰੇ ਉੱਜੜ ਜਾਣ ਦੀ ਖੁਸ਼ੀ ਕਰਨਾ ਚਾਹੁੰਦੇ ਨੇ। ਇਸ ਮਹਿਕਮੇਂ ਲਈ ਇਹ ਸਭ ਜਾਇਜ਼ ਏ। ਏਸੇ ਲਈ ਮੂੰਹ ਅੱਡ ਕੇ ਵਧਾਈ ਮੰਗ ਰਹੇ ਜਾਪਦੇ। ਬਈ ਧੰਨ ਨੇ ਇਹ ਨਵੇਂ ਰਿਸ਼ਤੇਦਾਰ।

ਉਸਨੂੰ ਘਿਰਣਾ ਜਿਹੀ ਹੋਈ। ਆਪੇ ਹੀ ਬਣੇ ਇਹਨਾਂ ਨਵੇਂ ਭਤੀਜਿਆਂ ਬਾਰੇ ਸੋਚਕੇ। ਉਸਦਾ ਦਿਲ ਕੰਬ ਉੱਠਿਆ। ਕਿਵੇਂ ਇੱਕ ਇਹੋ ਜਿਹੇ ਉਹਦੇ ਸਕੇ ਭਤੀਜੇ ਨੇ ਆਪਣੀ ਮਾਂ ਨਾਲ ਮਿਲਕੇ ਉਸਨੂੰ ਇਸ ਜੇਲ੍ਹ ਵਾਲੀ ਡੰਡੀ ਪਾ ਦਿੱਤਾ ਸੀ। ਇਹ ਰਿਸ਼ਤੇ ਉਸ ਲਈ ਡਰਾਉਣੇ ਹੋ ਗਏ। ਜਿਹਨਾਂ ਉਹਨੂੰ ਅਸਲ ਘਰ ਤੋਂ ਦੂਰ ਕਰਕੇ, ਇਸ ਨਾਲ ਕੋਠੜੀ 'ਚ ਸੁੱਟ ਦਿੱਤਾ ਸੀ।

ਗੱਲ ਤਾਂ ਕੋਈ ਏਡੀ ਵੱਡੀ ਵੀ ਨਹੀਂ ਸੀ। ਸਾਧਾਰਨ ਜਿਹਾ ਮਸਲਾ। ਪਰ ਬਾਤ ਦਾ ਬਤੰਗੜ ਬਣ ਗਿਆ। ਭਰਾਵਾਂ ਦੀ ਗੱਲ ਸੀ ਛੋਟਾ ਭਰਾ ਰਤਨ ਸਿੰਘ। ਦੋਹਾਂ ਭਰਾਵਾਂ ਦਾ ਪਿਆਰ ਜਿਵੇਂ ਰਾਮ-ਲਕਸ਼ਮਨ ਦੀ ਜੋੜੀ। ਹਮੇਸ਼ਾਂ ਬਗਲਗੀਰ ਹੋ ਕੇ ਰਹਿੰਦੇ। ਉਹਨੇ ਆਪਣੇ ਭਰਾ ਨੂੰ ਆਪਣੇ ਖਰਚੇ 'ਤੇ ਆਪ ਪੜ੍ਹਾਇਆ। ਫਿਰ ਫ਼ੌਜ 'ਚ ਨੌਕਰ ਕਰਵਾਇਆ। ਛੇਤੀ ਨੌਕਰੀ ਮਿਲਣ ਕਰਕੇ ਉਹਦਾ ਵਿਆਹ ਵੀ ਛੇਤੀ ਕਰ ਦਿੱਤਾ ਗਿਆ। ਮਾਂ ਨੂੰ ਸਾਹ ਆਊ। ਰੋਟੀ ਟੁੱਕ ਦਾ ਆਹਰ ਬਣ ਜਾਊ। ਵਿਆਹ ਵੀ ਉਸ ਪਿਓ ਬਣ ਕੇ ਕੀਤਾ ਸੀ। ਪਿਓ ਉਹਨਾਂ ਦਾ ਬਹੁਤ ਸਮਾਂ ਪਹਿਲਾਂ ਮੁੱਕ ਗਿਆ ਸੀ। ਮਾਂ ਦੇ ਹੁਣ ਸੁਖ ਲੈਣ ਦੇ ਦਿਨ ਸਨ।

ਪਰ ਰਤਨ ਸਿੰਘ ਦੀ ਵਹੁਟੀ ਦੇ ਤੇਵਰ ਛੇਤੀ ਹੀ ਵਿਗੜ ਗਏ। ਉਸ ਚੰਦਰੀ ਦੀ ਘਰ 'ਚ ਚੰਦਰੀ ਵਾਅ ਹੀ ਵਗ ਗਈ। ਹਰ ਵੇਲੇ ਲੜਨ ਦਾ ਬਹਾਨਾ ਭਾਲਦੀ। ਕਿਸੇ ਨੂੰ ਟਿਕਣ ਨਾ ਦੇਂਦੀ। ਲੋੜੋਂ ਵਧ ਖਰਚੀਲੀ। ਉਵੇਂ ਹੀ ਸੁੰਨ-ਵੱਟਾ ਬਣੀ ਰਹਿੰਦੀ। ਘੜੀ 'ਚ ਤੋਲਾ ਘੜੀ 'ਚ ਮਾਸ਼ਾ। ਛੁੱਟੀ ਆਏ ਰਤਨ ਸਿੰਘ ਦੀ ਸਾਰੀ ਛੁੱਟੀ ਕਲੇਸ਼ 'ਚ ਹੀ ਲੰਘਦੀ। ਨਾ ਘਰਵਾਲੇ ਨੂੰ ਟਿਕਣ ਦਿੰਦੀ ਨਾ ਸੱਸ ਨੂੰ। ਉਲਟਾ ਸੁੱਚਾ ਸਿੰਘ ਨੂੰ ਬਿਣ ਕਸੂਰੋਂ ਪੁਣਦੀ ਰਹਿੰਦੀ। ਦੋਵੇਂ ਭਰਾ ਦੜ ਵੱਟਕੇ ਸੁਣਦੇ ਰਹਿੰਦੇ। ਘਰਦੀ ਸੁਖ-ਸ਼ਾਂਤੀ ਨੂੰ ਅੱਗ ਲੱਗ ਗਈ ਸੀ। ਭਰਾਵਾਂ ਦਾ ਪਿਆਰ ਉਹਨੂੰ ਵੱਢ ਵੱਢ ਖਾਂਦਾ। ਕਹਿੰਦੀ ਵੱਡਾ ਭਰਾ ਤਾਂ ਬੇਰੁਜ਼ਗਾਰ ਏ। ਫ਼ੌਜੀ ਦੀ ਤਨਖਾਹ ਖਾਣ ਦਾ ਮਾਰਾ ਚੰਬੜਿਆ ਰਹਿੰਦਾ। ਮੇਰੇ ਵਾਲਾ ਤਾਂ ਝੁੱਡੂ ਏ ਨਾਲੇ ਲਾਈ ਲੱਗ। ਭਰਾ ਦਾ ਖਹਿੜਾ ਹੀ ਨਹੀਂ ਛੱਡਦਾ।

ਉਹ ਔਰਤ ਕਾਹਦੀ, ਉਹ ਤਾਂ ਮਰਿਆ ਸੱਪ ਸੀ ਜੋ ਸਾਰਿਆਂ ਦੇ ਗਲ੍ਹੇ ਪਿਆ ਹੋਇਆ। ਦੋਵੇਂ ਭਰਾ ਬੜੇ ਕਲਪਦੇ। ਵੱਖ ਹੋਵਾਂ ਉਨ੍ਹਾਂ ਨੂੰ ਪਹਾੜ ਢਾਹੁਣ ਵਰਗਾ ਲੱਗਦਾ। ਵੱਡਾ ਹੋ ਕੇ ਵੀ ਸੁੱਚਾ ਸਿੰਘ ਅਜੇ ਵਿਆਹਿਆ ਨਹੀਂ ਸੀ ਗਿਆ। ਪੜ੍ਹਿਆ ਲਿਖਿਆ ਬਥੇਰਾ ਸੀ। ਪਰ ਧਰਨਿਆ-ਮੁਜ਼ਾਹਰਿਆਂ ਤੇ ਜਾਂਦਿਆਂ, ਆਖਰ ਉਸਦਾ ਸਰਕਾਰੀ ਨੌਕਰੀ ਦਾ ਜੁਗਾੜ ਬਣ ਹੀ ਗਿਆ।

ਇਧਰ ਭਰਾ ਦੇ ਦੋ ਨਿਆਣੇ ਵੀ ਤਕੜੇ ਹੋ ਗਏ ਸਨ। ਪਰ ਉਹਦੀ ਘਰਵਾਲੀ ਦੇ ਸੁਭਾਅ 'ਚ ਫਰਕ ਨਹੀਂ ਸੀ ਪੈ ਰਿਹਾ। ਦੋ ਮੁੰਡਿਆਂ ਦੀ ਮਾਂ ਹੋਣ ਕਰਕੇ ਸਗੋਂ ਉਹ ਸੂਈ ਕੁੱਤੀ ਵਾਂਗੂੰ ਜ਼ਿਆਦਾ ਹੀ ਹਲਕੀ ਹੋ ਗਈ।

ਰਤਨ ਸਿੰਘ ਕਦੇ ਕਦੇ ਵਹੁਟੀ ਨੂੰ ਕੁੱਟ ਫੰਡ ਵੀ ਦਿੰਦਾ। ਪਰ ਉਹ ਕਿੱਥੋਂ ਉਸਦੀ ਪੰਜਾਲੀ ਹੇਠ ਆਉਂਦੀ। ਭੂਤਰੀ ਗਾਂ ਤੇ ਅਮੋੜ ਜ਼ਨਾਨੀ ਨੂੰ ਸੁਧਾਰਨਾ ਕੋਈ ਏਨਾ ਸੌਖਾ ਨਹੀਂ ਹੁੰਦਾ।

ਆਖਰ ਘਰਵਾਲੀ ਤੋਂ ਬੇਵੱਸ ਹੋਏ ਰਤਨ ਸਿੰਘ ਤੇ ਸੁੱਚਾ ਸਿੰਘ ਨੂੰ ਵੱਖਰਿਆਂ ਹੋਣਾ ਹੀ ਪਿਆ। ਚਲੋ ਦੋਵਾਂ ਭਰਾਵਾਂ ਨੇ ਵੱਖ ਹੋਣਾ ਵੀ ਜਰ ਲਿਆ ਸੀ। ਰਿਸ਼ਤੇਦਾਰਾਂ ਤੇ ਪਿੰਡ ਵਾਲਿਆਂ ਵਿੱਚ ਪੈ ਕੇ ਦੋਹਾਂ ਨੂੰ ਸਹਿਮਤੀ ਨਾਲ ਵੱਖਰਿਆਂ ਕਰ ਦਿੱਤਾ। ਰਤਨ ਸਿੰਘ ਨੇ ਥੋੜਾ ਹਟਵਾਂ ਨਵਾਂ ਘਰ ਪਾ ਲਿਆ। ਉਸਦੀ ਘਰਵਾਲੀ ਇਹੋ ਹੀ ਤਾਂ ਚਾਹੁੰਦੀ ਸੀ। ਉਸ 'ਚ ਉਹ ਜਿੱਤ ਗਈ ਸੀ। ਭਰਾਵਾਂ ਨੇ ਸੋਚਿਆ ਚਲੋ ਹੁਣ ਇਹ ਲੜਾਈ ਤਾਂ ਸਦਾ ਲਈ ਮੁੱਕੀ।

ਸੁੱਚਾ ਸਿੰਘ ਵੀ ਫਿਰ ਵਿਆਹਿਆ ਗਿਆ। ਮਾਂ ਕਿੰਨਾ ਕੁ ਚਿਰ ਹੱਥ ਸਾੜਦੀ। ਉਸਦੀ ਘਰਵਾਲੀ ਬਹੁਤਾ ਪੜ੍ਹੀ ਲਿਖੀ ਤਾਂ ਨਹੀਂ ਪਰ ਸਿਆਣੀ ਰੱਜਕੇ ਸੀ। ਉਹਨੇ ਆਉਂਦਿਆਂ ਹੀ ਸਾਰਾ ਘਰ ਸਾਂਭ ਲਿਆ। ਸੱਸ ਉਹਨੂੰ ਦੇਖ ਦੇਖ ਖੁਸ਼ ਹੁੰਦੀ।

ਵਾਹੀ ਅਜੇ ਵੀ ਕੱਠੀ ਹੀ ਚੱਲਦੀ। ਪਰ ਇਹ ਵੀ ਸੁੱਚਾ ਸਿੰਘ ਦੀ ਭਰਜਾਈ ਤੋਂ ਜ਼ਰੀ ਨਹੀਂ ਸੀ

ਜਾਂਦੀ। ਉਹ ਛੁੱਟੀ ਆਏ ਰਤਨ ਸਿੰਘ ਨਾਲ ਕਲੇਸ਼ ਕਰਦੀ।

ਫਿਰ ਦੋਹਾਂ ਭਰਾਵਾਂ ਨੇ ਅੱਕ ਚੱਬਦਿਆਂ ਆਪੋ 'ਚ ਪੈਲੀ ਵੀ ਵੰਡ ਲਈ ਆਹ ਖੱਤੀ ਮੇਰੀ। ਆਹ ਨਾਲ ਵਾਲੀ ਖੱਤੀ ਤੇਰੀ। ਇਵੇਂ ਜਟਕੇ ਤਰੀਕੇ ਨਾਲ ਉਹਨਾਂ ਹਾਸੇ ਭਾਣੇ 'ਚ ਕੰਮ ਸਿੱਧਿਆ ਕਰ ਲਿਆ ਸੀ।

ਪਰ ਇਹੋ ਜਿਹਾ ਸਮਝੌਤਾ ਭਰਜਾਈ ਨੂੰ ਮੰਜ਼ੂਰ ਨਹੀਂ ਸੀ। ਉਸਨੇ ਤਾਂ ਸੁਣਦਿਆਂ ਹੀ ਪਿੱਟ ਸਿਆਪਾ ਪਾ ਦਿੱਤਾ। ਉਹ ਸਮਝ ਗਈ ਸੀ ਇਨ੍ਹਾਂ ਦੋਵਾਂ ਭਰਾਵਾਂ ਨੂੰ ਨਿਖੇੜਨਾ ਬੜਾ ਮੁਸ਼ਕਿਲ ਹੈ। ਆਖਰ ਦੋਵੇਂ ਭਰਾ ਹੀ ਉਸਦੀਆਂ ਅੱਖਾਂ 'ਚ ਰੜਕਣ ਲੱਗੇ ਸਨ।

ਫਿਰ ਇਹ ਗੱਲ ਪੰਚਾਇਤ 'ਚ ਪਹੁੰਚ ਗਈ। ਪੰਚਾਇਤ ਨੇ ਜੋ ਜਾਇਜ਼ ਫੈਸਲਾ ਸੀ ਉਹ ਕਰ ਦਿੱਤਾ।

ਰਤਨ ਸਿੰਘ ਨੇ ਫੈਸਲੇ ਦੀ ਗੱਲ ਘਰ ਆ ਕੇ ਦੱਸੀ ਤਾਂ ਪੁੱਤ ਤੇ ਉਸਦੀ ਮਾਂ ਉਹਦੇ ਗਲ੍ਹ ਪੈ ਗਏ। ਮੁੰਡਾ ਉਹਦਾ ਹੁੰਦਲਹੇਲ ਨਿਕਲਿਆ। ਪਰ ਮਾਂ ਦਾ ਵਰਗਲਾਇਆ ਹੋਇਆ। ਉਹ ਪੜ੍ਹਨ 'ਚ ਤਾਂ ਨਲੈਕ ਨਿਕਲਿਆ। ਸਿਰਫ਼ ਮਾਂ ਦੀ ਸੁਣਦਾ। ਨਾ ਬਾਪ ਦੀ ਸੁਣਦਾ ਨਾ ਤਾਏ ਦੀ। ਮੋਟਰਸਾਈਕਲ 'ਤੇ ਸਾਰੀ ਦਿਹਾੜੀ ਆਵਾਰਾਗਰਦੀ ਕਰਦਾ। ਉਸਤੋਂ ਛੋਟਾ ਕੈਨੇਡਾ ਤੁਰ ਗਿਆ ਸੀ। ਪੈਸੇ ਦੀ ਤਾਂ ਕੋਈ ਕਮੀ ਨਹੀਂ, ਪਰ ਸਬਰ ਦੀ ਘਾਟ ਸੀ। ਪਹਿਲਾ ਕੀਤਾ ਫੈਸਲਾ ਠੁੱਸ ਹੋ ਜਾਂਦਾ। ਫਿਰ ਨਵਾਂ ਫੈਸਲਾ ਹੁੰਦਾ। ਘਰੇ ਆਉਂਦਿਆਂ ਹੀ ਫੈਸਲਾ ਰਤਨ ਸਿੰਘ ਦੀ ਘਰਵਾਲੀ ਤੇ ਮੁੰਡਾ ਰੱਦ ਕਰ ਦੇਂਦੇ।

ਨਿੱਕੇ ਭਰਾ ਦਾ ਵੱਡੇ ਭਰਾ ਨਾਲ ਪਿਆਰ ਸੀ ਤੇ ਇਧਰ ਮਾਂ ਪੁੱਤਰ ਵੀ ਸਨ। ਉਹਦੇ ਜੋੜਾਂ 'ਚ ਬੈਠੇ ਹੋਏ। ਜਿਹੜੇ ਕਿਸੇ ਵੀ ਫੈਸਲੇ ਨੂੰ ਟਿੱਚ ਸਮਝਦੇ। ਉਹ ਦੋਵਾਂ ਪੁੜਾਂ 'ਚ ਫਸਿਆ ਹੋਇਆ ਸੀ। ਆਪਣੇ ਭਰਾ ਦੇ ਹਿੱਸੇ 'ਤੇ ਨਜ਼ਾਇਜ਼ ਹੱਕ ਕਿਵੇਂ ਜਿਤਾ ਸਕਦਾ ਸੀ। ਪੰਚਾਇਤ ਦਾ ਕਿਹਾ ਦੋਵੇਂ ਭਰਾ ਹਮੇਸ਼ਾ ਸਿਰ ਮੱਥੇ ਲਾਉਂਦੇ। ਪਰ ਰਤਨ ਸਿੰਘ ਦਾ ਪਰਿਵਾਰ ਪਰਨਾਲਾ ਉੱਥੇ ਦਾ ਉੱਥੇ ਹੀ ਰੱਖਦਾ।

ਇਵੇਂ ਸਮਝੌਤੇ ਹੁੰਦੇ ਤਾਂ ਟੁੱਟਦੇ ਰਹੇ। ਰਿਸ਼ਤੇਦਾਰਾਂ ਤੋਂ ਲੈ ਕੇ ਠਾਣਿਆਂ ਤੱਕ ਸਭ ਹਾਰ-ਹੰਭ ਗਏ ਸਨ। ਕਈ ਸਾਲ ਇਹ ਗਧੀ ਗੇੜ ਚਲਦਾ ਰਿਹਾ।

ਰਤਨ ਸਿੰਘ ਫ਼ੌਜ 'ਚੋਂ ਰਿਟਾਇਰ ਹੋ ਗਿਆ ਸੀ। ਉਹ ਰੋਜ਼ ਆਪਣੇ ਘਰ 'ਚ ਘਰਵਾਲੀ ਹੱਥੋਂ ਜ਼ਲੀਲ ਹੁੰਦਾ। ਇਧਰ ਖੇਤਾਂ 'ਚ ਇਕੱਠੇ ਹੋਏ ਭਰਾ ਇੱਕ ਦੂਜੇ ਦੇ ਗਲ੍ਹੇ ਲੱਗਕੇ ਰੋਂਦੇ।

ਲੋਕਾਂ ਦੇ ਕਹਿਣ ਕਹਾਉਣ 'ਤੇ ਫਿਰ ਇੱਕ ਵਾਰੀ ਪੰਚਾਇਤ ਨੇ ਫ਼ੈਸਲਾ ਕੀਤਾ। ਹੁਣ ਦੋਵੇਂ ਧਿਰਾਂ ਭੱਜ ਨਹੀਂ ਸੀ ਸਕਦੀਆਂ। ਫ਼ੈਸਲਾ ਅਸ਼ਟਾਮ ਪੇਪਰਾਂ 'ਤੇ ਕੀਤਾ ਗਿਆ। ਜੋ ਦੋਵਾਂ ਧਿਰਾਂ ਨੂੰ ਮੰਜ਼ੂਰ ਹੋਣਾ ਹੀ ਪੈਣਾ ਸੀ। ਕਿਉਂਕਿ ਬਾਅਦ 'ਚ ਨਾਂਮੰਜ਼ੂਰ ਹੋਣ ਤੇ ਭਾਰੀ ਜ਼ੁਰਮਾਨੇ ਦੀ ਵਿਵਸਥਾ ਵੀ ਸੀ।

ਪੰਚਾਇਤ ਤੇ ਰਿਸ਼ਤੇਦਾਰ ਖੁਸ਼ ਸਨ। ਸੁੱਚਾ ਸਿੰਘ ਤੇ ਰਤਨ ਸਿੰਘ ਫ਼ੈਸਲੇ ਤੇ ਫੁੱਲ ਚੜਾਉਂਦੇ ਬਗਲਗੀਰ ਹੋ ਗਏ। ਉਹਨਾਂ ਨੂੰ ਤਾਂ ਕਦੇ ਵੀ ਕੋਈ ਇਤਰਾਜ਼ ਨਹੀਂ ਹੋਇਆ, ਦੂਰ ਵਾਲੀ ਤੇ ਨਿਆਈਂ ਪੈਲੀ ਦੋਹਾਂ ਭਰਾਵਾਂ 'ਚ ਅੱਧੀ ਅੱਧੀ ਵੰਡ ਦਿੱਤੀ ਗਈ। ਨਾ ਹਿੰਗ ਲੱਗੇ ਨਾ ਫਟਕੜੀ। ਲੋਕ ਦੋਹਾਂ ਭਰਾਵਾਂ ਨੂੰ ਫ਼ੈਸਲੇ ਦੀਆਂ ਵਧਾਈਆਂ ਦੇ ਰਹੇ।

ਫ਼ੈਸਲੇ ਵੇਲੇ ਤਾਂ ਰਤਨ ਸਿੰਘ ਦੀ ਵਹੁਟੀ ਵੀ ਉੱਥੇ ਸੀ। ਉਹ ਲਾਲ ਲਾਲ ਅੱਖਾਂ ਕੱਢਦੀ ਰਹੀ। ਪਰ ਪੇਸ਼ ਨਹੀਂ ਸੀ ਗਈ। ਪਰ ਉਹ ਚਾਹੁੰਦੀ ਸੀ ਸੁੱਚਾ ਸਿੰਘ ਕਿਸੇ ਤਰ੍ਹਾਂ ਨਿਆਈਂ ਜ਼ਮੀਨ ਛੱਡ ਦਵੇ ਤੇ ਸਿਰਫ ਮੰਡ ਵਾਲੀ ਜ਼ਮੀਨ ਹੀ ਲਵੇ। ਉਹ ਸੋਨੇ ਵਰਗੀ ਮਹਿੰਗੀ ਜ਼ਮੀਨ ਤੇ ਪੂਰਾ ਆਪਣਾ ਕਬਜ਼ਾ ਚਾਹੁੰਦੀ ਸੀ। ਤੇ ਗਧੀ-ਗੇੜ ਪਾਈ ਭੋਲੇ ਭਾਲੇ ਸੁੱਚਾ ਸਿੰਘ ਨੂੰ ਹੰਭਾ ਦੇਣਾ ਚਾਹੁੰਦੀ।

ਦੋਵੇਂ ਭਰਾ ਫੈਸਲੇ ਦੀ ਇੱਕ ਇੱਕ ਕਾਪੀ ਲੈ ਕੇ ਘਰੋਂ ਘਰੀ ਚਲੇ ਗਏ। ਪਰ ਘਰ ਆ ਕੇ ਮਾਂ ਪੁੱਤ ਕਾਹਲੇ ਪੈ ਗਏ। ਜਿਵੇਂ ਅੱਗੇ ਖਿਲਾਰਾ ਪਾਉਂਦੇ ਰਹੇ। ਰਤਨ ਸਿੰਘ 'ਤੇ ਤਾਬੜ ਤੋੜ ਹਮਲੇ ਸ਼ੁਰੂ ਹੋ ਗਏ।

ਫ਼ੌਜੀਆ ਸੱਚੀ ਕਹਿੰਦੇ ਨੇ ਰਿਟਾਇਰ ਕਰਿਆਂ ਫ਼ੌਜ ਵਾਲੇ ਅਕਲ ਤੇ ਰਫ਼ਲ ਦੋਵੇਂ ਰੱਖ ਲੈਂਦੇ ਨੇ... ਤੂੰ ਉਥੇ ਮੂੰਹ 'ਚ ਘੁੰਗਣੀਆਂ ਪਾਈ ਬੈਠਾ... ਹਾਂ ਜੀ ਹਾਂ ਜੀ-ਕਰੀ ਗਿਆ... ਅੜਿਆ ਕਿਉਂ ਨਹੀਂ।"

"ਮੇਰਾ ਉੱਥੇ ਕੀ ਵਸ ਸੀ... ਭਰੀ ਪੰਚਾਇਤ 'ਚ ਮਨ-ਮਰਜ਼ੀਆਂ ਨਹੀਂ ਹੁੰਦੀਆਂ... ਸਮਝੀ।"



"ਫਿਰ ਤੂੰ ਕੌਣ ਹੁੰਦੈ? ਚੁੱਪ ਚੁਪੀਤਾ ਫ਼ੈਸਲੇ ਤੇ ਸਹੀ ਪਾਉਣ ਵਾਲਾ... ਮੈਂ ਤੈਨੂੰ ਇਸ਼ਾਰੇ ਕਰਦੀ ਸੀ... ਤੂੰ ਉੱਥੋਂ ਖਿਸ਼ਕ ਜਾਂਦਾ। ਆਪੇ ਗੱਲ ਲਟਕ ਜਾਣੀ ਸੀ... ਮੈਂ ਕਹਿ ਆਉਣਾ ਸੀ ਸਾਨੂੰ ਨਹੀਂ ਇਹ ਫ਼ੈਸਲਾ ਮੰਜ਼ੂਰ...।" ਨਾਲੋ ਨਾਲ ਉਹ ਸੁੱਚਾ ਸਿੰਘ ਨੂੰ ਹਵਾ 'ਚ ਗਾਲ੍ਹਾਂ ਕੱਢਦੀ। ਦੂਜੇ ਪਾਸੇ ਉਹ ਰਤਨ ਸਿੰਘ ਦੀ ਪੇਸ਼ ਨਹੀਂ ਸੀ ਜਾਣ ਦੇ ਰਹੀ। ਫਿਰ ਪੁੱਤ ਨੇ ਪਿਓ ਨੂੰ ਵਿਹੜੇ 'ਚ ਹੀ ਲੰਮਾ ਪਾ ਕੇ ਠੁੱਡਿਆਂ-ਹੂਰਿਆਂ ਨਾਲ ਝੰਭ ਸੁੱਟਿਆ। ਉਹ ਬੇਵੱਸ ਹੋਇਆ ਚੁੱਪ ਹੋ ਕੇ ਹੀ ਰਹਿ ਗਿਆ। ਉਹਨੂੰ ਇਵੇਂ ਦੀ ਆਸ ਨਹੀਂ ਸੀ। ਉਹ ਹੌਲੀ ਹੌਲੀ ਕੱਪੜੇ ਝਾੜਦਾ ਚੁੱਪ ਕਰਕੇ ਉਪਰਲੀ ਬੈਠਕ 'ਚ ਜਾ ਪਿਆ। ਘਰਵਾਲੀ ਤੇ ਪੁੱਤ ਤੋਂ ਹੋਈ ਲੋੜੋਂ ਵੱਧ ਬੇਇੱਜ਼ਤੀ ਨੇ ਉਸਨੂੰ ਸੁੰਨ ਕਰਕੇ ਰੱਖ ਦਿੱਤਾ।

ਰਾਤ ਪੈ ਗਈ ਸੀ। ਉਹ 'ਕੱਲ੍ਹਾ ਹੀ ਉਪਰਲੇ ਕਮਰੇ 'ਚ ਪਿਆ ਰਿਹਾ। ਮਾਂ ਪੁੱਤ ਅਜੇ ਵੀ ਬੁੜ ਬੁੜ ਕਰੀ ਜਾ ਰਹੇ।

ਰਤਨ ਸਿੰਘ ਨੂੰ ਸਾਰੀ ਰਾਤ ਨੀਂਦ ਨਾ ਆਈ। ਉਹ ਪਾਸੇ ਮਾਰਦਾ ਰਿਹਾ। ਕਿਸੇ ਵੀ ਉਸਦਾ ਹਾਲ-ਚਾਲ ਜਾਨਣ ਦੀ ਖੇਚਲ ਨਹੀਂ ਸੀ ਕੀਤੀ। ਉਸਨੂੰ ਜਾਪਿਆ ਉਸਦੇ ਜੀਣ ਦਾ ਹੁਣ ਕੋਈ ਹੱਜ ਨਹੀਂ ਰਹਿ ਗਿਆ। ਇਉਂ ਤਾਂ ਜੀਂਦੇ-ਜੀਅ ਮੌਤ ਵਰਗਾ ਜੀਵਨ ਉਹ ਨਹੀਂ ਸੀ ਜਿਓ ਸਕਦਾ।

ਫਿਰ ਉਸ ਵੀ ਕਿਸੇ ਨੂੰ ਕੁਝ ਨਾ ਦੱਸਿਆ। ਸੋਚਦਿਆਂ ਸਵੇਰ ਦੇ ਛੇਅ ਵੱਜ ਗਏ ਸਨ। ਉਸ ਇੱਕ ਔਖਾ ਫੈਸਲਾ ਲੈ ਲਿਆ। ਸਲਫ਼ਾਸ ਦੀ ਇੱਕ ਗੋਲੀ ਘੁੱਟ ਪਾਣੀ ਨਾਲ ਨਿਗਲ ਗਿਆ।

ਸੁੱਚਾ ਸਿੰਘ ਦੀ ਬਲਾ ਜਾਣੇ ਕੀ ਹੋਇਆ, ਨਿੱਕੇ ਭਰਾ ਦੇ ਘਰ ਉਹ ਤਾਂ ਫੈਸਲੇ ਤੋਂ ਬਾਅਦ ਆਪਣੇ ਘਰ ਲੰਮੀਆਂ ਤਾਣ ਕੇ ਸੁੱਤਾ ਪਿਆ। ਉਧਰ ਰਤਨ ਸਿੰਘ ਸਰਕਾਰੀ ਹਸਪਤਾਲ 'ਚ ਜੀਵਨ ਮੌਤ ਦੀ ਲੜਾਈ ਲੜ ਰਿਹਾ ਸੀ। ਬਸ ਕਹਿੰਦੇ ਉਦੋਂ ਤੱਕ ਰਤਨ ਸਿੰਘ ਦੇ ਮਾੜੇ ਮੋਟੇ ਸਾਹ-ਪ੍ਰਾਣ ਹੀ ਚੱਲਦੇ। ਮੂੰਹ 'ਚ ਝੱਗ ਨਿਕਲ ਰਹੀ।

ਸੁਣਦਿਆਂ ਜਦੋਂ ਸੁੱਚਾ ਸਿੰਘ ਹਸਪਤਾਲ ਪਹੁੰਚਾ। ਉਦੋਂ ਤੱਕ ਰਤਨ ਸਿੰਘ ਮਰ ਚੁੱਕਾ ਸੀ। ਪੁਲੀਸ ਨੇ ਬੇਹੋਸ਼ੀ 'ਚ ਹੀ ਉਹਦੇ ਬਿਆਨ ਦਰਜ਼ ਕਰਕੇ ਪੇਪਰਾਂ 'ਤੇ ਸਾਈਨ ਵੀ ਕਰਵਾਅ ਲਏ। ਅਸਲ ਬਿਆਨ ਤਾਂ ਰਤਨ ਸਿੰਘ ਦੀ ਘਰਵਾਲੀ ਤੇ ਮੁੰਡੇ ਨੇ ਆਪਣੇ ਮੂੰਹੋਂ ਦਰਜ ਕਰਵਾਅ ਦਿੱਤੇ ਸਨ।

"ਠਾਣੇਦਾਰ ਸਾਹਬ... ਆਹ!! ... ਆ ਜੀ ਜਿਸਦੇ ਦੁੱਖੋਂ ਮੇਰੇ ਘਰਵਾਲੇ ਨੇ ਦਵਾਈ ਖਾਧੀ... ਪੰਚਾਇਤ ਨੇ ਜ਼ਮੀਨ ਦਾ ਫ਼ੈਸਲਾ ਵੀ ਬੜਾ ਸੋਹਣਾ ਕਰ ਦਿੱਤਾ... ਕਾਗਜ਼ ਵੀ ਸਾਡੇ ਕੋਲ ਐ... ਪਰ ਇਹ ਫਿਰ ਵੀ ਨਾ ਖੁਸ਼ ਹੋਇਆ... ਇਹਨੇ ਮੇਰੇ ਘਰਵਾਲੇ ਨੂੰ ਘਰ ਆ ਕੇ ਏਨਾ ਮੰਦਾ ਚੰਗਾ ਬੋਲਿਆ... ਮੇਰੇ ਚਰਿੱਤਰ 'ਤੇ ਭੈੜੇ ਲੱਛਣ ਵੀ ਲਾਉਂਦਾ ਰਿਹਾ... ਇਹਦੀਆਂ ਭੈੜੀਆਂ ਗੱਲਾਂ ਹੀ ਮੇਰੇ ਗਊ ਵਰਗੇ ਘਰਵਾਲੇ ਦੇ ਦਿਲ ਨੂੰ ਲੱਗ ਗਈਆਂ... ਇਹ ਐ ਜੀ ਮਾਸਟਰ ਸੁੱਚਾ ਸਿੰਘ ਮੇਰਾ ਜੇਠ ਸਾਡੇ ਘਰ ਨੂੰ ਬਰਬਾਦ ਕਰਨ ਵਾਲਾ... ਹਾਏ ਮੈਂ ਲੁੱਟੀ ਗਈ... ਮੈਨੂੰ ਰੰਡੀ ਕਰ ਸੁੱਟਿਆ ਏਸ ਜ਼ਾਲਮ ਨੇ, ਇਹੋ ਹੀ ਹੈ ਜਿਹੜਾ ਮੇਰੇ 'ਤੇ ਸ਼ੁਰੂ ਤੋਂ ਮਾੜੀ ਅੱਖ ਰੱਖਦਾ ਰਿਹਾ।"

ਬਸ ਭਰਜਾਈ ਦੇ ਇਹ ਪਹਿਲੇ ਬੋਲ ਸਨ ਜੋ ਉਸ ਵੇਲੇ ਉਸਨੇ ਮੇਰੇ ਵੱਲ ਉਂਗਲ ਖੜੀ ਕਰਕੇ ਬੋਲੇ। ਉਹ ਅੱਖਾਂ 'ਚੋਂ ਲਾਟਾਂ ਛੱਡ ਰਹੀ। ਇਹ ਬੋਲ ਹੀ ਨਹੀਂ, ਇਹ ਤਾਂ ਉਸਦੇ ਲਈ ਮੌਤ ਦਾ ਪੈਗ਼ਾਮ ਬਣ ਕੇ ਆਏ ਸਨ। ਅਜੇ ਉਹ ਰੋਂਦਾ ਕਰਲਾਉਂਦਾ, ਡਾਡਾਂ ਮਾਰਦਾ ਅੰਦਰ ਵੜਿਆ ਹੀ ਸੀ। ਉਹ ਹੱਕਾ ਬੱਕਾ ਰਹਿ ਗਿਆ। ਪੁਲੀਸ ਨੇ ਤਾਂ ਉਹਨੂੰ ਬੁੱਲਾਂ 'ਤੇ ਜੀਭ ਫੇਰਨ ਦਾ ਵੀ ਮੌਕਾ ਨਹੀਂ ਸੀ ਦਿੱਤਾ। ਫਿਰ ਉਹਨੂੰ ਉਦੋਂ ਹੀ ਦਬੋਚ ਲਿਆ।

"ਠਾਣੇਦਾਰ ਸਾਹਿਬ ਮੇਰਾ ਇਹਦੇ 'ਚ ਕੋਈ ਦੋਸ਼ ਨਹੀਂ, ਮੈਨੂੰ ਕਿਉਂ ਫੜਿਆ ਜਾ ਰਿਹਾ... ਇਹ ਫੱਫੇ ਕੁੱਟਣੀ ਔਰਤ ਸਭ ਝੂਠ ਬੋਲਦੀ ਏ।"

ਉਧਰ ਭਰਜਾਈ ਤੇ ਭਤੀਜਾ ਉਸਨੂੰ ਕੁਦਰਤੀ ਹੀ ਜਾਲ਼ 'ਚ ਆ ਫਸੀ ਮੱਛੀ ਸਮਝ ਰਹੇ ਸਨ।

"ਸਾਹਬ ਜੀ... ਇਹ ਤਾਂ ਭਰਾ ਦੀ ਮੌਤ 'ਤੇ ਜਸ਼ਨ ਮਨਾਉਣ ਆਇਐ ਵੈਰੀ... ਇਹਦੀ ਮਨ ਦੀ ਪੂਰੀ ਜੂ ਹੋ ਗਈ।"

"ਬਈ ਸੁੱਚਾ ਸਿਆਂ... ਤੇਰੇ ਭਰਾ ਨੇ ਮਰਨ ਤੋਂ ਪਹਿਲਾਂ ਬਿਆਨ ਦਿੱਤੇ ਨੇ... ਮੈਂ ਸੁੱਚਾ ਸਿੰਘ ਹੱਥੋਂ ਦੁਖੀ ਹੋ ਕੇ ਜਾ ਰਿਹਾ... ਮੇਰਾ ਭਰਾ ਜ਼ਮੀਨ ਦੀ ਵੰਡ ਤੋਂ ਮੇਰੇ ਨਾਲ ਖਫ਼ਾ ਸੀ... ਅਕਸਰ ਲੜਦਾ ਰਹਿੰਦਾ... ਨਾਲੇ ਮੇਰੀ ਜ਼ਨਾਨੀ ਤੇ ਮਾੜੀ ਅੱਖ ਰੱਖਦਾ ਸੀ... ਜੋ ਮੈਨੂੰ ਮੰਜ਼ੂਰ ਨਹੀਂ... ਜਿਸ ਦੁੱਖੋਂ ਮੈਂ ਜ਼ਹਿਰ ਖਾਧਾ... ਬਾਕੀ ਮਰਨ ਵਾਲੇ ਦੇ ਬਿਆਨ ਤਾਂ ਹੁਣ ਦਰਜ਼ ਹੋ ਗਏ...।"

ਕੋਰਟ 'ਚ ਵਿਰੋਧੀ ਵਕੀਲ ਤਾਂ ਇੱਥੋਂ ਤੱਕ ਕਹਿ ਗਿਆ ਸੀ, "ਦੇਖੋ ਜੱਜ ਸਾਹਿਬ ਇਸ ਵੱਡੇ ਭਰਾ ਦੀ ਕਮੀਨਗੀ ਦਾ ਸਿਖ਼ਰ... ਜਿਸ ਸਾਰੀ ਜ਼ਮੀਨ ਹੜੱਪਣ ਦੀ ਕਾਹਲ ਤੇ ਆਪਣੀ ਭਰਜਾਈ ਤੇ ਮਾੜੀ ਅੱਖ ਰੱਖਣ ਕਰਕੇ ਸਮਾਜ ਨੂੰ ਇੱਕ ਘਟੀਆ ਸੁਨੇਹਾ ਦਿੱਤਾ... ਸਮਾਜਿਕ ਰਿਸ਼ਤਿਆਂ ਦਾ ਘਾਣ ਕੀਤਾ... ਇਕ ਪੜ੍ਹਿਆ ਲਿਖਿਆ ਹੋ ਕੇ... ਇਸ ਨਾਲ ਜਿੱਥੇ ਬੱਚਿਆਂ 'ਤੇ ਮਾੜਾ ਪ੍ਰਭਾਵ ਪਵੇਗਾ... ਉੱਥੇ ਕੋਈ ਭਰਾ ਆਪਣੇ ਭਰਾ 'ਤੇ ਵਿਸ਼ਵਾਸ਼ ਨਹੀਂ ਕਰੇਗਾ... ਇਵੇਂ ਇਸ ਨੇ ਬਹੁਤ ਵੱਡਾ ਜ਼ੁਲਮ ਤੇ ਜ਼ੁਰਮ ਕੀਤੈ... ਨਿੱਕਾ ਭਰਾ ਇਹਦਾ ਪੁੱਤਾਂ ਵਰਗਾ ਸੀ... ਲਾਲਚ ਬੁਰੀ ਬਲਾ ਹੈ... ਇਹੋ ਜਿਹੇ ਮਾੜੇ ਹਾਲਾਤਾਂ 'ਚ ਸਤਿਆ ਹੋਇਆ ਬੰਦਾ ਦਵਾਈ ਖਾ ਕੇ ਨਾ ਮਰੇ ਤਾਂ ਫਿਰ ਕੀ ਕਰੇ... ਢੱਠੇ ਖੂਹ 'ਚ ਪਊ।"

ਜੱਜ ਸਿਰ ਹਿਲਾ ਹਿਲਾ ਕੇ ਵਿਰੋਧੀ ਵਕੀਲ ਨਾਲ ਸਹਿਮਤ ਹੋ ਰਿਹਾ। ਨਾਲੇ ਸਾਰੇ ਸਬੂਤ ਸੁੱਚਾ ਸਿੰਘ ਦੇ ਖਿਲਾਫ਼ ਜਾ ਰਹੇ ਸਨ। ਵਕੀਲ ਨੇ ਪੂਰਾ ਜ਼ੋਰ ਲਾ ਦਿੱਤਾ ਕੁਫ਼ਰ ਤੋਲਣ 'ਚ। ਉਹ ਕਹਿ ਰਿਹਾ ਸੀ ਇਸ ਕਮੀਨੇ ਤੇ ਕਾਤਲ ਮੁਜ਼ਰਮ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਕਿ ਫਿਰ ਸਮਾਜ ਦਾ ਹੋਰ ਕੋਈ ਇਨਸਾਨ ਦੁਬਾਰਾ ਇਵੇਂ ਦੀ ਹਿੰਮਤ ਨਾ ਕਰ ਸਕੇ।

ਪਹਿਲਾਂ ਤਾਂ ਸੁੱਚਾ ਸਿੰਘ ਉਸਤੇ ਲੱਗ ਰਹੇ ਇਲਜ਼ਾਮਾਂ ਬਾਰੇ ਸੁਣ ਸੁਣ ਹੈਰਾਨ ਹੁੰਦਾ ਜਾ ਰਿਹਾ ਸੀ। ਉਸਨੂੰ ਸਮਝ ਨਹੀਂ ਸੀ ਆ ਰਹੀ, ਆਖਰ ਇਹ ਸਾਰਾ ਅਡੰਬਰ ਉਸ ਦੁਆਲੇ ਕਿਉਂ ਰਚਿਆ ਜਾ ਰਿਹਾ। ਜਿਸ 'ਚ ਉਸਦਾ ਨਿੱਕੇ ਪੈਸੇ ਦਾ ਵੀ ਦੋਸ਼ ਨਹੀਂ ਸੀ। ਪਰ ਕੰਨੋਂ ਬੋਲੀ ਹੋਈ ਕਚਿਹਰੀ ਦੀਆਂ ਕੰਧਾਂ ਅਤੇ ਜੱਜ ਵਕੀਲ ਦੀਆਂ ਅੱਖਾਂ ਤੇ ਬੱਧੀਆਂ ਕਾਲੀਆਂ ਪੱਟੀਆਂ ਨੇ ਉਸਦੀ ਸਚਾਈ ਨੂੰ ਏਨੀ ਡੂੰਘਾਈ 'ਚ ਕਿੱਥੇ ਘੋਖਣਾ ਸੀ।

ਬਸ ਫੇਰ ਏਸ ਝੂਠ ਦੇ ਜਾਲ਼ 'ਚ ਫਸੇ ਦੀ ਬੁਰੀ ਤਰ੍ਹਾਂ ਹਾਰ ਹੋ ਗਈ। ਉਸ ਦਿਨ ਉਸਦੀ ਜ਼ਿੰਦਗੀ ਜ਼ਰੂਰ ਬਦਲ ਗਈ। ਉਸਦੀ ਭਰਜਾਈ ਦੀ ਚਾਲ ਸਫ਼ਲ ਹੋ ਗਈ ਸੀ। ਉਹ ਅਚਨਚੇਤ ਉਸਦੇ ਪੈਰ ਹੇਠਾਂ ਆਇਆ ਬਟੇਰਾ ਬਣ ਗਿਆ ਸੀ।

ਨਿੱਕਾ ਭਰਾ ਤਾਂ ਅਚਾਨਕ ਹੀ ਜ਼ਿੰਦਗੀ ਨੂੰ ਮਨਫ਼ੀ ਕਰ ਗਿਆ। ਉਹ ਲੰਮੀਆਂ ਸਾਂਝਾ ਤੇ ਸਾਥ ਨਿਭਾਉਣ ਵਾਲਾ ਭਰਾ ਤਾਂ ਦਿਲ ਦੀਆਂ ਦਿਲ 'ਚ ਹੀ ਲੈ ਗਿਆ। ਪਰ ਉਹ ਨਿੱਕੇ ਵੀਰ ਨੂੰ ਮੋਢਾ ਦੇ ਕੇ ਉਸਦੀ ਅਰਥੀ ਤੇ ਹੰਝੂ ਕੇਰਨ ਜੋਗਾ ਵੀ ਤਾਂ ਨਹੀਂ ਸੀ ਰਿਹਾ। ਭਰਾ ਮੜ੍ਹੀਆਂ ਦੇ ਰਾਹੇ ਪੈ ਗਿਆ ਤੇ ਉਹ ਜੇਲ ਦੇ ਰਾਹੇ ਪਿਆ ਆਪਣੀ ਕਬਰ ਪੁੱਟਣ ਤੁਰ ਪਿਆ ਸੀ।

ਉਸਦੀ ਬਰਦਾਸ਼ਤ ਦਾ ਪਹਾੜ ਖ਼ੁਰ ਚੁੱਕਿਆ ਸੀ। ਉਹ ਜੇਲ੍ਹ ਨਹੀਂ ਜਿਵੇਂ ਘਰੋਂ ਨਿਕਲੇ ਬੇਵਤਨੇ ਨੂੰ ਕਾਲੇ ਪਾਣੀ ਦੀ ਸਜ਼ਾ ਹੋ ਗਈ ਹੋਵੇ। ਉਹਦੀਆਂ ਚੀਕਾਂ ਤੇ ਕੰਧਾਂ ਤੇ ਵਾਹੀਆਂ ਲੀਕਾਂ ਨੂੰ ਇੱਥੇ ਕਿਸਨੇ ਪੁੱਛਣਾ ਸੀ। ਉਹ ਤਾਂ ਐਵੇਂ ਹੀ ਚੱਕੀ ਦੇ ਦੋ ਪੁੜਾਂ 'ਚ ਆਟੇ ਵਾਂਗੂੰ ਪੀਸਿਆ ਗਿਆ। ਉਸਦਾ ਵੀ ਇੱਥੇ ਅੱਕੇ ਦਾ ਕਈ ਵਾਰੀ ਜੀਅ ਕੀਤਾ। ਕਿਤੇ ਸਲਫ਼ਾਸ ਦੀ ਗੋਲੀ ਮਿਲਦੀ ਤਾਂ ਖਾ ਕੇ ਮਰ ਮੁੱਕ ਜਾਂਦਾ। ਏਨੀ ਜ਼ਲਾਲਤ ਤੋਂ ਬਾਅਦ ਉਸਦਾ ਕਾਹਦਾ ਜੀਵਨ ਰਹਿ ਗਿਆ ਸੀ। ਪਰ ਹੁਣ ਜੇਲ੍ਹ 'ਚ ਪਏ ਨੂੰ ਤਾਂ ਸਲਫ਼ਾਸ ਵੀ ਕਿੱਥੋਂ ਮਿਲਣੀ ਸੀ। ਜਿਸਨੂੰ ਖਾ ਕੇ ਉਹ ਸੁਰਖ਼ਰੂ ਹੋ ਜਾਂਦਾ।

ਉਹ ਮੁਸ਼ਕਿਲਾਂ 'ਚ ਘਿਰਿਆ ਉਦੋਂ ਨਵਾਂ ਨਵਾਂ ਹੀ ਜੇਲ੍ਹ ਆਇਆ ਤਾਂ ਉਹ ਬਹੁਤ ਉਦਾਸ ਹੋ ਗਿਆ ਸੀ। ਕਦੇ ਬੱਚਿਆਂ ਦਾ ਚੇਤਾ ਆਉਂਦਾ ਕਦੇ ਮਾਂ ਦਾ। ਜਿਸ ਮਾਂ ਦਾ ਇੱਕ ਪੁੱਤ ਜਹਾਨੋਂ ਤੁਰ ਗਿਆ ਤੇ ਦੂਜਾ ਜੇਲ੍ਹ ਨੂੰ। ਇਹੋ ਜਿਹੇ ਅਭਾਗੇ ਪੁੱਤਾਂ ਦੀ ਮਾਂ ਕਿਵੇਂ ਬਰਦਾਸ਼ਤ ਕਰਦੀ ਹੋਵੇਗੀ। ਸਮੇਂ ਦੀ ਮਾਰ ਨੇ ਉਸਦਾ ਵੀ ਸਭ ਕੁਝ ਖੋਹ ਲਿਆ। ਉਹ ਇਹ ਸਦਮਾ ਸਹਿਣ ਨਹੀਂ ਸੀ ਕਰ ਸਕੀ। ਉਹ ਜਹਾਨੋਂ ਛੇਤੀ ਹੀ ਚਲਦੀ ਬਣੀ।



ਸ਼ੁਰੂ ਸ਼ੁਰੂ 'ਚ ਪਤਨੀ ਜੇਲ੍ਹ ਮੁਲਾਕਾਤ ਨੂੰ ਆਉਂਦੀ ਤਾਂ ਕਹਿੰਦੀ ਤੇਰੀ ਭਰਜਾਈ ਤੇ ਭਤੀਜੇ ਤੋਂ ਡਰਦੀ ਸਹਿਮੇਂ ਦਿਨ ਕੱਢਦੀ ਆ। ਉਨ੍ਹਾਂ ਦੋਹਾਂ ਦੀ ਏਨੀ ਚੜ੍ਹ ਮੱਚੀ ਹੋਈ। ਮੈਨੂੰ ਜੀਣ ਨਹੀਂ ਦਿੰਦੇ। ਦਿਨ ਰਾਤ ਬੁਬਲੀਆਂ ਪਏ ਮਾਰਦੇ। ਰਾਹ ਲੰਘਦਿਆਂ ਖੰਘੂਰੇ ਮਾਰਦੇ ਨੇ। ਪੈਲੀ ਉਨ੍ਹਾਂ ਸਾਰੀ ਮੱਲ ਲਈ। ਉਸਨੇ ਤਾਂ ਇੱਕ ਦਿਨ ਪੰਚਾਇਤ ਦੇ ਫ਼ੈਸਲੇ ਵਾਲੀ ਕਾਪੀ ਮੇਰੇ ਸਾਮ੍ਹਣੇ ਗਲੀ 'ਚੋਂ ਲੰਘਦਿਆਂ ਪਾੜ ਕੇ ਮੇਰੇ ਮੂੰਹ 'ਤੇ ਮਾਰੀ। ਨਾਲੇ ਕਹਿੰਦੀ, "ਲੈ ਲੈ ਇਹਨੂੰ ਉੱਥੇ ਅਸੀਂ ਵਹੁਣ ਲੱਗੇ ਆ ਸਾਰੀ ਪੈਲੀ... ਡੱਕ ਲੈ ਫਿਰ ਜੇਠਾਣੀਏ ਜੇ ਹਿੰਮਤ ਏ ਤਾਂ...।"

ਉਹ ਜਦੋਂ ਵੀ ਜੇਲ੍ਹ ਆਉਂਦੀ, ਰੋਂਦੀ। ਹਟਕੋਰੇ ਲੈਂਦੀ। ਉਨ੍ਹਾਂ ਦੀ ਕੋਈ ਨਵੀਂ ਗੱਲ ਸੁਣਾ ਜਾਂਦੀ।

"ਕੋਈ ਨਾ ਫ਼ਿਕਰ ਨਾ ਕਰ... ਸਮਾਂ ਕੱਢ ਮੈਨੂੰ ਬਾਹਰ ਆਉਣ ਦੇ ਫੇਰ ਦੇਖਾਂਗਾ...।"

ਸਾਊ ਤੇ ਸੁਹਿਰਦ ਪਤਨੀ ਕਦੇ ਇਵੇਂ ਦੀ ਸੀ ਜਿਵੇਂ ਬੱਦਲਾਂ 'ਚੋਂ ਚੰਨ ਪਿਆ ਝਾਕਦਾ ਹੋਵੇ। ਰੱਜ ਕੇ ਸੋਹਣੀ। ਹੁਣ ਉਹ ਜਦੋਂ ਵੀ ਮੁਲਾਕਾਤ ਨੂੰ ਆਉਂਦੀ, ਉਹਨੂੰ ਸਾਹ ਪਿਆ ਚੜ੍ਹਿਆ ਹੁੰਦਾ। ਜਿਵੇਂ ਭਰਜਾਈ ਤੇ ਭਤੀਜੇ ਦੀ ਡਰਾਈ ਤੇ ਭਜਾਈ, ਇੱਥੇ ਮਸੀਂ ਪਹੁੰਚੀ ਹੋਵੇ। ਉਸਦੇ ਮੱਥੇ 'ਤੇ ਉਦਾਸੀਆਂ ਰੇਖਾਵਾਂ ਨੂੰ ਮੈਂ ਨੀਝ ਲਾ ਕੇ ਦੇਖਦਾ। ਕਿੰਨਾ ਗਹਿਰਾ ਦੁੱਖ ਉਹਨਾਂ ਰੇਖਾਵਾਂ 'ਚ ਪਿਆ ਸੀ ਜੋ ਮੇਰੇ ਵੱਲ ਝਾਕਦਾ।

ਉਹ ਹੌਲੀ ਹੌਲੀ ਬੋਲਦੀ ਜਾਂਦੀ ਤੇ ਮੈਨੂੰ ਇਵੇਂ ਜਾਪਦਾ ਜਿਵੇਂ ਉਹ ਪੂਰਾ ਸੱਚ ਨਹੀਂ ਸੀ ਦੱਸ ਰਹੀ। ਪਰ ਮੇਰੇ ਸੁਪਨਿਆਂ ਦੇ ਜੰਗਲ ਨੂੰ ਘੁਣ ਲੱਗ ਗਿਆ ਜਾਪਦਾ। ਉਸ ਰੁੰਡ ਮਰੁੰਡ 'ਚ ਉੱਲੂ ਬੋਲਦੇ ਲੱਗਦੇ।

ਮੇਰਾ ਸਰੀਰ ਕੰਬਣ ਲੱਗ ਪੈਂਦਾ।

ਪਰ ਉਹ ਫਿਰ ਵੀ ਪਤਨੀ ਨੂੰ ਔਖੀ ਘੜੀ ਮੋਰਚਾ ਸੰਭਾਲਣ ਦੀ ਤਕੀਦ ਕਰਦਾ। ਮੈਂ ਤਾਂ ਆਪ ਡੋਲਿਆ ਹੋਇਆ ਸਾਂ। ਕਿੰਨਾ ਕੁ ਉਸਨੂੰ ਹੌਸਲਾ ਦਿੰਦਾ। ਹਦਾਇਤਾ ਦਿੰਦਾ ਤੇ ਉਹਨੂੰ ਤੋਰ ਦਿੰਦਾ।

ਇਵੇਂ ਸੁਪਨਿਆਂ ਦਾ ਮਰ ਜਾਣਾ ਜੇ ਮੈਥੋਂ ਨਹੀਂ ਸੀ ਬਰਦਾਸ਼ਤ ਹੋ ਰਿਹਾ ਤਾਂ ਪਤਨੀ ਏਨੀ ਜ਼ੁੰਮੇਵਾਰੀ ਨੂੰ ਸੰਭਾਲਦੀ ਦਾ ਕੀ ਹਾਲ ਹੋ ਰਿਹਾ ਹੋਵੇਗਾ।

ਪਤਨੀ ਤਾਂ ਫੇਰ ਛੇਤੀ ਹੀ ਦਿਲ ਛੱਡ ਗਈ ਸੀ। ਖੌਰੇ ਦੈਂਤ ਰੂਪੀ ਜਿੰਮੇਵਾਰੀਆਂ ਅੱਗੇ ਉਹ ਹਥਿਆਰ ਸੁੱਟ ਗਈ। ਉਹਦੇ ਅੰਦਰ ਕੀ ਕੀ ਰਿੱਝਦਾ ਰਿਹਾ ਹੋਵੇਗਾ। ਜੋ ਉਹ ਆਪਣੇ ਨਾਲ ਹੀ ਲੈ ਗਈ। ਉਹ ਜਾਣੇ ਜਾਂ ਉਹਦਾ ਰੱਬ ਸੱਚਾ ਜਾਣੇ। ਦੁੱਖ ਤਾਂ ਚਟਾਨਾਂ ਵਰਗੇ ਹਿਰਦਿਆਂ ਨੂੰ ਵੀ ਖ਼ੋਰ ਸੁੱਟਦੇ ਨੇ।

ਇਹ ਰੱਬ ਜੇ ਉਹਦਾ ਇਨਸਾਫ਼ ਕਰਦਾ ਹੁੰਦਾ ਤਾਂ ਮੈਨੂੰ ਵੀ ਜੇਲ੍ਹ 'ਚ ਹੀ ਮੁੱਕ ਮੁਕਾ ਦੇਂਦਾ। ਜਾਂ ਪਤਨੀ ਨੂੰ ਹੀ ਤਕੜਿਆਂ ਰੱਖਦਾ। ਜੋ ਉਸਨੂੰ ਵੀ ਮੈਥੋਂ ਖੋਹ ਕੇ ਲੈ ਗਿਆ ਸੀ।

ਉਸਨੂੰ ਫਿਰ ਕੁਝ ਯਾਦ ਆਇਆ ਤਾਂ ਉਹ ਮੁਸਕਰਾਉਣ ਲੱਗ ਪਿਆ। ਉਦੋਂ ਕਿਵੇਂ ਪਤਨੀ ਨਾਲ ਤ੍ਰੇਲ ਵਰਗੇ ਦਿਨ ਲੰਘਦੇ ਸਨ। ਜੋ ਪੈਰਾਂ ਤੋਂ ਲੈ ਕੇ ਦਿਮਾਗ਼ ਤੱਕ ਸਰੂਰ ਲਿਆ ਦੇਂਦੇ। ਪਤਨੀ ਉਸ ਲਈ ਕਿਵੇਂ ਚਾਈਂ ਚਾਈਂ ਵਰਤ ਰੱਖਦੀ ਹੁੰਦੀ ਸੀ। ਜਦੋਂ ਦੀ ਵਿਆਹੀ ਮੇਰੇ ਲੜ ਲੱਗੀ ਮੈਨੂੰ ਚੰਨ ਸਮਝ ਕੇ, ਮੇਰੀ ਲੰਬੀ ਉਮਰ ਲਈ ਛਾਨਣੀ 'ਚੋਂ ਝਾਕਦੀ, ਹਰ ਸਾਲ ਮੇਰੀ ਉਮਰ 'ਚ ਕੁਝ ਵਰ੍ਹੇ ਜੋੜਦੀ ਗਈ। ਪਰ ਉਸ ਅਭਾਗਣ ਨੇ ਇਵੇਂ ਮੇਰੀ ਉਮਰ ਤਾਂ ਸੱਚ ਮੁੱਚ ਵਧਾ ਦਿੱਤੀ ਸੀ। ਹੁਣ ਉਹਨੂੰ ਕਿਵੇਂ ਕਹਾਂ, ਤੇਰਾਂ ਵਰ੍ਹੇ ਮੇਰੀ ਉਮਰ 'ਚ ਜੁੜਕੇ ਮੇਰੇ ਲਈ ਹੁਣ ਸਰਾਪ ਬਣ ਗਏ ਨੇ। ਉਹ ਰੱਬ ਨੂੰ ਉਲਾਂਭਾ ਦੇਂਦਾ, ਪੁੱਤ ਤੇ ਧੀਆਂ ਦਾ ਕੌਣ ਵਾਲੀ ਵਾਰਸ ਹੋਵੇਗਾ। ਰੱਬ ਹੀ ਜਾਣੇ।

ਪਤਨੀ ਦੀ ਮੌਤ ਦਾ ਵੀ ਉਹਨੂੰ ਬਹੁਤ ਦਿਨਾਂ ਬਾਅਦ ਪਤਾ ਲੱਗਾ ਸੀ। ਉਸਦੇ ਆਖਰੀ ਕਿਰਿਆ ਕਰਮਾਂ ਲਈ ਪੈਰੋਲ ਵੀ ਨਾ ਮਿਲੀ। ਕਹਿੰਦੇ ਤੂੰ ਖਤਰਨਾਕ ਮੁਜ਼ਰਮ ਏ। ਫੇਰ ਕਈ ਸਾਲ ਨਿਆਣਿਆਂ ਦਾ ਵੀ ਕੋਈ ਸੁਖ ਸੁਨੇਹਾ ਨਾ ਆਇਆ।

ਉਸਦੀ ਆਖਰੀ, ਸਾਰੀ ਕਾਗਜ਼ੀ ਕਾਰਵਾਈ ਪੂਰੀ ਹੋ ਗਈ ਸੀ। ਜਿਉਂ ਜਿਉਂ ਇਹ ਕੰਮ ਮੁੱਕ ਰਿਹਾ ਸੀ। ਉਹਨੂੰ ਘਰੇ ਜਾਣਾ ਡੁੱਬ ਮਰਨ ਵਰਗਾ ਜਾਪ ਰਿਹਾ। ਉਹ ਸਮਾਜ ਤੇ ਆਪਣੇ ਬੱਚਿਆਂ ਨੂੰ ਕੀ ਮੂੰਹ ਦਿਖਾਏਗਾ।

ਜੇਲ੍ਹ ਦੇ ਮੇਨ ਗੇਟ ਤੋਂ ਬਾਹਰ ਨਿਕਲਦਿਆਂ, ਉਸ ਪਹਿਲੀ ਵਾਰ ਆਲੇ-ਦੁਆਲੇ ਦੇਖਿਆ। ਫੇਰ ਉਸ ਆਸਮਾਨ ਵੱਲ ਝਾਕਿਆ। ਸੂਰਜ ਸਿਰ 'ਤੇ ਸੀ। ਪਰ ਕੂਲੀ ਕੂਲੀ ਠੰਢੀ ਹਵਾ ਨੇ ਉਸਦਾ ਸਾਹ ਕੁਝ ਸੌਖਾ ਕਰ ਦਿੱਤਾ ਸੀ।

ਜੇਲ੍ਹ ਦੇ ਬਾਹਰ ਖੜ੍ਹੇ ਰਿਕਸ਼ੇ 'ਤੇ ਬੈਠ ਗਿਆ। ਫਿਰ ਉਸਨੇ ਇੱਕ ਲੰਬਾ ਸਾਹ ਲਿਆ। ਰਿਕਸ਼ਾ ਬੱਸ ਅੱਡੇ ਵੱਲ ਚਲ ਪਿਆ। ਉੱਥੇ ਕੰਡਕਟਰਾਂ ਕਾਵਾਂ ਰੌਲੀ ਪਾਈ ਹੋਈ।

'ਚਲੋ ਬਈ... ਸ਼ੇਖੂਪੁਰ, ਖੈੜਾ ਮੰਦਰ, ਪਾਜੀਆਂ ਡਡਵਿੰਡੀ, ਭੁਲਾਣਾ, ਦੁਰਗਾਪੁਰ... ਵਾਲੇ ਆਜੋ...।"

ਕੰਡਕਟਰ ਦੇ ਮੂੰਹੋਂ ਭੁਲਾਣਾ ਸੁਣਕੇ ਉਸਨੂੰ ਬਹੁਤ ਹੀ ਚੰਗਾ ਚੰਗਾ ਜਿਹਾ ਲੱਗਾ। ਉਸਦਾ ਪਿੰਡ ਜਿਉਂਦਾ ਜਾਗਦੈ।

ਉਹ ਟਿਕਟ ਲੈ ਕੇ ਸੀਟ 'ਤੇ ਬੈਠ ਗਿਆ।

ਜ਼ਿੰਦਗੀ ਤਾਂ ਅਥਾਹ ਸਮੁੰਦਰ ਐ। ਉਹ ਤਾਂ ਐਵੇਂ ਛੱਪੜ ਵਰਗੀ ਜ਼ਿੰਦਗੀ ਜਿਉ ਆਇਐ। ਉਸਨੂੰ ਲੱਗਾ ਕੋਈ ਉਹਦੇ ਪਿੰਡ ਦਾ ਉਹਨੂੰ ਪਹਿਚਾਣ ਲਵੇਗਾ। ਪਰ ਉਹਦੀ ਕੋਈ ਸਿਆਣ 'ਚ ਨਹੀਂ ਸੀ ਆ ਰਿਹਾ। ਉਸ ਸੋਚਿਆ, ਪਿੰਡ 'ਚ ਥੂ ਥੂ ਕਰਦੇ ਕਦੋਂ ਦੇ ਸਭ ਭੁਲ ਭੁਲਾ ਗਏ ਹੋਣਗੇ।

ਅੱਜ ਕੁਦਰਤੀ ਉਹ ਜਿਸ ਸੀਟ 'ਤੇ ਬੈਠਾ, ਇਹ ਉਹਦੀ ਖਾਸ ਪਸੰਦੀਦੀ ਜਗ੍ਹਾ ਸੀ। ਜਦੋਂ ਉਹ ਕਾਲਜ ਪੜ੍ਹਦਾ ਹੁੰਦਾ। ਉਹ ਇਸੇ ਸੀਟ 'ਤੇ ਬੈਠਣ ਨੂੰ ਤਰਜੀਹ ਦੇਂਦਾ। ਡਰਾਇਵਰ ਦੀ ਸੀਟ ਮਗਰਲੀ। ਕਿਉਂਕਿ ਮੂੰਹ ਦੇਖਣ ਵਾਲਾ ਸ਼ੀਸ਼ਾ ਡਰਾਈਵਰ ਦੇ ਸਾਮ੍ਹਣੇ ਲੱਗਾ, ਉਸਨੂੰ ਨਸ਼ਾ ਲਿਆ ਦੇਂਦਾ। ਉਹ ਉਸ 'ਚ ਆਪਣੀ ਤਿੱਖੀ ਨੋਕ ਵਾਲੀ ਪੱਗ ਦੇ ਪੇਚਾਂ 'ਤੇ ਹੱਥ ਫੇਰਦਾ, ਕਦੇ ਚੜ੍ਹਦੀ ਜਵਾਨੀ ਵਾਲੀ ਮੁੱਛ ਦਾਹੜੀ ਸੁਆਰਦਾ ਰਹਿੰਦਾ।

ਉਸ ਬੜੇ ਗੌਰ ਨਾਲ ਆਪਣੀ ਸੂਰਤ ਦੇਖੀ। ਆਪਣੇ ਆਪ ਨੂੰ ਪਹਿਚਾਣ ਨਾ ਸਕਿਆ। ਉਹ ਬਿਲਕੁਲ ਚਿੱਟਾ ਕੁੱਕੜ ਹੋਇਆ ਪਿਆ। ਚਿਹਰੇ 'ਤੇ ਕੋਈ ਚੜ੍ਹਤ ਨਹੀਂ। ਨਾ ਹੀ ਕੋਈ ਰੌਣਕ। ਬਾਢਾਆਂ ਨਿਕਲੀਆਂ ਹੋਈਆਂ ਤੇ ਖੁਸ਼ਕ ਜਿਹੀਆਂ ਅੱਖਾਂ। ਜਦੋਂ ਜੇਲ੍ਹ ਗਿਆ ਸੀ ਉਦੋਂ ਤੱਕ ਉਸਤੇ ਵਾਹਵਾ ਹੀ ਚੜ੍ਹਤ ਸੀ। ਮੁੰਡਿਆਂ ਨੂੰ ਪਰ੍ਹੇ ਕਰਦਾ। ਹੁਣ ਤਾਂ ਸਭ ਕੁਝ ਕੁੱਬੇ ਪਹਾੜ 'ਤੇ ਜੰਮੀ ਬਰਫ਼ ਜਿਹਾ ਹੋਇਆ ਪਿਆ ਸੀ।

ਜਦੋਂ ਉਹ ਸਵੇਰੇ ਸਕੂਲੇ ਪੜ੍ਹਾਉਣ ਜਾਂਦਾ ਤਾਂ ਪੱਗ ਬੰਨ੍ਹ ਕੇ ਖੰਘੂਰਾ ਮਾਰਦਾ, "ਭਾਗਵਾਨੇ ਕਿਵੇਂ ਲੱਗਦੈ ਸਰਦਾਰ ਸੁੱਚਾ ਸਿੰਘ ਬਾਜਵਾ... ਪੱਗ ਦੇ ਕੱਢੇ ਕਿ ਨਹੀਂ ਕੜਾਕੇ...।"

"ਦੇਖਿਓ ਕਿਤੇ ਕੋਈ ਮੈਡਮ ਲੱਟੂ ਨਾ ਹੋ ਜੇ ਮੇਰੇ ਸਰਦਾਰ 'ਤੇ ।" ਕਹਿੰਦਿਆਂ ਉਹ ਹੱਸ ਹੱਸ ਦੋਹਰੀ ਹੁੰਦੀ। ਜੱਫਾ ਪਾ ਲੈਂਦੀ, "ਕਿਤੇ ਨਜ਼ਰ ਨਾ ਲੱਗਜੇ ਮੇਰੇ ਚੰਨ ਨੂੰ...।"

ਬੱਸ ਟੁੱਟੀ ਸੜਕ 'ਤੇ ਖੜਕਦੀ ਆਪਣੀ ਚਾਲੇ ਭੱਜੀ ਜਾ ਰਹੀ। ਸੁੱਚਾ ਸਿੰਘ ਨੂੰ ਜਾਪਿਆ, ਉਸਦੀ ਹਾਲਤ ਵੀ ਇਸ ਬੱਸ ਤੋਂ ਘੱਟ ਨਹੀਂ। ਥੱਕੀ ਤੇ ਟੁੱਟੀ ਇਹ ਸੜਕ ਉਸਨੂੰ ਆਪਣੇ ਹਾਣ ਦੀ ਜਾਪੀ। ਜੋ ਵੇਲਾ ਹੰਢਾ ਚੁੱਕੀ ਸੀ। ਪਰ ਉਸਨੂੰ ਆਲਾ-ਦੁਆਲਾ ਦੇਖਦਿਆਂ ਚੰਗਾ ਚੰਗਾ ਵੀ ਲੱਗ ਰਿਹਾ। ਉਹ ਵਰ੍ਹਿਆਂ ਬਾਅਦ ਆਪਣੇ ਇਲਾਕੇ 'ਚ ਵਾਪਸ ਜਾ ਰਿਹਾ ਸੀ।

ਉਪਰੋਂ ਸ਼ਾਮ ਪੈ ਰਹੀ।

ਬੱਸ ਖੈੜਾ ਆ ਕੇ ਰੁਕੀ। ਕੁਝ ਇੱਕ ਲੋਕ ਉੱਤਰੇ। ਕੁਝ ਹੋਰ ਚੜ੍ਹ ਆਏ।

ਉਸਦੇ ਨਾਲ ਦੀ ਸੀਟ 'ਤੇ ਇੱਕ ਨੌਜਵਾਨ ਆ ਬੈਠਾ। ਬੱਸ ਅਜੇ ਕਿਲੋਮੀਟਰ ਕੁ ਈ ਗਈ ਹੋਵੇਗੀ, ਸੁੱਚਾ ਸਿੰਘ ਨੇ ਮੁੰਡੇ ਦੇ ਹੱਥ 'ਚ ਕਿਤਾਬ ਦੇਖਕੇ ਪੁੱਛ ਹੀ ਲਿਆ।

"ਕਾਕਾ ... ਕਿਹੜੇ ਕਾਲਜ ਪੜ੍ਹਦੈਂ?"

"ਹਾਂ ਜੀ...ਕੁਝ ਕਿਹੈ?"

"ਮੈਂ ਕਿਹੈ ਕਾਕਾ ਪੜ੍ਹਦੈਂ ਕਿਤੇ?"

" ਹਾਂ ਜੀ.. ਮੈਂ ਰਣਧੀਰ ਕਾਲਜ ਕਪੂਰਥਲੇ ਬੀ. ਏ. ਕਰਦਾਂ।"



"ਕਿਹੜੇ ਪਿੰਡੋਂ ਐ...।" ਪੁੱਛਦਿਆਂ ਸੁੱਚਾ ਸਿੰਘ ਕੁਝ ਝਿਜਕ ਵੀ ਰਿਹਾ ਸੀ।

"ਭਲਾਣੇ ਤੋਂ।"

ਸੁੱਚਾ ਸਿੰਘ ਦਾ ਦਿਲ ਠੱਕ ਠੱਕ ਵੱਜਣ ਲੱਗ ਪਿਆ। ਜਿਵੇਂ ਉਹਦੀ ਚੋਰੀ ਫੜੀ ਗਈ ਹੋਵੇ।

"ਤੁਸੀਂ ਬਾਪੂ ਜੀ...।"

"ਕਾਕਾ ਮੇਰਾ ਵੀ ਇਹੋ ਹੀ ਪਿੰਡ ਐ।"

"ਪਰ ਜੀ ਮੈਂ ਤੁਹਾਨੂੰ ਕਦੇ ਦੇਖਿਆ ਨਹੀਂ ਉੱਥੇ।"

"ਕਾਕਾ ਤੂੰ ਮੈਨੂੰ ਨਹੀਂ ਜਾਣਦਾ, ਮੈਂ ਬੜੇ ਵਰ੍ਹਿਆਂ ਤੋਂ ਪਿੰਡ ਨਹੀਂ ਆਇਆ... ਸ਼ਹਿਰ ਰਹਿੰਨਾ।"

ਮੁੰਡਾ ਚੁੱਪ ਹੋ ਗਿਆ ਤੇ ਪਰ੍ਹੇ ਨੂੰ ਦੇਖਣ ਲੱਗਾ।

"ਕਾਕਾ ਇੱਕ ਗੱਲ ਪੁੱਛਾਂ... ਭੁਲਾਣੇ ਇੱਕ ਸੁੱਚਾ ਸਿੰਘ ਮਾਸਟਰ ਰਹਿੰਦਾ ਹੁੰਦਾ ਸੀ... ਉਹਦੇ ਬਾਰੇ ਜਾਣਦੈ।"

"ਕਿਹੜਾ ਮਾਸਟਰ ਸੁੱਚਾ ਸਿੰਘ?"

"ਉਹ!!... ਉਹ ਜਿਹਨੂੰ ਉਮਰ ਕੈਦ ਹੋ ਗਈ ਸੀ... ਜਿਸਦਾ ਛੋਟੇ ਭਰਾ ਰਤਨ ਸਿੰਘ ਫ਼ੌਜੀ ਨਾਲ ਝਗੜਾ ਚਲਦਾ ਸੀ। ਉਹਦੀ ਘਰਵਾਲੀ ਬੜੀ ਚਲਾਕ ਸੀ... ਕਦੇ ਘਰੇ ਗੱਲਾਂ ਹੁੰਦੀਆਂ ਹੋਣਗੀਆਂ... ਉਹ ਪਰਲੇ ਮੁਹੱਲੇ ਜੱਦੀਆਂ ਦੇ ਘਰਾਂ ਵੱਲ ਰਹਿੰਦੇ ਸੀ।"

ਏਨਾ ਕਹਿੰਦਿਆਂ ਇੱਕ ਵਾਰੀ ਤਾਂ ਸੁੱਚਾ ਸਿੰਘ ਦੇ ਦਿਲ ਨੂੰ ਹੌਲ ਪੈਣ ਲੱਗ ਪਏ ਸਨ। ਜਿਵੇਂ ਕੋਈ ਆਪਣੇ ਹੀ ਘਰ ਦਾ ਪਤਾ ਗੁਆਂਢੀਆਂ ਤੋਂ ਪੁੱਛ ਰਿਹਾ ਹੋਵੇ।

"ਹਾਂ ਹੱਛਾ ... ਉਹ ਸੁੱਚਾ ਸਿੰਘ ਜਿਹੜਾ ਮਾਸਟਰ ਸੀ ਮੈਂ ਤਾਂ ਉਦੋਂ ਨਿੱਕਾ ਹੀ ਸਾਂ ਪਰ ਉਹਦੇ ਬਾਰੇ ਘਰਾਂ 'ਚ ਗੱਲਾਂ ਜ਼ਰੂਰ ਹੁੰਦੀਐਂ ਨੇ। ਉਹਦੇ ਨਾਲ ਤਾਂ ਜੀ ਦੱਸਦੇ ਬਹੁਤ ਬੁਰੀ ਹੋਈ, ਝੂਠਾ ਮੁਕੱਦਮਾ ਪੈ ਗਿਆ ਉਸਤੇ... ਬੜੇ ਸਾਲਾਂ ਤੋਂ ਕਿਸੇ ਜੇਲ੍ਹ 'ਚ ਐ... ਸਾਡੇ ਘਰੇ ਦੱਸਦੇ ਹੁੰਦੇ ਨੇ, ਉਹ ਮਾਸਟਰ ਬੰਦਾ ਚੰਗਾ ਸੀ। ਐਵੇਂ ਹੀ ਕੁਪੱਤੀ ਭਰਜਾਈ ਹੱਥੋਂ ਰਗੜਿਆ ਗਿਆ।"

ਸੁੱਚਾ ਸਿੰਘ ਦੇ ਕਲੇਜੇ ਨੂੰ ਠੰਢ ਪੈ ਗਈ। ਉਹਦੇ ਬਾਰੇ ਲੋਕ ਮਾੜਾ ਨਹੀਂ ਸੋਚਦੇ। ਮੁੰਡੇ ਦੇ ਮੂੰਹੋਂ ਨਿਕਲੇ ਬੋਲ ਉਸ ਲਈ ਸਕੂਨ ਭਰਿਆ, ਹਾਅ ਦਾ ਨਾਅਰਾ ਸਾਬਤ ਹੋ ਗਏ ਸਨ। ਉਹ ਕੁਝ ਹੌਸਲੇ 'ਚ ਹੋ ਗਿਆ। ਉਸਦੇ ਅੰਦਰ ਲੋਕਾਂ ਦਾ ਸਾਮ੍ਹਣਾ ਕਰਨ ਦੀ ਝਿਜਕ ਲਹਿ ਗਈ ਸੀ। ਜਿਵੇਂ ਮੱਥੇ ਤੋਂ ਕਲੰਕ ਧੁੱਪ ਗਿਆ ਹੋਵੇ।

"ਪੁੱਤ... ਉਸ ਮਾਸਟਰ ਦੇ ਪਰਿਵਾਰ ਦਾ ਕੀ ਹਾਲ ਹੈ ਹੁਣ।"

"ਘਰਦਾ ਹਾਲ ਤਾਂ ਮਾੜਾ ਹੀ ਐ ਜੀ... ਉਹਦੀ ਘਰਵਾਲੀ ਤਾਂ ਦੱਸਦੇ ਮੰਜੇ 'ਤੇ ਕਈ ਸਾਲ ਪਈ ਰਹੀ... ਮਰ ਗਈ ਸੀ... ਤਿੰਨੋਂ ਨਿਆਣੇ ਫਿਰ ਅਗਾਂਹ ਵਧੀਆ ਪੜ੍ਹ ਨਾ ਸਕੇ, ਮਾੜੀ ਸੰਗਤ 'ਚ ਪੈ ਗਏ... ਦੋ ਕੁੜੀਆਂ 'ਚੋਂ ਵੱਡੀ ਮਾੜੇ ਮੋਟੇ ਘਰ ਮਾਂ ਨੇ ਵਿਆਹ ਕੇ ਭਾਰ ਲਾਹ ਦਿੱਤਾ ਸੀ... ਪਰ ਉਹ ਬਹੁਤਾ ਸਮਾਂ ਟਿਕੀ ਨਾ... ਉਹ ਫਿਰਨ ਤੁਰਨ ਵਾਲੀ ਸੀ... ਕਈਆਂ ਮੁੰਡਿਆਂ ਨਾਲ ਪਿੰਡ 'ਚ ਹੀ ਖੇਹ ਖਾਂਦੀ ਰਹੀ... ਕਈ ਲੋਕ ਤਾਂ ਕਹਿੰਦੇ ਉਸਨੂੰ ਨਿੱਕਾ ਨਿਆਣਾ ਨਹੀਂ ਸੀ ਹੁੰਦਾ... ਬਾਕੀ ਜਿੰਨੇ ਮੂੰਹ ਉਨੀਆਂ ਗੱਲਾਂ... ਫੇਰ ਇੱਕ ਦਿਨ ਪਿੰਡ 'ਚ ਗੱਲ ਧੁੰਮੀ ਉਹ ਕਿਸੇ ਟਰੱਕ ਡਰਾਈਵਰ ਨਾਲ ਨਿਕਲ ਗਈ... ਉਹਨੂੰ ਤਾਂ ਫਿਰ ਪਿੰਡ ਅਸੀਂ ਕਈ ਸਾਲਾਂ ਤੋਂ ਦੇਖਿਆ ਹੀ ਨਹੀਂ।"

"ਬਾਕੀਆਂ ਦਾ ਕੀ ਹਾਲ ਏ, ਉਹ ਤਾਂ ਘਰੇ ਹੀ ਹੋਣਗੇ ਕਾਕਾ।"

"ਇਕੋ ਇੱਕ ਮੁੰਡਾ ਸੀ ਉਹ ਤਕੜਾ ਬਦਮਾਸ ਨਿਕਲਿਆ... ਚੋਰੀਆਂ ਚਕਾਰੀਆਂ ਕਰਦਾ... ਕਿਸੇ ਦੀ ਮੋਟਰ ਖੋਲ੍ਹ ਲੈਂਦਾ... ਕਿਸੇ ਦਾ ਬਟੂਆ ਮਾਰ ਲੈਂਦਾ... ਕਦੇ ਕਿਸੇ ਨਾਲ ਲੜਾਈ ਕਦੇ ਕਿਸੇ ਨਾਲ ਆਢਾ ... ਥਾਂ ਥਾਂ ਛਿੱਤਰ ਖਾਂਦਾ... ਪੁਲੀਸ ਘਰ ਗੇੜੇ ਮਾਰਦੀ ਰਹਿੰਦੀ... ਕਦੇ ਫੜ ਕੇ ਲੈ ਜਾਂਦੀ... ਕਦੇ ਛੱਡ ਦਿੰਦੀ... ਘਰ ਜੁਆਨ ਛੋਟੀ ਭੈਣ ਸੀ ਭਰਾ ਪੁਲੀਸ ਨੂੰ ਦੇਖਕੇ ਲੁਕਣ ਮੀਟੀਆਂ ਖੇਡਦਾ... ਉਹਦੀ ਭੈਣ ਪੁਲਸੀਆਂ ਨੂੰ ਚਾਹ ਪਾਣੀ ਪਿਆਉਂਦੀ ਰਹਿੰਦੀ... ਪੁਲਸੀਆਂ ਨੂੰ ਤਾਂ ਸ਼ਿਕਾਰ ਚਾਹੀਦਾ ਸੀ। ਉਹ

ਕੁੜੀ ਫਿਰ ਪੁਲਸੀਆਂ ਜੋਗੀ ਹੀ ਰਹਿ ਗਈ... ਉਹਦਾ ਨਾਂ ਰਿੰਪੀ ਸੀ... ਸੋਹਣੀ ਉਹ ਏਨੀ ਜਿਵੇਂ ਉਡਣ ਪਰੀ ਹੋਵੇ... ਪੈਸੇ ਦੀ ਘਾਟ ਪੁਲਸੀਏ ਪੂਰੀ ਕਰ ਜਾਂਦੇ... ਭਰਾ ਉਸਦੀ ਕਮਾਈ ਖੋਹ ਕੇ ਨਸ਼ੇ ਕਰਦਾ... ਇਵੇਂ ਭਰਾ ਨਸ਼ੇ 'ਚ ਗਲਤਾਨ ਰਹਿੰਦਾ ਤੇ ਭੈਣ ਵੰਨ-ਸਵੰਨੇ ਪੁਲਸੀਆਂ ਨਾਲ ਖੇਹ ਖਾਣ ਜੋਗੀ ਹੀ ਰਹਿ ਗਈ... ਫਿਰ ਡੇਢ ਕੁ ਸਾਲ ਪਹਿਲਾਂ ਭਰਾ ਨਸ਼ੇ ਦੀ ਓਵਰਡੋਜ਼ ਨਾਲ ਸੁੱਤਾ ਹੀ ਸੌਂਅ ਗਿਆ... ਮਰਨਾ ਹੀ ਸੀ... ਉਹ ਤਾਂ ਕਦੋਂ ਦਾ ਮੜ੍ਹੀਆਂ ਦੇ ਰਾਹ ਪਿਆ ਹੋਇਆ ਸੀ... ਉਸਦੀ ਨਿੱਕੀ ਭੈਣ ਨੂੰ ਵੀ ਹੁਣ ਕਦੇ ਦੇਖਿਆ ਨਹੀਂ ਕਦੇ ਕਦੇ ਲੋਕ ਗੱਲਾਂ ਕਰਦੇ ਹੁੰਦੇ ਨੇ... ਉਹਨੂੰ ਕਿਸੇ ਪੁਲਸੀਏ ਨੇ ਆਪਣੇ ਵਰਤਣ ਜੋਗੀ ਪੱਕੀ ਕਿਤੇ ਰੱਖ ਲਈ ਹੋਊ... ਉਧਰ ਸੁੱਚਾ ਸਿੰਘ ਦੀ ਭਰਜਾਈ ਤੇ ਉਹਦਾ ਮੁੰਡਾ ਸਭ ਕੁਝ ਵੇਚ ਵੱਟ ਕੇ ਕਈ ਸਾਲਾਂ ਦੇ ਕਨੇਡਾ ਵੱਸ ਗਏ ਨੇ... ਹੁਣ ਤਾਂ ਉਹਨਾਂ ਪਰਿਵਾਰਾਂ ਦਾ ਕੋਈ ਨਾਂ ਥੇਹ ਨਹੀਂ ਰਿਹਾ।"

"ਹੱਛਾ!! ਕਾਕਾ... ਘਰ 'ਚ ਫਿਰ ਕੋਈ ਵੀ।"

"ਨਹੀਂ ਜੀ...ਬਸ ਉਜਾੜ ਪਈ ਹੋਈ ਏ... ਹੁਣ ਤਾਂ ਘਰ ਦੀਆਂ ਬੂਹੇ ਬਾਰੀਆਂ ਵੀ ਚੁਗਾਠਾਂ ਸਣੇ ਲੋਕ ਪੁੱਟ ਕੇ ਲੈ ਗਏ... ਹੁਣ ਤਾਂ ਖੋਲ੍ਹੇ ਹੀ ਨੇ ਜੀ ਬਸ।"

ਉਹ ਪੂਰਾ ਸੱਚ ਸੁਣਕੇ ਤ੍ਰਹਿ ਗਿਆ ਸੀ। ਉਸ ਅੰਦਰ ਬਣਿਆ ਘਰ ਦਾ ਮਾੜਾ-ਮੋਟਾ ਵਜੂਦ ਵੀ ਪੱਧਰਾ ਹੋ ਗਿਆ। ਜਿਸ ਘਰ ਨੂੰ ਉਹ ਦੁਬਾਰਾ ਸੰਭਾਲਣ ਲਈ ਆ ਰਿਹਾ ਸੀ, ਉਹਦਾ ਤਾਂ ਵਜੂਦ ਵੀ ਪਿੰਡ 'ਚ ਖੋਲ੍ਹੇ ਹੋ ਗਿਆ ਸੀ।

"ਹਾਂ ਕਾਕਾ... ਤੂੰ ਇਹ ਸਭ ਸੱਚ ਕਹਿੰਨੈ... ਮੈਨੂੰ ਯਕੀਨ ਨਹੀਂ ਆਉਂਦਾ... ਇਵੇਂ ਸਭ ਕੁਝ ਹੋ ਗਿਆ ਹੋਊ ਕਿ ਸੁਣੀਆਂ ਸੁਣਾਈਆਂ ਗੱਲਾਂ ਕਹਿ ਰਿਹੈ।"

"ਬਾਪੂ ... ਤੂੰ ਕੀ ਕਵੱਲੀਆਂ ਗੱਲਾਂ ਕਰਦੈ... ਹੁਣ ਤਾਂ ਉਸ ਘਰ ਨੂੰ ਪਿੰਡ 'ਚ ਲੋਕ ਉੱਜੜ ਗਿਆਂ ਦਾ ਵਿਹੜਾ ਕਹਿੰਦੇ ਨੇ... ਨਾਲੇ ਕਹਿੰਦੇ ਨੇ ਸੁੱਚਾ ਸਿੰਘ ਵੀ ਕਿਤੇ ਜੇਲ੍ਹ 'ਚ ਮਰ ਖਪ ਗਿਆ ਹੋਣੈ।"

"ਤੈਨੂੰ ਜਾਪਦੈ ਕਾਕਾ ਉਹ ਵੀ ਹੁਣ ਤੱਕ ਜੇਲ੍ਹ 'ਚ ਮਰ ਗਿਆ ਹੋਵੇਗਾ?"

"ਹਾਂ!! ਬਾਪੂ ਜੀ ਮੈਨੂੰ ਵੀ ਸੱਚੀ ਜਾਪਦੈ... ਜਿਸ ਨਾਲ ਏਨਾ ਕੁਝ ਜੀਂਦੇ ਜੀਅ ਹੋ ਗਿਆ ਹੋਵੇ, ਤੁਸੀਂ ਆਪ ਸਿਆਣੇ ਹੋ... ਦੱਸੋ ਉਹ ਜੇਲ੍ਹ 'ਚ ਬੈਠਾ ਸੁਣਕੇ ਬਚਿਆ ਰਹਿ ਗਿਆ ਹੋਊ... ਹਾਂ ਜੇ ਜੀਂਦਾ ਵੀ ਹੋਊ ਤਾਂ ਹੁਣ ਤੱਕ ਸੁਣਕੇ ਉਹਦੇ ਪੱਲੇ ਵੀ ਕੀ ਰਹਿ ਗਿਆ ਹੋਣੈ?"

ਸੁੱਚਾ ਸਿੰਘ ਚੁੱਪ ਹੋ ਗਿਆ ਸੀ। ਉਹਦੀਆਂ ਅੱਖਾਂ 'ਚ ਹੰਝੂ ਆ ਗਏ। ਜੇਲ੍ਹ ਵਾਲਾ ਸੰਤਰੀ ਠੀਕ ਹੀ ਕਹਿੰਦਾ ਸੀ। ਇਹਨਾਂ ਹੰਝੂਆਂ ਨੂੰ ਕਿਸੇ ਹੋਰ ਵੇਲੇ ਲਈ ਸਾਂਭ ਰੱਖੀਂ। ਉਹ ਮੁੰਡੇ ਤੋਂ ਲੁਕੋ ਕੇ ਬੁੱਕਲ 'ਚ ਸਿਰ ਦੇਈ ਕਿੰਨਾ ਚਿਰ ਡੁਸਕਦਾ ਰਿਹਾ।

"ਚਲੋ ਬਈ ਭੁਲਾਣੇ ਵਾਲੇ ਤਿਆਰ ਹੋ ਜੋ... ਭੁਲਾਣੇ ਦਾ ਕੋਈ ਬੈਠਾ ਨਾ ਰਹਿ ਜੇ।"

ਕੰਡਕਟਰ ਕਾਹਲੀ ਕਾਹਲੀ ਬੋਲ ਕੇ ਦਰਵਾਜ਼ੇ ਵੱਲ ਵਧ ਗਿਆ।

"ਬਾਪੂ ਜੀ ਸੌਂਅ ਗਏ ਓ... ਉੱਠੋ ਪਿੰਡ ਆ ਗਿਐ।"


"ਆ ਗਿਐ... ਚਲ ਤੂੰ ਉੱਤਰ ਜਾ ਪੁੱਤ... ਮੈਂ ਨਹੀਂ ਉਤਰਣਾ... ਹੁਣ ਇਹ ਪਿੰਡ ਮੇਰਾ ਨਹੀਂ ਰਿਹਾ।" ਉਹ ਬੇਹੋਸ਼ੀ ਜਿਹੀ 'ਚ ਬੋਲਿਆ।

ਸ਼ਾਮ ਤਾਂ ਕਦੋਂ ਦੀ ਹਨੇਰੇ ਵੱਲ ਕੂਚ ਕਰਦੀ, ਅਲੋਪ ਹੋ ਗਈ ਸੀ। ਸੁੱਚਾ ਸਿੰਘ ਨੇ ਬਾਰੀ 'ਚੋਂ ਹੀ ਬੈਠਿਆਂ ਪਿੰਡ ਵੱਲ ਦੇਖਿਆ। ਹਨੇਰਾ ਸੀ। ਪਰ ਹਨੇਰਾ ਏਨਾ ਵੀ ਨਹੀਂ ਸੀ ਕਿ ਪਿੰਡ ਨਾ ਲੱਭਦਾ। ਉਹ ਪਿੰਡ ਨੂੰ ਪਛਾਣਕੇ ਇਕਦਮ ਡਰ ਜਿਹਾ ਗਿਆ ਪਿੰਡ ਉਸਨੂੰ ਮੜ੍ਹੀਆਂ ਵਰਗਾ ਡਰਾਉਣਾ ਜਿਹਾ ਜਾਪਿਆ। ਸੁੱਚਾ ਸਿੰਘ ਪਸੀਨੋ ਪਸੀਨੀ ਹੋਇਆ ਪਿਆ। ਉਸਦਾ ਦਿਲ ਘਟਦਾ ਜਾ ਰਿਹਾ। ਦਿਲ ਦੀ ਧੜਕਣ ਹੁਣ ਉਹਦੇ ਵਸ 'ਚ ਨਹੀਂ ਸੀ।

ਫੇਰ ਉਸਨੇ ਉਤਾਂਹ ਆਸਮਾਨ ਵੱਲ ਦੇਖਿਆ। ਜਿਵੇਂ ਪਿੰਡ ਅਸਮਾਨੇ ਜਾ ਲੱਗਾ ਹੋਵੇ। ਉਸਦੀਆਂ ਅੱਖਾਂ ਉਧਰ ਹੀ ਤਾੜੇ ਜਾ ਲੱਗੀਆਂ। ਜੀਭ ਬਾਹਰ ਨੂੰ ਲਮਕ ਆਈ ਸੀ।

ਖੜੀ ਬੱਸ ਦੀਆਂ ਸਵਾਰੀਆਂ 'ਚ ਹਫੜਾ ਦਫ਼ੜੀ ਮੱਚ ਗਈ। (**ਸੰਪਰਕ-98151-86532**)





## ਕਹਾਣੀ / ਗੋਲਡਨ ਅੱਖਰ / - ਬਲਵੀਰ ਕੌਰ ਰੀਹਲ

***(ਸਾਡੇ ਸਮਾਜ ਦਾ ਫਰੇਮ ਵਰਕ ਸਾਡੀਆਂ ਧਾਰਮਿਕ ਤੇ ਸਮਾਜਿਕ ਰਹੁ ਰੀਤਾ ਕਰਦੀਆਂ ਹਨ। ਇਸ ਕਹਾਣੀ ਵਿਚਲੇ ਮਰਦਾ ਦਾ ਫਰੇਮ ਵਰਕ ਵੀ ਸਮਾਜ ਦੀ ਘਾੜਤ ਹੈ। ਨਾਰੀ ਨੂੰ ਥਾਂ ਥਾਂ ਤੇ ਵਰਜਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਾਰਨ ਨਾਰੀ ਪੀੜਤ ਹੁੰਦੀ ਹੈ। ਇਸੇ ਪੀੜਤ ਨਾਰੀ ਦਾ ਬਿਰਤਾਂਤ ਇਸ ਕਹਾਣੀ ਵਿਚ ਪੇਸ਼ ਹੋਇਆ ਹੈ। ਇਸ ਕਹਾਣੀ ਦੀ ਪਾਤਰ ਕਾਮਿਨੀ ਉੱਤੇ ਪਹਿਲਾਂ ਉਸਦੀ ਮਾਂ, ਫਿਰ ਧਰਮ ਦੇ ਠੇਕੇਦਾਰ ਅਤੇ ਫਿਰ ਉਸਦਾ ਪਤੀ ਬੰਧਸ਼ਾ ਲਾਉਂਦਾ ਹੈ। ਇੰਝ ਬਲਵੀਰ ਇਸ ਕਹਾਣੀ ਵਿਚ ਪੀੜਤ ਨਾਰੀ ਦੀ ਗੱਲ ਕਰਦੀ ਹੈ। -ਸੰਪਾਦਕ)***

ਕਾਮਿਨੀ ਸਿਰ ਤੇ ਚੁੰਨੀ ਲੈ ਕੇ ਮੰਦਿਰ ਤੋਂ ਘਰ ਆ ਰਹੀ ਸੀ, ਅਚਾਨਕ ਉਸ ਨੂੰ ਕੁੱਝ ਗਿੱਲਾ-ਗਿੱਲਾ ਮਹਿਸੂਸ ਹੋਇਆ। ਘਰ ਪਹੁੰਚ ਕੇ ਵੇਖਿਆ ਤਾਂ ਉਹਦੀਆਂ ਸਾਰੀਆਂ ਲੱਤਾਂ ਖ਼ੂਨ ਨਾਲ ਲਿੱਬੜ ਚੁੱਕੀਆਂ ਸਨ। ਉਹ ਡੌਰ-ਭੌਰ ਹੋਈ ਇਹ ਸਭ ਤੱਕ ਰਹੀ ਸੀ ਪਰ ਉਹਦੀ ਸਮਝ ਵਿਚ ਕੁੱਝ ਵੀ ਨਹੀਂ ਸੀ ਆ ਰਿਹਾ,ਉਹ ਕਾਹਲੇ ਕਦਮੀ ਬੂਹਾ ਖੋਲ ਕੇ ਘਬਰਾਈ ਹੋਈ ਆਪਣੀ ਭਰਜਾਈ ਕੋਲ ਨੂੰ ਗਈ ਤੇ ਹੌਲੀ ਜਿਹੀ ਜਾ ਕੇ ਸਭ ਦੱਸਣ ਲੱਗੀ, "ਜਾਹ ਅੰਦਰ ਜਾ ਕੇ ਕੱਪੜੇ ਬਦਲ ਲਾ ਤੇ।" ਭਰਜਾਈ ਨੇ ਹਲਕੇ ਜਿਹੇ ਇਸ਼ਾਰਾ ਨਾਲ ਉਸ ਨੂੰ ਸਭ ਕੁੱਝ ਸਮਝਾ ਦਿੱਤਾ।

ਕਾਮਿਨੀ ਨੂੰ ਕਾਹਲ ਪੈ ਰਹੀ ਸੀ, ਦੋ ਤਿੰਨ ਦਿਨਾਂ ਦੀ ਹੈਰਾਨ ਪੇਸ਼ਾਨ ਸੀ ਤੇ ਸੁਸਤ ਜਿਹੀ ਹੋਈ ਪਈ ਸੀ। ਕਾਮਿਨੀ ਦਾ ਦਿਲ ਨਹੀਂ ਲੱਗ ਰਿਹਾ ਸੀ। ਉਹ ਉਦਾਸ ਜਿਹੀ ਬੈਠੀ ਸੀ ਤੇ ਟੀ. ਵੀ ਦਾ ਬਟਨ ਬੰਦ

ਕਰਕੇ ਉਹਨੇ ਮੂੰਹ ਤੇ ਚਾਦਰ ਲੈ ਲਈ। ਉਹਦੀ ਸਹੇਲੀ ਪ੍ਰੀਤ ਉਹਨੂੰ ਬੁਲਾਉਣ ਆਈ, "ਕਾਮਿਨੀ ਆ ਜਾ ਘਰ-ਘਰ ਖੇਡੀਏ", "ਨਹੀਂ ਪ੍ਰੀਤ ਮੈਂ ਨਹੀਂ ਜਾਣਾ ਮੇਰਾ ਢਿੱਡ ਦੁਖਦਾ।" ਕਾਮਿਨੀ ਨੇ ਮੁੜ ਚਾਦਰ ਆਪਣੇ ਮੂੰਹ 'ਤੇ ਲੈ ਲਈ।

ਪ੍ਰੀਤ ਕਾਮਿਨੀ ਦਾ ਇਹ ਵਤੀਰਾ ਵੇਖ ਕੇ ਮੂੰਹ ਲਟਕਾਈ ਆਪਣੇ ਘਰ ਨੂੰ ਚਲੀ ਗਈ। ਦੂਜੇ ਦਿਨ ਕਾਮਿਨੀ ਅਣਮੰਨੇ ਮਨ ਨਾਲ ਬਿਸਤਰੇ ਤੋਂ ਉੱਠੀ, ਉਹਦੇ ਦਿਮਾਗ ਵਿਚ ਬਹੁਤ ਕੁੱਝ ਟੁੱਟ ਭੱਜ ਰਿਹਾ ਸੀ। ਕਾਮਿਨੀ ਦਾ ਰੋਟੀ ਖਾਣ ਦਾ ਭੋਰਾ ਵੀ ਮਨ ਨਹੀਂ ਸੀ, ਬੁਝੇ ਮਨ ਨਾਲ ਉਹਨੇ ਅਚਾਰ ਦੇ ਮਰਤਬਾਨ ਨੂੰ ਅਜੇ ਹੱਥ ਲਾਇਆ ਹੀ ਸੀ, ਕਾਮਿਨੀ ਦੀ ਮਾਂ ਦੌੜੀ-ਦੌੜੀ ਆਈ, "ਅਜਿਹੇ ਦਿਨਾਂ ਵਿਚ ਅਚਾਰ ਨੂੰ ਹੱਥ ਨਹੀਂ ਲਾਈਦਾ।" ਮਾਂ ਨੇ ਫਟਾਫਟ ਅਚਾਰ ਦੀ ਫਾੜੀ ਕਾਮਿਨੀ ਦੇ ਹੱਥ ਵਿਚ ਫੜੀ ਰੋਟੀ ਤੇ ਰੱਖ ਦਿੱਤੀ। ਕਾਮਿਨੀ ਨੂੰ ਮਾਂ ਦਾ ਇਸ ਤਰ੍ਹਾਂ ਦਾ ਪਹਿਲੀ ਵਾਰ ਕੀਤਾ ਵਤੀਰਾ ਚੰਗਾ ਨਾ ਲੱਗਾ। ਪਰ ਉਹਨੇ ਮਾਂ ਨੂੰ ਕੋਈ ਸੁਆਲ ਜੁਆਬ ਨਾ ਕੀਤਾ।

ਕਾਮਿਨੀ ਆਪਣੇ ਕੇਸਾਂ ਨੂੰ ਤੋਲੀਏ ਨਾਲ ਪੂੰਝਦੀ ਗੁਸਲ ਖਾਨਿਓਂ ਬਾਹਰ ਆਈ, "ਮਾਂ ਮੈਂ ਮੰਦਿਰ ਜਾ ਆਮਾ।" , "ਨਹੀਂ ਤੂੰ ਅਜੇ ਚਾਰ... ਪੰਜ ਦਿਨ ਮੰਦਿਰ ਨਹੀਂ ਜਾਣਾ" ਮਾਂ ਨੇ ਉਸ ਨੂੰ ਮੰਦਿਰ ਨਾ ਜਾਣ ਦਾ ਇਸ਼ਾਰਾ ਕਰਕੇ ਕਮਰੇ ਵਿਚ ਚਲੇ ਜਾਣ ਲਈ ਆਖਿਆ।

ਕਾਮਿਨੀ ਮਾਂ ਦੇ ਪਿੱਛੇ ਹੀ ਕਮਰੇ ਵਿਚ ਦਾਖਲ ਹੋ ਗਈ, "ਮੈਂ ਕਿਉਂ ਨਹੀਂ ਮੰਦਿਰ ਜਾ ਸਕਦੀ?", "ਤੈਨੂੰ ਕਿਹਾ ਨਾ ਇਹਨਾਂ ਦਿਨਾਂ ਵਿਚ ਕੁੜੀਆਂ ਅਪਵਿੱਤਰ ਹੁੰਦੀਆਂ , ਤੂੰ ਮੰਦਿਰ ਨਹੀਂ ਜਾ ਸਕਦੀ।" ਮਾਂ ਖਿਝ ਕੇ ਕਾਮਿਨੀ ਨੂੰ ਪਈ।

ਮਹੀਨਾ ਲੰਘ ਗਿਆ, ਮੁੜ ਉਹੀ ਸਿਲਸਿਲਾ ਫਿਰ ਸ਼ੁਰੂ ਹੋ ਗਿਆ, ਕਾਮਿਨੀ ਕਚੀਚੀਆਂ ਵੱਟ ਰਹੀ ਸੀ,ਉਹ ਮੰਦਿਰ ਜਾ ਕੇ ਭਗਵਾਨ ਦੀ ਮੂਰਤੀ ਸਾਹਮਣੇ ਬੈਠ ਕੇ ਭਗਵਾਨ ਨੂੰ ਬਹੁਤ ਸਾਰੇ ਪ੍ਰਸ਼ਨ ਪੁੱਛਣਾ ਚਾਹੁੰਦੀ ਸੀ, " ਆਹ ਹਰੇਕ ਮਹੀਨੇ ਕੀ।"

ਕਾਮਿਨੀ ਦੀ ਚੰਚਲਤਾ ਖਤਮ ਹੋ ਰਹੀ ਸੀ, ਉਹ ਤਾਂ ਖੁੱਲ੍ਹੇ ਖੇਤਾਂ ਵਿਚ ਚਹਿਕਦੀ ਫਿਰਦੀ ਸੀ, ਪਰ ਹੁਣ ਮਾਂ ਨੇ ਉਸ ਨੂੰ ਘਰੋਂ ਬਾਹਰ ਜਾਣੋ ਰੋਕ ਦਿੱਤਾ ਸੀ, "ਤੂੰ ਇਕੱਲੀ ਨੇ ਘਰੋਂ ਨਹੀਂ ਜਾਇਆ ਕਰਨਾ ਮੇਰੇ ਨਾਲ ਹੀ ਜਾਇਆ ਕਰ ਜਦੋਂ ਕਿਸੇ ਦੇ ਘਰ ਜਾਣਾ ਹੁੰਦਾ, ਸਮਝੀ ਮੈਂ ਕੀ ਕਿਹਾ।" ਕਾਮਿਨੀ ਨੇ ਮਾਂ ਦੀ ਕੋਈ ਗੱਲ ਦਾ ਉੱਤਰ ਨਾ ਦਿੱਤਾ।

ਕੁੱਝ ਵਰ੍ਹੇ ਬੀਤ ਗਏ ਉਹ ਜੁਆਨ ਹੋ ਗਈ, ਝਿੜੀ ਵਾਲੇ ਬਾਬੇ ਦੇ ਡੇਰੇ ਤੇ ਚੌਵੀਂ ਘੰਟੇ ਧੂਣਾ ਬਲਦਾ ਰਹਿੰਦਾ ਤੇ ਧੂਣੇ ਦੀ ਚਾਰਦੀਵਾਰੀ ਲੋਹੇ ਦੇ ਮੋਟੇ ਐਂਗਲਾਂ ਨੂੰ ਵੈਲਡਿੰਗ ਕਰਕੇ ਕੀਤੀ ਹੋਈ ਹੈ ਤੇ ਇਸ ਧੂਣੇ ਦੇ ਅੱਗੇ ਲਿਖਿਆ ਹੈ, "ਇਸ ਤਰਫ ਔਰਤੋਂ ਕਾ ਆਨਾ ਸਖਤ ਮਨਾ ਹੈ, ਔਰਤੇ ਅਪਵਿੱਤਰ ਹੈ ਵਹੁ ਕਿਸੀ ਚੀਜ਼ ਕੋ ਹਾਥ ਨਹੀਂ ਲਗਾ ਸਕਤੀ।"

ਕਾਮਿਨੀ ਨੂੰ ਹੁਣ ਝਿੜੀ ਵਾਲੇ ਬਾਬੇ ਦੇ ਡੇਰੇ ਤੇ ਜਾਣਾ ਚੰਗਾ ਨਹੀਂ ਲੱਗਦਾ,ਹਰੇਕ ਸਾਲ ਚੇਤ ਚੌਦੇ ਦੀ ਮੱਸਿਆ ਨੂੰ ਇਸ ਸਥਾਨ ਤੇ ਬਹੁਤ ਵੱਡਾ ਮੇਲਾ ਲੱਗਦਾ ਹੈ, ਲੋਕ ਦੂਰੋਂ ਦੂਰੋਂ ਆ ਕੇ ਸੁੱਖੀਆਂ ਸੁੱਖਣਾ ਪੂਰੀਆਂ ਹੋਣ 'ਤੇ ਮੱਥਾ ਟੇਕਦੇ ਹਨ। ਧੂਣੇ ਦੇ ਸਾਹਮਣੇ ਹੀ ਵੱਡਾ ਸਾਰਾ ਪਿੱਪਲ ਦਾ ਦਰਖਤ ਹੈ, ਲੋਕਾਂ ਨੇ ਦਰਖਤ ਨੂੰ ਅੱਟਾ ਬੰਨ੍ਹ ਬੰਨ੍ਹ ਕੇ ਪਿੱਪਲ ਦਾ ਤਣਾ ਲੁਕੋਇਆ ਹੋਇਆ ਹੈ। ਨਾਂਗੇ ਸਾਧੂ ਟੋਲੀਆਂ ਬਣਾ - ਬਣਾ ਕੇ ਆ ਰਹੇ ਹਨ,ਉਹਨਾਂ ਦੇ ਹੱਥਾਂ ਵਿਚ ਵੱਡੇ ਵੱਡੇ ਤ੍ਰਿਸ਼ੂਲ ਹਨ ਤੇ ਪਿੰਡੇ ਤੇ ਬਿਭੂਤੀ ਮਲੀ ਹੋਈ ਹੈ। ਕਾਮਿਨੀ ਨੂੰ ਬਚਪਨ ਤੋਂ ਹੀ ਇਸ ਮੇਲੇ ਤੇ ਆ ਕੇ ਜਲੇਬੀਆਂ ਖਾਣੀਆਂ ਚੰਗੀਆਂ ਲੱਗਦੀਆਂ ਹਨ।

ਧੂਣੇ ਦੇ ਕੋਲ ਆ ਕੇ ਕਾਮਿਨੀ ਨੇ ਆਪਣੀ ਮਾਂ ਨੂੰ ਪ੍ਰਸ਼ਨ ਪੁੱਛਿਆ, "ਮੰਮੀ ਬਾਬਾ ਜੀ ਦਾ ਜਨਮ ਕਿਸੇ



ਔਰਤ ਦੇ ਪੇਟੋਂ ਨਹੀਂ ਹੋਇਆਂ" ਮਾਂ ਨੇ ਘੂਰੀ ਵੱਟੀ ਤੇ ਬੋਲੀ, "ਪੁੱਤ ਇੱਦਾਂ ਨਹੀਂ ਬੋਲੀਦਾ, ਬਾਬਾ ਜੀ ਨੂੰ ਵੀ ਜਨਮ ਉਹਨਾਂ ਦੀ ਮਾਂ ਨੇ ਹੀ ਦਿੱਤਾ ਹੈ।"

"ਅੱਛਾ ਮੰਮੀ ਜੇ ਬਾਬਾ ਜੀ ਨੂੰ ਜਨਮ ਉਹਨਾਂ ਦੀ ਮਾਂ ਨੇ ਹੀ ਦਿੱਤਾ ਹੈ ਤਾਂ ਡੇਰੇ ਵਿਚ ਔਰਤਾਂ ਨਾਲ ਵਿਤਕਰਾ ਕਿਉਂ ਹੁੰਦਾ?"

ਮਾਂ ਕੁੱਝ ਦੇਰ ਰੁਕ ਕੇ ਬੋਲੀ, "ਪੁੱਤ ਇੱਦਾਂ ਨ੍ਹੀਂ ਬੋਲੀਦਾ, ਵੱਡਾ ਪਾਪ ਲੱਗੂ ਤੂੰ ਚੁੱਪ ਕਰ ਜਾ।" ਕਾਮਿਨੀ ਚੁੱਪ ਤਾਂ ਕਰ ਗਈ, ਪਰ ਹੁਣ ਉਹ ਦਿਨੋਂ ਦਿਨ ਗੰਭੀਰ ਹੁੰਦੀ ਜਾਂ ਰਹੀ ਸੀ ਤੇ ਮੁੜ ਕੇ ਉਹ ਕਦੇ ਵੀ ਝਿੜੀ ਵਾਲੇ ਬਾਬੇ ਦੇ ਡੇਰੇ ਤੇ ਨਹੀਂ ਗਈ। ਕਾਮਿਨੀ ਨੱਚਣ ਟੱਪਣ ਵਾਲੀ ਕੁੜੀ ਸੀ, ਪਰ ਹੁਣ ਉਹ ਸ਼ਾਤ ਚਿੱਤ।

ਕਾਮਿਨੀ ਨੂੰ ਗਰਮੀ ਦੀਆਂ ਛੁੱਟੀਆਂ ਹੋ ਗਈਆਂ । ਉਸ ਨੇ ਮਨ ਬਣਾ ਲਿਆ ਗੀਤਾ ਦਾ ਅਧਿਐਨ ਕਰਨ ਦਾ । ਕਾਮਿਨੀ ਆਪਣੀ ਮਾਂ ਵਾਂਗ ਹੀ ਘਰ ਵਿਚ ਬਣਾਏ ਮੰਦਿਰ ਵਿਚੋਂ ਗੀਤਾ ਚੁੱਕ ਲਿਆਈ। ਮਾਂ ਨੱਠੀ-ਨੱਠੀ ਆਈ ਉਸਨੇ ਕਾਮਿਨੀ ਦੇ ਹੱਥੋਂ ਗੀਤਾ ਫੜ੍ਹ ਲਈ, "ਛੱਡ ਕੀ ਕਰ ਰਹੀ ਏ, ਬਹੁਤ ਵੱਡਾ ਪਾਪ ਲੱਗੂ" , "ਮਾਂ ਕਿਓ?"

"ਝੱਲੀ ਨਾ ਹੋਵੇ ਤਾਂ" ਮਾਂ ਮੂੰਹ ਵਿਚ ਹੀ ਬੁੜਬੁੜਾਈ। ਕਾਮਿਨੀ ਮਾਂ ਨੂੰ ਸਮਝਾਉਣਾ ਚਾਹੁੰਦੀ ਸੀ ਮਾਂ ਮੈਂ ਅਪਵਿੱਤਰ ਨਹੀਂ, ਮੇਰੇ ਗੀਤਾ ਪੜ੍ਹਨ ਨਾਲ ਕਿਵੇਂ ਅਪਵਿੱਤਰ ਹੋ ਜਾਊ।

ਮਾਂ ਗੀਤਾ ਫੜ੍ਹ ਕੇ ਮੰਦਿਰ ਵਿਚ ਰੱਖਣ ਚਲੀ ਗਈ ਤੇ ਕਾਮਿਨੀ ਨੇ ਜ਼ੋਰ ਨਾਲ ਕਮਰੇ ਦਾ ਦਰਵਾਜ਼ਾ ਬੰਦ ਕੀਤਾ। ਮਾਂ ਬੁੜ-ਬੁੜ ਕਰਦੀ ਵਿਹੜੇ ਵਿਚ ਆ ਕੇ ਘਰ ਦੇ ਕੰਮਾਂ ਵਿਚ ਲਗ ਗਈ। ਕਾਮਿਨੀ ਨੇ ਧਰਮ ਕਰਮ ਦੇ ਕੰਮ ਛੱਡ ਦਿੱਤੇ ਤੇ ਉਸ ਨੇ ਸਮਾਜ ਸੇਵਾ ਕਰਨ ਦਾ ਪ੍ਰਣ ਕਰ ਲਿਆ ਤੇ ਇਕ ਐਨ. ਜੀ.ਓ. ਬਣਾ ਲਈ।

ਕਾਮਿਨੀ ਰੋਜ਼ ਪੜ੍ਹਨ ਲਈ ਬੱਸ ਵਿਚ ਬੈਠ ਕੇ ਸ਼ਹਿਰ ਦੇ ਕਾਲਜ ਜਾਂਦੀ। ਜਿਸ ਬੱਸ ਅੱਡੇ ਤੇ ਉਹਦੀ ਬੱਸ ਰੁਕਦੀ, ਰੋਜ਼ਾਨਾ ਇਕ ਮੁੰਡਾ ਉਹਦੀ ਬੱਸ ਵਿਚ ਚੜਦਾ, ਉੱਚਾ ਲੰਬਾ, ਸੋਹਣਾ ਸੁਨੱਖਾ ਉਹਨੂੰ ਵੇਖਦਿਆਂ ਹੀ ਕਾਮਿਨੀ ਅੱਖਾਂ ਅੱਖਾਂ ਵਿਚ ਹੀ ਉਹਦੀ ਤਸਵੀਰ ਆਪਣੇ ਦਿਲ ਵਿਚ ਛੁਪਾ ਲੈਂਦੀ, ਹੁਣ ਕਾਮਿਨੀ ਨੂੰ ਗੁਲਾਬੀ ਰੰਗ ਬਹੁਤ ਸੋਹਣਾ ਲੱਗਣ ਲੱਗ ਪਿਆ। ਪਿੰਕ ਰੰਗ ਦੀ ਉਹ ਹਲਕੀ ਹਲਕੀ ਲਿਪਸਟਿਕ ਲਾਉਂਦੀ । ਬਹੁਤ ਕੁੱਝ ਉਹ ਹੁਣ ਗੁਲਾਬੀ ਰੰਗ ਦਾ ਮੈਚਿੰਗ ਕਰਦੀ।

ਕਾਮਿਨੀ ਨੂੰ ਇਕ ਦਿਨ ਉਹ ਮੁੰਡਾ ਉਸ ਬੱਸ ਵਿਚ ਨਾ ਮਿਲਿਆ ਤਾਂ ਉਹਦੇ ਮਨ ਨੂੰ ਬੇਚੈਨੀ ਹੋਣ ਲੱਗ ਪਈ। ਉਸੇ ਰਸਤੇ ਵਿਚ ਇਕ ਈਦਗਾਹ ਸੀ, ਉਹ ਅਣਜਾਣ ਮੁੰਡਾ ਈਦਗਾਹ ਵਿਚੋਂ ਬਾਹਰ ਆ ਰਿਹਾ ਸੀ। ਕਾਮਿਨੀ ਜਾਣ ਗਈ ਇਹ ਮੁੰਡਾ ਤਾਂ ਉਸ ਦੇ ਧਰਮ ਦਾ ਨਹੀਂ ਹੈ। ਉਹ ਬਹੁਤ ਵਾਰੀ ਉਸ ਨੂੰ ਬੁਲਾਉਣ ਦੀ ਕੋਸ਼ਿਸ਼ ਕਰਦੀ ਪਰ ਕਦੇ ਬੁਲਾ ਨਾ ਸਕੀ। ਕਾਮਿਨੀ ਦੇ ਸੁਭਾਅ ਵਿਚ ਆਈ ਤਬਦੀਲੀ ਤੇ ਪਹਿਨੇ ਜਾ ਰਹੇ ਸ਼ੌਖ ਰੰਗਾਂ ਦੀ ਭਿਣਕ ਘਰ ਦਿਆ ਤੱਕ ਵੀ ਪਹੁੰਚ ਗਈ ਤੇ ਉਹਨਾਂ ਨੇ ਕਾਮਿਨੀ ਦੇ ਵਿਆਹ ਲਈ ਮੁੰਡੇ ਦੀ ਤਲਾਸ਼ ਆਰੰਭ ਕਰ ਦਿੱਤੀ। ਕਾਮਿਨੀ ਈਦਗਾਹ ਵਾਲੇ ਮੁੰਡੇ ਦਾ ਹੱਥ ਫੜ੍ਹ ਕੇ ਪਿਆਰ ਦਾ ਇਜ਼ਹਾਰ ਕਰਨਾ ਚਾਹੁੰਦੀ ਸੀ ਪਰ ਕਰ ਨਾ ਸਕੀ।

ਕਾਮਿਨੀ ਦੀ ਪੜਾਈ ਵਿਚੇ ਹੀ ਰਹਿ ਗਈ , ਹੁਣ ਉਹ ਦੁਲਹਨ ਬਣ ਗਈ ਸੀ, ਉਹ ਨਵਾਂ ਮਾਹੌਲ ਤੇ ਨਵੇਂ ਘਰ ਵਿਚ ਪ੍ਰਵੇਸ਼ ਕਰ ਗਈ। ਪਤੀ ਨੇ ਉਹ ਨੂੰ ਹਲਕਾ ਜਿਹਾ ਚੁੰਮਿਆ ਤੇ ਦੋ ਕੁ ਘੰਟਿਆਂ ਮਗਰੋਂ ਹੀ ਕਾਮਿਨੀ ਦਾ ਪਤੀ ਸੂਰਜ ਉਹ ਨਾਲ ਖਹਿਬੜ ਪਿਆ, "ਆਹ ਚਾਦਰ ਤਾਂ.... ਤੂੰ ਪਵਿੱਤਰ ਨਹੀਂ"

ਸਾਰਾ ਪਰਿਵਾਰ ਕਾਮਿਨੀ ਦੇ ਘਰ ਆ ਜਾਣ ਨਾਲ ਖੁਸ਼ ਸੀ। ਉਹ ਬਗ਼ੈਰ ਕਿਸੇ ਦੇ ਕਹੇ ਹਰ ਇਕ ਜੀਅ ਦੀ ਇੱਛਾ ਪੂਰੀ ਕਰਦੀ। ਜੇ ਕੋਈ ਖੁਸ਼ ਨਹੀਂ ਸੀ ਤਾਂ ਉਹ ਸੀ ਉਸ ਦਾ ਪਤੀ। ਸੂਰਜ ਸਮਝਦਾ ਸੀ

ਕਾਮਿਨੀ ਦੇ ਵਿਆਹ ਤੋਂ ਪਹਿਲਾਂ ਹੀ ਗ਼ੈਰ ਮਰਦਾਂ ਨਾਲ ਸੰਬੰਧ ਹਨ।

"ਜੀ ਰੋਟੀ ਖਾ ਲਵੋ" ਕਾਮਿਨੀ ਨੇ ਰੋਟੀ ਵਾਲੀ ਪਲੇਟ ਸੂਰਜ ਵੱਲ ਨੂੰ ਕਰਦਿਆਂ ਕਿਹਾ, ਸੂਰਜ ਨੇ ਪਲੇਟ ਵਗਾਹ ਕੇ ਮਾਰੀ, ਕਾਮਿਨੀ ਦੇ ਸਿਲਕ ਦੇ ਸੂਟ ਤੇ ਛਿੱਟੇ ਪੈ ਗਏ। ਉਹ ਫਟਾਫਟ ਫਰਸ਼ ਸਾਫ ਕਰਨ ਲੱਗੀ ਤੇ ਕੱਪੜੇ ਬਦਲਣ ਚਲੀ ਗਈ , ਹਣ ਉਹ ਸੂਟ ਦੀ ਜਗ੍ਹਾਂ ਸਾੜੀ ਪਹਿਨ ਕੇ ਆਈ। ਜੇ ਉਹ ਸਾੜੀ ਪਹਿਨਦੀ, " ਆਹ ਕੀ ਪਾ ਲਿਆ?" ਜੇ ਉਹ ਸੂਟ ਪਾਉਂਦੀ ਤਾਂ ਸੂਰਜ ਸੂਟ ਦੀਆਂ ਨੁਕਸਾ ਕੱਢਣ ਲੱਗ ਪੈਂਦਾ। "ਨਾ ਤੈਨੂੰ ਮੇਕਅੱਪ ਨੀ ਕਰਨਾ ਆਉਂਦਾ, ਕਿਵੇਂ ਬੂਥਾਂ ਰੰਗ ਲਿਆ।" ਸੂਰਜ ਬੁੜ ਬੁੜ ਕਰਦਾ ਅਖ਼ਬਾਰ ਪੜਨ ਲੱਗ ਪਿਆ।

ਦਿਨ ਬੀਤ ਰਹੇ ਸਨ, ਸਾਲ ਬੀਤ ਗਏ। ਕਾਮਿਨੀ ਨੇ ਤਰਲਾ ਕਰਦਿਆਂ ਰਾਤ ਨੂੰ ਨਾਂਹ ਨੁੱਕਰ ਜਿਹੀ ਕੀਤੀ। ਸੂਰਜ ਨੇ ਮੋਟੀ ਜਿਹੀ ਗਾਲ ਕੱਢੀ, "ਸਾਲੀ।" ਕਾਮਿਨੀ ਕੁੱਝ ਕਹਿਣਾ ਚਾਹੁੰਦੀ ਸੀ ਪਰ ਉਹ ਇਕ ਨੀ ਸੁਣਦਾ। ਸੂਰਜ ਤੇ ਕਾਮਿਨੀ ਦੀ ਸਾਂਝ ਸਿਰਫ਼ ਕੁਝ ਘੰਟਿਆਂ ਤੱਕ ਹੀ ਸੀ। ਘਰ ਇਕ ਸੀ,ਕਮਰਾ ਇਕ ਸੀ, ਛੱਤ ਇਕ ਸੀ, ਬੈੱਡ ਇਕ ਸੀ ਜੇ ਇਕ ਨਹੀਂ ਸੀ ਤਾਂ ਉਹ ਸੀ ਦੋਹਾਂ ਦੇ ਦਿਲਾਂ ਦੀ ਧੜਕਣ।

ਕਾਮਿਨੀ ਨੂੰ ਹਸਪਤਾਲ ਦੀ ਓ. ਪੀ. ਡੀ ਵਿਚੋਂ ਬਾਹਰ ਲਿਆ ਕੇ ਆਈ. ਸੀ. ਯੂ ਵਿਚ ਸ਼ਿਫਟ ਕਰ ਦਿੱਤਾ ਗਿਆ,ਉਹਨਾਂ ਦੇ ਪਰਿਵਾਰ ਵਿਚ ਇਕ ਬੱਚੀ ਨੇ ਜਨਮ ਲਿਆ, ਬੱਚੀ ਦਾ ਨਾਮ ਪਰੀ ਰੱਖਿਆ ਗਿਆ ਉਸ ਦੀ ਸੂਰਤ ਹੀ ਪਰੀਆਂ ਵਰਗੀ ਸੀ। ਕਾਮਿਨੀ ਨੇ ਪਹਿਲੀ ਵਾਰ ਸੂਰਜ ਦੇ ਚਿਹਰੇ ਤੇ ਇਕ ਹਲਕੀ ਜਿਹੀ ਮੁਸਕਾਨ ਤੱਕੀ ਤੇ ਉਹ ਆਪਣਾ ਦਰਦ ਕੁੱਝ ਦੇਰ ਲਈ ਭੁੱਲ ਗਈ।

ਸੂਰਜ ਦੀ ਮਾਂ ਨੇ ਪਰੀ ਨੂੰ ਆਪਣੇ ਹੱਥਾਂ ਵਿਚ ਚੁੱਕਿਆ ਹੋਇਆ ਸੀ ਤੇ ਆਖ ਰਹੀ ਸੀ, "ਪਰੀ ਤਾਂ ਨਿਰੀ ਆਪਣੇ ਬਾਪ ਤੇ ਗਈ ਹੈ, ਆਹ ਵੇਖੋ ਕਿਵੇਂ ਪਿਓ ਵਰਗੀਆਂ ਅੱਖਾਂ ਤੇ ਹੱਥ ਪੈਰ ਹਨ।"

ਸੂਰਜ ਦਾ ਪਰਿਵਾਰ ਖੁਸ਼ ਸੀ, ਘਰ ਵਿਚ ਲੱਛਮੀ ਆਈ ਹੈ। ਦਿਨੋਂ ਦਿਨ ਪਰੀ ਵੱਡੀ ਹੋ ਰਹੀ ਸੀ। ਸੂਰਜ ਤੇ ਕਾਮਿਨੀ ਵਿਚ ਦਿਲਾਂ ਦੀ ਦੂਰੀ ਬੱਚੇ ਦੇ ਆਉਣ ਨਾਲ ਵੀ ਨਾ ਘਟੀ। ਕਾਮਿਨੀ ਸੂਰਜ ਦੀਆਂ ਕੌੜੀਆਂ ਗੱਲਾਂ ਦਾ ਕੋਈ ਉੱਤਰ ਨਾ ਦਿੰਦੀ। ਉਹ ਮੂੰਹ ਵਿਚ ਹੀ ਕੁੱਝ ਨਾ ਕੁੱਝ ਬੋਲਦਾ ਰਹਿੰਦਾ ਸੀ। ਸੂਰਜ ਦੁਆਰਾ ਕਾਮਿਨੀ ਦੇ ਹਰ ਕੰਮ ਵਿਚ ਨੁਕਸ ਕੱਢਣ ਦੀ ਆਦਤ ਤੋਂ ਪੂਰਾ ਟੱਬਰ ਵਾਕਿਫ਼ ਸੀ।

ਪੰਦਰਾ ਵਰ੍ਹੈ ਬੀਤ ਗਏ ਕਾਮਿਨੀ ਦਾ ਚਿਹਰਾ ਢਿਲਕ ਰਿਹਾ ਸੀ,ਉਹਦੀ ਫਿੱਗਰ ਵਿਚ ਵੀ ਪਹਿਲਾਂ ਵਾਲਾ ਅਕਰਸ਼ਣ ਨਹੀਂ ਰਿਹਾ, ਫਿੱਗਰ ਥੋੜੀ ਢਿਲਕ ਗਈ, ਲੱਕ ਥੋੜਾ ਭਾਰਾ ਹੋ ਗਿਆ ਤੇ ਢਿੱਡ ਦਾ ਮਾਸ ਵੀ ਲਟਕਦਾ ਸਾਫ ਦਿਸਦਾ ਸੀ।

ਕਾਮਿਨੀ ਪੰਦਰਾਂ ਦਿਨਾਂ ਤੋਂ ਸੈਨਟਰੀ ਪੈਂਡ ਬਦਲ-ਬਦਲ ਕੇ ਅੱਕ ਗਈ ਸੀ, ਬਲੀਡਿੰਗ ਬਹੁਤ ਹੋ ਰਹੀ ਸੀ। ਸੂਰਜ ਲਈ ਇਹ ਪੰਦਰਾਂ ਦਿਨ ਲੰਘਾਉਣੇ ਮੁਸ਼ਕਿਲ ਹੋ ਗਏ। ਕਾਮਿਨੀ ਨੂੰ ਖਿਝ ਚੜਦੀ,ਉਹਦਾ ਸੁਭਾਓ ਚਿੜਚਿੜਾ ਹੋ ਗਿਆ। ਪੰਦਰਾਂ ਦਿਨਾਂ ਮਗਰੋਂ ਹੀ ਕਾਮਿਨੀ ਦੀ ਇਹ ਹਾਲਤ ਵਾਰ-ਵਾਰ ਹੋ ਰਹੀ ਸੀ।

"ਮਿਸਿਜ਼ ਕਾਮਿਨੀ ਤੁਹਾਡੇ ਸਰੀਰ ਵਿਚ ਹਾਰਮੋਨਜ਼ ਦੀ ਤਬਦੀਲੀ ਹੋ ਰਹੀ ਹੈ, ਲੱਗਦਾ ਇਹ ਮੀਨੋਪਾਜ਼ ਹੈ।" ਡਾਕਟਰ ਪਿੰਕੀ ਅਲ਼ੇਜਾਬੈਥ ਨੇ ਚੈਕਅੱਪ ਕਰਕੇ ਸਲਿੱਪ ਕਾਮਿਨੀ ਦੇ ਹੱਥ ਵੱਲ ਵਧਾਉਂਦੇ ਹੋਏ ਉਸ ਨੂੰ ਲੋਅਰ ਐਬਡੋਮਨ ਦੀ ਸਕੈਨ ਕਰਵਾਉਣ ਦੀ ਸਲਾਹ ਦੇ ਕੇ ਹਫਤੇ ਦੀਆਂ ਦਵਾਈਆਂ ਸਲਿਪ ਤੇ ਲਿਖ ਕੇ ਦੇ ਦਿੱਤੀਆਂ।

ਕਾਮਿਨੀ ਨੇ ਮੈਡੀਕਲ ਸਟੋਰ ਤੋਂ ਦਵਾਈਆਂ ਲਈਆਂ ਤੇ ਘਰ ਆ ਗਈ ਕੁੱਝ ਮਹੀਨਿਆਂ ਦੇ ਟਰੀਟਮੈਂਟ ਤੋਂ ਬਾਅਦ ਉਸ ਨੂੰ ਆਪਣੀ ਸਥਿਤੀ ਸਪੱਸ਼ਟ ਹੋ ਗਈ। ਕਾਮਿਨੀ ਨੂੰ ਇਸ ਸਮੇਂ ਕਿਸੇ ਚੰਗੇ



ਸਾਥੀ ਦੀ ਹਮਦਰਦੀ ਦੀ ਲੋੜ ਸੀ।

ਸੂਰਜ ਦੇ ਸ਼ਾਮ ਨੂੰ ਪੈੱਗ ਲਾਉਣ ਦੀ ਗਿਣਤੀ ਵਧ ਗਈ ਤੇ ਉਹ ਕਾਮਿਨੀ ਨੂੰ ਆਖਦਾ, "ਕੀ ਡਰਾਮਾ ਬਣਾਈ ਰੱਖਦੀ ਏ, ਪੀਰੀਅਡ ਆਇਆ ਪੀਰੀਅਡ ਆਇਆ", ਉਹ ਅੰਦਰ ਜਾਂਦਾ ਤੇ ਡੱਬੀ ਚੁੱਕ, "ਤੂੰ ਹੁਣ ਬੁੱਢੀ ਹੋ ਗਈ। ਸੂਰਜ ਨੇ ਖਾਲੀ ਬੋਤਲ ਨੂੰ ਪੈਰ ਨਾਲ ਰੋੜਦਿਆਂ ਕਾਮਿਨੀ ਨੂੰ ਤਾਹਨਾ ਮਾਰਿਆ।

ਕਾਮਿਨੀ ਕਈ ਦਿਨ ਅੱਧੀ ਰਾਤ ਤੱਕ ਸੂਰਜ ਦੀ ਉਡੀਕ ਕਰਦੀ ਰਹਿੰਦੀ ਪਰ ਸੂਰਜ ਨੇ ਹੁਣ ਘਰ ਆਉਂਣਾ ਹੀ ਬੰਦ ਕਰ ਦਿੱਤਾ। ਕਾਮਿਨੀ ਦੇ ਮਨ ਵਿਚ ਕਦੇ ਕਦੇ ਖਿਆਲ ਆਉਂਦਾ ਮੈਂ ਤਾਂ ਵਰਤਿਆ ਹੋਇਆ ਸੈਨਟਰੀ ਪੈਂਡ ਹਾਂ। ਕਾਮਿਨੀ ਆਪਣੇ ਆਪ ਨੂੰ ਬਹੁਤ ਇਕੱਲਤਾ ਵਿਚ ਮਹਿਸੂਸ ਕਰ ਰਹੀ ਸੀ। ਇਕੱਲੀ ਤਾਂ ਉਹ ਉਦੋਂ ਹੀ ਹੋ ਗਈ ਸੀ ਜਦੋਂ ਉਸ ਦਾ ਵਿਆਹ ਹੋਇਆ ਸੀ..


ਪਤਾ ਹੀ ਨਾ ਲੱਗਾ ਇਕ ਦਿਨ ਕਦੋਂ ਉਹ ਨਹਿਰ ਦੇ ਪੁਲ ਤੱਕ ਪਹੁੰਚ ਗਈ, ਉਹਨੇ ਨਹਿਰ ਦੇ ਪਾਣੀ ਵੱਲ ਇਕ ਪੈਰ ਵਧਾਇਆ ਤਾਂ ਉਸ ਨੇ ਨਿਰਮਲ ਪਾਣੀ ਵਿਚ ਆਪਣਾ ਅਕਸ ਵੇਖਿਆ, ਉਸ ਨੂੰ ਪਾਣੀ ਵਿਚ ਪਰੀ ਤੈਰਦੀ ਦਿਸੀ ਉਸ ਨੇ ਪਰੀ ਨੂੰ ਫੜ੍ਹਨ ਦਾ ਯਤਨ ਕੀਤਾ, ਪਰੀ ਡੁੱਬ ਗਈ। ਕਾਮਿਨੀ ਨੇ ਪੈਰ ਪਿਛਾਹ ਨੂੰ ਪੁੱਟੇ ਤੇ ਘਰ ਆ ਕੇ ਪਰੀ ਨੂੰ ਬਾਹਾਂ ਵਿਚ ਘੁੱਟ ਕੇ ਚੁੰਮਿਆ। ਅਗਲੇ ਦਿਨ ਉਹ ਡਾਕਟਰ ਪਿੰਕੀ ਅਲ਼ੇਜਾਬੈਥ ਕੋਲ ਗਈ। ਡਾਕਟਰ ਪਿੰਕੀ ਨੇ ਉਸ ਦਾ ਚੈਕਅੱਪ ਕੀਤਾ ਦਵਾਈਆਂ ਦੀ ਸਲਿੱਪ ਬਣਾ ਕੇ ਦਿੱਤੀ ਤੇ ਉਸ ਨੂੰ ਲੋਅਰ ਐਬਡੋਮਨ ਦੀ ਸਕੈਨ ਕਰਵਾਉਣ ਲਈ ਕਿਹਾ। ਕਾਮਿਨੀ ਨੇ ਸਕੈਨ ਕਰਵਾਈ ਰਿਪੋਰਟ ਠੀਕ ਸੀ, ਉਸ ਨੇ ਲਗਾਤਾਰ ਦਵਾਈ ਖਾਧੀ ਤੇ ਕੁੱਝ ਮਹੀਨਿਆਂ ਵਿਚ ਹੀ ਉਹ ਮੀਨੋਪਾਜ਼ ਦੀ ਸਥਿਤੀ ਤੋਂ ਬਾਹਰ ਆ ਗਈ । ਸੂਰਜ ਦਾ ਕੋਈ ਅਤਾ ਪਤਾ ਨਹੀਂ ਸੀ ਕਿੱਧਰ ਚਲਿਆ ਗਿਆ ਹੈ।

ਕਾਮਿਨੀ ਨੇ ਟੇਬਲ ਤੇ ਪਿਆ ਲੈਂਪ ਜਗਾਇਆ, ਉਸ ਦੀ ਜ਼ਿੰਦਗੀ ਵਿਚ ਰੋਸ਼ਨੀ ਹੀ ਰੌਸ਼ਨੀ ਫੈਲ ਗਈ।ਕਾਮਿਨੀ ਵਿਆਹ ਤੋਂ ਪਹਿਲਾਂ ਇਕ ਐਨ.ਜੀ.ਓ ਚਲਾਉਂਦੀ ਸੀ।ਉਸ ਨੇ ਆਪਣੀ ਸਹੇਲੀ ਕਾਸਿਨ ਨਾਲ ਮਿਲ ਕੇ ਬੇਸਹਾਰਾ ਔਰਤਾਂ ਲਈ ਸੈਲਫ ਹੈਲਪ ਗਰੁੱਪ ਦੀ ਸ਼ੁਰੂਆਤ ਕੀਤੀ।ਉਸ ਦੁਆਰਾ ਚਲਾਏ ਜਾ ਰਹੇ ਸੈਲ.ਫ ਹੈਲਪ ਗਰੁੱਪ ਨੂੰ ਦੇਸ਼ ਵਿਦੇਸ਼ ਵਿਚ ਮਾਨਤਾ ਮਿਲ ਗਈ ਸੀ।ਬਹੁਤ ਸਾਰੀਆਂ ਬੇਸਹਾਰਾ ਔਰਤਾਂ ਲਈ ਉਹ ਰੱਬ ਤੋਂ ਵੀ ਵੱਧ ਸੀ ਜਿਨਹਾਂ ਨੂੰ ਉਸ ਨੇ ਰੋਜਗਾਰ ਦਿੱਤਾ ਸੀ।

ਕਾਮਿਨੀ ਪੰਜ੍ਹਾਵਾਂ ਵਰ੍ਹਾ ਪਾਰ ਕਰ ਗਈ । ਕਾਮਿਨੀ ਦੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ ਤੇ ਪਰੀ ਭਰ ਜੁਆਨ ਹੋ ਗਈ ਹੈ।ਕਾਮਿਨੀ ਦੇ ਟੇਬਲ ਤੇ ਇਕ ਚਿੱਠੀ ਪਈ ਹੈ,ਉਹ ਵਾਰ-ਵਾਰ ਚਿੱਠੀ ਪੜ੍ਹ ਰਹੀ ਹੈ, "ਚਿੱਠੀ ਵਿਚ ਗੋਲਡਨ ਅੱਖਰਾਂ ਨਾਲ ਲਿਖਿਆ ਹੈ "ਤੁਸੀਂ ਜੋ ਨਾਰੀ ਸ਼ਕਤੀ ਲਈ ਕੰਮ ਕੀਤੇ ਹਨ, ਤੁਹਾਡੀ ਚੋਣ ਨੋਬਲ ਪ੍ਰਾਈਜ਼ ਲਈ ਹੋਈ।" ਦੇਸ਼ ਦੇ ਸਾਰੇ ਟੀ.ਵੀ ਚੈਨਲ ਪ੍ਰਾਈਮ ਟਾਈਮ ਤੇ ਲਗਾਤਾਰ ਦੋ ਦਿਨ ਕਾਮਿਨੀ ਦੀ ਹੀ ਕਵਰੇਜ਼ ਕਰਦੇ ਰਹੇ। **(ਮੋਬਾਇਲ 9464330803 )**

## *ਕਹਾਣੀ ਧਾਰਾ ਦੇ ਪਾਠਕਾਂ ਨੂੰ*

*ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ 'ਕਹਾਣੀ ਧਾਰਾ' ਪਿਛਲੇ ਪੰਦਰਾ ਸਾਲਾਂ ਤੋਂ ਨਿਰੰਤਰ ਛਪ ਰਿਹਾ ਏ। ਸਾਡੇ ਕੋਲ ਵਿਤੀ ਸਰੋਤ ਵੀ ਐਨੇ ਨਹੀਂ ਕਿ ਅਸੀਂ ਪਰਚੇ ਨੂੰ ਮਹਿੰਗੀ ਸੁਰਖੀ-ਬਿੰਦੀ ਤੇ ਪਾਊਡਰ ਨਾਲ ਮੇਕਅੱਪ ਕਰਕੇ ਛਾਪੀਏ। 'ਕਹਾਣੀ ਧਾਰਾ' ਪਾਠਕਾਂ ਵੱਲੋਂ ਖਰੀਦੇ ਜਾਂਦੇ ਧੰਨ ਨਾਲ ਵੀ ਨਹੀਂ ਚੱਲਦਾ। ਹਰ ਅੰਕ ਵਿਚ ਅਸੀਂ ਆਪਣੀ ਜੇਬ ਵਿਚੋਂ ਧੰਨ ਲਗਾਉਂਦੇ ਹਾਂ। ਸੋ ਕੋਸ਼ਿਸ਼ ਕਰੋ ਕਿ ਪਰਚਾ ਮੁ.ਫਤ ਨਾ ਪੜ੍ਹਿਆ ਜਾਵੇ। ਸਟਾਲਾਂ ਤੋਂ ਖਰੀਦਣ ਦੀ ਬਜਾਏ ਪਰਚੇ ਦੇ ਪਾਠਕ ਬਣੋ, ਕਿਉਂਕਿ ਸਟਾਲਾਂ ਵਾਲੇ ਵੀ ਧੰਨ ਦੱਬ ਲੈਂਦੇ ਹਨ।*



## ਕਹਾਣੀ / ਹੈਪੀ ਬਰਥਡੇ ਪਾਪਾ/ – ਗੁਰਮੀਤ ਸਿੰਘ ਬਿਰਦੀ

***ਗੁਰਮੀਤ ਦੀ ਇਸ ਕਹਾਣੀ ਨੇ ਮੇਰਾ ਧਿਆਨ ਇਸ ਲਈ ਖਿੱਚਿਆ ਹੈ ਕਿ ਉਸ ਨੇ ਸਮਕਾਲ ਵਿਚ ਪਨਪੀ ਮਿਡਲ ਕਲਾਸ ਦੇ ਕਰੈਕਟਰ ਨੂੰ ਆਪਣੀ ਕਹਾਣੀ ਵਿਚ ਫੜਿਆ ਹੈ। ਕਹਾਣੀ ਵਿਚ ਮਿਡਲ ਕਲਾਸ ਵਿਚ ਜੀਵਨ ਜੀਅ ਰਹੇ ਦੰਪਤੀ ਜੋੜੇ ਨੂੰ ਪੇਸ਼ ਕੀਤਾ ਗਿਆ ਹੈ। ਦਫ਼ਤਰ ਦੇ ਕੰਮ ਦੇ ਬੋਝ ਤੇ ਧੰਨ ਮਗਰ ਭੱਜੇ ਮੱਧ ਵਰਗੀ ਬੰਦੇ ਦੀ ਮਾਨਸਿਕ ਟੁੱਟ ਭੱਜ ਨੂੰ ਕਹਾਣੀਕਾਰ ਨੇ ਇਸ ਕਹਾਣੀ ਵਿਚ ਬੜੀ ਕੁਸ਼ਲਤਾ ਨਾਲ ਪੇਸ਼ ਕੀਤਾ ਹੈ। ਇਕ ਪਾਸੇ ਮਰਦ ਵੱਲੋਂ ਆਪਣੇ ਆਪ ਨੂੰ ਸਰਵਾਇਵ ਕਰਨ ਦੀ ਦੌੜ ਹੈ ਦੂਜੇ ਪਾਸੇ ਨਾਰੀ ਦੀਆਂ ਰੀਝਾ ਹਨ। ਇਸ ਕਸ਼ਮਕਸ਼ ਵਿਚ ਤਣਾਓ ਹੈ। ਸੰਕਟ ਹੈ। -ਸੰਪਾਦਕ)***

ਸਿੱਧੀ ਸਪਾਟ ਸੜਕ ਉੱਤੇ ਤੇਜ਼ ਰਫਤਾਰ ਚਲਦੀ ਕਾਰ ਅਚਾਨਕ ਕੱਚੇ ਉਤਰ ਗਈ ਅਤੇ ਚੀਕਦੀ ਬਰੇਕ ਨਾਲ ਧੂੜ ਉਡਾਉਂਦੀ ਹੋਈ ਰੁੱਕ ਗਈ ।ਧੂੜ ਦੇ ਗੁਬਾਰ ਵਿਚ ਕਾਰ ਜਿਵੇਂ ਕੁਝ ਪਲਾਂ ਲਈ ਗੁੰਮ ਹੀ ਹੋ ਗਈ । ਲੋਕਾਂ ਦੀ ਭੀੜ ਜੁੜਨ ਲੱਗੀ ਅਤੇ ਆਉਂਦੇ ਜਾਂਦੇ ਵਾਹਨਾਂ ਦਾ ਟਰੈਫਿਕ ਥਮ ਜਿਹਾ ਗਿਆ। ਇਸ ਤੋਂ ਬੇਖ਼ਬਰ ਨਰਿੰਦਰ ਸਟੇਰਿੰਗ ‘ਤੇ ਸਿਰ ਸੁੱਟੀ ਗੁੰਮ-ਸੁੰਮ ਪਿਆ ਰਿਹਾ ।“ਕੀ ਹੋਇਆ ਕੀ ਹੋਇਆ।” ਭੀੜ ਵਿਚੋਂ ਆਉਂਦੀਆਂ ਆਵਾਜ਼ਾਂ ਸੁਣ ਕੇ ਉਸ ਨੇ ਹੋਸ਼ ਸੰਭਾਲਦੇ ਹੋਏ ਸਟੇਰਿੰਗ ‘ਤੋਂ ਆਪਣਾ ਸਿਰ ਚੁੱਕਿਆ ਅਤੇ ਦੋਵੇਂ ਹੱਥਾਂ ਨਾਲ ਚਿਹਰੇ ਨੂੰ ਸਲਾਹੁੰਦਾ ਹੋਇਆ ਅਲਸਾਈ ਆਵਾਜ਼ ਵਿਚ ਬੋਲਿਆ, “ਕੁਝ ਨੀ ਜ਼ਰਾ ਕੁ ਨੀਂਦ ਦੀ ਝਬਕੀ ਆ ਗਈ ਸੀ ।”

ਨਰਿੰਦਰ ਆਪਣੇ ਕੁਲੀਗ ਦੀ ਕਾਰ ਲੈ ਕੇ ਆਪਣੇ ਬੇਟੇ ਅਤੇ ਘਰਵਾਲੀ ਨੂੰ ਉਸ ਦੇ ਪੇਕੇ ਛੱਡ ਕੇ ਵਾਪਿਸ ਆਪਣੇ ਦਫਤਰ ਆ ਰਿਹਾ ਸੀ ਕਿ ਇਹ ਹਾਦਸਾ ਵਾਪਰ ਗਿਆ ।ਜਦ ਇਸ ਘਟਨਾ ਬਾਰੇ ਪਤਾ ਲੱਗਿਆ ਤਾਂ ਸਭ ਨੇ ਸ਼ੁਕਰ ਕੀਤਾ ਕਿ ਚਲੋ ਜਾਨ ਤਾਂ ਬੱਚ ਗਈ ਪਰ ਨਾਲ ਹੀ ਕਈ ਨਸੀਹਤਾਂ ਵੀ ਦਿੱਤੀਆਂ, “ਦਫਤਰ ਵਿਚ ਬਾਰਾਂ-ਬਾਰਾਂ ਘੰਟੇ ਕੰਮ ਕਰਨ ਤੋਂ ਬਾਅਦ ਘਰੇ ਵੀ ਦੇਰ ਰਾਤ ਤੱਕ ਦਫਤਰ ਦਾ ਕੰਮ ਕਰਦਾ ਰਹਿੰਦਾ ਏ ਆਖ਼ਿਰ ਮਿਲਦਾ ਕੀ ਹੈ ਤੈਨੂੰ, ਆਪਣੀ ਰਾਤਾਂ ਦੀ ਨੀਂਦ ਤੇ ਦਿਨ ਦਾ ਚੈਨ ਗੁਆ ਕੇ ਜਦ ਵੀ ਦੇਖੋ ਕੰਮ ‘ਚ ਹੀ ਉਲਝਿਆ ਰਹਿੰਦਾ ਏ ਕੀ ਦਿਨ ਤੇ ਕੀ ਰਾਤ ਘੱਟੋ-ਘੱਟ ਚੱਜ ਨਾਲ



ਨੀਂਦ ਤਾਂ ਪੂਰੀ ਕਰ ਲਿਆ ਕਰ ।ਸ਼ੁਕਰ ਕਰ ਜਾਨ ਬਚ ਗਈ, ਜੇ ਕਿਧਰੇ।”

ਨਰਿੰਦਰ, ਜਿਸ ਦੇ ਨਿੱਕੇ ਜਿਹੇ ਪਰਿਵਾਰ ਵਿਚ ਉਸਦਾ ਇੱਕ ਬੇਟਾ ਵਿਨੋਦ ਅਤੇ ਉਸਦੀ ਪਤਨੀ ਨੀਲਮਾ ਨੂੰ ਹਮੇਸ਼ਾ ਉਸਦੀ ਚਿੰਤਾ ਲੱਗੀ ਰਹਿੰਦੀ ਤੇ ਉਹ ਦੇਰ ਰਾਤ ਤੱਕ ਉਸਦਾ ਰਾਹ ਤੱਕਦੇ ਰਹਿੰਦੇ ਪਰ ਉਸਨੂੰ ਸਭ ਤੋਂ ਵੱਧ ਚਿੰਤਾ ਆਪਣੇ ਪ੍ਰਮੋਸ਼ਨ ਦੀ ਸੀ ।ਜਿਸ ਲਈ ਉਹ ਦਿਨ ਰਾਤ ਕੰਮ ਵਿਚ ਡੁੱਬਿਆ ਰਹਿੰਦਾ ਸੀ ।ਕੰਮ ਦੇ ਡੂੰਘੇ ਖੂਹ ਵਿਚ ਉਤਰੇ ਨੂੰ ਭੋਰਾ ਵੀ ਅਹਿਸਾਸ ਨਹੀਂ ਸੀ ਕਿ ਇਸ ਤੋਂ ਬਾਹਰ ਉਸਦਾ ਇੱਕ ਘਰ ਵੀ ਹੈ ਜਿੱਥੇ ਉਸਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਕੰਮ ਦਾ ਨਸ਼ਾ, ਕਾਲੇ ਹਨੇਰ ਵਿਚ ਝੱਖੜ ਬਣਿਆ ਉਸਨੂੰ ਇਸ ਤੋਂ ਬਾਹਰ ਤੱਕਣ ਦਾ ਮੌਕਾ ਨਹੀਂ ਦੇ ਰਿਹਾ ਸੀ ।

————— ————

“ਨਰਿੰਦਰ ਬਾਬੂ, ਇਨ ਫਾਇਲੋਂ ਕੇ ਕੂਏ ਸੇ ਕਭੀ ਬਾਹਰ ਨਿਕਲੀਏ ਔਰ ਦੇਖੀਏ ਦੁਨੀਆਂ ਕਿਤਨੀ ਹਸੀਨ ਹੈ ਔਰ ਰੰਗੀਨ ਹੈ। ਤੁਮ ਬੀ ਕਿਆ ਕਮਾਲ ਕਰਤੇ ਹੋ। ਇਨ ਬੇਜ਼ੁਬਾਨ ਫਾਇਲੋਂ ਸੇ ਬੀ ਕਿਆ ਲਗਾਓ।” ਦਫਤਰ ਵਿਚ ਨਵੀਂ ਆਈ ਮੋਨਾ ਮੈਡਮ ਅਕਸਰ ਨਰਿੰਦਰ ਨਰਿੰਦਰ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ।ਜਦ ਕਿ ਦਫ਼ਤਰ ਦੇ ਪੂਰੇ ਸਟਾਫ਼ ਨੂੰ ਮੋਨਾ ਨੇ ਆਪਣੇ ਹੁਸਨ ਦਾ ਕਾਇਲ ਕੀਤਾ ਹੋਇਆ ਸੀ ।ਨਰਿੰਦਰ ਦਾ ਆਪਣੇ ਵੱਲ ਕੋਈ ਧਿਆਨ ਨਾ ਵੇਖ ਮੋਨਾ ਨੂੰ ਆਪਣੀ ਹਾਰ ਮਹਿਸੂਸ ਹੁੰਦੀ ।ਉਸਦਾ ਹੱਠ ਜਾਰੀ ਸੀ ; ਉਹ ਆਨੇ-ਬਹਾਨੇ ਉਸਨੂੰ ਬੁਲਾਉਣ ਦਾ ਯਤਨ ਕਰਦੀ ਰਹਿੰਦੀ ।

ਦਫ਼ਤਰ ਦਾ ਸਾਰਾ ਸਟਾਫ਼ ਜਾ ਚੁੱਕਾ ਹੁੰਦਾ ।ਨਰਿੰਦਰ ਨੂੰ ਅਜੇ ਵੀ ਸਿਰ ਸੁੱਟੀ ਕੰਮ ਕਰਦੇ ਵੇਖ ਸਕਿਉਰਿਟੀ ਗਾਰਡ ਅੰਦਰੋ ਅੰਦਰੀ ਕੁੜਦਾ ਪਤਾ ਨੀ ਕੀ ਬੋਲੀ ਜਾ ਰਿਹਾ ਸੀ ।ਮੁੜ ਮੁੜ ਉਹ ਸਿਰ ਚੁੱਕ ਕੇ ਘੜੀ ਦੀਆਂ ਘੁੰਮਦੀਆਂ ਸੂਈਆਂ ਵੱਲ ਵੇਖਦਾ ਅਤੇ ਉਡੀਕਦਾ ਕਿ ਕਦ ਨਰਿੰਦਰ ਬਾਬੂ ਕੰਮ ਤੋਂ ਵਿਹਲੇ ਹੋਣ ਤੇ ਕਦ ਉਹ ਦਫ਼ਤਰ ਬੰਦ ਕਰਕੇ ਛੁੱਟੀ ਕਰੇ ।ਕੁਝ ਦੇਰ ਬਾਅਦ ਨਰਿੰਦਰ ਖੜ੍ਹਾ ਹੋ ਕੇ ਅੰਗੜਾਈ ਭਰਨ ਲੱਗਾ ਤਾਂ ਸਕਿਉਰਿਟੀ ਗਾਰਡ ਦੀ ਜਿਵੇਂ ਜਾਨ ਵਿਚ ਜਾਨ ਆ ਗਈ ਹੋਵੇ ।ਉਹ ਤੇਜ਼ੀ ਨਾਲ ਉਠਿਆ ਅਤੇ ਦਫਤਰ ਬੰਦ ਕਰਨ ਦੀਆਂ ਤਿਆਰੀਆਂ ਕਰਨ ਲੱਗਾ ।ਘੜੀ ਰਾਤ ਦੇ ਸਵਾ ਨੌ ਵਜਾ ਰਹੀ ਸੀ ।ਮੋਬਾਇਲ ਚੁੱਕ ਕੇ ਜੇਬ ਵਿਚ ਪਾਉਣ ਲੱਗਾ ਤਾਂ ਘਰੋਂ ਨੀਲਮਾ ਦਾ ਫ਼ੂਨ ਆ ਗਿਆ।

“ਹੈਲੋ ! ਬੱਸ ਤੁਰਨ ਹੀ ਲੱਗਾ ਸੀ।”

“ਨਾ, ਜੇ ਕੁਝ ਸੁਰਤ ਹੈ ਤਾਂ ਘਰੇ ਬੈਠਿਆਂ ਦਾ ਵੀ ਕੁਝ ਫਿਕਰ ਕਰ ਲਵੋ। ਸਾਰਾ ਦਿਨ ਕੰਮ ਹੀ ਕੰਮ।” ਜਵਾਬ ਵਿਚ ਉਹ ਕੁਝ ਬੋਲ ਪਾਉਂਦਾ, ਫ਼ੂਨ ਕੱਟਿਆ ਗਿਆ ।

ਡੋਰ ਬੈੱਲ ਦੀ ਆਵਾਜ਼ ਸੁਣ ਕੇ ਨੀਲਮਾ ਨੇ ਦਰਵਾਜ਼ਾ ਖੋਲਿਆ ਤਾਂ ਸਾਹਮਣੇ ਥੱਕਿਆ ਚਿਹਰਾ ਲਈ ਨਰਿੰਦਰ ਖੜ੍ਹਾ ਸੀ ।ਨੀਲਮਾ ਕਿਚਨ ਵਿਚ ਪਾਣੀ ਲੈਣ ਚਲੀ ਗਈ ਅਤੇ ਉਹ ਆਪਣੀ ਟਾਈ ਢਿੱਲੀ ਕਰਦਾ ਹੋਇਆ ਸੋਫੇ ਉੱਤੇ ਜਾ ਬੈਠਾ ।ਨੀਲਮਾ ਜਦ ਪਾਣੀ ਦਾ ਗਿਲਾਸ ਲੈ ਕੇ ਆਈ ਤਾਂ ਸਾਹਮਣੇ ਨਰਿੰਦਰ ਨੂੰ ਲੈਪਟਾਪ ਵਿਚ ਖੁਭਿਆ ਵੇਖ ਕੇ ਖਿੱਝੇ ਮਨ ਨਾਲ ਪਾਣੀ ਦਾ ਗਿਲਾਸ ਟੇਬਲ ਉੱਤੇ ਰੱਖ ਆਪਣੇ ਬੈੱਡਰੂਮ ਵਿਚ ਚਲੀ ਗਈ ।ਨੀਲਮਾ ਸ਼ੁਕਰ ਕਰਦੀ ਕਿ ਵਿਨੋਦ ਉਸਦੀ ਹਰ ਗੱਲ ਸੁਣਦਾ ਤੇ ਸਮਝਦਾ ਸੀ ।ਘਰ ਪ੍ਰਤੀ ਜਿੰਮੇਵਾਰੀਆਂ ਤੋਂ ਆਪਣੇ ਪਿਉ ਵਾਂਗ ਲਾਪ੍ਰਵਾਹ ਨਹੀਂ ਸੀ ।ਉਹ ਵਿਨੋਦ ਦੇ ਨਾਲ ਹੀ ਬਾਹਰ ਘੁੰਮ ਫਿਰ ਆਉਂਦੀ ਸੀ ; ਕਦੇ ਆਪਣੇ ਪੇਕੇ ਜਾ ਆਉਂਦੀ ਤੇ ਕਦੇ ਆਪਣੀ ਕਿਸੇ ਸਹੇਲੀ ਨੂੰ ਮਿਲ ਆਉਂਦੀ ਸੀ ।ਆਪਣੇ ਬੇਟੇ ਕਰਕੇ ਹੀ ਉਹ ਰਿਸ਼ਤੇਦਾਰੀਆਂ ਵਿਚ ਨਿਭੀ ਜਾ ਰਹੀ ਸੀ ।ਨਰਿੰਦਰ ਦੇ ਆਸਰੇ ਰਹਿੰਦੀ ਤਾਂ ਕਦ ਦੀ ਆਪਣਿਆਂ ਤੋਂ ਅਲੱਗ ਥਲੱਗ ਪੈ ਜਾਂਦੀ ਜਿਵੇਂ ਕਿ ਨਰਿੰਦਰ ਆਪਣੀ ਜ਼ਿੰਦਗੀ ਦੀ ਭੱਜ -ਦੌੜ ਵਿਚ ਇਸ ਕਦਰ ਗੁੰਮ ਹੋ ਗਿਆ ਕਿ ਉਸਨੂੰ ਆਪਣੇ ਆਪ ਦੀ ਕੀ। ਆਪਣੇ ਘਰਦਿਆਂ ਦੀ ਵੀ ਸੁੱਧ ਨਹੀਂ ਸੀ ਰਹਿੰਦੀ ।ਉਸਨੇ ਕਈ ਵਾਰ ਨਰਿੰਦਰ ਨੂੰ ਫਰੋਲਣ ਦੀ ਕੋਸ਼ਿਸ਼ ਵੀ ਕੀਤੀ ਕਿ ਉਹ ਕਿਤੇ ਬਾਹਰ ਘੁੰਮ ਫਿਰ ਹੀ ਆਉਣ ਪਰ ਉਸਨੇ ਕਦੇ ਹੁੰਗਾਰਾ ਹੀ ਨਹੀਂ ਭਰਿਆ ।ਉਸਦੀ ਹਮੇਸ਼ਾ

ਇਕੋ ਰੱਟ। ਪ੍ਰਮੋਸ਼ਨ ਅਤੇ ਢੇਰ ਸਾਰਾ ਪੈਸਾ। ਨੀਲਮਾ ਸੋਚਦੀ ਕਿ ਆਖਿਰ ਉਹ ਐਨੇ ਪੈਸੇ ਦਾ ਕਰੇਗਾ ਕੀ। ਜੇ ਉਸ ਕੋਲ ਹੁਣ ਵਕਤ ਨਹੀਂ ਹੈ ਫਿਰ ਕਦੋਂ ਹੋਵੇਗਾ ।

——————      ——————

ਵਿਨੋਦ ਕਾਲਿਜ ਵਿਚ ਪਲੱਸ ਟੂ ਦੀ ਪੜ੍ਹਾਈ ਕਰ ਰਿਹਾ ਸੀ । ਪੜ੍ਹਨ ਦੇ ਨਾਲ ਨਾਲ ਉਹ ਵਕਤ ਦਾ ਪੱਕਾ ਪਾਬੰਦ ਸੀ ਕਿਉਂ ਕਿ ਉਸਨੇ ਆਪਣੇ ਪਿਤਾ ਦੀ ਬਿਜ਼ੀ ਲਾਈਫ ਵੇਖ ਕੇ ਪਰਿਵਾਰ ਵਿਚ ਹੋ ਰਹੇ ਮਾਇਨਸ ਪੁਆਇੰਟ ਨੂੰ ਸਮਝ ਲਿਆ ਸੀ । ਸਵੇਰ ਦੇ ਸੱਤ ਵਜੇ ਦੇ ਅਲਾਰਮ ਨਾਲ ਉਸਦਾ ਦਿਨ ਸ਼ੁਰੂ ਹੋ ਜਾਂਦਾ ਅਤੇ ਰਾਤ ਦੇ ਨੌਂ ਵਜੇ ਉਹ ਆਪਣੇ ਕਮਰੇ ਵਿਚ ਸੁੱਤਾ ਹੁੰਦਾ । ਕਿਸੇ ਦਾ ਜਨਮ ਦਿਨ ਹੁੰਦਾ ਜਾਂ ਐਨੀਵਰਸਰੀ। ਉਸਦਾ ਮੋਬਾਇਲ ਅਜਿਹੇ ਰਿਮਾਇੰਡਰ ਅਲਾਰਮਾਂ ਨਾਲ ਭਰਿਆ ਹੁੰਦਾ । ਉਹ ਅਕਸਰ ਵੇਖਦਾ ਕਿ ਉਸਦੇ ਪਾਪਾ ਸਵੇਰੇ ਲੇਟ ਉਠਣ ਕਾਰਣ ਤਿਆਰ ਹੋਣ ਦੀ ਹਫੜਾ ਦਫੜੀ ਵਿਚ ਹਮੇਸ਼ਾਂ ਲੇਟ ਹੋ ਜਾਂਦੇ । ਸਵੇਰ ਦਾ ਨਾਸ਼ਤਾ ਵੀ ਕਦੇ ਕਦੇ ਹੀ ਕਰ ਪਾਉਂਦੇ। ਵਿਨੋਦ ਨੇ ਆਪਣੇ ਪਾਪਾ ਦੇ ਮੋਬਾਇਲ ਵਿਚ ਅਜਿਹੇ ਰਿਮਾਇੰਡਰ ਅਲਾਰਮ ਲਗਾ ਦਿੱਤੇ। ਹੁਣ ਉਸਦੇ ਪਾਪਾ ਸਵੇਰੇ ਜਲਦੀ ਉੱਠ ਕੇ, ਨਹਾ ਧੋ ਕੇ, ਨਾਸ਼ਤਾ ਕਰਕੇ ਬਿਨਾਂ ਕਿਸੇ ਜਲਦਬਾਜੀ ਦੇ ਵਕਤ ਸਿਰ ਦਫ਼ਤਰ ਪਹੁੰਚ ਜਾਂਦੇ । ਪਰ ਸ਼ਾਮ ਨੂੰ। ਘਰ ਵਾਪਸੀ ਦਾ ਅਲਾਰਮ ਵੱਜ ਵੱਜ ਕੇ ਮੋਬਾਇਲ ਦੀ ਬੈਟਰੀ ਘੱਟ ਕਰ ਦਿੰਦਾ ਪਰ ਕੁਝ ਦੇਰ ਹੋਰ, ਕੁਝ ਦੇਰ ਹੋਰ ਕਰਦੇ ਕਰਦੇ ਨਰਿੰਦਰ ਅਕਸਰ ਦਫਤਰ ਤੋਂ ਲੇਟ ਹੋ ਹੀ ਜਾਂਦਾ ।

ਵਿਨੋਦ ਦੀ ਸਮਝ ਅਤੇ ਲਿਆਕਤ ਹੀ ਅਜਿਹੀ ਸੀ ਕਿ ਉਹ ਜੋ ਵੀ ਮੰਗਦਾ ਉਸਨੂੰ ਮਿਲ ਜਾਂਦਾ ਸੀ। ਜਦ ਉਸਨੇ ਸਕੂਲ ਤੋਂ ਬਾਅਦ ਕਾਲਿਜ ਜੁਆਇਨ ਕੀਤਾ ; ਕੁਝ ਨਾ ਕੁਝ ਜਾਇਜ਼ ਹੈ ਹੀ ਸੀ ਕਿ ਉਹ ਕਾਲਿਜ ਦੀ ਲਾਇਫ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕਿਆ । ਉਸ ਨੇ ਮੋਟਰ ਸਾਇਕਲ ਮੰਗਿਆ ਤਾਂ ਉਸਦੀ ਮਾਂ ਨੇ ਨਰਿੰਦਰ ਉੱਤੇ ਜੋਰ ਪਵਾ ਕੇ ਉਸਨੂੰ ਮੋਟਰ ਸਾਇਕਲ ਦਿਵਾ ਦਿੱਤਾ । ਵਕਤ ਸਿਰ ਕਾਲਿਜ ਜਾਣਾ ਅਤੇ ਵਕਤ ਸਿਰ ਘਰ ਆ ਜਾਣਾ ਉਸਦੀ ਆਦਤ ਜਿਉਂ ਦੀ ਤਿਉਂ ਬਣੀ ਰਹੀ । ਪਰ ਹਮੇਸ਼ਾ ਸਭ ਕੁਝ ਬੰਦੇ ਦੇ ਹੱਥ ਵੱਸ ਤਾਂ ਨਹੀਂ ਰਹਿੰਦਾ । ਲਾਪ੍ਰਵਾਹੀਆਂ ਕਦੇ-ਕਦੇ ਖ਼ੁਦ ਤੋਂ ਹੋ ਜਾਂਦੀਆਂ ਹਨ ਅਤੇ ਕਦੇ-ਕਦੇ ਦੂਜਿਆਂ ਤੋਂ ।ਕਾਲਿਜ ਤੋਂ ਘਰ ਪਰਤਦੇ ਹੋਏ ਰਸਤੇ ਵਿਚ ਖੜ੍ਹੀ ਕਾਰ ਦਾ ਦਰਵਾਜ਼ਾ ਖੁੱਲ੍ਹਿਆ ਅਤੇ ਵਿਨੋਦ ਦੇ ਮੋਟਰ ਸਾਇਕਲ ਨਾਲ ਜਾ ਟਕਰਾਇਆ ਤੇ ਬੱਸ। ਵਿਨੋਦ ਦੂਜਿਆਂ ਦੀ ਲਾਪ੍ਰਵਾਹੀ ਦਾ ਸ਼ਿਕਾਰ ਹੋ ਗਿਆ ।

ਵਿਨੋਦ ਦੇ ਚਲੇ ਜਾਣ ਤੋਂ ਬਾਅਦ ਤਾਂ ਨੀਲਮਾ ਇਸ ਕਦਰ ਅਸਹਿਜ ਹੋ ਗਈ ਜਿਵੇਂ ਉਸਦੇ ਸਰੀਰ ਦਾ ਕੋਈ ਅੰਗ ਵੱਢਿਆ ਗਿਆ ਹੋਵੇ । ਉਸ ਲਈ ਤਾਂ ਜ਼ਿੰਦਗੀ ਜਿਵੇਂ ਠਹਿਰ ਹੀ ਗਈ ਹੋਵੇ । ਘਰ ਵਿਚ ਉਹ ਇਕੱਲੀ ਜਿਹੀ ਹੋ ਕੇ ਰਹਿ ਗਈ । ਨਰਿੰਦਰ ਸਵੇਰੇ ਕੰਮ 'ਤੇ ਚਲਿਆ ਜਾਂਦਾ । ਵਿਚ ਵਿਚਾਲੇ ਉਹ ਨਰਿੰਦਰ ਨੂੰ ਫ਼ੂਨ ਲਗਾ ਲੈਂਦੀ। ਨਰਿੰਦਰ ਦਫ਼ਤਰ ਵਿਚ ਬਿਜ਼ੀ ਹੋਣ ਕਰਕੇ ਉਸਦਾ ਫ਼ੂਨ ਘੱਟ ਹੀ ਚੁੱਕਦਾ ਸੀ । ਕਦੇ-ਕਦੇ ਤਾਂ ਉਹ ਇਹ ਸਮਝ ਕੇ ਨੀਲਮਾ ਦਾ ਫ਼ੂਨ ਇਗਨੋਰ ਕਰ ਦਿੰਦਾ ਕਿ ਕੀ ਰੱਖਿਆ ਹੈ ਇਹਨਾਂ ਛੋਟੀਆਂ-ਛੋਟੀਆਂ ਗੱਲਾਂ ਵਿਚ । ਨੀਲਮਾ ਆਪਣਾ ਜਿਆਦਾਤਰ ਵਕਤ ਆਪਣੀਆਂ ਸਹੇਲੀਆਂ ਨਾਲ ਫ਼ੂਨ ਉੱਤੇ ਗੱਲਾਂ ਕਰਕੇ ਜਾਂ ਫਿਰ ਸੌਂ ਕੇ ਬਤੀਤ ਕਰਦੀ ।

——————      ————

ਕਾਲਿਜ ਵਿਚ ਨਰਿੰਦਰ ਨੂੰ ਇਕ ਕੁੜੀ ਪਸੰਦ ਕਰਨ ਲੱਗ ਪਈ ਸੀ । ਇਹ ਲੜਕੀ ਉਸ ਨਾਲ ਕਾਲਿਜ ਵਿਚ ਹੀ ਪੜ੍ਹਦੀ ਸੀ । ਬੜਾ ਹੀ ਅਜੀਬ ਇਤਫਾਕ ਸੀ ਕਿਉਂਕਿ ਨਾ ਤਾਂ ਨਰਿੰਦਰ ਨੇ ਉਸ ਕੁੜੀ ਨੂੰ ਪ੍ਰਪੋਜ਼ ਕੀਤਾ ਸੀ ਤੇ ਨਾ ਹੀ ਉਸ ਕੁੜੀ ਨੇ ਨਰਿੰਦਰ ਨੂੰ । ਉਹ ਆਪਣੀਆਂ ਕਿਤਾਬਾਂ 'ਤੇ ਸਿਰ ਝੁਕਾਈ ਬੈਠਾ ਪੜ੍ਹ ਰਿਹਾ ਸੀ ਕਿ ਉਸਦਾ ਮੋਢਾ ਥਪਥਪਾਉਂਦੇ ਹੋਏ ਉਸ ਦੇ ਦੋਸਤ ਨੇ ਕਿਹਾ, "ਨਰਿੰਦਰ ਯਾਰ, ਮੇਰਾ ਇਕ ਕੰਮ ਹੀ ਕਰ ਦੇ।" ਨਰਿੰਦਰ ਨੇ ਕਿਤਾਬਾਂ ਤੋਂ ਨਜ਼ਰਾਂ ਹਟਾ ਕੇ ਉਸ ਵੱਲ ਸਵਾਲੀਆ ਇਰਾਦੇ ਨਾਲ ਵੇਖਿਆ । "ਮੇਰਾ ਆਹ ਇਕ ਲੈਟਰ, ਉਸ ਲੜਕੀ ਨੂੰ, ਜੋ ਸਾਹਮਣੇ ਖੜ੍ਹੀ ਹੈ । ਉਸਨੂੰ ਪਕੜਾ ਦੇ।" "ਤੂੰ



ਖ਼ੁਦ ਕਿਉਂ ਨਹੀਂ ਦੇ ਆਉਂਦਾ ?" "ਯਾਰ, ਜੇ ਆਪ ਹੀ ਦੇਣਾ ਹੁੰਦਾ ਤਾਂ ਤੈਨੂੰ ਕਿਉਂ ਕਹਿੰਦਾ ।" ਨਰਿੰਦਰ ਨੇ ਖ਼ਤ ਫੜਿਆ, ਜਾ ਕੇ ਉਸ ਲੜਕੀ ਨੂੰ ਪਕੜਾ ਆਇਆ ਅਤੇ ਮੁੜ ਆਪਣੀ ਪੜ੍ਹਾਈ ਵਿਚ ਜੁੜ ਗਿਆ । ਬੱਸ ਉਸ ਦਿਨ ਤੋਂ ਉਹ ਲੜਕੀ ਉਸ ਵੱਲ ਹੀ ਤੱਕਦੀ ਰਹਿੰਦੀ । ਨਰਿੰਦਰ ਨੂੰ ਕੋਈ ਖ਼ਬਰ ਤੱਕ ਨਹੀਂ ਸੀ ਕਿ ਕੋਈ ਉਸ ਵੱਲ ਪਿਆਰ ਭਰੀਆਂ ਨਜ਼ਰਾ ਨਾਲ ਤੱਕ ਰਿਹਾ ਹੈ । ਕਈ ਦਿਨ ਇਹੀ ਸਿਲਸਿਲਾ ਚਲਦਾ ਰਿਹਾ ਅਤੇ ਉਹ ਇਸ ਸਭ 'ਤੋਂ ਬੇਖ਼ਬਰ ਸੀ । ਫਿਰ ਇਕ ਦਿਨ ਚਾਣਚੱਕ ਉਸ ਦੀ ਨਜ਼ਰ ਉੱਠੀ ਅਤੇ ਵੇਖਿਆ ਕਿ ਉਹੀ ਲੜਕੀ ਉਸ ਵੱਲ ਇਕ ਟੱਕ ਵੇਖੀ ਜਾ ਰਹੀ ਸੀ । ਨਰਿੰਦਰ ਨੂੰ ਆਪਣੇ ਵੱਲ ਵੇਖ ਕੇ ਚਿਹਰੇ 'ਤੇ ਹਲਕੀ ਜਿਹੀ ਮੁਸਕਾਨ ਨਾਲ ਹੱਥ ਹਿਲਾ ਕੇ "ਹਾਏ" ਕਹਿੰਦੀ ਹੋਈ ਉਹ ਆਪਣੀ ਕਲਾਸ ਵਿਚ ਚਲੀ ਗਈ । ਇਸੇ ਤਰ੍ਹਾਂ ਕੁਝ ਦਿਨ ਹੀ ਬੀਤੇ ਸਨ ਕਿ ਇਕ ਦਿਨ।

"ਇਹ ਕੀ ਹੈ ?" ਨਰਿੰਦਰ ਨੇ ਇਕ ਕਿਤਾਬ ਉਸ ਲੜਕੀ ਦੇ ਅੱਗੇ ਸੁੱਟਦੇ ਹੋਏ ਪੁੱਛਿਆ ।

"ਕਿਤਾਬ ਏ, ਹੋਰ ਕੀ ਏ ।"

"ਨਹੀ, ਇਸ ਦੇ ਅੰਦਰ ਕੀ ਹੈ ?" ਨਰਿੰਦਰ ਨੇ ਕਿਤਾਬ ਚੁੱਕ ਕੇ ਆਪਣੇ ਹੱਥਾਂ ਵਿਚ ਲੈ ਲਈ । ਖੱਬੇ ਹੱਥ ਦੇ ਅੰਗੂਠੇ ਅਤੇ ਉਂਗਲੀਆਂ ਨਾਲ ਕਿਤਾਬ ਦੇ ਪੰਨੇ ਫੜਫੜਾਏ ਅਤੇ ਇਕ ਖ਼ਤ ਬਾਹਰ ਨਿਕਲ ਕੇ ਲੜਕੀ ਦੇ ਸਾਹਮਣੇ ਡਿੱਗ ਗਿਆ। ਜਿਸ ਨੂੰ ਚੁੱਕ ਕੇ ਉਹ ਬੋਲੀ, "ਇਕ ਲੈਟਰ ਹੀ ਤਾਂ ਹੈ। ਕੋਈ ਬੰਬ ਤਾਂ ਨੀ ।"

"ਹਾਂ, ਮੈਂ ਵੀ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਇਹ ਲੈਟਰ ਮੇਰੀ ਕਿਤਾਬ 'ਚ ਰੱਖਣ ਦਾ ਤੁਹਾਡਾ ਕੀ ਮਤਲਬ ਹੈ ?"

"ਮਤਲਬ ! ਮੈਂ ਸਮਝੀ ਨਹੀਂ। ਤੂੰ ਵੀ ਤਾਂ ਮੈਨੂੰ ਲੈਟਰ ਦਿੱਤਾ ਸੀ ; ਖ਼ੁਦ ਆਪਣੇ ਇਹਨਾਂ ਹੱਥਾਂ ਨਾਲ ਫੜਾਇਆ ਸੀ ਤੇ ਹੁਣ ਮੈਂ ਵੀ ਦੇ ਦਿੱਤਾ । ਸੱਚ ਦੱਸਣਾ, ਮੈਂ ਤੈਨੂੰ ਐਨੀ ਚੰਗੀ ਲਗਦੀ ਹਾਂ ਜਿਵੇਂ ਕਿ ਤੂੰ ਲਿਖਿਆ ਸੀ ।"

"ਮੈਂ ! ਨਹੀ, ਮੈਂ ਕੋਈ ਲੈਟਰ ਨਹੀਂ ਲਿਖਿਆ।" ਫਿਰ ਜਿਵੇਂ ਉਸਨੂੰ ਕੁਝ ਯਾਦ ਆ ਗਿਆ ਹੋਵੇ, "ਅੱਛਾ ! ਅੱਛਾ !! ਉਹ ਲੈਟਰ। ਉਹ ਮੈਂ ਨਹੀਂ, ਮੇਰੇ ਦੋਸਤ ਨੇ ਤੈਨੂੰ ਦੇਣ ਲਈ ਕਿਹਾ ਤਾਂ ਮੈਂ ਫੜਾ ਤਾ । ਬੱਸ, ਹੋਰ ਕੁਝ ਨੀ। ਪਰ ਤੂੰ ਕੀ ਮਤਲਬ ਕੱਢ ਲਿਆ ਕਿ ਉਹ ਲੈਟਰ ਮੈਂ ਤੈਨੂੰ ਲਿਖਿਆ ?"

"ਹੋਰ ਕੀ। ਉਸ 'ਚ ਕੋਈ ਨਾਮ ਪਤਾ ਤਾਂ ਹੈ ਨਹੀਂ ਸੀ । ਮੈਂ ਸਮਝਿਆ ਕਿ ਤੂੰ ਹੀ ਲਿਖਿਆ ਹੋਣਾ । ਤੂੰ ਵੀ ਕਿਹੜਾ ਮੂੰਹੋਂ ਕੁਝ ਬੋਲਿਆ ਸੀ। ਚੁੱਪਚਾਪ ਜਿਹੇ ਨੇ ਆ ਕੇ ਲੈਟਰ ਫੜਾਇਆ ਤੇ ਵਾਪਸ ਤੁਰ ਗਿਆ । ਕਿੱਥੇ ਆ ਤੇਰਾ ਉਹ ਦੋਸਤ ?"

"ਉਹ। ਪਤਾ ਨਹੀਂ, ਕੁਝ ਦਿਨਾਂ ਤੋਂ ਕਾਲਿਜ ਨੀ ਆ ਰਿਹਾ । ਵੈਸੇ ਉਸਦਾ ਨਾਮ ਕਮਲੇਸ਼ ਹੈ ।"

"ਚੱਲ ਛੱਡ ਪਰੇ, ਪਿਆਰ ਕਰਨ ਵਾਲਾ ਵੀ ਕੋਣ ਜੋ ਸਾਹਮਣੇ ਆ ਕੇ ਆਪਣੇ ਪਿਆਰ ਦਾ ਇਜ਼ਹਾਰ ਹੀ ਨਾ ਕਰ ਸਕੇ । ਚੰਗਾ ਹੀ ਹੋਇਆ, ਇਸ ਬਹਾਨੇ ਆਪਣੀ ਦੋਸਤੀ ਹੋ ਗਈ ।" ਉਸਨੇ ਆਪਣਾ ਹੱਥ ਅੱਗੇ ਵਧਾ ਦਿੱਤਾ ।

"ਮੈਨੂੰ ਮੇਰੀ ਗਲਤੀ ਦਾ ਅਫਸੋਸ ਹੈ। ਹੁਣ ਇਸ ਟਾਪਿਕ ਨੂੰ ਇੱਥੇ ਹੀ ਮੁਕਾ ਦੇਈਏ ਤਾਂ ਚੰਗਾ ਹੈ ।" ਨਰਿੰਦਰ ਨੇ ਸਮਝਦਾਰੀ ਵਿਖਾਉਂਦੇ ਹੋਏ ਕਿਹਾ ।

"ਨਾ। ਨਾ। ਮਿਸਟਰ, ਨੋ ਵੇ। ਪਿਆਰ ਤਾਂ ਐਸੀ ਬਲਾ ਏ ਜੇ ਕਰੋ ਤਾਂ ਦਰਦ। ਛੱਡੋ ਤਾਂ ਦਰਦ । ਦਿਲ 'ਚ ਜਾਗੇ ਮਿੱਠੇ-ਮਿੱਠੇ ਅਹਿਸਾਸ ਨੂੰ ਭੁਲਾਇਆ ਨਹੀਂ ਜਾ ਸਕਦਾ।"

"ਪਰ। ਪਰ ਮੈਂ ਤਾਂ ਤੁਹਾਨੂੰ।" ਲੜਕੀ ਨੇ ਆਪਣਾ ਹੱਥ ਉਸਦੇ ਮੂੰਹ 'ਤੇ ਰੱਖ ਕੇ ਉਸਨੂੰ ਬੋਲਣੋ ਰੋਕ ਦਿੱਤਾ ।

ਨਰਿੰਦਰ ਨੇ ਬਥੇਰੇ ਪੈਰ ਮੋੜੇ ਪਰ ਉਸ ਲੜਕੀ ਨੇ ਉਸਦਾ ਪਿੱਛਾ ਨਾ ਛੱਡਿਆ ਅਤੇ ਕਰ ਕਰਾ ਕੇ ਆਪਣਾ ਰਿਸ਼ਤਾ ਉਸਦੇ ਘਰ ਭੇਜ ਦਿੱਤਾ । ਫਿਰ ਹੋਣੀ ਨੂੰ ਕੌਣ ਟਾਲ ਸਕਦਾ ਹੈ । ਹੁਣ ਨੀਲਮਾ ਆਪਣੀ

ਭੁੱਲ ਦੀ ਸਜ਼ਾ ਭੁਗਤ ਰਹੀ ਸੀ ।ਜਿਸ ਨੂੰ ਉਹ ਲੱਖ ਭੁਲਾਉਣ ਦਾ ਯਤਨ ਕਰਦੀ ਪਰ ਨਰਿੰਦਰ ਦੀ ਬੇਰੁੱਖੀ ਉਸਨੂੰ ਹਮੇਸ਼ਾ ਇਹੀ ਅਹਿਸਾਸ ਕਰਵਾਉਂਦੀ ਰਹੀ ਕਿ ਉਸ ਤੋਂ ਬਹੁਤ ਵੱਡੀ ਗਲਤੀ ਹੋ ਗਈ ਜੋ ਉਸਨੇ ਨਰਿੰਦਰ ਨਾਲ ਪਿਆਰ ਕੀਤਾ ਅਤੇ ਵਿਆਹ ਵੀ ਕਰਵਾ ਲਿਆ ।

———————— ————————

ਅਲਾਰਮ ਦੀ ਆਵਾਜ਼ ਸੁਣ ਕੇ ਵਾਪਸ ਵਰਤਮਾਨ ਵਿਚ ਪਰਤੀ ਨੀਲਮਾ ਨੇ ਸਾਹਮਣੇ ਦੀਵਾਰ ਘੜੀ ਵੱਲ ਵੇਖਿਆ, ਘੜੀ ਸਵਾ ਅੱਠ ਵਜਾ ਰਹੀ ਸੀ ।ਘੜੀ ਦੇ ਨਾਲ ਹੀ ਲੱਗੀ ਵਿਨੋਦ ਦੀ ਤਸਵੀਰ ਵੇਖ ਕੇ ਉਸਦੀ ਸਿਮਰਤੀ ਕਈ ਸਾਲ ਪਿੱਛੇ ਪਰਤ ਗਈ ਸੀ ।ਜਿਹਨਾ ਤੋਂ ਵਾਪਸ ਪਰਤਦੇ ਹੋਏ ਨੀਲਮਾ ਨੂੰ ਲੱਗਿਆ ਜਿਵੇਂ ਉਹ ਸਮੁੰਦਰ ਤੈਰ ਕੇ ਵਾਪਸ ਪਹੁੰਚੀ ਹੋਵੇ ਤੇ ਹੁਣ ਉਸ ਵਿਚ ਬਿਲਕੁਲ ਵੀ ਜਾਨ ਨਾ ਰਹੀ ਹੋਵੇ ।ਉਹ ਹੁਣੇ ਡਿੱਗੀ ਕਿ ਡਿੱਗੀ ਮਹਿਸੂਸ ਕਰਦੇ ਹੋਏ ਉਹ ਆਪਣੇ ਆਪ ਨੂੰ ਸੰਭਾਲਦੀ ਹੋਈ ਰਸੋਈ ਤੋਂ ਬਾਹਰ ਆ ਕੇ ਸੋਫੇ 'ਤੇ ਬੈਠੀ ।ਕੁਝ ਦੇਰ ਬਾਅਦ ਜਦ ਉਸਨੇ ਕੁਝ ਠੀਕ ਮਹਿਸੂਸ ਕੀਤਾ ਤਾਂ ਉੱਠ ਕੇ ਸੁੱਤੇ ਪਏ ਨਰਿੰਦਰ ਨੂੰ ਉਠਾਉਣ ਦਾ ਯਤਨ ਕਰਨ ਲੱਗੀ ।ਅਲਸਾਈਆਂ ਅੱਖਾਂ ਨਾਲ ਬਿਸਤਰੇ ਵਿਚ ਪਿਆ ਪਾਸੇ ਮਾਰਦਾ ਨਰਿੰਦਰ ਉੱਠਣ ਦੇ ਯਤਨ ਵਿਚ ਹੋ ਰਿਹਾ ਸੀ ਕਿ ਉਸਦੇ ਨਰਿੰਦਰ ਦੇ ਮੋਬਾਇਲ ਦੀ ਘੰਟੀ ਵੱਜਣ ਲੱਗੀ ।ਪਾਸੇ ਪਰਤਦਾ ਹੋਇਆ ਉਹ ਤੇਜ਼ੀ ਨਾਲ ਮੋਬਾਇਲ ਲੱਭਣ ਲੱਗਾ। ਜੋ ਉਸਨੂੰ ਆਪਣੇ ਸਿਰਹਾਣੇ ਹੇਠ ਪਿਆ ਮਿਲ ਗਿਆ ।ਇਕ ਹੱਥ ਨਾਲ ਅੱਖਾਂ ਮਲਦਾ ਹੋਇਆ ਤੇ ਦੂਜੇ ਹੱਥ ਨਾਲ ਮੋਬਾਇਲ ਕੰਨ ਨੂੰ ਲਗਾ ਕੇ ਸੁਣਨ ਲੱਗਾ,

"ਹਾਂ ਜੀ। ਹਾਂ, ਮੈਂ ਸਮਝ ਗਿਆ ।ਮੈਂ ਵਕਤ ਸਿਰ ਪਹੁੰਚ ਜਾਵਾਂਗਾ।" ਮੋਬਾਇਲ ਸੁਣ ਕੇ ਉਹ ਨਹਾਉਣ ਲਈ ਬਾਥਰੂਮ ਵਿਚ ਚਲਾ ਗਿਆ ।ਨੀਲਮਾ ਰਸੋਈ ਵਿਚ ਜਾ ਕੇ ਨਾਸ਼ਤਾ ਬਣਾਉਣ ਲੱਗੀ । ਜਦ ਤੱਕ ਨੀਲਮਾ ਨਾਸ਼ਤਾ ਤਿਆਰ ਕਰਦੀ ਤਦ ਤੱਕ ਨਰਿੰਦਰ ਨਹਾ ਕੇ ਆਪਣੇ ਵਾਲ ਸੰਵਾਰਦਾ ਹੋਇਆ ਡਰਾਇੰਗ ਰੂਮ ਵਿਚ ਆ ਗਿਆ ।

"ਨੀਲਮਾ, ਅੱਜ ਮੈਂ ਬਹੁਤ ਜ਼ਰੂਰੀ ਮੀਟਿੰਗ ਅਟੈਂਡ ਕਰਨੀ ਹੈ ।ਪਲੀਜ਼, ਅੱਜ ਮੈਨੂੰ ਕੋਈ ਕੰਮ ਕਹਿ ਕੇ ਡਿਸਟਰਬ ਨਾ ਕਰੀਂ ।"

"ਜੀ।" ਨੀਲਮਾ ਨੇ ਹਲਕੀ ਜਿਹੀ ਮੁਸਕਾਨ ਛੱਡੀ।ਐਸੀ ਹੀ ਮੁਸਕਾਨ ਨੀਲਮਾ ਦੇ ਚਿਹਰੇ ਉੱਤੇ ਉਦੋਂ ਵੀ ਆਈ ਸੀ।ਜਦ ਉਸਨੇ ਨਰਿੰਦਰ ਨੂੰ ਪਹਿਲੀ ਵਾਰ ਵੇਖਿਆ ਸੀ ।ਜੇ ਨਰਿੰਦਰ ਨੇ ਜ਼ਰਾ ਗੌਰ ਕਰਕੇ ਨੀਲਮਾ ਦੇ ਚਿਹਰੇ ਨੂੰ ਵੇਖਿਆ ਹੁੰਦਾ ਤਾਂ ਜ਼ਰੂਰ ਉਸਨੂੰ ਪਿਆਰ ਦੀ ਕਦਰ ਪਤਾ ਲਗਦਾ ਜੋ ਨੀਲਮਾ ਉਸਨੂੰ ਕਰਦੀ ਸੀ ।

ਨੀਲਮਾ ਨੂੰ ਪਤਾ ਸੀ ਕਿ ਰੋਜ਼ ਵਾਂਗ ਜਲਦੀ ਜਲਦੀ ਕਰਦਿਆਂ ਉਹ ਅੱਜ ਵੀ ਬਗੈਰ ਨਾਸ਼ਤਾ ਕੀਤਿਆਂ ਦਫ਼ਤਰ ਚਲਾ ਜਾਵੇਗਾ ।ਇਸ ਲਈ ਉਹ ਬੁਰਕੀਆਂ ਤੋੜ ਤੋੜ ਕੇ ਉਸਨੂੰ ਖੁਆਉਣ ਲੱਗੀ ਤੇ ਉਹ ਤਿਆਰ ਹੁੰਦਾ ਰਿਹਾ ।ਤਿਆਰ ਹੁੰਦੇ ਹੀ ਉਹ ਆਪਣਾ ਬ੍ਰੀਫਕੇਸ ਚੁੱਕ ਘਰ ਤੋਂ ਬਾਹਰ ਨਿਕਲਣ ਹੀ ਲੱਗਾ ਸੀ ਕਿ ਨੀਲਮਾ ਉਸਦੇ ਪਿੱਛੇ-ਪਿੱਛੇ ਦੌੜੀ ਆਈ, "ਤੁਹਾਨੂੰ ਯਾਦ ਵੀ ਹੈ ਕੁਝ।"

ਨਰਿੰਦਰ ਤੇਜ਼ ਕਦਮਾਂ ਨਾਲ ਬਾਹਰ ਜਾਂਦਾ ਹੋਇਆ ਬੋਲਿਆ, "ਹਾਂ ਯਾਦ ਹੈ, ਲੰਚ ਮੈਂ ਬਾਹਰ ਹੀ ਕਰਾਂਗਾ ।" ਤੇਜ਼ ਰਫ਼ਤਾਰ ਨਾਲ ਮੋਟਰ ਸਾਇਕਲ ਚਲਾਉਂਦੇ ਹੋਏ ਨਰਿੰਦਰ ਦਾ ਸਾਰੇ ਦਾ ਸਾਰਾ ਧਿਆਨ ਵਕਤ ਸਿਰ ਦਫਤਰ ਪਹੁੰਚਣ 'ਤੇ ਸੀ ।ਰਸਤੇ ਵਿਚ ਦੋ-ਤਿੰਨ ਵਾਰ ਉਸਦੇ ਮੋਬਾਇਲ ਦੀ ਬੈੱਲ ਵੱਜੀ। ਕੁਝ ਰਿਮਾਂਇੰਡਰ ਅਲਾਰਮ ਵੀ।ਪਰ ਇਹ ਸਭ ਕੁਝ ਵੇਖਣ-ਸੁਣਨ ਦਾ ਮਤਲਬ ਲੇਟ ਹੀ ਹੋਣਾ ਸੀ ।ਫਿਰ ਵੀ ਜਦ ਮੋਬਾਇਲ ਵੱਜੀ ਗਿਆ ਤਾਂ ਉਸਨੇ ਵੇਖਿਆ, ਨੀਲਮਾ ਦਾ ਫੂਨ ਸੀ, "ਮੈਂ ਬਾਦ 'ਚ ਕਰਦਾ ਫੂਨ।" ਬਿਨਾਂ ਕੁਝ ਸੁਣੇ ਉਸਨੇ ਐਨਾ ਕਹਿ ਕੇ ਹੀ ਫੂਨ ਕੱਟ ਦਿੱਤਾ ।

ਦਫ਼ਤਰ ਪਹੁੰਚਿਆ ਤਾਂ ਪਤਾ ਲੱਗਾ ਕਿ ਬੋਸ ਅਜੇ ਆਏ ਨਹੀਂ ਸਨ ।ਮੀਟਿੰਗ ਉਹਨਾਂ ਦੇ ਆਏ ਹੀ ਸ਼ੁਰੂ ਹੋਣੀ ਸੀ ।ਨਰਿੰਦਰ ਆਪਣੇ ਕੈਬਿਨ ਵਿਚ ਜਾ ਬੈਠਾ ਅਤੇ ਆਪਣਾ ਮੋਬਾਇਲ ਵੇਖਣ ਲੱਗਾ ਤਾਂ ਇਕ



ਰਿਮਾਂਇੰਡ ਮੈਸਜ ਸਕਰੀਨ 'ਤੇ ਸ਼ੋਅ ਹੋ ਰਿਹਾ ਸੀ, "ਹੈਪੀ ਬਰਥ ਡੇ ਪਾਪਾ।" ਐਨੇ ਨੂੰ ਫਿਰ ਨੀਲਮਾ ਦਾ ਫੂਨ ਆ ਗਿਆ ।ਕੰਨ ਨੂੰ ਲਗਾਉਂਦੇ ਹੀ ਆਵਾਜ਼ ਆਈ, "ਤੁਹਾਨੂੰ ਪਤਾ ਵੀ ਏ ਅੱਜ ਤੁਹਾਡਾ ਜਨਮ ਦਿਨ ਹੈ ।"

"ਹਾਂ, ਹਾਂ ਪਤਾ ਹੈ ।ਮੈਨੂੰ ਵਿਨੋਦ ਨੇ ਵਿਸ਼।" ਐਨਾ ਬੋਲਦੇ ਹੀ ਉਸਦੇ ਬੋਲ ਥਰਥਰਾ ਗਏ ਅਤੇ ਅੱਖਾਂ ਪਾਣੀ ਨਾਲ ਭਰ ਆਈਆਂ ।ਦੂਜੇ ਪਾਸਿਓ ਆਵਾਜ਼ ਆਈ, "ਹੈਪੀ ਬਰਥਡੇ ਡੀਅਰ।"

"ਥੈਂਕਸ ਡੀਅਰ।" ਨਰਿੰਦਰ ਭਰੇ ਮਨ ਨਾਲ ਐਨਾ ਹੀ ਕਹਿ ਸਕਿਆ ।ਇਸ ਤੋਂ ਅੱਗੇ ਉਹ ਕੁਝ ਬੋਲਣਾ ਚਾਹੁੰਦਾ ਹੋਇਆ ਵੀ ਬੋਲ ਨਾ ਸਕਿਆ ।"ਅੱਜ ਤਾਂ ਜਲਦੀ ਘਰ ਆ ਜਾਓਗੇ ਨਾ ?"

"ਹਾਂ, ਮੈਂ ਕੋਸ਼ਿਸ਼ ਕਰਾਂਗਾ ।"

"ਠੀਕ ਹੈ, ਮੈਂ ਵੇਟ ਕਰਾਂਗੀ ।"

ਸਾਰਾ ਦਿਨ ਨੀਲਮਾ ਨੇ ਬੜੀ ਖ਼ੁਸ਼ੀ ਨਾਲ ਘਰ ਦੀ ਸਫ਼ਾਈ ਕੀਤੀ ਅਤੇ ਸਜਾਇਆ ।ਅੱਜ ਪਹਿਲਾਂ ਨਾਲੋਂ ਵੱਧ ਸਮਾਂ ਲਗਾ ਕੇ ਉਸ ਨੇ ਇਸ਼ਨਾਨ ਕੀਤਾ ।ਪੀਲੇ ਬਾਡਰ ਵਾਲੀ ਗੁਲਾਬੀ ਸਾੜ੍ਹੀ ਪਾਈ ।ਇਹ ਸਾੜ੍ਹੀ ਨਰਿੰਦਰ ਨੇ ਆਪਣੇ ਸਟਾਫ਼ ਦੇ ਜ਼ੋਰ ਪਾਉਣ ਉੱਤੇ ਨੀਲਮਾ ਨੂੰ ਉਸਦੇ ਜਨਮ ਦਿਨ ਉੱਤੇ ਗਿਫ਼ਟ ਦਿੱਤੀ ਸੀ ।ਜਦ ਕਿ ਨੀਲਮਾ ਨੂੰ ਇਹ ਰੰਗ ਬਿਲਕੁਲ ਪਸੰਦ ਨਹੀਂ ਸੀ।ਪਰ ਫਿਰ ਵੀ ਨਰਿੰਦਰ ਦੇ ਪਿਆਰ ਨਾਲ ਦੇਣ ਕਾਰਣ ਸੰਭਾਲ ਰੱਖੀ ਸੀ ਤੇ ਅੱਜ ਉਸਨੇ ਪਾ ਵੀ ਲਈ ਸੀ ।ਸ਼ਾਮ ਹੁੰਦੇ ਹੀ ਡਰੈਸਿੰਗ ਟੇਬਲ ਮੂਹਰੇ ਬੈਠ ਮੇਕਅੱਪ ਕੀਤਾ ।ਜਨਮ ਦਿਨ ਸੈਲੀਬਰੇਟ ਕਰਨ ਲਈ ਕੇਕ ਉਸਨੇ ਫੂਨ ਕਰਕੇ ਪਹਿਲਾਂ ਹੀ ਬੁੱਕ ਕਰਾ ਦਿੱਤਾ ਸੀ ਅਤੇ ਛੋਟੀਆਂ ਮੋਟੀਆਂ ਤਿਆਰੀਆਂ ਕਰਨ ਤੋਂ ਬਾਅਦ ਉਹ ਨਰਿੰਦਰ ਦਾ ਇੰਤਜ਼ਾਰ ਕਰਨ ਲੱਗੀ ।ਨਰਿੰਦਰ ਜਦ ਘਰੇ ਆਇਆ ਤਾਂ ਨੀਲਮਾ ਦਰਵਾਜ਼ੇ 'ਤੇ ਖੜ੍ਹੀ ਉਸਦਾ ਇੰਤਜ਼ਾਰ ਕਰ ਰਹੀ ਸੀ।ਆਪਣੇ ਵੱਲੋਂ ਦਿੱਤੀ ਸਾੜ੍ਹੀ ਪਾਈ ਖੜ੍ਹੀ ਨੀਲਮਾ ਨੂੰ ਵੇਖ ਕੇ ਨਰਿੰਦਰ ਕੋਲ ਆ ਕੇ ਬੋਲਿਆ, "ਵਾਹ ! ਵਾਹ !! ਅੱਜ ਸਾੜ੍ਹੀ ਪਾ ਹੀ ਲਈ ।ਦੇਖ, ਅੱਜ ਮੈਂ ਬਿਲਕੁਲ ਵਕਤ ਸਿਰ ਹਾਂ ।ਖ਼ੁਸ਼ ਏ।ਚੱਲ ਅੱਜ ਡਿਨਰ ਲਈ ਬਾਹਰ ਚੱਲਦੇ ਆਂ ।"

ਨੀਲਮਾ ਨੇ ਚਿਹਰੇ 'ਤੇ ਮੁਸਕਾਨ ਲਿਆਉਂਦੇ ਹੋਏ ਕਿਹਾ, "ਨਹੀਂ, ਮੈਂ ਘਰੇ ਹੀ ਸਾਰਾ ਇੰਤਜ਼ਾਮ ਕੀਤਾ ਹੋਇਆ ਹੈ ।ਬਾਹਰ ਆਪਾਂ ਫੇਰ ਕਦੇ ਚਲਾਂਗੇ ।"

ਅੰਦਰ ਟੇਬਲ 'ਤੇ ਕੇਕ ਅਤੇ ਹੋਰ ਖਾਣ ਪੀਣ ਦਾ ਸਮਾਨ ਰੱਖਿਆ ਹੋਇਆ ਸੀ ।ਕੇਕ ਕੱਟ ਕੇ ਦੋਹਾਂ ਨੇ ਇਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ।ਖਾਣਾ ਖਾ ਚੁੱਕਣ ਤੋਂ ਬਾਅਦ ਨਰਿੰਦਰ ਬੋਲਿਆ, "ਅੱਛਾ, ਇਕ ਗੱਲ ਪੁੱਛਾਂ ?"


ਨੀਲਮਾ ਨੇ ਸਿਰ ਹਿਲਾ ਕੇ ਕਿਹਾ "ਹਾਂ, ਜ਼ਰੂਰ ਪੁੱਛੋ।"

"ਪਹਿਲਾਂ ਤਾਂ ਤੂੰ ਮੇਰਾ ਜਨਮ ਦਿਨ ਨਾ ਕਦੇ ਯਾਦ ਕਰਵਾਇਆ ਤੇ ਨਾ ਹੀ ਮਨਾਇਆ, ਅੱਜ ਹੀ ਕਿਉਂ ?"

"ਜੇ ਮੈਂ ਪੁੱਛਾਂ ਕਿ ਅੱਜ ਤੁਸੀਂ ਵਕਤ ਉੱਤੇ ਘਰ ਕਿਵੇਂ ਆ ਗਏ ?" ਨੀਲਮਾ ਨੇ ਜਵਾਬ ਦੇਣ ਨਾਲੋਂ ਸਵਾਲ ਕਰ ਦਿੱਤਾ ।

"ਨੀਲਮਾ, ਪਤਾ ਨੀ ਕਿਉਂ ਅੱਜ ਮੈਨੂੰ ਇਵੇਂ ਮਹਿਸੂਸ ਹੋ ਰਿਹਾ ਜਿਵੇਂ ਮੇਰਾ ਕਿਸੇ ਨਾਲ ਲਗਾਵ ਜਿਹਾ ਹੋ ਗਿਆ ਤੇ ਉਹ ਮੈਨੂੰ ਇੱਥੇ ਤੱਕ ਖਿੱਚ ਲਿਆਇਆ ਏ ।" ਕਹਿੰਦੇ ਹੋਏ ਨਰਿੰਦਰ ਨੇ ਨੀਲਮਾ ਦਾ ਹੱਥ ਆਪਣੇ ਹੱਥਾਂ ਵਿਚ ਫੜ ਲਿਆ ।

"ਜਨਾਬ, ਇਸਨੂੰ ਪਿਆਰ ਕਹਿੰਦੇ ਨੇ.. ਜੋ ਮੈਂ ਤੁਹਾਨੂੰ ਅੱਜ ਵੀ ਕਰਦੀ ਹਾਂ ।" ਹੱਸਦੀ ਹੋਈ ਨੀਲਮਾ ਨਰਿੰਦਰ ਦੇ ਸੀਨੇ ਨਾਲ ਲਗ ਗਈ ।ਨੀਲਮਾ ਨੂੰ ਆਪਣੀਆਂ ਬਾਹਾਂ ਵਿਚ ਲੈਂਦੇ ਹੋਏ ਉਸਨੇ ਵਿਨੋਦ ਦੀ ਤਸਵੀਰ ਵੱਲ ਵੇਖਿਆ, "ਥੈਂਕਸ ਯੂ ਬੇਟਾ।ਮੈਨੂੰ ਸੁੱਤੇ ਨੂੰ ਜਗਾਉਣ ਲਈ ।" ਸੁਣ ਕੇ ਅਵਾਕ ਨੀਲਮਾ ਵੀ ਉਧਰ ਵੇਖਣ ਲੱਗੀ।(**ਸੰਪਰਕ 9855637840**)



# ਕਹਾਣੀ / ਪੈਦਲ /- ਗੁਰਵਿੰਦਰ ਸਿੰਘ

**(ਗੁਰਵਿੰਦਰ ਆਪਣੀ ਪਹਿਲੀ ਕਹਾਣੀ ਰਾਹੀ ਪੰਜਾਬੀ ਕਹਾਣੀ ਸਾਹਿਤ ਵਿਚ ਪ੍ਰਵੇਸ਼ ਕਰ ਰਿਹਾ ਏ। 'ਕਹਾਣੀ ਧਾਰਾ' ਨਵੇਂ ਕਹਾਣੀਕਾਰਾਂ ਨੂੰ ਉਤਸਾਹ ਦਿੰਦਾ ਆ ਰਿਹਾ ਏ। ਸੁਖਰਾਜ ਧਾਲੀਵਾਲ, ਸਿਮਰਨ ਧਾਲੀਵਾਲ ਤੇ ਦੀਪਤੀ ਬਬੂਤਾ ਨੂੰ ਪਹਿਲਾਂ ਪਹਿਲ 'ਕਹਾਣੀ ਧਾਰਾ' ਨੇ ਹੀ ਛਾਪਿਆ। ਗੁਰਵਿੰਦਰ ਦੀ ਇਹ ਕਹਾਣੀ ਅਸਿੱਧੇ ਤੌਰ ਤੇ ਡੇਰਾਵਾਦ ਦੇ ਆਮ ਮਨੁੱਖ ਤੇ ਪੈਂਦੇ ਪ੍ਰਭਾਵ ਬਾਰੇ ਹੈ। ਇਕ ਪੇਂਡੂ ਦਲਿਤ ਔਰਤ ਦੀ ਮਾਨਸਿਕਤਾ ਡੇਰੇ ਵੱਲ ਕਿਵੇਂ ਜਾਂਦੀ ਏ ਤੇ ਉਹ ਆਪਣੀ ਬੌਧਿਕ ਸਮਰੱਥਾ ਨਾਲ ਕਿਵੇਂ ਸਾਰੇ ਕੁਝ ਨੂੰ ਸਮਝਦੀ ਏ ਇਹ ਕਹਾਣੀ ਦੇ ਬਿਰਤਾਂਤ ਵਿਚ ਲੇਖਕ ਨੇ ਪੇਸ਼ ਕੀਤਾ ਏ। -ਸੰਪਾ.)**

ਚਮੇਲੀ ਆਪਣੀ ਕੁੜੀ ਨੂੰ ਕੁੱਛੜ ਚੁੱਕੀ ਸਿਖਰ-ਦੁਪਿਹਰੇ ਆਪਣੇ ਘਰ ਆਈ... ਕਾਹਲੀ-ਕਾਹਲੀ ਬੈਗਨੁਮਾ ਝੋਲੇ 'ਚ ਫੋਲਾ-ਫਾਲੀ ਕੀਤੀ, ਉਸੇ ਪੈਰ ਵਾਪਿਸ ਚਲੀ ਗਈ। ਪਿੰਡੋਂ ਪਟਿਆਲੇ ਬਸ-ਸਟੈਂਡ ਪਹੁੰਚੀ... ਇਧਰੋਂ-ਉਧਰੋਂ ਪੁੱਛ-ਪੜਤਾਲ ਕਰਨ ਤੋਂ ਬਾਅਦ ਚੰਡੀਗੜ੍ਹ ਵਾਲੀ ਬਸ 'ਚ ਜਾ ਬੈਠੀ। ਕੰਡਕਟਰ ਨਾਲ ਗੱਲ-ਬਾਤ ਤੋਂ ਬਾਅਦ ਉਸਨੇ ਜੀਰਕਪੁਰ ਦੀ ਟਿਕਟ ਕਟਾ ਲਈ...ਪਤਾ ਲੱਗਾ ਉੱਥੋਂ ਪੰਚਕੂਲੇ ਲਈ ਆਟੋ ਮਿਲ ਜਾਵੇਗਾ।

ਚਮੇਲੀ ਦਾ ਮਨ ਉਸਲਵੱਟੇ ਖਾਹ ਰਿਹਾ ਸੀ। ਚੰਡੀਗੜ੍ਹ-ਜੀਰਕਪੁਰ-ਪੰਚਕੂਲਾ ਬੜੇ ਅਣਜਾਣ ਨਾਂ ਸਨ ਉਸ ਲਈ। ਉਹ ਕਦੇ ਪਟਿਆਲੇ ਤੋਂ ਅਗਾਂਹ ਨਹੀਂ ਗਈ, ਪਟਿਆਲੇ ਵੀ ਗਿਣਤੀ ਦੇ ਦੋ-ਚਾਰ ਗੇੜੇ ਸਨ ਬਸ। ਉਸਦਾ ਜਿਆਦਾ ਜਾਣ-ਆਣ ਚੀਕਾ-ਕੈਥਲ ਸੀ। ਕੈਥਲ ਤੋਂ ਉਰਾ ਹੀ ਉਸਦਾ ਪੇਕਾ ਪਿੰਡ ਹੈ। ਉਹ ਰਾਹ ਉਸਨੂੰ ਕਦੇ ਓਪਰਾ ਨਾ ਲੱਗਿਆ। ਦੇਰ-ਸਵੇਰ ਉਹ ਕੱਲੀ ਵੀ ਜਾ-ਆ ਆਉਂਦੀ। ਉਹ ਪਟਿਆਲੇ ਦੀ ਪੂਰਬੀ ਕੱਛ 'ਚ ਨਿੱਕੇ ਜੇ ਪਿੰਡ ਵਿੱਚ ਵਿਆਹੀ ਹੋਈ ਸੀ। ਨਿੱਕਾ ਜਾ ਪਰਿਵਾਰ..ਨਿੱਕੀ ਜੀ ਬੇਟੀ ਰਮਨ ਤੇ ਪਤੀ ਧਰਮਪਾਲ ਸਿੰਘ... ਕੰਮ ਦਿਹਾੜੀ।



ਉਸਦੇ ਕੰਨਾਂ ਵਿੱਚ ਸ਼ਾਂ-ਸ਼ਾਂ ਹੋ ਰਹੀ ਏ... ਕਦੇ ਕਮੇਟੀ ਵੱਲੋਂ ਦਿੱਤੀ ਆਵਾਜ਼ ਕੰਨਾਂ ਵਿੱਚ ਆ ਵੜਦੀ " ਸਾਧ ਸੰਗਤ ਜੀ ਜੋ ਸੰਗਤ ਪਟਿਆਲਾ, ਸੰਗਰੂਰ, ਬਰਨਾਲਾ, ਅੰਬਾਲਾ ਔਰ ਪੰਚਕੂਲਾ ਸੇ ਹੈ ਵੋ ਸਭੀ ਪੰਚਕੂਲਾ ਚਲੇ ਜਾਏ ... ਗੁਰੂ ਮਹਾਰਾਜ ਕੱਲ ਵਹੀਂ ਦਰਸ਼ਨ ਦੇਂਗੇ ਔਰ ਨਾਮ-ਚਰਚਾ ਵੀ ਲਗਾਏਗੇ ਆਜ ਉਨਕੀ ਤਬੀਅਤ ਠੀਕ ਨਹੀਂ!" ਉਸਤੋਂ ਬਾਅਦ ਅਣਗਿਣਤ ਸੰਗਤ ਵਿੱਚ ਘੁਸਰ-ਮੁਸਰ ਹਿਲ-ਜੁਲ... ਚਲੋ-ਚਾਲ। ਚਮੇਲੀ ਨੇ ਨਾਲ ਦੀ ਸੰਗਤ ਨੂੰ ਬੇਨਤੀ ਕਰਕੇ ਘਰ ਜਾ ਕੇ ਵਾਪਿਸ ਪਹੁੰਚਣ ਦੀ ਗੱਲ ਆਖੀ... ਬਾਕੀ ਸਿੱਧੇ ਹੀ ਪੰਚਕੂਲੇ ਜਾ ਰਹੇ ਸੀ।

ਇਸ ਵਾਰ ਡੇਰੇ ਦੇ ਬਾਹਰ ਏਨੀ ਪੁਲਸ ਤੇ ਲੋਕਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਬਾਰੇ ਸੋਚ ਕੇ ਚਮੇਲੀ ਦੇ ਹੌਲ ਜੇ ਪੈਂਦੇ ਸਨ ਪਰ ਗੁਰੂ ਮਹਾਰਾਜ ਦੀ ਸ਼ਕਤੀ ਤੇ ਗਲ ਪਾਇਆ ਲੌਕਟ ਉਸਦਾ ਡਰ ਦੂਰ ਭਜਾ ਦਿੰਦਾ ਰਿਹਾ। ਸ਼ਾਮ ਤੱਕ ਉਹ ਦੱਸੀ ਜਗਾ 'ਤੇ ਅੱਪੜ ਗਈ ਪਰ ਆਪਣੀ ਸੰਗਤ ਨੂੰ ਕਿਵੇਂ ਲੱਭੇ ਨਾ ਕੋਈ ਪਤਾ-ਠਿਕਾਣਾ ਤੇ ਨਾ ਕੋਈ ਨੰਬਰ ਚਾਰ ਚੁਫੇਰੇ ਬਸ ਭੀੜ-ਸੰਗਤ। ਆਖਰ ਉਹ ਇੱਕ ਪਰਿਵਾਰ ਕੋਲ ਜਾ ਬੈਠੀ ਗੱਲਬਾਤ ਕੀਤੀ ਕੁੱਝ ਸਾਂਝ ਵਧੀ। ਉਸ ਪਰਿਵਾਰ ਨੇ ਕੁੜੀ ਲਈ ਥੋੜਾ ਦੁੱਧ ਦੇ ਦਿੱਤਾ ਚਮੇਲੀ ਨੇ ਝੋਲੇ 'ਚੋਂ ਬਿਸਕੁਟ ਕੱਢ ਬੇਟੀ ਨੂੰ ਖਵਾਏ ਕੁੱਝ ਦੇਰ ਬਾਅਦ ਕੁੜੀ ਸੌਂ ਗਈ। ਨਾਲ ਬੈਠੇ ਪਰਿਵਾਰ ਨੂੰ ਪਿੰਡੋਂ ਤੇ ਰਿਸ਼ਤੇਦਾਰੀ 'ਚੋਂ ਵਾਰ-ਵਾਰ ਫੋਨ ਆ ਰਹੇ ਸੀ। ਹਰ ਫੋਨ ਤੋਂ ਬਾਅਦ ਉਹ ਆਪ ਗੱਲਾਂ ਕਰਦੇ,"ਉਂਝ ਈ ਲੋਕ ਬਸ ਟੀ.ਵੀ. ਦੇਖ ਹੋਰ ਈ ਕੁੱਝ ਕਹੀ ਜਾਂਦੇ ਨੇ ਦੱਸੋਂ ਭਲਾ ਉਰੇ ਕੀ ਖ਼ਤਰਾ!" ਪਰਿਵਾਰ ਦੇ ਵੱਡੇ ਬੰਦੇ ਨੇ ਕਿਹਾ ਸੀ। ਬਾਕੀ ਪਰਿਵਾਰ ਨੇ ਹਾਂ ਵਿੱਚ ਸਹਿਮਤੀ ਪੱਕੀ ਕਰਨ ਲਈ ਹੋਰ ਗੱਲਾਂ ਕਰੀਆ ਪਰ ਵਾਰ-ਵਾਰ ਆਉਂਦੇ ਫੋਨ ਪੁਲਿਸ ਪੱਤਰਕਾਰ ਹੋਰ ਪਤਾ ਨੀ ਕੀ ਕੀ ਸਹਿਮ ਜ਼ਰੂਰ ਵਧਾ ਰਹੇ ਸੀ। ਚਮੇਲੀ ਖੇਸ ਵਿਛਾਈ ਇੱਕ ਹੱਥ ਲੌਕਟ ਨੂੰ ਫੜ੍ਹ ਹਿੱਕ 'ਤੇ ਰੱਖ ਤੇ ਦੂਸਰਾ ਹੱਥ ਬੇਟੀ ਦੇ ਸਿਰ ਰੱਖ ਸੌਣ ਦੀ ਕੋਸ਼ਿਸ਼ ਕਰਨ ਲੱਗੀ ਪਰ ਨੀਂਦ ਕਿਧਰੇ ਦੂਰ ਭੱਜ ਗਈ ਜਾਪੀ। ਉਸਦੀਆਂ ਸੋਚਾਂ ਉਡਾਰੀ ਮਾਰ ਬਚਪਨ 'ਚ ਜਾ ਖੁੱਭੀਆਂ...ਪਿੰਡ ਵਿੱਚ ਉਹਨਾਂ ਨੂੰ 'ਦਲਿਤਾਂ ਦੇ ਵਿਹੜੇ ਵਾਲੇ' ਕਰਕੇ ਜਾਣਿਆ ਜਾਂਦਾ ਸੀ। ਦਲਿਤ ਸਾਹਮਣੇ ਪਿੱਠ ਪਿੱਛੇ ਤਾਂ "ਸਾਲੇ ਜ਼ਿਮਰ" ਕਿਹਾ ਜਾਂਦਾ ਸੀ। ਬਾਕੀ ਪਿੰਡ ਨਾਲ ਉਹਨਾਂ ਦੀ ਸਾਂਝ ਸਿਰਫ਼ ਸੀਰੀਪੁਣੇ ਜਾਂ ਦਿਹਾੜੀਪੁਣੇ ਕਰਕੇ ਹੀ ਸੀ। ਹੋਰ ਕੋਈ ਖ਼ਾਸ ਮਿਲਵਰਤਨ ਨਹੀਂ। ਪਿੰਡ ਵਿੱਚ ਇੱਕ ਵੱਡਾ ਮੰਦਰ ਸੀ ਜਿੱਥੇ ਉਹ ਸਿਰਫ਼ ਮੱਥਾ ਟੇਕ ਸਕਦੇ ਸੀ ਪਰ ਉੱਥੇ ਬੈਠਣਾ ਉਹਨਾਂ ਲਈ ਮਨ੍ਹਾਂ ਸੀ ਉਹਨਾਂ ਆਪਣੇ ਬਜ਼ੁਰਗਾਂ ਤੋਂ ਸੁਣਿਆ ਸੀ ਕਿ ਪਹਿਲਾਂ ਤਾਂ ਅੰਦਰ ਵੜ੍ਹਨਾ ਵੀ ਮਨ੍ਹਾਂ ਸੀ। ਮੰਦਰ ਦਾ ਪ੍ਰਸਾਦ ਤਾਂ ਉਹਨਾਂ ਲਈ ਹੁਣ ਵੀ ਵਰਜਿਤ ਹੈ ਜੇ ਉਹ ਕੁੱਝ ਭੇਟ ਕਰਨ ਜਾਣ ਤਾਂ ਮੁੱਖ-ਮੰਦਰ ਦੇ ਬਾਹਰ ਪੀਪੇ ਵਿੱਚ ਉਹ ਚੀਜ ਪਵਾ ਲਈ ਜਾਂਦੀ ਸੀ। ਪਿੰਡ ਦੇ ਬਾਹਰ-ਬਾਰ ਕੁੱਝ ਸਿੱਖਾਂ ਦੇ ਘਰ ਹਨ। ਉਹਨਾਂ ਨੂੰ ਸਾਰੇ 'ਸਰਦਾਰ' ਕਹਿੰਦੇ ਸਨ। ਉਹਨਾਂ ਨੇ ਗੁਰਦੁਆਰਾ ਬਣਾਇਆ ਹੋਇਆ। ਚਮੇਲੀ ਹੋਰ ਬੱਚਿਆਂ ਨਾਲ ਸ਼ਾਮ ਨੂੰ ਉੱਥੇ ਚਲੀ ਜਾਂਦੀ ਉੱਥੇ ਭਾਈ ਜੀ ਉਹਨਾਂ ਨੂੰ ਬਾਹਰ ਬਿਠਾ ਦਿੰਦਾ ਕੁੱਝ ਸਮਾਂ ਪਹਿਲਾਂ ਉਹ ਸਰਦਾਰਾਂ ਨਾਲ ਅੰਦਰ ਹੀ ਬੈਠਦੇ ਸੀ ਪਰ ਪਤਾ ਨੀ ਕਿਓ ਹੁਣ ਉਹ ਮੱਥਾ ਟੇਕ ਕੇ ਬਾਹਰ ਬੈਠ ਜਾਂਦੇ ਹਨ ਅਰਦਾਸ ਹੋਣ ਤੋਂ ਬਾਅਦ ਭਾਈ ਜੀ ਪਹਿਲਾਂ ਅੰਦਰ ਦੇਗ ਵੰਡ ਦਿੰਦਾ ਤੇ ਬਾਅਦ ਵਿੱਚ ਬਾਹਰ ਆਉਣ ਲੱਗਿਆਂ ਪਤਾ ਨੀ ਉਸਦੀ ਪਿੱਠ ਨੂੰ ਕੀ ਹੋ ਜਾਂਦਾ... ਉਹ ਆਪਣਾ ਗੁੱਟ ਪੁੱਠਾ ਕਰਕੇ ਪਿੱਠ 'ਤੇ ਰੱਖ ਅਗੜਾਂਈ ਲੈਂਦਾ ਫਿਰ ਸਿੱਧਾ ਹੀ ਗੋਲੀ ਬਣਾ-ਬਣਾ ਦੇਗ ਚਮੇਲੀ ਹੋਰਾਂ ਦੇ ਹੱਥਾਂ ਵਿੱਚ ਸੁੱਟ ਦਿੰਦਾਂ ਚਮੇਲੀ ਹੋਰ ਬੱਚਿਆਂ ਵਾਂਗ ਦੇਗ ਦੀ ਗੋਲੀ ਗੇਂਦ ਦੀ ਤਰ੍ਹਾਂ ਬੁੱਚ ਫਖ਼ਰ ਮਹਿਸੂਸ ਕਰਦੀ ਪਰ ਵਿਆਹ ਤੋਂ ਬਾਅਦ ਉਸਨੂੰ ਸਮਝ ਆਉਣ ਲੱਗੀ ਕਿ ਇਹ ਸਭ ਕੀ ਖੇਡ ਸੀ। ਸੁਹਰੇ ਪਰਿਵਾਰ ਵਾਲੇ ਪਿੰਡ ਅਤੇ ਡੇਰੇ 'ਚ ਸਤਸੰਗ-ਚਰਚਾ ਸੁਣਨ ਜਾਂਦੇ ਸੀ ਚਮੇਲੀ ਵੀ ਨਾਲ ਹੀ ਜਾਣ ਲੱਗੀ ਪਈ। ਉਸਨੂੰ ਇੱਕ ਸਕੂਨ ਮਿਲਣ ਲੱਗਾ... ਗੁਰਦੁਆਰੇ ਦੇ ਅੰਦਰ ਬੈਠਣ ਵਾਲਾ !

ਸੋਚਦੀ-ਸੋਚਦੀ ਚਮੇਲੀ ਨੂੰ ਆਲੇ-ਦੁਆਲੇ ਬੈਠੇ-ਖੜੇ ਲੋਕਾਂ ਦੀ ਘੁਸਰ-ਮੁਸਰ ਦੂਰ ਅਲੋਪ ਹੁੰਦੀ

ਚਲੀ ਗਈ, ਉਸਦਾ ਹੱਥ ਗਰਦਨ 'ਤੇ ਚਲਾ ਗਿਆ, ਗਲ 'ਚ ਪਾਇਆ ਲੌਕਟ ਦਾ ਧਾਂਗਾ ਮੋਟਾ ਹੁੰਦਾ ਜਾਪਿਆ, ਗਰਦਨ ਘੁਟਦੀ ਤੇ ਆਪਣਾ-ਆਪਾ ਫਾਹੇ ਲਗਦਾ ਮਹਿਸੂਸ ਹੋਣ ਲੱਗਾ! ਰੌਲਾ-ਰੱਪਾ ਚੀਕ ਚਿਹਾੜਾ ਨਾਅਰੇ ਭੀੜ। ਇਕਦਮ ਚਮੇਲੀ ਉੱਠੀ...ਗਰਦਨ 'ਤੇ ਹੱਥ ਫੇਰਿਆ ਲੌਕਟ ਦਾ ਧਾਂਗਾ ਛੋਹਿਆ...ਲੰਮਾ ਹੌਂਕਾ ਲਿਆ ਚੁੰਨੀ ਨਾਲ ਮੱਥੇ ਦਾ ਪਸੀਨਾ ਪੂੰਝਿਆ ਰਮਨ ਦੇ ਸਿਰ ਨੂੰ ਪਲੋਸਿਆ। ਆਲੇ-ਦੁਆਲੇ ਦੇਖਿਆ ਭੀੜ ਹੋਰ ਵਧ ਗਈ ਸੀ ਲੋਕਾਂ ਦੀਆਂ ਗੱਲਾਂ-ਬਾਤਾਂ ਦੀ ਆਵਾਜ਼ ਧੀਮੀ-ਉੱਚੀ-ਧੀਮੀ ਹੁੰਦੀ ਰਹੀ।

ਦਿਨ ਚੜ੍ਹ ਗਿਆ। ਲੋਕ ਆਪਣੀਆਂ ਰੋਕੀਆਂ ਥਾਵਾਂ 'ਤੇ ਸੁੱਤੇ-ਬੈਠੇ-ਖੜ੍ਹੇ ਸਨ ਰੋਡ ਪਾਰਕ ਸਭ ਥਾਈਂ ਲੋਕ ਨਜ਼ਰ ਆ ਰਹੇ ਸਨ ਟੋਲੀਆਂ 'ਚ। ਚਮੇਲੀ ਨੇ ਰਮਨ ਨੂੰ ਗੋਦੀ ਚੁੱਕ, ਆਪਣੇ ਪਿੰਡ ਦੀ ਸੰਗਤ ਦੀ ਭਾਲ ਸ਼ੁਰੂ ਕਰ ਦਿੱਤੀ ਪਰ ਕਾਫ਼ੀ ਅਗਾਂਹ ਜਾਣ 'ਤੇ ਵੀ ਉਸਨੂੰ ਆਪਣਾ ਕੋਈ ਨਜ਼ਰ ਨਾ ਪਿਆ, ਨਾ ਹੀ ਸੰਗਤ-ਭੀੜ ਦਾ ਕੋਈ ਸਿਰਾ। ਵਾਪਿਸ ਉਸੇ ਪਰਿਵਾਰ ਕੋਲ ਆ ਬੈਠੀ।

ਲੋਕਾਂ ਦੀ ਸੰਘਣਤਾ ਪਲ-ਪਲ ਵਧ ਰਹੀ ਸੀ...ਨਾਲੋਂ-ਨਾਲ ਪੁਲਸ,ਪੱਤਰਕਾਰ, ਫੌਜ ਦੀ ਵੀ। ਚਮੇਲੀ ਅੰਦਰੋਂ-ਅੰਦਰ ਡਰ ਰਹੀ ਸੀ। ਉਸ ਲਈ ਇਹ ਪਹਿਲੀ ਵਾਰ ਸੀ। ਚਮੇਲੀ ਨੇ ਰਮਨ ਨੂੰ ਗੋਦੀ ਚੁੱਕਿਆ 'ਤੇ ਆਸੇ-ਪਾਸੇ ਦੇਖ ਦੂਰ ਉੱਚੀਆਂ ਇਮਾਰਤਾਂ ਦੇ ਵਿੱਚੋਂ ਝਾਤੀਆਂ ਮਾਰ ਰਹੇ ਕੱਚੇ ਪਹਾੜਾ ਵੱਲ ਉਂਗਲ ਕਰ ਕਹਿਣ ਲੱਗੀ "ਔਹ ਦੇਖ ਪਹਾੜ ਸੋਣੇ-ਸੋਣੇ ਆਪਾਂ ਤੇਰੇ ਪਾਪਾ ਨਾਲ ਉੱਥਾ ਜਾਹਾਗੇ!" ਚਮੇਲੀ ਇਹ ਸਭ ਸ਼ਾਇਦ ਡਰ ਦੂਰ ਕਰਨ ਲਈ ਕਰ ਰਹੀ ਸੀ। ਕੁੱਝ ਸਮੇਂ ਬਾਅਦ ਅਸਮਾਨ ਵਿੱਚ ਹੈਲੀਕਾਪਟਰ ਮੰਡਰਾਇਆ ਸਾਰੇ ਲੋਕ ਮੂੰਹ ਉੱਪਰ ਚੁੱਕੀ ਉਸ ਵੱਲ ਝਾਕ ਰਹੇ ਸੀ ਜਿਉਂ ਵਿੱਚ ਬੈਠਿਆਂ ਨੂੰ ਪਛਾਣ ਰਹੇ ਹੋਣ।ਘੁਸਰ-ਮੁਸਰ ਰੋਲੇ-ਰੱਪੇ ਵਿੱਚ ਬਦਲਣ ਲੱਗੀ। ਹੈਲੀਕਾਪਟਰ ਉੱਚੀਆਂ ਇਮਾਰਤਾਂ ਦੇ ਪਿਛੇ ਕਿਤੇ ਜਾ ਉਤਰਿਆ। ਰੌਲਾ-ਰੱਪਾ ਘੁਸਰ-ਮੁਸਰ 'ਚ ਬਦਲ ਗਿਆ।

ਕੁੱਝ ਸਮੇਂ ਬਾਅਦ ਇੱਕ ਹੋਰ ਹੈਲੀਕਾਪਟਰ ਉਸੇ ਤਰ੍ਹਾਂ ਆਇਆ ਤੇ ਉਤਰ ਗਿਆ। ਇਸ ਵਾਰ ਲੋਕ ਝਾਕੇ ਜ਼ਰੂਰ ਪਰ ਪਹਿਲਾਂ ਵਾਂਗ ਰੋਲਾ-ਰੱਪਾ ਨਹੀਂ ਪਿਆ। ਥੋੜ੍ਹੇ ਸਮੇਂ ਬਾਅਦ ਅਫਵਾਹ ਵਾਂਗ ਗੱਲ ਆਈ "ਗੁਰੂ ਜੀ ਆਗੇ"। ਇਹ ਸੁਣ ਚਮੇਲੀ ਨੇ ਸੁੱਖ ਦਾ ਸਾਹ ਲਿਆ ਚਲੋ ਹੁਣ ਦਰਸ਼ਨ ਕਰਕੇ ਵਿਚਾਰ ਸੁਣ ਕੇ ਘਰ ਚਲੇ ਜਾਵਾਂਗੇ ਪਰ ਆਲੇ-ਦੁਆਲੇ ਵੱਜ ਰਹੀਆਂ ਫੋਨ ਦੀਆਂ ਘੰਟੀਆਂ ਫੋਨ ਸੁਣਦੇ ਲੋਕਾਂ ਦੀਆਂ ਗੱਲਾਂ ।"ਨਹੀਂ-ਨਹੀਂ ਸਭ ਠੀਕ ਆ!" ਚਮੇਲੀ ਨੂੰ ਸਭ ਠੀਕ ਨਹੀਂ ਲੱਗ ਰਿਹਾ ਸੀ। ਸਤਸੰਗਾਂ ਤਾਂ ਉਸਨੇ ਪਹਿਲਾਂ ਵੀ ਬਹੁਤ ਸੁਣੀਆਂ ਸਨ ਪਰ ਇਸ ਵਾਰ ਵਰਗਾਂ ਹਜ਼ੂਮ ਅਫਵਾਹਾਂ ਪੁਲਿਸ ਪੱਤਰਕਾਰ ਹੈਲੀਕਾਪਟਰ ਕਦੇ ਵੀ ਨੀ ਸੀ ਦੇਖਿਆ। ਸੰਗਤ ਆਉਂਦੀ ਪਡਾਲ ਸਜੇ ਹੁੰਦੇ ਸਾਫ਼-ਸਫਾਈ ਸ਼ਬਦ ਲੱਗ ਰਹੇ ਹੁੰਦੇ ਸੇਵਾਦਾਰਾਂ ਦੀਆਂ ਹਦਾਇਤਾਂ ਆਪਸੀ ਭਾਈਚਾਰਾ ਇਸ ਵਾਰ ਸਭ ਅਲੋਪ ਸੀ।

ਇਕਦਮ ਸਾਰੇ ਲੋਕ ਅੱਗੇ ਨੂੰ ਚੱਲ ਪਏ ਨਾਅਰੇ ਜੈ-ਜੈ ਕਾਰ ਰੌਲਾ-ਰੱਪਾ। ਚਮੇਲੀ ਨੇ ਰਮਨ ਨੂੰ ਗੋਦੀ ਚੁੱਕਿਆ ਤੇ ਅੱਗੇ ਨੂੰ ਚੱਲ ਪਈ। ਨਾਲ ਦਾ ਪਰਿਵਾਰ ਹੁਣ ਉਸ ਨਾਲ ਨਹੀਂ ਸੀ ਅੱਗੇ ਜਾਂ ਪਿੱਛੇ ਕੁੱਝ ਪਤਾ ਨੀ! "ਤੜਾਕ ਠਾਹ ਠਾਹ!" ਆਵਾਜ਼ਾਂ ਆਈਆਂ। ਚਮੇਲੀ ਰੁਕ ਗਈ ਉਸਦੇ ਪੈਰ ਮਣਾਂ-ਮੂੰਹੀ ਭਾਰੀ ਹੋ ਗਏ ਉਹ ਬਿਲਕੁਲ ਸਥਿਰ ਹੋ ਗਈ। ਲੋਕ ਧੱਕਾ-ਮੁੱਕੀ ਕਰਕੇ ਅਗਾਂਹ ਨਿਕਲ ਰਹੇ ਸਨ ਪਰ ਚਮੇਲੀ ਦਾ ਸਿਰ ਚਕਰਾ ਰਿਹਾ ਸੀ ਤੇ ਪੈਰਾਂ 'ਚ ਜਿਵੇਂ ਕਿੱਲ ਲੱਗੇ ਹੋਣ ਨਾ ਅਗਾਂਹ ਨਾ ਪਿਛਾਂਹ!

ਅੱਗੇ ਜਾਂਦੇ ਲੋਕ ਇਕਦਮ ਪਿਛਾਂਹ ਮੁੜਣ ਲੱਗੇ ਭੱਜਣ ਲੱਗੇ ਚਮੇਲੀ ਨੂੰ ਇਕਦਮ ਧੱਕਾ ਲੱਗਾ ਉਹ ਡਿਗਦੀ-ਡਿਗਦੀ ਮਸਾਂ ਸੰਭਲੀ ਤੇ ਪਿਛਾਂਹ ਵੱਲ ਕਾਹਲੀ ਨਾਲ ਲੋਕਾਂ ਦੀ ਕਦਮ ਨਾਲ ਕਦਮ ਮਿਲਾਉਂਦੀ ਪਤਾ ਨਹੀਂ ਕਿਉਂ ਤੇ ਕਿੱਧਰ ਜਾ ਰਹੀ ਏ ਬੇਖ਼ਬਰ ਆਲਾ ਦੁਆਲਾ ਭਿਆਨਕ "ਤੜਾਕ-ਠਾਹ" ਦੀਆਂ ਆਉਂਦੀਆਂ ਆਵਾਜ਼ਾਂ ਕੋਈ ਚਿਹਰਾ ਸਪਸ਼ਟ ਨੀ ਦਿਖ ਰਿਹਾ ਬਸ ਰੌਲਾ-ਰੱਪਾ ਭੀੜ ਦੌੜ!

ਕਾਫ਼ੀ ਅੱਗੇ ਜਾ ਕੇ ਚਮੇਲੀ ਰੁਕੀ ਰਮਨ ਪਤਾ ਨਹੀਂ ਕਦੋ ਤੋਂ ਰੋ ਰਹੀ ਸੀ ਚਮੇਲੀ ਨੂੰ ਹੁਣ ਪਤਾ ਲੱਗਾ!



ਪਿਛਾਂਹ ਵੱਲ ਦੇਖਿਆਂ ਤਾਂ ਅਸਮਾਨ ਵਿੱਚ ਕਾਲਾ ਧੂੰਆਂ ਦਿਖ ਰਿਹਾ ਸੀ ਭੀੜ ਲਗਾਤਾਰ ਦੌੜਦੀ ਆ ਰਹੀ ਸੀ। ਚਮੇਲੀ ਨੇ ਜਦੋਂ ਅਗਾਂਹ ਵੱਲ ਦੇਖਿਆਂ ਤਾਂ ਪਿਛਾਂਹ ਵਾਲਾ ਧੂੰਆਂ ਇਧਰ ਵੀ ਦਿਖਿਆ... ਨਾਲ ਜਲਦੇ ਮੋਟਰ-ਸਾਈਕਲ ਤੇ ਗੱਡੀਆਂ ਚਮੇਲੀ ਹੁਣ ਚੁਸਤ ਸੀ ਉਸਨੇ ਆਲੇ-ਦੁਆਲੇ ਜੋ ਪਹਿਲਾਂ ਬੇਪਛਾਣ ਤੇ ਧੁੰਦਲਾ ਨਜ਼ਰ ਆ ਰਿਹਾ ਸੀ ਤੋਂ ਖੁਦ ਹੀ ਨਜ਼ਰਾਂ ਘੁੰਮਾ ਲਈਆਂ, ਹੁਣ ਓਸਦੀਆਂ ਨਜ਼ਰਾਂ ਵਿੱਚ ਰਮਨ ਪਤੀ ਧਰਮਪਾਲ ਤੇ ਘਰ ਸੀ। ਉਹ ਜਲਦੇ ਸਾਧਨਾਂ ਕੋਲੋ ਤੇਜ਼ੀ ਨਾਲ ਗ਼ੁਜਰਦੀ ਗਈ ਤੇ ਰਾਤ ਵਾਲੀ ਥਾਂ ਤੋਂ ਬਹੁਤ ਪਿਛਾਂਹ ਆ ਗਈ ਪਰ ਜਾਣਾ ਕਿੱਧਰ ਨੂੰ ਏ ਉਸਨੂੰ ਸਮਝ ਨਾ ਆਈ ।ਪੁੱਛਦੀ ਵੀ ਕਿਸਨੂੰ? ਦੌੜਦੀ ਭੀੜ ਨੂੰ ਜਾਂ ਫਿਰ ਆਲੇ-ਦੁਆਲੇ ਦੇ ਬੰਦ ਪਏ ਘਰਾਂ ਦੀਆਂ ਦੂਜੀਆਂ-ਤੀਜੀਆਂ ਮੰਜਿਲਾਂ 'ਤੇ ਖੜੇ ਲੋਕਾਂ ਨੂੰ! ਓਹ ਚਲਦੀ ਗਈ। ਅੱਗੇ ਕਾਫ਼ੀ ਪੁਲਿਸ ਖੜੀ ਸੀ ਨਾਲ ਬੱਸਾਂ ਲੋਕ ਬੱਸਾਂ ਵਿੱਚ ਤੇਜ਼ੀ ਨਾਲ ਬੈਠੀ ਜਾ ਰਹੇ ਸੀ, ਕਿਸੇ ਨੂੰ ਕੋਈ ਪਤਾ ਨੀ ਸੀ ਕਿ ਇਹ ਬੱਸਾਂ ਕਿੱਥੇ ਜਾ ਰਹੀਆਂ ਹਨ... ਨਾ ਹੀ ਕੋਈ ਦੱਸ ਰਿਹਾ ਸੀ... ਚਮੇਲੀ ਵਾਲੀ ਬੱਸ ਦੋ-ਚਾਰ ਮਿੰਟਾਂ 'ਚ ਹੀ ਨੱਕੋ-ਨੱਕ ਤੂੰਨੀ ਗਈ ਚੱਲੀ ਤੇ ਕੁੱਝ ਮਿੰਟਾਂ ਵਿੱਚ ਹੀ ਉੱਚੇ ਲੰਮੇ ਪੁੱਲ ਕੋਲ ਆ ਕੇ ਰੁਕ ਗਈ ਉਤਰਨ ਦਾ ਹੁਕਮ ਹੋਇਆ।

ਚਮੇਲੀ ਨੇ ਉਤਰਦੇ ਹੀ ਜਗਾ ਪਛਾਣ ਲਈ 'ਜੀਰਕਪੁਰ', ਕੱਲ ਇੱਥੋਂ ਹੀ ਉਸਨੇ ਪੰਚਕੂਲੇ ਲਈ ਆਟੋ ਲਿਆ ਸੀ। ਇੱਥੇ ਵੀ ਬਹੁਤ ਭੀੜ ਸੀ। ਇੱਕ ਬੱਸ ਆਈ ਤੇ ਹੌਲੀ ਹੋਈ ਚਮੇਲੀ ਕਿਸੇ ਨੂੰ ਕੁੱਝ ਪੁੱਛਦੀ ਇੰਨ੍ਹੇ ਨੂੰ ਬੱਸ ਵਾਪਿਸ ਘੁੰਮ ਗਈ ਵਿੱਚੋਂ-ਉੱਪਰੋਂ ਖਚਾ-ਖੱਚ ਲੱਦੀ। ਰੌਲਾ ਇਕਦਮ ਭਜ-ਦੌੜ ਵਿੱਚ ਬਦਲ ਗਿਆ, ਭੀੜ ਦੌੜਣ ਲੱਗੀ ਪੁਲਿਸ ਦੀਆਂ ਗੱਡੀਆਂ ਦੇ ਤਿੱਖੇ ਹੂਟਰ ਚਮੇਲੀ ਦੇ ਦਿਲ ਦੀ ਧੜਕਣ ਵਧਾ ਰਹੇ ਸੀ... ਪਰ ਚਮੇਲੀ ਇਸ ਵਾਰ ਸਥਿਰ ਨਹੀਂ ਸੀ ਸਗੋਂ ਭੀੜ ਨੂੰ ਚੀਰਦੀ ਭੱਜ ਰਹੀ ਸੀ। ਕੁੱਝ ਲੋਕਾਂ ਨੇ ਜੀਰਕਪੁਰ ਲੰਘ ਕੇ ਮੇਨ ਰੋਡ ਛੱਡ ਲਿੰਕ ਸੜਕਾਂ ਫੜ ਲਈਆਂ ਚਮੇਲੀ ਨੂੰ ਵੀ ਇਹ ਰਸਤੇ ਜਿਆਦਾ ਠੀਕ ਲੱਗੇ ਉਹ ਵੀ ਇਕ ਲਿੰਕ ਸੜਕ ਰਾਹੀਂ ਮੇਨ ਰੋਡ ਛੱਡ ਰਹੇ ਕੁੱਝ ਲੋਕਾਂ ਮਗਰ ਤੁਰ ਪਈ ਕੁੱਝ ਬਜੁਰਗ ਤੇ ਬੱਚੇ ਵਾਲੀਆਂ ਔਰਤਾਂ ਰੁਕ-ਰੁਕ ਕੇ ਤੁਰ ਰਹੀਆਂ ਸਨ ਪਰ ਚਮੇਲੀ ਨੇ ਇੱਕ ਥਾਂ ਮੋਟਰ ਦੀ ਖਾਲ 'ਚੋਂ ਰਮਨ ਨੂੰ ਪਾਣੀ ਦੀਆਂ ਚੂਲ੍ਹੀਆਂ ਪਿਲਾਈਆ ਤੇ ਤੇਜ਼ੀ ਨਾਲ ਤੁਰ ਰਹੇ ਇੱਕ ਮਰਦ ਤੇ ਦੋ ਔਰਤਾਂ ਮਗਰ ਤੁਰਦੀ ਰਹੀ।

ਮੂੰਹ ਨੇਰ੍ਹਾ ਹੋ ਗਿਆ ਰਮਨ ਫਿਰ ਰੋਣ ਲੱਗ ਪਈ। ਚਮੇਲੀ ਨੂੰ ਪਤਾ ਸੀ ਕਿ ਇਸਨੂੰ ਭੁੱਖ ਲੱਗੀ ਏ ਪਰ ਇਸ ਭਿਆਨਕ ਦੌੜ ਅਣਜਾਣ ਰਾਹਾਂ 'ਤੇ ਉਹ ਕੀ ਕਰੇ? ਉਸਨੂੰ ਕੁੱਝ ਸਮਝ ਨੀ ਆ ਰਿਹਾ ਸੀ। ਜਦੋਂ ਰਮਨ ਜ਼ਿਆਦਾ ਹੀ ਰੋਣ ਲੱਗੀ ਤਾਂ ਚਮੇਲੀ ਸੜਕ ਕਿਨਾਰੇ ਰੁਕ ਕੇ ਓਸਨੂੰ ਦੁੱਧ ਝੁੰਗਾਉਣ ਲੱਗੀ ਰਮਨ ਨੇ ਦੁੱਧ ਛੱਡੇ ਨੂੰ ਕਈ ਮਹੀਨੇ ਹੋ ਚੁੱਕੇ ਸਨ ਪਰ ਚਮੇਲੀ ਕੌਲ ਹੋਰ ਕੋਈ ਰਸਤਾ ਨਹੀਂ ਸੀ ਧੱਕੇ ਨਾਲ ਉਸਨੇ ਰਮਨ ਦਾ ਮੂੰਹ ਲਵਾ ਦਿੱਤਾ ਤੇ ਰਮਨ ਰੋਂਦੀ-ਰੋਂਦੀ ਝੁੰਗਣ ਲੱਗੀ। ਅੱਗੇ ਜਾ ਰਹਾ ਰਿਹਾ ਮਰਦ ਤੇ ਦੋ ਔਰਤਾਂ ਸ਼ਾਮ ਦੇ ਹਨ੍ਹੇਰੇ ਵਿੱਚ ਕੁੱਝ ਵਿੱਥ ਤੋਂ ਹੀ ਅਲੋਪ ਹੋ ਗਏ ਚਮੇਲੀ ਸੋਚਾਂ ਵਿੱਚ ਡੁੱਬੀ ਸੀ। ਕੁੱਝ ਲੋਕ ਹੋਰ ਨੇੜੇ ਦੀ ਲੰਘ ਰਹੇ ਸੀ ਚਮੇਲੀ ਨੂੰ ਭੈਅ ਵੀ ਆਇਆ ਪਰ ਉਹ ਸਾਂਤ ਬੈਠੀ ਰਹੀ ਸੰਘਣੇ ਤੂਤ ਦੇ ਪ੍ਰਛਾਵੇਂ ਕਾਰਨ ਵਧੇ ਹਨ੍ਹੇਰੇ ਨੇ ਉਸਨੂੰ ਆਪਣੀ ਬੁੱਕਲ 'ਚ ਲਪੇਟ ਲਿਆ। ਰਮਨ ਭੁੱਖ ਮਿਟਾ ਸੌਂ ਗਈ। ਚਮੇਲੀ ਨੂੰ ਸੰਤੁਸ਼ਟੀ ਜਿਹੀ ਹੋਈ ਭਿਆਨਕ ਹਲਾਤ ਵਿੱਚ ਕੁੱਝ ਛਿਣਾਂ ਦਾ ਸਕੂਨ।

ਚਮੇਲੀ ਉੱਠੀ ਤੇ ਤੁਰ ਪਈ ਕੁੱਝ ਕਦਮ ਚੱਲਣ 'ਤੇ ਹੀ ਉਸ ਕੁੱਝ ਅਵਾਜ਼ਾਂ ਸੁਣੀਆਂ "ਲੌਕਟ ਦੇਖੋ ਲੌਕਟ ਇਹਨਾਂ ਦਾ... ਸਾਲੇ ਵੱਡੇ ਬਾਪੂ ਆਲੇ ਸਾਡੇ ਨਾਲ ਪੰਗਾ ਲੈਂਦੇ ਸੀ। ਬਾਬੇ ਆਲਾ ਕੰਮ ਸਾਤੋਂ ਕਰਾਲੋ ਹੁਣ।" ਨਾਲੋਂ-ਨਾਲ ਕੁੱਝ ਹੋਂਕੇ ਲੈਂਦੀਆਂ ਤਰਸ ਮੰਗ ਰਹੀਆਂ ਅਵਾਜ਼ਾਂ ਵੀ ਆ ਰਹੀਆਂ ਸਨ, "ਨਹੀਂ ਜੀ ਸਾਡਾ ਕੋਈ ਕਸੂਰ ਨੀ ਜੀ, ਅਸੀਂ ਕੁੱਝ ਨੀ ਕਰਿਆ ਜੀ ਬੱਚਿਆਂ ਨੂੰ ਨਾ ਕੁੱਝ ਕਹੋ ਜੀ" ਚਮੇਲੀ ਨੇ ਉੱਥੇ ਹੀ ਪੈਰ ਦੱਬ ਲਏ । "ਚਲੋ-ਚਲੋ ਜਾਣ ਦੋ ਬਹੁਤ ਹੋਗੀ" ਕੁੱਝ ਲੋਕ ਗੱਲ ਨਬੇੜਦੇ ਵੀ ਲੱਗੇ ਨੇੜਲੇ ਪਿੰਡ ਦੇ ਸਰਾਬੀ ਤੇ ਮਸਤੇ ਲੋਕਾਂ ਨੇ ਛੇੜਖਾਨੀ ਬੇਜਤੀ ਬੇਆਬਰੂ ਕਰਨ ਦਾ ਨਾਕਾ

ਲਾਇਆ ਹੋਇਆ ਸੀ। ਮਰਦਾਂ ਦੇ ਥੱਪੜ ਮਾਰ ਰਹੇ ਸੀ ਤੇ ਔਰਤਾਂ-ਕੁੜੀਆਂ ਦੇ ਅੰਗਾਂ ਨੂੰ ਛੋਹ ਚੂੰਡੀਆਂ ਵੱਢ ਰਹੇ ਸੀ ! ਨਾਲੋਂ-ਨਾਲ ਅਵਾਜ਼ ਸੀ "ਕੋਈ ਗ਼ਲਤ ਕੰਮ ਨੀ ਕਰਨਾ ਬੱਸ ਜਾਣ ਦੋ !"

ਚਮੇਲੀ ਸੋਚੀ ਪੈ ਗਈ ! ਕੁੱਝ ਸਮਾਂ ਰੁਕਣ ਤੋਂ ਬਾਅਦ ਚਮੇਲੀ ਦੇ ਪੈਰ ਖੁਦ ਹੀ ਰਸਤਾ ਛੱਡ ਖੇਤਾਂ ਵੱਲ ਵਧ ਗਏ। ਹੁਣ ਉਹ ਆਪ ਹੀ ਆਪਣਾ ਮਾਰਗਦਰਸ਼ਕ ਸੀ। ਰਮਨ ਫਿਰ ਜਾਗ ਗਈ ਚਮੇਲੀ ਦੇ ਪੈਰ-ਬਾਹਾਂ ਜਵਾਬ ਦੇ ਰਹੇ ਸੀ। ਉਹ ਇੱਕ ਮੋਟਰ 'ਤੇ ਰੁਕੀ ਖਾਲ 'ਚੋਂ ਪਾਣੀਆਂ ਦੀਆਂ ਚੁਲ੍ਹੀਆਂ ਆਪ ਪੀਤੀਆਂ ਤੇ ਰਮਨ ਨੂੰ ਪਿਲਾ ਦਿੱਤੀਆਂ। ਹੁਣ ਉਸਨੇ ਰਮਨ ਨੂੰ ਕੰਧੇੜੇ ਚੁੱਕ ਲਿਆ ਤੇ ਉੱਪਰੋਂ ਚੁੰਨੀ ਨਾਲ ਬੰਨ੍ਹ ਦਿੱਤਾ ਰਮਨ ਅਰਧ-ਨਿੰਦਰਾ ਵਿੱਚ ਸੀ। ਚਮੇਲੀ ਦੇ ਪੈਰ ਭਾਵੇਂ ਥੱਕ ਗਏ ਸੀ ਪਰ ਅੱਖਾਂ ਦੀਆਂ ਪਲਕਾਂ ਜਿਵੇਂ ਹਿਲਣਾ ਭੁੱਲ ਗਈਆਂ ਸਨ ਜਾਂ ਚਮੇਲੀ ਦਾ ਹੁਕਮ ਸੀ 'ਇੱਕ ਛਿਣ ਲਈ ਵੀ ਅੱਖਾਂ ਬੰਦ ਨਹੀਂ ਹੋਣੀਆਂ ਚਾਹੀਦੀਆਂ'। ਉਹ ਤੇਜ਼ੀ ਨਾਲ ਫਿਰ ਤੁਰੀ ਬਹੁਤ ਸਮਾਂ ਤੁਰਨ ਤੋਂ ਬਾਅਦ ਉਸਨੂੰ ਦੂਰ ਵੱਡੀਆਂ-ਉੱਚੀਆਂ ਲਾਈਟਾਂ ਦਿਖੀਆਂ ਚਮੇਲੀ ਲਾਈਟਾਂ ਵੱਲ ਤੇਜ਼ੀ ਨਾਲ ਤੁਰਦੀ ਗਈ, ਅੱਗੇ ਰੇਲ ਦੀ ਲੀਹ ਆ ਗਈ... ਪਤਾ ਨੀ ਕਿਹੜਾ ਸ਼ਹਿਰ ਸੀ, ਉਸ ਨੂੰ ਯਾਦ ਆਇਆ ਕਿ ਕਲ੍ਹ ਜਦ ਉਹ ਆਈ ਸੀ, ਰਸਤੇ ਵਿੱਚ ਰਾਜਪੁਰਾ ਸ਼ਹਿਰ ਆਇਆ ਸੀ, ਡੇਰੇ ਵਿੱਚ ਪਿੰਡ ਵਾਲੀ ਸੰਗਤ ਜਦ ਆਉਣ ਬਾਰੇ ਗੱਲ ਕਰ ਰਹੀ ਸੀ ਤਾਂ ਵਿੱਚੋਂ ਇੱਕ ਬੰਦੇ ਨੇ ਰੇਲਗੱਡੀ ਰਾਹੀਂ ਜਾਣ ਲਈ ਕਿਹਾ ਸੀ ਤਾਂ ਇੱਕ ਹੋਰ ਨੇ ਕਿਹਾ ਸੀ ਕਿ "ਮੇਰਾ ਖਿਆਲ ਆ ਰੇਲਗੱਡੀ ਤੋ ਪਟਿਆਲਾ ਤੇ ਰਾਜਪੁਰੇ ਤਿੱਕਰ ਹੀ ਸਿੱਧੀ ਜਵਾਂਗੀ... ਕੋਈ ਹੋਰ ਜੁਗਾੜ ਕਰਲਿਓ।" ਚਮੇਲੀ ਨੇ ਇਹਨਾਂ ਗੱਲਾਂ ਤੋਂ ਹੀ ਅਨੁਮਾਨ ਲਾਇਆ ਕਿ ਇਹ 'ਰਾਜਪੁਰਾ' ਸ਼ਹਿਰ ਹੈ... ਤੇ ਅੱਗੋਂ ਰੇਲ-ਪੱਟੜੀ ਰਾਹੀਂ ਹੀ ਪਟਿਆਲੇ ਪੁੱਜਣ ਲਈ ਤੇਜ਼ੀ ਨਾਲ ਤੁਰ ਪਈ...।

ਹੋਰ ਸਮਾਨ ਸਣੇ ਚੱਪਲਾਂ ਤਾਂ ਰੌਲੇ ਵਿੱਚ ਉੱਥੇ ਰੁਲ ਗਈਆਂ ਸਨ...ਉਹ ਨੰਗੇ ਪੈਰੀ ਤੁਰਦੀ ਜਾ ਰਹੀ ਸੀ...ਪੈਰ ਸੁੰਨ ਹੋਏ ਜਾਪ ਰਹੇ ਸਨ। ਕੁੱਝ ਸਮੇਂ ਬਾਅਦ ਪਿੱਠ ਉੱਪਰ ਲਮਕਦੀ ਰਮਨ ਨੂੰ ਹੱਥਾਂ ਨਾਲ ਛੋਹ ਕੇ ਦੇਖਦੀ...ਤੇ ਅੱਗੋਂ ਚੁੰਨੀ ਦੀ ਗੰਢ ਚੈੱਕ ਕਰਦੀ... ਹੋਰ ਤੇਜ਼ ਹੁੰਦੀ...। ਬਹੁਤ ਦੂਰੋਂ ਆਉਂਦੀ ਟ੍ਰੇਨ ਦੀ ਕੂਕ ਸੁਣੀ ਤਾਂ ਉਹ ਲੀਹ ਤੋਂ ਪਾਸੇ ਉੱਤਰ ਟੋਇਆਂ ਜਾ ਬੈਠ ਗਈ। ਟ੍ਰੇਨ ਰੁਕ ਗਈ... ਸਾਇਦ ਸਾਹਮਣੇ ਕੋਈ ਸਟੇਸ਼ਨ ਹੋਵੇ...ਟੋਇਆਂ ਵਿੱਚ ਬੈਠਣ 'ਤੇ ਉਸਨੂੰ ਅਰਾਮ ਦੀ ਥਾਂ ਪੈਰਾਂ...ਲੱਤਾਂ ਵਿੱਚ ਦਰਦ ਹੋਣ ਲੱਗਾਂ...ਅੱਖਾਂ ਬੰਦ ਹੋ ਗਈਆਂ...ਸੁਰਤੀ ਬਚਪਨ 'ਚ ਜਾ ਖੁੱਭੀ...ਪਿੰਡ 'ਚ ਸਰਦਾਰਾਂ ਨੇ ਦੀਵਾਨ ਲਵਾਏ ਸਨ। ...ਸੰਤਾਂ ਦੇ। ਪਿੰਡ ਦੇ ਬਹੁਤੇ ਲੋਕ ਉੱਥੇ ਹੀ ਸਨ। ਆਲੇ-ਦੁਆਲੇ ਦੇ ਪਿੰਡਾਂ 'ਚੋਂ ਵੀ ਲੋਕ ਆਏ ਸਨ। ...ਮੈਂ ਵੀ ਬੱਚਿਆਂ ਨਾਲ ਚਲੀ ਗਈ। ਲੰਗਰ 'ਚ ਰੋਟੀਆਂ ਲਾਹ ਰਹੀਆਂ ਔਰਤਾਂ ਨੇ ਮੈਨੂੰ ਭੱਠੀਆਂ 'ਚ ਬਾਲਣ ਲਾਉਣ ਲਾ ਲਿਆ। ਦੀਵਾਨ ਖ਼ਤਮ ਹੋਣ ਵਾਲਾ ਸੀ... ਲੰਗਰ 'ਚ ਭੀੜ ਸੀ। ਗੁਰਦੁਆਰੇ ਦਾ ਪ੍ਰਧਾਨ ਲੰਗਰ ਵਾਲੇ ਪਾਸੇ ਤੋਂ ਆਉਂਦਾ ਹੋਇਆ ਕਹਿਣ ਲੱਗਾ, "ਭਾਈ ਬੀਬੀਓ ਜਲਦੀ ਕਰੋ...ਪ੍ਰਸਾਦੇ ਪੂਰੇ ਨੀ ਆ ਰਹੇ।" ਨੇੜੇ ਆਉਂਦੇ ਪ੍ਰਧਾਨ ਨੂੰ ਇੱਕ ਬੀਬੀ ਨੇ ਕਿਹਾ "ਜੇ ਇਕ ਪਰਾਂਤ ਹੋਰ ਮਿਲ ਜਾਵੇ, ਕੁੱਝ ਬੀਬੀਆਂ ਹੋਰ ਆਟਾ ਤਿਆਰ ਕਰ ਲੈਣ...ਨਾਲੋਂ-ਨਾਲ ਲੰਗਰ ਤਿਆਰ ਹੁੰਦਾ ਜਾਵੇਗਾ।" ਅੱਗੋਂ ਪ੍ਰਧਾਨ ਬੋਲਿਆ, "ਪਰਾਂਤ ਤਾਂ ਗੁਰੂ ਘਰ 'ਚ ਹਨ ਪਰ ਛੋਟੀਆਂ ਹਨ...ਚਲੋ ਦੋ ਲੈ ਆਉਂਨੇ ਆਂ...।" ਕਹਿ ਉਹ ਆਲੇ-ਦੁਆਲੇ ਦੇਖਣ ਲੱਗਾ , "ਨਾਲ ਕਿਸ ਨੂੰ ਲੈਕੇ ਜਾਵਾ..." ਕਹਿੰਦਾ ਉਹ ਮੇਰੇ ਵੱਲ ਦੇਖਣ ਲੱਗਾ। "ਆਹ ਬੱਚੀ ਕੀ ਕਰ ਰਹੀ ਏ...ਇਸਨੂੰ ਨਾਲ ਲੈ ਜਾਨਾ...ਹੁਣੇ ਚੱਕ ਲਿਆਨੇ ਆ...!"

ਉਹ ਮੈਨੂੰ ਸਕੂਟਰ 'ਤੇ ਬਿਠਾ ਗੁਰੂ ਘਰ ਆ ਗਿਆ। ਗੁਰਦੁਆਰੇ 'ਚ ਸੁੰਨਸਾਨ ਸੀ। ਗੁਰੂ-ਘਰ ਦੇ ਨਾਲ ਬਣੇ ਨਿੱਕੇ ਜਹੇ ਕਮਰੇ 'ਚੋਂ ਉਹ ਦੋ ਪਰਾਂਤਾਂ ਚੁੱਕ ਲਿਆਇਆ। ਆਲੇ-ਦੁਆਲੇ ਦੇਖ ਕਹਿਣ ਲੱਗਾ "...ਆਓ ਮੱਥਾ ਤਾਂ ਟੇਕ ਚੱਲੀਏ...!" ਮੈਂ ਉਸਦੇ ਮਗਰ ਗੁਰੂ ਘਰ ਅੰਦਰ ਚਲੀ ਗਈ। "ਕੜਕ...!" ਉਸਨੇ ਦਰਵਾਜਾ ਬੰਦ ਕਰ ਦਿਤਾ। ਮੈਂ ਸਮਝ ਨਾ ਸਕੀ...! "ਦੋ ਮਿੰਟ ਬੈਠ ਕੇ ਚਲਦੇ ਆ... ਥੱਕਗੇ ਭੱਜ-ਭੱਜ ਸੇਵਾ ਕਰ ਕੇ...ਉੱਥੇ ਫਿਰ ਭੱਜ-ਦੋੜ ਹੋਣੀ ਏ।" ਪਰ ਮੈਂ ਖੜੀ ਰਹੀ...ਉਹ ਫਿਰ ਉੱਠ ਗਿਆ...ਕੁੱਝ



ਬੋਲ ਰਿਹਾ ਸੀ ...ਬੋਲ ਸੁਣ ਰਹੇ ਸੀ...ਪਰ ਸਮਝ ਨੀ ਆ ਰਹੀ ਸੀ। ਉਸਨੇ ਪਜਾਮਾ ਉਤਾਰ ਦਿੱਤਾ... ਉਸਨੇ ਮੇਰਾ ਹੱਥ ਫੜ੍ਹ ਆਪਣੀ ਤਿਕੋਣੀ ਨਿੱਕਰ 'ਚ ਪਾ ਦਿੱਤਾ...ਅਜੀਬ ਗਿਲਾਨੀ ਧੁੜਧੁੜੀ ਉੱਠੀ...ਕੱਟੇ ਵਾਲ ਸੂਲਾਂ ਵਾਂਗ ਹੱਥ 'ਚ ਰੜਕੇ ਤੇ ਮੈਂ ਹੱਥ ਬਾਹਰ ਖਿੱਚ ਲਿਆ...ਉਹ ਫਿਰ ਮੇਰਾ ਹੱਥ ਵਿੱਚ ਪਾ ਦਿੰਦਾ...ਮੈਂ ਬਾਹਰ ਖਿੱਚ ਲੈਂਦੀ... ਉਸਦੀਆਂ ਵਾਹਾਂ ਮੇਰੀ ਕਮਰ ਦੁਆਲੇ ਕੱਸੀਆ ਜਾ ਰਹੀਆ ਸਨ...ਮੈਂ ਉਸਦੇ ਹੱਥੋਂ ਨਿਕਲਣ ਲਈ ਤਿੰਘੜ ਰਹੀ ਸਾਂ... ਪਰ ਉਸਦੀ ਪਕੜ ਮਜ਼ਬੂਤ ਹੁੰਦੀ ਜਾ ਰਹੀ ਸੀ...ਉਹ ਲਗਾਤਾਰ ਬੋਲ ਰਿਹਾ ਸੀ...ਪਰ ਮੈਨੂੰ ਸਮਝ ਨੀ ਆ ਰਹੀ ਸੀ...ਉਹ ਮੇਰੇ ਕਪੜੇ ਲਾਉਣ-ਪਾੜਨ ਲਗਦਾ ਹੈ...ਮੈਂ ਰੋਂਦੀ ਪਰ ਪੂਰੀ ਜ਼ੋਰ ਅਜਮਾਈ 'ਚ ਹਫ਼ ਰਹੀ ਹਾਂ। "ਟਨ...ਟਨ...ਟਨ...ਸਤਨਾਮ ਵਹਿਗੁਰੂ... ਸਤਨਾਮ ਵਹਿਗੁਰੂ" ਉਹ ਕਾਹਲੀ ਨਾਲ ਸੰਭਲਿਆ...ਜਲਦੀ ਨਾਲ ਮੇਰੀ ਬਾਹ ਫੜ੍ਹ ਪਿਛਲੀ ਖਿੜਕੀ ਕੋਲ ਗਿਆ....ਖਿੜਕੀ ਖੋਲ੍ਹ ਮੈਨੂੰ ਗੋਦੀ ਚੁੱਕ ਬਾਹਰ ਧੱਕ ਦਿੱਤਾ...। ਦੀਵਾਨ ਖ਼ਤਮ ਹੋ ਗਿਆ ਸੀ...ਗੁਰੂ ਮਹਾਰਾਜ ਦੀ ਸਵਾਰੀ ਗੁਰੂ ਘਰ ਪਹੁੰਚੀ ਸੀ ਸਾਇਦ...! ਪਰ ਮੈਂ ਉਸ ਦਿਨ ਖਿੜਕੀ 'ਚੋਂ ਧੱਕੀ ਕਦੇ ਮੁੜ ਦਰ 'ਤੇ ਨਹੀਂ ਗਈ।

ਡੇਰੇ ਵਿੱਚ ਸ਼ਾਂਤ ਬਿਰਤੀ ਵਾਲੀਆਂ ਸਾਧਵੀਆਂ ਵੇਖ ਮੈਂ ਪੂਰਾ ਮਨ ਬਣਾ ਲਿਆ ਸੀ ਕਿ ਰਮਨ ਨੂੰ ਥੋੜੀ ਹੋਰ ਵੱਡੀ ਹੋ ਲੈਣ ਦੇ... ਡੇਰੇ ਵਿੱਚ ਰਹਿ ਕੁਝ ਬਣ ਜਾਏਗਾ ਇਸਦਾ। ਪਰ ਅੱਜ ਦੀਆਂ ਘਟਨਾਵਾਂ ਨੇ ਅਫ਼ਵਾਹਾਂ ਸੱਚ ਲੱਗਣ ਲਾ ਦਿੱਤੀਆਂ ਸਨ...ਬਾਬੇ ਦੇ ਖੁਲ੍ਹੇ-ਲੰਮੇ ਵਾਲ ਰਮਨ ਦੁਆਲੇ ਘੁੰਮਦੇ ਨਜ਼ਰ ਆਉਣ ਲੱਗੇ...ਰਮਨ ਆਲੇ-ਦੁਆਲੇ ਕੋਈ ਖਿੜਕੀ ਭਾਲ ਰਹੀ ਹੈ...ਪਰ ਵਾਲਾਂ ਦੀ ਸੰਘਣਤਾ ਹਨ੍ਹੇਰਾ ਬਣ ਜਾਂਦੀ ਹੈ...ਰਮਨ ਦਾ ਚੰਚਲਪੁਣਾ... ਸਾਦਗੀ... ਸ਼ਾਂਤੀ ਵਿੱਚ ਬਦਲ ਜਾਂਦਾ...ਪਰ ਉਸਦੀ ਸਾਦਗੀ ਪਿੱਛੇ...! ਸ਼ੂਕਦੀ ਗੱਡੀ ਨੇ ਚਮੇਲੀ ਦੀ ਸੁਰਤ ਫਿਰ ਟੋਇਆ ਵਿੱਚ ਲਿਆ ਸੁੱਟੀ। ਸੁੱਤੀ ਰਮਨ ਨੂੰ ਉਹ ਆਪਣੀ ਹਿੱਕ 'ਚ ਘੁਟਦੀ ਹੈ। ਗੱਡੀ ਲੰਘ ਗਈ... ਸਫ਼ਰ ਫਿਰ ਸ਼ੁਰੂ...!

ਕੁਝ ਸਮਾਂ ਤੁਰਨ ਤੋਂ ਬਾਅਦ ਚਮੇਲੀ ਦੇ ਕੰਨੀ ਛਾਂ-ਛਾਂ ਦੀ ਅਵਾਜ਼ ਆਈ...ਉਹ ਹੌਲੀ-ਹੌਲੀ ਤੁਰਨ ਲੱਗੀ... ਹੋਰ ਅੱਗੇ ਜਾਣ 'ਤੇ ਪਤਾ ਲੱਗਾ...ਇਹ ਅਵਾਜ਼ ਪਾਣੀ ਦੀ ਹੈ...ਥੋੜਾ ਹੋਰ ਅੱਗੇ ਜਾਣ 'ਤੇ ਲੋਹੇ ਦਾ ਉੱਚਾ ਤੇ ਲੰਮਾ ਪੁੱਲ ਦਿਖ ਰਿਹਾ ਸੀ...ਚਮੇਲੀ ਨੂੰ ਡਰ ਨੇ ਫਿਰ ਜ਼ਕੜ ਲਿਆ... ਪੁੱਲ ਦਾ ਸਹਾਰਾ ਲੈ ਚਮੇਲੀ ਆਸੇ-ਪਾਸੇ ਦੇਖਣ ਲੱਗੀ...ਹਨ੍ਹੇਰਾ ਇੰਨਾ ਸੀ ਕਿ ਪੁੱਲ ਦਾ ਦੂਸਰਾ ਪਾਸਾ ਪਰਛਾਵੇ ਵਾਂਗ ਦਿਖ ਰਿਹਾ ਸੀ। ਉਸੁਨੇ ਪੁੱਲ ਦੀ ਗਾਡਰੀ ਉੱਪਰ ਪੈਰ ਰੱਖ ਤੁਰਨਾ ਸ਼ੁਰੂ ਕੀਤਾ ਪਰ ਇਕਦਮ ਪਿਛਾਂਹ ਮੁੜ ਗਈ...! ਗਾਡਰਾਂ ਵਿੱਚੋਂ ਦੀ ਸ਼ੂਕਦਾ ਭਾਖੜਾ ਨਹਿਰ ਦਾ ਪਾਣੀ ਉਸਨੂੰ ਖ਼ੂਨੀ ਦਰਿਆ ਵਾਂਗ ਜਾਪਣ ਲੱਗਾ... ਗੱਡੀ ਆਉਣ ਦਾ ਡਰ...ਪਰਛਾਵੇਂ ਵਾਂਗ ਦੂਰ ਦਿਸਦਾ ਕਿਨਾਰਾ...ਸਭ ਉਸਨੂੰ ਢਹਿ-ਢੇਰੀ ਕਰ ਰਹੇ ਸੀ...ਫਰ ਆਸੇ-ਪਾਸੇ ਦੇਖਿਆ...ਹੋਰ ਰਸਤਾ...ਸਿਰਫ਼ ਪਿਛਾਹ ਸੀ...ਜੋ ਇਸਤੋਂ ਵੀ ਭਿਆਨਕ ਸੀ...! ਕੁੱਝ ਸਮੇਂ ਬਾਅਦ ਉਸਨੇ ਸਾਂਤ ਚਿੱਤ ਕਰਕੇ ਸੁੱਤੀ ਰਮਨ ਨੂੰ ਛੋਹਿਆ...ਫਿਰ ਹੌਲੀ-ਹੌਲੀ ਗਾਡਰੀਆਂ 'ਤੇ ਤੁਰਨਾ ਸ਼ੁਰੂ ਕੀਤਾ ...ਨਿਗਾਂਹ ਸਿੱਧੀ ਦੂਸਰੇ ਕਿਨਾਰੇ 'ਤੇ ਟਿਕਾ...ਆਖਰੀ ਦੋ-ਤਿੰਨ ਗਾਡਰੀਆਂ ਕਾਹਲੀ ਨਾਲ ਉਸਨੇ ਛੜੱਪਾ ਮਾਰ ਟੱਪ ਲਈਆਂ। ਮੁੜ ਪਿੱਛੇ ਤੱਕਿਆ...ਲੰਮਾ ਹੌਂਕਾ ਲਿਆ...ਕੁਝ ਸਮੇਂ ਲਈ ਉਸਦਾ ਟੁਟਦਾ ਸਰੀਰ ਮੁੜ ਫੁਰਤੀ ਫੜਨ ਲੱਗਾ।

ਲੀਹ 'ਤੇ ਤੁਰਦੇ ਸਮੇਂ ਉਹ ਵੱਟਿਆਂ ਤੋਂ ਬਚਾਅ ਕੇ ਲੇਟੀਆਂ ਥੰਮੀਆਂ ਉੱਪਰ ਪੈਰ ਰੱਖ ਕੇ ਚੱਲ ਰਹੀ ਸੀ ਪਰ ਉਸਦੇ ਪਾਟੇ ਪੈਰ ਹੋਰ ਪਾਟ ਰਹੇ ਸੀ ਤੇ ਕਿਤੋਂ ਕਿਤੋਂ ਲਹੂ ਵੀ ਸਿਮ ਰਿਹਾ ਸੀ। ਲੀਹ 'ਤੇ ਕਿਤੇ-ਕਿਤੇ ਪੈਰਾਂ ਥੱਲੇ ਗੁਦਗੁਦੀ ਗਾਰ ਜਹੀ ਬਹੁਤ ਸਕੂਨ ਦਿੰਦੀ ਪਰ ਨਾਲੋਂ-ਨਾਲੋਂ ਤੇਜ਼ ਚੱਲ ਰਹੇ ਸਾਹ ਇਕਦਮ ਹੀ ਹਵਾੜ ਨਾਲ ਭਰ ਜਾਂਦੇ ਤੇ ਮਨ ਕੱਚਾ ਹੋ ਜਾਂਦਾ...! ਇੱਕ ਵਾਰ ਫਿਰ ਟ੍ਰੇਨ ਆਈ...ਚਮੇਲੀ ਫਿਰ ਲੀਹ ਤੋਂ ਹੇਠਾਂ ਟੋਇਆ ਵਿੱਚ ਜਾ ਬੈਠੀ। ਚਮੇਲੀ ਨੇ ਕਦੇ ਵੀ ਟ੍ਰੇਨ ਦਾ ਸਫ਼ਰ ਨਹੀਂ ਸੀ ਕੀਤਾ ਤੇ ਨਾ ਹੀ ਟ੍ਰੇਨ ਇੰਨ੍ਹੀ ਨੇੜੇ ਤੋਂ ਕਦੇ ਦੇਖੀ ਸੀ, ਵਿੱਚ-ਵਿੱਚ ਟ੍ਰੇਨ ਦੀਆਂ ਵਾਰੀਆਂ ਰਾਹੀਂ ਚਾਨਣ ਬਾਹਰ

ਖਿਲਰਦਾ ਪਰ ਚਮੇਲੀ ਦਾ ਹਨ੍ਹੇਰ ਦੂਰ ਨਾ ਹੁੰਦਾ... ਰਾਤ ਦਾ...ਰਾਹ ਦਾ...ਦਹਿਸ਼ਤ ਦਾ...ਬੇਇਜ਼ਤੀ ਦਾ...! ਰੁਕਦੀ...ਤੁਰਦੀ...ਭੱਜਦੀ...ਲੁਕਦੀ ਚਮੇਲੀ ਇੱਕ-ਦੋ ਟੇਸ਼ਨਾਂ ਤੋਂ ਗੁਜਰਦੀ ਹੋਈ ਪਟਿਅਲੇ ਸਟੇਸ਼ਨ 'ਤੇ ਪਹੁੰਚ ਗਈ... ਹਰ ਸਟੇਸ਼ਨ 'ਤੇ ਪੁਲਸ ਖੜੀ ਹੁੰਦੀ...ਉਹ ਲੁਕਦੀ...ਡਰਦੀ ਬਚ-ਬਚ ਲੰਘ ਰਹੀ ਸੀ। ਉਸਨੂੰ ਪੁਲਸ ਵੇਖ ਪੰਚਕੂਲਾ...ਲਾਠੀਆਂ..."ਤੜਾਕ-ਠਾਹ" ਦੀ ਆਵਾਜ਼...ਅਸਮਾਨੀ ਕਾਲਾ ਧੂੰਆਂ...ਜੀਰਕਪੁਰ...ਹੂਟਰ ਸਭ ਯਾਦ ਆ ਜਾਂਦਾ...ਪਰ ਉਸਨੂੰ ਆਪਣਾ ਜ਼ੁਰਮ ਯਾਦ ਨਹੀਂ ਆ ਰਿਹਾ! ਉਹ ਚੋਰਾਂ ਵਾਂਗ ਲੁਕਦੀ ਕਿਉਂ ਫਿਰਦੀ ਏ। ਹੁਣ ਤਾਂ ਉਸਨੂੰ ਗਲੇ ਦਾ ਲੌਕਟ ਵੀ ਨਹੀਂ ਸੀ ਯਾਦ ਆ ਰਿਹਾ ਜੋ ਉਸਨੇ ਬੇਇਜਤੀ ਦੇ ਨਾਕੇ ਦੀਆਂ ਆਵਾਜ਼ਾਂ ਸੁਣ ਕੇ ਉੱਥੇ ਹੀ ਲਾਹ ਕੇ ਰੱਖ ਦਿੱਤਾ ਸੀ।

ਸਟੇਸ਼ਨ ਦੇ ਉਲਟ ਵੱਡੇ ਸਟੋਰਾਂ ਦੇ ਪਿਛੇ ਘਿਸਰ-ਘਿਸਰ ਕੇ ਉਹ ਬੱਸ ਅੱਡੇ ਪਹੁੰਚੀ...ਪਰ ਇੱਥੇ ਵੀ ਪੁਲਸ ਵੇਖ ਉਹ ਪਿਛੇ ਹੀ ਪੈਰ ਦੱਬ ਗਈ...ਵੈਸੇ ਵੀ ਇਨ੍ਹੀ ਰਾਤ ਉਸਨੂੰ ਕਿਹੜੀ ਬਸ ਮਿਲਣੀ ਸੀ...ਬਸ ਪਿੰਡ ਦਾ ਰਸਤਾ ਇੱਥੋਂ ਸ਼ੁਰੂ ਕਰਨਾ ਸੀ। ਰਮਨ ਸੁੱਤੀ ਪਈ ਸੀ...ਉਹ ਪਿੰਡ ਨੂੰ ਤੁਰ ਪਈ... ਉਸਦੇ ਪਿੰਡ ਤੋਂ ਪਹਿਲਾਂ ਰਸਤੇ ਵਿੱਚ ਇੱਕ ਪਿੰਡ ਹੋਰ ਆਉਂਦਾ ਸੀ... ਪਿੰਡ ਦਿਖਣ ਲੱਗਾ ਸੀ ਕਿ ਇਕਦਮ ਸਪੀਕਰ 'ਚੋਂ ਨਿਕਲੀ ਆਵਾਜ਼ ਨਾਲ ਚਮੇਲੀ ਅੰਦਰ ਤੱਕ ਕੰਬ ਗਈ... ਗੁਰਦੁਆਰੇ 'ਚੋਂ ਆਈ ਆਵਾਜ਼ ਨਾਲ ਡਰ ਦੇ ਨਾਲ ਸਵੇਰ ਦਾ ਸੁਨੇਹਾ ਵੀ ਆਇਆ...ਉਹ ਪਿੰਡ ਲੰਘ ਗਿਆ ਤੇ ਚਮੇਲੀ ਆਪਣੇ ਪਿੰਡ ਪਹੁੰਚ ਗਈ... ਹਫ਼ਦੇ ਸਾਹਾਂ ਵਿੱਚ ਲੱਕੜ ਦੇ ਵਾਰ ਦੇ ਕੁੰਡੇ 'ਤੇ ਦੋ-ਤਿੰਨ ਬਾਰ ਹੱਥ ਮਾਰਿਆ...ਅੰਦਰੋਂ ਧਰਮਪਾਲ ਨੇ ਬਾਰ ਖੋਲ੍ਹਿਆ। ਚਮੇਲੀ ਅੰਦਰ ਵੜਦੀ ਹੀ ਮੂਧੇ-ਮੂੰਹ ਡਿਗ ਪਈ। ਧਰਮਪਾਲ ਉਸਨੂੰ ਚੁਕਣ ਲੱਗਾ ਤਾਂ ਚਮੇਲੀ ਬਹੁਤ ਜੋਰ ਲਗਾ ਕੇ ਧੀਮੀ ਜਹੀ ਬੋਲੀ..."ਰਮਨ...!" ਉਸਨੇ ਚਮੇਲੀ ਦੀ ਪਿੱਠ 'ਤੇ ਚੁੰਨੀ ਨਾਲ ਬੰਨ੍ਹੀ ਰਮਨ ਨੂੰ ਖੋਲ੍ਹ ਕੇ ਚੁੱਕਿਆ ਤੇ ਨਾਲੋਂ-ਨਾਲ ਚਮੇਲੀ ਨੂੰ ਸਹਾਰਾ ਦੇ ਖੜ੍ਹਾ ਕੀਤਾ...ਉਹ ਡਿਗਦੀ ਢਹਿੰਦੀ ਬੈਠਕ 'ਚ ਡਾਹੇ ਮੰਜੇ ਤੱਕ ਮਸਾਂ ਪਹੁੰਚੀ ਤੇ ਨਿਢਾਲ ਲੰਮੀ ਪੈ ਗਈ...ਉਸਦੇ ਪੈਰ ਲਹੂ-ਲਹਾਣ ਹੋ ਗਏ ਸੀ ਤੇ ਲੱਤਾਂ ਸੁੱਜ ਕੇ ਮੋਟੀਆਂ...ਧਰਮਪਾਲ ਦੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਦੇ ਅਸਮਰੱਥ ਉਹ ਸਿਰ ਨਾਂਹ ਵਿੱਚ ਹਿਲਾ ਦਿੰਦੀ...ਧਰਮਪਾਲ ਨੇ ਉਸਦੀ ਦੇਖ-ਭਾਲ ਸ਼ੁਰੂ ਕਰ ਦਿੱਤੀ...ਗਰਮ ਚਾਹ...ਗਰਮ ਪਾਣੀ ਨਾਲ ਪੈਰ ਧੋਹ ਦਿੱਤੇ...ਲੱਤਾਂ 'ਤੇ ਤੇਲ ਮੱਲ ਦਿੱਤਾ..." ਮੈਂ ਥੋੜੇ ਟੇਮ ਤੱਕਰ ਡਾਕਟਰ ਨੂੰ ਬੁਲਾ ਲਿਆਮਾਂਗਾ...!" ਕਹਿ ਧਰਮਪਾਲ ਹੋਰ ਕੰਮ 'ਚ ਰੁੱਝ ਗਿਆ। ਅੱਤ ਦੀ ਥਕਾਵਟ ਦੇ ਬਾਵਜੂਦ ਚਮੇਲੀ ਦੀ ਕੁੱਝ-ਕੁੱਝ ਸਮੇਂ ਬਾਅਦ ਹੀ ਅੱਭੜਵਾਹੇ ਅੱਖ ਖੁੱਲ੍ਹਦੀ ਰਹੀ... ਸਾਰਾ ਦ੍ਰਿਸ਼ ਅੱਖਾਂ ਅੱਗੇ ਘੁੰਮਦਾ ਰਿਹਾ...! ਦੁਪਹਿਰ ਤੱਕ ਆਂਢ-ਗੁਆਂਢ ਦੀਆਂ ਔਰਤਾਂ ਪਤਾ ਲੈਣ ਪਹੁੰਚ ਗਈਆਂ...ਆਪਸ ਵਿੱਚ ਗੱਲਾਂ ਕਰਦੀਆਂ ਕਹਿਣ, "ਹੋਰ ਬਾਈ ਉੱਥਾ ਤੇ ਗੋਲੀ ਚੱਲਗੀ...ਬਾਬੇ ਨੂੰ ਤੋ ਜੇਲ੍ਹ ਹੋਗੀ" ਦੂਸਰੀ ਕਹਿੰਦੀ, "ਹੋਰ ਟੈਲੀਵਿਜ਼ਨ ਪਾ ਦਖਾ ਰੇਆ...ਬਹੁ ਮਰਲੇ ਉੱਥਾ ਤੋ...ਜੋ ਤੋ ਤਕੜੀ ਗੀ...ਪੈਦਲ ਏ ਆਗੀ ਆਪਦੇ ਘਰਾ...!"

ਮੰਜੇ 'ਤੇ ਸੁੰਨ ਪਈ ਚਮੇਲੀ ਉਹਨਾਂ ਦੀਆਂ ਗੱਲਾਂ ਅਸੁਣਦਿਆਂ ਵਾਂਗ ਸੁਣਦੀ ਰਹੀ...ਪਰ 'ਪੈਦਲ' ਸ਼ਬਦ ਉਸਨੂੰ ਸ਼ੂਲ ਵਾਂਗ ਚੁੱਭਿਆ, ਉਸਨੂੰ ਜਾਪਿਆ ਉਹ ਪੈਦਲ ਆਈ ਨਹੀਂ ਸਗੋਂ ਪੈਦਲ ਹੋ ਗਈ। ਔਰਤਾਂ ਦੇ ਜਾਣ ਤੋਂ ਬਾਅਦ ਚਮੇਲੀ ਦੀ ਅੱਖ ਲੱਗ ਗਈ। ਮਨ ਤਰੰਗਾਂ ਛੱਡਦਾ ਉਡਾਰੀਆਂ ਲਾਉਣ ਲੱਗਾ...ਉਹ ਉਛਲ-ਉਛਲ ਕੇ ਮੰਦਰ ਦੀਆਂ ਘੰਟੀਆਂ ਬਜਾਉਣ ਦੀ ਕੋਸ਼ਿਸ ਕਰ ਰਹੀ ਹੈ ਪਰ ਘੰਟੀਆਂ ਹਰ ਵਾਰ ਪਹੁੰਚ ਤੋਂ ਉਤਾਂਹ ਹੋ ਜਾਂਦੀਆਂ ਹਨ...ਦੇਗ ਦੀਆਂ ਗੋਲੀਆਂ ਵੀ ਉਸਦੇ ਹੱਥਾਂ 'ਚੋਂ ਉੱਛਲ-ਉੱਛਲ ਬਾਹਰ ਡਿੱਗ ਰਹੀਆਂ ਹਨ...ਪਰ ਉਹ ਬੁੱਚਣ ਲਈ ਜਦੋ ਜਹਿਦ ਕਰ ਰਹੀ ਹੈ। ਫਿਰ ਉਹ ਲੌਕਟ ਦੇ ਮਗਰ ਦੌੜਦੀ ਹੈ...ਜਿਓ ਹੀ ਲੋਕਟ ਨੂੰ ਫੜਦੀ ਹੈ...ਉਹ ਸੱਪ ਬਣ ਜਾਂਦਾ ਹੈ...ਉਹ ਵਾਰ-ਵਾਰ ਲੋਕਟ ਫੜ ਰਹੀ ਹੈ ਅਤੇ ਸੱਪ ਬਣਨ 'ਤੇ ਹੱਥ ਝਟਕ ਦਿੰਦੀ ਹੈ...ਦੌੜਦੀ ਦੇ ਪੈਰਾਂ ਵਿੱਚ ਇਕਦਮ ਚੀਸ ਉਠਦੀ ਹੈ...ਅੱਭੜਵਾਹੇ ਉਠ ਉਹ ਜਖ਼ਮੀ ਪੈਰਾਂ ਨੂੰ ਛੋਹ...ਅੱਖਾਂ ਮੱਲ੍ਹਣ ਲੱਗ ਜਾਂਦੀ ਹੈ...!

**(ਸੰਪਰਕ-98153-82216)**






## ਹਿੰਦੀ ਕਹਾਣੀ/ ਚਤੁਰੀ ਚਮਾਰ / - ਸੂਰਯਾਕਾਂਤ ਤ੍ਰਿਪਾਠੀ ਨਿਰਾਲਾ

***(ਨਿਰਾਲਾ ਨੇ ਆਪਣੀ ਇਸ ਕਹਾਣੀ ਵਿਚ ਪੰਜਾਬ ਦੇ ਆਸ ਪਾਸ ਦੇ ਭਾਰਤੀ ਸਮਾਜ ਵਿਚ ਜਾਤੀ ਪ੍ਰਥਾ ਦੀ ਕਰੂਰ ਤਸਵੀਰ ਪੇਸ਼ ਕੀਤੀ ਹੈ। ਕਿ ਕਿਵੇਂ ਦਲਿਤ ਚਮਾਰ ਨੂੰ ਸਮਾਜਿਕ ਦਬਾਓ ਵਿਚ ਰਹਿੰਦਿਆਂ ਆਪਣਾ ਜੀਵਨ ਜੀਉਣਾ ਪੈਂਦਾ ਸੀ। ਉਹਦੇ ਕੋਲ ਵਿਦਿਆ ਦਾ ਅਧਿਕਾਰ ਵੀ ਨਹੀਂ ਸੀ। ਅਤੇ ਨਿਆ ਦਾ ਅਧਿਕਾਰ ਤਾਂ ਕੋਹਾ ਦੂਰ ਦੀ ਗੱਲ ਸੀ। ਇਸ ਭਾਰਤੀ ਸਮਾਜ ਵਿਚ ਜਾਤ ਪਾਤ ਦੀ ਜੜ੍ਹ ਨੂੰ ਪੁੱਟਣ ਲਈ ਕੁੱਝ ਸਮਾਜ ਸੁਧਾਰਕ ਲੋਕ ਵੀ ਸਨ ਜਿਹੜੇ ਨੀਚ ਜਾਤੀ ਦੇ ਲੋਕਾਂ ਨੂੰ ਆਪਣੇ ਪੱਧਰ ਤੇ ਸਿੱਖਿਆ ਦਾ ਅਧਿਕਾਰ ਸੀਮਾਵਾ ਵਿਚ ਰਹਿ ਕੇ ਦੇਣ ਲਈ ਤਤਪਰ ਰਹਿੰਦੇ ਹਨ। ਕਹਾਣੀ ਕਹਿੰਦੀ ਹੈ ਕਿ ਇਕ ਅਨਪੜ੍ਹ ਨੀਚ ਜਾਤੀ ਦੇ ਲੋਕਾਂ ਵਿਚ ਓਨਾ ਹੀ ਗਿਆਨ ਤੇ ਕਲਾ ਹੁੰਦੀ ਹੈ ਜਿਨੀ ਹੋਰਾਂ ਵਿਚ। ਇਕ ਕਹਾਣੀ ਵਿਚ ਨੀਚ ਜਾਤੀ ਦਾ ਚਤੁਰੀ ਵਿਦਵਾਨ ਹੈ, ਉਹ ਜੁੱਤੀਆਂ ਤਿਆਰ ਕਰਦਾ ਹੈ। ਨਾਲ ਨਾਲ ਆਪਣੇ ਪੁੱਤਰ ਨੂੰ ਵਿਦਿਆ ਪ੍ਰਾਪਤ ਕਰਨ ਦਾ ਉਪਰਾਲਾ ਵੀ ਕਰਦਾ ਹੈ। ਕਹਾਣੀ 1950 ਦੇ ਜਾਤ-ਪਾਤ ਵਿਚ ਜਕੜੇ ਭਾਰਤੀ ਸਮਾਜ ਦੀ ਤਸਵੀਰ ਪੇਸ਼ ਕਰਦੀ ਹੈ। -ਸੰਪਾਦਕ)***

ਚਤੁਰੀ ਚਮਾਰ ਡਾਕਖਾਨਾ ਚਮਿਯਾਨੀ, ਮੌਜਾ ਗੜਾਕੌਲਾ, ਜ਼ਿਲ੍ਹਾ ਉਨਾਵ ਦਾ ਇਕ ਕਦੀਮੀ ਬਸ਼ਿੰਦਾ ਹੈ। ਮੇਰਾ ਹੀ ਨਹੀਂ, ਮੇਰੇ ਪਿਤਾ ਜੀ ਦੇ, ਬਲਕਿ ਉਨ੍ਹਾਂ ਦੇ ਪੁਰਖਿਆ ਦੇ ਮਕਾਨ ਦੇ ਪਛਾੜੀ, ਕੁਝ ਫ਼ਾਸਲੇ ਉੱਤੇ, ਜਿੱਥੇ ਹੋ ਕੇ ਕਈ ਹੋਰ ਮਕਾਨ ਦੇ ਥੱਲੇ ਅਤੇ ਉਪਰਵਾਲੇ ਪਰਨਾਲਿਆਂ ਦਾ, ਬਰਸਾਤੀ ਅਤੇ ਦਿਨ ਰਾਤ ਦਾ ਪਵਿੱਤਰ ਪਾਣੀ ਵਹਿੰਦਾ ਰਹਿੰਦਾ ਹੈ, ਢਲਾਣ ਤੋਂ ਕੁਝ ਉੱਚਾ ਇਕ ਨੁਕਰੇ ਚਤੁਰੀ ਚਮਾਰ ਦਾ ਪਿਤਾ-ਪੁਰਖੀ ਮਕਾਨ ਹੈ। ਮੇਰੀ ਇੱਛਾ ਹੁੰਦੀ ਹੈ, ਚਤੁਰੀ ਦੇ ਲਈ 'ਮਾਣ ਭਰਿਆ ਕਸ਼ੀਦਾ' ਲਿਖਾ, ਕਿਉਂਕਿ ਸਧਾਰਨ ਲੋਕਾਂ ਦਾ ਜੀਵਨ ਚਰਿਤ ਜਾਂ ਅਜਿਹਾ ਹੀ ਕੁਝ ਲਿਖਣ ਦੇ ਲਈ ਸੁਪ੍ਰਸਿੱਧ ਸੰਪਾਦਕ ਪੰਡਤ ਬਨਾਰਸੀਦਾਸ ਚਤੁਰਵੇਦੀ ਦੁਆਰਾ ਦਿੱਤਾ ਹੋਇਆ ਅਚਾਰੀਆਂ ਦ੍ਵਿਵੇਦੀ ਦਾ ਉਤਸਾਹ ਪੜ੍ਹਕੇ ਮੇਰੀ ਸ਼ਰਧਾ ਬਹੁਤ ਵੱਧ ਗਈ ਹੈ, ਪਰ ਇਕ ਅੜਚਨ ਹੈ, ਪਿੰਡ ਦੇ ਰਿਸ਼ਤੇ 'ਚ ਚਤੁਰੀ ਮੇਰਾ ਭਤੀਜਾ ਲੱਗਦਾ ਹੈ। ਹੋਰਾਂ ਦੇ ਲਈ ਉਹ ਸ਼ਰਧਾ ਜ਼ਰੂਰੀ ਹੈ, ਕਿਉਂਕਿ ਉਹ ਆਪਣੇ ਮੁੱਖ ਧਾਰਾ ਦੇ ਸਾਹਿਤ 'ਚ ਅੱਜਕੱਲ ਦੇ ਵਧੇਰੇ ਸਾਹਿਤਕਾਰਾਂ ਦੇ ਵਾਂਗ ਜੜ੍ਹ ਸੰਸਕਾਰਾ ਵਾਲਾ ਨਹੀਂ। ਉਂਝ ਵੀ ਆਲੇ ਦੁਆਲੇ ਦੇ ਪਿੰਡਾਂ ਵਿਚ ਦੂਰ ਦੂਰ ਤੱਕ ਉਨ੍ਹਾਂ ਦੀਆਂ ਮਜਬੂਤ ਜੁੱਤੀਆਂ ਦੀ ਤਰੀਫ਼ ਹੈ। ਪਾਸੀ ਹਫ਼ਤੇ ਵਿਚ ਤਿੰਨ

ਦਿਨ ਹਿਰਨ, ਚੌਂਗੜੇ, ਬਨੈਲੇ, ਸੂਅਰ ਭਜਾਉਂਦੇ ਤੇ ਆਪ ਫਸਾਉਂਦੇ ਹਨ, ਕਿਸਾਨ ਹਰਹਰ ਦੀਆਂ ਫਸਲਾਂ 'ਚੋਂ ਪਸ਼ੂ ਭਜਾਉਂਦੇ ਹੋਏ ਦੌੜਦੇ ਹਨ-ਕੰਡਿਆਂ ਵਾਲੀਆਂ ਝਾੜੀਆਂ ਨੂੰ ਮਿੱਧ ਕੇ ਚਲੇ ਜਾਂਦੇ ਹਨ, ਮਲ੍ਹੇ ਝਾੜੀਆਂ, ਕਰੀਰ, ਥੋਹਰ ਅਤੇ ਬੇਰਾਂ ਦੇ ਕੰਡਿਆਂ ਨਾਲ ਭਰੇ ਬਾਗਾਂ 'ਚ ਏਧਰ ਉਧਰ ਭੱਜਦੇ ਹਨ, ਲੋਕ ਪਥਰੀਲੇ ਰਾਹਾਂ ਤੇ ਤੁਰਦੇ ਨੇ, ਦੁਵਾਰਕਾ ਨਾਈ ਨੇਂਦੇ ਵੰਡਦਾ ਹੋਇਆ ਦੋ ਸਾਲਾਂ 'ਚ ਦੋ ਹਜ਼ਾਰ ਮੀਲ ਤੋਂ ਵੱਧ ਚੱਲਦਾ ਹੈ। ਚਤੁਰੀ ਦੀ ਜੁੱਤੀ ਤਬਦੀਲੀਵਾਦ ਦੇ ਚੁਸਤ ਰੂਪਕ ਤੋਂ ਟਸ ਤੋਂ ਮਸ ਨਹੀਂ ਹੁੰਦੀ, ਇਹ ਜ਼ਰੂਰ ਹੈ ਕਿ ਚਤੁਰੀ ਦੀ ਬਣਾਈ ਜੁੱਤੀ ਜਿਲ੍ਹਾ ਬਾਂਦਾ ਦੀ ਜੁੱਤੀ ਨਾਲੋਂ ਭਾਰ 'ਚ ਵੀ ਹਲਕੀ ਹੁੰਦੀ ਹੈ। ਸੰਭਵ ਹੈ ਚਿਤਰਕੂਟ ਦੇ ਇਰਦ ਗਿਰਦ ਹੋਣ ਦੇ ਕਾਰਨ ਉਥੋਂ ਦੇ ਚਮਾਰ ਭਰਾਵਾਂ ਉੱਤੇ ਰਾਮ ਜੀ ਦੀ ਤਪੱਸਿਆ ਦਾ ਪ੍ਰਭਾਵ ਪਿਆ ਹੋਵੇ, ਇਸ ਲਈ ਉਸ ਦਾ ਸਾਹਿਤ ਵਧੇਰੇ ਠੋਸ ਹੋਇਆ, ਚਤੁਰੀ ਵਰਗੇ ਲਖਨਊ ਦੇ ਨਜ਼ਦੀਕ ਹੋਣ ਦੇ ਕਾਰਨ ਨਵਾਬਾਂ ਦੇ ਪ੍ਰਭਾਵ ਆਏ ਹੋਣ। ਉਨ੍ਹਾਂ ਦਿਨ੍ਹਾਂ ਵਿਚ ਮੈਂ ਪਿੰਡ ਵਿਚ ਰਹਿੰਦਾ ਸੀ। ਗੁਵਾਂਢ ਵਿਚ ਘਰ ਹੋਣ ਦੇ ਕਾਰਨ ਮੈਂ ਘਰ ਬੈਠਿਆ ਹੀ ਪਤਾ ਕਰ ਲਿਆ ਕਿ ਚਤੁਰੀ, ਚਤੁਰਵੇਦੀ ਵਰਗਿਆਂ ਤੋਂ ਸੰਤ ਸਾਹਿਤ ਦਾ ਕਿਤੇ ਵੱਧ ਗਿਆਤਾ ਹੈ, ਕੇਵਲ ਚਿੱਠੀ ਲਿਖਣ ਦਾ ਗਿਆਨ ਨਾ ਹੋਣ ਕਾਰਨ ਉਹ ਮਾਰ ਖਾ ਜਾਂਦਾ ਹੈ। ਉਹ ਪੱਤਰ-ਪੁਸਤਕਾਂ ਦਾ ਸੰਪਾਦਕ ਹੈ, ਇਹ ਜੁੱਤੀਆਂ ਦਾ। ਇਕ ਦਿਨ ਮੈਂ ਚਤੁਰੀ ਆਦਿ ਦੇ ਲਈ ਚਰਸ ਮੰਗਵਾ ਕੇ ਆਪਣੇ ਹੀ ਦਰਵਾਜ਼ੇ ਉੱਤੇ ਸੰਗੀਤ ਬੈਠਕ ਲਗਵਾਈ। ਚਤੁਰੀ ਉਮਰ 'ਚ ਮੇਰੇ ਚਾਚਾ ਜੀ ਤੋਂ ਥੋੜ੍ਹਾ ਛੋਟਾ ਹੋਵੇਗਾ, ਉਹ ਕਈ ਘਰਾਂ ਦੇ ਲੜਕੇ-ਬੱਚੇ ਸਮੇਤ 'ਚਰਸ-ਪ੍ਰੇਮੀ ਰਘੂਪਤੀ-ਪਦ ਨੇਹੂ' ਲੋਧ ਆਦਿ ਦੇ ਸਹਿਯੋਗ ਨਾਲ ਨਜ਼ੀਰੇਦਾਰ ਡਫ਼ਲੀਆਂ ਲੈ ਕੇ ਉਹ ਰਾਤ ਅੱਠ ਵਜੇ ਆ ਕੇ ਡਟ ਗਿਆ। ਕਬੀਰਦਾਸ, ਸੂਰਦਾਸ, ਤੁਲਸੀਦਾਸ, ਪਲਟੂਦਾਸ ਆਦਿ ਜਾਣੇ ਪਛਾਣੇ ਹੋਰ ਬਹੁਤ ਸਾਰੇ ਸੰਤਾਂ ਦੇ ਭਜਨ ਹੋਣ ਲੱਗੇ। ਪਹਿਲਾਂ ਮੈਂ ਨਿਰਗੁਣ ਸ਼ਬਦ ਦਾ ਕੇਵਲ ਅਰਥ ਹੀ ਲੈਂਦਾ ਹੁੰਦਾ ਸੀ। ਲੋਕਾਂ ਨੂੰ 'ਨਿਰਗੁਣ ਪੱਦ ਹੈ' ਕਹਿ ਕੇ ਸੰਗੀਤ ਦੀ ਪ੍ਰਸ਼ੰਸ਼ਾ ਕਰਦੇ ਹੋਏ ਸੁਣ ਕੇ ਹੱਸਦਾ ਸੀ। ਹੁਣ ਗੰਭੀਰ ਹੋ ਜਾਇਆ ਕਰਦਾ ਹਾਂ।-ਜਿਵੇਂ ਉਮਰ ਦੇ ਵਧਣ ਨਾਲ ਅਕਲ ਵੀ ਵੱਧਦੀ ਹੈ। ਮੈਂ ਦਿਵਾਨ ਉੱਤੇ ਬੈਠ ਕੇ ਭਜਨ ਸੁਨਣ ਲੱਗਾ। ਚਤੁਰੀ ਆਪਣੇ ਮਹਾਂ ਗਿਆਨੀ ਵਾਂਗ ਲੋਕਾਂ ਨੂੰ ਭੁੱਲੇ ਹੋਏ ਸ਼ਬਦਾਂ ਨੂੰ ਯਾਦ ਦਵਾ ਦਿੰਦਾ। ਮੈਨੂੰ ਪਤਾ ਲੱਗਾ, ਚਤੁਰੀ ਕਬੀਰ-ਰਚਨਾਵਲੀ ਦਾ ਗਿਆਨੀ ਹੈ। ਮੈਨੂੰ ਉਸ ਨੇ ਕਿਹਾ, "ਕਾਕਾ, ਇਹ ਨਿਰਗੁਣ ਸ਼ਬਦ ਵੱਡੇ ਵੱਡੇ ਵਿਦਵਾਨ ਵੀ ਨਹੀਂ ਸਮਝਦੇ।" ਫਿਰ ਸ਼ਾਇਦ ਮੈਨੂੰ ਵੀ ਉਨ੍ਹਾਂ ਵਿਦਵਾਨਾਂ ਦੀ ਕੋਟੀ 'ਚ ਸ਼ਾਮਿਲ ਕਰਕੇ ਬੋਲਿਆ, "ਇਸ ਸ਼ਬਦ ਦਾ ਮਤਲਬ...।" ਮੈਂ ਬੈਠੇ ਹੋਏ ਗਲ਼ੇ ਨਾਲ ਗੱਲ ਕੱਟ ਕੇ ਉਛਲਦੇ ਹੋਏ ਕਿਹਾ, "ਚਤੁਰੀ, ਅੱਜ ਗਾ ਲੈ, ਕੱਲ੍ਹ ਸਵੇਰੇ ਆ ਕੇ ਮਤਲਬ ਸਮਝਾਉਣਾ। ਪ੍ਰਸੰਗ ਦੱਸ ਕੇ ਫਿਰ ਗਾਉਣ ਦੀ ਤਲਬ ਚਲੇ ਜਾਵੇਗੀ।" ਚਤੁਰੀ ਖੰਗੂਰਾ ਜਿਹਾ ਮਾਰ ਕੇ ਗੰਭੀਰ ਹੋ ਗਿਆ। ਫਿਰ ਉਸੇ ਤਰ੍ਹਾਂ ਡਿਕਟੇਟ ਕਰਦਾ ਰਿਹਾ। ਵਿਚ ਵਿਚ ਸਾਹ ਲੈਣ ਲਈ ਚਰਸ ਦੇ ਕੱਸ਼ ਚੱਲਦੇ ਰਹੇ। ਗਾਉਣ 'ਚ ਮੈਨੂੰ ਬਹੁਤ ਆਨੰਦ ਆਇਆ। ਤਾਲ ਉੱਤੇ ਤਾੜੀਆਂ ਵਜਾ ਕੇ ਮੈਂ ਵੀ ਸਹਿਯੋਗ ਦਿੰਦਾ। ਉਹ ਲੋਕ ਉੱਚੇ ਦਰਜੇ ਦੇ ਉਨ੍ਹਾਂ ਗੀਤਾਂ ਦਾ ਮਤਲਬ ਸਮਝਦੇ ਸਨ, ਉਸਦੀ ਨੀਚਤਾ ਉੱਤੇ ਇਹ ਮੈਨੂੰ ਹੈਰਾਨੀ ਵੀ ਹੋਈ। ਬਹੁਤ ਸਾਰੇ ਗੀਤ ਅੰਲਕਾਰ ਵਾਲੇ ਸਨ। ਉਹ ਉਨ੍ਹਾਂ ਦੇ ਵੀ ਅਰਥ ਸਮਝਦੇ ਸਨ। ਇਕ ਵਜੇ ਰਾਤ ਤੱਕ ਉਹ ਬੈਠਾ ਰਿਹਾ। ਮੈਨੂੰ ਪਤਾ ਨਹੀਂ ਸੀ ਕਿ 'ਭਗਤ' ਕਹਾਉਣ ਦੇ ਅਰਥ ਰਾਤ ਭਰ ਗਵਾਉਣ ਤੋਂ ਹੈ। ਉਦੋਂ ਤੱਕ ਅੱਧੀ ਚਰਸ ਵੀ ਖਤਮ ਨਹੀਂ ਹੋਈ ਸੀ। ਨੀਂਦ ਨੇ ਜ਼ੋਰ ਮਾਰਿਆ। ਮੈਂ ਚਤੁਰੀ ਤੋਂ ਜਾਣ ਦੀ ਆਗਿਆ ਮੰਗੀ। ਚਰਸ ਵੱਲ ਵੇਖਦੇ ਹੋਇਆ ਉਸ ਨੇ ਕਿਹਾ, "ਕਾਕਾ, ਫਿਰ ਕਿਵੇਂ ਕੰਮ ਚੱਲੂ?" ਮੈਂ ਕਿਹਾ, "ਚਤੁਰੀ, ਘਰਵਾਲੀ ਤਾਂ ਭਗਵਾਨ ਕੋਲ ਚਲੀ ਗਈ, ਤੁਸੀਂ ਜਾਣਦੇ ਹੀ ਹੋ... ਰੋਟੀ ਟੁੱਕ ਆਪਣੇ ਹੱਥਾਂ ਨਾਲ ਕਰਨਾ ਪੈਂਦਾ ਹੈ। ਕੋਈ ਦੂਜਾ ਸਹਾਇਤਾ ਕਰਨ ਵਾਲਾ ਹੈ ਨਹੀਂ। ਜੇਕਰ ਥੋੜ੍ਹਾ ਆਰਾਮ ਨਾ ਕੀਤਾ ਤੇ ਸਵੇਰੇ ਉੱਠ ਨੀਂ ਹੋਣਾ।" ਚਤੁਰੀ ਨਰਾਜ਼ ਹੋ ਕੇ ਬੋਲਿਆ, "ਤੂੰ ਵਿਆਹ ਹੀ ਨਹੀਂ ਕਰਵਾਉਂਦਾ ਨਹੀਂ ਤਾਂ ਤੇਰੀ ਵਹੁਟੀ ਆ ਜਾਵੇ, ਹਾਂ ਉਂਝ ਤਾਂ...!" ਮੈਂ ਕਿਹਾ, "ਚਤੁਰੀ, ਭਗਵਾਨ ਦੀ ਮਰਜ਼ੀ ਹੈ।" ਦੁਖੀ ਮਨ ਨਾਲ ਹਮਦਰਦੀ ਦਿਖਾਉਂਦੇ



ਹੋਏ ਚਤੁਰੀ ਨੇ ਕਿਹਾ, "ਬਹੂ ਬਹੁਤ ਪੜ੍ਹੀ ਲਿਖੀ ਸੀ। ਮੈਂ ਕਈ ਚਿੱਠੀਆਂ ਉਸ ਤੋਂ ਲਿਖਵਾਈਆਂ ਹਨ।" ਫਿਰ ਸੁਲਗਦੀ ਹੋਈ ਚਿਲਮ ਦਾ ਸੂਟਾ ਖਿੱਚ , ਧੂੰਆਂ ਪੀ ਕੇ, ਸਿਰ ਥੱਲੇ ਵੱਲ ਜ਼ੋਰ ਨਾਲ ਦਬਾ ਕੇ, ਨੱਕ ਵਿਚੋਂ ਧੂੰਆਂ ਕੱਢ ਕੇ ਬੈਠੇ ਹੋਏ ਗਲੇ ਨਾਲ ਬੋਲੇ, "ਬਹੂ ਰੋਟੀ ਵੀ ਤਿਆਰ ਕਰਦੀ ਸੀ, ਭਾਂਡੇ ਵੀ ਮਾਂਜਦੀ ਸੀ ਅਤੇ ਰੋਜ਼ ਰਮਾਇਣ ਵੀ ਪੜ੍ਹਦੀ ਸੀ, ਬਹੁਤ ਸੁਰੀਲਾ ਗਾਉਂਦੀ ਸੀ ਬਹੂ, ਤੂੰ ਉਸ ਤਰ੍ਹਾਂ ਨਹੀਂ ਗਾਉਂਦਾ, ਬੁੱਢਾ ਬਾਬਾ (ਮੇਰਾ ਚਾਚਾ) ਦਰਵਾਜ਼ੇ 'ਚ ਬੈਠਦੇ ਸਨ। ਅੰਦਰ ਬਹੂ ਰਮਾਇਣ ਪੜ੍ਹਦੀ ਸੀ। ਗ਼ਜ਼ਲਾਂ ਅਤੇ ਹੋਰ ਪਤਾ ਨੀਂ ਕੀ ਕੀ ਗਾਉਂਦੀ ਸੀ... ਠੀਕ ਏ ਨਾ ਮੁੰਡਿਆ?" ਮੈਂ ਕਿਹਾ, "ਹਾਂ... ਤੁਸੀਂ ਸਾਰੇ ਚਤੁਰੀ ਸਮੇਤ ਗਾਓ, ਮੈਂ ਦਰਵਾਜ਼ਾ ਬੰਦ ਕਰਕੇ ਸੁਣਦਾ ਹਾਂ।"

ਮੇਰੇ ਜਾਗਦੇ ਤੱਕ ਭਗਤ ਗਾਉਂਦੇ ਰਹੇ। ਫਿਰ ਕਦੋਂ ਬੰਦ ਹੋਏ, ਪਤਾ ਨਹੀਂ। ਜਦੋਂ ਅੱਖ ਖੁੱਲ੍ਹੀ, ਉਦੋਂ ਕਾਫ਼ੀ ਦਿਨ ਚੜ੍ਹ ਆਇਆ ਸੀ। ਮੂੰਹ ਧੋ ਕੇ ਦਰਵਾਜ਼ਾ ਖੋਲ੍ਹਿਆ, ਚਤੁਰੀ ਬੈਠਾ ਇਕ ਟੱਕ ਦਰਵਾਜ਼ੇ ਵੱਲ ਵੇਖ ਰਿਹਾ ਸੀ। ਕਬੀਰ-ਰਚਨਾਵਲੀ ਦੇ ਅਰਥ ਉਸ ਕੋਲੋਂ ਕਿਸੇ ਨੇ ਨਹੀਂ ਸੁਣੇ। ਮੈਂ ਸਾਝਰੇ ਸੁਨਣ ਲਈ ਕਿਹਾ ਸੀ, ਉਹ ਆਇਆ ਹੋਇਆ ਸੀ। ਮੈਂ ਕਿਹਾ, ਕਿਓਂ ਚਤੁਰੀ, ਰਾਤ ਸੁੱਤਾ ਨਹੀਂ?" ਚਤੁਰੀ ਸਾਹਿਜ ਤੇ ਗੰਭੀਰ ਹੋ ਕੇ ਬੋਲਿਆ, "ਸੌਂ ਕੇ ਜਾਗੇ ਨੂੰ ਹੁਣ ਬੜੀ ਦੇਰ ਹੋ ਗਈ, ਤੇਰੇ ਬੁਲਾਉਣ ਦੇ ਕਾਰਨ ਆਇਆ ਹੋਇਆ ਹਾਂ।" ਜਿਸ ਵਿਚ ਸ਼ਕਤੀ ਹੁੰਦੀ ਹੈ, ਨਿਰ-ਸਵਾਰਥ, ਬਿਨਾ ਕਿਸੇ ਲੋਭ ਦੇ ਸਿੱਖਿਆ ਦੇਣ ਵਾਲਾ ਉਹੀ ਹੁੰਦਾ ਹੈ। ਮੈਂ ਕਿਹਾ, "ਮੈਂ ਤਿਆਰ ਹਾਂ, ਪਹਿਲਾਂ ਤੂੰ ਕਬੀਰ ਸਾਹਿਬ ਬਾਰੇ ਭੁਲੇਖੇ ਦੂਰ ਕਰ।" "ਕਿਹੜੀ ਸੁਣਾਵਾਂ।" ਚਤੁਰੀ ਨੇ ਕਿਹਾ, "ਇਕ ਤੋਂ ਵੱਧ ਕੇ ਇਕ ਹੈ। ਮੈਂ ਕਬੀਰ ਪੰਥੀ ਹਾਂ ਨਾ ਮੁੰਡਿਆ। ਜਿੱਥੇ ਅੜਚਣ ਆਉਂਦੀ ਹੈ, ਸਾਹਿਬ ਆਪ ਆ ਕੇ ਦੂਰ ਕਰ ਦਿੰਦੇ ਹਨ।" ਮੈਂ ਕਿਹਾ, "ਤੂੰ ਤਾਂ ਪਹੁੰਚਿਆਂ ਹੋਇਆ ਏ। ਇਹ ਮੈਨੂੰ ਕੱਲ੍ਹ ਹੀ ਪਤਾ ਲੱਗ ਗਿਆ ਸੀ।" ਚਤੁਰੀ ਅੱਖਾਂ ਬੰਦ ਕਰਕੇ ਸਾਹਿਬ ਵੱਲ ਧਿਆਨ ਲਾਉਣ ਲੱਗ ਪਿਆ, ਫਿਰ ਸੁਰ ਠੀਕ ਕਰਕੇ ਇਕ ਸ਼ਬਦ ਗਾਉਣ ਲੱਗ ਪਿਆ, ਫਿਰ ਇਕ ਇਕ ਕੜੀ ਗਾ ਕੇ ਅਰਥ ਸਮਝਾਉਣ ਲੱਗ ਪਿਆ। ਉਸ ਦੇ ਅਰਥਾਂ 'ਚ ਅ-ਨਰਥ ਪੈਦਾ ਕਰਨਾ ਆਨੰਦ ਤੋਂ ਵਿਹੂਣਾ ਹੋਣਾ ਸੀ, ਜਦੋਂ ਉਹ ਸੂਤਰਾਂ ਦੀ ਵਿਆਖਿਆ ਪੂਰੀ ਕਰ ਚੁੱਕਾ, ਜਿਸ ਤਰ੍ਹਾਂ ਦੀ ਸੂਤਰਾਂ ਦੀ ਵਿਆਖਿਆ ਤੋਂ ਹਿੰਦੀ ਵਾਲੇ ਤੇ 'ਕਲਿਆਣ' ਦੇ ਸੌੜੇ ਲੇਖਾਂ ਦਾ ਪ੍ਰਭਾਵ ਪੈ ਸਕਦਾ ਹੈ, ਮੈਂ ਕਿਹਾ, "ਚਤੁਰੀ, ਤੂੰ ਪੜ੍ਹਿਆ ਲਿਖਿਆ ਹੁੰਦਾ, ਪੰਜ ਸੌ ਕਮਾ ਲੈਂਦਾ।" ਖੁਸ਼ ਹੋ ਕੇ ਚਤੁਰੀ ਬੋਲਿਆ, "ਮੁੰਡਿਆ, ਜੇ ਤੂੰ ਕਹਿੰਦਾ ਏ ਤਾਂ ਤੇਰੇ ਕੋਲ ਅਰਜੁਨ (ਚਤੁਰੀ ਦਾ ਸਤਾਰਾ ਸਾਲ ਦਾ ਮੁੰਡਾ) ਨੂੰ ਪੜ੍ਹਨ ਦੇ ਲਈ ਭੇਜ ਦਿਆ ਕਰਾਂ, ਤੇਰੇ ਕੋਲੋਂ ਪੜ੍ਹ ਜਾਵੇਗਾ, ਤੇਰੀ ਵਿੱਦਿਆ ਪ੍ਰਾਪਤ ਕਰ ਲਵੇਗਾ, ਮੈਂ ਵੀ ਆਪਣੀ ਦੇ ਦੇਵਾਗਾ, ਤਾਂ ਸਾਇਦ ਭਗਵਾਨ ਦੀ ਇੱਛਾ ਹੋ ਜਾਵੇ ਤਾਂ ਕੁੱਝ ਗੱਲ ਬਣ ਜਾਵੇ।" ਮੈਂ ਕਿਹਾ, "ਭੇਜ ਦਿਆ ਕਰ। ਦੀਵਾ ਘਰੋਂ ਲੈ ਕੇ ਆਇਆ ਕਰੇ। ਸਾਡੇ ਕੋਲ ਇਕ ਹੀ ਲਾਲਟੈਣ ਹੈ, ਬਹੁਤ ਨੇੜੇ ਆਵੇਗਾ ਤਾਂ ਪਿੰਡ ਵਾਲੇ ਚੀਕਾਂ ਮਾਰਨਗੇ। ਅੱਗੇ ਜੋ ਹੋਵੇਗਾ, ਵੇਖਿਆ ਜਾਵੇਗਾ। ਪ੍ਰੰਤੂ ਗੁਰੂ ਦੱਖਸ਼ਣਾ ਮੈਂ ਰੋਜ਼ ਲਵਾਂਗਾ। ਘਬਰਾਓ ਨਹੀਂ। ਕੇਵਲ ਬਜ਼ਾਰ ਤੋਂ ਮੇਰੇ ਲਈ ਮੀਟ ਲੈ ਕੇ ਆਉਣਾ ਹੋਵੇਗਾ, ਅਤੇ ਮਹੀਨੇ 'ਚ ਦੋ ਵਾਰ ਚੱਕੀ ਤੋਂ ਆਟਾ ਪੀਸ ਕੇ ਲੈ ਕੇ ਆਉਣਾ ਹੋਵੇਗਾ। ਇਸ ਦੀ ਮਿਹਨਤ ਮੈਂ ਦੇਵਾਗਾ। ਬਜ਼ਾਰ ਤਾਂ ਤੂੰ ਜਾਂਦਾ ਹੀ ਏਂ।" ਚਤੁਰੀ ਨੂੰ ਇਸ ਸਹਿਯੋਗ ਦੀ ਬੜੀ ਖੁਸ਼ੀ ਹੋਈ। ਇਕ ਪ੍ਰਸੰਗ ਉੱਤੇ ਆਉਣ ਦੇ ਵਿਚਾਰ ਨਾਲ ਮੈਂ ਕਿਹਾ, "ਚਤੁਰੀ ਤੇਰੀ ਜੁੱਤੀ ਦੀ ਬੜੀ ਤਰੀਫ਼ ਸੁਣੀ ਹੈ।" ਖੁਸ਼ ਹੋ ਕੇ ਚਤੁਰੀ ਬੋਲਿਆ, "ਹਾਂ ਮੁੰਡਿਆ ਦੋ ਸਾਲ ਚੱਲਦੀ ਹੈ।" ਉਸ ਦੇ ਬੋਲਾ ਵਿਚ ਇਕ ਦਰਦ ਵੀ ਦੱਬਿਆ ਹੋਇਆ ਸੀ। ਦੁਖੀ ਹੋ ਕੇ ਕਹਿਣ ਲੱਗਾ, 'ਮੁੰਡਿਆ ਜ਼ਿੰਮੀਦਾਰ ਦੇ ਸਿਪਾਹੀ ਨੂੰ ਇਕ ਜੋੜਾ ਹਰ ਸਾਲ ਦੇਣਾ ਪੈਂਦਾ ਹੈ। ਇਕ ਜੋੜਾ ਭਗਤਾ ਦਿੰਦਾ ਹੈ, ਇਕ ਜੋੜਾ ਪੰਚਮ। ਜਦ ਮੇਰਾ ਹੀ ਜੋੜਾ ਮਜ਼ੇ ਨਾਲ ਦੋ ਸਾਲ ਚੱਲਦਾ ਹੈ, ਤਾਂ ਹੋਰ ਲੈ ਕੇ ਕੋਈ ਚਮੜੇ ਦੀ ਬਰਬਾਦੀ ਕਿਓਂ ਕਰੇ?" ਅੱਥਰੂਆਂ ਨਾਲ ਭਰੀਆਂ ਅੱਖਾਂ ਨਾਲ ਵੇਖਦਾ ਹੋਇਆ ਉਹ ਹੱਥ ਜੋੜਨ ਲੱਗ ਪਿਆ।

ਮੈਨੂੰ ਹਮਦਰਦੀ ਨਾਲ ਹਾਸਾ ਆ ਗਿਆ। ਪਰ ਹਾਸੇ ਨੂੰ ਬੁੱਲ੍ਹਾਂ 'ਤੇ ਆਉਣ ਨਾ ਦਿੱਤਾ। ਸੰਭਲ ਕੇ,

ਹਮਦਰਦੀ ਨਾਲ ਕਹਿਣ ਲੱਗਾ, "ਚਤੁਰੀ, ਇਸ ਬਾਰੇ ਵਾਜਿਬ-ਉਲ-ਅਰਜ਼ ਵਿਚ ਜਾ ਕੇ ਪਤਾ ਕਰਨਾ ਹੋਵੇਗਾ। ਜੇਕਰ ਤੇਰੀ ਜੁੱਤੀ ਦੇਣ ਬਾਰੇ ਉੱਥੇ ਦਰਜ਼ ਹੋਵੇਗਾ, ਤਾਂ ਇਸੇ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਤੈਨੂੰ ਜੁੱਤੀ ਦੇਣੀ ਪਵੇਗੀ।"

ਚਤੁਰੀ ਸੋਚਕੇ ਹੱਸ ਪਿਆ। ਕਹਿਣ ਲੱਗਾ, "ਮੁੰਡਿਆ ! ਅਬਦੁਲ-ਅਰਜ਼ 'ਚ ਕੀ ਦਰਜ਼ ਹੋਵੇਗਾ?" ਮੈਂ ਕਿਹਾ, "ਹਾਂ ਵੇਖ ਲਓ, ਕੇਵਲ ਇਕ ਰੁਪਈਆਂ ਵੇਖਣ ਦਾ ਲੱਗੇਗਾ।"

ਸਮਾਂ ਬਹੁਤ ਹੋ ਗਿਆ ਸੀ। ਮੈਨੂੰ ਵੀ ਕੰਮ ਸੀ। ਚਤੁਰੀ ਨੂੰ ਮੈਂ ਤੋਰ ਦਿੱਤਾ। ਉਹ ਗੰਭੀਰ ਹੋ ਕੇ ਸਿਰ ਹਿਲਾਉਂਦਾ ਤੁਰ ਪਿਆ। ਮੈਂ ਉਸ ਦੇ ਚਿਹਰੇ ਦਾ ਭਾਵ ਪੜ੍ਹਨ ਲੱਗ ਪਿਆ, 'ਉਹ ਇਕ ਅਜਿਹੇ ਜ਼ਾਲ ਵਿਚ ਫਸਿਆ ਹੋਇਆ ਹੈ, ਜਿਸ ਨੂੰ ਉਹ ਕੱਟਣਾ ਚਾਹੁੰਦਾ ਹੈ, ਅੰਦਰੋਂ ਉਸ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ, ਪਰ ਇਕ ਕਮਜ਼ੋਰੀ ਹੈ, ਜਿਸ 'ਚ ਵਾਰ ਵਾਰ ਉਲਝ ਕੇ ਰਹਿ ਜਾਂਦਾ ਹੈ।"

ਅਰਜੁਨ ਦਾ ਮੇਰੇ ਕੋਲ ਆਉਣਾ ਸ਼ੁਰੂ ਹੋ ਗਿਆ। ਉਨ੍ਹਾਂ ਦਿਨ੍ਹਾਂ ਵਿਚ ਬਾਹਰ ਮੈਨੂੰ ਕੋਈ ਕੰਮ ਨਹੀਂ ਸੀ, ਪਿੰਡ ਵਿਚ ਰਹਿਣਾ ਪਿਆ। ਮੀਟ ਆਉਣ ਲੱਗ ਪਿਆ। ਸਮੇਂ ਸਮੇਂ ਉੱਤੇ ਲੋਧ, ਪਾਸੀ, ਧੋਬੀ ਅਤੇ ਚਮਾਰਾਂ ਦਾ ਬ੍ਰਾਹਮਭੋਜ ਵੀ ਚੱਲਦਾ ਰਿਹਾ। ਚੁੱਲ੍ਹੇ ਤੇ ਰਿੱਝਦੇ ਮਸਾਲੇਦਾਰ ਮੀਟ ਦੀ ਖ਼ੁਸ਼ਬੂ ਨਾਲ ਜਿਹਦੇ ਵੀ ਮੂੰਹ 'ਚ ਪਾਣੀ ਆਉਂਦਾ, ਉਹ ਆਉਣ ਲਈ ਤਰਲੋਮੱਛੀ ਹੋਣ ਲੱਗ ਪਿਆ। ਇਸ ਤਰ੍ਹਾਂ ਮੇਰਾ ਘਰ ਸਾਧਾਰਨ ਲੋਕਾਂ ਦਾ ਅੱਡਾ, ਬਲਕਿ ਹਾਊਸ ਆਫ਼ ਕਾਮਨ ਹੋ ਗਿਆ। ਅਰਜੁਨ ਦੀ ਪੜ੍ਹਾਈ ਉਪਰੋ ਥਲੀ ਵੱਧਦੀ ਗਈ। ਪਹਿਲਾ ਪਹਿਲ ਜਦੋਂ 'ਦਾਦਾ, ਮਾਮਾ, ਮੁੰਡਾ, ਦਾਦੀ, ਨਾਨੀ' ਉਸਨੇ ਸਿੱਖਿਆ, ਤਾਂ ਮਾਣ ਨਾਲ ਉਸਦੇ ਮਾਂ ਪਿਓ ਸਮਝਣ ਲੱਗ ਪਏ ਜਿਵੇਂ ਉਨ੍ਹਾਂ ਨੂੰ ਸਮਰਾਟ ਦਾ ਅਹੁਦਾ ਪ੍ਰਾਪਤ ਹੋ ਗਿਆ ਹੋਵੇ। ਸਾਰੇ ਲੋਕ ਆਪਸ ਵਿਚ ਗੱਲਾਂ ਕਰਨ ਲੱਗ ਪਏ, ਹੁਣ ਅਰਜੁਨ 'ਦਾਦਾ-ਦਾਦੀ' ਪੜ੍ਹ ਗਿਆ। ਅਰਜੁਨ ਆਪਣੇ ਪਿਓ ਚਤੁਰੀ ਨੂੰ ਦਾਦਾ ਅਤੇ ਮਾਂ ਨੂੰ ਦਾਦੀ ਕਹਿੰਦਾ ਸੀ। ਦੂਜੇ ਦਿਨ ਉਸ ਦੇ ਵੱਡੇ ਭਰਾ ਨੇ ਮੈਨੂੰ ਸ਼ਿਕਾਇਤ ਕੀਤੀ। ਕਿਹਾ, "ਬਾਬਾ, ਅਰਜੁਨ ਹੋਰ ਤਾਂ ਸਾਰਾ ਕੁਝ ਲਿਖ ਪੜ੍ਹ ਲੈਂਦਾ ਹੈ, ਪਰ ਭਰਾ ਨਹੀਂ ਲਿੱਖਦਾ।" ਮੈਂ ਸਮਝਾਇਆ ਕਿ ਕਿਤਾਬ 'ਚ 'ਦਾਦਾ-ਦਾਦੀ' ਨਾਲੋਂ ਭਰਾ ਦੀ ਇੱਜ਼ਤ ਬਹੁਤ ਜਿਆਦਾ ਹੈ, 'ਭਰਾ' ਤੱਕ ਪਹੁੰਚਣ ਲਈ ਉਸ ਨੂੰ ਦੋ ਮਹੀਨੇ ਲੱਗ ਜਾਣਗੇ।

ਹੌਲੀ ਹੌਲੀ ਅੰਬ ਪੱਕਣ ਦੇ ਦਿਨ ਆ ਗਏ। ਅਰਜੁਨ ਹੁਣ ਦੂਜੀ ਕਿਤਾਬ ਖਤਮ ਕਰਕੇ ਆਪਣੇ ਖਾਨਦਾਨ ਵਿਚ ਵਿਸ਼ੇਸ਼ ਸਤਿਕਾਰ ਵਾਲਾ ਬਣ ਗਿਆ। ਕੁਝ ਨਾਜ਼ੁਕ ਮਜ਼ਾਜ ਵੀ ਹੋ ਗਿਆ। ਮੋਟਾ ਕੰਮ ਹੁੰਦਾ ਨਹੀਂ ਸੀ। ਅੰਬ ਖਵਾਉਣ ਦੇ ਵਿਚਾਰ ਨਾਲ ਮੈਂ ਆਪਣੇ ਚਿਰਜੀਵ ਨੂੰ ਲੈਣ ਲਈ ਸਹੁਰੇ ਘਰ ਚਲੇ ਗਿਆ। ਉਦੋਂ ਉਸ ਦੀ ਉਮਰ 9-10 ਸਾਲ ਹੀ ਹੋਵੇਗੀ। ਸੋਮ ਜਾਂ ਚਹੁਰਮ 'ਚ ਪੜ੍ਹਦਾ ਸੀ। ਮੇਰੇ ਕੋਲ ਏਥੇ ਉਹਦੇ ਖੇਡਣ ਲਈ ਕੋਈ ਚੀਜ਼ ਨਹੀਂ ਸੀ। ਕੋਈ ਔਰਤ ਵੀ ਨਹੀਂ ਸੀ, ਜਿਸਦੇ ਪਿਆਰ ਨਾਲ ਉਹਦਾ ਮਨ ਲੱਗਿਆ ਰਹਿੰਦਾ। ਪਰ ਦੋ ਚਾਰ ਦਿਨ ਤੋਂ ਬਾਅਦ ਮੈਂ ਵੇਖਿਆ, ਉਹ ਉਦਾਸ ਨਹੀਂ ਹੋਇਆ, ਅਰਜੁਨ ਨਾਲ ਉਹਦੀ ਗੂੜ੍ਹੀ ਦੋਸਤੀ ਹੋ ਗਈ। ਉਹ ਅਰਜੁਨ ਦਾ ਚਾਚਾ ਲੱਗਦਾ ਸੀ ਜਿਵੇਂ ਮੈਂ ਅਰਜੁਨ ਦਾ ਬਾਬਾ। ਹਲਾਕਿ ਅਰਜੁਨ ਉਮਰ 'ਚ ਉਸ ਤੋਂ ਵੱਡਾ ਸੀ, ਫਿਰ ਵੀ ਰੁਤਬੇ ਅਤੇ ਪੜ੍ਹਾਈ ਪੱਖੋਂ ਮੇਰਾ ਚਿਰਜੀਵ ਵੱਡੇ ਸੀ। ਫਿਰ ਉਹ ਬ੍ਰਾਹਮਣ ਦਾ ਲੜਕੇ ਵੀ ਸੀ। ਅਰਜੁਨ ਨੂੰ ਵੱਡੇ ਹੋਣ ਦੇ ਬਾਵਜੂਦ ਉਸ ਨਾਲੋਂ ਛੋਟੇ ਮੁੰਡੇ ਸਤਿਕਾਰ ਦਿੰਦੇ ਹੋਏ ਉਲਟਾ ਝੁਕਣਾ ਤੇ ਦੱਬਣਾ ਪੈਂਦਾ ਸੀ। ਇਸਦਾ ਅਸਰ ਅਰਜੁਨ ਦੇ ਮਨ ਉੱਤੇ ਤਿੰਨ ਚਾਰ ਦਿਨਾਂ ਵਿਚ ਦਿਸਣ ਲੱਗ ਪਿਆ ਸੀ। ਉਦੋਂ ਮੈਨੂੰ ਕੁੱਝ ਪਤਾ ਨਹੀਂ ਸੀ। ਅਰਜੁਨ ਇਸ ਗੱਲ ਦੀ ਸ਼ਿਕਾਇਤ ਨਹੀਂ ਕਰਦਾ ਸੀ। ਮੈਂ ਵੇਖਦਾ ਸੀ, ਜਦੋਂ ਮੈਂ ਡਾਕਖਾਨੇ ਤੋਂ ਜਾਂ ਬਾਹਰ ਪਿੰਡ ਤੋਂ ਪਰਤਦਾ ਤਾਂ ਮੇਰਾ ਚਿਰਜੀਵ ਅਰਜੁਨ ਵੱਲ ਹੁੰਦਾ ਸੀ। ਜਾਂ ਘਰ ਹੀ ਉਸ ਨੂੰ ਘੇਰ ਕੇ ਪੜ੍ਹਾਉਂਦੇ ਰਹਿੰਦੇ ਸਨ। ਚਮਾਰਾਂ ਦੇ ਟਿੱਲੇ 'ਚ ਗੋਸਵਾਮੀ ਜੀ ਦੇ ਇਹ ਕਥਨ ਨੂੰ 'ਮਨਹੁ ਮਤ ਗਜਪਨ ਨਿਰਖਿ ਸਿੰਹ ਕਿਸੋਰਹਿ ਚੋਪ' ਕਹਿ ਕੇ ਸੁਚੇਤ ਕਰਦੇ ਦਿਸਦੇ। ਮੈਂ ਬ੍ਰਾਹਮਣ ਸੰਸਕਾਰਾਂ ਦੀਆਂ ਸਾਰੀਆਂ ਗੱਲਾਂ ਨੂੰ ਸਮਝ ਗਿਆ। ਪਰ ਉਸ ਨੂੰ ਉਪਦੇਸ਼ ਕੀ ਦਿੰਦਾ? ਚਮਾਰ ਦੱਬੇ ਜਾਣਗੇ, ਬ੍ਰਾਹਮਣ ਦਬਾਉਣਗੇ। ਦਬਾਓ ਹੈ, ਦੋਹਾਂ ਦੀਆਂ ਜੜ੍ਹਾਂ ਮਾਰ ਦਿੱਤੀਆਂ ਜਾਣ, ਪਰ ਇਹ ਸਾਹਿਜ ਗੱਲ ਨਹੀਂ। ਸੋਚ ਕੇ ਚੁੱਪ ਹੋ ਗਿਆ।



ਮੈਂ ਅਰਜੁਨ ਨੂੰ ਪੜ੍ਹਾਉਂਦਾ ਸੀ ਤਾਂ ਸਨੇਹ ਦੇ ਕੇ, ਉਸ ਨੂੰ ਆਪਣੇ ਵਰਗਾ ਇਕ ਮੁੰਡਾ ਸਮਝ ਕੇ। ਉਸਦੇ ਬੋਲਣ ਦੇ ਲਹਿਜੇ ਨੂੰ ਸਹਿਜਤਾ ਨਾਲ ਸਮਝਦਾ ਹੋਇਆ। ਉਸਦੀਆਂ ਕਮਜ਼ੋਰੀਆਂ ਦੀਆਂ ਦਰਾੜਾ ਭਵਿੱਖ ਨਾਲ ਭਰ ਜਾਣਗੀਆਂ, ਅਜਿਹਾ ਵਿਚਾਰ ਰੱਖਦਾ ਸੀ। ਇਸ ਲਈ ਕਿੱਥੇ ਕਿੱਥੇ ਉਸ ਵਿਚ ਅਵੇਸਲਾਪਨ ਹੈ, ਇਹ ਮੈਨੂੰ ਚੇਤੇ ਵੀ ਨਹੀਂ ਸੀ। ਪਰ ਮੇਰੇ ਚਿਰਜੀਵ ਨੇ ਚਾਰ ਹੀ ਦਿਨ 'ਚ ਅਰਜੁਨ ਦੀਆਂ ਸਾਰੀਆਂ ਕਮਜ਼ੋਰੀਆਂ ਦਾ ਪਤਾ ਲਗਾ ਲਿਆ, ਅਤੇ ਵੇਲੇ ਕੁਵੇਲੇ ਉਸ ਨੂੰ ਘਰ ਬੁਲਾ ਕੇ ਮੇਰੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਹੀ ਕਮਜ਼ੋਰੀਆਂ ਨੂੰ ਲੱਭ ਕੇ ਉਸ ਨੂੰ ਬੁਲਾ ਬੁਲਾ ਕੇ ਦੌੜਾਉਂਦੇ ਹੋਏ ਆਪਣਾ ਮਨਪ੍ਰਚਾਵਾ ਕਰਨ ਲੱਗਾ। ਮੈਨੂੰ ਬਾਅਦ ਵਿਚ ਪਤਾ ਲੱਗਾ।

ਸੋਮਵਾਰ ਮੀਆਂਗੰਜ ਦੇ ਬਾਜ਼ਾਰ ਦਾ ਦਿਨ ਸੀ। ਗੋਸ਼ਤ ਦੇ ਪੈਸੇ ਮੈਂ ਚਤੁਰੀ ਨੂੰ ਦੇ ਦਿੱਤੇ ਸਨ। ਡਾਕਘਰ ਉਦੋਂ ਮਗਰਾਯਰ ਸੀ। ਉਥੋਂ ਬਜ਼ਾਰ ਨੇੜੇ ਸੀ। ਮੈਂ ਡਾਕਖਾਨੇ ਤੋਂ ਪ੍ਰਬੰਧਕ ਭੇਜਣ ਦੇ ਲਈ ਟਿਕਟ ਲੈ ਕੇ ਸੈਰ ਕਰਦਾ ਹੋਇਆ ਬਾਜ਼ਾਰ ਗਿਆ। ਚਤੁਰੀ ਜੁੱਤੀ ਦੀ ਦੁਕਾਨ ਲਾਈ ਬੈਠਾ ਸੀ। ਮੈਂ ਕਿਹਾ, "ਧੋਬੀ ਭਾਈ ਆਏ ਹਨ, ਚਤੁਰੀ ਮੇਰਾ ਗੋਸ਼ਤ ਉਸ ਦੇ ਹੱਥੀਂ ਭੇਜ ਦੇਣਾ। ਤੂੰ ਬਜ਼ਾਰ ਉੱਠ ਕੇ ਜਾਵੇਗਾ, ਦੇਰੀ ਹੋਵੇਗੀ।" ਚਤੁਰੀ ਨੇ ਕਿਹਾ, "ਕਾਕਾ ਇਕ ਗੱਲ ਹੈ, ਅਰਜੁਨ ਤੇਰੇ ਕੋਲੋਂ ਕਿਓਂ ਡਰਦਾ ਹੈ, ਮੈਂ ਘਰ ਆ ਕੇ ਕਹਾਂਗਾ। ਗੁੱਸਾ ਨਾ ਕਰੀ ਮੁੰਡੇ ਦੀਆਂ ਗੱਲਾਂ ਦਾ।" "ਅੱਛਾ" ਕਹਿ ਕੇ ਮੈਂ ਬਹੁਤ ਕੁਝ ਸੋਚ ਲਿਆ। ਝਟਕਈ ਨੂੰ ਸਲਾਮ ਦਾ ਉਤਰ ਦੇ ਕੇ ਮੈਂ ਬਾਦਾਮ ਅਤੇ ਬਰਫ਼ ਲੈਣ ਦੇ ਲਈ ਬਾਣੀਏ ਵੱਲ ਗਿਆ। ਬਾਜ਼ਾਰ ਵਿਚ ਮੇਰੇ ਜਾਣੂ, ਓਪਰੇ ਲੋਕਾਂ ਨੂੰ ਮੇਰੀਆਂ ਖੂਬੀਆਂ ਤੋਂ ਜਾਣੂ ਕਰਵਾ ਰਹੇ ਸਨ। ਚਾਰੇ ਪਾਸਿਆਂ ਤੋਂ ਅਨੇਕਾਂ ਅੱਖਾਂ ਮੈਨੂੰ ਵੇਖ ਰਹੀਆਂ ਸਨ। ਹੈਰਾਨੀ ਇਸ ਗੱਲ ਦੀ ਹੈ ਕਿ ਜੇਕਰ ਇਹ ਅਜਿਹਾ ਬੰਦਾ ਹੈ, ਤਾਂ ਮੀਟ ਖਾਣ ਵਰਗਾ ਘਟੀਆ ਪਾਪ ਕਿਓਂ ਕਰਦਾ ਹੈ। ਮੈਨੂੰ ਪਲਾ ਵਿਚ ਇਹ ਸਾਰਾ ਕੁਝ ਸਮਝ ਲੈਣ ਦਾ ਕਾਫੀ ਤਜ਼ਰਬਾ ਹੋ ਗਿਆ ਸੀ। ਗੁਰੂ ਮੁੱਖ ਵਾਲੇ ਬ੍ਰਾਹਮਣ ਆਦਿ ਮੇਰੇ ਘੜੇ ਦਾ ਪਾਣੀ ਪੀਣਾ ਛੱਡ ਚੁੱਕੇ ਸਨ। ਪਿੰਡ ਦੇ ਅਤੇ ਗੁਵਾਂਢ ਦੇ ਮੁੰਡੇ ਆਪਣੇ ਆਪਣੇ ਪਿਓ-ਬਾਬਿਆਂ ਨੂੰ ਇਹ ਸਮਝਾ ਚੁੱਕਾ ਸਨ ਕਿ 'ਬਾਬਾ (ਮੈਂ) ਕਹਿੰਦਾ ਹਾਂ, ਕਿ ਮੈਂ ਪਾਣੀ ਪਿਆਉਣ ਵਾਲਾ ਪਾਂਡਾ ਥੋੜਾ ਹਾਂ, ਜਿਹੜਾ ਐਰੇ ਗੈਰੇ ਨੱਥੂ ਖ਼ੈਰੇ ਸਾਰਿਆਂ ਨੂੰ ਪਾਣੀ ਪਿਉਂਦਾ ਫਿਰਾ।" ਇਸ ਤੋਂ ਲੋਕ ਹੋਰ ਨਰਾਜ਼ ਹੋ ਗਏ ਸਨ। ਸਾਹਿਤ ਦੇ ਵਾਂਗ ਸਮਾਜ ਵਿਚ ਵੀ ਦੂਰ ਦੂਰ ਤੱਕ ਮੇਰੀ ਤਾਰੀਫ਼ ਫੈਲ ਗਈ ਸੀ। ਵਿਸ਼ੇਸ਼ ਤੌਰ ਤੇ ਜਦੋਂ ਇਕ ਦਿਨ ਵਲੈਤ ਦੀ ਟੋਰੀ ਪਾਰਟੀ ਦੀ ਤਾਰੀਫ਼ ਕਰਨ ਵਾਲੇ, ਇਕ ਪੇਂਡੂ ਸਵਾਮੀ ਜੀ ਨੂੰ ਮੈਂ ਮੀਟ-ਮੁਰਗਾ ਖਾ ਕੇ ਕਾਬੁਲ 'ਚ ਪ੍ਰਚਾਰ ਕਰਨ ਵਾਲੇ, ਰਾਮਚੰਦਰ ਜੀ ਦੇ ਸਮੇਂ ਦੇ, ਇਕ ਰਿਸ਼ੀ ਦੀ ਕਥਾ ਸੁਣਾਈ, ਅਤੇ ਮੇਰੇ ਕੋਲੋਂ ਸੁਣ ਕੇ ਉਸੇ ਪਿੰਡ ਦੇ ਬ੍ਰਾਹਮਣਾਂ ਦੇ ਸਾਹਮਣੇ ਬੀੜੀ ਪੀਣ ਦੇ ਲਈ ਪ੍ਰਚਾਰ ਕਰਕੇ ਵੀ ਉਹ ਮੈਨੂੰ ਨੀਵਾਂ ਨਹੀਂ ਸੀ ਦਿਖਾ ਸਕੇ। ਉਨ੍ਹਾਂ ਦਿਨ੍ਹਾਂ ਵਿਚ ਅਚਾਨਿਕ ਮਿਲੇ ਹੋਏ ਆਪਣੇ ਅਵਾਰਾਗਰਦ ਨੌਕਰ ਤੋਂ ਬੀੜੀ ਲੈ ਕੇ ਸਾਰਿਆਂ ਦੇ ਸਾਹਮਣੇ ਤੀਲੀ ਲਗਾ ਕੇ ਮੈਂ ਸਮਝਾ ਦਿੱਤਾ ਸੀ ਕਿ ਤੇਰੇ ਇਸ ਜੂਠੇ ਧੂੰਏਂ ਤੋਂ ਵੱਧ ਕੇ ਮੇਰੇ ਕੋਲ ਕੋਈ ਦੂਜਾ ਮਹੱਤਵ ਨਹੀਂ ਹੈ।

ਮੈਂ ਹੈਰਾਨੀ ਭਰੀਆਂ ਅੱਖਾਂ ਨੂੰ ਨਜ਼ਰ ਅੰਦਾਜ਼ ਕਰਦਾ ਹੋਇਆ ਬਾਦਾਮ ਅਤੇ ਬਰਫ਼ ਲੈ ਕੇ ਥੋੜ੍ਹੀ ਜਿਹੀ ਪਿੱਠ ਸਿੱਧੀ ਕਰਨ ਲਈ ਸਿੱਧਾ ਹੋਇਆ ਇਕ ਬੁੱਢੇ ਪੰਡਿਤ ਜੀ ਇਕ ਪੇਂਡੂ ਭਰਾ ਦੇ ਨਾਲ ਮੇਰੇ ਵੱਲ ਵੱਧਦੇ ਹੋਏ ਨਜ਼ਰ ਆਏ। ਮੈਂ ਸੋਚਿਆ, ਸਾਇਦ ਕੁਝ ਉਪਦੇਸ਼ ਜਾਂ ਹੁਕਮ ਹੋਵੇਗਾ। ਪੰਡਤ ਜੀ ਸਾਰੀ ਸਿਕਾਇਤ ਪੀ ਕੇ, ਮੀਆ ਮਿੱਠੂ ਬਣ ਕੇ ਆਪਣੇ ਵੇਖਣ ਵਾਲੇ ਨੂੰ ਬੋਲੇ, "ਤੁਸੀਂ ਹੀ ਹੋ?" ਉਸਨੇ ਕਿਹਾ, "ਹਾਂ ਇਹ ਹਨ।" ਪੰਡਤ ਜੀ ਵੇਖ ਕੇ ਗਦ ਗਦ ਹੋ ਗਏ। ਮੂੰਹ ਚੁੱਕ ਕੇ ਬੋਲੇ, "ਓਹ...ਹ...ਹ ! ! ਤੁਸੀਂ ਧੰਨ ਹੋ।" ਮੈਂ ਮਨ ਹੀ ਮਨ 'ਚ ਕਿਹਾ,' ਨਹੀਂ ਮੈਂ ਜਾਂਗਲੀ ਹਾਂ, ਮਜ਼ਾਕ ਕਰਦਾ ਹਾਂ.. ਨਿਕੰਮਾ।' ਪਰ ਧਿਆਨ ਨਾਲ ਉਸਦੀ ਪੱਗ ਅਤੇ ਪਹਿਰਾਵਾ ਵੇਖ ਕੇ ਕਿਹਾ, "ਪ੍ਰਣਾਮ ਕਰਦਾ ਹਾਂ ਪੰਡਤ ਜੀ।" ਪੰਡਤ ਜੀ ਪ੍ਰੇਮ ਨਾਲ ਝੱਲੇ ਹੋਏ ਆਪਣਾ ਆਪਾ ਖੋਹ ਬੈਠੇ। ਮੇਰੀ ਨਮਸਤੇ ਕੋਈ ਮਮੂਲੀ ਨਮਸਤੇ ਨਹੀਂ। ਇਹ ਬਹੁਤ ਕਰਮਾਂ ਨਾਲ ਮਿਲਦੀ ਹੈ। ਮੈਂ ਖੜਾ ਪੰਡਤ ਜੀ ਨੂੰ ਵੇਖਦਾ ਰਿਹਾ। ਪੰਡਤ ਜੀ ਨੇ ਆਪਣੇ ਦਿਹਾਤੀ ਸਾਥੀ ਨੂੰ

ਪੁੱਛਿਆ, "ਤੁਸੀਂ ਏਥੇ ਕੋਲ ਕੋਲ ਹੀ ਹੋ?" ਉਸਦਾ ਸਾਥੀ ਗੰਭੀਰ ਹੋ ਕੇ ਬੋਲਿਆ, "ਹਾਂ ਜਿਲ੍ਹੇ ਵਿਚ ਦੂਜਾ ਨਹੀਂ ਹੈ।" ਬੁੱਲ੍ਹ ਟੁੱਕਦਿਆਂ ਮੈਂ ਕਿਹਾ, "ਪੰਡਤ ਜੀ ਰਾਹ ਵਿਚ ਦੋ ਨਾਲੇ ਅਤੇ ਇਕ ਨਦੀ ਪੈਂਦੀ ਹੈ। ਭੇੜੀਏ ਵੀ ਬਹੁਤ ਹਨ। ਤੁਸੀਂ ਆਪਣੇ ਕੋਲ ਡੰਡਾ ਨੀਂ ਲੈ ਕੇ ਆਏ। ਜੇ ਇਜ਼ਾਜਤ ਹੋਵੇ ਤਾਂ ਚੱਲਾ, ਸ਼ਾਮ ਹੋ ਰਹੀ ਹੈ।" ਪੰਡਤ ਜੀ ਸੰਨੇਹ ਨਾਲ ਵੇਖਣ ਲੱਗੇ। ਜਿਹੜੀ ਸ਼ਿਕਾਇਤ ਉਨ੍ਹਾਂ ਨੇ ਸੁਣੀ ਸੀ, ਅੱਖਾਂ ਉੱਤੇ ਉਹਨੂੰ ਸ਼ੱਕ ਹੋਣ ਲੱਗੀ। ਨਜ਼ਰ ਕਹਿ ਰਹੀ ਸੀ-'ਇਹ ਅਜਿਹੇ ਨਹੀਂ-ਪੱਕਾ ਹੈ ਇਹ ਮੀਟ ਨੀਂ ਖਾਂਦੇ ਹੋਣਾ... ਬੀੜੀ ਵੀ ਨਹੀਂ ਪੀਂਦਾ ਹੋਣਾ, ਲੋਕ ਤਾਂ ਗੱਲਾਂ ਬਣਾਉਣ ਵਾਲੇ ਹਨ।' ਪ੍ਰਣਾਮ ਕਰਕੇ, ਅਸ਼ੀਰਵਾਦ ਲੈ ਕੇ ਮੈਂ ਘਰ ਦੇ ਰਾਹ ਪੈ ਗਿਆ।

ਦਰਵਾਜ਼ੇ ਉੱਤੇ ਆ ਕੇ ਰੁਕ ਗਿਆ। ਅੰਦਰ ਗੱਲਬਾਤ ਚੱਲ ਰਹੀ ਸੀ। ਰੌਸ਼ਨੀ ਥੋੜ੍ਹੀ ਜਿਹੀ ਸੀ। ਸੂਰਜ ਡੁੱਬ ਰਿਹਾ ਸੀ। ਮੇਰੇ ਪੁੱਤਰ ਦੀ ਆਵਾਜ਼ ਆਈ-"ਬੋਲ ਓ ਬੋਲ।" ਇਸ ਵੀਰ ਰਸ ਦਾ ਅਰਥ ਮੈਂ ਸਮਝ ਗਿਆ। ਅਰਜੁਨ ਬੋਲਦਾ ਹੋਇਆ ਹਾਰ ਗਿਆ ਸੀ, ਪਰ ਚਿਰਜੀਵ ਨੂੰ ਰਸ ਮਿਲਣ ਦੇ ਕਾਰਨ ਬੁਲਾਉਂਦੇ ਹੋਇਆ ਹਾਰ ਨਹੀਂ ਮੰਨੀ ਸੀ। ਕਿਉਂਕਿ ਵਾਰ ਵਾਰ ਬੋਲਣਾ ਪੈਂਦਾ ਸੀ, ਇਸ ਲਈ ਅਰਜੁਨ ਬੋਲਣ ਤੋਂ ਉਕਤਾ ਕੇ ਚੁੱਪ ਕਰ ਗਿਆ ਸੀ। ਝਿੜਕ ਕੇ ਪੁੱਛਿਆ ਗਿਆ, ਤਾਂ ਕੇਵਲ ਐਨਾ ਹੀ ਕਿਹਾ, 'ਕੀ?"

"ਉਹੀ... ਗੁਣ ਬੋਲ।"

ਅਰਜੁਨ ਨੇ ਕਿਹਾ, "ਗਣੇ...।"

ਬੱਚਿਆਂ ਦੇ ਸ਼ੋਰ ਨਾਲ ਘਰ ਗੂੰਜ ਉੱਠਿਆ। ਰੱਜ ਕੇ ਹੱਸਿਆ ਗਿਆ, ਸ਼ਾਂਤ ਹੋ ਕੇ ਫਿਰ ਉਸ ਨੇ ਬੇਨਤੀ ਕੀਤੀ, "ਬੋਲ ਗਣੇਸ਼।"

ਰੋਂਦੂ ਆਵਾਜ਼ ਨਾਲ ਅਰਜੁਨ ਨੇ ਕਿਹਾ, "ਗਡੇਸ਼।" ਖੁੱਲ੍ਹ ਕੇ ਹੱਸ ਕੇ ਚਿਰਜੀਵ ਨੇ ਝਿੜਕ ਕੇ ਕਿਹਾ-ਗਡੇਸ ਗਡਾਸ ਕਰਦਾ ਹੈ... ਸਾਫ਼ ਨਹੀਂ ਕਹਿ ਹੁੰਦਾ ਓਏ, ਰੋਜ਼ ਦਾਤਣ ਨਾਲ ਗਲਾ ਸਾਫ਼ ਕਰਦਾ ਏਂ?"

ਅਰਜੁਨ ਪ੍ਰਭਾਵਿਤ ਹੋ ਕੇ ਦੱਬੀ ਆਵਾਜ਼ ਨਾਲ ਇਕ ਛੋਟੀ ਜਿਹੀ, ਹੂੰ, ਕਹਿ ਕੇ ਸਿਰ ਨੀਵਾਂ ਕਰਕੇ ਬੈਠ ਗਿਆ। ਮੈਂ ਦਰਵਾਜ਼ਾ ਹੌਲੀ ਜਿਹੀ ਖੋਲ ਕੇ ਖੰਭੇ ਦੇ ਸਹਾਰੇ ਖੜ ਕੇ ਵੇਖ ਰਿਹਾ ਸੀ। ਮੇਰਾ ਪੁੱਤਰ ਉਸ ਨੂੰ ਉਸੇ ਤਰ੍ਹਾਂ ਵੇਖ ਰਿਹਾ ਸੀ, ਜਿਵੇਂ ਗੋਰਾ ਕਾਲੇ ਨੂੰ ਵੇਖਦਾ ਹੈ। ਥੋੜਾ ਚੁੱਪ ਕਰਕੇ ਉਸ ਨੇ ਫਿਰ ਕਿਹਾ, "ਬੋਲ ਵਰਣ।"

ਅਰਜੁਨ ਦੇ ਭਾਅ ਦੀ ਬਣ ਗਈ। ਮੈਨੂੰ ਹਾਸਾ ਆ ਰਿਹਾ ਸੀ ਤੇ ਗੁੱਸਾ ਵੀ ਆ ਰਿਹਾ ਸੀ। ਪੱਕਾ ਹੈ ਕਿ ਹੁਣ ਅਰਜੁਨ ਕੋਲੋਂ ਵਿੱਦਿਆ ਦਾ ਧਨੁਸ਼ ਨਹੀਂ ਚੁੱਕ ਹੋਵੇਗਾ। ਅਰਜੁਨ ਵਰਣ ਦੇ ਉਚਾਰਣ ਵਿਚ ਫਸ ਕੇ ਵਿਵਰਣ ਹੋ ਰਿਹਾ ਸੀ। ਤਰ੍ਹਾਂ ਤਰ੍ਹਾਂ ਦੇ ਮੂੰਹ ਬਣਾ ਰਿਹਾ ਸੀ। ਪਰ ਖੁੱਲ੍ਹ ਕੇ ਕੁਝ ਵੀ ਨਹੀਂ ਕਹਿ ਰਿਹਾ ਸੀ। ਉਨ੍ਹਾਂ ਦੇ ਮੂੰਹ ਬਣਾਉਣ ਦਾ ਆਨੰਦ ਲੈ ਕੇ ਚਿਰਜੀਵ ਨੇ ਫਿਰ ਡਾਂਟਿਆ-ਬੋਲਦਾ ਹੈ, ਜਾਂ ਮਾਰਾ ਚਪੇੜ। ਨਹਾ ਲਵਾਂਗਾ ਗਰਮੀ ਬਹੁਤ ਹੈ।"

ਮੈਂ ਸੋਚਿਆ, ਹੁਣ ਪ੍ਰਗਟ ਹੋਣਾ ਚਾਹੀਦਾ। ਮੈਨੂੰ ਵੇਖ ਕੇ ਅਰਜੁਨ ਖੜਾ ਹੋ ਗਿਆ। ਅੱਖਾਂ ਮਲ਼ ਮਲ਼ ਕੇ ਰੋਣ ਲੱਗਾ। ਮੈਂ ਪੁੱਤਰ ਰਤਨ ਨੂੰ ਕਿਹਾ, "ਕੰਨ੍ਹ ਫੜ ਕੇ ਦਸ ਵਾਰੀ ਉੱਠੋ ਅਤੇ ਬੈਠੋ?" ਉਸ ਨੇ ਮੁੜ ਕੇ ਵੇਖਦਿਆਂ ਕਿਹਾ, "ਮੇਰਾ ਕਸੂਰ ਕੁਝ ਨਹੀਂ ਹੈ ਅਤੇ ਮੈਂ ਉਂਝ ਹੀ ਕੰਨ ਫੜ ਕੇ ਉੱਠਾਂ ਤੇ ਬੈਠਾ।" ਮੈਂ ਕਿਹਾ, "ਤੂੰ ਉਸ ਨਾਲ ਗੁਸਤਾਖੀ ਕਰ ਰਿਹਾ ਏ।" ਉਸਨੇ ਕਿਹਾ, "ਤਾਂ ਤੂੰ ਵੀ ਕੀਤੀ ਹੋਵੇਗੀ। ਇਸ ਨੂੰ ਗੁਣ ਕਹਿ ਦਿਓ, ਤੁਸੀਂ ਪੜ੍ਹਾਇਆ ਤਾਂ ਹੈ, ਇਸਦੀ ਕਿਤਾਬ ਵਿਚ ਲਿਖਿਆ ਹੈ।" ਮੈਂ ਕਿਹਾ, "ਤੁਸੀਂ ਹੱਸਦੇ ਕਿਓ ਹੋ।" ਉਸਨੇ ਕਿਹਾ,'ਕੀ ਮੈਂ ਜਾਨ ਬੁੱਝ ਕੇ ਹੱਸਦਾ ਸੀ?" ਮੈਂ ਕਿਹਾ, "ਹੁਣ ਅੱਜ ਤੋਂ ਤੂੰ ਇਸ ਨਾਲ ਬੋਲ ਨਹੀਂ ਸਕੇਂਗਾ।" ਮੁੰਡੇ ਨੇ ਉਤਰ ਦਿੱਤਾ, "ਮੈਨੂੰ ਮਾਮਾ ਦੇ ਘਰ ਛੱਡ ਆਓ। ਏਥੇ ਹਰ ਟਾਹਣੀ ਦੇ ਅੰਬ ਖੱਟੇ ਹੁੰਦੇ ਹਨ। ਚੂਪਣ ਵਾਲੇ ਨਹੀਂ। ਮੂੰਹ ਖੱਟਾ ਟੀਟ ਹੋ ਜਾਂਦਾ ਹੈ, ਉਥੇ ਪਾਲ ਦੇ ਅੰਬ ਆਉਂਦੇ ਹਨ।"



ਚਿਰੰਜੀਵ ਨੂੰ ਨਾਈ ਦੇ ਨਾਲ ਭੇਜ ਕੇ ਮੈਂ ਅਰਜੁਨ ਅਤੇ ਚਤੁਰੀ ਨੂੰ ਦਲਾਸਾ ਦਿੱਤਾ।

ਕੁਝ ਮਹੀਨੇ ਪਿੰਡ ਵਿਚ ਹੋਰ ਰਹਿਣਾ ਪਿਆ। ਅਰਜੁਨ ਕੁਝ ਪੜ੍ਹ ਗਿਆ। ਸ਼ਹਿਰ ਦੀ ਹਵਾ ਮੈਂ ਬਹੁਤ ਦਿਨਾਂ ਤੋਂ ਖਾਧੀ ਨਹੀਂ ਸੀ। ਕਲਕੱਤਾ, ਬਨਾਰਸ, ਪ੍ਰਯਾਗ ਆਦਿ ਦਾ ਸਫ਼ਰ ਕਰਦੇ ਹੋਏ ਲਖਨਊ 'ਚ ਡੇਰਾ ਲਾ ਲਿਆ। ਚੋਣ ਕੀਤੀਆਂ ਕਿਤਾਬਾਂ ਛਪਵਾਉਣ ਦੇ ਵਿਚਾਰ ਨਾਲ। ਕੁਝ ਕੰਮ ਲਖਨਊ ਵਿਚ ਹੋਰ ਮਿਲ ਗਿਆ। ਅਮੀਨਾਬਾਦ ਹੋਟਲ 'ਚ ਇਕ ਕਮਰਾ ਲੈ ਕੇ ਨਿਸਚਿੰਤ ਮਨ ਨਾਲ ਸਾਹਿਤ ਸਾਧਨਾ ਕਰਨ ਲੱਗਾ।

ਇਨ੍ਹਾਂ ਦਿਨ੍ਹਾਂ ਵਿਚ ਅੰਦੋਲਨ ਜ਼ੋਰਾਂ ਤੇ ਚਲ ਰਿਹਾ ਸੀ... ਇਹੀ ਜਿਹੜਾ ਚਤੁਰੀ ਵਰਗਿਆ ਦੇ ਕਾਰਨ ਤਹਿ ਹੋ ਗਿਆ। ਹੋਟਲ ਵਿਚ ਰਹਿ ਕੇ, ਪਿੰਡਾਂ ਵਿਚ ਆਉਣ ਵਾਲੇ ਸ਼ਹਿਰੀ ਨੌਜਵਾਨ ਮਿੱਤਰਾਂ ਤੋਂ ਸੁਣਿਆ ਕਰਦਾ ਸੀ, ਗੜ੍ਹਾਕੋਲਾ 'ਚ ਵੀ ਅੰਦੋਲਨ ਜ਼ੋਰਾਂ ਉੱਤੇ ਹੈ-ਛੇ ਸੱਤ ਸੌ ਤੱਕ ਬਹਾਈ ਕਿਸਾਨ ਲੋਕ ਇਨਕਾਰ ਕਰਕੇ ਛੱਡ ਚੁੱਕੇ ਹਨ, ਉਹ ਜ਼ਮੀਨ ਅਜੇ ਤੱਕ ਨਹੀਂ ਵਿਕੀ... ਕਿਸਾਨ ਰੋਜ਼ ਇਕੱਠੇ ਹੋ ਕੇ ਝੰਡੇ ਦਾ ਗੀਤ ਗਾਇਆ ਕਰਦੇ ਸਨ। ਸਾਲ ਭਰ ਬਾਅਦ ਜਦੋਂ ਅੰਦੋਲਨ 'ਚ ਪ੍ਰਤੀਕ੍ਰਿਆ ਹੋਈ, ਜ਼ਿੰਮੀਦਾਰ ਨੇ ਦਾਵਾ ਕਰਨਾ ਅਤੇ ਖੇਤੀ ਕਰਨ ਵਾਲਿਆਂ ਨੂੰ ਬਿਨਾ ਕਿਸੇ ਰਿਆਯਤ ਦੇ ਦਬਾਉਣਾ ਸ਼ੁਰੂ ਕੀਤਾ, ਉਦੋਂ ਪਿੰਡ ਦੇ ਨੇਤਾ ਮੇਰੇ ਕੋਲ ਸਹਾਇਤਾ ਦੇ ਲਈ ਆਏ, ਬੋਲੇ, 'ਪਿੰਡ 'ਚ ਜਾ ਕੇ ਲਿਖੋ। ਤੂੰ ਹੋਵੇਂਗਾ, ਤਾਂ ਕੁੱਟ ਨਹੀਂ ਪਵੇਗੀ, ਲੋਕਾਂ ਦੀ ਹਿੰਮਤ ਬਣੀ ਰਹੇਗੀ, ਹੁਣ ਸਖਤੀ ਹੋ ਰਹੀ ਹੈ।" ਮੈਂ ਕਿਹਾ, "ਮੈਂ ਪੁਲਿਸ ਤਾਂ ਨਹੀਂ ਹਾਂ, ਜਿਹੜਾ ਤੇਰੀ ਰੱਖਿਆ ਕਰਾਂ, ਫਿਰ ਮਾਰ ਖਾ ਕੇ ਚੁੱਪਚਾਪ ਰਹਿਣ ਵਾਲਾ ਸਬਰ ਮੇਰੇ ਵਿਚ ਬਹੁਤ ਥੋੜ੍ਹਾ ਹੈ, ਕਿਤੇ ਅਜਿਹਾ ਨਾ ਹੋਵੇ ਕਿ ਸ਼ਾਂਤੀ ਦੀ ਦੁਰਵਰਤੋ ਹੋਵੇ।" ਪਿੰਡ ਦੇ ਨੇਤਾ ਨੇ ਕਿਹਾ, "ਤੂੰ ਕੁਝ ਕਰਨਾ ਤਾਂ ਹੈ ਨਹੀਂ, ਬਸ ਬੈਠਾ ਰਹਿਣਾ ਹੈ।" ਮੈਂ ਕਿਹਾ।

ਮੇਰੇ ਪਿੰਡ ਦੀ ਕਾਂਗਰਸ ਅਜਿਹੀ ਸੀ ਕਿ ਜ਼ਿਲ੍ਹੇ ਦੇ ਨਾਲ ਉਸ ਦਾ ਕੋਈ ਸੰਬੰਧ ਨਹੀਂ ਸੀ। ਕਿਸੇ ਖਾਤੇ ਵਿਚ ਉਥੋਂ ਦੇ ਲੋਕਾਂ ਦੇ ਨਾਂ ਦਰਜ ਨਹੀਂ ਸਨ। ਪਰ ਮੇਰਾ ਕੰਮ ਪੂਰਬੀ ਡਿਵੀਜ਼ਨ 'ਚ ਉਸ ਤੋਂ ਅੱਗੇ ਦੂਜਾ ਪਿੰਡ ਨਹੀਂ ਸੀ। ਮੇਰੇ ਜਾਣ ਤੋਂ ਬਾਅਦ ਪਤਾ ਲੱਗਾ, ਕਿੰਨੀਆਂ ਅਰਜ਼ੀਆਂ ਸਾਹਿਬ ਨੇ ਏਧਰ ਓਧਰ ਲਿਖੀਆਂ ਸਨ।

ਕੱਚੇ ਰੰਗਾਂ ਵਿਚ ਰੰਗਿਆ ਤਰੰਗਾ ਝੰਡਾ ਮਹਾਵੀਰ ਸਵਾਮੀ ਦੇ ਸਾਹਮਣੇ ਇਕ ਵੱਡੇ ਬਾਂਸ 'ਚ ਗੱਡਿਆ, ਮੀਂਹ ਨਾਲ ਧੋ ਹੋ ਕੇ ਉਹਦਾ ਰੰਗ ਉਤਰ ਗਿਆ ਸੀ। ਇਨ੍ਹਾਂ ਦਿਨ੍ਹਾਂ ਵਿਚ ਮੁਕੱਦਮੇ ਬਾਜੀ ਤੇ ਤਫ਼ਤੀਸ਼ ਜ਼ੋਰਾ ਨਾਲ ਚੱਲ ਰਹੀ ਸੀ। ਕੁਝ ਕਿਸਾਨਾ ਉੱਤੇ ਇਕ ਸਾਲ ਦੇ ਹਰੇ ਚਾਰੇ ਦਾ ਬਕਾਇਆ ਬਣਾ ਕੇ ਜ਼ਿੰਮੀਦਾਰਾਂ ਨੇ ਵਾਧੂ ਦਾਅਵੇ ਠੋਕ ਦਿੱਤੇ ਸਨ, ਜਿਹੜੇ ਆਪਣੇ ਹੋਛੇਪਨ ਨੀਚਤਾ ਦੇ ਕਾਰਨ ਜ਼ਿੰਮੀਦਾਰ ਸਾਹਿਬ ਤੋਂ ਮੈਜਿਸਟ੍ਰੇਟ ਦੇ ਕੋਲ ਆ ਕੇ ਕਿਸਾਨਾਂ ਦੀ ਦ੍ਰਿਸ਼ਟੀ 'ਚ ਹੋਰ ਭਿਆਨਿਕ ਹੋ ਰਹੇ ਸੀ। ਇਕ ਦਿਨ ਦਰਖ਼ਾਸਤਾਂ ਦੇ ਫ਼ਲਸਰੂਪ ਸਾਇਦ, ਠਾਣੇਦਾਰ ਤਫ਼ਤੀਸ਼ ਕਰਨ ਆਉਣ। ਮੈਂ ਪਿੱਛੇ ਪਿੱਛੇ ਡਾਕ ਵੇਖਣ ਜਾ ਰਿਹਾ ਸੀ। ਬਾਹਰ ਨਿਕਲਿਆ ਤਾਂ ਲੋਕਾਂ ਨੇ ਕਿਹਾ-"ਠਾਣੇਦਾਰ ਜੀ ਆਏ ਹਨ, ਹੁਣ ਰਹੋ।" ਅੱਗੇ ਠਾਣੇਦਾਰ ਜੀ ਵੀ ਮਿਲ ਪਏ। ਜ਼ਿੰਮੀਦਾਰ ਸਾਹਿਬ ਨੇ ਮੇਰੇ ਵੱਲ ਵੇਖ ਕੇ ਅੰਗਰੇਜ਼ੀ ਵਿਚ ਹੌਲੀ ਜਿਹੇ ਕੁਝ ਕਿਹਾ। ਉਦੋਂ ਮੈਂ ਕੁਝ ਦੂਰ ਸੀ, ਸੁਣਿਆ ਨਹੀਂ। ਪਿੰਡ ਵਾਲੇ ਸਮਝੇ ਨਹੀਂ। ਠਾਣੇਦਾਰ ਜੀ ਝੰਡੇ ਵੱਲ ਜਾ ਰਹੇ ਸਨ। ਜ਼ਿੰਮੀਦਾਰ ਸ਼ਾਇਦ ਉਸ ਨੂੰ ਉਖਾੜ ਦੇਣ ਦੇ ਇਰਾਦੇ ਨਾਲ ਜਾ ਰਹੇ ਸਨ। ਮਹਾਂਵੀਰ ਦੇ ਅਹਾਤੇ 'ਚ ਝੰਡਾ ਵੇਖ ਕੇ ਠਾਣੇਦਾਰ ਕੁਝ ਸੋਚਣ ਲੱਗੇ, ਬੋਲੇ, ਇਹ ਤਾਂ ਮੰਦਰ ਦਾ ਝੰਡਾ ਹੈ।" ਚੰਗੀ ਤਰ੍ਹਾਂ ਵੇਖਿਆ ਉਸ ਵਿਚ ਕੋਈ ਰੰਗ ਵੇਖ ਨਾ ਸਕੇ। ਜ਼ਿੰਮੀਦਾਰ ਨੂੰ ਧਿਆਨ ਨਾਲ ਵੇਖਦੇ ਹੋਏ ਪਰਤ ਕੇ ਡੇਰੇ ਦੇ ਵੱਲ ਤੁਰ ਪਏ। ਜ਼ਿੰਮੀਦਾਰ ਸਾਹਿਬ ਨੇ ਬਹੁਤ ਸਮਝਾਇਆ ਕਿ 'ਉਹ ਮੀਂਹ ਨਾਲ ਧੋ ਹੋ ਕੇ ਚਿੱਟਾ ਹੋ ਗਿਆ ਹੈ। ਪ੍ਰੰਤੂ ਹੈ ਇਹ ਕਾਂਗਰਸ ਦਾ ਝੰਡਾ।' ਪਰ ਠਾਣੇਦਾਰ ਜੀ ਬੁੱਧੀਮਾਨ ਸਨ।

ਮਹਾਂਬੀਰ ਜੀ ਦੇ ਅਹਾਤੇ 'ਚ ਚਿੱਟੇ ਝੰਡੇ ਨੂੰ ਉਖਾੜ ਕੇ ਬਹਾਦਰੀ ਦਿਖਾਉਣ ਦੀ ਆਗਿਆ ਨਾ ਦਿੱਤੀ। ਪਿੰਡ 'ਚ ਕਾਂਗਰਸ ਹੈ, ਇਸ ਦਾ ਪਤਾ ਨਾ ਸਬ ਡਿਵੀਜਨ ਨੂੰ ਲੱਗਾ, ਨਾ ਜ਼ਿਲ੍ਹੇ 'ਚ, ਠਾਣੇਦਾਰ ਸਾਹਿਬ ਕੀ ਕਰਨ?

ਉਨ੍ਹਾਂ ਦਿਨ੍ਹਾਂ ਵਿਚ ਮੈਨੂੰ ਉਂਨੀਂਦਰਾ ਰੋਗ ਸੀ। ਇਸ ਲਈ ਸਿਰ ਦੇ ਵਾਲ਼ ਚਿੱਟੇ ਹੋ ਗਏ ਸਨ। ਮੈਂ ਸੋਚਿਆ 'ਚਿਹਰੇ ਮੋਹਰੇ ਦਾ ਪ੍ਰਭਾਵ ਹੈ, ਤਾਂ ਭਾਸ਼ਾ ਨੂੰ ਪ੍ਰਭਾਵਸ਼ਾਲੀ ਕਰਨਾ ਚਾਹੀਦਾ ਹੈ, ਨਹੀਂ ਤਾਂ ਥਾਣੇਦਾਰ ਸਾਹਿਬ ਉੱਤੇ ਚੰਗਾ ਪ੍ਰਭਾਵ ਨਹੀਂ ਪਵੇਗੀ। ਉਥੇ ਤਾਂ ਮਹਾਂਵੀਰ ਸਵਾਮੀ ਦੀ ਕ੍ਰਿਪਾ ਰਹੀ, ਇਥੇ ਆਪਣੀ ਹੀ ਸਰਸਵਤੀ ਦਾ ਸਹਾਰਾ ਹੈ।" ਮੈਂ ਠੇਠ ਦਿਹਾਤੀ ਹੋ ਰਿਹਾ ਸੀ, ਥਾਣੇਦਾਰ ਸਾਹਿਬ ਨੇ ਮੈਨੂੰ ਕਿਹਾ, "ਤੁਸੀਂ ਕਾਂਗਰਸ ਵਿਚ ਹੋ।" ਮੈਂ ਸੋਚਿਆ ਇਸ ਸਮੇਂ ਰਾਸ਼ਟਰ ਭਾਸ਼ਾ ਤੋਂ ਰਾਜ ਭਾਸ਼ਾ ਦਾ ਮਹੱਤਵ ਵੱਧ ਕੇ ਹੋਵੇਗਾ। ਕਿਹਾ, "ਮੈਂ ਤਾਂ ਵਿਸ਼ਵ ਸਭਾ ਦਾ ਮੈਂਬਰ ਹਾਂ।" ਇਸ ਸਭਾ ਦਾ ਨਾਂ ਵੀ ਥਾਣੇਦਾਰ ਸਾਹਿਬ ਨੇ ਨਹੀਂ ਸੁਣਿਆ ਸੀ। ਪੁੱਛਿਆ, "ਇਹ ਕਿਹੜੀ ਸਭਾ ਹੈ?" ਉਸਦੇ ਜਗਿਆਸਾ ਭਾਵ ਨੂੰ ਵੇਖ ਕੇ ਗੰਭੀਰ ਹੋ ਕੇ ਨੋਬਲ ਪੁਰਸਕਾਰ ਪ੍ਰਾਪਤ ਕੁਝ ਲੋਕਾਂ ਦੇ ਨਾਂ ਗਿਣਾ ਕੇ ਮੈਂ ਕਿਹਾ, "ਇਹ ਸਭ ਉਸੇ ਸਭਾ ਦੇ ਮੈਂਬਰ ਹਨ।" ਠਾਣੇਦਾਰ ਸਾਹਿਬ ਕੀ ਸਮਝੇ, ਉਨ੍ਹਾਂ ਨੂੰ ਪਤਾ ਹੋਵੇਗਾ। ਮੈਨੂੰ ਪੁੱਛਿਆ, "ਇਸ ਪਿੰਡ ਵਿਚ ਕਾਂਗਰਸ ਹੈ?" ਮੈਂ ਸੋਚਿਆ–'ਯੁਧਿਸ਼ਟਰ ਵਾਂਗ ਸੱਚ ਦੀ ਰੱਖਿਆ ਕਰਾਂ ਤਾਂ ਝੂਠੀ ਭਾਸ਼ਾ ਦਾ ਪਾਪ ਨਾ ਲੱਗੇਗਾ।' ਕਿਹਾ, "ਇਸ ਪਿੰਡ ਦੇ ਲੋਕ ਤਾਂ ਕਾਂਗਰਸ ਦਾ ਅਰਥ ਵੀ ਨਹੀਂ ਜਾਣਦੇ।" ਐਨਾ ਕਹਿ ਕੇ ਮੈਂ ਸੋਚਿਆ–'ਹੁਣ ਵਧੇਰੇ ਗੱਲਬਾਤ ਠੀਕ ਨਹੀਂ ਹੋਵੇਗੀ।' ਉੱਠ ਕੇ ਖੜਾ ਹੋ ਗਿਆ, ਅਤੇ ਠਾਣੇਦਾਰ ਸਾਹਿਬ ਨੂੰ ਕਿਹਾ, "ਅੱਛਾ, ਮੈਂ ਚੱਲਦਾ ਹਾਂ। ਜ਼ਰਾ ਡਾਕਖਾਨੇ 'ਚ ਕੰਮ ਹੈ। ਡਾਕੀਆ ਹਫ਼ਤੇ 'ਚ ਦੋ ਵਾਰ ਗਸ਼ਤ 'ਤੇ ਆਉਂਦਾ ਹੈ। ਮੇਰੀਆਂ ਜ਼ਰੂਰੀ ਚਿੱਠੀਆਂ ਹੁੰਦੀਆਂ ਹਨ ਅਤੇ ਰਜਿਟ੍ਰੀਆਂ, ਅਖ਼ਬਾਰ, ਮਾਸਿਕ ਅਖ਼ਬਾਰ ਰਸਾਲੇ ਆਉਂਦੀਆਂ ਹਨ, ਫਿਰ ਉਸ ਪਿੰਡ ਵਿਚ ਸਾਡੀ ਲਾਇਬਰੇਰੀ ਵੀ ਹੈ, ਜਾਣਾ ਪੈਂਦਾ ਹੈ।" ਠਾਣੇਦਾਰ ਸਾਹਿਬ ਨੇ ਪੁੱਛਿਆ, "ਕਾਂਗਰਸ ਦੀ ਚਿੱਠੀਆਂ ਆਉਂਦੀਆਂ ਹਨ?" ਮੈਂ ਕਿਹਾ, "ਨਹੀਂ ਮੇਰੀਆਂ ਆਪਣੀਆਂ।" ਮੈਂ ਤੁਰ ਪਿਆ। ਠਾਣੇਦਾਰ ਸਾਹਿਬ ਜ਼ਿਮੀਦਾਰ ਸਾਹਿਬ ਤੋਂ ਸ਼ਾਇਦ ਨਰਾਜ਼ ਹੋ ਕੇ ਗਿਆ।

ਇਸ ਤੋਂ ਬਚਾ ਹੋ ਗਿਆ, ਪਰ ਮੁਕੱਦਮਾ ਚੱਲਦਾ ਰਿਹਾ। ਅਨਰੇਰੀ ਮਜਿਸਟ੍ਰੇਟ ਨੇ, ਜਿਸਦੇ ਇਕ ਰਿਸ਼ਤੇਦਾਰ ਜ਼ਿਮੀਦਾਰ ਦੀ ਤਰਫ਼ੋ ਵਕੀਲ ਸਨ, ਕਿਸਾਨਾਂ ਉੱਤੇ ਜ਼ਿਮੀਦਾਰ ਦੀ ਡਿਗਰੀ ਦੇ ਦਿੱਤੀ। ਬਾਅਦ ਵਿਚ ਚਤੁਰੀ ਵਰਗਿਆਂ ਦੀ ਵਾਰੀ ਆਈ। ਦਾਅਵੇ ਕਰ ਦਿੱਤੇ ਗਏ, ਹੁਣ ਤੱਕ ਸਾਂਝਾ ਧਨ ਮੁਕੱਦਮੇਂ 'ਤੇ ਲੱਗ ਰਿਹਾ ਸੀ, ਸਾਰਾ ਖਰਚ ਹੋ ਗਿਆ। ਪਹਿਲੀ ਡਿਗਰੀ 'ਚ ਕੁਝ ਲੋਕਾਂ ਦੇ ਬਲਦ ਵਗੈਰਾ ਨਿਲਾਮ ਕਰ ਦਿੱਤੇ ਗਏ। ਲੋਕ ਘਬਰਾ ਗਏ। ਚਤੁਰੀ ਨੂੰ ਸਹਾਇਤਾ ਦੀ ਆਸ ਨਾ ਰਹੀ। ਪਿੰਡ ਵਾਲਿਆਂ ਨੇ ਚਤੁਰੀ ਵਰਗਿਆਂ ਦੇ ਲਈ ਦੋਬਾਰਾ ਚੰਦਾ ਨਾ ਦਿੱਤਾ।

ਚਤੁਰੀ ਤੀਲਾ ਜਿਹਾ ਬਣ ਕੇ ਮੇਰੇ ਅੱਗੇ ਆ ਕੇ ਖੜਾ ਹੋ ਗਿਆ। ਮੈਂ ਕਿਹਾ, "ਚਤੁਰੀ ਮੈਂ ਆਖਰੀ ਸਾਹ ਤੱਕ ਤੇਰੀ ਸਹਾਇਤਾ ਕਰਾਂਗਾ।"

"ਤੂੰ ਕਿੱਥੇ ਤੱਕ ਮੇਰੀ ਸਹਾਇਤਾ ਕਰੇਗਾ, ਮੁੰਡਿਆ?" ਚਤੁਰੀ ਜਿਵੇਂ ਖੂਹ ਵਿਚੋਂ ਡੁੱਬਦੇ ਹੋਇਆ ਮੂੰਹ ਬਾਹਰ ਕੱਢ ਕੇ ਬੋਲਿਆ।


"ਤਾਂ ਤੇਰਾ ਕੀ ਇਰਾਦਾ ਹੈ?" ਉਸ ਨੂੰ ਵੇਖਦੇ ਹੋਇਆ ਮੈਂ ਪੁੱਛਿਆ।

"ਮੁਕੱਦਮਾ ਲੜਾਂਗਾ। ਪਰ ਪਿੰਡ ਵਾਲੇ ਡਰ ਗਏ ਹਨ। ਗਵਾਹੀ ਨਹੀਂ ਦੇਣਗੇ।" ਬੈਠੇ ਹੋਏ ਦਿਲ ਨਾਲ ਚਤੁਰੀ ਬੋਲਿਆ।

ਉਸ ਸਥਿਤੀ ਵਿਚ ਮੈਨੂੰ ਵੀ ਨਿਰਾਸ਼ਾ ਹੋਈ। ਉਸੇ ਲਹਿਜ਼ੇ ਵਿਚ ਮੈਂ ਪੁੱਛਿਆ, "ਫਿਰ ਚਤੁਰੀ?"

ਚਤੁਰੀ ਬੋਲਿਆ, " ਫਿਰ ਸੁਰਾਖ ਕਰਨ–ਟਾਂਕੇ ਲਗਾਉਣ ਦੇ ਕੰਮ ਨੂੰ ਮਾਲਿਕ ਹੀ ਲੈ ਲਵੇ।" ਮੈਂ ਪਿੰਡ ਵਿਚ ਕੁੱਝ ਪੱਕੇ ਗਾਹਕ ਠੀਕ ਕਰ ਦਿੱਤੇ। ਸੱਤੂ ਬੰਨ੍ਹ ਕੇ, ਰੇਲ ਛੱਡ ਕੇ, ਪੈਦਲ ਦਸ ਮੀਲ ਉਨਾਵ ਚੱਲ ਕੇ, ਦੂਜੀ ਪੇਸ਼ੀ ਤੋਂ ਬਾਅਦ ਪੈਦਲ ਹੀ ਪਰਤ ਕੇ ਹੱਸਦਾ ਹੋਇਆ ਚਤੁਰੀ ਬੋਲਿਆ, "ਮੁੰਡਿਆ, ਜੁੱਤੀ ਅਤੇ ......... ਪੁਰਾਣੀ ਗੱਲ ਅਬਦੁਲ–ਅਰਜ਼ (ਇਕ ਖ਼ਾਸ ਪਦਵੀ ਦੇ ਅਧਿਕਾਰੀ, ਵਲੀ ਲੋਕ ਦੇ ਕਾਨੂੰਨ ਦੀ ਕਿਤਾਬ) 'ਚ ਦਰਜ਼ ਨਹੀਂ ਹੈ।" **(ਅਨੁਵਾਦ ਭਗਵੰਤ ਰਸੂਲਪੁਰੀ)**





## ਨਾਵਲ ਅੰਸ਼:/ ਸ਼ੋਅ-ਰੂਮ/ - ਬਲਬੀਰ ਪਰਵਾਨਾ

***(ਬਲਬੀਰ ਪਰਵਾਨਾ ਪੰਜਾਬੀ ਦਾ ਚਰਚਿਤ ਨਾਵਲਕਾਰ ਹੈ। ਇਹ ਉਸ ਦੇ ਨਵੇਂ ਨਾਵਲ 'ਸ਼ੋਅ-ਰੂਮ' ਦਾ ਇਕ ਕਾਂਡ ਹੈ। ਇਸ ਨਾਵਲ ਦੀ ਲੁਕੇਲ ਨੀਮ ਪਹਾੜੀ ਦਾ ਕੰਢੀ ਦਾ ਇਲਾਕਾ ਹੈ। ਖਣਨ ਮਾਫ਼ੀਆ ਦੇ ਸੰਘਣੇ ਜਾਲ ਨੂੰ ਨਾਵਲ ਵਿਚ ਮੁੱਖ ਵਿਸ਼ਾ ਬਣਾਇਆ ਹੈ। ਇਸ ਮਾਫ਼ੀਆ ਦਾ ਐਸ਼ ਤੇ ਕੈਸ਼ ਠੋਸ ਅਧਾਰ ਹੈ। ਜਦੋਂ ਬੰਦੇ ਕੋਲੋਂ ਬੇਅੰਤ ਧੰਨ ਪ੍ਰਾਪਤ ਹੋਣ ਲਗਦਾ ਹੈ ਤਾਂ ਬੰਦੇ 'ਚ ਪਰਾਈ ਔਰਤ ਦੀ ਭੁੱਖ ਵਧਦੀ ਜਾਂਦੀ ਹੈ। ਲੜਕੀਆਂ ਦੀਆਂ ਭਾਵਨਾਵਾਂ ਵੀ ਬਦਲ ਗਈਆਂ ਹਨ। ਇਸੇ ਭਾਵਨਾ ਨੂੰ ਇਸ ਕਾਂਡ ਵਿਚ ਚਿਤਰਿਆ ਗਿਆ ਹੈ। -ਸੰਪਾਦਕ)***

ਮੁਕੇਰੀਆਂ ਪੁੱਜ ਕੇ ਮਿੰਨੀ ਬੱਸ ਪਹਿਲਾਂ ਤਲਵਾੜੇ ਅੱਡੇ 'ਤੇ ਜਾ ਕੇ ਰੁਕੀ। ਸ਼ਹਿਰ 'ਚ ਆਪਣੇ ਕੰਮਾਂ–ਕਾਰਾਂ ਨੂੰ ਆਉਣ ਵਾਲੇ ਬਹੁਤੇ ਇਸ ਅੱਡੇ 'ਤੇ ਹੀ ਉੱਤਰ ਜਾਂਦੇ ਸਨ। ਇਥੋਂ ਸਾਰੇ ਬਾਜ਼ਾਰਾਂ ਨੂੰ ਰਾਹ ਨੇੜੇ ਪੈਂਦਾ ਸੀ। ਨਾਲੇ ਬੱਸ ਘੁੰਮ ਕੇ, ਜਿੰਨੇ ਚਿਰ 'ਚ ਜੀ.ਟੀ. ਰੋਡ ਵਾਲੇ ਮੁੱਖ–ਅੱਡੇ 'ਤੇ ਪੁੱਜਣੀ ਹੁੰਦੀ, ਕਈ ਵਾਰ ਦਸ ਪੰਦਰਾਂ ਮਿੰਟ ਲੱਗ ਜਾਂਦੇ ਸਨ ਰਸ਼ ਕਰਕੇ। ਖਾਸ ਕਰਕੇ ਟਰੱਕ ਯੂਨੀਅਨ ਵਾਲੇ ਚੁਰਾਹੇ ਕੋਲੋਂ, ਜਿੱਥੋਂ ਇਹ ਜੀ.ਟੀ. ਰੋਡ 'ਤੇ ਚੜ੍ਹਦੀ, ਉਥੇ ਤਾਂ ਅਕਸਰ ਹੀ ਜਾਮ ਲੱਗਾ ਰਹਿੰਦਾ ਸੀ। ਮੁੱਖ ਅੱਡੇ ਤੱਕ ਤਾਂ ਇਸ 'ਚ ਉਹੀ ਜਾਂਦੇ, ਜਿਨ੍ਹਾਂ ਨੇ ਚੰਡੀਗੜ੍ਹ, ਜਲੰਧਰ ਜਾਂ ਪਠਾਨਕੋਟ ਦੀਆਂ, ਲੰਮੇ ਰੂਟ ਵਾਲੀਆਂ ਬੱਸਾਂ ਲੈਣੀਆਂ ਹੁੰਦੀਆਂ ਜਾਂ ਫਿਰ ਉਥੋਂ ਇਲਾਕੇ ਦੇ ਕਿਸੇ ਹੋਰ ਪਾਸੇ ਵੱਲ ਜਾਂਦੀ ਕੋਈ ਮਿੰਨੀ ਬੱਸ ਫੜਨੀ ਹੁੰਦੀ। ਇਥੇ ਉਤਰਨ ਦੀ ਬਜਾਏ ਸੁੱਖੀ ਆਪਣੇ ਮੋਬਾਇਲ 'ਤੇ ਰੁੱਝੀ ਰਹੀ। ਕਾਫੀ ਸਵਾਰੀਆਂ ਉੱਤਰ ਗਈਆਂ। ਉਸਨੂੰ ਰੁੱਝੀ ਦੇਖ, ਤੁਰਨ ਲਈ ਸੀਟੀ ਮਾਰਨ ਤੋਂ ਪਹਿਲਾਂ ਕੰਡਕਟਰ ਨੇ ਕਿਹਾ, "ਮੈਡਮ, ਤੁਹਾਡਾ ਅੱਡਾ ਆ ਗਿਆ।" ਰੋਜ਼ ਦੇ ਜਾਣ–ਆਉਣ ਕਰਕੇ ਉਹ ਜਾਣਦਾ ਸੀ, ਉਹ ਇਸ ਅੱਡੇ 'ਤੇ ਉੱਤਰਦੀ ਹੈ।

"ਮੈਂ ਦੂਸਰੇ ਅੱਡੇ ਤੱਕ ਜਾਣਾ!" ਉਸਨੇ ਮੋਬਾਇਲ ਤੋਂ ਧਿਆਨ ਉਤਾਂਹ ਨਾ ਚੁੱਕਿਆ। ਰੁੱਝੇ ਹੋਣ ਦਾ ਵਿਖਾਵਾ ਕੀਤਾ ਕਿ ਉਸਦੇ ਚਿਹਰੇ ਤੋਂ ਉਸਦੀ ਚੋਰੀ ਫੜੀ ਨਾ ਜਾਵੇ।

ਮੁੱਖ ਅੱਡੇ 'ਤੇ ਆ, ਉਹ ਉੱਤਰ ਕੇ ਗੇਟ ਵੱਲ ਤੁਰ ਪਈ, ਜਿਥੋਂ ਜਲੰਧਰ ਲਈ ਬੱਸਾਂ ਨਿਕਲਦੀਆਂ ਸਨ, ਜਿਵੇਂ ਉਸਨੇ ਉਹ ਬੱਸ ਫੜਨੀ ਹੋਵੇ। ਕੁਝ ਪਲ ਗਹੁ ਨਾਲ ਚੁਫੇਰੇ ਦੇਖਿਆ, ਕੋਈ ਪਿੰਡ ਵੱਲ ਦਾ ਜਾਣੂੰ ਤਾਂ ਨਹੀਂ। ਫਿਰ ਸੜਕ ਦੇ ਦੂਸਰੇ ਪਾਸੇ ਵੱਲ ਟੱਪਣ ਲੱਗੀ। ਉਸਦੇ ਜ਼ਿਹਨ 'ਚ ਉਤੇਜਨਾ ਦਾ ਜਿਵੇਂ ਭਾਂਬੜ ਮਚਿਆ ਹੋਇਆ ਸੀ, ਦਿਲ 'ਚ ਉੱਠਦੇ ਜਵਾਰਭਾਟੇ। ਬੌਬੀ ਉਸਦਾ ਮਨਪਸੰਦ ਮਰਦ! ਆਪਣੇ

ਇਸ ਮਨਪਸੰਦ ਮਰਦ ਨੂੰ ਉਹ ਪਹਿਲੀ ਵਾਰ ਮਿਲਣ ਲਈ ਜਾ ਰਹੀ ਸੀ। ਹਾਂ, ਪਹਿਲੀ ਵਾਰ... ਡਰ, ਸਹਿਮ, ਚਾਅ, ਉਤੇਜਨਾ। ਹਨੇਰੀ 'ਚ ਝੂਲਦੇ ਸਫੈਦਿਆਂ ਵਾਂਗ ਡੋਲਦਾ ਮਨ ਕਦੀ ਕੋਈ ਦਿਸ਼ਾ ਲੈ ਜਾਂਦਾ, ਕਦੀ ਕੋਈ।

ਸੜਕ ਟੱਪ ਕੇ ਜਿਉਂ ਹੀ ਦੂਸਰੇ ਪਾਸੇ ਗਈ, ਉਸਨੂੰ 'ਚਾਈਨੀਜ਼ ਬਾਜ਼ਾਰ' ਸਾਹਮਣੇ ਖੜ੍ਹੀ ਬੌਬੀ ਦੀ ਸਫਾਰੀ ਖੜੀ ਦਿਸ ਗਈ। ਉਸਨੇ ਮੱਥੇ 'ਤੇ ਘਿਰ ਆਈਆਂ ਲਿੱਟਾਂ ਨੂੰ ਸੱਜੇ ਹੱਥ ਨਾਲ ਸੰਵਾਰਿਆ। ਮੋਬਾਇਲ-ਆਨ ਕਰ ਉਸਦੀ ਸਕਰੀਨ 'ਤੇ ਇਕ ਪਲ ਲਈ ਆਪਣੇ ਚਿਹਰੇ ਨੂੰ ਦੇਖਿਆ ਤੇ ਝੱਕਦੀ ਜਿਹੀ ਗੱਡੀ ਵੱਲ ਤੁਰੀ ਗਈ। ਉਸਦੇ ਪਹੁੰਚਣ ਤੋਂ ਪਹਿਲਾਂ ਹੀ ਬੌਬੀ ਨੇ ਸਾਹਮਣੇ ਵਾਲੀ ਬਾਰੀ ਖੋਲ੍ਹ ਦਿੱਤੀ। ਅੰਦਰ ਲੰਘਣ ਤੋਂ ਪਹਿਲਾਂ, ਇਕ ਪਲ ਉਸਦੇ ਪੈਰ ਝਿਜਕੇ, ਜਿਵੇਂ ਆਪਣਾ ਆਪ ਉਸ ਜਲੌਅ ਦੇ ਮੇਚ ਦਾ ਨਾ ਲੱਗਿਆ ਹੋਵੇ, ਪਰ ਫਿਰ ਅੰਦਰ ਬੈਠੇ ਬੌਬੀ ਦੇ ਹੌਂਸਲੇ ਅੰਦਰ ਲੰਘ ਗਈ।

"ਪੰਦਰਾਂ ਮਿੰਟ ਹੋ ਗਏ ਐ ਉਡੀਕਦਿਆਂ," ਉਸਨੇ ਮੋਬਾਇਲ ਦਾ ਸਮਾਂ ਉਸ ਵੱਲ ਕੀਤਾ।

"ਬੱਸ ਟਰੱਕ ਯੂਨੀਅਨ ਵਾਲੇ ਚੌਕ 'ਚ ਫਸ ਗਈ ਸੀ। ਅੱਗੇ ਤੂੜੀ ਦੀਆਂ ਤਿੰਨ ਚਾਰ ਟਰਾਲੀਆਂ ਖੜ੍ਹੀਆਂ ਸੀ... ਨਾ ਉਹ ਲੰਘਣ ਤੇ ਨਾ ਬੱਸ ਹਿੱਲੇ।" ਉਸਨੇ ਉਸ ਵੱਲ ਤੱਕ ਹੱਸ ਕੇ ਆਖਿਆ। ਅੱਜ ਦੀ ਉਸ ਛੁੱਟੀ ਲਈ ਹੋਈ ਸੀ ਬਿਊਟੀ-ਪਾਰਲਰ ਤੋਂ...

...ਕਿੰਨੇ ਦਿਨਾਂ ਤੋਂ ਉਹਨਾਂ ਦਾ ਪ੍ਰੋਗਰਾਮ ਬਣ ਰਿਹਾ ਸੀ, ਪਰ ਕਦੀ ਕੋਈ ਗੱਲ ਵਿਚਕਾਰ ਆਣ ਫਸਦੀ ਤੇ ਕਦੀ ਕੋਈ। ਸਭ ਤੋਂ ਵੱਡੀ ਸੀ ਉਸਦੀ ਝਿਜਕ, "ਯਾਰ, ਘਰ ਤੱਕ ਰਤਾ ਵੀ ਭਿਣਕ ਪੈ ਗਈ, ਉਹਨਾਂ ਮੈਨੂੰ ਛੱਡਣਾ ਨੀ!"

"ਪਤਾ ਕਿਵੇਂ ਲੱਗ ਜਾਣਾ?"

"ਕੀ ਪਤਾ ਕੌਣ ਤੁਹਾਨੂੰ ਦੇਖਦਾ ਹੋਵੇ।" ਇਸਤੋਂ ਵੀ ਵੱਡੀ ਗੱਲ ਸੀ, ਬਾਹਰ ਕਿਤੇ ਜਾਣ-ਆਉਣ ਦਾ ਕੋਈ ਬਹਾਨਾ ਨਾ ਬਣਦਾ, ਜਿਥੋਂ ਸ਼ਾਮ ਤੱਕ ਮੁੜ ਨਾ ਹੋਵੇ। ਉਸ ਅੰਦਰ ਅਜੀਬ ਤਰ੍ਹਾਂ ਦੀ ਦੁਚਿੱਤੀ ਸੀ, ਪਰ ਉਤੇਜਨਾ ਸਭ ਕਾਸੇ 'ਤੇ ਭਾਰੂ ਪੈ ਗਈ। ਉਹ ਖੁਦ ਉਸਦੀਆਂ ਬਾਹਵਾਂ 'ਚ ਡਿੱਗ ਪੈਣ ਲਈ ਕਾਹਲੀ ਸੀ। ਕਦੀ ਕਦੀ ਤਾਂ ਨੀਚਤਾ ਦੀ ਹੱਦ ਤੱਕ ਵੀ ਸੋਚਣ ਲਈ ਚਲੀ ਜਾਂਦੀ, "ਵੱਡੀ ਬੇਬੇ ਦਾ ਸਿਆਪਾ ਮੁੱਕੇ ਤਾਂ ਉਹ ਘਰ 'ਚ ਹੀ ਬੁੱਲੇ ਲੁੱਟੇ!" ਅਜਿਹੇ ਵੇਲੇ ਉਸਨੂੰ ਆਪਣੇ ਨਾਲ ਨੈਨੀ ਦਾ ਕੋਰਸ ਕਰਨ ਵਾਲੀ ਅੰਮ੍ਰਿਤ ਦੀਆਂ ਗੱਲਾਂ ਯਾਦ ਆਉਂਦੀਆਂ। ਮਾਂ ਬਾਪ ਦੀ ਇਕਲੌਤੀ ਧੀ ਅੰਮ੍ਰਿਤ, ਸਹੇਲੀਆਂ 'ਚ ਪੂਰੀ ਬੇਬਾਕੀ ਨਾਲ ਬੇਸ਼ਰਮ ਹੋ ਕੇ ਕਹਿੰਦੀ, "ਆਪਾਂ ਨੀ ਆਪਣੇ ਆਪ ਨੂੰ ਤਰਸਾਈਦਾ... ਵਿਆਹ ਤੋਂ ਬਾਅਦ ਵੀ ਤਾਂ ਕਿਸੇ ਨਾਲ ਇਹੀ ਕੁਝ ਕਰਨਾ, ਫਿਰ ਆਪਣੇ ਮਨ ਦੀ ਮੌਜ ਲਈ ਕਿਉਂ ਨਾ ਕਰਾਂ!"

"ਤੈਨੂੰ ਡਰ ਨੀ ਲਗਦਾ!" ਉਸਦੀਆਂ ਗੱਲਾਂ ਸੁਣ-ਸੁਣ ਸੁੱਖੀ ਨੂੰ ਹੈਰਾਨੀ ਹੁੰਦੀ।

"ਡਰ ਕਾਹਦਾ? ਮੰਮੀ ਪਾਪਾ ਦੋਵੇਂ ਸਕੂਲ ਹੁੰਦੇ ਐ। ਉਹਨਾਂ ਦਾ ਪਤਾ ਹੁੰਦਾ, ਉਹਨਾਂ ਨੇ ਛੁੱਟੀ ਤੋਂ ਬਾਅਦ ਹੀ ਮੁੜਨਾ। ਪਿਛੋਂ ਭਾਵੇਂ ਨਿੱਤ ਹਨੀਮੂਨ ਮਨਾਓ... ਮੌਜ ਮਸਤੀ ਕੀਤੀ ਤੇ ਪਿਲਜ਼ ਲੈ ਲਈਆਂ... ਇਹ ਇਸ ਲਈ ਹੀ ਤਾਂ ਬਣੀਆਂ ਪਈ ਆਪਣੇ ਆਪ ਨੂੰ ਤਰਸਾਓ ਨਾ!"

"ਕੋਈ ਆਸੇ ਪਾਸੇ ਦੇਖਦਾ ਹੀ ਹੁੰਦਾ... ਬਦਨਾਮੀ..."

"ਇਹੀ ਤਾਂ ਸ਼ਹਿਰਾਂ 'ਚ ਮੌਜ ਐ। ਨਵੀਆਂ ਕਲੋਨੀਆਂ 'ਚ ਨਾ ਕੋਈ ਇਕ ਦੂਸਰੇ ਨੂੰ ਜਾਣੇ, ਨਾ ਬੁੱਝੇ! ਬੈੱਲ ਮਾਰਨ 'ਤੇ ਵੀ ਕੋਈ ਬੜਾ ਔਖਾ ਹੋ ਕੇ ਗੇਟ ਖੋਹਲਦਾ, ਉਂਜ ਕੀ ਕਿਸੇ ਨੇ ਬਾਹਰ ਆ ਕੇ ਦੇਖਣਾ। ਗਲੀਆਂ ਸੁੰਨੀਆਂ ਹੁੰਦੀਆਂ ਤੇ ਇਕ ਦੂਸਰੇ ਦੇ ਘਰ ਕੋਈ ਜਾਂਦਾ ਨੀ।" ਉਸਨੇ ਨਰਸਿੰਗ ਦਾ ਤਿੰਨ ਸਾਲ ਦਾ ਕੋਰਸ ਵੀ ਕੀਤਾ ਹੋਇਆ ਸੀ ਤੇ ਉਸ ਆਧਾਰ 'ਤੇ ਕੈਨੇਡਾ ਦੀ ਫਾਇਲ ਲਾਈ ਹੋਈ ਸੀ। ਵਿਹਲੇ ਸਮੇਂ 'ਚ ਨੈਨੀ ਕਰ ਰਹੀ ਸੀ ਕਿ ਜੇ ਨਰਸਿੰਗ ਆਧਾਰ 'ਤੇ ਕੋਈ ਅੜਚਨ ਆਈ ਤਾਂ ਫਿਰ ਇਸ ਨਵੇਂ ਆਧਾਰ 'ਤੇ ਸਹੀ! ਨਾਲੇ ਮਾਂ ਬਾਪ ਸੋਚਦੇ ਸਨ ਕੁੜੀ ਰੁਝੀ ਰਹੇ, ਵਿਹਲੀ ਘਰ ਕੀ ਕਰੇਗੀ! ਉਸਨੂੰ ਫਿਰ ਨਰਸਿੰਗ



ਦੀ ਅਗਾਂਹ ਸਟੱਡੀ ਦੇ ਆਧਾਰ 'ਤੇ ਹੀ ਵੀਜ਼ਾ ਮਿਲ ਗਿਆ ਸੀ ਤੇ ਨੈਨੀ ਦਾ ਕੋਰਸ ਵਿਚੇ ਹੀ ਛੱਡ ਕੇ ਕੈਨੇਡਾ ਲੰਘ ਗਈ। ਉਸਦੀਆਂ ਗੱਲਾਂ ਉਸਨੂੰ ਅਕਸਰ ਚੇਤੇ ਆਉਂਦੀਆਂ। ਚੇਤੇ ਹੀ ਨਾ ਆਉਂਦੀਆਂ, ਸਗੋਂ ਉਸ ਅੰਦਰ ਵੀ ਲਾਲਸਾਵਾਂ ਨੂੰ ਮਘਾਈ ਰੱਖਦੀਆਂ, ਜਿਨ੍ਹਾਂ 'ਚ ਉਸਦਾ ਘਰ-ਪਰਿਵਾਰ ਪ੍ਰਤੀ ਮੋਹ ਝੁਲਸਦਾ ਰਹਿੰਦਾ। ਬੇਬੇ ਦੇ ਘਰ ਹੁੰਦਿਆਂ ਬਸ ਇਕ ਗੱਲ ਦੀ ਖੁੱਲ੍ਹ ਹੀ ਲੈ ਸਕਦੀ ਸੀ, ਤੇ ਉਹ ਸੀ ਰਸੋਈ 'ਚ ਜਾਂ ਉੱਪਰ ਚੁਬਾਰੇ 'ਤੇ ਚੜ੍ਹ ਬੌਬੀ ਨੂੰ ਫੋਨ ਕਰ ਲੈਂਦੀ। ਕਈ ਵਾਰ ਬੌਬੀ ਨਾਲ ਇਹ ਗੱਲਾਂ ਇੰਨੀਆਂ ਨੰਗੀਆਂ ਹੋ ਜਾਂਦੀਆਂ ਕਿ ਉਹ ਸਿਰਫ਼ ਦੇਹ ਤੱਕ ਸਿਮਟ ਕੇ ਰਹਿ ਜਾਂਦੀਆਂ, ਸਮੁੱਚੀ ਦੇਹ ਤੋਂ ਵੀ ਅਗਾਂਹ ਕੁਝ ਅੰਗਾਂ ਤੱਕ। ਬੌਬੀ ਉਸਦਾ ਸੁਪਨ-ਮਰਦ, ਉਸਦਾ ਸੁਪਨ ਸਾਥੀ। ਫੋਨ 'ਤੇ ਗੱਲਾਂ ਮੁੱਕਦੀਆਂ ਤਾਂ 'ਪੋਰਨ ਸਾਈਟਾਂ' 'ਤੇ ਜਾ ਪੁੱਜਦੀ। ਇਹ ਇਕ ਅਜਿਹੀ ਦੁਨੀਆ ਸੀ, ਉਤੇਜਨਾ ਦਾ ਇਕ ਅਜਿਹਾ ਭਬਕਦਾ ਸੰਸਾਰ, ਜਿਸਦਾ ਕਿਤੇ ਕੋਈ ਅੰਤ ਨਹੀਂ ਸੀ। ਮ੍ਰਿਗ-ਤ੍ਰਿਸ਼ਨਾ ਦੇ ਖੌਲਦੇ ਨਕਸ਼।

ਮੁਕੇਰੀਆਂ ਜਾਣ ਲੱਗੀ ਤਾਂ ਵੀ ਉਹ ਬੌਬੀ ਨੂੰ ਮਿਲਣ ਤੋਂ ਝਿਜਕਦੀ, "ਕਿਤੇ ਕੋਈ ਦੇਖ ਹੀ ਨਾ ਲਵੇ!' ਇਸ 'ਚੋਂ ਬੌਬੀ ਨੇ ਰਾਹ ਕੱਢਿਆ ਸੀ, "ਤੂੰ ਕੱਲ੍ਹ ਨੂੰ ਛੁੱਟੀ ਕਰ, ਕਿਤੇ ਬਾਹਰ ਚਲਦੇ ਹਾਂ।"

"ਅਜੇ ਦੋ ਹੀ ਹਫਤੇ ਹੋਏ ਐ ਕੰਮ 'ਤੇ ਲੱਗੀ ਨੂੰ... ਉਹ ਛੁੱਟੀ ਦੇ ਦੇਵੇਗੀ? ਕਿਤੇ ਕੰਮ ਤੋਂ ਜੁਆਬ ਹੀ ਨਾ ਦੇ ਦੇਵੇ!"

"ਮੈਂ ਕਹਿ ਦਿਆਂਗਾ... ਤੂੰ ਨੌਕਰੀ ਦੀ ਚਿੰਤਾ ਨਾ ਕਰ।"

"ਦੇਖ ਲਓ।" ਉਸਨੇ ਆਪਣੇ ਵੱਲੋਂ ਸਹਿਮਤੀ ਦੇ ਦਿੱਤੀ। ਉਂਝ ਅੰਦਰੋਂ ਤਾਂ ਉਹ ਪੂਰੀ ਤਿਆਰ ਸੀ ਉਸਨੂੰ ਮਿਲਣ ਲਈ, ਉਸ ਨਾਲ ਇਕੱਲ ਮਾਨਣ ਲਈ।

"ਬੇਪਰਵਾਹ ਰਹਿ।" ਇਸ ਧਰਵਾਸ ਦੇ ਹੌਂਸਲੇ ਨਾਲ ਹੀ ਜਦੋਂ ਉਸਨੇ ਬਿਊਟੀ-ਪਾਰਲਰ ਦੀ ਮਾਲਕ ਅਰਚਨਾ ਮਹਾਜਨ ਨੂੰ ਬੀਤੇ ਦਿਨ ਕਿਹਾ, "ਮੈਮ, ਮੈਨੂੰ ਭਲਕੇ ਛੁੱਟੀ ਚਾਹੀਦੀ ਐ... ਕੁਝ ਜ਼ਰੂਰੀ ਕੰਮ ਐ", ਤਾਂ ਉਹ ਉਸ ਵੱਲ ਬੜੀਆਂ ਅਰਥਪੂਰਨ ਨਜ਼ਰਾਂ ਨਾਲ ਤੱਕਦੀ ਮੁਸਕਰਾ ਪਈ ਸੀ। "ਠੀਕ ਐ," ਉਸਨੇ ਹੋਰ ਕੁਝ ਅਗਾਂਹ ਨਾ ਪੁੱਛਿਆ, ਨਾ ਕਿਹਾ। ਉਸਦੀ ਤੱਕਣੀ ਪਰ ਉਸਦੇ ਆਰਪਾਰ ਫਿਰ ਗਈ ਸੀ ਜਿਵੇਂ ਉਸਦੇ ਜਿਸਮ ਦਾ ਨਾਪ-ਤੋਲ ਕਰ ਰਹੀ ਹੋਵੇ। ਉਸਨੇ ਰਾਤੀਂ ਆ ਕੇ ਬੌਬੀ ਨਾਲ ਫੋਨ 'ਤੇ ਇਹ ਗੱਲ ਕੀਤੀ, "ਤੁਸੀਂ ਉਸਨੂੰ ਕੀ ਕਿਹਾ ਸੀ...? ...ਉਹ ਮੈਨੂੰ ਹੋਰ ਹੀ ਤਰ੍ਹਾਂ ਦੇਖਦੀ ਸੀ ਜਿਵੇਂ ਉਸਨੂੰ ਸਾਰਾ ਕੁਝ ਪਤਾ ਹੋਵੇ!"

"ਪਤਾ ਉਸਨੂੰ ਕਿਵੇਂ ਹੋ ਸਕਦਾ! ਨਾਲੇ ਹੋਵੇ ਵੀ ਤਾਂ ਤੇਰਾ ਕੀ ਵਿਗਾੜ ਲਵੇਗੀ!"

"ਫਿਰ ਵੀ!"

"ਬਹੁਤੇ ਵਹਿਮ ਨੀ ਕਰੀਦੇ।" ਉਸਨੇ ਉਸਦੇ ਸਾਰੇ ਫਿਕਰਾਂ 'ਤੇ ਜਿਵੇਂ ਪੋਚਾ ਮਾਰ ਦਿੱਤਾ ਸੀ, "ਮੈਂ ਪੌਣੇ ਦਸ ਵਜੇ ਪੁੱਜ ਜਾਵਾਂਗਾ... ਅੱਡੇ ਦੇ ਦੂਸਰੇ ਪਾਸੇ ਸੜਕ ਕੰਢੇ ਗੱਡੀ ਖੜ੍ਹੀ ਹੋਵੇਗੀ, ਜਿਥੇ ਚੀਨੀ ਵਸਤਾਂ ਦਾ ਬਾਜ਼ਾਰ ਲੱਗਦਾ।"...

..."ਅੱਜ ਤਾਂ ਹੀਰੋਇਨਾਂ ਨੂੰ ਮਾਤ ਪਾਉਂਦੀ ਹੈਂ!" ਗੱਡੀ ਤੋਰਦਿਆਂ ਉਸਨੇ ਕਾਮੁਕਤਾ ਨਾਲ ਉਸ ਵੱਲ ਤੱਕਦਿਆਂ ਕਿਹਾ।

"ਕਿਹੜੀ ਹੀਰੋਇਨ ਵਰਗੀ!" ਉਸਨੇ ਨਾਜ਼ ਨਾਲ ਮੁਸਕਰਾ ਕੇ ਉਸਦੀਆਂ ਅੱਖਾਂ 'ਚ ਤੱਕਿਆ ਪਰ ਉਸ ਨੇ ਅੱਗੋਂ ਜੁਆਬ ਨਾ ਦੇ ਕੇ ਗੱਡੀ ਸਟਾਰਟ ਕਰ ਲਈ। "ਸੀਟ ਬੈਲਟ ਲਾ ਲੈ", ਤੋਰਨ ਤੋਂ ਪਹਿਲਾਂ ਉਸਨੇ ਕਿਹਾ।

"ਜਾ ਕਿੱਥੇ ਰਹੇ ਹਾਂ", ਉਸਨੇ ਬੈਲਟ ਲਾਉਂਦਿਆਂ ਪੁੱਛਿਆ।

"ਕਿਤੇ ਤਾਂ ਜਾਵਾਂਗੇ ਹੀ... ਚਿੰਤਾ ਕਿਉਂ ਕਰਦੀ ਹੈਂ। ਤਲਵਾੜੇ ਦੇਖਦੇ ਹਾਂ।"

"ਮੈਂ ਸ਼ਾਮ ਨੂੰ ਮੁੜਨਾ ਵੀ ਹੈ, ਬੱਸ ਦੇ ਟੈਮ ਨੂੰ।"

"ਕਿੰਨਾ ਕੁ ਦੂਰ ਹੈ? ਅੱਧੇ ਘੰਟੇ ਦਾ ਸਾਰਾ ਰਾਹ.. ਜਿੰਨਾ ਚਿਰ ਤੇਰੀ ਮਿੰਨੀ ਬੱਸ ਪਿੰਡੋਂ ਮੁਕੇਰੀਆਂ ਪਹੁੰਚਦੀ ਹੈ, ਉਸ ਤੋਂ ਵੀ ਘੱਟ ਲੱਗਦਾ ਗੱਡੀ 'ਤੇ ਉੱਥੇ ਪੁੱਜਣ ਤੱਕ... ਸ਼ਾਮ ਨੂੰ ਘਰ ਲਾਹ ਦਿਆਂਗਾ।"

"ਘਰ!" ਉਹ ਕੁਝ ਹਿਚਕਚਾਈ।

"ਕਿਉਂ ਘਰ ਨੂੰ ਕੀ ਹੈ! ਕਹਿ ਦਿਆਂਗਾ, ਮੁਕੇਰੀਆਂ ਅੱਡੇ ਤੋਂ ਇਧਰ ਨੂੰ ਆਉਣ ਲੱਗਾ ਤਾਂ ਖੜ੍ਹੀ ਨੂੰ ਦੇਖ ਲਿਆ।" ਕਾਮੁਕਤਾ ਨਾਲ ਉਸਨੂੰ ਨਿਹਾਰਦਿਆਂ ਅਗਾਂਹ ਜੋੜਿਆ, "ਉਂਜ ਵੀ ਹਨੀਮੂਨ ਤੋਂ ਬਾਅਦ ਕੁੜੀ ਪੇਕਿਆਂ ਦੇ ਘਰ ਆਪਣੇ ਹਸਬੈਂਡ ਨਾਲ ਹੀ ਮੁੜਦੀ ਹੈ!" ਉਸਦੀ ਤੱਕਣੀ ਜਿਵੇਂ ਉਸਦੇ ਜਿਸਮ ਨੂੰ ਟੋਹ ਰਹੀ ਸੀ। ਉਹ ਸੰਗਦੀ ਸੂਹੀ ਹੋ ਗਈ। ਕੁਝ ਪਲ ਉਸ ਨਾਲ ਨਜ਼ਰਾਂ ਮਿਲਾਈ ਰੱਖੀਆਂ ਪਰ ਫਿਰ ਨੀਵੀਂ ਪਾ ਲਈ। ਮੁਸਕਰਾਉਂਦੀ ਰਹੀ, ਚੁੱਪ ਚਾਪ, ਸੰਗਦੀ ਸੰਗਦੀ। ਉਸਦੀ 'ਸੰਗਦੀ-ਚੁੱਪ' ਉਸਦੇ ਬੋਲਾਂ ਨਾਲੋਂ ਉਤੇਜਨਾ ਦਾ ਬਹੁਤਾ ਕੰਮ ਕਰ ਰਹੀ ਸੀ। ਉਸਦਾ ਸਾਰੇ ਦਾ ਸਾਰਾ ਜਿਸਮ, ਸਾਰੀ ਦੀ ਸਾਰੀ ਹੋਂਦ 'ਹਾਂ' ਦਾ ਹੁੰਗਾਰਾ ਬਣੀ ਹੋਈ ਸੀ।

ਸ਼ਹਿਰ ਦੇ ਭੀੜ ਭਰੇ ਰਸ਼ 'ਚੋਂ ਨਿਕਲਦਿਆਂ ਹੀ ਉਸਨੇ ਗੱਡੀ ਦੀ ਸਪੀਡ ਸੌ ਤੋਂ ਚੁੱਕ ਦਿੱਤੀ। ਉਹ ਮੁੜ ਉਸੇ ਹੀ ਸੜਕ ਤੋਂ ਵਾਪਸ ਜਾ ਰਹੀ ਸੀ, ਜਿਸਤੋਂ ਕੁਝ ਚਿਰ ਪਹਿਲਾਂ ਮੁਕੇਰੀਆਂ ਨੂੰ ਆਈ ਸੀ। ਪਰ ਇਕ ਫਰਕ ਸੀ। ਉਸ ਵੇਲੇ ਉਸ ਮਿੰਨੀ ਬੱਸ 'ਚ ਸੀ ਤੇ ਹੁਣ ਸਫਾਰੀ 'ਚ। ਇਸਤੋਂ ਵੀ ਵੱਡਾ ਫਰਕ; ਉਸ ਵੇਲੇ ਉਸਦੇ ਮਨ 'ਚ ਬਹੁਤ ਕੁਝ ਅਨਿਸ਼ਚਿਤਤਾ ਦੀ ਉਤੇਜਨਾ 'ਚ ਉਫ਼ਨ ਰਿਹਾ ਸੀ, ਹੁਣ ਜਿਵੇਂ ਉਸ ਅਨਿਸ਼ਚਿਚਤਾ ਨੂੰ ਨਿਸ਼ਚਿਤਤਾ ਦਿਸਣ ਲੱਗ ਪਈ ਹੋਵੇ! ਧਰਮਪੁਰ ਅੱਡੇ ਕੋਲੋਂ ਲੰਘਣ ਲੱਗੇ ਤਾਂ ਉਸਨੇ ਸਿਰ ਮੂੰਹ ਚੁੰਨੀ ਨਾਲ ਲਪੇਟ ਲਿਆ, ਜਿਹੜੀ ਅੱਡਾ ਟੱਪਦਿਆਂ ਹੀ ਮੁੜ ਉਸਦੇ ਗਲ 'ਚ ਆ ਪਈ। ਸਫਾਰੀ ਜਿਵੇਂ ਹਵਾ ਬਣੀ ਉੱਡੀ ਜਾ ਰਹੀ ਸੀ। ਤਲਵਾੜਾ ਵੀ ਲੰਘ ਗਿਆ ਤਾਂ ਸੁੱਖੀ ਨੇ ਪੁੱਛਿਆ, "ਅਜੇ ਕਿੰਨਾ ਕੁ ਹੋਰ ਜਾਣਾ ਐ!" ਉਸ ਅੰਦਰ ਕੋਈ ਤੌਖਲਾ ਜਾਗ ਪਿਆ ਸੀ। ਉਸਨੂੰ ਛੇ ਵਜੇ ਤੱਕ ਹਰ ਹਾਲਤ 'ਚ ਘਰ ਮੁੜਨਾ ਪੈਣਾ ਸੀ।

"ਜਿਥੇ ਵੀ ਜਾਵਾਂਗੇ, ਦੋਵੇਂ ਹੀ ਜਾਵਾਂਗੇ... ਤੇਰੇ ਨਾਲ ਤਾਂ ਜਹੰਨਮ 'ਚ ਜਾਣ ਲਈ ਵੀ ਤਿਆਰ ਹਾਂ!" ਉਹ ਉਸਦੇ ਭੱਖਦੇ ਰੂਪ ਦੇ ਜਲੌਅ 'ਚ ਜਿਵੇਂ ਗੁਆਚਦਾ ਜਾ ਰਿਹਾ ਸੀ।

"ਜਹੰਨਮ 'ਚ ਜਾਣ ਲਈ ਤਾਂ ਤਿਆਰ ਹਾਂ, ਪਰ ਇਸ ਦੁਨੀਆ 'ਚ ਰਹਿਣਾ ਔਖਾ ਹੋ ਜਾਊ।" ਸੁੱਖੀ ਤਨੋਂ-ਮਨੋਂ ਸਾਰੀ ਦੀ ਸਾਰੀ ਉਸ ਵੱਲ ਉਲਾਰ ਹੋਈ ਪਈ ਸੀ; ਹੁਣ ਦੀ ਹੀ ਨਹੀਂ, ਪਿਛਲੇ ਕਿੰਨੇ ਹੀ ਸਮੇਂ ਤੋਂ ਉਸਦਾ ਜਿਸਮ ਕਲਪਣਾ 'ਚ ਪਲ-ਪਲ ਕਰਕੇ ਉਸ ਸੰਗ ਧੜਕਿਆ ਸੀ। ਉਸਨੇ ਉਸਨੂੰ ਤੜਪ ਦੀ ਹੱਦ ਤੱਕ ਸ਼ਿੱਦਤ ਨਾਲ ਚਾਹਿਆ ਸੀ। ਉਹ ਸਾਰੀ ਉਤੇਜਨਾ ਜਿਵੇਂ ਇਕਦਮ ਉਫ਼ਨ ਪਈ ਸੀ। ਵੱਡੀ ਬੇਬੇ ਠਾਕਰੀ ਦੀਆਂ ਸਿਖਿਆਵਾਂ ਤੋਂ ਬਿਲਕੁੱਲ ਉਲਟ, ਉਹਨਾਂ ਤੋਂ ਬਿਲਕੁੱਲ ਵੱਖਰੀ, ਕੋਹਾਂ ਦੂਰ। 'ਸਿਦਕ ਤੋਂ ਵੱਡੀ ਕੋਈ ਚੀਜ਼ ਨੀ ਹੁੰਦੀ! ਬੰਦੇ ਦੇ ਮਨ 'ਚ ਸਿਦਕ ਹੋਵੇ, ਸਾਰੇ ਭਵਸਾਗਰ ਤਰੇ ਜਾਂਦੇ ਐ! ਲਾਲਸਾਵਾਂ ਦਾ ਤਾਂ ਕੋਈ ਅੰਤ ਨੀ ਹੁੰਦਾ! ਰਾਜੇ, ਮਹਾਰਾਜੇ ਲਾਲਸਾਵਾਂ ਮਗਰ ਭਟਕਦੇ ਗਰਕ ਗਏ, ਪਰ ਫਿਰ ਵੀ ਸੰਤੁਸ਼ਟ ਨਾ ਹੋਈਆਂ!' ਉਹ ਕਦੀ ਕਦੀ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ, ਪਰ ਉਹ ਇਕ ਕੰਨੋਂ ਸੁਣ ਦੂਸਰੇ ਕੰਨੋਂ ਕੱਢ ਛੱਡਦੀ। ਸੁਣਨਾ ਜਿਵੇਂ ਉਸਦੀ ਮਜਬੂਰੀ ਸੀ ਕਿ ਵੇਲੇ ਕੁਵੇਲੇ ਉਸਤੋਂ ਪੈਸੇ ਮੰਗਣੇ ਪੈਂਦੇ ਸਨ। ਜਦੋਂ ਮਾਂ ਤੋਂ ਨਾ ਮਿਲਦੇ, ਬੇਬੇ ਨਾਂਹ ਨਾ ਕਰਦੀ। ਮਿਲਖਾ ਆਪਣੇ ਜੀਂਦੇ-ਜੀਅ ਦਸ ਲੱਖ ਉਸਦੇ ਨਾਂ 'ਫਿਕਸਡ' ਕਰਵਾ ਗਿਆ ਹੋਇਆ ਸੀ, ਜਿਸਦਾ ਵਿਆਜ ਹਰ ਤਿੰਨ ਮਹੀਨਿਆਂ ਬਾਅਦ ਉਸਦੇ ਖਾਤੇ 'ਚ ਆ ਜਾਂਦਾ। ਜੇ ਬੇਬੇ ਦੀ ਇਹ ਸਹਾਇਤਾ ਨਾ ਹੁੰਦੀ ਤਾਂ ਸ਼ਾਇਦ ਉਹ ਨੈਨੀ ਦਾ ਕੋਰਸ ਨਾ ਕਰ ਸਕਦੀ। ਬੀਰੀ ਦੇ ਵਿਆਹ 'ਤੇ ਵੀ ਦੋ ਚਾਰ ਕਨਾਲਾਂ ਜ਼ਮੀਨ ਵਿਕੀ ਹੁੰਦੀ। ਪਰ ਉਸਦੇ ਇਹਨਾਂ ਪੈਸਿਆਂ ਨੇ ਨੁਕਸਾਨ ਵੀ ਕੀਤਾ ਸੀ। ਟੱਬਰ 'ਚੋਂ ਮਿਹਨਤ ਕਰਨ ਦਾ ਮਾਦਾ ਮਰਦਾ ਗਿਆ ਸੀ, ਮਿਹਨਤ ਕਰਕੇ ਕੁਝ ਪ੍ਰਾਪਤ ਕਰਨ ਦਾ। ਮਿਹਨਤ ਨਾਲ ਆਪਣੇ ਆਸ਼ਿਆਂ ਵੱਲ ਵਧਣ ਦਾ। ਉਸ ਸਾਹਮਣੇ ਸੁਪਨੇ ਸਨ,



ਚਾਹਤਾਂ ਸਨ ਤੇ ਉਹਨਾਂ ਨੂੰ ਮੁੱਠੀ 'ਚ ਕਰਨ ਦੀਆਂ ਸ਼ਾਰਟ-ਕੱਟ। ਬਿਨਾਂ ਕਿਸੇ ਧਰਾਤਲ ਤੋਂ ਸੁੱਖੀ ਸੁਪਨਿਆਂ ਦੇ ਖੰਭਾਂ 'ਤੇ, ਅੱਕ-ਖੰਭੜੀ ਦੇ ਫੰਬੇ ਵਾਂਗ 'ਉੱਡੀ' ਫਿਰਦੀ ਸੀ।

ਸ਼ਹਿਰ ਤੋਂ ਕਾਫੀ ਬਾਹਰਵਾਰ ਆ, ਇਕ ਛੋਟੀ ਜਿਹੀ ਪਹਾੜੀ ਦੇ ਪੈਰਾਂ 'ਚ ਇਕ ਖ਼ੂਬਸੂਰਤ ਰਿਜੌਰਟ 'ਨੇਚਰ ਵਿਊ' ਦੇ ਗੇਟ ਅੰਦਰ ਵੱਲ ਉਸਨੇ ਗੱਡੀ ਨੂੰ ਮੋੜਿਆ ਤਾਂ ਇਸਦੇ ਜਲੌਅ ਨੇ ਉਸਨੂੰ ਅਚੰਭਿਤ ਕਰ ਦਿੱਤਾ। ਖ਼ੂਬਸੂਰਤ ਲਾਅਨ, ਵਾਟਰ ਗੇਮਜ਼, ਝੂਲੇ, ਫਾਈਵ-ਸਟਾਰ ਰੈਸਟੋਰੈਂਟ, ਢਾਬਾ, ਪਾਰਕਿੰਗ 'ਚ ਮਹਿੰਗੀਆਂ ਤੋਂ ਮਹਿੰਗੀਆਂ ਗੱਡੀਆਂ। ਪਾਰਕਿੰਗ 'ਚ ਗੱਡੀ ਖੜ੍ਹੀ ਕਰਨ ਦੀ ਬਜਾਏ, ਉਹ ਰਿਜੌਰਟ ਦੇ ਨਾਲੋਂ ਪਿਛੇ ਵੱਲ ਜਾਂਦੇ ਛੋਟੇ ਗੇਟ ਮੂਹਰੇ ਗੱਡੀ ਲੈ ਗਿਆ। ਗੇਟ ਮੂਹਰੇ ਸਟੂਲ ਡਾਹ ਕੇ ਬੈਠੇ ਸਕਿਉਰਿਟੀ ਗਾਰਡ ਨੇ ਉਠ ਕੇ ਕਾਰ ਦੇ ਅੰਦਰ ਵੱਲ ਝਾਕਿਆ। ਅੰਦਰ ਉਸਨੂੰ ਪਛਾਣ ਕੇ ਉਸਨੇ ਸਲੂਟ ਮਾਰਿਆ ਤੇ ਗੇਟ ਖੋਹਲ ਦਿੱਤਾ।

ਉਸਨੇ ਗੱਡੀ ਅੰਦਰ ਲੰਘਾ ਕੇ ਬਾਊਂਡਰੀ-ਵਾਲ ਨਾਲ ਖੜੀ ਕੀਤੀ। ਇਧਰ ਵੀ ਫੁੱਲਾਂ ਦੇ ਲਾਅਨ ਸਨ, ਉਹਨਾਂ 'ਚੋਂ ਜਾਂਦੇ ਤੰਗ ਜਿਹੇ ਪਗਡੰਡੀਆਂ-ਨੁਮਾ ਪੈਸਿਜ, ਜਿਨ੍ਹਾਂ ਦੇ ਦੋਹਾਂ ਪਾਸੀਂ ਫੁੱਲਾਂ ਦੇ ਬੂਟਿਆਂ ਦੀਆਂ ਪਾਲਾਂ ਸਨ। ਚਲਦੇ ਫੁਹਾਰੇ। ਰਿਜੌਰਟ ਤੋਂ ਬਾਹਰ ਝੁਲਸਦੀ ਗਰਮੀ, ਸੋਕੇ ਦੇ ਕੁਮਲਾਏ ਰੁੱਖ-ਬੂਟੇ, ਘਾਹ, ਪਰ ਅੰਦਰ ਹਰੇ ਕਚੂਰ ਲਾਅਨ। ਫੁਹਾਰੇ ਦੀਆਂ ਡਿੱਗਦੀਆਂ ਫੁਹਾਰਾਂ ਨਾਲ ਧੋਤੇ, ਟਹਿਕਦੇ ਫੁੱਲ। ਚਾਰਦੀਵਾਰੀ ਦੇ ਨਾਲ ਨਾਲ ਬੋਗਨਵੇਲੀਆਂ ਦੀਆਂ ਚਾੜ੍ਹੀਆਂ ਹੋਈਆਂ ਰੰਗ-ਬਰੰਗੀਆਂ ਵੇਲਾਂ। ਟੇਢੇ-ਮੇਢੇ ਪੈਸਿਜ 'ਤੇ ਤੁਰਿਆਂ ਸੁੱਖੀ ਜਿਵੇਂ ਕਿਸੇ ਸੁਪਨ-ਲੋਕ 'ਚ ਗੁਆਚਦੀ ਗਈ। ਉਸਦੀ ਕਲਪਣਾ ਤੋਂ ਵੀ ਹੁਸੀਨ ਸੀ ਬਹੁਤ ਕੁਝ। ਸੁਪਨ-ਲੋਕ ਤੋਂ ਅਗਾਂਹ ਦੀ ਦੁਨੀਆ ਜਾਂ ਸ਼ਾਇਦ ਉਸਦੀਆਂ ਸੋਚਾਂ ਦੀ ਉਤੇਜਨਾ ਨੇ ਹੀ ਉਸਨੂੰ ਇੰਝ ਖੰਭ ਲਾ ਦਿੱਤੇ ਸਨ। ਗੇਟ ਪਿੱਛੇ ਰਹਿ ਗਿਆ ਸੀ। ਉਹ ਦਿਸਣਾ ਬੰਦ ਹੋ ਗਿਆ ਤਾਂ ਉਸਨੇ ਬੌਬੀ ਦੀ ਬਾਂਹ ਆਪਣੇ ਦੋਹਾਂ ਹੱਥਾਂ 'ਚ ਘੁੱਟ ਲਈ ਤੇ ਉਸ ਨਾਲ ਜੁੜ ਕੇ ਤੁਰਨ ਲੱਗੀ।

"ਸੁੱਖੀ, ਤੂੰ ਮੈਨੂੰ ਬਹੁਤ ਤੜਪਾਇਆ... ਤੇਰਾ ਮਿਲਣ ਨੂੰ ਜੀਅ ਨਹੀਂ ਸੀ ਕਰਦਾ!" ਉਸਨੇ ਘੁੱਟੀ ਬਾਂਹ ਵਾਲੇ ਹੱਥ ਨਾਲ ਉਸਦੇ ਸਰੀਰ ਨੂੰ ਸਹਿਲਾਇਆ।

"ਕੀ ਕਰ ਸਕਦੀ ਸਾਂ!"

"ਤੂੰ ਤਾਂ ਸਿੱਧੀਆਂ ਅੱਖਾਂ ਨਾਲ ਝਾਕਦੀ ਵੀ ਨਹੀਂ ਸੀ।"

"ਸਾਡੇ ਘਰਦੇ ਮਾਹੌਲ ਦਾ ਤੁਹਾਨੂੰ ਕਿਹੜਾ ਪਤਾ ਨੀ...! ...ਡੈਡੀ ਗੱਲ ਗੱਲ 'ਤੇ ਲੋਹਾ-ਲਾਖਾ ਹੋ ਜਾਂਦਾ... ਮੰਮੀ ਨੂੰ ਤਾਂ ਹੁਣ ਤੱਕ ਕੁੱਟ ਦਿੰਦਾ! ਮੈਨੂੰ ਘਰ 'ਚ ਬਹੁਤ ਡਰ ਲੱਗਦਾ ਰਹਿੰਦਾ।"

"ਤੇ ਹੁਣ...?" ਉਹ ਅਗਲੀ ਗੱਲ ਅਧੂਰੀ ਛੱਡ, ਸਾਹਮਣਿਓ ਆਉਂਦੇ ਰਿਜੌਰਟ ਦੇ ਵਰਦੀਧਾਰੀ ਕਰਮਚਾਰੀ ਵੱਲ ਤੱਕਣ ਲੱਗਾ।


"ਸਰ, ਏਕ ਸੌ ਪਾਂਚ ਨੰਬਰ ਬੁੱਕ ਹੈ ਆਪਕੇ ਲੀਏ", ਉਸਨੇ ਸਲੂਟ ਮਾਰਦਿਆਂ ਸਿਰ ਵੀ ਨਿਵਾਇਆ। ਸੁੱਖੀ ਨੇ ਬਾਂਹ ਉਵੇਂ ਘੁੱਟ ਰੱਖੀ, ਭਾਵੇਂ ਉਸਤੋਂ ਕੁਝ ਵਿੱਥ 'ਤੇ ਹੋ ਗਈ। ਮਿਰਜ਼ਾਪੁਰ ਦੇ ਪਰਗਟ ਸਿੰਘ ਦੇ ਘਰ ਜੰਮੀ, ਪਲੀ, ਜਵਾਨ ਹੋਈ ਕੁੜੀ, ਜਿਹੜੀ ਘਰ 'ਚ ਬੜੀ ਸ਼ਾਂਤ-ਸੁਭਾ ਲਗਦੀ, ਉਤੇਜਨਾ ਦੀ ਭੱਠੀ ਵਾਂਗ ਤਪ ਰਹੀ ਸੀ। ਨੌਕਰ ਨੇ ਕਮਰਾ ਖੋਹਲਿਆ ਤੇ ਅੰਦਰ ਲੰਘ ਏ.ਸੀ. ਚਾਲੂ ਕਰ ਦਿੱਤਾ। ਕੋਨੇ 'ਚ ਪਈ ਛੋਟੀ ਫਰਿੱਜ ਖੋਹਲ ਕੇ ਉਸ 'ਚ ਨਜ਼ਰ ਮਾਰੀ ਤੇ ਫਿਰ ਉਹਨਾਂ ਵੱਲ ਤੱਕ ਆਜਜ਼ੀ ਨਾਲ ਕਹਿਣ ਲੱਗਾ, "ਸਰ, ਵਿਸਕੀ ਸੋਡਾ ਤਾਂ ਇਸ 'ਚ ਹੈ... ਕੋਈ ਚਾਹ, ਕੌਫੀ ਜਾਂ ਸਨੈਕਸ ਵਗੈਰਾ ਚਾਹੀਦੇ ਤਾਂ ਲੈ ਆਵਾਂ!"

"ਅਜੇ ਠਹਿਰ ਕੇ ਦੇਖਦੇ ਹਾਂ।"

"ਠੀਕ ਹੈ ਸਰ... ਰੈਸਟੋਰੈਂਟ ਦਾ ਨੰਬਰ ਡਬਲ ਨਾਈਨ ਹੈ ਸਰ।"

ਤੇ ਉਸਦੇ ਬਾਹਰ ਨਿਕਲਦਿਆਂ ਹੀ ਬੌਬੀ ਨੇ ਕਮਰੇ ਦੀ ਅੰਦਰੋਂ ਕੁੰਡੀ ਲਾ ਲਈ।

(ਛਪ ਰਹੇ ਨਾਵਲ 'ਚੋਂ ਇਕ ਅੰਸ਼)



## ਸਵੈ ਬਿਰਤਾਂਤ/ਦਹਿਸ਼ਤ ਭਰੇ ਦਿਨਾਂ 'ਚ /- ਗੁਰਮੀਤ ਕੜਿਆਲਵੀ

ਮੈਂ ਪਿੰਡ ਵਿਚਲੀ ਕੋਆਪ੍ਰੇਟਿਵ ਸੁਸਾਇਟੀ ਦੀ ਕੰਧ ਉਪਰ ਲੱਗਿਆ ਪੋਸਟਰ ਪੜ੍ਹਨਾ ਸ਼ੁਰੂ ਕੀਤਾ ਤਾਂ ਅੱਖਾਂ ਅੱਗੇ ਹਨੇਰਾ ਆ ਗਿਆ। ਕੰਨਾਂ 'ਚ ਛਾਂ ਛਾਂ ਹੋਣ ਲੱਗੀ। ਮੈਨੂੰ ਲੱਗਾ ਜਿਵੇਂ ਮੇਰੇ ਪੈਰਾਂ ਹੇਠਲੀ ਮਿੱਟੀ ਖਿਸਕਦੀ ਜਾ ਰਹੀ ਹੋਵੇ। ਜੇ ਧਰਤੀ ਵਿਹਲ ਦਿੰਦੀ ਮੈਂ ਥਾਏਂ ਗਰਕ ਹੋ ਜਾਂਦਾ। ਮੈਂ ਹੱਥ ਲਿਖਤ ਪੋਸਟਰ ਲਾਹ ਕੇ ਜੇਬ 'ਚ ਪਾ ਲਿਆ।

ਪਹਿਲਾਂ ਤੋਂ ਹੀ ਦਹਿਲਿਆ ਪਿਆ ਮਨ ਹੋਰ ਦਹਿਲ ਗਿਆ ਸੀ। ਆਪਣਾ ਜਾਂ ਆਪਣੇ ਪਰਿਵਾਰ ਦੇ ਕਿਸੇ ਜੀਅ ਦੇ ਨੁਕਸਾਨ ਬਾਰੇ ਸੋਚਦਿਆਂ ਵੱਡੇ ਤੋਂ ਵੱਡੇ ਜਿਗਰੇ ਵਾਲੇ ਬੰਦੇ ਦਾ ਵੀ ਡੋਲ ਜਾਣਾ ਸੁਭਾਵਿਕ ਹੁੰਦਾ ਹੈ ਮੈਂ ਤਾਂ ਫਿਰ ਵੀ ਸੰਵੇਦਨਸ਼ੀਲ ਸਾਹਿਤਕ ਮਨੁੱਖ ਸਾਂ। ਮੈਨੂੰ ਕੁੱਝ ਸੁੱਝ ਨਹੀਂ ਸੀ ਰਿਹਾ। ਇਹ ਪੋਸਟਰ ਕਿਉਂ ਲਾਇਆ ਗਿਆ ਸੀ, ਕਦੋਂ ਲਾਇਆ ਗਿਆ ਸੀ ਤੇ ਕਿਸਨੇ ਲਾਇਆ ਸੀ—ਸਾਰੀ ਰਾਤ ਮੈਂ ਇਸੇ ਉਧੇੜ ਬੁਣ 'ਚ ਹੀ ਲੱਗਾ ਰਿਹਾ। ਨੀਂਦ ਅੱਖਾਂ ਦੇ ਨੇੜੇ ਨਹੀਂ ਸੀ ਫੜਕੀ। ਸਿਮਰ ਨਾਲ ਮੈਂ ਪੋਸਟਰ ਵਾਲੀ ਗੱਲ ਸਾਂਝੀ ਨਾ ਕੀਤੀ।

ਅਗਲੇ ਦਿਨ ਮੈਂ ਤੇ ਤਰਸੇਮ ਬਾਹਰ ਖੇਤਾਂ ਵੱਲ ਘੁੰਮਣ ਚਲੇ ਗਏ। ਮੈਂ ਪੋਸਟਰ ਜੇਬ 'ਚੋਂ ਕੱਢ ਕੇ ਉਸਦੇ ਵੱਲ ਕਰ ਦਿੱਤਾ। ਆਪਣੇ ਨਾਲ ਹੋਣ ਵਾਲੀ ਹਰ ਨਿੱਕੀ ਵੱਡੀ ਗੱਲ ਉਸ ਨਾਲ ਸਾਂਝੀ ਕਰ ਲੈਂਦਾ ਸਾਂ। ਉਸ ਨੇ ਗੁੱਛੀ ਮੁੱਛੀ ਕੀਤਾ ਪੋਸਟਰ ਸਿੱਧਾ ਕਰ ਕੇ ਪੜ੍ਹਿਆ ਤੇ ਵਾਪਸ ਮੈਨੂੰ ਫੜਾ ਦਿੱਤਾ।

"ਤੈਨੂੰ ਹਰ ਤਰ੍ਹਾਂ ਨਾਲ ਚੌਕਸ ਰਹਿਣਾ ਚਾਹੀਦਾ। ਥੋਡਾ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੋ ਸਕਦਾ। ਬਚਾਅ ਵਿੱਚ ਹੀ ਬਚਾਅ ਐ। ਅੱਜ ਹੋਜੇ ਕੱਲ੍ਹ ਹੋਜੇ, ਥੋਡੇ 'ਤੇ ਅਟੈਕ ਹੋਊ ਜ਼ਰੂਰ।" ਤਰਸੇਮ ਨੇ ਲਕੀਰਦਾਰ ਪੇਪਰ 'ਤੇ ਗੰਦੀ ਜਿਹੀ ਲਿਖਾਈ 'ਚ ਲਿਖੇ ਇਸ਼ਤਿਹਾਰ ਦੀ ਸ਼ਬਦਾਵਲੀ ਦੇ ਆਧਾਰ 'ਤੇ ਆਪਣਾ



ਨਿਰਣਾ ਸੁਣਾਇਆ ਸੀ।

ਇਸ ਗੱਲ ਨੂੰ ਅਜੇ ਦੋ ਕੁ ਦਿਨ ਹੀ ਹੋਏ ਸਨ ਕਿ ਪਿੰਡ ਦੀ ਕਿਸੇ ਹੋਰ ਸੱਥ 'ਚ ਕੰਧ ਉਪਰ ਨਵਾਂ ਪੋਸਟਰ ਲਟਕਣ ਲੱਗਾ। ਪਿੰਡ ਦੇ ਬਹੁਤੇ ਲੋਕਾਂ ਦੀ ਨਿਗਾਹ ਪੈਣ ਤੋਂ ਪਹਿਲਾਂ ਹੀ ਇਸ ਇਸ਼ਤਿਹਾਰ ਬਾਰੇ ਸੂਚਨਾ ਮਿਲ ਗਈ ਤੇ ਮੈਂ ਤੁਰੰਤ ਇਹਨੂੰ ਲਾਹ ਕੇ ਜੇਬ 'ਚ ਰੱਖ ਲਿਆ।

ਇਹ ਲਿਖਤ ਪਹਿਲੇ ਨਾਲੋਂ ਵੀ ਵੱਧ ਖਤਰਨਾਕ ਅਤੇ ਦੁੱਖ ਦੇਣ ਵਾਲੀ ਸੀ। ਇਸ ਵਿੱਚ ਸਾਡੇ ਬਾਹਰ ਜਾਣ, ਵਾਪਸ ਆਉਣ ਅਤੇ ਸਾਡੇ ਜਾਣ ਆਉਣ ਦੇ ਟਿਕਾਣਿਆਂ ਬਾਰੇ ਲਿਖਿਆ ਗਿਆ ਸੀ। ਇਹ ਇਸ਼ਤਿਹਾਰ ਮੈਨੂੰ ਨਹੀਂ ਸਿਮਰ ਨੂੰ ਸੰਬੋਧਨ ਕੀਤਾ ਗਿਆ ਸੀ। ਧਮਕੀ ਦੇਣ ਵਾਲੇ ਨੇ ਲਿਖਿਆ ਸੀ ਕਿ ਤੈਨੂੰ ਬਹੁਤੇ ਦਿਨ ਰਹਿਣ ਨਹੀਂ ਦੇਣਾ।

ਇਸ ਇਸ਼ਤਿਹਾਰ ਦੀ ਸ਼ਬਦਾਵਲੀ ਨੇ ਤਾਂ ਮੇਰਾ ਅੰਦਰ ਹੋਰ ਵੀ ਹਿਲਾ ਦਿੱਤਾ ਸੀ। ਮਸੀਂ ਮਸੀਂ ਤਾਂ ਜ਼ਿੰਦਗੀ ਦੀ ਗੱਡੀ ਲੀਹ 'ਤੇ ਚੜਨ ਲੱਗੀ ਸੀ। ਦੋ ਮਹੀਨੇ ਪੰਜਾਬ ਤੋਂ ਬਾਹਰ ਲਾ ਆਏ ਸਾਂ ਅਤੇ ਪੰਜ ਛੇ ਮਹੀਨੇ ਹੋਰ ਘਰ ਤੋਂ ਬਾਹਰ ਇਧਰ ਉਧਰ ਕੱਟੇ ਸਨ। ਪੰਜਾਬ ਵਿੱਚ ਹਾਲਾਤ ਸਾਡੇ ਲਈ ਖ਼ੁਸ਼ਗਵਾਰ ਨਹੀਂ ਸਨ ਰਹੇ। ਮੇਰੇ ਤੇ ਸਿਮਰ ਦੇ ਫੈਸਲੇ ਨੂੰ ਮਾਨਤਾ ਨਹੀਂ ਸੀ ਮਿਲੀ। ਸਾਨੂੰ ਅੱਡ ਅੱਡ ਕਰਨ ਦੀਆਂ ਸਿਰਤੋੜ ਕੋਸ਼ਿਸ਼ਾਂ ਹੋਈਆਂ ਸਨ ਜਿਹੜੀਆਂ ਬੁਰੀ ਤਰ੍ਹਾਂ ਅਸਫਲ ਰਹੀਆਂ ਸਨ। ਅਸੀਂ ਆਪਣੇ ਰਾਹਾਂ ਦੀ ਤਾਲਾਸ਼ ਆਪ ਕਰ ਲਈ ਸੀ। ਮੁਹੱਬਤ ਦੀ ਪਗਡੰਡੀ 'ਤੇ ਤੁਰਦਿਆਂ ਇੱਕ ਦੂਜੇ ਦਾ ਹੱਥ ਫੜ ਕੇ ਦੂਰ ਤੱਕ ਚੱਲਣ ਦਾ ਤਹੱਈਆ ਕਰ ਲਿਆ ਸੀ। ਜੇ ਸਾਡਾ ਇਹ ਫੈਸਲਾ ਸਮਾਜਿਕ ਵਲਗਣਾਂ ਨੂੰ ਮਨਜ਼ੂਰ ਨਹੀਂ ਸੀ ਤਾਂ ਸਮਾਜ ਦੀ ਕੋਈ ਰੋਕ ਸਾਨੂੰ ਵੀ ਕਤਈ ਮਨਜ਼ੂਰ ਨਹੀਂ ਸੀ। ਕਿਸੇ ਵੀ ਕਿਸਮ ਦੀਆਂ ਬੰਦਸ਼ਾਂ, ਵਧੀਕੀਆਂ ਤੇ ਧਮਕੀਆਂ ਸਾਨੂੰ ਆਪਣੇ ਫੈਸਲੇ ਤੋਂ ਥਿੜਕਾ ਨਹੀਂ ਸਨ ਸਕੀਆਂ।

ਇਹ ਉਹ ਦਿਨ ਸਨ ਜਦੋਂ ਸਾਡੇ ਖ਼ਿਲਾਫ਼ ਬੜੀ ਗੁਸ਼ਤਾਖ਼ ਹਵਾ ਚੱਲਣ ਲੱਗੀ ਸੀ। ਇਸ ਹਵਾ ਤੋਂ ਟਾਲਾ ਵੱਟਣ ਲਈ ਕੁੱਝ ਦਿਨ ਏਧਰ ਓਧਰ ਹੋ ਜਾਣ ਦਾ ਫੈਸਲਾ ਕਰ ਲਿਆ ਸੀ। ਅਸੀਂ ਪੰਜਾਬ ਤੋਂ ਸੈਂਕੜੇ ਮੀਲ ਦੂਰ ਕਿਸੇ ਅਣਦੱਸੀ ਥਾਂ ਜਾ ਟਿਕਾਣੇ ਲਾਏ ਜਿੱਥੇ ਪੰਜਾਬ ਦੀ ਹਵਾ ਸਾਡੇ ਤੱਕ ਪਹੁੰਚ ਹੀ ਨਹੀਂ ਸੀ ਸਕਦੀ। ਉਦੋਂ ਅੱਜ ਵਾਂਗ ਪੰਜਾਬ ਦੀ ਪਰਾਲੀ ਦਾ ਧੂੰਆਂ ਵੀ ਦਿੱਲੀ ਵੱਲ ਨੂੰ ਨਹੀਂ ਸੀ ਜਾਣ ਲੱਗਾ। ਡੀ ਟੀ ਸੀ ਦੀਆਂ ਬੰਦੇ ਮਾਰਨ ਲਈ ਮਸ਼ਹੂਰ ਹੋਈਆਂ ਲਾਲ ਰੰਗੀਆਂ ਬੱਸਾਂ ਦਾ ਕਾਲਾ ਧੂੰਆਂ ਆਥਣ ਵੇਲੇ ਦਿੱਲੀ 'ਤੇ ਆਕਾਸ਼ 'ਤੇ ਕਾਲੀ ਛੱਤਰੀ ਤਾਣ ਦਿੰਦਾ ਸੀ। ਅਸੀਂ ਆਪਣੇ ਲਈ ਰੁਜ਼ਗਾਰ ਦੀ ਤਾਲਾਸ਼ ਕਰਦੇ ਦਿਨ ਭਰ ਦਿੱਲੀ ਦੀਆਂ ਇਹਨਾਂ ਬੱਸਾਂ ਦਾ ਕਾਲਾ ਧੂੰਆਂ ਫੱਕਦੇ। ਦਿੱਲੀ ਦੀਆਂ ਸੜਕਾਂ ਦੀ ਰੇਤ ਛਾਣਦੇ ਵੱਖ ਵੱਖ ਹਸਪਤਾਲਾਂ 'ਚ ਨੌਕਰੀ ਲਈ ਅਪਲਾਈ ਕਰ ਆਉਂਦੇ। ਰੁਜ਼ਗਾਰ ਦੀ ਉਦੋਂ ਸਖ਼ਤ ਲੋੜ ਸੀ। ਘਰੋਂ ਲਿਆਂਦੇ ਪੈਸੇ ਦਿਨੋ ਦਿਨ ਬਰਫ ਵਾਂਗ ਖੁਰਦੇ ਜਾਂਦੇ ਸਨ। ਜਿਵੇਂ ਜਿਵੇਂ ਪੈਸੇ ਘਟਦੇ ਜਾਂਦੇ ਸਨ, ਤਿਵੇਂ ਤਿਵੇਂ ਚਿੰਤਾ ਵਧਦੀ ਜਾਂਦੀ ਸੀ।

ਭਟਕਣਾ ਦੇ ਇਹਨੀਂ ਦਿਨੀ ਡਾ: ਸਤਿੰਦਰ ਸਿੰਘ ਨੂਰ ਰੱਬ ਬਣਕੇ ਬਹੁੜਿਆ ਸੀ। ਪੰਜਾਬੀ ਅਕੈਡਮੀ ਵਿੱਚ ਨੌਕਰੀ ਹਾਸਲ ਕਰਨ ਲਈ ਉਹਨਾਂ ਦੀ ਸਹਾਇਤਾ ਮਿਲ ਗਈ ਸੀ। ਉਦੋਂ ਪ੍ਰੀਤਮ ਸਿੰਘ ਬਤਰਾ ਅਕਾਦਮੀ ਦੇ ਸਕੱਤਰ ਵਜੋਂ ਕੰਮ ਕਰਦੇ ਸਨ। ਡਾ: ਨੂਰ ਨੇ ਉਹਨਾਂ ਕੋਲ ਹੀ ਮੇਰੇ ਲਈ ਰੁਜ਼ਗਾਰ ਦੀ ਸਿਫਾਰਸ਼ ਕੀਤੀ ਸੀ।

ਸਕੱਤਰ ਸਾਹਿਬ ਦੇ ਆਖੇ ਮੈਂ ਆਪਣੀ ਗੁਲਾਬੀ ਜਿਹੀ ਅੰਗਰੇਜ਼ੀ 'ਚ ਅਰਜ਼ੀ ਲਿਖ ਦਿੱਤੀ। ਅਰਜ਼ੀ ਪੜ੍ਹਦਿਆਂ ਉਹ ਕੁੱਝ ਚਿਰ ਪੈੱਨ ਨਾਲ ਕੰਨ ਦੇ ਕੋਲ ਖੁਰਕ ਕਰਦਾ ਰਿਹਾ ਤੇ ਫੇਰ ਹੌਲੀ ਜਿਹੇ ਬੋਲਿਆ," ਤੁਹਾਡੀ ਅੰਗਰੇਜ਼ੀ 'ਤੇ ਪੂਰੀ ਪਕੜ ਨਹੀਂ ਹੈ।"

"ਜੀ ਸਰ!" ਮੈਨੂੰ ਨੌਕਰੀ ਦੀ ਆਸ ਜਾਂਦੀ ਦਿਖਾਈ ਦਿੱਤੀ।

"ਖੈਰ ਇਹ ਕੋਈ ਐਨਾ ਵੱਡਾ ਇਸ਼ੂ ਨਹੀਂ ਹੈ। ਅੰਗਰੇਜ਼ੀ ਚੀਜ਼ ਹੀ ਐਸੀ ਹੈ ਜਿਸਦੀ ਪੇਂਡੂ ਬੈਕਗਰਾਂਉਂਡ ਵਾਲਿਆਂ ਨਾਲ ਘੱਟ ਬਣਦੀ ਹੈ। ਹੌਲੀ ਹੌਲੀ ਪ੍ਰੈਕਟਿਸ ਨਾਲ ਇਮਪਰੂਵ ਹੋ ਜਾਊ। ਇਹ ਇਮਪਰੂਵ

ਕਰਨੀ ਜਰੂਰੀ ਵੀ ਹੋ ਜਾਂਦੀ। ਦਿੱਲੀ ਸਰਕਾਰ ਨਾਲ ਸਾਰਾ ਪੱਤਰ ਵਿਹਾਰ ਅੰਗਰੇਜ਼ੀ 'ਚ ਹੀ ਹੁੰਦਾ ਹੈ। ਬੱਟ ਤੁਸੀਂ ਬੇਫਿਕਰ ਰਹੋ। ਜਦੋਂ ਨੂਰ ਸਾਹਿਬ ਨੇ ਹੁਕਮ ਲਾਇਆ ਹੈ ਤਾਂ ਕੁੱਝ ਨਾ ਕੁੱਝ ਤਾਂ ਕਰਨਾ ਹੀ ਪਊ। ਤੁਸੀਂ ਡਾ: ਨੂਰ ਨਾਲ ਇਨਟੱਚ ਰਹਿਣਾ, ਅਸੀਂ ਉਹਨਾਂ ਨੂੰ ਫੋਨ ਕਰ ਦਿਆਂਗੇ।" ਬਤਰਾ ਸਾਹਿਬ ਨੇ ਆਖਿਆ ਤਾਂ ਮੈਂ ਸਹਿਮਤੀ 'ਚ ਆਪਣਾ ਸਿਰ ਹਿਲਾ ਦਿੱਤਾ।

ਪ੍ਰੀਤਮ ਸਿੰਘ ਬਤਰਾ ਵਲੋਂ ਭਰੇ ਹੁੰਗਾਰੇ ਸਦਕਾ ਮੈਨੂੰ ਔਖੇ ਦਿਨਾਂ ਦੇ ਲੰਘ ਜਾਣ ਦਾ ਭਰੋਸਾ ਹੋਣ ਲੱਗਾ। ਪੰਜਾਬ ਤੋਂ ਦਿੱਲੀ ਆਏ ਬਹੁਤ ਸਾਰੇ ਲੇਖਕਾਂ ਵਾਂਗ ਮੈਂ ਵੀ ਇਸ ਮਹਾਂਨਗਰ ਵਿੱਚ ਜ਼ਜ਼ਬ ਹੋ ਜਾਣ ਦੇ ਸੁਪਨੇ ਵੇਖਣ ਲੱਗਾ। ਪੰਜਾਬ ਮੇਰੇ ਤੋਂ ਬੜੀ ਦੂਰ ਰਹਿ ਜਾਵੇਗਾ। ਦਿੱਲੀ ਮਹਾਂਨਗਰੀ 'ਚ ਅਸੀਂ ਆਪਣੀ ਮਨਮਰਜ਼ੀ ਦੀ ਜਿੰਦਗੀ ਜਿਉਂ ਸਕਾਂਗੇ। ਮੈਨੂੰ ਦਿੱਲੀ ਰਹਿੰਦੇ ਗੁਰਬਚਨ ਸਿੰਘ ਭੁੱਲਰ, ਗੁਰਦੇਵ ਰੁਪਾਣਾ, ਨਛੱਤਰ ਤੇ ਅਜੀਤ ਕੌਰ ਵਰਗੇ ਨਾਮਵਰ ਲੇਖਕ ਚੇਤੇ ਆਏ। ਦਿੱਲੀ 'ਚ ਲੇਖਕਾਂ ਦੀਆਂ ਲੱਗਦੀਆਂ ਵੱਡੀਆਂ ਵੱਡੀਆਂ ਮਹਿਫਲਾਂ ਅੱਖਾਂ ਮੂਹਰੇ ਆਈਆਂ ਜਿਹੜੀਆਂ ਮੈਂ ਅਖਬਾਰਾਂ ਜਾਂ ਰਿਸਾਲਿਆਂ 'ਚੋਂ ਪੜ੍ਹਦਾ ਰਹਿੰਦਾ ਸਾਂ। ਲਾਲ ਕਿਲੇ ਤੋਂ ਲੈ ਕੇ ਪਾਰਲੀਮੈਂਟ ਦੀ ਗੋਲ ਇਮਾਰਤ ਤੱਕ ਮੇਰਾ ਜ਼ਿਹਨ ਮੱਲ ਖਲੋਤੇ।

ਪੰਜਾਬ ਤੋਂ ਬਾਹਰ ਸਾਡੇ ਟਿਕਾਣੇ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ। ਅਸੀਂ ਕਿਸੇ ਨੂੰ ਦੱਸਿਆ ਹੀ ਨਹੀਂ ਸੀ। ਜਿਸ ਤਰ੍ਹਾਂ ਦੇ ਹਾਲਾਤ ਸਨ, ਕਿਸੇ ਨੂੰ ਦੱਸਣਾ ਵਾਜ਼ਬ ਵੀ ਨਹੀਂ ਸੀ। ਅਸੀਂ ਇਸ ਮਾਮਲੇ 'ਚ ਪਹਿਲਾਂ ਹੀ ਬਥੇਰੇ ਦੁੱਖ ਭੋਗ ਲਏ ਸਨ। ਘਰ 'ਚ ਜੇ ਭੂਆ ਨੂੰ ਪਤਾ ਲੱਗ ਜਾਂਦਾ ਤਾਂ ਸਾਡੇ ਲਈ ਇੱਕ ਵਾਰ ਫੇਰ ਵੱਡੀ ਮੁਸੀਬਤ ਬਣ ਸਕਦੀ ਸੀ। ਹੋ ਸਕਦਾ ਜਾਨੀ ਨੁਕਸਾਨ ਹੋ ਜਾਂਦਾ। ਹੋ ਸਕਦਾ ਦੁਬਾਰਾ ਵਿਛੜ ਜਾਂਦੇ। ਫਿਰ ਤਾਂ ਮਿਲਣ ਦਾ ਕੋਈ ਸਬੱਬ ਵੀ ਨਹੀਂ ਸੀ ਬਚਣਾ।

ਇੱਕ ਦਿਨ ਆਥਣੇ ਜਿਹੇ ਅਸੀਂ ਪੰਜਾਬ ਦੇ ਹਾਲਾਤਾਂ ਦੀ ਸੂਹ ਲੈਣ ਲਈ ਤਰਸੇਮ ਨੂੰ ਫੋਨ ਕੀਤਾ ਸੀ।

"ਕਿੱਥੇ ਏਂ?"

"ਪੰਜਾਬ ਤੋਂ ਬਹੁਤ ਦੂਰ।"

"ਜਿੱਥੇ ਵੀ ਏਂ ਰਾਤੋ-ਰਾਤ ਪਿੰਡ ਪਹੁੰਚ ਜਾ। ਤੇਰੇ ਫਾਦਰ ਬਹੁਤ ਸੀਰੀਅਸ ਨੇ। ਸਮਝਲਾ ਤੈਨੂੰ ਹੀ ਉਡੀਕ ਰਹੇ ਆ।"

ਤਰਸੇਮ ਦੇ ਇੰਨ੍ਹਾ ਆਖਣ ਨਾਲ ਮੈਨੂੰ ਫੋਨ ਸੁਨਣਾ ਮੁਸ਼ਕਲ ਹੋ ਗਿਆ ਸੀ। ਅੱਗੇ ਉਹ ਕੀ ਆਖਦਾ ਰਿਹਾ ਮੈਨੂੰ ਕੁੱਝ ਸੁਣਾਈ ਨਾ ਦਿੱਤਾ। ਮੈਂ ਪੀ ਸੀ ਓ ਤੋਂ ਬਾਹਰ ਨਿਕਲਦਿਆਂ ਹੀ ਸਿਮਰ ਦੇ ਮੋਢੇ 'ਤੇ ਸਿਰ ਰੱਖ ਕੇ ਧਾਹਾਂ ਮਾਰਨ ਲੱਗਾ।

"ਪਾਪਾ ਜੀ ਨਹੀਂ ਹਨ।"

"ਆਏਂ ਕਿਉਂ ਸੋਚਦਾਂ ? ਕੁੱਝ ਨਹੀਂ ਹੁੰਦਾ ਪਾਪਾ ਜੀ ਨੂੰ। ਆਪਾਂ ਹੁਣੇ ਹੀ ਪਿੰਡ ਨੂੰ ਚੱਲ ਪੈਂਦੇ ਹਾਂ। ਉਹਨਾਂ ਨੂੰ ਪਟਿਆਲੇ ਲੈ ਆਵਾਂਗੇ। ਇੱਥੇ ਰਾਜਿੰਦਰਾ 'ਚ ਦਾਖਲ ਕਰਵਾ ਦਿਆਂਗੇ।" ਸਿਮਰ ਨੇ ਹੌਸਲਾ ਦਿੱਤਾ ਸੀ।

ਅਸੀਂ ਰਾਤੋ ਰਾਤ ਹੀ ਪਿੰਡ ਵੱਲ ਨੂੰ ਚਾਲੇ ਪਾ ਦਿੱਤੇ। ਸਾਰੇ ਰਾਹ ਅਸੀਂ ਪਾਪਾ ਜੀ ਨੂੰ ਪਟਿਆਲੇ ਲਿਆ ਕੇ ਰਾਜਿੰਦਰਾ ਹਸਪਤਾਲ 'ਚ ਦਾਖਲ ਕਰਾਉਣ ਦੀਆਂ ਸਕੀਮਾਂ ਘੜਦੇ ਰਹੇ। ਏਥੇ ਸਿਮਰ ਦੀ ਬਹੁਤ ਜ਼ਿਆਦਾ ਜਾਣ ਪਛਾਣ ਸੀ। ਰਾਜਿੰਦਰਾ ਤੋਂ ਹੀ ਉਸਨੇ ਆਪਣੀ ਟਰੇਨਿੰਗ ਕੀਤੀ ਸੀ। ਬੱਸ ਵਿੱਚ ਬੈਠਿਆਂ ਮੈਂ ਬਹੁਤ ਦੂਰ ਪਹੁੰਚਿਆ ਹੋਇਆ ਸਾਂ। ਕਦੇ ਕਦੇ ਮੈਨੂੰ ਜਾਪਦਾ ਜਿਵੇਂ ਪਾਪਾ ਜੀ ਹਸਪਤਾਲ ਦੇ ਬੈੱਡ 'ਤੇ ਬੇਹੋਸ਼ ਪਏ ਹੋਣ। ਕਦੇ ਉਹਨਾਂ ਦੀ ਸਿਵਿਆਂ 'ਚ ਬਲਦੀ ਹੋਈ ਚਿਖਾ ਦਿਖਾਈ ਦਿੰਦੀ। ਜੇ ਇੱਕ ਪਲ ਮਨ ਹੌਸਲਾ ਫੜ ਲੈਂਦਾ ਤਾਂ ਦੂਜੇ ਹੀ ਪਲ ਉਹਨਾਂ ਦੇ ਇਸ ਦੁਨੀਆਂ 'ਚ ਨਾ ਹੋਣ ਦਾ ਸੋਚ ਕੇ ਹੰਝੂਆਂ ਦੇ ਸਾਗਰ ਵਿੱਚ ਡੁੱਬਣ ਤਰਨ ਲੱਗਦਾ।

ਜੀਅ ਕਰਦਾ ਸੀ ਉੱਡ ਕੇ ਪਿੰਡ ਪਹੁੰਚ ਜਾਵਾਂ। ਮੈਨੂੰ ਪਾਪਾ ਜੀ ਦਾ ਗੁਸੈਲ ਚਿਹਰਾ ਘੂਰਦਾ ਨਜ਼ਰ



ਆਉਂਦਾ। ਕਦੇ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਬੁਰੜਾਉਂਦੇ ਤੇ ਮੈਨੂੰ ਆਵਾਜ਼ਾਂ ਮਾਰਦੇ ਦਿਖਾਈ ਦਿੰਦੇ। ਆਪਣੇ ਜਵਾਨ ਪੁੱਤਰ ਦੇ ਇੰਜ ਬਿਨ੍ਹਾ ਦੱਸਿਆਂ ਕਿਧਰੇ ਤੁਰ ਜਾਣ ਦੀ ਪੀੜ ਉਹਨਾਂ ਦੇ ਚਿਹਰੇ ਤੋਂ ਝਲਕਦੀ ਦਿਖਾਈ ਦਿੰਦੀ। ਮੈਂ ਆਪਣੇ ਅੰਦਰ ਅਜੀਬ ਤੋੜ ਭੰਨ ਕਰ ਰਿਹਾ ਸਾਂ। ਕੀ ਪਤਾ ਪਾਪਾ ਜੀ ਕੀ ਚੰਗਾ ਬੁਰਾ ਸੋਚ ਰਹੇ ਹੋਣਗੇ? ਕੀ ਪਤਾ ਦਿਮਾਗ 'ਤੇ ਕੀ ਬੋਝ ਪੈ ਗਿਆ ਹੋਊ? ਮੈਂ ਸਾਰੇ ਰਾਹ ਸੋਚਾਂ ਦੇ ਸਮੁੰਦਰ 'ਚ ਗੋਤੇ ਖਾਂਦਾ ਰਿਹਾ। ਸਿਮਰ ਮੋਢੇ ਨਾਲ ਲਾ ਕੇ ਚੁੱਪ ਕਰਾਉਂਦੀ ਰਹੀ। ਮੈਂ ਇਸ ਗੱਲੋਂ ਆਪਣੇ ਆਪ ਨੂੰ ਕੋਸ ਰਿਹਾ ਸਾਂ ਕਿ ਪਾਪਾ ਜੀ ਬਾਰੇ ਗੰਭੀਰਤਾ ਨਾਲ ਸੋਚਿਆ ਹੀ ਨਹੀਂ ਸੀ।

ਅਸੀਂ ਅਜੇ ਮੋਗੇ ਹੀ ਸਾਂ ਜਦੋਂ ਵਾਪਰ ਚੁੱਕੀ ਭਾਵੀ ਬਾਰੇ ਪਤਾ ਲੱਗ ਗਿਆ ਸੀ। ਬਾਪ ਤਾਂ ਕਈ ਦਿਨ ਪਹਿਲਾਂ ਹੀ ਬੜੇ ਲੰਮੇ ਸਫਰ 'ਤੇ ਨਿਕਲ ਚੁੱਕਾ ਸੀ ਜਿਸ ਸਫਰ ਤੋਂ ਕਦੇ ਵੀ ਕੋਈ ਵਾਪਸ ਨਹੀਂ ਮੁੜਦਾ। ਉਸਦੀ ਤਾਂ ਰਾਖ ਵੀ ਨੇੜਲੇ ਦਰਿਆ ਵਿੱਚ ਵਹਾਈ ਜਾ ਚੁੱਕੀ ਸੀ। ਮੈਂ ਹੁਣ ਉਹਨਾਂ ਨੂੰ ਮਹਿਜ਼ ਦੀਵਾਰ 'ਤੇ ਤਸਵੀਰ ਬਣਕੇ ਲਟਕਦਿਆਂ ਹੀ ਦੇਖ ਸਕਦਾ ਸਾਂ। ਭਾਰੀ ਭਰਕਮ ਦੇਹ ਵਾਲਾ ਬਾਪ ਘਰਦੀਆਂ ਸਾਰੀਆਂ ਜਿੰਮੇਵਾਰੀਆਂ ਤੋਂ ਮੁਕਤੀ ਪਾ ਗਿਆ ਸੀ। ਉਸਨੇ ਹੁਣ ਸਿਰਫ ਸਾਡੇ ਸੁਪਨਿਆਂ 'ਚ ਹੀ ਆਉਣਾ ਸੀ। ਹੁਣ ਉਸਨੇ "ਆਪਾਂ ਅਹਿ ਕਰਾਂਗੇ—ਹੁਣ ਆਪਾਂ ਔਹ ਕਰਾਂਗੇ।" ਵਰਗੀਆਂ ਸਕੀਮਾਂ ਕਦੇ ਨਹੀਂ ਸੀ ਘੜਨੀਆਂ।

ਜਿਉਂਦੇ ਜੀਅ ਉਹ ਬਹੁਤ ਸਕੀਮਾਂ ਘੜਦਾ ਰਹਿੰਦਾ ਜਿੰਨ੍ਹਾਂ 'ਚੋਂ ਮੁਸ਼ਕਲ ਨਾਲ ਇੱਕ ਅੱਧ ਪੂਰੀ ਹੋ ਸਕਦੀ ਹੁੰਦੀ। ਬਹੁਤੀਆਂ ਸਕੀਮਾਂ ਸਾਡੀ ਪਹੁੰਚ ਤੋਂ ਬਾਹਰ ਹੀ ਹੁੰਦੀਆਂ। ਮੈਨੂੰ ਉਸਦੀਆਂ ਹਵਾਈ ਸਕੀਮਾਂ ਸੁਣਕੇ ਗੁੱਸਾ ਵੀ ਆਉਂਦਾ। ਉਹ ਅਜਿਹੀਆਂ ਸਕੀਮਾਂ ਆਂਡ-ਗੁਆਂਢ ਨਾਲ ਵੀ ਸਾਂਝੀਆਂ ਕਰਨ ਬਹਿ ਜਾਂਦਾ। ਕਦੇ ਆਖਦਾ, "ਰੀਟਾਇਰਮੈਂਟ 'ਤੇ ਜੀਪ ਲੈ ਆਉਣੀ ਐ।" ਕਦੇ ਘਰਦੇ ਜੀਆਂ ਦੇ ਵਤੀਰੇ ਤੋਂ ਦੁੱਖੀ ਹੋ ਕੇ ਪੋਤਿਆਂ ਨੂੰ ਬੁੱਕਲ 'ਚ ਲੈ ਕੇ ਐਲਾਨ ਕਰਦਾ, "ਸ਼ਹਿਰ ਰਹਿਣ ਲੱਗ ਜਾਣਾ ਲਵੀ ਸ਼ਨੀ ਨੂੰ ਲੈ ਕੇ। ਤੁਸੀਂ ਖਾਇਓ ਇੱਥੇ ਧੱਕੇ।" ਲਵੀ ਤੇ ਸ਼ਨੀ ਮੇਰੇ ਛੋਟੇ ਭਰਾ ਦੇ ਜਵਾਕ ਸਨ। ਕਦੇ ਕੁੱਝ ਹੋਰ ਆਖਦਾ। ਕਈ ਵਾਰ ਗਲੀ ਮੁਹੱਲੇ ਵਾਲੇ ਸਾਨੂੰ ਛੇੜਨ ਲੱਗ ਜਾਂਦੇ, "ਜੀਪ ਕਦੋਂ ਲਿਆਉਣੀ ਐ ਫਿਰ? ਮਹਿੰਦਰਾ ਲਿਆਉਣੀ ਕਿ ਫੌਜ 'ਚੋਂ ਨਿਲਾਮੀ ਆਲੀ?"

"ਥੋਨੂੰ ਕੌਣ ਕਹਿੰਦਾ ਅਸੀਂ ਜੀਪ ਲਿਆਉਣੀ ਐ?"

"ਥੋਡਾ ਭਾਪਾ ਈ ਆਂਹਦਾ। ਉਹਨੇ ਤਾਂ ਸਾਰੇ ਪਿੰਡ 'ਚ ਰੌਲਾ ਪਾਇਆ ਹੋਇਆ।"

"ਪਾਪੇ ਨੂੰ ਪਤਾ ਹੋਊ ਜਾਂ ਥੋਨੂੰ ਪਤਾ ਹੋਊ ਜਿਨ੍ਹਾਂ ਨਾਲ ਗੁਰਮਤੇ ਕਰਦਾ। ਸਾਨੂੰ ਤਾਂ ਪਤਾ ਨ੍ਹੀ ਕਿਸੇ ਗੱਲ ਦਾ।" ਅਸੀਂ ਚਿੜ੍ਹ ਜਾਂਦੇ।

ਹੁਣ ਸਕੀਮਾਂ ਘੜ੍ਹਨ ਵਾਲਾ ਬਾਪ ਇਸ ਦੁਨੀਆਂ 'ਤੇ ਨਹੀਂ ਸੀ ਰਿਹਾ। ਮੈਂ ਘਰਦੇ ਕਮਰਿਆਂ 'ਚੋਂ ਕਮਲਿਆਂ ਵਾਂਗ ਬਾਪ ਨੂੰ ਭਾਲਦਾ ਫਿਰਦਾ ਸਾਂ। ਮੈਨੂੰ ਵਾਰ ਵਾਰ ਭੁਲੇਖਾ ਪੈਂਦਾ ਜਿਵੇਂ ਉਸ ਨੇ ਘਰ ਦੇ ਕਿਸੇ ਖੂੰਝੇ 'ਚੋਂ ਆਵਾਜ਼ ਮਾਰੀ ਹੋਵੇ, "ਆ ਗਿਆਂ? ਦੱਸ ਤਾਂ ਜਾਂਦਾ ਜਾਣ ਲੱਗਾ। ਕੁੱਛ ਦੇ ਕੇ ਈ ਤੋਰਦਾ? ਚੱਲ ਚੰਗਾ ਕੀਤਾ ਆ ਗਿਆਂ। ਹੁਣ ਫਿਕਰ ਨਾ ਕਰੀਂ। ਰਾਹ 'ਤੇ ਬੈਠਕ ਪਾ ਲਵਾਂਗੇ। ਸਿਮਰ ਨੂੰ ਕਲੀਨਿਕ ਖੋਲ੍ਹ ਦਿਆਂਗੇ। ਟੌਪ ਦਾ ਕੰਮ ਚੱਲੂ।"

ਚੰਗੇ ਮੂਡ 'ਚ ਆਇਆ ਉਹ ਮੇਰੇ ਨਾਲ ਐਹੋ ਜਿਹੀਆਂ ਗੱਲਾਂ ਕਰ ਲੈਂਦਾ ਸੀ।

ਹੁਣ ਅਜਿਹਾ ਕੁੱਝ ਵੀ ਨਹੀਂ ਸੀ ਹੋਣਾ। ਸਭ ਧਰਿਆ ਧਰਾਇਆ ਰਹਿ ਜਾਵੇਗਾ। ਕਿੰਨਾ ਕੁੱਝ ਗੁਆਚ ਗਿਆ ਸੀ ਮੈਥੋਂ। ਆਪਣੇ ਅੰਦਰਲੇ ਐਨੇ ਵੱਡੇ ਖਲਾਅ ਨੂੰ ਕਿਵੇਂ ਭਰ ਸਕਾਂਗਾ? ਕਾਸ਼! ਮੈਂ ਬਾਪ ਦਾ ਆਖਰੀ ਵਾਰ ਮੂੰਹ ਵੇਖ ਲਿਆ ਹੁੰਦਾ। ਉਸਦੀ ਛਾਤੀ ਨਾਲ ਲੱਗ ਕੇ ਆਪਣੇ ਅੰਦਰਲੇ ਦਰਦ ਨੂੰ ਹੰਝੂਆਂ ਦੇ ਰੂਪ 'ਚ ਪਿਘਲਾ ਕੇ ਬਾਹਰ ਕੱਢ ਲਿਆ ਹੁੰਦਾ ਤਾਂ ਮੇਰੇ ਅੰਦਰ ਗਮ ਦਾ ਗੋਲਾ ਨਾ ਬੱਝਦਾ। ਜੇ ਆਪਣੇ ਹੱਥੀਂ ਬਾਪ ਦੀ ਚਿਖਾ ਨੂੰ ਅਗਨੀ ਵਿਖਾਈ ਹੁੰਦੀ ਤਾਂ ਹੁਣ ਕਮਲਿਆਂ ਵਾਂਗ ਉਸਨੂੰ ਏਧਰ-ਓਧਰ ਨਾ

ਟੋਲਦਾ।

ਮੈਂ ਤਾਂ ਖੁੱਲ੍ਹ ਕੇ ਰੋ ਵੀ ਨਹੀਂ ਸੀ ਸਕਦਾ। ਗਹੁ ਨਾਲ ਝਾਕਦੀਆਂ ਨਿਗਾਹਾਂ ਮੈਨੂੰ ਘੂਰਦੀਆਂ ਜਾਪਦੀਆਂ, "ਵੇਖ ਕਿਵੇਂ ਖੇਖਣ ਕਰਦਾ। ਉਦੋਂ ਸੋਚਿਆ ਨ੍ਹੀ ਪਿਛਲਿਆਂ ਦਾ ਕੀ ਬਣੂ। ਪਤਾ ਨ੍ਹੀ ਕਿੱਥੇ ਟਿੱਭ ਗਿਆ ਸੀ ਬਿਗਾਨੀ ਧੀਅ ਨੂੰ ਲੈ ਕੇ। ਬਾਵਾ ਸਿਹੁੰ ਦਾ ਤਾਂ ਦਿਲ ਈ ਪੁੱਛਿਆ ਜਾਣਦਾ ਹੋਊ। ਸੌ ਚੰਗੀਆਂ ਮਾੜੀਆਂ ਸੋਚਾਂ ਡਮਾਕ 'ਚ ਆਉਂਦੀਆਂ ਹੋਣਗੀਆਂ ਵਈ ਕਿਸੇ ਨੇ ਮਾਰ ਕੇ ਈ ਨਾ ਖਪਾਤਾ ਹੋਵੇ। ਜਵਾਨ ਪੁੱਤ ਘਰੋਂ ਗੈਬ ਹੋ ਜੇ ਮਾਂ-ਬਾਪ ਨੂੰ ਚੈਨ ਆਉਂਦੀ ਕਿਤੇ? ਕੀ ਪਤਾ ਅੰਦਰੇ ਅੰਦਰ ਏਹੀ ਹਾਉਂਕਾ ਖਿੱਚ ਗਿਆ ਹੋਵੇ।"

ਕਦੇ ਮੇਰਾ ਜੀਅ ਕਰਦਾ ਭਰਾਵਾਂ ਜਾਂ ਹੋਰ ਕਿਸੇ ਰਿਸ਼ਤੇਦਾਰ ਨੂੰ ਪੁੱਛਾਂ, "ਪਾਪਾ ਜੀ ਮੈਨੂੰ ਯਾਦ ਨ੍ਹੀ ਸੀ ਕਰਦੇ?" ਪਰ ਪੁੱਛ ਨਾ ਸਕਦਾ। ਪੁੱਛਦਾ ਵੀ ਕਿਵੇਂ? ਮੈਨੂੰ ਪਾਪਾ ਜੀ ਦੇ ਪਲ 'ਚ ਤੋਲਾ ਤੇ ਪਲ 'ਚ ਮਾਸਾ ਹੋ ਜਾਣ ਵਾਲੇ ਸੁਭਾਅ ਦਾ ਪਤਾ ਸੀ। ਉਹ ਉਭਾਸਰ ਕੇ ਕਿਸੇ ਨੂੰ ਕੁੱਝ ਨਹੀਂ ਸੀ ਕਹਿੰਦੇ ਪਰ ਅੰਦਰੇ ਅੰਦਰ ਘੁੱਲਦੇ ਜਰੂਰ ਰਹਿੰਦੇ। ਮੇਰੇ ਮਾਮਲੇ 'ਚ ਵੀ ਉਹ ਅੰਦਰ ਹੀ ਅੰਦਰ ਤੜਫਦੇ ਰਹੇ ਹੋਣਗੇ। ਮੈਂ ਅਜਿਹਾ ਮਹਿਸੂਸ ਕਰ ਰਿਹਾ ਸਾਂ।

ਇੰਜ ਬੜੀ ਵੱਡੀ ਕੀਮਤ ਤਾਰ ਕੇ ਮੈਂ ਤੇ ਸਿਮਰ ਇਕੱਠੇ ਹੋਏ ਸਾਂ। ਘਰਦਾ ਮਾਹੌਲ ਖਿਚਾਅ ਭਰਿਆ ਸੀ। ਭਰਾ ਤੇ ਖਾਸ ਕਰ ਭਰਜਾਈਆਂ ਘੁੱਟੀਆਂ ਘੁੱਟੀਆਂ ਫਿਰਦੀਆਂ। ਪਿੰਡ ਰਹਿੰਦੀ ਭੂਆ ਨੇ ਅੱਗ 'ਤੇ ਫੂਸ ਪਾਇਆ ਹੋਇਆ ਸੀ। ਉਸ ਨੇ ਮੇਰੇ ਖਿਲਾਫ਼ ਸਾਰਿਆਂ ਨੂੰ ਭੜਕਾ ਦਿੱਤਾ ਹੋਇਆ ਸੀ। ਉਹ ਪਹਿਲਾਂ ਤੋਂ ਹੀ ਦਿਲ ਲੂਹਣ ਵਾਲੀਆਂ ਸੜੀਆਂ-ਭੁੱਜੀਆਂ ਗੱਲਾਂ ਕਰਨ ਦੀ ਆਦੀ ਰਹੀ ਹੈ। ਉਸਦੇ ਸੜੀਅਲ ਸੁਭਾਅ ਨੇ ਅੱਧੇ ਪਿੰਡ ਨੂੰ ਵਖ਼ਤ ਪਾਇਆ ਹੋਇਆ ਸੀ। ਉਹ ਪੁਰਾਣੀਆਂ ਹਿੰਦੀ ਫਿਲਮਾਂ ਦੀ ਖਲਨਾਇਕਾ ਵਾਂਗ ਹਰ ਵੇਲੇ ਅੱਗ ਮਚਾਈ ਰੱਖਦੀ। ਆਪਣੇ ਨੰਬਰ ਬਣਾਉਣ ਲਈ ਉਹ ਸ਼ਰੀਕੇ 'ਚੋਂ ਭਰਾ ਲੱਗਦੇ ਇੱਕ ਕਾਂਗਰਸੀ ਆਗੂ ਨੂੰ ਸਾਡੇ ਖਿਲਾਫ਼ ਭੜਕਾਉਂਦੀ ਰਹਿੰਦੀ ਤੇ ਬਿਨਾ ਵਜਾ ਸਾਡੇ ਨਾਲ ਵੈਰ ਪਵਾਈ ਰੱਖਦੀ। ਲੰਮਾ ਸਮਾਂ ਇਹ ਆਗੂ ਸਾਡੀ ਜਾਨ ਦਾ ਵੈਰੀ ਬਣਿਆ ਰਿਹਾ। ਭੂਆ ਨੇ ਉਸਦੇ ਦਿਮਾਗ 'ਚ ਕੁੱਟ ਕੁੱਟ ਕੇ ਭਰ ਦਿੱਤਾ ਕਿ ਅਸੀਂ ਉਸਦੀ ਚੋਣਾਂ 'ਚ ਮੱਦਦ ਨਹੀਂ ਕੀਤੀ। ਇਹ ਗੱਲ ਦਰੁਸਤ ਨਹੀਂ ਸੀ। ਸਾਡੇ ਸਾਰੇ ਪਰਿਵਾਰ ਨੇ ਹੀ ਉਸਦੇ ਇਲੈਕਸ਼ਨ ਸਮੇਂ ਦਿਨ ਰਾਤ ਇੱਕ ਕੀਤਾ ਸੀ। ਭੂਆ ਦੀ ਸੀਖ ਕਰਕੇ ਇਹ ਨੇਤਾ ਸਾਡਾ ਹਰ ਸਮੇਂ ਕੋਈ ਨਾ ਕੋਈ ਉੱਧਮੂਲ ਖੜ੍ਹਾ ਕਰੀ ਰੱਖਦਾ।

ਭੂਆ ਦੀ ਸਾਰੀ ਉਮਰ ਬੀਬੀ ਨਾਲ ਨਹੀਂ ਸੀ ਬਣੀ। ਬੀਬੀ ਨੂੰ ਜਿਉਂਦੇ ਜੀਅ ਟਿੰਡੀ ਦੇ ਬੀਅ 'ਤੇ ਚੜ੍ਹਾਈ ਰੱਖਣ ਵਾਲੀ ਭੂਆ ਹੁਣ ਘਰ ਦੀ ਮਾਲਕਣ ਬਣ ਗਈ। ਆਪਣੇ ਹੁਨਰ ਨਾਲ ਉਸਨੇ ਭਤੀਜਿਆਂ ਤੇ ਭਤੀਜ ਨੂੰਹਾਂ ਨੂੰ ਉਂਗਲਾਂ 'ਤੇ ਚੜ੍ਹਾ ਲਿਆ ਸੀ। ਮੇਰੇ ਮੂੰਹ 'ਤੇ ਭਾਵੇਂ ਮਿੱਠੀ ਮੋਮਣੀ ਬਣ ਜਾਂਦੀ ਪਰ ਅੱਗੋਂ ਪਿੱਛੋਂ ਸਿਮਰ ਨੂੰ ਬੁਰਾ ਭਲਾ ਬੋਲਦੀ ਤੇ ਘਤੂਸਾਂ ਛੱਡਦੀ, "ਕੀ ਲੋੜ ਸੀ ਥੋਨੂੰ ਵਿਆਹ ਕਰਾਉਣ ਦੀ? ਫਿਰ ਤੁਰ ਲਿਆ ਸੀ ਠੀਕ ਸੀ। ਅਸੀਂ ਤਾਂ ਆਵਦੀ ਮਰਜ਼ੀ ਨਾਲ ਵਿਆਹ ਕਰਨਾ ਸੀ ਆਵਦੇ ਮੁੰਡੇ ਦਾ। —-ਆਵਦੀ ਭਤੀਜੀ ਦੇ ਰਿਸ਼ਤੇ ਲਈ ਜੋਰ ਲਾਉਂਦੀ ਸੀ। ਵਾਧੂ ਦਾਜ ਦਹੇਜ ਦੇਣਾ ਸੀ ਅਗਲਿਆਂ ਨੇ।" ਭੂਆ ਲਾ ਲਾ ਕੇ ਦਿਲ ਭੁੰਨਣ ਵਾਲੀਆਂ ਗੱਲਾਂ ਕਰਦੀ। ਉਸਦੀ ਰੀਸੇ ਭਰਜਾਈਆਂ ਵੀ ਮਾਂ ਬਾਪ ਛੱਡ ਕੇ ਆ ਗਈ ਸਿਮਰ ਨਾਲ ਹਮਦਰਦੀ ਕਰਨ ਦੀ ਬਜਾਏ ਜ਼ਿਦਾਂ ਕਰਦੀਆਂ ਜਿਸ ਕਰਕੇ ਉਸਦਾ ਸੁਭਾਅ ਚਿੜਚਿੜਾ ਹੁੰਦਾ ਜਾਂਦਾ ਸੀ। ਸਿਮਰ ਕਈ ਵਾਰ ਮੇਰੇ ਨਾਲ ਉੱਚਾ ਨੀਵਾਂ ਹੋ ਜਾਂਦੀ। ਘਰਦਾ ਮਾਹੌਲ ਖਰਾਬ ਰਹਿਣ ਲੱਗਾ।

ਘਰਦਿਆਂ ਦਾ ਅਭੱਦਰ ਵਤੀਰਾ ਸਿਮਰ ਨੂੰ ਪਾਗਲਪਨ ਵੱਲ ਧੱਕਦਾ ਜਾ ਰਿਹਾ ਸੀ। ਕਵਿਤਾਵਾਂ ਦੀ ਥਾਂ ਰੋਣ ਕੁਰਲਾਣ ਨੇ ਲੈ ਲਈ ਸੀ। ਦਰਅਸਲ ਭੂਆ ਦੀ ਮਨਸ਼ਾ ਸਿਮਰਜੀਤ ਨੂੰ ਤੰਗ ਕਰਕੇ ਭਜਾਉਣ ਦੀ ਸੀ। ਉਹ ਪਹਿਲੇ ਦਿਨੋ ਹੀ ਅਜਿਹਾ ਕਰਦੀ ਆਈ ਸੀ। ਸਿਮਰਜੀਤ ਤੋਂ ਮੇਰਾ ਖਹਿੜਾ ਛੁਡਾਉਣ ਲਈ ਤਾਂ ਉਸਨੇ ਕਿਸੇ ਬੂਬਨੇ ਸਾਧ ਤੋਂ ਤਾਵੀਜ਼ ਵੀ ਕਰਾ ਕੇ ਮੇਰੇ ਕਮਰੇ ਦੇ ਪੱਖੇ ਨਾਲ ਲਟਕਾਇਆ ਸੀ। ਇੱਕ



ਦਿਨ ਅਚਾਨਕ ਲੰਮੇ ਪਿਆ ਮੇਰੀ ਨਿਗਾਹ ਇੱਸ ਤਾਵੀਜ਼ 'ਤੇ ਚਲੇ ਗਈ ਸੀ। ਮੈਂ ਭੂਆ ਤੋਂ ਇਸ ਤਾਵੀਜ਼ ਬਾਰੇ ਪੁੱਛਿਆ ਤਾਂ ਉਹ ਪਾਣੀ ਜਿਹਾ ਗੰਧਾਲਣ ਲੱਗੀ। ਉਹ ਪੋਚੇ ਮਾਰਨ ਲੱਗੀ ਸੀ, "ਇਹ ਤਾਂ ਕਿਸੇ ਸਾਧ ਨੇ ਥੋਡੇ ਭਾਪੇ ਨੂੰ ਦਿੱਤਾ ਸੀ ਜਦੋਂ ਥੋਡੀ ਬੀਬੀ ਜ਼ਿਆਦਾ ਬਿਮਾਰ ਸੀ।" ਪਰ ਮੈਂ ਅਸਲੀਅਤ ਜਾਣਦਾ ਸਾਂ।

"ਭੂਆ! ਲਾ ਲਉ ਜਿੰਨ੍ਹਾ ਜੋਰ ਲੱਗਦਾ। ਕਰਲੋ ਜਿੰਨੇ ਯਤਨ ਹੁੰਦੇ। ਜੇ ਇਸ ਘਰ ਦੀ ਨੂੰਹ ਬਣੂ ਤਾਂ ਸਿਮਰ, ਨਹੀਂ ਹੋਰ ਕੋਈ ਨ੍ਹੀ ਇਸ ਕਮਰੇ 'ਚ ਆਉਂਦੀ। ਨਾਲੇ ਹੋਰ ਸੁਣਲਾ, ਮੈਂ ਇਹ ਤਾਵੀਜ਼ ਲਾਹੁਣਾ ਨ੍ਹੀ। ਇਹ ਏਸੇ ਤਰ੍ਹਾਂ ਲਟਕਦਾ ਰਹੂ। ਵੇਹਨੇ ਆਂ ਤੇਰੇ ਬੂਬਨੇ ਸਾਧ ਦੇ ਤਾਵੀਜ਼ 'ਚ ਜ਼ਿਆਦਾ ਸ਼ਕਤੀ ਐ ਕਿ ਸਾਡੇ ਪਿਆਰ 'ਚ। ਵੇਹਨੇ ਆਂ ਭਲਾ ਕੌਣ ਜਿੱਤਦਾ।"

ਵੱਡੀ ਭੂਆ ਵੀ ਪਿੰਡ ਰਹਿੰਦੀ ਆਪਣੀ ਇਸ ਭੈਣ ਦੀਆਂ ਗੱਲਾਂ 'ਚ ਆ ਗਈ ਸੀ। ਉਹ ਵੀ ਮੇਰੇ ਛੋਟੇ ਭਰਾ ਨੂੰ ਭੜਕਾ ਦਿੰਦੀ, "ਗੁਰਮੀਤ ਦਾ ਫਰਜ਼ ਬਣਦਾ ਸੀ ਪਹਿਲਾਂ ਤੈਨੂੰ ਸੈੱਟ ਕਰਦਾ। ਉਹਨੂੰ ਤਾਂ ਆਵਦਾ ਵਿਆਹ ਕਰਾਉਣ ਦੀ ਪੈਗੀ।" ਇਹ ਭਰਾ ਮੇਰੇ ਤੋਂ ਕਈ ਵਰ੍ਹੇ ਪਹਿਲਾਂ ਵਿਆਹਿਆ ਜਾ ਚੁੱਕਾ ਸੀ ਤੇ ਉਸਦੇ ਦੋ ਛੋਟੇ ਛੋਟੇ ਜੁਆਕ ਵੀ ਸਨ। ਅਜਿਹੀਆਂ ਗੱਲਾਂ ਕਰਦੀ ਭੂਆ ਮੇਰੀ ਬੇਰੁਜ਼ਗਾਰੀ ਬਾਰੇ ਭੁੱਲ ਜਾਂਦੀ ਸੀ।

"ਲੈ ਕੀ ਫਰਕ ਪੈ ਜਾਂਦਾ ਜੇ ਤੈਨੂੰ ਦੋ ਲੱਖ ਲਾ ਕੇ ਟੈਂਪੂ ਪਾ ਦਿੰਦਾ।" ਪਿੰਡ ਵਾਲੀ ਕਾਰਜ ਮੁਖਤਿਆਰ ਭੂਆ ਕਿਵੇਂ ਪਿੱਛੇ ਰਹਿੰਦੀ। ਉਹਦੀ ਚੁੱਕ 'ਚ ਆਇਆ ਛੋਟਾ ਭਰਾ ਗਾਹਲਾਂ ਕੱਢਦਾ ਤੇ ਖਰੂਦ ਕਰਨ ਲੱਗਦਾ। ਕਈ ਵਾਰ ਭੂਆ ਸਾਡੀਆਂ ਲੋੜ ਵਾਲੀਆਂ ਚੀਜਾਂ ਹੀ ਲੁਕਾ ਦਿੰਦੀ। ਉਸਨੇ ਸਿਮਰ ਦਾ ਸੂਟ ਚੁੱਕ ਕੇ ਰਿਸ਼ਤੇਦਾਰੀ 'ਚ ਕਿਸੇ ਕੁੜੀ ਨੂੰ ਦੇ ਦਿੱਤਾ। ਇਹ ਸੂਟ ਸਿਮਰ ਨੇ ਬੜੀ ਰੀਝ ਨਾਲ ਸੁਆਇਆਂ ਸੀ। ਉਸ ਕੋਲ ਸੀ ਵੀ ਗੁਜ਼ਾਰੇ ਜੋਗੇ ਤਿੰਨ ਕੁ ਸੂਟ। ਮੇਰੀ ਇੱਕ ਪੈਂਟ ਵੀ ਉਸਨੇ ਆਪਣੀ ਪੇਟੀ 'ਚ ਲੁਕਾ ਲਈ ਜੋ ਮੈਂ ਲੜ ਕੇ ਕਢਵਾ ਲਈ। ਉਹ ਹਰ ਹਾਲਤ ਸਾਨੂੰ ਜ਼ਲੀਲ ਕਰਨ 'ਤੇ ਉਤਾਰੂ ਸੀ।

ਅਸੀਂ ਤਾਂ ਘਰੇਲੂ ਹਾਲਾਤਾਂ ਦੀ ਵਜ੍ਹਾ ਨਾਲ ਪਹਿਲਾਂ ਹੀ ਚੱਕੀ ਦੇ ਪੁੜਾਂ ਵਿਚਾਲੇ ਫਸੇ ਪਏ ਸਾਂ, ਉੱਤੋਂ ਪਿੰਡ ਦੀਆਂ ਕੰਧਾਂ 'ਤੇ ਧਮਕੀ ਭਰੇ ਪੱਤਰ ਲੱਗਣ ਲੱਗੇ ਸਨ। ਇੰਜ ਲੱਗਦਾ ਸੀ ਜਿਵੇਂ ਗਲੀਆਂ ਦੇ ਕੱਖ ਵੀ ਵੈਰੀ ਬਣ ਗਏ ਹੋਣ।

ਸਿਮਰਜੀਤ ਦੀ ਡਿਊਟੀ ਫਰੀਦਕੋਟ ਮੈਡੀਕਲ ਕਾਲਜ ਤੇ ਹਸਪਤਾਲ ਦੇ ਉਪਰੇਸ਼ਨ ਵਾਰਡ 'ਚ ਸੀ। ਡਿਊਟੀ ਸਵੇਰੇ ਅੱਠ ਵਜੇ ਸ਼ੁਰੂ ਹੁੰਦੀ। ਪੋਹ ਮਾਘ ਦੇ ਧੁੰਦ ਤੇ ਕੋਰੇ ਵਾਲੇ ਦਿਨਾਂ 'ਚ ਮੈਂ ਉਸਨੂੰ ਸਵੇਰੇ ਪੰਜ ਵਜੇ ਸਕੂਟਰ 'ਤੇ ਮੋਗੇ ਛੱਡ ਕੇ ਆਉਂਦਾ ਜਿੱਥੋਂ ਉਹ ਬੱਸ ਫੜ ਕੇ ਫਰੀਦਕੋਟ ਜਾਂਦੀ। ਉਪਰੇਸ਼ਨ ਥੀਏਟਰ 'ਚ ਸਾਰੀ ਦਿਹਾੜੀ ਖੜੀ ਲੱਤ ਡਿਊਟੀ ਕਰਕੇ ਦੇਰ ਰਾਤ ਤੱਕ ਘਰ ਪਰਤਦੀ। ਉਸਦੇ ਜਾਣ ਬਾਅਦ ਮੈਂ ਚਿੰਤਾ 'ਚ ਘਿਰ ਜਾਂਦਾ। ਜਦੋਂ ਤੱਕ ਉਹ ਘਰ ਨਾ ਆ ਜਾਂਦੀ, ਦਿਲ ਡਰ ਨਾਲ ਧੜਕਦਾ ਰਹਿੰਦਾ।

ਇਹਨਾਂ ਦਿਨਾਂ 'ਚ ਅਖ਼ਬਾਰ ਪੜ੍ਹਨ ਤੋਂ ਵੀ ਡਰ ਲੱਗਣ ਲੱਗ ਪਿਆ ਸੀ। ਅਖਬਾਰ 'ਚ ਔਨਿਰ ਕਿਲਿੰਗ ਦੀ ਕੋਈ ਨਾ ਕੋਈ ਖਬਰ ਛਪੀ ਹੀ ਹੁੰਦੀ। ਮੈਂ ਕਾਹਲੀ ਕਾਹਲੀ ਅਖਬਾਰ ਦਾ ਅਗਲਾ ਪੰਨਾ ਪਲਟ ਦਿੰਦਾ। ਅਜਿਹੀ ਖ਼ਬਰ ਧੁਰ ਅੰਦਰ ਤੱਕ ਹਿਲਾ ਜਾਂਦੀ। ਆਪਣੇ ਜਾਂ ਸਿਮਰ ਨਾਲ ਵਾਪਰ ਜਾਣ ਵਾਲੀ ਕਿਸੇ ਬੁਰੀ ਘਟਨਾ ਦਾ ਖਿਆਲ ਆਉਂਦਾ ਰਹਿੰਦਾ। ਸਾਰਾ ਦਿਨ ਅਖਬਾਰ ਦੀ ਖਬਰ 'ਚ ਹੀ ਉਲਝਿਆ ਰਹਿੰਦਾ। ਕਿਸੇ ਵੀ ਕਿਸਮ ਦੀ ਅਨਹੋਣੀ ਤੋਂ ਬਚਣ ਦੀਆਂ ਸਕੀਮਾਂ ਭੰਨਦਾ-ਘੜਦਾ ਰਹਿੰਦਾ। ਦਿਮਾਗ ਦੀ ਸਾਰੀ ਸੋਚ ਜਿਵੇਂ ਇੱਕ ਥਾਂ ਹੀ ਜੰਮ ਕੇ ਰਹਿ ਗਈ ਸੀ।

ਸਿਮਰ ਘਰ ਆਉਂਦੀ ਤਾਂ ਜਾਨ 'ਚ ਜਾਨ ਆਉਂਦੀ। ਦੇਰ ਰਾਤ ਤੱਕ ਉਸਦੇ ਹੱਥਾਂ ਨੂੰ ਆਪਣੇ ਹੱਥਾਂ 'ਚ ਲੈ ਕੇ ਪਲੋਸਦਾ। ਆਪਣੀ ਮਾਨਸਿਕ ਹਾਲਤ ਉਸ ਅੱਗੇ ਜਾ ਨਹੀਂ ਸੀ ਕਰ ਸਕਦਾ। ਉਸਦੇ ਅੰਦਰ ਚੱਲ ਰਹੀ ਟੁੱਟ ਭੱਜ ਨੂੰ ਸਮਝਦਾ ਜ਼ਰੂਰ ਸਾਂ ਪਰ ਕਰ ਕੁੱਝ ਨਹੀਂ ਸੀ ਸਕਦਾ। ਉਸਦੇ ਪੀਲੇ ਪੈਂਦੇ ਜਾ ਰਹੇ ਰੰਗ ਨੇ ਚਿਹਰੇ ਦੀ ਲਿਸ਼ਕ ਧੁੰਦਲੀ ਕਰ ਦਿੱਤੀ ਸੀ। ਉਹ ਹੱਡੀਆਂ ਦੀ ਮੁੱਠ ਬਣਦੀ ਜਾ ਰਹੀ ਸੀ।

ਨਿੱਤ ਆਉਣ ਜਾਣ ਦੇ ਝੰਜਟ ਤੋਂ ਖਹਿੜਾ ਛੁਡਾਉਣ ਲਈ ਸਿਮਰ ਨੇ ਵਰਕਿੰਗ ਵੋਮੈਨ ਹੋਸਟਲ 'ਚ

ਕਮਰਾ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ। ਉਹ ਦੂਜੇ ਤੀਜੇ ਦਿਨ ਘਰ ਆ ਜਾਂਦੀ। ਜਿਸ ਦਿਨ ਉਸਨੇ ਨਾ ਆਉਣਾ ਹੁੰਦਾ, ਉਹ ਮੈਨੂੰ ਦੱਸ ਜਾਂਦੀ। ਉਸ ਦਿਨ ਮੈਂ ਉਸਦੀ ਉਡੀਕ ਨਾ ਕਰਦਾ। ਇੱਕ ਦਿਨ ਸੱਤ ਵਜੇ ਵਾਲੀ ਆਖੀਰਲੀ ਬੱਸ ਵੀ ਲੰਘ ਗਈ ਪਰ ਉਹ ਨਾ ਆਈ। ਮੈਨੂੰ ਹੱਥਾਂ ਪੈਰਾਂ ਦੀ ਪੈ ਗਈ। ਮੈਨੂੰ ਇੱਕ ਪਲ ਵੀ ਲੰਘਾਉਣਾ ਔਖਾ ਹੋ ਗਿਆ। ਦਿਮਾਗ ਪੁੱਠੀਆਂ ਸਿੱਧੀਆਂ ਗੱਲਾਂ ਸੋਚਣ ਲੱਗਾ।

ਭਰ ਸਿਆਲੂ ਦਿਨ ਸਨ। ਸੱਤ ਵਜੇ ਹੀ ਕਾਲੀ ਸ਼ਾਹ ਰਾਤ ਧਰਤੀ 'ਤੇ ਉਤਰ ਆਈ ਸੀ। ਚਾਰ ਚੁਫੇਰੇ ਮੜੀਆਂ ਵਰਗੀ ਚੁੱਪ ਪਸਰੀ ਪਈ ਸੀ। ਨਿਆਣੇ ਸਿਆਣੇ ਰੋਟੀ ਟੁੱਕ ਖਾ ਕੇ ਰਜਾਈਆਂ 'ਚ ਜਾ ਵੜੇ ਸਨ। ਔਰਤਾਂ ਨੇ ਭਾਂਡੇ ਟੀਂਡੇ ਦਾ ਕੰਮ ਨਿਬੇੜ ਕੇ ਤਵੇ ਮੂਧੇ ਮਾਰ ਦਿੱਤੇ ਸਨ। ਜਦੋਂ ਮੈਂ ਸਕੂਟਰ ਚੱਕ ਕੇ ਫਰੀਦਕੋਟ ਨੂੰ ਸਿੱਧਾ ਕੀਤਾ, ਪਿੰਡ ਦੇ ਬਹੁਤੇ ਘਰਾਂ ਦੀਆਂ ਬੱਤੀਆਂ ਬੁੱਝ ਗਈਆਂ ਸਨ। ਫਰੀਦਕੋਟ ਘਰ ਤੋਂ ਪੈਂਹਟ ਕਿਲੋਮੀਟਰ ਸੀ। ਚੇਤਕ ਬਜਾਜ ਰਾਤ ਦੇ ਸ਼ਿਆਹ ਹਨੇਰੇ ਨੂੰ ਚੀਰਦਾ ਫਰੀਦਕੋਟ ਵੱਲ ਨੂੰ ਵਧਣ ਲੱਗਾ। ਮੇਰੀ ਸੋਚ ਦੇ ਘੋੜੇ ਸਕੂਟਰ ਨਾਲੋਂ ਵੀ ਕਈ ਗੁਣਾਂ ਵੱਧ ਤੇਜ਼ ਦੌੜ ਰਹੇ ਸਨ। ਪਤਾ ਨਹੀਂ ਕਿਉਂ ਮੈਨੂੰ ਆਪਣਾ ਸਭ ਕੁੱਝ ਲੁੱਟਿਆ ਗਿਆ ਮਹਿਸੂਸ ਹੋਈ ਜਾਂਦਾ ਸੀ। ਬੁਰੇ ਬੁਰੇ ਖਿਆਲ ਦਿਮਾਗ ਦੀਆਂ ਆਂਦਰਾਂ ਕੁਤਰੀ ਜਾਂਦੇ ਸਨ। ਖਿਆਲਾਂ 'ਚ ਗਵਾਚੇ ਨੂੰ ਪਤਾ ਹੀ ਨਾ ਲੱਗਾ ਕਦੋਂ ਜ਼ੀਰਾ,ਤਲਵੰਡੀ, ਮੁਦਕੀ ਤੇ ਚੰਦ ਬਾਜਾ ਲੰਘ ਕੇ ਫਰੀਦਕੋਟ ਦੀ ਜੂਹ 'ਚ ਆ ਪੁੱਜਿਆ ਸਾਂ। ਹਰੀਕੇ ਨੇੜੇ ਸਤਲੁਜ ਦਰਿਆ 'ਚੋਂ ਨਿਕਲਣ ਵਾਲੀਆਂ ਜੌੜੀਆਂ ਨਹਿਰਾਂ ਸਾਹਮਣੇ ਦਿਖਾਈ ਦੇਣ ਲੱਗੀਆਂ। ਮੇਰਾ ਹੱਥ ਰੇਸ ਵਾਲੇ ਮੁੱਠੇ ਨੂੰ ਹੋਰ ਜੋਰ ਨਾਲ ਮਰੋੜਨ ਲੱਗਾ। ਅਚਾਨਕ "ਧੜਾਕ!" ਦੀ ਉੱਚੀ ਆਵਾਜ਼ ਆਈ। ਸਕੂਟਰ ਦਾ ਮੂਹਰਲਾ ਪਹੀਆ ਸੜਕ ਵਿਚਲੇ ਡੂੰਘੇ ਖੱਡੇ 'ਚ ਜਾ ਵੱਜਾ ਸੀ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਮੌਤ ਦਾ ਦੈਂਤ ਅੱਖਾਂ ਅੱਗੇ ਤਾਂਡਵ ਨਾਚ ਕਰਨ ਲੱਗਾ। ਸਕੂਟਰ ਬੇਕਾਬੂ ਹੋ ਕੇ ਵੱਡੀ ਨਹਿਰ ਦੇ ਪਾਣੀਆਂ 'ਚ ਜਾਂਦਾ ਲੱਗਾ। ਸਕੂਟਰ ਦੇ ਕਲੱਚ,ਬਰੇਕ ਤੇ ਰੇਸ ਭਾਵੇਂ ਮੇਰੇ ਕੋਲ ਸਨ ਪਰ ਹੁਣ ਮੇਰੇ ਕਰਨ ਵਾਲਾ ਕੁੱਝ ਵੀ ਨਹੀਂ ਸੀ। ਮੈਂ ਅੱਖਾਂ ਮੀਚ ਲਈਆਂ।

ਸਕੂਟਰ ਨਹਿਰ ਦੇ ਡੂੰਘੇ ਪਾਣੀਆਂ 'ਚ ਨਹੀਂ ਫਰੀਦਕੋਟ ਦੇ ਵਰਕਿੰਗ ਵੋਮੈਨ ਹੋਸਟਲ 'ਚ ਲੈ ਆਇਆ ਸੀ। ਡਿਕਡੋਲੇ ਖਾਂਦਾ ਸਕੂਟਰ ਕਿਵੇਂ ਪੁਲ 'ਤੇ ਚੜਿਆ, ਮੈਨੂੰ ਕੁੱਝ ਪਤਾ ਨਹੀਂ ਸੀ ਲੱਗਾ। ਸਿਮਰ ਮੇਰੇ ਸਾਹਮਣੇ ਖੜੀ ਸੀ ਪਰ ਮੈਨੂੰ ਯਕੀਨ ਨਹੀਂ ਸੀ ਹੋ ਰਿਹਾ। ਮੇਰਾ ਦਿਲ ਅਜੇ ਵੀ ਧੱਕ ਧੱਕ ਕਰੀ ਜਾਂਦਾ ਸੀ। ਮੇਰਾ ਰੋਣ ਨਿਕਲ ਚੱਲਿਆ ਸੀ ਪਰ ਹੋਸਟਲ 'ਚ ਮੌਜੂਦ ਦੂਜੀਆਂ ਨੌਕਰੀ ਸ਼ੁਦਾ ਔਰਤਾਂ ਨੂੰ ਵੇਖ ਕੇ ਪੂਰਾ ਜੋਰ ਲਾ ਕੇ ਡੱਕ ਲਿਆ। ਐਨੀ ਰਾਤ ਗਏ ਮੈਨੂੰ ਹੋਸਟਲ 'ਚ ਵੇਖਕੇ ਸਿਮਰ ਵੀ ਇੱਕ ਵਾਰ ਤਾਂ ਘਬਰਾ ਗਈ। ਉਸਨੇ ਆਉਣ ਦਾ ਕਾਰਨ ਪੁੱਛਿਆ ਤਾਂ ਮੇਰਾ ਡੱਕਿਆ ਗੁੱਸਾ ਬਾਹਰ ਆ ਗਿਆ।

"ਮੈਂ ਆਉਣ ਲੱਗੀ ਦੱਸ ਕੇ ਤਾਂ ਆਈ ਸਾਂ ਕਿ ਅੱਜ ਨਹੀਂ ਆਉਣਾ।" ਉਹ ਆਪਣੇ ਨਾ ਆਉਣ ਬਾਰੇ ਸਫਾਈਆਂ ਦੇਣ ਲੱਗੀ ਪਰ ਮੈਂ ਤਾਂ ਕੁੱਝ ਸੁਣ ਹੀ ਨਹੀਂ ਸਾਂ ਰਿਹਾ।

ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਹੋਸਟਲ ਦੀ ਇੰਚਾਰਜ ਨੇ ਰੂਲਾਂ ਤੋਂ ਬਾਹਰ ਜਾ ਕੇ ਵੀ ਮੈਨੂੰ ਸਿਮਰ ਦੇ ਰੂਮ 'ਚ ਰਹਿਣ ਦੀ ਆਗਿਆ ਦੇ ਦਿੱਤੀ ਸੀ। ਦਿਲ ਦਿਮਾਗ 'ਤੇ ਛਾਈ ਦਹਿਸ਼ਤ ਦਾ ਆਲਮ ਇਹ ਸੀ ਕਿ ਉਸ ਸਾਰੀ ਰਾਤ ਸਿਮਰ ਨੂੰ ਮੇਰੇ ਦਿਲ ਦੀ ਫਟੱਕ ਫਟੱਕ ਵੱਜਦੀ ਧੜਕਣ ਸੁਣਦੀ ਰਹੀ।

ਦਹਿਸ਼ਤ ਭਰੇ ਇਹਨਾਂ ਦਿਨਾਂ 'ਚ ਧਮਕੀ ਭਰੇ ਪੱਤਰਾਂ ਦੀ ਸੰਖਿਆ ਦਿਨੋਂ ਦਿਨ ਵਧਦੀ ਜਾਂਦੀ ਸੀ। ਇਸ਼ਤਿਹਾਰਾਂ ਵਿਚਲੀ ਭਾਸ਼ਾ ਵੀ ਦਿਨੋ-ਦਿਨ ਵਧੇਰੇ ਜ਼ਹਿਰੀਲੀ ਤੇ ਭੱਦੀ ਹੋ ਰਹੀ ਸੀ। ਦਿਲ ਹੋਰ ਵੀ ਦਹਿਲ ਗਿਆ ਸੀ। ਇਸ਼ਤਿਹਾਰਾਂ ਦੇ ਲਾਉਣ ਵਾਲੇ ਦਾ ਕੋਈ ਪਤਾ ਨਹੀਂ ਸੀ ਲੱਗ ਰਿਹਾ। ਸਥਿਤੀ ਵੇਦ ਪ੍ਰਕਾਸ਼ ਦੇ ਲਿਖੇ ਜਾਸੂਸੀ ਨਾਵਲਾਂ ਵਰਗੀ ਹੋਈ ਪਈ ਸੀ। ਓਧਰ ਸਾਡੀ ਮਾਨਸਿਕ ਹਾਲਤ ਦਿਨੋ ਦਿਨ ਖਰਾਬ ਹੋਈ ਜਾਂਦੀ ਸੀ। ਪੜ੍ਹਨ-ਲਿਖਣ 'ਚ ਉੱਕਾ ਹੀ ਮਨ ਨਹੀਂ ਸੀ ਲੱਗ ਰਿਹਾ। ਉੱਤੋਂ ਤੀਜੇ ਦਿਨ ਕੋਈ ਨਾ ਕੋਈ ਟੈਸਟ ਆਇਆ ਹੀ ਰਹਿੰਦਾ ਜਿਸਦੀ ਤਿਆਰੀ ਕਰਨੀ ਜਰੂਰੀ ਹੁੰਦੀ ਸੀ। ਮੈਂ ਕਿੰਨਾ ਕਿੰਨਾ ਚਿਰ ਕਿਤਾਬ ਖੋਲ੍ਹ ਕੇ ਬੈਠਾ ਰਹਿੰਦਾ ਪਰ ਧਿਆਨ ਮੁੜ ਮੁੜ ਕੇ ਬਾਹਰਲੇ ਬੂਹੇ ਵੱਲ ਚਲਾ ਜਾਂਦਾ। ਬੂਹੇ ਦੇ ਨਾਲ



ਕਰਕੇ ਇੱਕ ਅੱਧਖੜ ਜਿਹੀ ਡੇਕ ਸੀ। ਮੈਨੂੰ ਮੌਤ ਦਾ ਪਰਿੰਦਾ ਡੇਕ ਦੀ ਟਾਹਣੀ 'ਤੇ ਸ਼ਹਿ ਲਾ ਕੇ ਬੈਠਾ ਦਿਖਾਈ ਦਿੰਦਾ ਰਹਿੰਦਾ।

ਮੈਂ ਯੂ ਜੀ ਸੀ ਵਲੋਂ ਕਾਲਜ ਲੈਕਚਰਾਰ ਦੀ ਯੋਗਤਾ ਲਈ ਨਿਰਧਾਰਿਤ ਕੀਤੇ ਨੈੱਟ ਦੀ ਤਿਆਰੀ ਕਰ ਰਿਹਾ ਸਾਂ। ਮੇਰੀ ਇਹ ਤਿਆਰੀ ਵੀ ਅੱਧ ਵਿਚਾਲੇ ਲਟਕਣ ਲੱਗੀ। ਮੈਂ ਅਖ਼ਬਾਰਾਂ ਰਿਸਾਲਿਆਂ ਨੂੰ ਧੜਾ-ਧੜ ਲੇਖ ਤੇ ਹੋਰ ਰਚਨਾਵਾਂ ਭੇਜਦਾ ਸਾਂ, ਉਹ ਵੀ ਲਗਪਗ ਬੰਦ ਹੋ ਗਈਆਂ। ਅਖ਼ਬਾਰਾਂ ਤੋਂ ਮਿਲਣ ਵਾਲੇ ਪੈਸੇ ਵੀ ਰੁਜ਼ਗਾਰ ਦਾ ਨਿੱਕਾ ਜਿਹਾ ਵਸੀਲਾ ਸਨ। ਸ਼ੌਕ ਦੇ ਸਾਰੇ ਰਾਹ ਬੰਦ ਹੋ ਗਏ ਸਨ। ਦਿਮਾਗ 'ਚ ਹਰ ਵੇਲੇ ਕਿਸੇ ਅਣਹੋਣੀ ਦੇ ਵਾਪਰ ਜਾਣ ਦੀ ਠੱਕ ਠੱਕ ਹੁੰਦੀ ਰਹਿੰਦੀ।

ਆਥਣ ਨੇ ਰਾਤ ਵੱਲ ਨੂੰ ਕੁੱਝ ਕਦਮ ਹੀ ਪੁੱਟੇ ਹੋਣਗੇ ਜਦੋਂ ਘਰ ਦਾ ਬੂਹਾ ਦੋ ਤਿੰਨ ਵਾਰ ਖੜਕਿਆ।

"ਕੌਣ?" ਮੈਂ ਵਿਹੜੇ 'ਚੋਂ ਆਵਾਜ਼ ਮਾਰਕੇ ਪੁੱਛਿਆ ਪਰ ਬਾਹਰੋਂ ਕੋਈ ਜਵਾਬ ਨਾ ਆਇਆ। ਕੁੱਝ ਪਲ ਦੀ ਚੁੱਪ ਤੋਂ ਬਾਅਦ ਬੂਹਾ ਫੇਰ ਜੋਰ ਜੋਰ ਦੀ ਖੜਕਣ ਲੱਗਾ। ਮੈਂ ਧੜਕਦੇ ਦਿਲ ਨੂੰ ਥਾਂ ਸਿਰ ਕੀਤਾ ਤੇ ਹੱਥ 'ਚ ਬਰਛੀ ਲੈ ਕੇ ਕਮਾਂਡੋ ਵਾਂਗ ਬੂਹਾ ਜਾ ਖੋਲ੍ਹਿਆ। ਬਾਹਰ ਤਾਂ ਕੋਈ ਵੀ ਨਹੀਂ ਸੀ। ਦੂਰ ਕਿਧਰੋਂ 'ਦਗੜ ਦਗੜ' ਕਰਦੀ ਆਵਾਜ਼ ਸੁਣਾਈ ਦਿੱਤੀ। ਮੈਂ ਗਲੀ 'ਚ ਆ ਕੇ ਦੌੜਦੇ ਕਦਮਾਂ ਦਾ ਪਿੱਛਾ ਕਰਨ ਦਾ ਯਤਨ ਕੀਤਾ ਪਰ ਉਹ ਪਰਛਾਵਾਂ ਰਾਤ ਦੇ ਸੰਘਣੇ ਹਨ੍ਹੇਰੇ 'ਚ ਗੁਆਚ ਗਿਆ।

ਫਿਰ ਇਹੋ ਜਿਹੀ ਘਟਨਾ ਹਰ ਦੂਜੇ ਚੌਥੇ ਦੁਹਰਾਈ ਜਾਣ ਲੱਗੀ। ਘਰਦੇ ਬਾਕੀ ਸਾਰੇ ਜੀਅ ਆਪੋ ਆਪਣੇ ਰੰਗਾਂ 'ਚ ਮਸਤ ਸਨ। ਕਿਸੇ ਨੂੰ ਵੀ ਸਾਡੇ ਨਾਲ ਵਰਤ ਰਹੀ ਭਾਵੀ ਦਾ ਗਿਆਨ ਨਹੀਂ ਸੀ। ਹੋ ਸਕਦਾ ਕਿਸੇ ਨੂੰ ਪਤਾ ਵੀ ਹੋਵੇ। ਜੇ ਕਿਸੇ ਨੂੰ ਪਤਾ ਵੀ ਸੀ ਤਾਂ ਉਹ ਕੰਨਾਂ ਮੁੱਢ ਮਾਰੀ ਬੈਠਾ ਸੀ। ਘਰ ਦਾ ਸਾਰਾ ਮਾਹੌਲ ਹੀ ਸਾਜਿਸ਼ੀ ਹੋਇਆ ਪਿਆ ਸੀ। ਉੱਥੇ ਮੇਰੇ ਲਈ ਹਮਦਰਦੀ ਘੱਟ ਗੁੱਸਾ ਵਧੇਰੇ ਸੀ। ਘਰਦਿਆਂ ਦੇ ਗੁੱਸੇ ਦਾ ਕਾਰਨ ਵੀ ਮੇਰੇ ਸਮਝ ਨਹੀਂ ਸੀ ਆਉਂਦਾ। ਭੂਆ ਦੀ ਸ਼ੀਖ ਪਰਿਵਾਰ ਦੇ ਬਾਕੀ ਮੈਂਬਰਾ ਦੇ ਸਿਰ ਚੜੀ ਰਹਿੰਦੀ। ਮੈਂ ਹੈਰਾਨ ਹੁੰਦਾ ਕਿ ਇੱਕ ਅਨਪੜ੍ਹ ਔਰਤ ਪੜ੍ਹਿਆਂ ਲਿਖਿਆਂ ਨੂੰ ਊਰੀ ਵਾਂਗ ਘੁੰਮਾਈ ਫਿਰਦੀ ਸੀ। ਭੂਆ ਇੱਕ ਸਾਜ਼ਿਸ਼ ਤਹਿਤ ਕੰਮ ਕਰਦੀ ਸੀ। ਉਹ ਸਾਨੂੰ ਘਰੋਂ ਕੱਢਕੇ ਸਾਡੇ ਵਾਲੇ ਥਾਂ 'ਤੇ ਕਬਜ਼ਾ ਕਰਨ ਦੀ ਤਾਕ 'ਚ ਸੀ। ਉਹ ਆਨੇ ਬਹਾਨੇ ਸਾਨੂੰ ਘਰ ਛੱਡ ਜਾਣ ਲਈ ਆਖਦੀ ਵੀ ਰਹਿੰਦੀ। ਮੇਰੀ ਹਾਜ਼ਰੀ ਉਸਨੂੰ ਤੰਗ ਕਰਦੀ ਸੀ। ਦਰਅਸਲ ਉਸਦੀ ਸਰਦਾਰੀ ਨੂੰ ਮੈਂ ਮੁੱਢ ਤੋਂ ਹੀ ਚਣੌਤੀ ਦਿੰਦਾ ਆਇਆ ਸਾਂ। ਮੇਰੇ ਹੁੰਦਿਆਂ ਉਸਦੀਆਂ ਮਨਮਾਨੀਆਂ ਚੱਲਣੀਆਂ ਨਹੀਂ ਸਨ।

ਇੱਕ ਦਿਨ ਮੈਂ ਨੈੱਟ ਦੀ ਤਿਆਰੀ ਲਈ ਕਿਤਾਬ ਖੋਲ੍ਹ ਕੇ ਪੜ੍ਹਨ ਦਾ ਯਤਨ ਕਰ ਰਿਹਾ ਸਾਂ ਕਿ ਤਰਸੇਮ ਆ ਗਿਆ। ਉਸਨੇ ਕਿਤਾਬਾਂ ਵਾਲੇ ਰੈਕ 'ਚੋਂ ਆਪਣੀ ਪਸੰਦ ਦੀਆਂ ਕਿਤਾਬਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਹੋਰ ਕਿਤਾਬਾਂ ਦੇ ਨਾਲ ਨਾਲ ਉਸਨੇ ਅੰਮ੍ਰਿਤਾ ਪ੍ਰੀਤਮ ਦਾ ਕਹਾਣੀ ਸੰਗ੍ਰਹਿ "ਜੰਗਲੀ ਬੂਟੀ" ਵੀ ਚੁੱਕ ਲਈ। ਮੈਂ ਇਹ ਕਿਤਾਬ ਬੜੀ ਸਾਂਭ ਸਾਂਭ ਕੇ ਰੱਖਦਾ ਸਾਂ। ਮੇਰੇ ਲਈ ਤਾਂ ਇਹ ਇੱਕ ਇਤਿਹਾਸਕ ਸਰਮਾਇਆ ਸੀ। ਜਦੋਂ ਮੈਂ ਤੇ ਸਿਮਰ ਅੰਮ੍ਰਿਤਾ ਜੀ ਨੂੰ ਉਹਨਾਂ ਦੇ ਦਿੱਲੀ ਵਾਲੇ ਕੇ-25 ਹੌਜ਼ ਖਾਸ ਵਾਲੇ ਘਰ ਮਿਲਣ ਗਏ ਸਾਂ ਤਾਂ ਇਹ ਪੁਸਤਕ ਅੰਮ੍ਰਿਤਾ ਤੇ ਇਮਰੋਜ਼ ਹੁਰਾਂ ਨੇ ਬੜੇ ਮੋਹ ਨਾਲ ਪਹਿਲੇ ਪੰਨੇ 'ਤੇ ਮੁਹੱਬਤੀ ਸ਼ਬਦ ਲਿਖ ਕੇ ਭੇਟ ਕੀਤੀ ਸੀ। ਇਮਰੋਜ਼ ਨੇ ਸਾਨੂੰ ਬੜੀ ਰੀਝ ਨਾਲ ਸਾਰਾ ਘਰ ਦਿਖਾਇਆ ਸੀ। ਪੂਰਾ ਘਰ ਇਮਰੋਜ਼ ਦੀਆਂ ਸ਼ਾਨਦਾਰ ਪੇਂਟਿੰਗਜ਼ ਨਾਲ ਸ਼ਿੰਗਾਰਿਆ ਹੋਇਆ ਸੀ। ਜਿਵੇਂ ਘਰ ਨਾ ਹੋ ਕੇ ਦੋਵਾਂ ਦੀ ਮੁਹੱਬਤ ਦਾ ਕੋਈ ਅਜਾਇਬ ਹੋਵੇ। ਘਰ ਦਿਖਾਉਣ ਤੋਂ ਬਾਅਦ ਇਮਰੋਜ਼ ਨੇ ਆਪਣੇ ਹੱਥੀਂ ਅਦਰਕ ਵਾਲੀ ਬਹੁਤ ਹੀ ਸੁਆਦੀ ਚਾਹ ਬਣਾ ਕੇ ਪਿਆਈ। ਕਈ ਘੰਟੇ ਅਸੀਂ ਦੋਵਾਂ ਦੀਆਂ ਪਰੀ ਲੋਕ ਵਰਗੀਆਂ ਗੱਲਾਂ ਸੁਣਦੇ ਰਹੇ ਸਾਂ। "ਜੰਗਲੀ ਬੂਟੀ" ਉਸ ਮਿਲਣੀ ਦੀ ਖੂਬਸੂਰਤ ਯਾਦ ਸੀ।

ਹੁਣ ਜਦੋਂ ਇਹ ਪੁਸਤਕ ਤਰਸੇਮ ਨੇ ਆਪਣੇ ਪੜ੍ਹਨ ਲਈ ਚੁੱਕ ਲਈ ਸੀ ਤਾਂ ਮੇਰਾ ਦਿਲ ਘਟਨ ਲੱਗਾ। 'ਪਰ ਘਰ ਗਈ ਨਾ ਬਹੁੜਦੀ, ਪੋਥੀ ਕਾਨੀ ਨਾਰ' ਦਾ ਅਖਾਣ ਚੇਤੇ ਆ ਗਿਆ। ਤਰਸੇਮ ਕੋਲ

ਗਈ ਇਸ ਪੁਸਤਕ ਦੇ ਵਾਪਸ ਪਰਤਣ ਬਾਰੇ ਕੋਈ ਯਕੀਨ ਨਹੀਂ ਸੀ। ਉਹ ਪਹਿਲਾਂ ਵੀ ਬਹੁਤ ਸਾਰੀਆਂ ਬਹੁਮੁੱਲੀਆਂ ਕਿਤਾਬਾਂ ਗੁਆ ਚੁੱਕਾ ਸੀ। ਕਿਤਾਬ ਲਿਜਾ ਕੇ ਸੰਭਾਲਣੀ ਉਸਦੀ ਆਦਤ ਦਾ ਹਿੱਸਾ ਨਹੀਂ ਸੀ। ਮੈਂ ਦੁਚਿਤੀ ਵਿੱਚ ਤਾਂ ਸਾਂ ਪਰ ਕਿਤਾਬ ਦੇਣ ਤੋਂ ਨਾਂਹ ਕਰਨਾ ਮੈਨੂੰ ਦੋਸਤੀ ਦੀ ਤੌਹੀਨ ਜਾਪਿਆ। ਮੈਂ ਚੁੱਪ ਵੱਟ ਲਈ।

"ਯਾਰ, ਹਾਅ ਕੀ ਪੜ੍ਹਦਾ ਰਹਿਨੈ?"

"ਯੂ ਜੀ ਸੀ ਦੇ ਨੈੱਟ ਦੀ ਤਿਆਰੀ ਕਰ ਰਿਹਾਂ।"

"ਤੇਰੇ ਟੈਸਟ ਈ ਨ੍ਹੀ ਮੁੱਕਦੇ। ਕਦੇ ਕੋਈ ਟੈਸਟ ਕਦੇ ਕੋਈ। ਕੀ ਐਵੇਂ ਝੱਖ ਮਾਰੀ ਜਾਨੈ। ਨੌਕਰੀ-ਨੁਕਰੀ ਤਾਂ ਮਿਲਣੀ ਨ੍ਹੀ।" ਉਹਨੇ ਆਖਿਆ। ਇਹ ਗੱਲ ਉਹ ਪਹਿਲਾਂ ਵੀ ਕਿੰਨ੍ਹੀ ਦਫ਼ਾ ਆਖ ਚੁੱਕਾ, ਤਰਸੇਮ ਨੂੰ ਖ਼ੁਦ ਵੀ ਯਾਦ ਨਹੀਂ ਸੀ।

"ਨਹੀਂ ਮਿਲਦੀ ਤਾਂ ਨਾ ਮਿਲੇ। ਨੌਕਰੀ ਮਿਲਣੀ ਕੋਈ ਜਰੂਰੀ ਤਾਂ ਨ੍ਹੀ। ਆਹ ਕਿਤਾਬਾਂ ਪੜ੍ਹ ਕੇ ਜਿਹੜਾ ਗਿਆਨ ਹਾਸਲ ਹੋਜੂ, ਉਹ ਤਾਂ ਨ੍ਹੀ ਕਿਤੇ ਜਾਂਦਾ। ਉਹ ਤਾਂ ਨ੍ਹੀ ਖੋਹ ਸਕਦੀ ਕੋਈ ਸਰਕਾਰ?" ਮੈਂ ਆਖ ਤਾਂ ਦਿੱਤਾ ਪਰ ਮੈਨੂੰ ਉਸਦੀ ਗੱਲ ਸੱਚ ਜਾਪਦੀ। ਉਸਦੀ ਆਖੀ ਗੱਲ ਦਾ ਅਸਰ ਦਿਮਾਗ 'ਤੇ ਹੋ ਹੀ ਜਾਂਦਾ ਸੀ। ਮੈਂ ਨਿਰਾਸ਼ ਹੋ ਕੇ ਕਈ ਦਿਨ ਪੁਸਤਕ ਨੂੰ ਹੱਥ ਨਾ ਲਾਉਂਦਾ।

"ਤਰਸੇਮ, ਮੈਨੂੰ ਸਮਝ ਨ੍ਹੀ ਲੱਗਦੀ ਮੇਰੇ ਨਾਲ ਹੋ ਕੀ ਰਿਹਾ? ਪਹਿਲਾਂ ਪਿੰਡ ਦੇ ਸਾਂਝੇ ਥਾਂ 'ਤੇ ਪੋਸਟਰ ਲੱਗਦੇ ਸਨ। ਫਿਰ ਘਰ ਦੇ ਨੇੜੇ ਲੱਗਣ ਲੱਗੇ। ਹੁਣ ਕੋਈ ਹਨੇਰਾ ਹੋਏ ਜੋਰ ਜੋਰ ਦੀ ਦਰਵਾਜ਼ਾ ਖੜਕਾਉਂਣ ਲੱਗਦਾ। ਜਿਉਂ ਈ ਬੂਹਾ ਖੋਲ੍ਹਦਾਂ, ਖੜਕਾਉਣ ਵਾਲਾ ਭੂਤ ਵਾਂਗ ਰਾਤ ਦੇ ਹਨੇਰੇ 'ਚ ਗਾਇਬ ਹੋ ਜਾਂਦਾ।"

"ਇਹ ਕੀ ਗੱਲ ਹੋਈ?" ਉਹ ਕੁੱਝ ਚਿਰ ਸ਼ਸ਼ੋਪੰਜ 'ਚ ਪਿਆ ਰਿਹਾ।

"ਇਹ ਤਾਂ ਬੜੀ ਖਤਰਨਾਕ ਸਥਿਤੀ ਐ। ਏਸ ਹਿਸਾਬ ਨਾਲ ਤਾਂ ਥੋੜਾ ਕੋਈ ਨੁਕਸਾਨ ਵੀ ਹੋ ਸਕਦਾ।" ਉਹ ਚਿੰਤਾਤੁਰ ਜਾਪਦਾ ਸੀ।

"ਪਰ ਇਹ ਹੋਇਆ ਕੌਣ?"

"ਹੋਣਾ ਕੌਣ, ਕੋਈ ਆਵਦਾ ਈ ਹੋਊ। ਆਵਦੇ ਤੋਂ ਬਿਨ੍ਹਾ ਹੋਰ ਕਿਸੇ ਨੂੰ ਥੋੜਾ ਕੀ ਭੇਤ?"

"ਆਵਦਾ—?" ਮੈਂ ਸਵਾਲ ਬਣਿਆ ਹੋਇਆ ਸਾਂ।

"ਓਹੀ ਹੋਣਗੇ। ਹੋਰ ਕੀਹਨੇ ਹੋਣਾ? ਪਿੰਡ ਦਾ ਬੰਦਾ ਵੀ ਨਾਲ ਹੋਊ ਉਹਨਾਂ ਦੇ।"

"ਨਹੀਂ ਯਾਰ, ਉਹ ਨ੍ਹੀ ਹੋ ਸਕਦੇ ਕਿਸੇ ਹਾਲਤ 'ਚ ਵੀ। ਉਹ ਨ੍ਹੀ ਕਰ ਸਕਦੇ ਐਹੋ ਜਿਹਾ ਕੁੱਝ। ਜੇ ਉਹਨਾਂ ਨੇ ਸਾਡਾ ਨੁਕਸਾਨ ਕਰਨਾ ਹੁੰਦਾ ਹੁਣ ਨੂੰ ਕਰ ਦਿੰਦੇ। ਅਸੀਂ ਕਿੰਨਾ ਕੁ ਬਚਾਅ ਕਰ ਸਕਦੇ ਸਾਂ? ਨਾਲੇ ਮੈਂ ਜਾਣਦਾ ਹਾਂ ਉਹਨਾਂ ਨੂੰ। ਐਥੋਂ ਤੱਕ ਜਾ ਹੀ ਨਹੀਂ ਸਕਦੇ। ਆਵਦੀ ਧੀ ਨੂੰ ਭਲਾ ਕਿਉਂ ਮਾਰਨਗੇ? ਅਗਲਿਆਂ ਨੇ ਨਾਤਾ ਤੋੜ ਲਿਆ ਗੱਲ ਖਤਮ।" ਮੈਂ ਅੱਧਮੰਨੇ ਜਿਹੇ ਮਨ ਨਾਲ ਆਖਿਆ ਸੀ।

"ਤੈਨੂੰ ਕੀ ਪਤਾ। ਖੋਰ ਨ੍ਹੀ ਗੁਆਉਂਦਾ ਹੁੰਦਾ ਕੋਈ ਵੀ।" ਉਹ ਜੰਗਲੀ ਬੂਟੀ ਪੁਸਤਕ ਦੇ ਵਰਕੇ ਪਲਟਣ ਲੱਗਾ। ਅੰਮ੍ਰਿਤਾ ਤੇ ਇਮਰੋਜ਼ ਵਲੋਂ ਦਿੱਤੇ ਆਟੋਗ੍ਰਾਫਾਂ 'ਤੇ ਆਕੇ ਉਸਦੀ ਨਿਗਾਹ ਜੰਮ ਗਈ ਸੀ।

"ਸੀਰਾ ਵੀ ਹੋ ਸਕਦਾ!" ਤਰਸੇਮ ਨੇ ਅਗਲਾ ਡੱਕਾ ਸੁੱਟਿਆ। ਉਸਨੇ ਮੇਰੇ ਸ਼ਰੀਕੇ 'ਚੋਂ ਲੱਗਦੇ ਭਰਾ ਦਾ ਨਾਂ ਸ਼ੱਕੀਆਂ 'ਚ ਰੱਖ ਦਿੱਤਾ ਸੀ।

"ਉਹਨੂੰ ਕੀ ਤਕਲੀਫ਼ ਹੋਈ? ਉਹਦੇ ਨਾਲ ਕਦੇ ਉੱਚੀ ਨੀਵੀਂ ਹੋਈ ਤਾਂ ਹੈਨੀ। ਮੇਰੇ ਨਾਲ ਤਾਂ ਉਹ ਤਾਰੀਕਾਂ 'ਤੇ ਵੀ ਜਾਂਦਾ ਰਿਹਾ।"

"ਤੈਨੂੰ ਨ੍ਹੀ ਪਤਾ ਉਦ੍ਹਾ। ਅੰਦਰੋਂ ਬੜਾ ਈਰਖਾਲੂ ਐ। ਕੀ ਪਤਾ ਲੱਗਦਾ ਕਿਸੇ ਦਾ। ਹੋ ਸਕਦਾ ਕੋਈ ਪੁਰਾਣੀ ਗੱਲ ਚੇਤੇ ਆ ਗਈ ਹੋਵੇ।"

"ਹੋ ਸਕਦਾ।" ਮੈਂ ਜੱਕੋ ਤੱਕੀ 'ਚ ਪੈ ਗਿਆ ਤੇ ਸੀਰੇ ਨਾਲ ਪਿਛਲੇ ਲੰਬੇ ਸਮੇਂ ਦੇ ਆਪਣੇ ਸਬੰਧਾਂ ਬਾਰੇ ਸੋਚਣ ਲੱਗਾ। ਇੱਥੇ ਕਿਧਰੇ ਕੁੱਝ ਗ਼ ਵਾਪਰਿਆ ਨਜ਼ਰ ਤਾਂ ਨਹੀਂ ਸੀ ਆ ਰਿਹਾ।



"ਇਹ ਐਮ ਐਲ ਏ ਕਿਆਂ ਦਾ ਕਾਰਾ ਵੀ ਹੋ ਸਕਦਾ। ਕਿੰਨ੍ਹਾ ਕੁੱਝ ਤਾਂ ਕੀਤਾ ਉਨ੍ਹਾਂ ਨੇ ਥੋੜੇ ਨਾਲ।"

"ਹਾਂ! ਹੋ ਸਕਦਾ। ਪਰ ਹੁਣ ਤਾਂ ਉਹਨਾਂ ਨਾਲੋਂ ਸਬੰਧ ਤੋੜਿਆਂ ਵੀ ਕਿੰਨੇ ਸਾਲ ਹੋਗੇ?" ਤਰਸੇਮ ਦੀ ਗੱਲ ਨਾਲ ਸਹਿਮਤੀ ਪ੍ਰਗਟ ਕਰਨ ਲੱਗਾ ਵੀ ਸ਼ੱਕ 'ਚ ਹੋ ਗਿਆ ਸਾਂ।

"ਦੇਖ! ਐਹੋ ਜਿਹੇ ਮੌਕੇ ਨੂੰ ਅਗਲਾ ਦੁਸ਼ਮਣੀ ਕੱਢਣ ਲਈ ਵਰਤ ਲੈਂਦਾ। ਉਹਨਾਂ ਨੂੰ ਪਤਾ ਨਾਂ ਤਾਂ ਸਿਮਰ ਦੇ ਘਰਦਿਆਂ ਦਾ ਹੀ ਲੱਗ ਜਾਣਾ। ਹੈ ਕਨ੍ਹੀ?"

ਗੱਲ ਮੈਨੂੰ ਪੱਕੇ ਤੌਰ 'ਤੇ ਹੀ ਜਚ ਗਈ ਸੀ। ਮੈਂ ਐਮ ਐਲ ਏ ਨਾਲ ਆਪਣੇ ਸਬੰਧਾਂ ਬਾਰੇ ਸੋਚਣ ਲੱਗਾ। ਐਮ ਐਲ ਏ ਸਾਹਿਬ ਦਾ ਰਾਜਨੀਤਕ ਜੀਵਨ ਖਾਤਮੇ ਵੱਲ ਸੀ। ਇਸ ਵਿੱਚ ਉਸਦੀਆਂ ਹੋਰ ਆਦਤਾਂ ਤੋਂ ਇਲਾਵਾ ਹਾਲਾਤਾਂ ਦਾ ਵੀ ਅਹਿਮ ਰੋਲ ਸੀ। ਪੰਜਾਬ ਵਿਚਲੇ ਸੰਤਾਪ ਭਰੇ ਦੌਰ ਨੇ ਕਾਂਗਰਸ ਦੀ ਹਾਲਤ ਪਾਣੀਓਂ ਪਤਲੀ ਕਰ ਦਿੱਤੀ ਹੋਈ ਸੀ। ਦੇਸ਼ 'ਚ ਤੇਜ਼ੀ ਨਾਲ ਉਭਰ ਰਹੀ ਨਵੀਂ ਪਾਰਟੀ ਨੇ ਮੁੱਢ ਤੋਂ ਹੀ ਕਾਂਗਰਸ ਦਾ ਆਧਾਰ ਰਹੀ ਦਲਿਤ ਵੋਟ ਖਿਸਕਾ ਲਈ ਸੀ। ਐਮ ਐਲ ਏ ਸਾਹਿਬ ਆਪਣੇ ਰਾਜਨੀਤਕ ਪਤਨ ਲਈ ਮੈਨੂੰ ਕਿਤੇ ਵੱਧ ਜ਼ਿੰਮੇਵਾਰ ਸਮਝਦਾ ਸਨ।

ਉਹਨਾਂ ਦਿਨਾਂ 'ਚ ਹਜ਼ਾਰਾਂ ਨੌਜੁਆਨ ਜਵਾਨੀ ਦੇ ਜੋਸ਼ 'ਚ ਵੱਡੀਆਂ ਰਾਜਨੀਤਕ ਤਬਦੀਲੀਆਂ ਕਰਨ ਲਈ ਉਤਾਰੂ ਹੋਏ ਫਿਰਦੇ ਸਨ। ਉਹ ਸਮਝਣ ਲੱਗੇ ਸਨ ਕਿ ਰਾਜਨੀਤਕ ਪਾਰਟੀਆਂ ਖਾਸ ਕਰ ਕਾਂਗਰਸ ਨੇ ਦਲਿਤ ਲੋਕਾਂ ਨੂੰ ਵੋਟ ਤੋਂ ਵੱਧ ਕੇ ਕੁੱਝ ਨਹੀਂ ਸਮਝਿਆ। ਰਵਾਇਤੀ ਪੂੰਜੀਵਾਦੀ ਪਾਰਟੀਆਂ ਵਲੋਂ ਰਾਖਵੀਆਂ ਸੀਟਾਂ ਤੋਂ ਚੁਣ ਕੇ ਆਉਣ ਵਾਲੇ ਐਮ ਐਲ ਏ ਤੇ ਐਮ ਪੀ ਜਿੱਤਣ ਤੋਂ ਬਾਅਦ ਗਰੀਬ ਸਮਾਜ ਦੀ ਬਿਹਤਰੀ ਵੱਲ ਘੱਟ ਆਪਣੀ ਕੁਰਸੀ ਬਚਾਉਣ ਵੱਲ ਵੱਧ ਲੱਗੇ ਰਹਿੰਦੇ ਹਨ। ਉਹਨਾਂ ਦੀ ਐਨੀ ਹੈਸੀਅਤ ਵੀ ਨਹੀਂ ਹੁੰਦੀ ਕਿ ਉਹ ਗਰੀਬ ਪੱਖੀ ਨੀਤੀਆਂ ਬਣਵਾ ਸਕਣ ਤੇ ਉਹਨਾਂ ਨੂੰ ਲਾਗੂ ਕਰਵਾ ਸਕਣ। ਉਹਨਾਂ ਦਾ ਤਾਂ ਸਾਰਾ ਧਿਆਨ ਅਗਲੀ ਵਾਰ ਪਾਰਟੀ ਦੀ ਟਿਕਟ ਹਾਸਲ ਕਰਨ 'ਤੇ ਹੀ ਕੇਂਦਰਿਤ ਰਹਿੰਦਾ ਹੈ।

ਦਲਿਤਾਂ 'ਚ ਆਈ ਨਵੀਂ ਚੇਤਨਾ ਦੇ ਉਭਾਰ ਨੇ ਵਿਵਸਥਾ ਦੇ ਪਰਿਵਰਤਨ ਲਈ ਲੋਕਾਂ ਅੰਦਰ ਬਾਰੂਦ ਭਰ ਦਿੱਤਾ ਸੀ। ਰਾਜਨੀਤਕ ਉਥਲ ਪੁਥਲ ਕਰਨ ਦੇ ਸੁਪਨੇ ਲਈ ਫਿਰਦੇ ਲੋਕਾਂ ਦੇ ਸੈਂਕੜੇ ਹਜ਼ਾਰਾਂ ਸਾਈਕਲਾਂ ਸਕੂਟਰਾਂ ਦੇ ਕਾਫ਼ਲੇ ਦਿੱਲੀ ਦੇ ਲਾਲ ਕਿਲੇ 'ਤੇ ਕਬਜ਼ੇ ਦੇ ਨਾਅਰੇ ਮਾਰਦੇ ਪਿੰਡਾਂ ਤੇ ਸ਼ਹਿਰਾਂ 'ਚ ਮਾਰਚ ਕਰਦੇ। ਝੁੱਗੀਆਂ ਝੌਂਪੜੀਆਂ ਤੇ ਕੱਚਿਆਂ ਢਾਰਿਆਂ ਨੂੰ ਰਾਜ ਭਾਗ ਵਾਲੇ ਤਖ਼ਤ 'ਤੇ ਬਹਾਉਣ ਦੇ ਸੁਪਨੇ ਲੈਂਦਿਆਂ ਅਸੀਂ ਵੱਡੇ ਵੱਡੇ ਧੁਰੰਤਰਾਂ ਨਾਲ ਟਕਰਾ ਗਏ ਸਾਂ। ਪੂਰੇ ਦੇਸ਼ 'ਚ ਕਾਂਗਰਸ ਦੀ ਸੱਤਾ ਦਾ ਸਿੰਘਾਸਣ ਡੋਲਣ ਲੱਗਾ। ਗਰੀਬ ਵੋਟ ਕਾਂਗਰਸ ਨਾਲੋਂ ਟੁੱਟ ਕੇ "ਦੇਸ਼ ਕਾ ਨੇਤਾ ਕੈਸਾ ਹੋ—ਜੈਸਾ ਹੋ" ਦੇ ਨਾਅਰੇ ਮਾਰਨ ਲੱਗੀ। ਇੱਕੋ ਬੰਦੇ ਨੇ ਦਿਨ ਰਾਤ ਦੀ ਮਿਹਨਤ ਨਾਲ ਪਾਰਟੀ ਖੜੀ ਕਰਕੇ ਸਦੀ ਪੁਰਾਣੀ ਪਾਰਟੀ ਦੀਆਂ ਜੜ੍ਹਾਂ 'ਚ ਤੇਲ ਚੋਅ ਦਿੱਤਾ। ਨਵੀਂ ਪੀੜ੍ਹੀ ਲਈ ਕਾਂਗਰਸ ਹੁਣ ਅਛੂਤ ਬਣ ਗਈ ਸੀ। ਉਹਨਾਂ ਦੇ ਹੱਥਾਂ 'ਚ 'ਹੱਥ' ਦੀ ਥਾਵੇਂ 'ਹਾਥੀ' ਵਾਲੇ ਝੰਡੇ ਆ ਗਏ ਸਨ।

ਅਜਿਹੇ ਸਮੇਂ 'ਚ ਜਦੋਂ ਦੇਸ਼ ਪੱਧਰ 'ਤੇ ਹੀ ਕਾਂਗਰਸ ਦੀ ਹਾਲਤ ਵੈਂਟੀਲੇਟਰ 'ਤੇ ਪਏ ਮਰੀਜ਼ ਵਰਗੀ ਹੋ ਗਈ ਸੀ, ਇੱਕ ਛੋਟੇ ਜਿਹੇ ਸੂਬੇ ਦੇ ਇੱਕ ਸਾਧਾਰਨ ਕਿਸਮ ਦੇ ਐਮ ਐਲ ਏ ਦਾ ਰਾਜਨੀਤਕ ਜੀਵਨ ਕਿੰਨਾ ਕੁ ਚਿਰ ਤੱਕ ਬਚ ਸਕਦਾ ਸੀ। ਵਿਧਾਇਕ ਵੀ ਉਹ ਜੋ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਉੱਕਾ ਹੀ ਨਹੀਂ ਜੁੜਿਆ ਹੋਇਆ। ਇਹ ਵਿਧਾਇਕ ਕਿਉਂ ਕੇ ਸਾਡੇ ਸ਼ਰੀਕੇ 'ਚੋਂ ਸੀ, ਇਸ ਕਰਕੇ ਆਪਣੀ ਰਾਜਨੀਤਕ ਪਾਰੀ ਦੇ ਖਾਤਮੇ ਲਈ ਮੈਨੂੰ ਜ਼ਿੰਮੇਵਾਰ ਠਹਿਰਾਉਣਾ ਉਸ ਲਈ ਸੌਖਾ ਸੀ। ਇਹ ਵਿਧਾਇਕ ਸਾਡੇ ਪਰਿਵਾਰ ਨਾਲ ਕਿੰਨ੍ਹਾ ਕੁ ਖਹਿੰਦਾ ਰਿਹਾ ਸੀ ਤੇ ਕਿਵੇਂ ਸਾਨੂੰ ਤੰਗ ਪਰੇਸ਼ਾਨ ਕਰਦਾ ਰਿਹਾ ਸੀ, ਇਹ ਇਕ ਲੰਬੀ ਕਹਾਣੀ ਹੈ।

"ਹੋ ਸਕਦਾ ਐਮ ਐਲ ਏ ਕਾ ਹੀ ਹੱਥ ਹੋਵੇ, ਪਰ ਹੁਣ ਮੈਂ ਕੀ ਕਰਾਂ ?" ਮੈਂ ਸੋਚਾਂ 'ਚੋਂ ਬਾਹਰ ਆਉਂਦਿਆਂ ਆਪਣਾ ਫਿਕਰ ਤਰਸੇਮ ਅੱਗੇ ਰੱਖ ਦਿੱਤਾ।

"ਮੇਰੇ ਹਿਸਾਬ ਨਾਲ ਤੂੰ ਸਿਮਰਜੀਤ ਤੋਂ ਨੌਕਰੀ ਛੁਡਾ ਲੈ। ਐਨੀ ਦੂਰ ਡਿਊਟੀ ਕਰਨ ਜਾਂਦੀ ਹੈ, ਕੋਈ ਦੁਰਘਟਨਾ ਹੋ ਜਾਊ।" ਕਿਤਾਬ ਦੇ ਵਰਕੇ ਉਲੱਦਦਾ ਤਰਸੇਮ ਤਾਂ ਚਲਾ ਗਿਆ ਪਰ ਮੈਨੂੰ ਚਿੰਤਾ ਦੀ ਡੂੰਘੀ ਖੱਡ 'ਚ ਧੱਕ ਗਿਆ ਸੀ।

ਮੇਰੀ ਚਿੰਤਾ ਵਾਜਬ ਸੀ। ਜੇਕਰ ਸਾਡੇ 'ਚੋਂ ਇੱਕ ਦਾ ਵੀ ਨੁਕਸਾਨ ਹੋ ਜਾਂਦਾ ਤਾਂ ਦੂਸਰੇ ਦੀ ਜਿੰਦਗੀ ਆਪਣੇ ਆਪ ਹੀ ਖ਼ਤਮ ਹੋ ਜਾਣੀ ਸੀ। ਮੈਂ ਆਪਣੇ ਕੁੱਝ ਫਿਕਰ ਸਿਮਰ ਨਾਲ ਸਾਂਝੇ ਕਰ ਲੈਂਦਾ ਸਾਂ ਪਰ ਬਹੁਤੇ ਆਪਣੇ ਸੀਨੇ 'ਚ ਹੀ ਦਫ਼ਨ ਕਰ ਲੈਂਦਾ। ਉਂਜ ਤਾਂ ਮੇਰਾ ਸੁਭਾਅ ਪਹਿਲਾਂ ਤੋਂ ਹੀ ਚੁੱਪ ਰਹਿਣਾ ਸੀ ਪਰ ਹੁਣ ਤਾਂ ਕੁੱਝ ਵਧੇਰੇ ਹੀ ਅੰਤਰ ਮੁੱਖੀ ਹੁੰਦਾ ਜਾ ਰਿਹਾ ਸਾਂ। ਮੇਰਾ ਅੰਦਰ ਹੀ ਅੰਦਰ ਸਿਮਟਦੇ ਜਾਣਾ ਸਿਮਰ ਨੂੰ ਦੁੱਖੀ ਕਰਦਾ। ਉਸ ਨੂੰ ਜਾਪਦਾ ਸੀ ਜਿਵੇਂ ਮੈਂ ਉਸਤੋਂ ਭਗੌੜਾ ਹੋ ਰਿਹਾ ਹੋਵਾਂ। ਜਿਵੇਂ ਉਸ ਖਿਲਾਫ਼ ਘਰ 'ਚ ਚੱਲਦੀਆਂ ਸਾਜ਼ਿਸ਼ੀ ਲਹਿਰਾਂ 'ਚ ਸ਼ਾਮਲ ਹੋ ਗਿਆ ਹੋਵਾਂ। ਮੈਂ ਆਪਣੇ ਆਪ ਨੂੰ ਆਲੇ ਦੁਆਲੇ ਨਾਲੋਂ ਤੋੜਨ ਲੱਗਾ। ਮੈਨੂੰ ਲੱਗਦਾ ਮਿਲਣ ਵਾਲਾ ਹਰੇਕ ਵਿਅਕਤੀ ਮੈਨੂੰ ਘੂਰ ਰਿਹਾ ਹੋਵੇ। ਮੈਂ ਆਪਣੇ ਬਹੁਤ ਸਾਰੇ ਖਾਸ ਦੋਸਤਾਂ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗਾ। ਮੇਰੀਆਂ ਅੱਖਾਂ ਉੱਪਰ ਸ਼ੱਕ ਦੀਆਂ ਐਨਕਾਂ ਪੱਕੇ ਤੌਰ 'ਤੇ ਲੱਗ ਗਈਆਂ ਸਨ।

ਇਹਨਾਂ ਦਿਨਾਂ 'ਚ ਹੀ ਮੈਂ ਸਿਮਰ ਦੀ ਬਦਲੀ ਫਰੀਦਕੋਟ ਤੋਂ ਘਰ ਦੇ ਨੇੜੇ ਕਰਵਾਉਣ ਲਈ ਕੋਸ਼ਿਸ਼ਾਂ ਆਰੰਭ ਦਿੱਤੀਆਂ। ਤਰਸੇਮ ਦੀ ਘਰਵਾਲੀ ਵੀ ਫਰੀਦਕੋਟ ਮੈਡੀਕਲ ਕਾਲਜ ਵਿੱਚ ਹੀ ਨੌਕਰੀ ਕਰਦੀ ਸੀ। ਉਹ ਵੀ ਇਲਾਕੇ ਦੇ ਪਹੁੰਚ ਵਾਲੇ ਲੀਡਰਾਂ ਰਾਹੀਂ ਬਦਲੀ ਵਾਸਤੇ ਜ਼ੋਰ ਮਾਰਨ ਲੱਗਾ। ਬਦਲੀ ਕਰਵਾਉਣ ਲਈ ਉਹਨਾਂ ਦਿਨਾਂ 'ਚ ਪੈਸਿਆਂ ਦਾ ਖਾਸਾ ਆਦਾਨ ਪ੍ਰਦਾਨ ਚੱਲਣ ਦੇ ਚਰਚੇ ਸਨ। ਤਰਸੇਮ ਘਰਵਾਲੀ ਦੀ ਬਦਲੀ ਕਰਵਾਉਣ ਲਈ ਗਾਂਧੀ ਬਾਬੇ ਦੀ ਸਹਾਇਤਾ ਵੀ ਲੈ ਰਿਹਾ ਸੀ ਪਰ ਸਾਡੇ ਕੋਲ ਗਾਂਧੀ ਬਾਬਾ ਕਿੱਥੇ ਸੀ? ਗਾਂਧੀ ਨਾਲ ਤਾਂ ਮੁੱਢ ਤੋਂ ਹੀ ਨਹੀਂ ਸੀ ਬਣੀ। ਨਾ ਉਸਦੀ ਵਿਚਾਰਧਾਰਾ ਨਾਲ ਤੇ ਨਾਹੀ ਉਸਦੀ ਫੋਟੋ ਵਾਲੇ ਨੋਟਾਂ ਨਾਲ।

ਬਦਲੀਆਂ ਦੀ ਆਖਰੀ ਤਾਰੀਖ ਵਾਲੇ ਦਿਨ ਸਿਮਰ ਦੀ ਬਦਲੀ ਜੀਰੇ ਨੇੜੇ ਪਿੰਡ ਕੱਸੋਆਣਾ ਦੇ ਸਿਵਲ ਹਸਪਤਾਲ ਦੀ ਹੋ ਗਈ ਪਰ ਗਾਂਧੀ ਬਾਬਾ ਤਰਸੇਮ ਦੇ ਕਿਸੇ ਕੰਮ ਨਾ ਆਇਆ। ਮੈਨੂੰ ਇਸ ਗੱਲ ਦਾ ਬੜਾ ਦੁੱਖ ਸੀ। ਪਿੰਡੋਂ ਸੱਤਰ ਕਿਲੋਮੀਟਰ ਦੂਰ ਡਿਊਟੀ ਕਰਨ ਜਾਣਾ ਕਿੰਨ੍ਹਾ ਔਖਾ ਹੈ, ਇਸਦਾ ਅਹਿਸਾਸ ਮੇਰੇ ਨਾਲੋਂ ਵੱਧ ਹੋਰ ਕਿਸਨੂੰ ਹੋ ਸਕਦਾ ਸੀ। ਜਿਵੇਂ ਮੈਂ ਤੇ ਸਿਮਰ ਨੇ ਮੁਸ਼ਕਲਾਂ ਹੰਡਾਈਆਂ ਸਨ, ਉਵੇਂ ਹੀ ਤਰਸੇਮ ਤੇ ਉਸਦੀ ਪਤਨੀ ਨੇ ਵੀ ਬੜੀਆਂ ਚਣੌਤੀਆਂ ਦਾ ਸਾਹਮਣਾ ਕੀਤਾ ਸੀ। ਉਹਨਾਂ ਨੇ ਬੜੇ ਔਖੇ ਹੋਕੇ ਆਪਣਾ ਵਿਆਹ ਨੇਪਰੇ ਚਾੜਿਆ ਸੀ। ਬੜੇ ਯੁੱਧਾਂ ਨਾਲ ਆਪਣੇ ਸਹੁਰਿਆਂ ਨੂੰ ਵਿਆਹ ਲਈ ਰਾਜੀ ਕੀਤਾ ਸੀ। ਉਸਦੇ ਸੰਘਰਸ਼ ਦਾ ਮੈਂ ਚਸ਼ਮਦੀਦ ਗਵਾਹ ਸਾਂ।

ਤਰਸੇਮ ਅਤੇ ਉਸਦੇ ਸਾਥੀ ਦੇ ਵਿਆਹ ਵਿੱਚ ਆਰਥਿਕ ਪਾੜ੍ਹੇ ਤੋਂ ਇਲਾਵਾ ਹੋਰ ਕੋਈ ਵੱਡੀ ਅੜਚਨ ਨਹੀਂ ਸੀ। ਦੋਵਾਂ ਦੇ ਘਰਦਿਆਂ ਦਾ ਆਰਥਿਕ ਪੱਖ ਸ਼ਾਇਦ ਹਾਣਦਾ ਨਹੀਂ ਸੀ, ਇਸੇ ਕਰਕੇ ਉਹ ਅੜੇ ਖੜੇ ਸਨ। ਤਰਸੇਮ ਵਲੋਂ ਇਧਰੋਂ ਉਧਰੋਂ ਬੰਦੇ ਪਾ ਕੇ ਕੁੜੀ ਵਾਲਿਆਂ ਨੂੰ ਮਨਾਉਣ ਦੇ ਯਤਨ ਕੀਤੇ ਜਾ ਰਹੇ ਸਨ ਪਰ ਕਿਸੇ ਵੀ ਸੰਭਾਵੀ ਖ਼ਤਰੇ ਨੂੰ ਧਿਆਨ 'ਚ ਰੱਖਦਿਆਂ ਉਸਨੇ ਕੋਰਟ ਮੈਰਿਜ ਕਰਵਾਉਣ ਦਾ ਨਿਰਣਾ ਲੈ ਲਿਆ। ਅਦਾਲਤੀ ਕਾਰਵਾਈ ਵਾਲੀ ਸਾਰੀ ਨੱਠ-ਭੱਜ ਕਰਨ ਦੀ ਜ਼ਿੰਮੇਵਾਰੀ ਮੇਰੇ ਜੁੰਮੇ ਸੀ। ਮੈਂ ਆਪਣੇ ਬਹੁਤ ਹੀ ਨਜ਼ਦੀਕੀ ਅਤੇ ਜਨ ਸਿਹਤ ਮਹਿਕਮੇ ਦੇ ਮੁਲਾਜ਼ਮ ਆਗੂ ਕਿਰਪਾਲ ਸਿੰਘ ਸੰਧੂ ਨੂੰ ਨਾਲ ਲੈ ਕੇ ਉਸਦੇ ਵਕੀਲ ਭਰਾ ਹਰਦਿਆਲ ਸਿੰਘ ਨਾਲ ਗੱਲ ਕੀਤੀ। ਅਦਾਲਤੀ ਕਾਰਵਾਈ ਲਈ ਮੋਗੇ ਦੀਆਂ ਕਚਹਿਰੀਆਂ ਚੁਣ ਲਈਆਂ। ਦੋਵਾਂ ਦੇ ਬਾਲਗ ਹੋਣ ਸਬੰਧੀ ਤੇ ਆਪਣੀ ਮਰਜ਼ੀ ਨਾਲ ਵਿਆਹ ਕਰਾਉਣ ਸਬੰਧੀ ਨੇੜਲੇ ਰਿਸ਼ਤੇਦਾਰਾਂ ਦੀਆਂ ਗਵਾਹੀਆਂ ਦੀ ਜ਼ਰੂਰਤ ਸੀ। ਤਰਸੇਮ ਦੇ ਨੇੜਲੇ ਰਿਸ਼ਤੇਦਾਰ ਵਜੋਂ ਮੈਂ ਕਾਗਜ਼ਾਂ 'ਤੇ ਗਵਾਹੀ ਪਾਈ। ਦੂਸਰੀ ਗਵਾਹੀ ਬਾਈ ਕਿਰਪਾਲ ਸਿੰਘ ਨੇ ਪਾ ਦਿੱਤੀ। ਤਰਸੇਮ ਦੀ ਮੈਰਿਜ ਰਜਿਸਟਰਡ ਹੋ ਗਈ ਸੀ। ਜੇ ਕੱਲ੍ਹ ਕਲੋਤਰ ਨੂੰ ਕੁੜੀ ਵਾਲੇ ਨਾ ਮੰਨਦੇ ਤਾਂ ਤਰਸੇਮ ਤੇ



ਉਸਦੀ ਸਾਥਣ ਕੋਰਟ ਮੈਰਿਜ ਵਾਲੇ ਪੇਪਰ ਦਾ ਸਹਾਰਾ ਲੈ ਸਕਦੇ ਸਨ। ਖੈਰ ਬਾਅਦ 'ਚ ਇਸ ਅਦਾਲਤੀ ਪਰਚੱਟੂ ਦੀ ਲੋੜ ਨਹੀਂ ਸੀ ਪਈ। ਉਸਦੇ ਸਹੁਰੇ ਮੰਨ ਗਏ ਸਨ ਤੇ ਵਿਆਹ ਪੂਰੀ ਧੂਮ ਧਾਮ ਨਾਲ ਹੋਇਆ ਸੀ।

ਕੱਸੋਆਣੇ ਬਦਲੀ ਹੋ ਜਾਣ ਨਾਲ ਮੈਨੂੰ ਲੱਗਾ ਸਿਮਰਜੀਤ ਦੇ ਆਪਣੇ ਇਲਾਕੇ 'ਚ ਆ ਜਾਣ ਨਾਲ ਜਿਸ ਹੁਣ ਸਾਡੀ ਜਾਨ ਸੌਖੀ ਹੋ ਜਾਵੇਗੀ। ਫਰੀਦਕੋਟ ਜਾਣ ਆਉਣ ਦੀ ਫਟੀਕ ਤੋਂ ਛੁਟਕਾਰਾ ਮਿਲ ਜਾਵੇਗਾ। ਮੈਂ ਚੰਡੀਗੜ੍ਹੋਂ ਛਪਦੇ ਪੰਜਾਬੀ ਅਖਬਾਰ ਲਈ ਪੱਤਰਕਾਰ ਸਾਂ। ਇਸ ਪੱਤਰਕਾਰੀ ਦਾ ਪ੍ਰਭਾਵ ਵਰਤਦਿਆਂ ਫਿਰੋਜਪੁਰ ਵਾਲੇ ਸਿਵਲ ਸਰਜਨ ਤੋਂ ਸਿਮਰ ਦੀ ਆਰਜ਼ੀ ਡਿਊਟੀ ਕੱਸੋਆਣੇ ਤੋਂ ਕੋਟ ਈਸੇ ਖਾਂ ਦੀ ਲੁਆ ਲਈ। ਇਹ ਆਰਜ਼ੀ ਡਿਊਟੀ ਤਿੰਨ ਮਹੀਨੇ ਲਈ ਲੱਗਦੀ ਸੀ। ਇਹ ਸਮਾਂ ਖਤਮ ਹੁੰਦਿਆਂ ਹੀ ਦੁਬਾਰਾ ਵਧਾ ਲੈਂਦੇ। ਕੋਟ ਈਸੇ ਖਾਂ ਤਾਂ ਘਰ ਵਾਲੀ ਹੀ ਗੱਲ ਸੀ। ਮਸੀਂ ਦਸ ਮਿੰਟ ਦੀ ਵਾਟ। ਸਵੇਰੇ ਸਕੂਟਰ 'ਤੇ ਆਉਂਦੇ ਤੇ ਸ਼ਾਮੀ ਦੋਵੇਂ ਇਕੱਠੇ ਵਾਪਸ ਚਲੇ ਜਾਂਦੇ। ਜਿੰਦਗੀ ਦੇ ਬੇਲਿਆਂ 'ਚ ਮਿੱਠੀ ਮਿੱਠੀ ਹਵਾ ਰੁਮਕਣ ਦੀ ਸੰਭਾਵਨਾ ਬਨਣ ਲੱਗੀ।

ਅਜੇ ਬਹੁਤੇ ਦਿਨ ਨਹੀਂ ਸੀ ਬੀਤੇ ਜਦੋਂ ਤਨ ਤੇ ਮਨ ਲੂਹ ਸੁੱਟਣ ਵਾਲਾ ਤੱਤੀ ਹਵਾ ਦਾ ਬੁੱਲ੍ਹਾ ਨੀਲਾ ਲਿਫਾਫਾ ਬਣਕੇ ਘਰ ਦੀਆਂ ਬਰੂਹਾ ਆ ਲੰਘਿਆ। ਉਦੋਂ ਅਖਬਾਰਾਂ ਰਿਸਾਲਿਆਂ 'ਚ ਛਪਦੀਆਂ ਰਚਨਾਵਾਂ ਕਾਰਨ ਘਰ 'ਚ ਪਾਠਕਾਂ ਜਾਂ ਸਾਹਿਤਕ ਦੋਸਤਾਂ ਦੇ ਨੀਲੇ ਪੀਲੇ ਲਿਫ਼ਾਫ਼ੇ ਆਮ ਹੀ ਆਇਆ ਕਰਦੇ ਸਨ। ਉਹ ਲਿਫ਼ਾਫ਼ਾ ਵੀ ਮੈਂ ਪਹਿਲੇ ਲਿਫ਼ਾਫ਼ਿਆਂ ਵਾਂਗ ਬੜੇ ਮੋਹ ਤੇ ਉਮੰਗ ਨਾਲ ਖੋਲ੍ਹਿਆ ਸੀ। ਖਤ ਦੀ ਪਹਿਲੀ ਸਤਰ ਪੜ੍ਹਦਿਆਂ ਹੀ ਮੱਥੇ 'ਤੇ ਚਿੰਤਾ ਦੀਆਂ ਡੂੰਘੀਆਂ ਲਕੀਰਾਂ ਉੱਭਰ ਆਈਆਂ। ਇਹ ਕਿਸੇ ਪਾਠਕ ਜਾਂ ਸਾਹਿਤਕ ਬੇਲੀ ਦਾ ਮੁਹੱਬਤਨਾਮਾ ਨਹੀਂ ਸੀ ਬਲਕਿ ਇਸਦੇ ਸ਼ਬਦ ਤਾਂ ਨਫਰਤ ਨਾਲ ਭਰੇ ਅੱਗ ਉਗਲਦੇ ਸਨ। ਇਸਦੀ ਇਬਾਰਤ ਬਿਲਕੁੱਲ ਉਹੋ ਜਿਹੀ ਸੀ, ਜਿਹੋ ਜਿਹੀ ਪਿਛਲੇ ਸਮੇਂ ਤੋਂ ਕੰਧ 'ਤੇ ਚਿਪਕਦੇ ਆ ਰਹੇ ਇਸ਼ਤਿਹਾਰਾਂ ਦੀ ਸੀ, "ਕੀ ਸਮਝਦੇ ਓਂ ਫਰੀਦਕੋਟ ਤੋਂ ਬਦਲੀ ਕਰਵਾ ਕੇ ਬਚ ਜਾਉਂਗੇ? ਇਹ ਤੁਹਾਡੀ ਭੁੱਲ ਹੈ। ਭਾਵੇਂ ਪਤਾਲ 'ਚ ਲੁਕ ਜਾਵੋ, ਥੋਨੂੰ ਛੱਡਣਾ ਨ੍ਹੀ।"

ਥੋੜੇ ਦਿਨਾਂ ਬਾਅਦ ਫੇਰ ਅਜਿਹੇ ਦਿਲ ਲੂਹਣ ਵਾਲੇ ਖਤ ਨੇ ਘਰ ਦੇ ਬੂਹੇ 'ਤੇ ਆਣ ਦਸਤਕ ਦਿੱਤੀ, "ਥੋਨੂੰ ਜਿਉਣ ਦਾ ਕੋਈ ਹੱਕ ਨ੍ਹੀ। ਤੁਸੀਂ ਕੀ ਸੋਚਦੇਂ, ਸਾਨੂੰ ਕਿਤੇ ਥੋਡੇ ਟਿਕਾਣਿਆਂ ਦਾ ਪਤਾ ਨ੍ਹੀ? ਸਾਨੂੰ ਸਾਰਾ ਪਤਾ ਐ। ਤੁਸੀਂ ਸਾਥੋਂ ਵੀਹਰੇ ਨ੍ਹੀਂ। ਅਸੀਂ ਤਾਂ ਥੋਡੇ ਮੂੰਹ ਵੱਲੀਂ ਵੇਂਹਦੇ ਸੀਗੇ। ਅਸੀਂ ਸੋਚਦੇ ਸੀ ਤੁਸੀਂ ਦੂਰ ਕਿਧਰੇ ਦਫ਼ਾ ਹੋ ਜਾਉਂਗੇ। ਪਰ ਥੋਡੀ ਮੌਤ ਥੋਨੂੰ ਘੇਰ ਕੇ ਇੱਥੇ ਲੈ ਆਈ ਹੈ। ਥੋਡੇ ਦਿਨ ਨੇੜੇ ਈ ਆ। ਚੁਗਲੋ ਦਾਣਾ ਪਾਣੀ ਜਿਹੜਾ ਚਾਰ ਦਿਨ ਚੁਗਣਾ।"

ਫਿਰ ਇੱਕ ਹੋਰ ਤੇ ਇੱਕ ਹੋਰ। ਪਹਿਲੇ ਖ਼ਤ ਦੀ ਦਹਿਸ਼ਤ ਅਜੇ ਦਿਲ ਦਿਮਾਗ ਤੋਂ ਲੱਥੀ ਨਹੀਂ ਸੀ ਹੁੰਦੀ ਕਿ ਨਵਾਂ ਖ਼ਤ ਮੌਤ ਦਾ ਪ੍ਰਵਾਨਾ ਲੈ ਕੇ ਆ ਬਹੁੜਦਾ। ਹਰ ਵਾਰ ਨਵੀਂ ਇਬਾਰਤ ਤੇ ਨਵੀਂ ਲਿਖਾਈ। ਪਹਿਲਾਂ ਨਾਲੋਂ ਵੀ ਖ਼ਤਰਨਾਕ ਜਿਸ ਵਿੱਚ ਸਾਨੂੰ ਭੱਦੀਆਂ ਗਾਹਲਾਂ ਕੱਢੀਆਂ ਹੁੰਦੀਆਂ। ਮੇਰੇ ਲਈ ਖ਼ਤ ਦਾ ਮਤਲਬ ਧਮਕੀ ਤੇ ਖੌ ਬਣਕੇ ਰਹਿ ਗਿਆ ਸੀ। ਉਹ ਦਿਨ ਤਾਂ ਬੜੀ ਦੂਰ ਰਹਿ ਗਏ ਸਨ ਜਦੋਂ ਮੱਥੇ 'ਤੇ ਮੋਹ ਦੇ ਦੀਵੇ ਬਾਲ ਕੇ ਖ਼ਤ ਦੀ ਉਡੀਕ ਕਰੀਦੀ ਸੀ। ਬੂਹੇ ਦੇ ਬਾਹਰ ਵੱਜਦੀ ਸਾਈਕਲ ਦੀ ਘੰਟੀ ਦੀ ਧੁੰਨ ਮਿੱਠੀ ਤੇ ਪਿਆਰੀ ਲੱਗਦੀ। ਡਾਕੀਆ ਅਰਸ਼ੋਂ ਉਤਰਿਆ ਫਰਿਸ਼ਤਾ ਲੱਗਦਾ ਸੀ। ਉਸਦੀ ਆਵਾਜ਼ ਸੁਨਣ ਲਈ ਕੰਨ ਬਾਹਰਲੇ ਬੂਹੇ ਵੱਲ ਲੱਗੇ ਰਹਿੰਦੇ ਸਨ।

ਹੁਣ ਤਾਂ ਡਾਕੀਏ ਦੇ ਸਾਈਕਲ ਦੀ ਘੰਟੀ ਜਿਵੇਂ ਤ੍ਰਾਹ ਕੱਢ ਦਿੰਦੀ ਸੀ। ਇੱਕ ਵਕਤ ਸੀ ਜਦੋਂ ਉਹ ਮੁਹੱਬਤ ਨਾਲ ਭਰਿਆ ਖ਼ਤ ਹੱਥ 'ਚ ਫੜਾਉਂਦਾ ਸੀ ਤਾਂ ਉਸਦੇ ਹੱਥ ਚੁੰਮ ਲੈਣ ਨੂੰ ਜੀਅ ਕਰਦਾ ਹੁੰਦਾ ਸੀ। ਜੇ ਉਡੀਕਿਆ ਖ਼ਤ ਦੋ ਚਾਰ ਦਿਨ ਨਾ ਆਉਂਦਾ ਤਾਂ ਮੈਂ ਆਨੇ ਬਹਾਨੇ ਡਾਕੀਏ ਦੇ ਘਰ ਗੇੜਾ ਮਾਰ ਆਉਂਦਾ। ਉਹਨਾਂ ਦਿਨਾਂ 'ਚ ਕਈ ਕਈ ਸਫਿਆਂ ਦੇ ਖ਼ਤ ਵੀ ਛੋਟੇ ਲੱਗਦੇ ਹੁੰਦੇ ਸਨ ਪਰ ਹੁਣ ਤਾਂ ਟੈਸਟ ਇੰਟਰਵਿਊ ਵਾਲੇ ਪੱਤਰ ਵੀ ਚੰਗੇ ਨਹੀਂ ਸਨ ਲੱਗਦੇ। ਕਈ ਵਾਰ ਜੀਅ ਕਰਦਾ ਡਾਕੀਏ ਤੋਂ ਖ਼ਤ ਫੜਨ

ਤੋਂ ਨਾਂਹ ਕਰ ਦੇਵਾਂ। ਫਿਰ ਇਹ ਸੋਚ ਕੇ ਦੜ ਵੱਟ ਜਾਂਦਾ ਕਿ ਇਸਦਾ ਕਾਰਨ ਕੀ ਦੱਸਾਂਗਾ। ਉਂਝ ਵੀ ਡਾਕੀਆ ਮੇਰੇ ਨਾਲ ਹੀ ਪੜ੍ਹਦਾ ਰਿਹਾ ਸੀ ਤੇ ਹਮੇਸ਼ਾਂ ਜਮਾਤੀ ਹੋਣ ਦੇ ਮਾਣ ਨਾਲ ਹੀ ਮੇਰੇ ਕੋਲ ਆਉਂਦਾ ਸੀ। ਮੈਂ ਵੀ ਉਸਨੂੰ ਮੱਲੋ ਮੱਲੀ ਚਾਹ ਪਾਣੀ ਲਈ ਰੋਕ ਲੈਂਦਾ। ਪਰ ਹੁਣ—ਹੁਣ ਤਾਂ ਉਸਦਾ ਆਉਣਾ ਬੋਝ ਲੱਗਦਾ ਸੀ। ਹੁਣ ਤਾਂ ਇਹੀ ਸੋਚਦਾ ਰਹਿੰਦਾ ਸਾਂ ਕਿ ਦਹਿਸ਼ਤ ਭਰੇ ਇਹ ਦਿਨ ਕਿੰਨੇ ਕੁ ਦਿਨ ਘੇਰਾ ਪਾਈ ਰੱਖਣਗੇ ? ਕਦੇ ਸੋਚਦਾ, ਗੱਲ ਅੱਜ ਭਲਕ ਹੀ ਮੁੱਕ ਜਾਵੇਗੀ।

ਗੱਲ ਅਜੇ ਇੱਥੇ ਥੋੜਾ ਮੁੱਕਣੀ ਸੀ? ਅਜੇ ਤਾਂ ਮੇਰੇ ਆਲੇ ਦੁਆਲੇ ਤੇ ਸ਼ਰੀਕੇ ਭਾਈਚਾਰੇ ਵਾਲਿਆਂ, ਖਾਸ ਕਰ ਤੀਵੀਆਂ ਨੂੰ ਕੰਧਾਂ 'ਤੇ ਲੱਗਦੇ ਇਸ਼ਤਿਹਾਰਾਂ ਤੇ ਆਉਂਦੀਆਂ ਧਮਕੀ ਭਰੀਆਂ ਚਿੱਠੀਆਂ ਦਾ ਪਤਾ ਲੱਗਣਾ ਸੀ। ਔਰਤਾਂ ਨੇ ਇੱਕ ਦੂਜੀ ਕੋਲ ਖੜਕੇ ਘੁਸਰ ਮੁਸਰ ਕਰਨੀ ਸੀ। ਸਾਰਾ ਸਾਰਾ ਦਿਨ ਘਰੋਂ ਆਵਾਰਾ ਹੋਈਆਂ ਰਹਿਣ ਵਾਲੀਆਂ ਮੁਹੱਲੇ ਦੀਆਂ ਕਈ 'ਬੀਬੀਆਂ' ਨੇ ਵੀ ਸਤੀਆਂ ਸਵਿਤਰੀਆਂ ਬਣਕੇ ਸਾਡੇ ਵੱਲ ਮਿਸ਼ਕ ਮੀਣੀਆਂ ਅੱਖਾਂ ਨਾਲ ਝਾਕਣਾ ਸੀ। ਅਜੇ ਤਾਂ ਏਧਰੋਂ ਓਧਰੋਂ , "ਕੀ ਪਤਾ ਕੌਣ ਲਾਉਂਦਾ ? ਆਵਾਰਾ ਤਾਂ ਹੈਗੇ। ਕੋਈ ਗੱਲ ਤਾਂ ਹੋਊ ? ਪਤਾ ਨ੍ਹੀ ਕਿੱਥੇ ਕਿੱਥੇ ਧੱਕੇ ਖਾਂਦੇ ਰਹੇ ਹੋਣਗੇ?" ਵਰਗੀਆਂ ਗੱਲਾਂ ਉੱਡ ਉੱਡ ਕੇ ਸਾਡੇ ਕੋਲ ਆਉਣੀਆਂ ਸਨ। ਅਜੇ ਅਸੀਂ ਪਾਗਲ ਨਹੀਂ ਸੀ ਹੋਏ। ਅਜੇ ਤਾਂ ਘਰਦੇ ਮਾਹੌਲ ਨੇ ਹੋਰ ਤਣਾਅ ਨਾਲ ਭਰਨਾ ਸੀ। ਅਜੇ ਤਾਂ ਸਾਰੇ ਰਿਸ਼ਤੇਦਾਰਾਂ ਨੇ ਇਕੱਠੇ ਹੋਕੇ ਸਾਡੇ ਖ਼ਿਲਾਫ਼ ਸਾਂਝੇ "ਸੰਘ" ਦੀ ਸਥਾਪਨਾ ਕਰਨੀ ਸੀ।

ਜ਼ਿੰਦਗੀ ਨੇ ਅਜੇ ਹੋਰ ਬਹੁਤ ਸਾਰੀਆਂ ਚਣੌਤੀਆਂ ਪੇਸ਼ ਕਰਨੀਆਂ ਸਨ। ਰਿਸ਼ਤੇਦਾਰਾਂ ਵਲੋਂ ਇਕੱਠੇ ਹੋਕੇ ਵੰਡ ਵੰਡਾਈ ਕਰਨੀ ਸੀ। ਮਾਂ ਦਾ ਸੰਦੂਕ ਮੈਂ ਮੰਗ ਕੇ ਆਪਣੇ ਹਿੱਸੇ 'ਚ ਲੈਣਾ ਸੀ। ਦੋ ਚਾਰ ਭਾਂਡਿਆਂ-ਟੀਡਿਆਂ ਦੇ ਨਾਲ ਨਾਲ ਸਭ ਤੋਂ ਛੋਟੇ ਭਾਈ ਨੇ ਵੀ ਸਾਡੇ ਹਿੱਸੇ ਆਉਣਾ ਸੀ। ਫੌਜ 'ਚ ਨੌਕਰੀ ਕਰਦੇ ਇਸ ਕੁਆਰੇ ਭਰਾ ਨੂੰ ਆਪਣੇ ਨਾਲ ਰੱਖਣ ਦੇ ਫੈਸਲੇ ਨੇ ਅੱਗੇ ਚੱਲ ਕੇ ਮੇਰੇ ਗਲੇ ਦੀ ਹੱਡੀ ਬਨਣਾ ਸੀ। ਭੂਆ ਤੇ ਭੈਣ ਵਰਗੀਆਂ ਕਈ ਰਿਸ਼ਤੇਦਾਰੀਆਂ ਨੇ ਸਾਨੂੰ ਛੱਜ 'ਚ ਪਾ ਕੇ ਛੱਟਣਾ ਸੀ। ਵੀਹ ਕਮਾ ਕੇ ਚਾਲੀ ਖਰਚ ਕਰਨ ਵਾਲੇ ਇਸ ਭਰਾ ਦੀ ਕਮਾਈ ਖਾਣ ਦੇ ਦੋਸ਼ ਲੱਗਣੇ ਸਨ। ਸਿਮਰ ਲਈ ਇਹ ਤਾਅਨੇ ਹੋਰ ਵੀ ਤਕਲੀਫ਼ ਦੇਹ ਹੋਣੇ ਸਨ। ਉਸਨੂੰ ਭੈਣ ਵਰਗੀਆਂ ਨੇ, "ਮੇਰੇ ਭਰਾ ਦੀ ਕਮਾਈ ਖਾਈ ਜਾਂਦੀ ਐ। ਇਹਨੇ ਕੁੱਛ ਨ੍ਹੀ ਬਨਣ ਦੇਣਾ ਏਹਦਾ।" ਵਰਗੇ ਤਾਅਨੇ ਮਾਰਨੇ ਸਨ। ਅਜੇ ਤਾਂ ਭੱਦੇ ਤਾਅਨਿਆਂ ਨੇ ਸਿਮਰ ਦੀ ਮਾਨਸਿਕ ਹਾਲਤ ਪਾਗਲਾਂ ਵਰਗੀ ਕਰਨੀ ਸੀ। ਤਣਾਅ ਕਾਰਨ ਪੈਦਾ ਹੋਏ ਜ਼ਹਿਰੀਲੇ ਨਸ਼ਤਰਾਂ ਨੇ ਮੇਰੇ ਤੇ ਸਿਮਰ ਵਿਚਕਾਰ ਆ ਖੜਨਾ ਸੀ। ਅਜੇ ਜਿਉਣ ਤੋਂ ਮਨ ਉਚਾਟ ਹੋਣਾ ਬਾਕੀ ਸੀ। ਅਜੇ ਤਾਂ ਦਿਮਾਗ 'ਚ ਖੁਦਕਸ਼ੀ ਵਰਗੇ ਖਿਆਲ ਆਉਣੇ ਸ਼ੁਰੂ ਹੋਣੇ ਸਨ।

ਇਹਨਾਂ ਦਿਨਾਂ 'ਚ ਹੀ ਮੈਂ ਇੱਕ ਹੋਰ ਮੁਸੀਬਤ ਹੱਥੀਂ ਸਹੇੜ ਲੈਣੀ ਸੀ। ਕੀ ਰਾਸ਼ਨ, ਕੀ ਕੱਪੜਿਆਂ ਵਾਲੀ ਤੇ ਕੀ ਡਾਕਟਰ—ਪਿੰਡ ਦੀ ਐਸੀ ਕਿਹੜੀ ਦੁਕਾਨ ਸੀ ਜਿਸਦੇ ਉਧਾਰ ਵਾਲੇ ਖਾਤੇ 'ਚ ਟੱਬਰ ਦੀ ਲਾਲ ਐਂਟਰੀ ਨਹੀਂ ਸੀ ਹੋਈ ਪਈ। ਜਦੋਂ ਦੀ ਬੀਬੀ ਦੀ ਮੌਤ ਹੋਈ ਸੀ, ਕਈ ਰਿਸ਼ਤੇਦਾਰਾਂ ਨੇ ਘਰ ਨੂੰ ਸੰਨ੍ਹ ਲਾਈ ਹੋਈ ਸੀ। ਮਨ ਮਰਜੀ ਦੇ ਕੱਪੜੇ ਪੜਵਾਏ ਸਨ। ਜੀ ਆਇਆ ਰਾਸ਼ਨ ਪਾਣੀ ਵਰਤਿਆ ਸੀ। ਪਾਪਾ ਜੀ ਦੀ ਮੌਤ ਤੋਂ ਬਾਅਦ ਦੁਕਾਨਾਂ ਵਾਲੇ ਘਰ ਗੇੜਾ ਮਾਰਨ ਲੱਗੇ। ਪਾਪਾ ਜੀ ਦੇ ਨਾਂ 'ਤੇ ਬੈਂਕ ਖਾਤੇ 'ਚ ਕੁੱਝ ਰੁਪਏ ਪੈਸੇ ਜਮਾ ਸਨ। ਕੇਵਲ ਸੱਤ ਕੁ ਹਜ਼ਾਰ। ਪਤਾ ਨਹੀਂ ਕਿਵੇਂ ਬਚੇ ਰਹਿ ਗਏ ਸਨ?

ਦੁਕਾਨਾਂ ਵਾਲਿਆਂ ਨੂੰ ਦੇਣ ਲਈ, ਰਿਸ਼ਤੇਦਾਰਾਂ ਦੀ ਸਹਿਮਤੀ ਨਾਲ ਮੈਂ ਭੱਜ ਨੱਸ ਕਰਕੇ ਕਾਗਜ਼-ਪੱਤਰ ਤਿਆਰ ਕੀਤੇ, ਪੈਸੇ ਕਢਵਾਏ ਤੇ ਦੁਕਾਨਾਂ ਦਾ ਕੁੱਝ ਉਧਾਰ ਲਾਹ ਦਿੱਤਾ। ਇਹਨਾਂ ਪੈਸਿਆਂ ਨੇ ਘਰ 'ਚ ਫੇਰ ਧਮੱਚੜ ਪੁਆ ਦਿੱਤਾ। "ਖਾ ਗਏ—ਪਾਪਾ ਜੀ ਦੀ ਕਮਾਈ ਖਾ ਗਏ।" ਦਾ ਰੌਲਾ ਪੈ ਗਿਆ। ਸਾਰੀ ਉਮਰ ਪਾਪਾ ਜੀ ਨੂੰ ਚੂੰਡ ਚੂੰਡ ਖਾਣ ਵਾਲੇ ਵੀ ਮੇਰੇ 'ਤੇ ਅਜਿਹੇ ਦੋਸ਼ ਲਾ ਰਹੇ ਸਨ। ਇਹਨਾਂ ਦੁਕਾਨਾਂ 'ਚੋਂ ਮੈਂ ਤਾਂ ਕੁੱਝ ਨਹੀਂ ਸੀ ਲਿਆ। ਬੜੇ ਚਿਰ ਤੋਂ ਆਵਦੇ ਗੁਜ਼ਾਰੇ ਜੋਗੀ ਭੰਨ੍ਹ-ਘੜ ਕਰਦਾ ਆ ਰਿਹਾ ਸਾਂ। ਮੈਂ ਕੀ ਲੈਣਾ ਸੀ ਪੈਸਿਆਂ ਦੇ ਪੰਗੇ 'ਚ ਪੈ ਕੇ? ਇਹਨਾਂ ਨਿਗੂਣੇ ਪੈਸਿਆਂ ਨੇ ਅੱਗੇ ਚੱਲ ਕੇ ਪਤਾ ਨਹੀਂ ਕਿੰਨ੍ਹੀ



ਕੁ ਮਾਨਸਿਕ ਪੀੜਾ ਦੇਣੀ ਸੀ। "ਚਾਰ ਸੌ ਵੀਹ ਕੀਤੀ ਐ। ਝੂਠਾ ਕੇਸ ਬਣਦਾ ਇਹਦੇ 'ਤੇ। ਪੈਸੇ ਖਾ ਗਿਆ ਹੇਰਾਫੇਰੀ ਨਾਲ ਕਢਵਾ ਕੇ।" ਵਰਗੀਆਂ ਗੱਲਾਂ ਸੁਨਣ ਨੂੰ ਮਿਲਣੀਆਂ ਸਨ ਜਿੰਨ੍ਹਾਂ ਨੇ ਦਿਮਾਗੀ ਤਵਾਜ਼ਨ ਹੋਰ ਵਿਗਾੜਨਾ ਸੀ।

ਇਹ ਉਹ ਦਿਨ ਸਨ ਜਦੋਂ ਸਰਕਾਰੀ ਨੌਕਰੀਆਂ ਦੀ ਸ਼ਰੇਆਮ ਬੋਲੀ ਲੱਗਣ ਦੇ ਚਰਚੇ ਸਨ। ਪੀ ਪੀ ਐਸ ਸੀ 'ਚ ਸਿੱਧੂ ਦਾ ਰਾਜ ਚੱਲਦਾ ਸੀ। ਬਾਕੀ ਭਰਤੀਆਂ ਲਈ ਵੱਡੇ ਘਰ ਬੈਠ ਕੇ ਲਿਸਟਾਂ ਤਿਆਰ ਹੁੰਦੀਆਂ। ਵਿਦਿਅਕ ਯੋਗਤਾ ਦੀ ਥਾਵੇਂ ਨੋਟਾਂ ਦੀਆਂ ਥੈਲੀਆਂ ਹੀ ਅਸਲ ਯੋਗਤਾ ਬਣ ਗਈਆਂ ਸਨ। ਟੈਸਟ ਇੰਟਰਵਿਊ ਡਰਾਮੇ ਤੋਂ ਵੱਧ ਕੁੱਝ ਨਹੀਂ ਸਨ ਰਹਿ ਗਏ। ਇਹ ਉਹ ਦਿਨ ਸਨ ਜਦੋਂ ਡਿਗਰੀਆਂ ਮਹਿਜ਼ ਕਾਗਜ਼ ਦੇ ਟੁਕੜੇ ਜਾਪਣ ਲੱਗੀਆਂ ਸਨ।

ਮੇਰੇ ਲਈ ਇਹ ਘੋਰ ਨਿਰਾਸ਼ਾ ਦੇ ਦਿਨ ਸਨ। ਇਹ ਧਮਕੀ ਭਰੀਆਂ ਚਿੱਠੀਆਂ ਦੇ ਦਿਨ ਸਨ। ਇਹ ਕੰਧਾਂ 'ਤੇ ਲੱਗਦੇ ਭੱਦੇ ਅਤੇ ਸਾਨੂੰ ਦੋਵਾਂ ਨੂੰ ਚਰਿਤਰਹੀਣ ਦਰਸਾਉਣ ਵਾਲੇ ਇਸ਼ਤਿਹਾਰਾਂ ਦੇ ਦਿਨ ਸਨ। ਇਹ ਰਾਤ ਨੂੰ ਦਰਵਾਜ਼ੇ 'ਤੇ ਹੁੰਦੀ ਡਰਾਉਣੀ 'ਠੱਕ—ਠੱਕ' ਦੇ ਦਿਨ ਸਨ। ਇਹ ਦਿਨ ਦਹਿਸ਼ਤ ਨਾਲ ਭਰੇ ਹੋਏ ਸਨ। ਇਹ ਡਿਪਰੈਸ਼ਨ 'ਚ ਜਾਣ ਦੇ ਦਿਨ ਸਨ।

ਇਹ ਉਹ ਦਿਨ ਸਨ ਜਦੋਂ ਸਾਰਾ ਆਲਾ ਦੁਆਲਾ ਆਪਣਾ ਵੈਰੀ ਹੋਇਆ ਲੱਗਦਾ ਸੀ। ਇਹਨਾਂ ਦਿਨਾਂ 'ਚ ਜੇ ਕੋਈ ਦਰਦੀ ਨਜ਼ਰ ਆਉਂਦਾ ਸੀ ਤਾਂ ਉਹ ਸੀ "ਤਰਸੇਮ।" ਉਹ ਆਥਣੇ ਜਿਹੇ ਮੇਰੇ ਵੱਲ ਆ ਜਾਂਦਾ। ਅਸੀਂ ਬਾਹਰ ਦੂਰ ਖੇਤਾਂ ਵੱਲ ਨਿਕਲ ਜਾਂਦੇ। ਮੈਂ ਨਵੇਂ ਆਏ ਧਮਕੀ ਪੱਤਰ, ਕੰਧ 'ਤੇ ਤਾਜ਼ੇ ਲੱਗੇ ਇਸ਼ਤਿਹਾਰ ਅਤੇ ਬੂਹੇ 'ਚ ਵੱਜੇ ਧੱਕਿਆਂ ਬਾਰੇ ਦੱਸਦਾ। ਚਿੰਤਾ ਦੀਆਂ ਲਕੀਰਾਂ ਉਸਦੇ ਮੱਥੇ 'ਤੇ ਉੱਭਰ ਆਉਂਦੀਆਂ। ਉਹ ਸੱਜੇ ਹੱਥ ਦੇ ਅਗੂੰਠੇ ਅਤੇ ਉਂਗਲ ਨਾਲ ਆਪਣੀਆਂ ਪੁੜਪੜੀਆਂ ਨੂੰ ਘੁੱਟਦਾ। ਮੋਢੇ 'ਤੇ ਹੱਥ ਰੱਖ ਕੇ ਮੇਰੇ ਨਾਲ ਹਮਦਰਦੀ ਪ੍ਰਗਟ ਕਰਦਾ। ਮੈਨੂੰ ਦਹਿਸ਼ਤ ਭਰੇ ਦਿਨਾਂ 'ਚ ਚੌਕਸ ਰਹਿਣ ਲਈ ਆਖਦਾ। ਤਰਸੇਮ ਬਿਨਾ ਕੌਣ ਸੀ ਜਿਸ ਕੋਲ ਮੈਂ ਆਪਣਾ ਦੁੱਖ ਸਾਂਝਾ ਕਰਦਾ? ਉਹੀ ਤਾਂ ਮੇਰੇ ਦੁੱਖਾਂ ਦਾ ਦਰਦੀ ਸੀ।

ਪਿੰਡ ਦੀ ਉਹੀ ਸਾਂਝੀ ਥਾਂ ਸੀ ਜਿੱਥੇ ਸਾਡੇ ਖ਼ਿਲਾਫ਼ ਸਭ ਤੋਂ ਪਹਿਲਾਂ ਇਸ਼ਤਿਹਾਰ ਚਿਪਕਿਆ ਸੀ। ਜਿੱਥੇ ਉਸਤੋਂ ਬਾਅਦ ਵੀ ਕਈ ਵਾਰ ਇਸ਼ਤਿਹਾਰ ਚਿਪਕੇ ਸਨ। ਬਹੁਤ ਸਾਰੇ ਲੋਕ ਖੜੇ ਸਨ ਪਿੰਡ ਦੀ ਇਸ ਸਾਂਝੀ ਥਾਂ 'ਤੇ। ਸਭ ਤੋਂ ਛੋਟਾ ਭਰਾ ਸੀ। ਚਾਚੇ ਦਾ ਪੁੱਤ ਸੀਰਾ ਵੀ ਉੱਥੇ ਹੀ ਸੀ। ਭਰੇ ਇਕੱਠ 'ਚ ਇੱਕ ਸ਼ਖਸ਼ ਮੇਰੇ ਮੂਹਰੇ ਮੁਜ਼ਰਮਾਂ ਵਾਂਗ ਹੱਥ ਬੰਨ੍ਹੀ ਤੇ ਸਿਰ ਝੁਕਾਈ ਖੜਾ ਸੀ। ਉਸਦਾ ਗੋਰਾ ਨਿਸ਼ੋਹ ਰੰਗ ਸ਼ਰਮ ਤੇ ਡਰ ਨਾਲ ਪੀਲਾ ਹੋਇਆ ਪਿਆ ਸੀ। ਮੇਰੀਆਂ ਅੱਖਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ ਪੈ ਰਹੀ ਉਸ 'ਚ। ਛੋਟੇ ਭਰਾ ਅਤੇ ਚਾਚੇ ਦੇ ਪੁੱਤ ਦੀਆਂ ਅੱਖਾਂ 'ਚ ਬਲਦੀ ਅੱਗ ਨੂੰ ਮੈਂ ਹੱਥ ਦੇ ਇਸ਼ਾਰੇ ਨਾਲ ਮੱਚਣ ਤੋਂ ਰੋਕ ਦਿੱਤਾ ਹੋਇਆ ਸੀ।

ਪਿੰਡ ਦੀ ਉਹੀ ਥਾਂ ਸੀ ਜਿੱਥੇ ਸਭ ਤੋਂ ਪਹਿਲਾਂ ਧਮਕੀ ਭਰਿਆ ਭੱਦਾ ਇਸ਼ਤਿਹਾਰ ਲੱਗਾ ਸੀ, ਉਹੀ ਥਾਂ ਹੁਣ ਉਸ ਸਖਸ਼ ਨੂੰ ਬੇਨਕਾਬ ਕਰੀ ਖੜੀ ਸੀ ਜਿਸਨੇ ਪਿਛਲੇ ਇੱਕ ਸਾਲ ਤੋਂ ਸਾਨੂੰ ਅੱਗ ਦੀ ਭੱਠੀ 'ਚ ਤਪਾਉਣਾ ਸ਼ੁਰੂ ਕੀਤਾ ਹੋਇਆ ਸੀ। ਇਹ ਸਖਸ਼ ਕੰਧਾਂ 'ਤੇ ਇਸ਼ਤਿਹਾਰ ਲਾਉਂਦਾ ਸੀ, ਧਮਕੀ ਭਰੇ ਪੱਤਰ ਪਾਉਂਦਾ ਸੀ, ਬੂਹਾ ਖੜਕਾ ਕੇ ਹਨੇਰੇ 'ਚ ਗਾਇਬ ਹੋ ਜਾਂਦਾ ਸੀ। ਭੂਆ ਕੋਲ ਬਹਿਕੇ ਸਾਜਿਸ਼ਾਂ ਘੜ ਜਾਂਦਾ ਸੀ। ਜਿਸਨੇ ਸਾਡੀ ਜ਼ਿੰਦਗੀ ਨਰਕ ਤੋਂ ਵੀ ਬਦਤਰ ਬਣਾਈ ਹੋਈ ਸੀ। ਇਹ ਸਖਸ਼ ਹੁਣ ਮੇਰੇ ਅੱਗੇ ਹੱਥ ਬੰਨ੍ਹਕੇ ਮੌਤ ਵਰਗੀ ਬੇਸ਼ਰਮੀ ਧਾਰੀ ਖੜਾ ਸੀ। ਦੁੱਖ ਤੇ ਹੈਰਾਨੀ ਇਸ ਗੱਲ ਦੀ ਕਿ ਇਹ ਸਖਸ਼, ਇਹ ਕਹਿੰਦਿਆਂ ਅਜਿਹੀਆਂ ਖੇਡਾਂ ਖੇਡਦਾ ਸੀ, "ਸਾਡੀ ਜਾਤ ਦੀ ਕੁੜੀ ਨਾਲ ਵਿਆਹ ਕਰਾ ਲਿਆ। ਹੁਣ ਇਹ ਸਾਰੀ ਉਮਰ ਸਾਨੂੰ ਏਸੇ ਗੱਲ ਦੇ ਮੇਹਣੇ ਮਾਰਿਆ ਕਰੂ।"

ਇਹ ਸਖਸ਼ ਕੋਈ ਹੋਰ ਨਹੀਂ, ਉਹੀ ਸੀ ਜਿਸਨੂੰ ਮੈਂ ਆਪਣਾ ਸਭ ਤੋਂ ਵੱਡਾ ਦਰਦੀ ਸਮਝਦਾ ਆਇਆ ਸਾਂ।

# ਸਾਲ 2019 ਦੀ ਪੰਜਾਬੀ ਕਹਾਣੀ: ਰੂਪ ਅਤੇ ਰੁਝਾਨ /- ਪ੍ਰੋ. ਜੇ. ਬੀ. ਸੇਖੋਂ

ਬਿਰਤਾਂਤ ਮਨੁੱਖ ਦੀਆਂ ਆਦਿਮ ਪ੍ਰਵਿਰਤੀਆਂ ਵਿਚੋਂ ਇਕ ਹੈ। ਵਿਸ਼ਵ ਪ੍ਰਸਿੱਧ ਚਿੰਤਕ ਰੋਲਾ ਬਾਰਤ ਬਿਰਤਾਂਤ ਦੀ ਸਦੀਵੀ ਹੋਂਦ ਨੂੰ ਦ੍ਰਿੜ ਕਰਦਾ ਹੋਇਆ ਇਸਨੂੰ ਅੰਤਰ ਰਾਸ਼ਟਰੀ, ਪਰਾਇਤਿਹਾਸਕ ਅਤੇ ਪਰਾਸਭਿਆਚਾਰਕ ਕਹਿੰਦਾ ਹੈ। ਬਾਰਤ ਜਦੋਂ "ਰੈਸਲਿੰਗ ਇਜ਼ ਏ ਸਟੋਰੀ" ਵਰਗੀ ਧਾਰਨਾ ਦਿੰਦਾ ਹੈ ਤਾਂ ਬਿਰਤਾਂਤ ਦੀ ਹੋਂਦ ਵਿਧੀ ਅਤੇ ਰੂਪਾਕਾਰਾਂ ਦੇ ਅਸੰਖ ਭੇਦਾਂ ਵੱਲ ਵੀ ਇਸ਼ਾਰਾ ਕਰਦਾ ਹੈ। ਭਾਸ਼ਾ ਦੇ ਵਿਸ਼ੇਸ਼ ਕੋਡ ਵਿਧਾਨ ਵਿਚ ਬੱਝੀ ਬਿਰਤਾਂਤ ਦੀ ਇਕ ਵੰਨਗੀ ਕਹਾਣੀ ਮਨੁੱਖ ਦੇ ਅਨੁਭਵ, ਕਲਪਨਾ ਅਤੇ ਦ੍ਰਿਸ਼ਟੀ ਦਾ ਆਦਿ ਕਾਲ ਤੋਂ ਪ੍ਰਗਟਾਵਾ ਕਰਦੀ ਰਹੀ ਹੈ। ਕਹਾਣੀ ਪੰਜਾਬੀ ਜੀਵਨ ਦੀਆਂ ਰਗਾਂ ਵਿਚ ਰਹੀ ਹੈ। ਪੰਜਾਬੀ ਮਨੁੱਖ ਦੇ ਜੀਵਨ ਸੰਘਰਸ਼ ਦੀ ਵਾਰਤਾ ਨੂੰ ਇਥੋਂ ਦੇ ਵਿਭਿੰਨ ਬਿਰਤਾਂਤਕ ਰੂਪਾਂ ਨੇ ਪ੍ਰਗਟ ਕੀਤਾ ਹੈ। ਆਧੁਨਿਕ ਯੁਗ ਦੀਆਂ ਪੂੰਜੀਵਾਦੀ ਕਦਰਾਂ ਕੀਮਤਾਂ ਨੇ ਪੰਜਾਬੀ ਕਹਾਣੀ ਵਰਗੇ ਰੂਪਾਕਾਰ ਨੂੰ ਸ਼ਿਲਪ ਵਿਧਾਨ ਦੇ ਪੱਛਮੀ ਮਾਡਲ ਨਾਲ ਜੋੜਿਆ ਹੈ। ਹੁਣ ਤੱਕ ਪੰਜਾਬੀ ਕਹਾਣੀ ਆਪਣੇ ਥੀਮਕ ਪ੍ਰਵਾਹ, ਕਥਾ ਪ੍ਰਵਿਰਤੀਆਂ ਅਤੇ ਦ੍ਰਿਸ਼ਟੀਕੋਣ ਪੱਖੋਂ ਤਿੰਨ ਪੜਾਅ ਹੰਢਾ ਕੇ ਚੌਥੇ ਪੜਾਅ ਨੂੰ ਵੀ ਹੰਢਾਉਣ ਨੇੜੇ ਪੁੱਜ ਚੁੱਕੀ ਹੈ। ਮੌਜੂਦਾ ਸਮੇਂ ਪੰਜਾਬੀ ਕਹਾਣੀ ਦਾ ਚੌਥਾ ਪੜਾਅ ਅਹਿਮ ਮੋੜ 'ਤੇ ਹੈ ਕਿਉਂਕਿ ਜਿਸ ਵੇਗ ਅਤੇ ਊਰਜਾ ਨਾਲ 1990 ਤੋਂ ਬਾਅਦ ਅਨੇਕਾਂ ਨੌਜਵਾਨ ਕਥਾਕਾਰ ਪੰਜਾਬੀ ਕਹਾਣੀ ਦੇ ਪਿੜ ਵਿਚ ਨਿੱਤਰੇ ਸਨ ਉਹ ਊਰਜਾ ਸਮੇਂ ਦੇ ਪ੍ਰਵਾਹ ਨਾਲ ਮੱਧਮ ਪੈਂਦੀ ਜਾ ਰਹੀ ਹੈ। ਇਹ ਊਰਜਾ ਕਹਾਣੀ ਦੇ ਵਿਸ਼ੇ ਨੂੰ ਪ੍ਰਗਟ ਕਰਨ ਵਾਲੀਆਂ ਤਕਨੀਕਾਂ ਦੀ ਚੋਣ ਵਿਚ ਅਤੇ ਵਸਤੂ ਯਥਾਰਥ ਨੂੰ ਸਮੱਗਰ ਰੂਪ ਵਿਚ ਪੇਸ਼ ਕਰਨ ਦੇ ਉੱਦਮ ਵਿਚ ਉਲਝ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ 'ਨੌਜਵਾਨ' ਕਹਾਉਂਦੇ ਸਥਾਪਿਤ ਕਹਾਣੀਕਾਰ ਸਮਾਜਿਕ ਯਥਾਰਥ ਨੂੰ ਢੁਕਵੀਆਂ ਕਲਾ ਜੁਗਤਾਂ ਵਿਚ ਪੇਸ਼ ਕਰਨ ਦੇ ਸੰਕਟ ਵਿਚੋਂ ਲੰਘ ਰਹੇ ਹਨ। ਜਿਹੜਾ ਕਥਾ ਰਸ ਅਤੇ ਸੰਚਾਰ ਪ੍ਰਬੰਧ ਪੰਜਾਬੀ ਬਿਰਤਾਂਤ ਦੀ ਜਿੰਦ ਜਾਨ ਹੁੰਦਾ ਸੀ ਪਿਛਲੇ ਕੁਝ ਸਾਲਾਂ ਦੀ ਕਹਾਣੀ ਨੇ ਆਪਣੇ ਵਿਸ਼ੇ ਦੀ ਪੇਸ਼ਕਾਰੀ ਵਿਚ ਉਸ ਕਥਾ ਰਸ ਅਤੇ ਸੰਚਾਰ ਜੁਗਤਾਂ ਦਾ ਤਾਲਮੇਲ ਗੁਆਇਆ ਹੈ ਬਸ਼ਰਤੇ ਕਿ ਚੌਥੇ ਪੜਾਅ ਦੀ ਕਹਾਣੀ ਨੇ ਵੀਂਹਵੀਂ ਸਦੀ ਦੇ ਆਖਿਰੀ ਅਤੇ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬੀ ਬੰਦੇ ਦੀ ਖੰਡਿਤ ਸੰਵੇਦਨਾ ਨੂੰ ਮਾਰਮਿਕ ਕਥਾ ਬਿੰਬਾਂ ਵਿਚ ਪੇਸ਼ ਕੀਤਾ ਹੈ। ਆਰਥਿਕ ਵਿਸ਼ਵੀਕਰਨ ਤੋਂ ਉਪਜੀਆਂ ਮੰਡੀਵਾਦੀ ਅਲਾਮਤਾਂ ਨੂੰ ਇਸ ਦੌਰ ਦੀ ਕਹਾਣੀ ਵਿਭਿੰਨ ਕੋਣਾਂ ਤੋਂ ਮੁਖਾਤਿਬ ਹੋਈ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਚੌਥੇ ਪੜਾਅ ਦੇ ਕਹਾਣੀਕਾਰਾਂ ਨੇ ਵਿਸ਼ਿਆਂ ਦੇ ਦੁਹਰਾਅ, ਮੈਂ ਮੂਲਕ ਬਿਰਤਾਂਤ ਕਾਰੀ ਦੀਆਂ ਘਸੀਆਂ ਕਥਾ ਤਕਨੀਕਾਂ,ਪਾਤਰਾਂ ਦੇ ਅਖੌਤੀ ਅਵਚੇਤਨੀ ਵਿਹਾਰ ਸਮੇਤ ਆਸ ਪਾਸ ਦੀਆਂ ਘਟਨਾਵਾਂ ਨੂੰ ਕਥਾ ਸਿਰਜਣ ਦਾ ਆਧਾਰ ਬਣਾਉਣ ਦੇ ਯਤਨ ਕੀਤੇ ਹਨ। ਇਸ ਨਾਲ ਬਿਰਤਾਂਤ ਵਿਚੋਂ ਮਿਹਨਤ, ਖੋਜ ਅਤੇ ਗੰਭੀਰ ਚਿੰਤਨ ਖਾਰਜ ਹੋਇਆ ਹੈ ਅਤੇ ਇਨ੍ਹਾਂ ਕਹਾਣੀਕਾਰਾਂ ਨੇ ਪਾਠਕਾਂ ਨੂੰ ਮਾਨਵੀ ਸੰਵੇਦਨਾ ਮਹਿਸੂਸ ਕਰਾਉਣ ਦੀ ਥਾਂ ਕੁਝ ਦੱਸਣ ਤੇ ਸਮਝਾਉਣ ਦਾ ਸੌਖਾ ਰਸਤਾ ਅਖਤਿਆਰ ਕੀਤਾ ਹੈ। ਇਸਦੇ ਸਮਾਂਨਅੰਤਰ ਪਿਛਲੇ ਕੁਝ ਸਾਲ ਤੋਂ ਕੁਝ ਨਵੇਂ ਕਥਾਕਾਰ (ਸਿਮਰਨ ਧਾਲੀਵਾਲ, ਦੀਪਤੀ ਬਬੂਟਾ, ਪਵਿੱਤਰ ਕੌਰ ਮਾਟੀ, ਸੰਦੀਪ ਸਮਰਾਲਾ, ਸੁਖਪਾਲ ਥਿੰਦ, ਮਨਦੀਪ ਡਡਿਆਣਾ, ਸੰਦੀਪ ਚੀਮਾ ਆਦਿ ) ਪੰਜਾਬੀ ਕਹਾਣੀ ਦੀ ਸਿਰਜਣਾਤਮਿਕ ਯਾਤਰਾ ਦਾ ਹਿੱਸਾ ਬਣੇ ਹਨ, ਇਨ੍ਹਾਂ ਦੀ ਕਥਾ ਸਿਰਜਣਾ ਬਾਰੇ ਕੋਈ ਮੁਕੰਮਲ ਅਤੇ ਠੋਸ ਰਾਏ ਬੇਸ਼ੱਕ ਭਵਿੱਖ ਦੇ ਗਰਭ ਵਿਚ ਹੈ ਪਰ ਕਹਾਣੀ ਦੇ ਬਿਰਤਾਂਤ ਨੂੰ ਸਹਿਜ ਰੱਖਣ, ਕਹਾਣੀ ਦੇ ਬਿਨ੍ਹਾਂ ਤਰਕ ਤੋਂ ਲੰਮੇ ਬਿਰਤਾਂਤਕ ਰੂਪ ਤੋਂ ਕਿਨਾਰਾ ਕਰਨ, ਪੇਚੀਦਾ ਬਿਰਤਾਂਤਕ ਤਕਨੀਕ ਦੀ ਥਾਂ ਸੌਖੀਆਂ ਕਥਾ ਜੁਗਤਾਂ, ਭਾਰੂ ਅਵਚੇਤਨੀ ਵਿਹਾਰ ਦੀ ਥਾਂ



ਪਾਤਰਾਂ ਦੇ ਚੇਤਨ ਬੋਲਾਂ ਨੂੰ ਇਨ੍ਹਾਂ ਕਥਾਕਾਰਾਂ ਨੇ ਭਰਵੀਂ ਸਪੇਸ ਦਿੱਤੀ ਹੈ। ਇਨ੍ਹਾਂ ਪ੍ਰਸੰਗਾਂ ਵਿਚ ਚੌਥੇ ਅਤੇ ਪੰਜਵੇਂ (?) ਪੜਾਅ ਦੀ ਕਹਾਣੀ ਦੇ ਤਣਾਅ ਵਰਗਾ ਵਰਤਾਰਾ ਸਾਲ 2019 ਦੀ ਕਹਾਣੀ ਵਿਚ ਦਿਸ ਰਿਹਾ ਹੈ। ਇਸ ਸਾਲ ਦੀ ਕਹਾਣੀ ਵਿਚ ਜਿੱਥੇ ਤੀਜੇ ਪੜਾਅ ਦੇ ਕਥਾਕਾਰ ਪ੍ਰੇਮ ਪ੍ਰਕਾਸ਼,ਪ੍ਰੇਮ ਗੋਰਖੀ, ਗੁਰਦੇਵ ਰੁਪਾਣਾ, ਗੁਲ ਚੌਹਾਨ ਅਤੇ ਕਿਰਪਾਲ ਕਜ਼ਾਕ ਵਰਗੇ ਕਥਾਕਾਰ ਆਪਣੀ ਰਵਾਇਤੀ ਹਾਜ਼ਰੀ ਭਰ ਰਹੇ ਹਨ ਉੱਥੇ ਹੀ ਚੌਥੇ ਪੜਾਅ ਦੇ ਕਹਾਣੀਕਾਰ ਜਿੰਦਰ, ਸਾਂਵਲ ਧਾਮੀ, ਸੁਖਜੀਤ, ਅਜਮੇਰ ਸਿੱਧੂ, ਭਗਵੰਤ ਰਸੂਲਪੁਰੀ, ਬਲਵਿੰਦਰ ਗਰੇਵਾਲ, ਸਰਘੀ, ਅਨੇਮਨ ਸਿੰਘ, ਹਰਪ੍ਰੀਤ ਸੇਖਾ, ਬਿੰਦਰ ਬਸਰਾ, ਮੇਜਰ ਮਾਂਗਟ,ਗੁਰਮੀਤ ਕੜਿਆਲਵੀ ਆਦਿ ਵੀ ਲਗਾਤਾਰ ਲਿਖ ਰਹੇ ਹਨ। ਇਸਦੇ ਨਾਲ ਹੀ ਕੁਝ ਨਵੇਂ ਕਹਾਣੀਕਾਰ ਪਵਿੱਤਰ ਕੌਰ ਮਾਟੀ, ਦੀਪਤੀ ਬਬੂਟਾ, ਹਰੀਸ਼ ਕੁਮਾਰ, ਮਨਦੀਪ ਸਿੰਘ ਆਦਿ ਵੀ ਆਪਣੀ ਕਨਸੋਅ ਦੇ ਰਹੇ ਹਨ। ਇੰਝ ਸਿਰਜਣਾਤਮਿਕ ਆਵੇਸ਼ ਦੇ ਨਜ਼ਰੀਏ ਤੋਂ ਸਾਲ 2019 ਦੀ ਕਹਾਣੀ ਵਿਸ਼ੇਸ਼ ਧਿਆਨ ਖਿੱਚ ਰਹੀ ਹੈ ਜਿਸ ਵਿਚ ਵਿਭਿੰਨ ਪੀੜ੍ਹੀਆਂ ਦਾ ਜੀਵਨ ਅਨੁਭਵ ਅਤੇ ਚਿੰਤਨ ਸਮਕਾਲ ਦੇ ਵਰਤ ਵਰਤਾਰਿਆਂ ਨੂੰ ਬਹੁਕੋਣਾਂ ਤੋਂ ਸੰਬੋਧਤ ਹੋ ਰਿਹਾ ਹੈ।

ਸਭ ਤੋਂ ਪਹਿਲਾਂ ਸਾਲ 2019 ਵਿਚ ਛਪੇ ਕਹਾਣੀ ਸੰਗ੍ਰਿਹਾਂ ਅਤੇ ਕਥਾ ਸਰਗਰਮੀਆਂ ਵੱਲ ਇਕ ਝਾਤ ਮਾਰਨੀ ਬਣਦੀ ਹੈ। ਇਸ ਸਾਲ ਅਨੇਮਨ ਸਿੰਘ (ਨੂਰੀ) ਸਰੂਪ ਸਿਆਲਵੀ (ਚੀਰ ਹਰਨ) ਕੇਸਰਾ ਰਾਮ (ਜਨਾਨੀ ਪੌਦ), ਪ੍ਰੇਮ ਗੋਰਖੀ (ਜਨਰੇਸ਼ਨ ਗੈਪ), ਦਵਿੰਦਰ ਮੰਡ( ਪੇਜ ਨੰਬਰ ਦੋ ਸੋ ਛਪੰਜਾ), ਦੀਪਤੀ ਬਬੂਟਾ( ਪਿੱਛਾ ਰਹਿ ਗਿਆ ਦੂਰ), ਜਿੰਦਰ (ਸਿਆਸਤ ਖੇਡ ਸਿਆਸਤ) ਸੁਖਜੀਤ ( ਮੈਂ ਅਯਨਘੋਸ਼ ਨਹੀਂ), ਤ੍ਰਿਪਤਾ ਕੇ. ਸਿੰਘ ( ਇਕ ਦਿਨ), ਜਸਦੇਵ ਜਸ (ਰੌਸ਼ਨੀ ਦੀਆਂ ਕਿਰਚਾਂ), ਜਸਬੀਰ ਸਿੰਘ ਦੀਦਾਰਗੜ੍ਹ ( ਪਵਨ ਗੁਰੂ ਪਾਣੀ ਪਿਤਾ) ਆਦਿ ਕਹਾਣੀ ਸੰਗ੍ਰਿਹਾਂ ਨਾਲ ਪਾਠਕਾਂ ਦਾ ਧਿਆਨ ਖਿੱਚਦੇ ਰਹੇ ਹਨ। ਇਸੇ ਸਾਲ ਕਥਾਕਾਰ ਗੁਰਦੇਵ ਰੁਪਾਣਾ ਅਤੇ ਜਤਿੰਦਰ ਹਾਂਸ ਨੂੰ ਅੰਤਰਰਾਸ਼ਟਰੀ ਢਾਹਾਂ ਸਾਹਿਤ ਪੁਰਸਕਾਰ ਨਾਲ ਨਿਵਾਜ਼ਿਆ ਜਾਂਦਾ ਹੈ। ਕਹਾਣੀ ਚਿੰਤਨ ਦੇ ਖੇਤਰ ਵਿਚ ਡਾ. ਰਜਨੀਸ਼ ਬਹਾਦਰ ਦੀ ਸੰਪਾਦਨਾ ਹੇਠ ਨਿਕਲਦੇ ਮੈਗਜ਼ੀਨ 'ਪ੍ਰਵਚਨ' ਦਾ ਕਹਾਣੀ ਗੋਸ਼ਟੀ ਅੰਕ, ਕਹਾਣੀ ਪੰਜਾਬ ਦਾ 100ਵਾਂ ਕਹਾਣੀ ਵਿਸ਼ੇਸ਼ ਅੰਕ, ਤ੍ਰਿਸ਼ੰਕੂ ਦਾ ਕਹਾਣੀ ਵਿਸ਼ੇਸ਼ ਅੰਕ, ਸ਼ਬਦ ਮੈਗਜ਼ੀਨ ਦਾ ਵੱਖ ਵੱਖ ਭਾਰਤੀ ਭਾਸ਼ਾਵਾਂ ਦੀਆਂ ਕਹਾਣੀਆਂ ਬਾਰੇ ਵਿਸ਼ੇਸ਼ ਅੰਕ ਤੇ ਤੀਜੀ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ ਦਾ ਛਪਣਾ, ਭਗਵੰਤ ਰਸੂਲਪੁਰੀ ਦੀ ਸੰਪਾਦਨਾ ਹੇਠ **'ਕਹਾਣੀ ਧਾਰਾ'** ਦਾ ਕਹਾਣੀ ਵਿਸ਼ੇਸ਼ ਅੰਕ ਆਦਿ ਹੋਰ ਸਾਲਾਨਾ ਪ੍ਰਾਪਤੀਆਂ ਹਨ। ਅਨੇਮਨ ਸਿੰਘ, ਪ੍ਰਗਟ ਸਿੰਘ ਸਤੌਜ ਵਲੋਂ ਵੱਖ ਵੱਖ ਤਰ੍ਹਾਂ ਦੇ ਇਕੋ ਵਿਸ਼ਿਆਂ ਨਾਲ ਸਬੰਧਤ ਕਹਾਣੀਆਂ ਦੀ ਸੰਪਾਦਨ ਪੁਸਤਕਾਂ ਵੀ ਇਸੇ ਸਾਲ ਛਪੀਆਂ ਹਨ। ਇਸੇ ਤਰ੍ਹਾਂ ਵਿਲੱਖਣ ਕਥਾ ਸ਼ੈਲੀ ਵਾਲੇ ਕਥਾਕਾਰ ਨੈਣਸੁੱਖ ਦੀ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਛਪੀ 'ਆਈ ਪੁਰੇ ਦੀ ਵਾਅ' ਕਥਾ ਪੁਸਤਕ ਨੇ ਪਾਠਕਾਂ ਦਾ ਧਿਆਨ ਖਿੱਚਿਆ ਹੈ। ਇੰਝ ਪੁਸਤਕਾਂ ਸਮੇਤ ਅਨੇਕਾਂ ਸਾਹਿਤਕ ਮੈਗਜ਼ੀਨਾਂ,ਅਖਬਾਰਾਂ ਆਦਿ ਵਿਚ ਕੁੱਲ ਮਿਲਾ ਕੇ ਸੈਂਕੜੇ ਕਹਾਣੀਆਂ ਸਾਲ 2019 ਵਿਚ ਛਪੀਆਂ ਹਨ ਜਿਨ੍ਹਾਂ ਵਿਚੋਂ ਚੋਣਵੀਆਂ ਕਹਾਣੀਆਂ ਦੀ ਪੜਤ ਦੁਆਰਾ ਸਾਲ ਦੀ ਸਮੁੱਚੀ ਕਹਾਣੀ ਦੇ ਬਿਰਤਾਂਤਕ ਰੁਝਾਨ ਪੇਸ਼ ਕੀਤੇ ਜਾ ਰਹੇ ਹਨ।

ਸਥਾਨਕ ਅਤੇ ਕੌਮੀ ਪੱਧਰ 'ਤੇ ਪਿਛਲੇ ਕੁਝ ਸਾਲਾਂ ਤੋਂ ਵਾਪਰੇ ਘਟਨਾਕ੍ਰਮਾਂ ਨੂੰ ਆਧਾਰ ਬਣਾ ਕੇ ਪੱਤਰਕਾਰਤਾ ਵਰਗੀਆਂ ਰਿਪੋਰਟਿੰਗ ਸ਼ੈਲੀ ਦੀਆਂ ਕਹਾਣੀਆਂ ਲਿਖਣ ਦੇ ਕੁਝ ਰੁਝਾਨ ਇਸ ਸਾਲ ਵੇਖਣ ਨੂੰ ਮਿਲੇ ਹਨ। ਪਰ ਸਾਹਿਤ ਨੇ ਘਟਨਾ ਨਾਲੋਂ ਘਟਨਾਵੀਂ ਵਰਤਾਰਿਆਂ ਵਿਚੋਂ ਪੈਦਾ ਹੋਣਾ ਹੁੰਦਾ ਹੈ ਇਸੇ ਕਰਕੇ ਅਜਿਹੀਆਂ ਕਹਾਣੀਆਂ ਦੀ ਰੇਂਜ਼ ਸਤਹ੍ਹੀ ਪੱਧਰ ਤੋਂ ਉੱਪਰ ਨਹੀਂ ਉੱਠ ਸਕੀ। ਪ੍ਰਸਿੱਧ ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ ਦੀ ਸਿਰਜਣਾ ਮੈਗਜ਼ੀਨ ਵਿਚ ਕਹਾਣੀ **'ਪੰਡਿਤ ਜੀ ਉਰਫ ਪਰਸ ਰਾਮ ਚੌਂਕੀਦਾਰ'** ਕਸ਼ਮੀਰ ਵਿਚ ਵਾਪਰੇ ਪੁਲਵਾਮਾ ਹਮਲੇ ਤੋਂ ਬਾਅਦ ਕਸ਼ਮੀਰ ਅੰਦਰ ਸਟੇਟ ਅਤੇ ਅੱਤਵਾਦ ਦੇ ਤਣਾਅ ਵਿਚ ਪਿਸਦੇ ਲੋਕਾਂ ਦੇ ਦਰਦ ਨੂੰ ਪੇਸ਼ ਕਰਦੀ ਹੋਈ ਹਿੰਦੂ ਅਤੇ ਮੁਸਲਿਮ ਆਵਾਮ ਵਿਚਲੀਆਂ ਉੱਦਾਤ ਕਦਰਾਂ ਕੀਮਤਾਂ ਨੂੰ ਦ੍ਰਿੜ ਕਰਦੀ ਹੈ। ਇਸ ਤੋਂ ਇਲਾਵਾ ਲੇਖਕ ਕਹਾਣੀ ਦੇ ਬਿਨ੍ਹਾਂ

ਵਜ੍ਹਾ ਦੇ ਲੰਮੇ ਬਿਰਤਾਂਤ ਅਤੇ ਸੰਚਾਰ ਦੀ ਸਮੱਸਿਆ ਵਾਲੇ ਰਵਾਇਤੀ ਕਥਾ ਦੋਸ਼ਾਂ ਨਾਲ ਹਾਜ਼ਰ ਹੈ। ਚੌਗਿਰਦੇ ਵਿਚ ਵਾਪਰੀਆਂ ਘਟਨਾਵਾਂ 'ਤੇ ਕੇਂਦਰਿਤ ਕੀਤੀ ਬਿਰਤਾਂਤਕਾਰੀ ਵਿਚ ਨਵੀਂ ਕਹਾਣੀਕਾਰਾ ਦੀਪਤੀ ਬਬੂਟਾ ਦੀ ਸਿਰਜਣਾ ਮੈਗਜ਼ੀਨ ਵਿਚ ਛਪੀ ਕਹਾਣੀ **'ਅੰਨ੍ਹੇ ਮੋੜ 'ਤੇ'** ਪੰਜਾਬੀ ਭਾਸ਼ਾ ਦੇ ਸਮਕਾਲੀ ਮਸਲਿਆਂ 'ਤੇ ਚਿੰਤਾ ਜ਼ਾਹਿਰ ਕਰਦੀ ਹੈ। ਇਸੇ ਤਰ੍ਹਾਂ ਲੇਖਿਕਾ ਦੀਆਂ ਹੋਰ ਕਹਾਣੀਆਂ ਵਿਚ **'ਪੋਸਟਰ ਰਿਲੀਜ਼'** ਅਤੇ **'ਭਗਵੇਂ ਬੱਦਲਾਂ 'ਚ'** ਆਦਿ ਵਿਚ ਬੇਸ਼ੱਕ ਲੇਖਿਕਾ ਦੀਆਂ ਕਹਾਣੀਆਂ ਪੜ੍ਹਨਯੋਗ ਰਹਿੰਦੀਆਂ ਹਨ ਪਰ ਆਲੇ ਦੁਆਲੇ ਦੀਆਂ ਚਰਚਿਤ ਰਾਜਸੀ, ਸਮਾਜਿਕ ਅਤੇ ਪ੍ਰਸ਼ਾਸਨਿਕ ਘਟਨਾਵਾਂ ਨੂੰ ਦਿੱਤੇ ਪ੍ਰਤੀਕਰਮ ਬਿਰਤਾਂਤ 'ਤੇ ਹਾਵੀ ਰਹਿੰਦੇ ਹਨ ਜਦ ਕਿ ਇਹ ਘਟਨਾਵਾਂ ਸਾਹਿਤ ਦਾ ਮਹਿਜ਼ ਕੱਚਾ ਮਸਾਲਾ ਹਨ। ਇਸੇ ਤਰ੍ਹਾਂ ਸੁਖਪਾਲ ਥਿੰਦ ਆਪਣੀ ਕਹਾਣੀ **'ਕਾਲਖ ਕੋਠੜੀ'** ਵਿਚ ਰਵਾਇਤੀ ਪਾਰਟੀਆਂ ਤੋਂ ਨਾਬਰ ਹੋ ਕੇ ਆਮ ਆਦਮੀ ਦੀ ਪਛਾਣ ਨੂੰ ਕੇਂਦਰ ਬਣਾ ਕੇ ਉੱਠੀ ਇਕ ਜਾਣੀ ਪਛਾਣੀ ਰਾਜਸੀ ਪਾਰਟੀ ਵਿਚ ਜੁਝਾਰੂ ਆਗੂਆਂ ਦੀ ਅਣਦੇਖੀ 'ਤੇ ਰੁਦਨ ਕਰਦਾ ਹੈ। ਕਹਾਣੀ ਦਾ ਬਿਰਤਾਂਤਕ ਸੰਗਠਨ ਪੱਤਰਕਾਰਤਾ ਦੀ ਰਾਜਸੀ ਰਿਪੋਰਟਿੰਗ ਵਰਗਾ ਹੈ ਅਤੇ ਪੰਜਾਬ ਵਿਚ ਇਸ ਪਾਰਟੀ ਦੀ ਧੜੇਬੰਦੀ ਨੂੰ ਹੀ ਬਿਰਤਾਂਤ ਵਿਚ ਉਲੀਕਿਆ ਗਿਆ ਹੈ। ਪੰਜਾਬੀ ਕਹਾਣੀ ਦਾ ਹਾਸਿਲ ਕਥਾਕਾਰ ਸੁਖਜੀਤ **'ਖਜੂਰਾਂ'** ਕਹਾਣੀ ਵਿਚ ਪ੍ਰਤੀਕਮਈ ਸ਼ੈਲੀ ਨਾਲ ਪਿੰਡਾਂ ਵਿਚ ਨੌਜਵਾਨ ਪੀੜ੍ਹੀ ਦੇ ਨਸ਼ਿਆਂ ਦੁਆਰਾ ਹੋ ਰਹੇ ਨਸਲਘਾਤ ਨੂੰ ਪੰਜਾਬ ਦੇ ਨਿਕਟਕਾਲੀਨ ਇਤਿਹਾਸ ਅੰਦਰ ਸਰਗਰਮ ਰਹੇ ਕਮਿਊਨਿਸਟਾਂ ਅਤੇ ਸਿੱਖ ਅੱਤਵਾਦੀ ਤਾਕਤਾਂ ਦੇ ਸੰਵਾਦ ਜ਼ਰੀਏ ਜ਼ਾਹਿਰ ਕਰਦਾ ਹੈ। ਇਸੇ ਤਰ੍ਹਾਂ ਕੇਸਰਾ ਰਾਮ ਆਪਣੇ ਰਵਾਇਤੀ ਅੰਦਾਜ਼ ਦੁਆਰਾ ਕਹਾਣੀ **'ਤੇਰੀ ਗੋਤਣ ਵਿਆਹ ਕੇ ਲਿਆਰਯਾ ਸੂੰ'** ਵਿਚ ਹਰਿਆਣੇ ਅੰਦਰ ਖਾਪ ਪੰਚਾਇਤਾਂ ਦੇ ਮਨੁੱਖੀ ਮਨ ਅੰਦਰ ਘਰ ਕਰ ਬੈਠੇ ਤਾਲਿਬਾਨੀ ਅਵਚੇਤਨ ਨੂੰ ਨਵੇਂ ਪ੍ਰਸੰਗਾਂ ਵਿਚ ਪੇਸ਼ ਕਰਦਾ ਹੈ ਕਿ ਕਿਵੇਂ ਇਕ ਦੋਸਤ ਵਲੋਂ ਦੂਜੇ ਦੋਸਤ ਦੇ ਗੋਤ ਵਾਲੀ ਲੜਕੀ ਵਿਆਹ ਕੇ ਲਿਆਉਣਾ ਉਨ੍ਹਾਂ ਦੀ ਸਾਂਝ ਨੂੰ ਸੰਤਾਪ ਵਿਚ ਬਦਲ ਦਿੰਦਾ ਹੈ। ਕੇਸਰਾ ਰਾਮ ਦੀ ਕਹਾਣੀ ਉੱਚੀ ਸੁਰ ਅਤੇ ਸਵੈ ਟਿੱਪਣੀਆਂ ਦੀ ਕੈਦ ਤੋਂ ਇਸ ਸਾਲ ਵੀ ਮੁਕਤ ਨਹੀਂ ਹੋ ਸਕੀ। ਇੰਝ ਇਹ ਕਹਾਣੀਆਂ ਜਾਣੇ ਪਛਾਣੇ ਘਟਨਾ ਪ੍ਰਸੰਗਾਂ ਵਿਚੋਂ ਆਪਣੀ ਹੋਂਦ ਧਾਰਦੀਆਂ ਹਨ ਅਤੇ ਬਿਰਤਾਂਤ ਸਾਹਿਤ ਦੇ ਰਿੱਝ ਕੇ ਪੇਸ਼ ਹੋਣ ਵਾਲੇ ਚਰਿੱਤਰ ਤੋਂ ਦੂਰ ਹਨ।

ਇਸ ਸਾਲ ਦੀ ਕਹਾਣੀ ਦਾ ਇਕ ਅਹਿਮ ਰੁਝਾਨ ਮੱਧਵਰਗੀ ਪੰਜਾਬੀ ਜੀਵਨ ਪਰਿਪੇਖ ਨੂੰ ਚਿਤਰਨ ਦਾ ਰਿਹਾ ਹੈ। ਇਸ ਵਰਗ ਦਾ ਦੰਭੀ ਕਿਰਦਾਰ ਪੰਜਾਬੀ ਬਿਰਤਾਂਤ ਲਈ ਵੱਡਾ ਰਚਨਾਵੀਂ ਸੰਦਰਭ ਰਿਹਾ ਹੈ। ਮੰਡੀਵਾਦੀ ਰੁਝਾਨਾਂ ਦੌਰਾਨ ਉਪਭੋਗੀ ਸੰਸਕ੍ਰਿਤੀ ਦੇ ਵੱਧਦੇ ਦਖ਼ਲ ਵਿਚ ਮੱਧਵਰਗੀ ਜੀਵ ਦੀਆਂ ਵਿਸੰਗਤੀਆਂ ਅਤੇ ਚੌਰਾਹੇ ਖੜ੍ਹੀ ਸਥਿਤੀ ਨੂੰ ਚੌਥੇ ਪੜਾਅ ਦੀ ਕਹਾਣੀ ਨੇ ਅਹਿਮ ਥਾਂ ਦਿੱਤੀ ਹੈ। ਇਸ ਪਰੰਪਰਾ ਦੀ ਕਹਾਣੀ ਅੰਦਰ ਘਰ ਦੀ ਰਾਮਕਾਰ ਵਿਚ ਘਿਰੇ ਜੀਵਨ ਸਾਥੀ ਤੋਂ ਵਿਰਵੇ ਅਧੇੜ ਜਾਂ ਬਜ਼ੁਰਗ ਪਾਤਰਾਂ ਦੀ ਹਾਸ਼ੀਅਤ ਹੋਂਦ ਨੂੰ ਵਰ੍ਹੇ ਦੀ ਕਹਾਣੀ ਵਿਚ ਜ਼ਿਆਦਾ ਉਲੀਕਿਆ ਮਿਲਦਾ ਹੈ। ਕਿਤੇ ਇਹ ਪਾਤਰ ਆਪਣੇ ਜੀਵਨ ਸਾਥੀ ਤੋਂ ਵਿਛੁੰਨਾ ਹੋ ਕੇ **'ਬੰਦੇ ਦਾ ਪੁੱਤ'**, ਸਾਂਵਲ ਧਾਮੀ) ਬਣਨ ਦੀ ਖਾਤਿਰ ਆਪਹੁਦਰੀ ਮਾਨਸਿਕਤਾ ਹੰਢਾਉਂਦਾ ਹੋਇਆ ਆਪਣੇ ਜਿਹੇ ਜੀਵਨ ਸਾਥੀ ਦੀ ਲੋੜ ਵੱਲ ਅਹੁਲਦਾ ਹੈ। ਇਸ ਕਹਾਣੀ ਵਿਚ ਪੁੱਤਰ ਪਿਤਾ ਦੀ ਇਕੱਲਤਾ ਵਾਲੀ ਅਜਿਹੀ ਮਾਨਸਿਕਤਾ ਨੂੰ ਸਮਝਣ ਤੋਂ ਅਸਮਰੱਥ ਵੀ ਦਿਸਦਾ ਹੈ ਪਰ ਜਿੰਦਰ ਦੀ ਕਹਾਣੀ **'ਹਾਫ ਟਾਈਮ'** ਵਿਚ ਸ਼ਹਿਰੀ ਮੱਧਵਰਗ ਵਿਚ ਇਕੱਲਤਾ ਨਾਲ ਸੰਘਰਸ਼ ਕਰ ਰਹੀ ਵਿਧਵਾ ਔਰਤ ਨੂੰ ਉਸਦੀ ਪੜ੍ਹੀ ਲਿਖੀ ਧੀ ਅਨੀਤਾ ਸਮਝਦੀ ਹੈ ਅਤੇ ਮਰਿਆਂ ਨਾਲ ਰਿਸ਼ਤੇ ਮਰ ਜਾਣ ਦੀ ਭਾਵਨਾ ਤਹਿਤ ਉਸਨੂੰ ਆਪਣਾ ਜੀਵਨ ਸਾਥੀ ਚੁਣਨ ਦੀ ਪ੍ਰੇਰਨਾ ਦਿੰਦੀ ਹੈ। ਜੀਵਨ ਸਾਥੀ ਤੋਂ ਵਿਰਵੇ ਪਾਤਰਾਂ ਦੀ ਸੰਵੇਦਨਾ ਦੇ ਕਈ ਪਾਸਾਰ ਇਸ ਸਾਲ ਦੀ ਕਥਾ ਯਾਤਰਾ ਦਾ ਹਿੱਸਾ ਬਣੇ ਹਨ ਪਰ ਇਸ ਬਿਰਤਾਂਤ ਦੀ ਖਾਸੀਅਤ ਇਹ ਰਹੀ ਕਿ ਪੀੜ੍ਹੀ ਪਾੜੇ ਦੇ ਰਵਾਇਤੀ ਮੋਟਿਫ ਇਸ ਕਹਾਣੀ 'ਚੋ ਗੈਰ ਹਾਜ਼ਰ ਰਹੇ ਅਤੇ ਬਜ਼ੁਰਗਾਂ ਦੀ ਦੁਰਗਤੀ ਜਾਂ ਉਦਾਸੀਨਤਾ ਦਾ ਜ਼ਿੰਮਾ ਨੂੰਹਾਂ ਪੁੱਤਰਾਂ ਸਿਰ ਪਾ ਕੇ ਸੁਰਖਰੂ ਹੋਣ ਵਾਲੀ ਦ੍ਰਿਸ਼ਟੀ ਵਾਲੀ ਗਾਇਬ ਰਹੀ।



ਅਜਿਹੀ ਕਹਾਣੀ ਨੇ ਨਵੀਂ ਪੀੜ੍ਹੀ ਨੂੰ ਉਪਭੋਗੀ ਸਿੱਧ ਕਰਨ ਵਾਲੀ ਰਵਾਇਤੀ ਦ੍ਰਿਸ਼ਟੀ ਦਾ ਤਿਆਗ ਕਰਕੇ ਇਕੱਲਤਾ ਹੰਢਾਉਂਦੇ ਅਧੇੜ ਉਮਰ ਦੇ ਪਾਤਰਾਂ ਦੀ ਮਨੋ ਸਮਾਜਿਕ ਸਥਿਤੀ ਦਾ ਖੂਬ ਮੁਤਾਲਿਆ ਕੀਤਾ। ਹਰੀਸ਼ ਕੁਮਾਰ ਦੀ ਕਹਾਣੀ **'ਜਾਨਵਰ'** ਵਿਚ ਸ਼ਹਿਰੀ ਨੌਕਰੀ ਪੇਸ਼ਾ ਮੱਧਵਰਗ ਦੀ ਨੱਠ ਭੱਜ ਵਿਚ ਮਨੁੱਖ ਦੇ ਜਾਨਵਰ ਬਣਦੇ ਸੁਭਾਅ ਨੂੰ ਰੂਪਮਾਨ ਕਰਨ ਦੇ ਨਾਲ ਨਾਲ ਉਸ ਵਿਵਸਥਾ 'ਤੇ ਸਵਾਲੀਆ ਨਿਸ਼ਾਨ ਹੈ ਜਿੱਥੇ ਇਕ ਪਾਸੇ ਜੀਵਨ ਸਾਥੀ ਦੀ ਇਕੱਲਤਾ ਹੈ ਦੂਜੇ ਪਾਸੇ ਸਮਾਜਿਕ ਸਾਂਝ ਦੀਆਂ ਟੁੱਟਦੀਆਂ ਤੰਦਾਂ। ਦਰਸ਼ਨ ਸਿੰਘ ਦੀ ਕਹਾਣੀ **'ਕਾਸ਼'** ਵਿਚ ਅਜਿਹੇ ਪਾਤਰ ਦੀ ਇਕੱਲਤਾ ਕਿਤੇ ਆਪਣੀ ਜਵਾਨੀ ਸਮੇਂ ਦੀ ਪ੍ਰੇਮਿਕਾ ਦੀ ਯਾਦ ਵਾਲੀਆਂ ਦਮਿਤ ਇੱਛਾਵਾਂ ਨਾਲ ਦਵੰਦ ਭਰੀ ਜ਼ਿੰਦਗੀ ਭੋਗਦੀ ਹੈ। ਬਲਬੀਰ ਪਰਵਾਨਾ **'ਆਸ ਨਿਰਾਸ'** ਕਹਾਣੀ ਵਿਚ ਸ਼ਹਿਰੀ ਮੱਧਵਰਗੀ ਜੀਵਨ ਦੀ ਘਸ-ਘਸ ਵਿਚ ਜ਼ਿੰਦਗੀ ਨੂੰ ਧੱਕਾ ਦੇ ਰਹੇ ਦੰਪਤੀ ਪਾਤਰਾਂ ਦੇ ਬਜ਼ੁਰਗ ਦੀ ਇਸੇ ਇਕੱਲਤਾ ਅਤੇ ਉਦਾਸੀਨਤਾ ਨੂੰ ਫੜਦਾ ਹੈ। ਦੀਪ ਦੇਵਿੰਦਰ ਸਿੰਘ ਆਪਣੀ ਕਹਾਣੀ 'ਉੜਕਿ ਸੱਚ ਰਹੀ' ਵਿਚ ਮੱਧਵਰਗੀ ਜੀਵਨ ਦੀ ਇਸ ਦਵੰਦਤਾ, ਇਕੱਲਤਾ ਅਤੇ ਉਦਾਸੀਨਤਾ ਨੂੰ ਮਾਂ ਪੁੱਤਰ ਦੀ ਚੁੱਪ ਵਿਚੋਂ ਫੜਦਾ ਹੈ। ਪਿਛਲੇ ਕੁਝ ਸਮੇਂ ਤੋਂ ਕਹਾਣੀ ਵਿਚ ਦਲਿਤ ਚੇਤਨਾ ਦੇ ਨਾਲ ਨਾਲ ਸਮਾਜ ਦੀ ਮੁੱਖ ਧਾਰਾ ਤੋਂ ਦੂਰ ਕੀਤੇ ਵੱਖ ਵੱਖ ਰਵਾਇਤੀ ਪੇਸ਼ਿਆਂ ਨਾਲ ਜੁੜੇ ਪਾਤਰਾਂ ਦੀ ਸੰਵੇਦਨਾ ਵੀ ਰਜਿਸਟਰ ਹੋਈ ਹੈ। ਗੁਰਮੀਤ ਕੜਿਆਲਵੀ ਦੀ ਕਹਾਣੀ **'ਆਤੂ ਖੋਜੀ'** ਇਸ ਪੱਖੋਂ ਮਾਰਮਿਕ ਰਚਨਾ ਸਿੱਧ ਹੋਈ ਸੀ ਇਸ ਸਾਲ ਕੜਿਆਲਵੀ ਦੀ ਕਹਾਣੀ **'ਬਚਨਾ'** ਬਾਜ਼ੀਗਰ ਪੇਸ਼ੇ ਦੇ ਪਾਤਰ ਬਚਨੇ ਦੇ ਜਗੀਰੂ ਅਵਚੇਤਨ ਵਿਚ ਵਸੇ ਖਿਆਲਾਂ ਦਾ ਸਮਕਾਲ ਦੇ ਉਪਭੋਗੀ ਵਿਚਾਰਾਂ ਨਾਲ ਟਕਰਾਅ ਰੂਪਮਾਨ ਕਰਦੀ ਹੈ ਜਿੱਥੇ ਸਮਾਜ ਅਤੇ ਪ੍ਰਸ਼ਾਸਨਿਕ ਸਿਸਟਮ ਦੀ ਬੇਰੁਖੀ ਦੇ ਅਨੇਕਾਂ ਪਾਸਾਰ ਪੇਸ਼ ਹੋਏ ਹਨ। ਭਗਵੰਤ ਰਸੂਲਪੁਰੀ ਦੀ ਕਹਾਣੀ **'ਰਵੀ ਡਿਫੈਂਡਰ'** ਪੰਜਾਬੀ ਬਿਰਤਾਂਤ ਵਿਚ ਅਛੂਤ ਹੋਏ ਖੇਡ ਸਰੋਕਾਰਾਂ ਵਿਚ ਘੁਲਦੀ ਸੰਵੇਦਨਾ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਚ ਰਵੀ ਵਰਗੇ ਸ਼ਾਨਦਾਰ ਫੁੱਟਬਾਲ ਖਿਡਾਰੀ ਨੂੰ ਕਿੰਝ ਭਾਰਤੀ ਖੇਡ ਪ੍ਰਬੰਧ ਅਤੇ ਰਾਜਸੀ ਗਠਜੋੜ ਆਪਣੀਆਂ ਕਿੱਕਾਂ ਦਾ ਸ਼ਿਕਾਰ ਬਣਾਉਂਦੇ ਹਨ ਦਾ ਭਾਵਪੂਰਤ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਅਜਿਹੇ ਸਰੋਕਾਰਾਂ ਵਾਲੀ ਕਹਾਣੀ ਪੰਜਾਬੀ ਬਿਰਤਾਂਤ ਦਾ ਵੱਖਰਾ ਹਾਸਿਲ ਬਣਦੀ ਹੈ। ਸਿਮਰਨ ਧਾਲੀਵਾਲ 'ਸੋਹਣੀ ਪਹਿਲਵਾਨ' ਕਹਾਣੀ ਦੁਆਰਾ ਇਕ ਪਹਿਲਵਾਨ ਦੀ ਪਿੰਡ ਦੇ ਸਮਾਜ ਤੋਂ ਸ਼ਹਿਰ ਆ ਕੇ ਰਹਿਣ ਮਗਰੋਂ ਵਿਖੰਡਤ ਹੋਈ ਹੋਂਦ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਭਗਵੰਤ ਰਸੂਲਪੁਰੀ ਦੀ ਕਹਾਣੀ **'ਰੰਗਾਂ ਦੀ ਸਾਂਝ @ ਸਮਾਜ ਵਿਗਿਆਨ'** ਵਿਚ ਦੋ ਵੱਖੋ ਵੱਖਰੇ ਸਮਾਜਿਕ ਪਰਿਵੇਸ਼ ਵਾਲੇ ਦੰਪਤੀ ਜੋੜੇ ਦੇ ਮਾਨਸਿਕ ਤਣਾਅ ਰੰਗਾਂ ਦੇ ਵਿਭਿੰਨ ਮੈਟਾਫਰਾਂ ਨਾਲ ਪੇਸ਼ ਹੋਏ ਹਨ। ਰੰਗਾਂ ਦੀ ਸਿਆਸਤ ਵਿੱਚ ਘਿਰੇ ਰਿਸ਼ਤਾ ਪ੍ਰਬੰਧ ਦੀ ਤਿੜਕ ਨੂੰ ਪੇਸ਼ ਕਰਦਿਆਂ ਕਹਾਣੀਕਾਰ ਨੇ ਸੱਤਾਧਾਰੀ ਧਿਰਾਂ ਵਲੋਂ ਸਿਰਜੇ ਰੰਗਾਂ ਅਤੇ ਹਾਸ਼ੀਆਗ੍ਰਸਤ ਧਿਰਾਂ ਵਲੋਂ ਸਿਰਜੇ ਰੰਗਾਂ ਦੇ ਤਣਾਅ ਨੂੰ ਬੇਹੱਦ ਕਲਾਤਮਿਕਤਾ ਨਾਲ ਪੇਸ਼ ਕੀਤਾ ਹੈ। ਦਲਿੱਤ ਕਹਾਣੀ ਦੀ ਸਿੱਧੜ ਫਾਰਮੂਲਾ ਪੇਸ਼ਕਾਰੀ ਨੂੰ ਤੋੜਦੀ ਇਹ ਕਹਾਣੀ ਆਪਣੀ ਨਿਭਾਅ ਸ਼ਕਤੀ ਨੂੰ ਸ਼ਕਤੀਸ਼ਾਲੀ ਮੈਟਾਫਰਾਂ ਦੁਆਰਾ ਪੇਸ਼ ਕਰਦੀ ਹੈ ਜਿਸ ਨਾਲ ਕਹਾਣੀ ਵਿੱਚ ਸੰਵਾਦ ਦੀਆਂ ਅਨੇਕਾਂ ਪ੍ਰਤੀਧੁਨੀਆਂ ਉੱਠਦੀਆਂ ਰਹਿੰਦੀਆਂ ਹਨ।

ਦਲਿਤ ਸੰਵੇਦਨਾ ਦੀ ਕਹਾਣੀ ਵਿਚ 'ਅੱਖਰ' ਮੈਗਜ਼ੀਨ ਵਿਚ ਛਪੀ ਜਿੰਦਰ ਦੀ ਕਹਾਣੀ **'ਸਿਆਸਤ ਖੇਡ ਸਿਆਸਤ'** ਨੇ ਦਲਿਤ ਜੀਵਨ ਯਥਾਰਥ ਦੇ ਇਤਿਹਾਸਕ ਪਰਿਪੇਖ ਨੂੰ ਪੇਸ਼ ਕਰਦਿਆਂ ਸਮਕਾਲ ਵਿਚ ਦਲਿਤ ਲਹਿਰ ਦੀ ਹੋਣੀ ਤੇ ਹਸਤੀ ਵਿਚ ਗੁਜ਼ਰਦੀ ਦਲਿਤ ਪਛਾਣ ਨੂੰ ਪਾਠਕਾਂ ਦੇ ਰੂ ਬ ਰੂ ਕੀਤਾ ਹੈ। ਮਰਹੂਮ ਕਥਾਕਾਰ ਮਨਿੰਦਰ ਕਾਂਗ ਦੀ ਕਹਾਣੀ **'ਕੁੱਤੀ ਵਿਹੜਾ'** ਵਰਗਾ ਪ੍ਰਭਾਵ ਸਿਰਜਦੀ ਇਹ ਰਚਨਾ ਗੈਰ ਦਲਿਤ ਲੇਖਕ ਵਲੋਂ ਦਲਿਤ ਸਰੋਕਾਰਾਂ ਦੀ ਆਪਣੀ ਪ੍ਰਤਿਭਾ ਦੇ ਆਧਾਰ 'ਤੇ ਕੀਤੀ ਪੇਸ਼ਕਾਰੀ 'ਤੇ ਮੋਹਰ ਲਗਾਉਂਦੀ ਹੈ।

ਪਰਵਾਸੀ ਜੀਵਨ ਦੇ ਸਰੋਕਾਰਾਂ ਨੂੰ ਇਸ ਵਰ੍ਹੇ ਹਰਪ੍ਰੀਤ ਸੇਖਾ, ਮੇਜਰ ਮਾਂਗਟ, ਪ੍ਰੋ ਹਰਭਜਨ ਸਿੰਘ, ਗੁਰਮੀਤ ਪਨਾਗ, ਰਾਣੀ ਨਗੇਂਦਰ ਆਦਿ ਤੋਂ ਇਲਾਵਾ ਅਜਮੇਰ ਸਿੱਧੂ ਨੇ ਆਪਣੀਆਂ ਕਹਾਣੀਆਂ

ਵਿਚ ਪੇਸ਼ ਕੀਤਾ ਹੈ। ਹਰਪ੍ਰੀਤ ਸੇਖਾ ਕੋਲ ਆਪਣੇ ਪਾਤਰਾਂ ਦੀ ਅੰਦਰਲੇ ਸੰਸਾਰ ਨੂੰ ਪੇਸ਼ ਕਰਨ ਲਈ ਖੂਬਸੂਰਤ ਮੈਟਾਫਰ ਹੁੰਦੇ ਹਨ ਇਸ ਸਾਲ ਉਸਦੀ ਕਹਾਣੀ **'ਵੀਡਜ਼'** ਦੁਆਰਾ ਉਹ ਅਸਲ ਸਰੋਕਾਰਾਂ ਤੋਂ ਟੁੱਟੇ ਪਰਵਾਸੀ ਮੀਡੀਆ ਵਿਚ ਫੈਲੇ ਵੀਡਜ਼ (ਨਦੀਨਾਂ) ਦੀ ਪਛਾਣ ਕਰਦਾ ਹੈ। ਗੁਰਮੀਤ ਪਨਾਗ ਅਤੇ ਮੇਜਰ ਮਾਂਗਟ ਨੇ ਆਪਣੀਆਂ ਕਹਾਣੀਆਂ ਦੁਆਰਾ ਪਰਵਾਸ ਦੇ ਰਵਾਇਤੀ ਮਸਲਿਆਂ ਤੋਂ ਅੱਗੇ ਜਾ ਕੇ ਅੰਤਰ ਰਾਸ਼ਟਰੀ ਸਰੋਕਾਰਾਂ ਅਤੇ ਪਰਵਾਸ ਦੇ ਪਾਤਰਾਂ ਤੇ ਸਮਾਜ ਨਾਲ ਸਮਨਵੈ ਦੇ ਬਿਰਤਾਂਤ ਸਿਰਜੇ ਹਨ। ਗੈਰ ਪਰਵਾਸੀ ਲੇਖਕਾਂ ਵਲੋਂ ਵੀ ਆਪਣੀਆਂ ਪਰਵਾਸੀ ਫੇਰੀਆਂ ਨਾਲ ਹਾਸਿਲ ਕੀਤੇ ਅਨੁਭਵ ਪੇਸ਼ ਕਰਨ ਦੇ ਰੁਝਾਨ ਅਜਮੇਰ ਸਿੱਧੂ ਦੀ ਕਹਾਣੀ **'ਤੂੰ ਇਹ ਝਾਂਜਰ ਨਾ ਪਾਵੀਂ"** ਵਿਚ ਪੇਸ਼ ਹੋਏ ਹਨ ਜਿੱਥੇ ਪਰਵਾਸ ਦੇ ਖੁੱਲ੍ਹੇ ਡੁੱਲ੍ਹੇ ਅਤੇ ਉੱਦਾਤ ਕਦਰਾਂ ਕੀਮਤਾਂ ਵਾਲੇ ਮਾਹੌਲ ਨਾਲ ਪੰਜਾਬੀ ਮਨੁੱਖ ਦੇ ਜਗੀਰੂ ਅਵਚੇਤਨ ਨਾਲ ਟਕਰਾਅ ਪੇਸ਼ ਹੁੰਦਾ ਹੈ। ਇਸ ਵਰ੍ਹੇ ਦੀਆਂ ਹੋਰ ਕਹਾਣੀਆਂ ਵਿਚ ਕਹਾਣੀਕਾਰਾ ਸਰਘੀ ਦੀ **'ਹੋਲੀਡੇ ਵਾਈਫ'** ਕਹਾਣੀ ਮਰਦਾਵੇਂ ਪ੍ਰਬੰਧ ਨੂੰ ਵੱਖਰੇ ਤਰੀਕੇ ਨਾਲ ਤਾਂ ਵੰਗਾਰਦੀ ਔਰਤ ਦੇ ਮੌਲਿਕ ਉਚਾਰ ਫੜਨ ਦਾ ਯਤਨ ਕਰਦੀ ਹੈ। ਨਾਰੀ ਸੰਵੇਦਨਾ ਨੂੰ ਰੈਡੀਕਲ ਮੁਹਾਂਦਰੇ ਵਿਚੋਂ ਕੱਢਣ,ਔਰਤ ਦੇ ਮਰਦ ਆਸ਼ਰਿਤ ਬਿੰਬ ਨੂੰ ਤੋੜ ਕੇ ਉਸਦਾ ਆਜ਼ਾਦ ਅਸਤਿਤਵ ਉਜਾਗਰ ਕਰਨ ਅਤੇ ਸਮਾਜਿਕ ਯਥਾਰਥ ਪ੍ਰਤੀ ਨਾਰੀ ਨਜ਼ਰੀਆ ਰੱਖਣ ਵਿਚ ਸਰਘੀ, ਤ੍ਰਿਪਤਾ ਕੇ. ਸਿੰਘ, ਦੀਪਤੀ ਬਬੂਟਾ, ਪਵਿੱਤਰ ਕੌਰ ਮਾਟੀ ਵਰਗੀਆਂ ਲੇਖਿਕਾਵਾਂ ਤੋਂ ਨਵੀਆਂ ਉਮੀਦਾਂ ਜਾਗੀਆਂ ਹਨ। ਇਸ ਵਰ੍ਹੇ ਤ੍ਰਿਪਤਾ ਕੇ. ਸਿੰਘ ਦਾ ਪਹਿਲਾ ਕਹਾਣੀ ਸੰਗ੍ਰਿਹ ' ਇਕ ਦਿਨ' ਅਤੇ ਦੀਪਤੀ ਬਬੂਟਾ ਦਾ 'ਪਿੱਛਾ ਰਹਿ ਗਿਆ ਦੂਰ' ਵਰ੍ਹੇ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਸ ਸਾਲ ਕਹਾਣੀਕਾਰ ਅਨੇਮਨ ਸਿੰਘ ਦੀ **'ਜਾਨਵਰ'** ਬਿੰਦਰ ਬਸਰਾ ਦੀ **'ਕੱਲ੍ਹ ਵੀ ਆਉਣਾ'** ਨੇ ਵੀ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ। ਅਨੇਮਨ ਸਿੰਘ ਕਹਾਣੀ ਖੇਤਰ ਵਿਚ ਚਰਚਿਤ ਨਾਮ ਹੈ ਜਿਸਨੇ ਔਰਤ ਮਰਦ ਸਬੰਧਾਂ ਨੂੰ ਕਾਮੁਕ ਗੁੰਝਲਾਂ ਅਤੇ ਅਵੈੜ ਮਾਨਸਿਕ ਬਿਰਤੀਆਂ ਦੇ ਕੋਣ ਤੋਂ ਲੰਮਾਂ ਚਿਰ ਪੇਸ਼ ਕੀਤਾ। 'ਨੂਰੀ' ਕਹਾਣੀ ਸੰਗ੍ਰਿਹ ਨਾਲ ਉਸਦੀ ਕਥਾ ਮੁਦਰਾ ਤਬਦੀਲ ਹੁੰਦੀ ਦਿਸਦੀ ਹੈ। ਇਨ੍ਹਾਂ ਤੋਂ ਇਲਾਵਾ ਪ੍ਰਵਚਨ, ਤ੍ਰਿਸ਼ੰਕੂ, ਪ੍ਰਤਿਮਾਨ, ਚਿਰਾਗ, ਸ਼ਬਦ ਅਤੇ ਸਮਦਰਸ਼ੀ ਮੈਗਜ਼ੀਨਾਂ ਵਿਚ ਵੀ ਅਨੇਕਾਂ ਕਹਾਣੀਕਾਰਾਂ ਮਨਮੋਹਨ ਬਾਵਾ, ਹਰਜਿੰਦਰ ਸੂਰੇਵਾਲੀਆ, ਪਰਮਜੀਤ ਮਾਨ, ਪਰਮਜੀਤ ਢੀਂਗਰਾ, ਡਾ. ਕਰਮਜੀਤ ਨਡਾਲਾ, ਗੁਰਦੀਪ ਢੁੱਡੀ, ਰਘਬੀਰ ਸਿੰਘ ਮਾਨ ਆਦਿ ਨੇ ਵੀ ਹਾਜ਼ਰੀ ਲਗਾਈ ਹੈ।

ਕੁਲ ਮਿਲਾ ਕੇ ਸਾਲ ਦੀ ਕਹਾਣੀ ਆਪਣੇ ਦੋਸ਼ਾਂ ਅਤੇ ਖੂਬੀਆਂ ਸਮੇਤ ਹਾਜ਼ਰ ਹੈ। ਨਵਾਂ ਯਥਾਰਥ ਜਿਸ ਸ਼ਿੱਦਤ ਨਾਲ ਕਹਾਣੀ ਵਿਚ ਪ੍ਰਗਟ ਹੋਣਾ ਚਾਹੀਦਾ ਸੀ ਉਸਦੀ ਕਮੀ ਇਸ ਸਾਲ ਵੀ ਰੜਕਦੀ ਰਹੀ ਹੈ। ਸਥਾਪਿਤ ਕਹਾਣੀਕਾਰ ਪਾਠਕਾਂ ਦੀਆਂ ਉਮੀਦਾਂ ਤੋਂ ਜਿੱਥੇ ਦੂਰ ਰਹੇ ਹਨ ਉੱਥੇ ਹੀ ਨਵੇਂ ਕਥਾਕਾਰਾਂ ਨੇ ਬਿਰਤਾਂਤ ਦੀ ਗੁੰਝਲਦਾਰ ਬਣਤਰ ਨੂੰ ਸੁਚੇਤ ਹੋ ਕੇ ਤੋੜਿਆ ਹੈ ਅਤੇ ਬਿਰਤਾਂਤ ਨੂੰ ਪੜ੍ਹਨਯੋਗ ਬਣਾਇਆ ਹੈ। ਪਾਤਰਾਂ ਦੇ ਨਜ਼ਰੀਏ ਤੋਂ ਵੀ ਉਪਭੋਗੀ ਅਤੇ ਦਮਿਤ ਪਾਤਰਾਂ ਦੀ ਥਾਂ ਚਿੰਤਨ ਸ਼ੀਲ,ਪ੍ਰਗਤੀਮੁਖੀ ਅਤੇ ਉੱਦਾਤ ਕਦਰਾਂ ਕੀਮਤਾਂ ਦੀ ਰਾਖੀ ਵਾਲੇ ਪਾਤਰਾਂ ਦੀ ਝੰਡੀ ਰਹੀ ਹੈ। ਵਿਧਵਾ ਜੀਵਨ ਦੀ ਜਿਸ ਸ਼ਿੱਦਤ ਨਾਲ ਬੰਗਾਲੀ ਸਾਹਿਤ ਵਿਚ ਪੇਸ਼ਕਾਰੀ ਹੋਈ ਹੈ ਪੰਜਾਬੀ ਕਹਾਣੀ ਵਿਚ ਅਜਿਹਾ ਹੋਣਾ ਬੇਸ਼ੱਕ ਅਜੇ ਭਵਿੱਖ ਦੀ ਗੱਲ ਹੈ ਪਰ ਫਿਰ ਵੀ ਔਰਤ ਅਤੇ ਮਰਦ ਦੀ ਇਕ ਦੂਜੇ ਪ੍ਰਤੀ ਕਾਮੁਕ ਖਿੱਚ ਦੀ ਥਾਂ ਸਾਂਝ, ਸਮਰਪਣ ਅਤੇ ਸਾਥ ਵਾਲੀ ਕਥਾ ਚੇਤਨਾ ਦਾ ਉਦਘਾਟਨ ਹੋਇਆ ਹੈ। ਪੰਜਾਬੀ ਸਮਾਜ ਦੇ ਅਸੰਖ ਮਸਲੇ ਕਹਾਣੀ ਦੇ ਦਾਇਰੇ ਤੋਂ ਬਾਹਰ ਹਨ, ਸਮਕਾਲੀ ਸਮਾਜ ਦੀ ਮਾਯੂਸੀ ਦਾ ਭਰਵਾਂ ਕਥਾ ਬਿੰਬ ਕਹਾਣੀ ਤੋਂ ਦੂਰ ਹੈ, ਪਰਵਾਸ ਦੀ ਚਾਹਤ ਤੋਂ ਭਟਕੇ ਲੋਕਾਂ, ਕਿਸਾਨੀ ਪਰਿਵਾਰਾਂ, ਸ਼ਹਿਰੀ ਵਪਾਰੀ ਵਰਗ, ਬੱਚਿਆਂ ਦੀ ਸੰਵੇਦਨਾ ਸਮੇਤ ਰਾਜਸੀ ਬੁਰਛਾਗਰਦੀ ਦੇ ਚਿੰਤਨ ਅਧਾਰਿਤ ਬਿੰਬ ਕਹਾਣੀ ਤੋਂ ਦੂਰ ਹਨ,ਪਰਵਾਸ ਦਾ ਨਵਾਂ ਅਨੁਭਵ ਵੀ ਕਹਾਣੀ ਵਿਚ ਅਜੇ ਪੇਸ਼ ਨਹੀਂ ਹੋਇਆ। ਇਸਦੇ ਬਾਵਜੂਦ ਮੌਜੂਦਾ ਕਹਾਣੀ ਚੌਥੇ ਅਤੇ ਪੰਜਵੇਂ(?) ਪੜਾਅ ਦੀ ਕਹਾਣੀ ਦੇ ਅਹਿਮ ਮੋੜ 'ਤੇ ਪੁੱਜ ਗਈ ਹੈ। ਸਾਲ 2019 ਇਸੇ ਦਾ ਗਵਾਹ ਬਣਿਆ ਹੈ। **ਸੰਪਰਕ- 94175 86028**



# ਪ੍ਰਮੁੱਖ ਪੰਜਾਬੀ ਕਹਾਣੀਆਂ ਵਿਚ ਜਾਤ-ਪਾਤ ਵਿਵਸਥਾ ਦਾ ਉਭਰਦਾ ਸਰੂਪ/- ਪ੍ਰੋ. ਕੁਲਵਿੰਦਰ ਸਿੰਘ

ਮਨੁੱਖੀ ਸਮਾਜ ਅਤੇ ਸਭਿਆਚਾਰ ਅੰਦਰ ਅਮੀਰ ਗਰੀਬ ਤੇ ਊਚ-ਨੀਚ ਦਾ ਪਾੜਾ ਉਦੋਂ ਤੋਂ ਹੀ ਮੌਜੂਦ ਹੈ, ਜਦੋਂ ਤੋਂ ਨਿਜੀ ਸੰਪਤੀ ਹੋਂਦ ਗ੍ਰਹਿਣ ਕਰਦੀ ਹੈ। ਇਹ ਪਾੜਾ ਸਮਾਜਵਾਦੀ ਦੇਸ਼ਾਂ ਦੀ ਨਿਸਬਤ ਗਰੀਬ, ਵਿਕਾਸਸ਼ੀਲ ਅਤੇ ਪੂੰਜੀਵਾਦੀ ਦੇਸ਼ਾਂ ਵਿਚ ਬਹੁਤ ਜ਼ਿਆਦਾ ਹੈ। ਕਮਿਊਨਿਜ਼ਮ ਉਤਪਾਦਨ ਦੇ ਸਾਧਨਾਂ ਦੀ ਵੰਡ ਨੂੰ ਬਰਾਬਰ ਸਥਾਪਿਤ ਕਰਕੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਸਿਸਟਮ ਨੂੰ ਖ਼ਤਮ ਕਰਕੇ, ਸਾਰੇ ਮਨੁੱਖਾਂ ਲਈ ਬਰਾਬਰੀ ਦਾ ਸਮਾਜ ਸਿਰਜਣ ਵੱਲ ਅਗ੍ਰਸਰ ਹੁੰਦਾ ਹੈ। ਪਰ ਬਾਕੀ ਸਾਰੇ ਢਾਂਚਿਆਂ ਵਿਚ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਵੱਖ-ਵੱਖ ਰੂਪਾਂ ਵਿਚ ਜਾਰੀ ਰਹਿੰਦੀ ਹੈ। ਇਸ ਕਿਸਮ ਦੇ ਢਾਂਚਿਆਂ ਵਿਚੋਂ ਹੀ ਧਰਮ ਦਾ ਤੰਗ-ਦਿਲੀ ਦ੍ਰਿਸ਼ਟੀਕੋਣ, ਜਾਤ-ਪਾਤ, ਊਚ-ਨੀਚ ਅਤੇ ਛੂਤ-ਛਾਤ ਵਰਗੀਆਂ ਲਾਹਨਤਾਂ ਸਮਾਜ ਵਿਚ ਆ ਜਾਂਦੀਆਂ ਹਨ। ਭਾਰਤੀ ਸਮਾਜ ਵਿਚ ਸਮਾਜਵਾਦੀ ਵਿਵਸਥਾ ਦੀ ਅਣਹੋਂਦ ਕਾਰਨ ਇਹ ਨਕਾਰਾਤਮਕ ਪ੍ਰਵਿਰਤੀਆਂ ਭਰਪੂਰ ਮਾਤਰਾ ਵਿਚ ਪਾਈਆਂ ਜਾਂਦੀਆਂ ਹਨ। ਪੰਜਾਬੀ ਸਮਾਜ ਵਿਚ ਵੀ ਅਜਿਹੀਆਂ ਨਕਾਰਾਤਮਕ ਪ੍ਰਵਿਰਤੀਆਂ ਦੇ ਭਿੰਨ-ਭਿੰਨ ਲੱਛਣ ਮੌਜੂਦ ਹਨ ਜੋ ਪੰਜਾਬੀ ਸਾਹਿਤ ਵਿਚੋਂ ਸਹਿਜੇ ਹੀ ਪ੍ਰਤੀਬਿੰਬਤ ਹੁੰਦੀਆਂ ਹਨ।

ਭਾਰਤੀ ਸਮਾਜਿਕ ਬਣਤਰ ਦੇ ਨਿਰਮਾਣ ਵਿਚ ਜਾਤੀ ਪ੍ਰਬੰਧ ਨੇ ਪੁਰਾਤਨ ਸਮੇਂ ਤੋਂ ਹੀ ਭਾਰੂ ਰੋਲ ਅਦਾ ਕੀਤਾ ਹੈ। ਕੇਤਕਰ ਅਨੁਸਾਰ, "ਜਾਤ ਇਕ ਅਜਿਹਾ ਸਮੂਹ ਹੈ ਜਿਸ ਦੇ ਦੋ ਮੁੱਖ ਲੱਛਣ ਹਨ। (ੳ) ਇਸ ਦੀ ਮੈਂਬਰਸ਼ਿਪ ਉਹਨਾਂ ਵਿਅਕਤੀਆਂ ਤੱਕ ਹੀ ਸੀਮਿਤ ਹੁੰਦੀ ਹੈ ਜੋ ਉਸ ਜਾਤ ਵਿੱਚ ਸ਼ਾਮਲ ਹੁੰਦੇ ਹਨ (ਅ) ਜਾਤ ਦੇ ਮੈਂਬਰ, ਇਕ ਕਠੋਰ ਸਮਾਜਿਕ ਨਿਯਮ ਦੁਆਰਾ, ਸਮੂਹ ਤੋਂ ਬਾਹਰ ਵਿਆਹ ਕਰਨ ਤੋਂ ਰੋਕ ਦਿੱਤੇ ਜਾਂਦੇ ਹਨ।" ਇਸ ਪ੍ਰਕਾਰ ਇਸਦਾ ਅਸਰ ਇੱਥੋਂ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਖੇਤਰਾਂ ਵਿਚ ਭਲੀਭਾਂਤ ਦੇਖਿਆ ਜਾ ਸਕਦਾ ਹੈ। ਇਸ ਤੋਂ ਅੱਗੇ ਇਹ ਜਾਤੀ ਪ੍ਰਬੰਧ ਅਜਿਹੇ ਅਨੋਖੇ ਸਮਾਜ ਦਾ ਪੱਖ ਪੂਰਦਾ ਹੈ ਜਿਸ ਵਿਚ ਵਿਅਕਤੀ ਜਨਮ ਤੋਂ ਮਰਨ ਤੱਕ ਸਮਾਜਿਕ ਦਰਜਾਬੰਦੀ ਅਨੁਸਾਰ ਹੀ ਜੀਵਨ ਬਤੀਤ ਕਰਦਾ ਹੈ। ਜਿਵੇਂ ਕਿ ਡਾ. ਬੀ. ਆਰ. ਅੰਬੇਡਕਰ ਕਹਿੰਦੇ ਹਨ, "ਹਿੰਦੂ ਸਮਾਜ ਇਕ ਬਹੁ-ਮੰਜ਼ਿਲੀ ਇਮਾਰਤ ਦੀ ਤਰ੍ਹਾਂ ਹੈ, ਜਿਸ ਵਿਚ ਹਰ ਜਾਤੀ ਇਸ ਮੀਨਾਰ ਦੀ ਇਕ ਮੰਜ਼ਿਲ ਹੈ। ਧਿਆਨ ਦੇਣ ਦੀ ਗੱਲ ਇਹ ਹੈ ਕਿ ਇਸ ਮੀਨਾਰ ਤੋਂ ਬਾਹਰ ਨਿਕਲਣ ਲਈ ਪੌੜੀਆਂ ਨਹੀਂ ਹਨ। ਇਕ ਮੰਜ਼ਿਲ ਤੋਂ ਦੂਸਰੀ ਮੰਜ਼ਿਲ ਵਿਚ ਆਉਣ ਜਾਣ ਲਈ ਕੋਈ ਰਸਤਾ ਨਹੀਂ ਹੈ। ਜੋ ਜਿਸ ਮੰਜ਼ਿਲ ਵਿਚ ਜਨਮ ਲੈਂਦਾ ਹੈ, ਉਸ ਮੰਜ਼ਿਲ ਵਿਚ ਹੀ ਮਰਦਾ ਹੈ।"

*ਇਸ* ਪ੍ਰਕਾਰ ਵਿਅਕਤੀ ਨੂੰ ਆਪਣਾ ਸਮੁੱਚਾ ਜੀਵਨ ਜਾਤ ਦੇ ਗੁਲਾਮੀ ਭਰੇ ਬੰਧਨ ਅਧੀਨ ਗੁਜ਼ਾਰਨਾ ਪੈਂਦਾ ਹੈ। ਜੇਕਰ ਕੋਈ ਵਿਅਕਤੀ ਆਪਣੀ ਇਸ ਜਾਤ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਬਹੁਤ ਸਾਰੀਆਂ ਸਮਾਜਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵੱਖ-ਵੱਖ ਧਰਮਾਂ ਅਤੇ ਸਮਾਜ ਸੁਧਾਰਕਾਂ ਨੇ ਸਮੇਂ-ਸਮੇਂ ਇਸ ਜਾਤ-ਪਾਤ ਦੀ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਆਪਣੀ ਆਵਾਜ਼ ਬੁਲੰਦ ਕੀਤੀ ਹੈ, ਪਰੰਤੂ ਇਸ ਵਿਚ ਵਧੇਰੇ ਸਫਲਤਾ ਹਾਸਿਲ ਨਹੀਂ ਹੋ ਸਕੀ। ਭਾਰਤੀ ਪੰਜਾਬੀ ਸਮਾਜ ਵਿਚ ਜਾਤ ਦਾ ਵਰਤਾਰਾ ਐਨਾ ਗੁੰਝਲਦਾਰ ਹੋ ਚੁੱਕਿਆ ਹੈ। ਜਿਸ ਵਿਚ ਵਿਅਕਤੀ ਨੂੰ ਇਸ ਜਾਤ ਦੇ ਬੰਧਨ ਤੋਂ ਮੁਕਤੀ ਮਰਨ ਉਪਰੰਤ ਹੀ ਪ੍ਰਾਪਤ ਹੁੰਦੀ ਹੈ।

ਕਾਰਲ ਮਾਰਕਸ ਨੇ ਆਪਣੀਆਂ ਆਰਥਿਕ ਅਤੇ ਦਾਰਸ਼ਨਿਕ ਹੱਥ ਲਿਖਤਾਂ ਵਿਚ ਲਿਖਿਆ ਹੈ ਕਿ, 'ਵਿਅਕਤੀ ਸਮਾਜੀ ਜੀਵ ਹੈ। ਇਸ ਲਈ ਉਸਦਾ ਜੀਵਨ, ਜੇ ਇਹ ਦੂਜਿਆ ਨਾਲ ਮਿਲ ਕੇ

ਚੱਲਣ ਵਾਲਾ ਪ੍ਰਗਟ ਰੂਪ ਵਿਚ ਸਮੂਹਕ ਜੀਵਨ ਨਾ ਵੀ ਜਾਪੇ ਤਦ ਵੀ, ਸਮਾਜੀ ਜੀਵਨ ਦਾ ਪ੍ਰਗਟਾਅ ਅਤੇ ਉਸ ਦੀ ਪੁਸ਼ਟੀ ਹੁੰਦਾ ਹੈ।' ਪਰ ਇਸ ਸਮਾਜੀ ਜੀਵਨ ਦਾ ਪ੍ਰਗਟਾਅ ਕਰਦਾ ਮਨੁੱਖ ਚਾਹੇ ਸਮੂਹ ਵਿਚ ਜਾਂ ਇਕੱਲ ਵਿਚ ਵਿਚਰਦਾ ਹੋਇਆ ਇਕ ਜਮਾਤ ਵੰਡ ਦੀ ਦ੍ਰਿਸ਼ਟੀ ਤੋਂ ਇਕ ਜਾਤੀ ਵਿਸ਼ੇਸ਼ ਸਮੂਹ ਨਾਲ ਸੰਬੰਧਤ ਹੋ ਜਾਂਦਾ ਹੈ। ਭਾਵ ਸ਼ਕਤੀਸ਼ਾਲੀ ਹਾਕਮ ਜਮਾਤਾਂ ਦੁਆਰਾ ਉਤਪਾਦਨ ਦੇ ਸਾਧਨਾਂ ਦੀ ਅਸਾਵੀਂ ਵੰਡ ਕਾਰਨ ਮਨੁੱਖੀ ਸਮਾਜ ਭਿੰਨ-ਭਿੰਨ ਵਰਗਾਂ ਅਤੇ ਉਸ ਤੋਂ ਅੱਗੋਂ ਵੱਖੋ-ਵੱਖਰੀਆਂ ਜਾਤਾਂ ਵਿਚ ਵੰਡਿਆ ਜਾਂਦਾ ਹੈ। ਡਾ. ਬੀ.ਆਰ.ਅੰਬੇਡਕਰ ਦਾ ਵਿਚਾਰ ਹੈ ਕਿ, "ਜਾਤ ਪ੍ਰਬੰਧ ਸਿਰਫ ਕਿਰਤ ਵੰਡ ਹੀ ਨਹੀਂ ਹੁੰਦੀ, ਇਹ ਕਿਰਤੀਆਂ ਦੀ ਵੰਡ ਵੀ ਹੈ। ਸਭਿਅਕ ਸਮਾਜ ਵਿਚ ਬਿਨ੍ਹਾਂ ਸ਼ੱਕ ਕਿਰਤ ਵੰਡ ਦੀ ਜ਼ਰੂਰਤ ਹੁੰਦੀ ਹੈ ਪਰੰਤੂ ਕਿਸੇ ਵੀ ਸਭਿਅਕ ਸਮਾਜ ਵਿਚ ਕਿਰਤ ਵੰਡ ਦੇ ਨਾਲ ਨਾਲ ਕਿਰਤੀਆਂ ਨੂੰ ਇਸ ਤਰ੍ਹਾਂ ਦੇ ਗ਼ੈਰ-ਕੁਦਰਤੀ ਖੰਡਾਂ ਵਿਚ ਨਹੀਂ ਸੀ ਵੰਡਿਆ ਗਿਆ। ਇਹ ਉਹ ਦਰਜਾਬੰਦੀ ਹੈ ਜਿਸ ਅਨੁਸਾਰ ਕਿਰਤੀਆਂ ਨੂੰ ਛੋਟੇ-ਵੱਡੇ ਦਰਜੇ ਦੇ ਬਣਾ ਦਿਤਾ ਗਿਆ ਹੈ।"[3] ਸੰਸਾਰ ਪੱਧਰ ਉੱਪਰ ਵੇਖਿਆ ਜਾਵੇ ਤਾਂ ਜਿਸ ਦੇਸ਼ ਖਿੱਤੇ ਵਿਚ ਜਾਤ-ਪਾਤ ਜਾਂ ਛੂਤ-ਛਾਤ ਵਰਗੀ ਸਮੱਸਿਆ ਨਹੀਂ ਵੀ ਪਾਈ ਜਾਂਦੀ ਉੱਥੇ ਵੀ ਵੱਖਰੀ ਕਿਸਮ ਦੇ ਨਸਲੀ ਵਿਤਕਰੇ ਦੀ ਪ੍ਰਵਿਰਤੀ ਜ਼ਰੂਰ ਮਿਲ ਜਾਂਦੀ ਹੈ। ਜਰਮਨੀ ਵਰਗੇ ਦੇਸ਼ਾਂ ਵਿਚ ਚਾਹੇ ਉੱਥੇ ਸਿੱਧੇ ਰੂਪ ਵਿਚ ਜਾਤੀ ਵਿਤਕਰਾ ਮੌਜੂਦ ਨਹੀਂ ਕਿਉਂਕਿ ਉੱਥੇ ਭਾਰਤ ਵਾਂਗ ਭਿੰਨ ਭਿੰਨ ਧਰਮਾਂ, ਨਸਲਾਂ ਅਤੇ ਜਾਤੀਆਂ ਦੇ ਲੋਕ ਨਹੀਂ ਵੱਸਦੇ ਪਰੰਤੂ ਫਿਰ ਵੀ ਵੱਖੋ-ਵੱਖਰੇ ਵਰਗਾਂ ਦੀ ਉਪਲਬਧੀ ਉੱਥੇ ਵੀ ਜ਼ਰੂਰ ਮਿਲ ਜਾਂਦੀ ਹੈ। ਅਜਿਹੇ ਸਮਾਜਾਂ ਵਿਚ ਵੀ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਕਿਸੇ ਨਾ ਕਿਸੇ ਰੂਪ ਵਿਚ ਹਾਜ਼ਰ ਹੈ।

ਏਂਗਲਜ ਨੇ ਆਪਣੀ ਕਿਤਾਬ 'ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ' ਵਿਚ ਇਸ ਸਥਿਤੀ ਦੀ ਸਪੱਸ਼ਟਤਾ ਬਾਰੇ ਕਿਹਾ ਹੈ ਕਿ, "ਇਹ ਪੜਾਅ ਕਿਰਤ ਦੀ ਵੰਡ ਅਤੇ ਵਿਅਕਤੀਆਂ ਵਿਚਕਾਰ ਵਟਾਂਦਰੇ ਦੇ ਪਹਿਲੇ ਪ੍ਰਗਟਾਅ ਨਾਲ ਸਗਵਾਂ ਸੀ। ਹੁਣ, ਇਹ ਮਹਾਨ ਗੱਲ ਜਾਣਨ ਲਈ ਬਹੁਤ ਸਮਾਂ ਨਾ ਲਗਾ ਕਿ ਖੁਦ ਮਨੁਖ ਵੀ, ਇਕ ਵਸਤ ਹੋ ਸਕਦਾ ਹੈ, ਕਿ ਮਨੁਖ ਸ਼ਕਤੀ ਮਨੁਖ ਨੂੰ ਗੁਲਾਮ ਵਿਚ ਤਬਦੀਲ ਕਰਕੇ ਵਟਾਂਦਰੇ ਵਿਚ ਲਿਆਂਦੀ ਅਤੇ ਵਰਤੀ ਜਾ ਸਕਦੀ ਹੈ। ਮਨੁਖਾਂ ਨੇ ਅਜੇ ਵਟਾਂਦਰਾ ਸ਼ੁਰੂ ਕੀਤਾ ਹੀ ਸੀ ਕਿ ਖੁਦ ਉਹਨਾਂ ਦਾ ਵਟਾਂਦਰਾ ਹੋਣਾ ਸ਼ੁਰੂ ਹੋ ਗਿਆ। ਸਰਗਰਮ ਸਿਥਲ ਹੋ ਗਿਆ, ਭਾਵੇਂ ਇਹ ਮਨੁਖ ਦੀ ਇਛਾ ਸੀ ਜਾਂ ਨਹੀ...ਗੁਲਾਮੀ ਲੁਟ-ਚੋਂਘ ਦੀ ਪਹਿਲੀ ਨਿਸ਼ਾਨੀ ਸੀ, ਜਿਹੜੀ ਪ੍ਰਾਚੀਨ ਸਮਿਆਂ ਦੀ ਵਿਸ਼ੇਸ਼ਤਾ ਸੀ; ਇਸ ਤੋਂ ਪਿੱਛੋਂ ਮਧ-ਕਾਲ ਵਿਚ ਖੇਤ-ਗੁਲਾਮੀ ਆਈ, ਅਤੇ ਨਵੀਨ ਸਮੇਂ ਵਿਚ ਉਜਰਤੀ ਕਿਰਤ। ਇਹ ਸੇਵਕੀ ਦੇ ਤਿੰਨ ਮਹਾਨ ਰੂਪ ਹਨ, ਜਿਹੜੇ ਸਭਿਅਤਾ ਦੇ ਤਿੰਨ ਮਹਾਨ ਦੌਰਾ ਦੇ ਲਖਾਇਕ ਹਨ; ਖੁਲ੍ਹੀ ਅਤੇ ਪਿਛੇ ਜਿਹੇ ਤੋਂ ਗੁੱਝੀ ਗੁਲਾਮੀ, ਇਹਦੇ ਪੱਕੇ ਸਾਥੀ ਰਹੇ ਹਨ।"[4]

ਭਾਰਤ ਵਿਚ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਦਾ ਸਿਲਸਿਲਾ ਵਰਗਾਂ ਦੀ ਹੋਂਦ ਉੱਪਰ ਆਧਾਰਿਤ ਹੈ। ਭਾਰਤੀ ਸਮਾਜਿਕ ਬਣਤਰ ਵਿਚ ਬਹੁ-ਗਿਣਤੀ ਧਰਮਾਂ ਤੇ ਜਾਤੀਆਂ ਦੀ ਹੋਂਦ ਕਾਰਨ ਇੱਥੇ ਜਾਤੀ ਤੇ ਨਸਲੀ ਵਿਤਕਰਾ ਵੀ ਪੀੜੀਆਂ ਗੰਢਾਂ ਵਿਚ ਪੁਰਾਤਨ ਸਮਿਆਂ ਤੋਂ ਮੌਜੂਦ ਹੈ। ਇਹ ਜਾਤੀ ਭੇਦਭਾਵ ਪੁਰਾਤਨ ਸਮੇਂ ਤੋਂ ਵਰਤਮਾਨ ਸਮੇਂ ਤੱਕ ਸਿੱਧੇ ਅਸਿੱਧੇ ਰੂਪ ਵਿਚ ਨਿਰੰਤਰ ਚਲਿਆ ਆ ਰਿਹਾ ਹੈ।

ਪੰਜਾਬ ਭਾਰਤ ਦਾ ਇਕ ਅਜਿਹਾ ਸੂਬਾ ਹੈ ਜਿਸ ਵਿਚ ਵੱਖ ਵੱਖ ਧਰਮਾਂ, ਜਾਤੀਆਂ ਤੇ ਵਰਗਾਂ ਦੇ ਲੋਕ ਰਹਿੰਦੇ ਹਨ।ਮੁੱਖ ਤੌਰ 'ਤੇ ਇਸ ਖਿੱਤੇ ਵਿਚ ਜੱਟ ਜ਼ਿਮੀਦਾਰਾ, ਸ਼ਾਹੂਕਾਰਾਂ ਅਤੇ ਉਦਯੋਗਪਤੀਆਂ ਦਾ ਇਕ ਖ਼ਾਸ ਸ਼ੋਸ਼ਕ ਵਰਗ ਹੈ ਤੇ ਦੂਜੇ ਪਾਸੇ ਦਲਿਤ, ਦਮਿਤ, ਕਿਰਤੀ, ਬੇਜ਼ਮੀਨੇ, ਪਰਵਾਸੀ ਮਜ਼ਦੂਰ ਹਨ। ਜਿਨ੍ਹਾਂ ਨੂੰ ਨੀਵੀਆਂ ਜਾਤੀਆਂ ਦੇ ਲੋਕ ਸਮਝਿਆ ਜਾਂਦਾ ਹੈ। ਉਤਪਾਦਨ ਦੇ ਸਾਧਨਾਂ



ਉੱਪਰ ਕੇਵਲ ਰਈਸ ਜਮਾਤਾਂ ਦਾ ਹੀ ਕਬਜ਼ਾ ਹੈ। ਇੱਥੋਂ ਦੇ ਦਲਿਤਾਂ ਤੇ ਦਮਿਤਾਂ ਨਾਲ ਉੱਚ ਵਰਗ ਦੇ ਲੋਕਾਂ ਦੁਆਰਾ ਹਰ ਕੰਮ ਵਿਚ ਵਿਤਕਰਾ ਕੀਤਾ ਜਾਂਦਾ ਹੈ। ਪੰਜਾਬ ਦੇ ਪਿੰਡਾਂ ਵਿਚ ਜ਼ਿਮੀਦਾਰ, ਮਹਾਜਨ ਪੰਡਿਤ, ਸ਼ਾਹੂਕਾਰ ਵਰਗ ਦੇ ਲੋਕ ਦਲਿਤਾਂ ਨਾਲ ਵਿਤਕਰਾ ਕਰਦੇ ਹਨ। "ਪੰਜਾਬ ਦੇ ਸੰਦਰਭ ਵਿਚ ਜਾਤੀ-ਪ੍ਰਥਾ ਨੇ ਆਪਣੀ ਪਕੜ ਨੂੰ ਮਜ਼ਬੂਤ ਕੀਤਾ ਹੋਇਆ ਹੈ। ਪੰਜਾਬ ਦੀਆਂ ਅਖੌਤੀ ਸਵਰਣ ਜਾਤੀਆਂ ਨੇ ਦਲਿਤਾਂ ਤੇ ਸ਼ੂਦਰਾਂ ਨੂੰ ਅਜੇ ਵੀ ਬਰਾਬਰੀ ਦਾ ਦਰਜਾ ਨਹੀਂ ਦਿੱਤਾ ਹੋਇਆ....ਪੰਜਾਬ ਦੇ ਨੀਵੀਆਂ ਜਾਤਾਂ ਦੇ ਲੋਕ ਅੱਜ ਵੀ ਵੱਖਰੀਆਂ ਬਸਤੀਆਂ ਵਿਚ ਰਹਿ ਰਹੇ ਹਨ। 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਦੀ ਵਿਚਾਰਧਾਰਕ ਸੋਚ ਦਾ ਨਾਅਰਾ ਦੇਣ ਵਾਲੇ ਸਿੱਖ ਧਰਮ ਦੀ ਪੰਜਾਬ ਦੀ ਸਮਾਜਿਕ ਜ਼ਿੰਦਗੀ ਵਿਚ ਸਰਦਾਰੀ ਹੁੰਦਿਆ ਵੀ ਇੱਥੇ ਨੀਵੀਆਂ ਜਾਤਾਂ ਦੇ ਵੱਖਰੇ ਗੁਰਦੁਆਰੇ ਹਨ। ਇੱਥੇ ਹੀ ਬਸ ਨਹੀਂ ਦਲਿਤਾਂ ਨੂੰ ਮਰਨ ਉਪਰੰਤ ਇਕ ਹੀ ਸ਼ਮਸ਼ਾਨ ਘਾਟ ਵਿਚ ਫੂਕੇ ਜਾਣ ਦੀ ਮਨਾਹੀ ਨੂੰ ਵੀ ਕਈ ਪਿੰਡਾਂ ਵਿਚ ਵੇਖਿਆ ਜਾ ਸਕਦਾ ਹੈ।ਪੰਜਾਬ ਵਿਚ ਇਸ ਤਰ੍ਹਾਂ ਦੇ ਜਾਤੀ ਵਿਤਕਰੇ ਦੀਆਂ ਹੋਰ ਬਹੁਤ ਸਾਰੀਆਂ ਉਦਾਹਰਣਾਂ ਰੋਜ਼ਾਨਾ ਜ਼ਿੰਦਗੀ ਵਿਚ ਪੇਂਡੂ ਅਤੇ ਸ਼ਹਿਰੀ ਸਮਾਜਾਂ ਵਿਚ ਵੇਖੀਆਂ ਜਾ ਸਕਦੀਆਂ ਹਨ।"[5]

ਇਹ ਖੋਜ ਪੱਤਰ 'ਪ੍ਰਾਹੁਣਾ' (ਸੁਜਾਨ ਸਿੰਘ), 'ਦਲਦਲ' (ਗੁਰਮੀਤ ਕੜਿਆਲਵੀ) , 'ਵਿੰਗੀ ਗਲੀ ਸਿੱਧੀ ਗਲੀ' (ਸਰੂਪ ਸਿਆਲਵੀ) , 'ਜਗੀਰਾ' (ਗੁਰਮੀਤ ਸਿੰਘ ਸਿੰਗਲ) ਅਤੇ 'ਆਦਿ ਡੰਕਾ' (ਭਗਵੰਤ ਰਸੂਲਪੁਰੀ), 'ਅੰਨ੍ਹੀ ਥੇਹ' (ਅਤਰਜੀਤ) ਕਹਾਣੀਆਂ ਵਿਚ ਜਾਤ-ਪਾਤ ਵਿਵਸਥਾ ਦੀ ਬਦਲਦੀ ਸਥਿਤੀ ਦੇ ਵਿਹਾਰਕ ਅਧਿਐਨ ਨਾਲ ਸੰਬੰਧਤ ਹੈ। ਇਨ੍ਹਾਂ ਵੱਖ-ਵੱਖ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਸੰਦਰਭ ਵਿਚ ਅਸੀਂ ਜਾਤ-ਪਾਤ ਵਿਵਸਥਾ ਦਾ ਸਰੂਪ ਦੇਖਣ ਦੀ ਕੋਸ਼ਿਸ਼ ਕੀਤੀ ਹੈ।

ਸਾਹਿਤ ਦੇ ਹੋਰ ਰੂਪਾਂ ਵਾਂਗ ਕਹਾਣੀ ਇਕ ਮਹੱਤਵਪੂਰਨ ਰੂਪਾਕਾਰ ਹੈ। ਪੰਜਾਬੀ ਸਾਹਿਤ ਵਿਚ ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਮਿਲਦੀਆਂ ਹਨ ਜੋ ਪੰਜਾਬੀ ਸਮਾਜ ਵਿਚਲੀ ਜਾਤ-ਪਾਤ ਵਿਵਸਥਾ ਦੀਆਂ ਇੱਥੇ ਡੂੰਘੀਆਂ ਜੜ੍ਹਾਂ ਨੂੰ ਰੂਪਮਾਨ ਕਰਦੀਆਂ ਹਨ। ਸਾਹਿਤ ਸਮਾਜ ਨੂੰ ਪ੍ਰਤੀਬਿੰਬਤ ਕਰਦਾ ਹੈ। ਇਸ ਲਈ ਪੰਜਾਬੀ ਦੀਆਂ ਕਹਾਣੀਆਂ ਜੋ ਸਾਡੇ ਵਿਹਾਰਕ ਅਧਿਐਨ ਵਿਚ ਸ਼ਾਮਿਲ ਹਨ। ਇਹ ਵੀ ਪੰਜਾਬ ਵਿਚ ਜਾਤ ਤੇ ਜਮਾਤ ਦੇ ਪ੍ਰਚਲਿਤ ਵਰਤਾਰੇ ਦੇ ਲੱਛਣਾਂ ਨੂੰ ਪ੍ਰਤੀਬਿੰਬਤ ਕਰਦੀਆਂ ਹਨ ਅਤੇ ਪੰਜਾਬੀ ਸਭਿਆਚਾਰ ਦੇ ਮੁੱਖ ਅੰਗ ਧਰਮ, ਜਾਤ-ਪਾਤ ਤੇ ਨਸਲੀ ਜਾਬਤਿਆਂ ਦੀਆਂ ਤਹਿਆਂ ਨੂੰ ਫਰੋਲਦੀਆਂ ਹਨ।

ਪੰਜਾਬੀ ਕਹਾਣੀ ਆਪਣੇ ਆਰੰਭ ਤੋਂ ਹੀ ਦਲਿਤ ਜੀਵਨ ਨਾਲ ਸੰਬੰਧਤ ਸਮੱਸਿਆਵਾਂ ਦੀ ਪੇਸ਼ਕਾਰੀ ਕਰਦੀ ਹੈ। ਪੰਜਾਬ ਵਿਚ ਸਿੱਖ ਧਰਮ ਦੀ ਪ੍ਰਮੁੱਖਤਾ ਵਧੇਰੇ ਰਹੀ ਹੈ ਅਤੇ ਸਿੱਖ ਧਰਮ ਸਿੱਧੇ ਤੌਰ ਤੇ ਜਾਤ-ਪਾਤ ਵਿਵਸਥਾ ਉੱਪਰ ਚੋਟ ਕਰਦਾ ਹੈ। ਇਸਦੇ ਬਾਵਜੂਦ ਵੀ ਸਮੁੱਚੇ ਰੂਪ ਵਿਚ ਜਾਤ-ਪਾਤ ਦੀ ਸਮੱਸਿਆ ਦਾ ਜੜ੍ਹੋਂ ਖਾਤਮਾ ਨਹੀਂ ਹੋ ਸਕਿਆ। ਪੰਜਾਬ ਵਿਚ ਉਤਪਾਦਨ ਦੇ ਸਾਧਨਾਂ ਉੱਪਰ ਮਾਲਕੀ ਉੱਚ ਵਰਗ ਜਾਤਾਂ-ਜਮਾਤਾਂ ਦੀ ਰਹੀ ਹੈ। ਆਰਥਿਕ ਥੁੜਾਂ ਕਾਰਨ ਉੱਚ ਜਾਤੀ ਲੋਕਾਂ ਵੱਲੋਂ ਨਿਮਨ ਜਾਤੀ ਲੋਕਾਂ ਦਾ ਜਿੱਥੇ ਸਮਾਜਿਕ ਸ਼ੋਸ਼ਣ ਹੁੰਦਾ ਹੈ। ਉਸਦੇ ਨਾਲ-ਨਾਲ ਜਾਤੀ ਆਧਾਰਿਤ ਸ਼ੋਸ਼ਣ ਵੀ ਮੌਜੂਦ ਹੈ। ਸਿੱਖ ਧਰਮ ਦੇ ਪ੍ਰਭਾਵ ਦੇ ਬਾਵਜੂਦ ਵੀ ਹਾਕਮ ਜਮਾਤਾਂ ਦੇ ਦਿਮਾਗਾਂ ਵਿਚ ਜਾਤੀ ਗੌਰਵ ਗਹਿਰੇ ਰੂਪ ਵਿਚ ਜੜ੍ਹਾਂ ਜਮਾਈ ਬੈਠਾ ਹੈ। ਜਿਸਦੀ ਪੇਸ਼ਕਾਰੀ ਉਹਨ੍ਹਾਂ ਦੇ ਸੰਸਕਾਰਾਂ ਵਿੱਚੋਂ ਸਿੱਧੇ ਰੂਪ ਵਿਚ ਹਾਜ਼ਰ ਹੁੰਦੀ ਹੈ। **'ਪ੍ਰਾਹੁਣਾ'** ਕਹਾਣੀ ਵਿਚ ਜਦੋਂ ਪਰਮਜੀਤ ਸਿੰਘ ਕੰਮੀਆਂ ਦੀ ਪੱਤੀ ਦਾ ਪਤਾ ਪੁੱਛਦਾ ਹੈ ਤਾਂ ਜ਼ੈਲਦਾਰ ਅਤੇ ਭਾਈ ਜੀ ਆਪਣੀ ਜਾਤੀ ਦਾ ਸਵੈਮਾਨ ਇੰਝ ਪ੍ਰਗਟ ਕਰਦੇ ਹਨ,"ਜੈਲਦਾਰ ਸਾਹਿਬ ਨੇ ਭਾਈ ਸਾਹਿਬ ਨੂੰ ਅੱਖ ਮਾਰੀ ਤੇ ਕਹਿਣ ਲੱਗੇ ਜਾਣ ਦਿਓ ਭਾਈ ਜੀ, ਇਸ ਮੂਰਖ ਨੂੰ ਕੋਈ ਸਮਝ ਆਉਂਣੀ ਹੈ। ਹੋਏਗਾ ਕੋਈ ਚੂੜ੍ਹਾ ਚੱਪੜਾ।" [6] ਨਿਮਨ ਸ਼੍ਰੇਣੀ ਨਾਲ ਸੰਬੰਧਤ ਜਾਤੀਆਂ ਦੇ ਨਿਵਾਸ ਸਥਾਨ ਅਲੱਗ ਰੱਖੇ ਗਏ ਹਨ ਅਤੇ ਉਨ੍ਹਾਂ ਨੂੰ ਸਮਾਜ ਵਿਚ ਤ੍ਰਿਸਕਾਰ

ਦੀ ਭਾਵਨਾ ਨਾਲ ਹੀ ਦੇਖਿਆ ਜਾਂਦਾ ਹੈ। ਉਪਰੋਕਤ ਕਹਾਣੀ ਜਾਤ-ਪਾਤ ਵਿਵਸਥਾ ਨੂੰ ਖ਼ਤਮ ਕਰਨ ਅਤੇ ਸਮਾਜਿਕ ਬਰਾਬਰੀ ਆਧਾਰਤ ਸਮਾਜ ਸਿਰਜਣ ਵੱਲ ਅਗਰਭੂਮਿਤ ਹੁੰਦੀ ਹੈ। ਪਰਮਜੀਤ ਸਿੰਘ ਦੇ ਪਾਤਰ ਰਾਹੀਂ ਕਹਾਣੀਕਾਰ ਸਿੱਖੀ ਦੇ ਸਿਧਾਂਤਕ ਫਲਸਫੇ ਨੂੰ ਵਿਹਾਰਕ ਅਮਲ ਵਿਚ ਲਿਆਉਣ ਲਈ ਤਤਪਰ ਹੈ। ਕਹਾਣੀਕਾਰ ਇਕ ਅਜਿਹਾ ਸਮਾਜ ਸਿਰਜਣ ਵੱਲ ਆਕਰਸ਼ਿਤ ਹੈ ਜਿਸ ਵਿਚ ਕਿਰਤ ਦੀ ਮਹੱਤਤਾ, ਸਮਾਜਿਕ ਬਰਾਬਰੀ, ਜਾਤੀ ਭੇਦਭਾਵ ਤੋਂ ਮੁਕਤੀ ਹੋਵੇ।

ਜਾਤੀ ਵਿਵਸਥਾ ਭਾਰਤ ਦੇ ਵੱਖ-ਵੱਖ ਖਿੱਤਿਆਂ ਵਿਚ ਉੱਥੋਂ ਦੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਹਾਲਤਾਂ ਕਾਰਨ ਵੱਖ-ਵੱਖ ਹੈ। ਪੰਜਾਬ ਦੇ ਖਿੱਤੇ ਵਿਚ ਜਿੱਥੇ ਭਗਤਾਂ, ਗੁਰੂਆਂ ਤੇ ਰਾਜਨੀਤਿਕ ਆਗੂਆਂ ਦੀ ਸਾਰਥਿਕ ਭੂਮਿਕਾ ਕਾਰਣ ਇਸਦਾ ਲਗਭਗ ਬਾਹਰੀ ਪੱਖ ਤਾਂ ਸਮਾਪਤ ਹੋ ਗਿਆ ਹੈ, ਪਰ ਪੰਜਾਬੀ ਬੰਦੇ ਦੇ ਅਚੇਤ ਰੂਪ ਵਿਚ ਜਾਤੀ ਪੂਰੀ ਤਰ੍ਹਾਂ ਭਾਰੂ ਹੈ। ਉੱਚ ਜਾਤੀ ਆਪਣੀ ਸਮਾਜਿਕ ਸਥਿਤੀ ਤੇ ਸੱਤਾ ਨੂੰ ਬਰਕਰਾਰ ਰੱਖਣ ਲਈ ਲਗਾਤਾਰ ਸਿੱਧੇ ਜਾਂ ਅਸਿੱਧੇ ਢੰਗ ਵਰਤਦੀ ਹੈ। ਬੰਦੇ ਨਾਲ ਬੰਦੇ ਦੀ ਈਰਖਾ ਸੁਭਾਵਿਕ ਹੈ ਪਰ ਜਦੋਂ ਇਹ ਜਾਤੀ ਦੇ ਪੱਧਰ ਤੇ ਹੁੰਦੀ ਹੈ ਤਾਂ ਇਸ ਦਾ ਸਰੂਪ ਵਧੇਰੇ ਖ਼ਤਰਨਾਕ ਹੁੰਦਾ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ ਲੋਕਤੰਤਰ ਦੀ ਸਥਾਪਨਾ ਹੋਣ ਅਤੇ ਸੰਵਿਧਾਨਕ ਉਪਚਾਰ ਰਾਹੀਂ ਦਲਿਤਾਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਾਪਤ ਹੋਈਆਂ ਹਨ। ਹਰੇ ਇਨਕਲਾਬ ਨਾਲ ਸਮਾਜਿਕ ਸਥਿਤੀਆਂ ਵਿਚ ਤਬਦੀਲੀ ਵਾਪਰੀ ਹੈ। ਸਟੇਟ ਸੈਕਟਰ ਵਿਚ ਰਾਖਵੇਂਕਰਨ ਦੀ ਸਹੂਲਤ ਸਦਕਾ ਨਿਮਨ ਸ਼੍ਰੇਣੀਆਂ ਸਰਕਾਰੀ ਰੁਜ਼ਗਾਰ ਵਿਚ ਸ਼ਾਮਿਲ ਹੋ ਰਹੀਆਂ ਹਨ। ਸਰੂਪ ਸਿਆਲਵੀ ਦੀ ਕਹਾਣੀ **'ਵਿੰਗੀ ਗਲੀ ਸਿੱਧੀ ਗਲੀ'** ਦਾ ਮੁੱਖ ਪਾਤਰ ਪੜ੍ਹ ਲਿਖ ਕੇ ਸਰਕਾਰੀ ਨੌਕਰੀ ਪ੍ਰਾਪਤ ਕਰਦਾ ਹੈ, ਪਰ ਅਖੌਤੀ ਉੱਚੀ ਜਾਤ ਵਾਲੇ ਉਸ ਨਾਲ ਵਿਤਕਰਾ ਕਰਦੇ ਹਨ। ਉਪਰੋਕਤ ਕਹਾਣੀ ਵਿਚ ਪੰਡਤ ਸੁੱਚਾ ਨੰਦ ਇਸ ਤਰ੍ਹਾਂ ਸੰਬੋਧਤ ਹੁੰਦਾ ਹੈ, " ਨਰਿੰਦਰ ਨਿੰਦੀ ਦਾ ਪਿਓ ਪੰਡਤ ਸੁੱਚਾ ਨੰਦ...ਪਿੰਡ ਵਿਚ ਸ਼ੁਰੂ ਤੋਂ ਹੀ ਸਰਪੰਚੀ ਕਰਦਾ ਚਲਿਆ ਆ ਰਿਹਾ ਸੀ। ਉਹ ਕਹਿੰਦਾ ਹੁੰਦਾ ਸੀ, "ਜਾਤਾਂ ਤਾਂ ਭਾਈ ਰੱਬ ਸੱਚੇ ਨੇ ਬਣਾਈਆਂ। ਉੱਚੀ ਜਾਤ ਦਾ ਰਹਿਣਾ...ਨੀਵੀਂ ਜਾਤ ਦੇ ਨੇ ਨੀਵੀਂ ਜਾਤ ਦਾ ਇਹਨ੍ਹਾਂ ਦੇ ਬੁੜ੍ਹੇ ਪੁਰਖਿਆ ਤੋਂ ਲੈ ਕੇ ਮੰਨਦੇ ਚਲੇ ਆਏ। ਇਹ ਕਲ ਦੇ ਮੁੰਡੇ ਖੂਹ ਤੋਂ ਪਾਣੀ ਭਰਕੇ ਬ੍ਰਾਮਣ ਤਾਂ ਨੀ ਬਣਨ ਲੱਗੇ ? ਰਹਿਣਾ ਤਾਂ ਇਨ੍ਹਾਂ ਨੇ ਚੂੜ੍ਹੇ-ਚਮਾਰ ਈ ਐ।...ਉਹ ਮੈਨੂੰ ਵੀ ਕਹਿੰਦਾ ਹੁੰਦਾ ਸੀ, "ਇਸ ਖੂਹ ਤੋਂ ਪਾਣੀ ਭਰਨ ਦੇ ਕੇਸ ਵਿਚ ਤਾਂ ਤੇਰਾ ਕੁਝ ਵਗਾੜ ਨੀ ਸਕਦੇ... ਕਿਸੇ ਹੋਰ ਕੇਸ ਵਿਚ ਤੈਨੂੰ ਦੇਖਾਂਗੇ ?"[7] ਜਾਤੀ ਸੰਕਟ ਦਾ ਕਾਰਣ ਸਿਰਫ ਗ਼ੈਰ ਜਾਤੀ ਹੀ ਨਹੀਂ ਬਣਦੀ ਸਗੋਂ ਆਪਣੀ ਜਾਤ ਦੇ ਵਿਅਕਤੀ ਵੀ ਸੰਕਟ ਪੈਦਾ ਕਰਦੇ ਹਨ। ਜਾਤੀ ਵਿਅਕਤੀ ਦੇ ਮਨੋਸਰੀਰਕ ਸੰਕਟ ਦਾ ਕਾਰਨ ਬਣਦੀ ਹੈ।

ਜਾਤੀ ਦੀ ਗੂੜ੍ਹ ਸੰਰਚਨਾ ਕਾਰਨ ਹਰੇਕ ਜਾਤ ਦਾ ਝੁਕਾਅ ਆਪਣੀ ਜਾਤ ਵੱਲ ਹੀ ਰਿਹਾ ਹੈ। ਜਾਤ ਸੰਸਕਾਰਾਂ ਤੋਂ ਮੁਕਤੀ ਲਈ ਪਿੰਡ ਤੋਂ ਸ਼ਹਿਰ ਅਤੇ ਸ਼ਹਿਰ ਤੋਂ ਵਿਦੇਸ਼ ਤੱਕ ਦੇ ਸਫ਼ਰ ਦੌਰਾਨ ਵੀ ਜਾਤ ਤੋਂ ਪਿੱਛਾ ਛੁਡਾਉਣਾ ਮੁਸ਼ਕਿਲ ਪ੍ਰਤੀਤ ਹੁੰਦਾ ਹੈ। ਜਿਹੜੇ ਲੋਕ ਪੰਜਾਬ ਤੋਂ ਪਰਵਾਸ ਕਰਕੇ ਵਿਦੇਸ਼ਾਂ ਵਿਚ ਸਥਾਪਿਤ ਹੋਏ ਹਨ ਉਨ੍ਹਾਂ ਦੇ ਅਵਚੇਤਨ ਵਿਚ ਜਾਤ ਦਾ ਵਰਤਾਰਾ ਉਸੇ ਪ੍ਰਕਾਰ ਕਾਰਜਸ਼ੀਲ ਹੈ, ਜਿਸ ਪ੍ਰਕਾਰ ਦਾ ਇਹ ਪੰਜਾਬ ਵਿਚ ਜੜ੍ਹਾਂ ਜਮਾਈ ਬੈਠਾ ਹੈ। ਹਰ ਜਾਤ ਦੀਆਂ ਸਦੀਆਂ ਤੋਂ ਆਪਣੀਆਂ ਆਦਤਾਂ ਪੱਕੀਆਂ ਹੋਈਆਂ ਹਨ। ਇਹ ਆਦਤਾਂ ਸਮਾਜ ਨੂੰ ਤਰੱਕੀ ਵੱਲ ਜਾਣ ਦੇ ਰਸਤੇ ਵਿਚ ਰੁਕਾਵਟਾਂ ਖੜੀਆਂ ਕਰ ਰਹੀਆਂ ਹਨ। ਸਰੂਪ ਸਿਆਲਵੀ **'ਨੇੜ੍ਹੇ ਦੇ ਵਾਸੀ'** ਕਹਾਣੀ ਵਿਚ ਆਰਥਿਕ ਪੱਖੋਂ ਮਜ਼ਬੂਤ ਦਲਿਤ ਲੜਕੀ 'ਗੋਲਾ' ਜਦੋਂ ਵਿਦੇਸ਼ ਤੋਂ ਠੋਕਰਾਂ ਖਾ ਕੇ ਆਪਣੇ ਪਿੰਡ ਵਾਪਿਸ ਆਉਂਦੀ ਹੈ ਤਾਂ ਉਹ ਆਪਣੇ ਜਾਤੀ ਸ਼ੋਸ਼ਣ ਦੀ ਦਾਸਤਾਨ ਆਪਣੇ ਦਾਦੇ ਦੇਵ ਨਾਲ ਇੰਝ ਸਾਂਝੀ ਕਰਦੀ ਹੈ, "ਦਾਦਾ ਜੀ ਸਤ ਸਮੁੰਦਰ ਘੁੰਮ ਆਈ ਪਰ ਦੇਖੋ ਮੇਰੇ ਨਹੁੰ...ਕਾਲੇ ਦੇ ਕਾਲੇ...।"[8] ਇਹ ਕਾਲੇ ਨਹੁੰ ਨਿਮਨ ਜਾਤੀਆਂ ਨਾਲ ਹੁੰਦੇ ਜਾਤ ਆਧਾਰਤ ਵਿਤਕਰੇ ਦੇ ਪ੍ਰਤੀਕ



ਵਜੋਂ ਵਰਤੇ ਗਏ ਹਨ।ਇਸ ਤੋਂ ਭਾਵ ਹੈ ਕਿ ਨਿਮਨ ਜਾਤੀ ਦੇ ਲੋਕ ਭਾਵੇਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਣ ਫਿਰ ਵੀ ਜਾਤ ਆਧਾਰਤ ਵਿਤਕਰੇ ਦੀ ਅਲਾਹਮਤ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀ।

ਹਾਕਮ ਜਮਾਤਾਂ ਆਪਣੇ ਹਿੱਤਾਂ ਦੀ ਪੂਰਤੀ ਲਈ ਜਾਤੀ ਪ੍ਰਥਾ ਨੂੰ ਬਣਾਈ ਰੱਖਣ ਵਿਚ ਹੀ ਆਪਣੀ ਭਲਾਈ ਸਮਝਦੀਆਂ ਹਨ।ਅੰਤਰ-ਜਾਤੀ ਵਿਆਹ ਹੋਣ ਨਾਲ ਉਨ੍ਹਾਂ ਨੂੰ ਆਪਣੀ ਸੱਤਾ ਖੁੱਸ ਜਾਣ ਦਾ ਖਤਰਾ ਹੈ। ਇਸੇ ਤਰ੍ਹਾਂ ਗੁਰਮੀਤ ਕੜਿਆਲਵੀ ਦੀ ਕਹਾਣੀ **'ਦਲਦਲ'** ਅੰਤਰ-ਜਾਤੀ ਵਿਆਹ ਅਤੇ ਡੇਰਾਵਾਦ ਦੇ ਅਸਲੀ ਮਾਅਨਿਆਂ ਦੀ ਪੇਸ਼ਕਾਰੀ ਕਰਦੀ ਹੈ। ਅਨਪੜ੍ਹਤਾ ਅਤੇ ਚੇਤੰਨਤਾ ਦੀ ਘਾਟ ਕਾਰਨ ਲੋਕਾਂ ਦਾ ਝੁਕਾਅ ਡੇਰਿਆਂ ਵੱਲ ਵਧਦਾ ਜਾ ਰਿਹਾ ਹੈ। ਇਹ ਸਾਡੇ ਸਮਾਜ ਦੀ ਬੌਧਿਕ ਕੰਗਾਲੀ ਦਾ ਪ੍ਰਤੀਕ ਹੋ ਨਿਬੜ ਰਿਹਾ ਹੈ।

ਹਰੇਕ ਜਾਤ ਦੇ ਆਪਣੇ ਰੀਤੀ ਰਿਵਾਜ, ਸੰਸਕਾਰ, ਪਰੰਪਰਾਵਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਨਿਕਲਣਾ ਬਹੁਤ ਮੁਸ਼ਕਿਲ ਹੈ। ਵਿਚਾਰ ਅਧੀਨ ਕਹਾਣੀ **'ਦਲਦਲ'** ਵਿਚਲੀ ਮੁੱਖ ਪਾਤਰ ਸੁਖਬੀਰ ਐਮ.ਏ. ਦੀ ਵਿਦਿਆਰਥਣ ਹੈ। ਕਾਲਜ ਦੀ ਪੜ੍ਹਾਈ ਦੌਰਾਨ ਸੁਖਬੀਰ ਇਕ ਮੁੰਡੇ ਜਿਸਦਾ ਨਾਂ ਹਰਬੰਸ ਹੈ।ਉਸਨੂੰ ਪਿਆਰ ਕਰਨ ਲਗਦੀ ਹੈ। ਇਹ ਦੋਨੋਂ ਇਕ ਦੂਜੇ ਨੂੰ ਸਮਝਦੇ ਹਨ ਅਤੇ ਵਿਆਹ ਦੇ ਬੰਧਨ ਵਿਚ ਬੱਝ ਕੇ ਆਪਣੀ ਜ਼ਿੰਦਗੀ ਜਿਊਣਾ ਚਾਹੁੰਦੇ ਹਨ, ਪਰੰਤੂ ਆਲੇ ਦੁਆਲੇ ਦੀਆਂ ਸਮਾਜਿਕ ਪਰਿਸਥਿਤੀਆਂ ਜਿਨ੍ਹਾਂ ਵਿਚ ਜਾਤੀ ਸਭ ਤੋਂ ਵਧੇਰੇ ਭਾਰੂ ਰੋਲ ਅਦਾ ਕਰਦੀ ਹੈ। ਇਹ ਰੁਕਾਵਟ ਬਣਕੇ ਸਾਹਮਣੇ ਆਉਂਦੀ ਹੈ।

ਪੜ੍ਹੇ ਲਿਖੇ ਅਤੇ ਸਮਾਨ ਯੋਗਤਾ ਰੱਖਣ ਦੇ ਬਾਵਜੂਦ ਵੀ ਅਜਿਹੇ ਪਿਆਰ ਵਿਆਹਾਂ ਨੂੰ ਸਾਡੇ ਸਮਾਜ ਵਿਚ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ ਹੈ।ਜਾਤ ਦੀ ਪਰਪੱਕਤਾ ਨੂੰ ਬਣਾਈ ਰੱਖਣ ਲਈ ਆਪਣੀ ਜਾਤ ਦੇ ਅੰਦਰ ਹੀ ਵਿਆਹ ਕਰਵਾਉਣ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਂਦੀ ਹੈ। ਜੇਕਰ ਸੰਘਰਸ਼ ਕਰਨ ਦੇ ਬਾਵਜੂਦ ਕੋਈ ਵਿਅਕਤੀ ਅੰਤਰ-ਜਾਤੀ ਵਿਆਹ ਕਰਵਾ ਵੀ ਲੈਂਦਾ ਹੈ ਤਾਂ ਇਹ ਜਾਤੀ ਸਮੱਸਿਆ ਫਿਰ ਵੀ ਉਸੇ ਰੂਪ ਵਿਚ ਹਾਜ਼ਰ ਰਹਿੰਦੀ ਹੈ।ਅਜਿਹੀ ਸਮੱਸਿਆ ਦੀ ਪੇਸ਼ਕਾਰੀ ਗੁਰਮੀਤ ਕੜਿਆਲਵੀ **'ਚੀਕ'** ਕਹਾਣੀ ਵਿਚ ਪੇਸ਼ ਹੋਈ ਮਿਲਦੀ ਹੈ। ਸੰਵਿਧਾਨ ਦੁਆਰਾ ਮਿਲੇ ਰਾਖਵੇਂਕਰਨ ਦੀ ਸਹੂਲਤ ਸਦਕਾ ਦਲਿਤ ਸ਼੍ਰੇਣੀਆਂ ਦਾ ਕੁਝ ਤਬਕਾ ਸਰਕਾਰੀ ਨੌਕਰੀਆਂ ਵਿਚ ਆਇਆ ਹੈ। ਆਰਥਿਕਤਾ ਬਦਲਣ ਦੇ ਬਾਵਜੂਦ ਵੀ ਜਾਤੀ ਭੇਦਭਾਵ ਮਾਨਸਿਕਤਾ ਵਿਚ ਉਸੇ ਰੂਪ ਵਿਚ ਵਿਦਮਾਨ ਹੈ। ਰਾਖਵਾਂਕਰਨ ਜਿੱਥੇ ਨਿਮਨ ਜਾਤੀਆਂ ਦਾ ਜੀਵਨ ਪੱਧਰ ਤਬਦੀਲ ਕਰਨ ਵਿਚ ਆਪਣੀ ਭੂਮਿਕਾ ਨਿਭਾ ਰਿਹਾ ਹੈ ਉਸਦੇ ਨਾਲ ਨਾਲ ਇਹ ਸਹੂਲਤ ਉੱਚ ਜਾਤਾਂ ਨਾਲ ਸਿੱਧੇ ਟਕਰਾਅ ਦੀ ਕਾਰਨ ਵੀ ਬਣਦੀ ਜਾ ਰਹੀ ਹੈ।ਸਮਾਜ ਵਿਚ ਇਕ ਪੜ੍ਹੇ ਲਿਖੇ ਵਿਅਕਤੀ ਦਾ ਸਮਾਜਿਕ ਰੁਤਬਾ ਉਸਦੀ ਜਾਤ, ਧਰਮ ਅਤੇ ਜ਼ਮੀਨ ਦੀ ਮਾਲਕੀ ਦੁਆਰਾ ਹੀ ਨਿਰਧਾਰਤ ਹੁੰਦਾ ਹੈ। ਨਿਮਨ ਸ਼੍ਰੇਣੀਆਂ ਕੋਲ ਜ਼ਮੀਨ ਦੀ ਮਾਲਕੀ ਨਾ ਮਾਤਰ ਹੋਣ ਕਾਰਨ ਉਹਨਾਂ ਦਾ ਸਮਾਜਿਕ ਰੁਤਬਾ ਨੀਵਾਂ ਸਮਝਿਆ ਜਾਂਦਾ ਹੈ। ਉੱਚ ਜਮਾਤਾਂ ਆਪਣੇ ਤੋਂ ਹੇਠਲੀ ਜਾਤ ਜਾਂ ਜਮਾਤ ਦੀਆਂ ਲੜਕੀਆਂ ਨਾਲ ਵਿਆਹ ਕਰਵਾਉਣ ਦੀ ਪ੍ਰਵਾਨਗੀ ਤਾਂ ਦਿੰਦੀਆਂ ਹਨ ਪਰ ਆਪਣੀਆਂ ਲੜਕੀਆਂ ਦੇ ਵਿਆਹ ਕਦੇ ਵੀ ਨਿਮਨ ਜਾਤੀ ਵਿਅਕਤੀ ਨਾਲ ਕਰਨ ਲਈ ਸਹਿਮਤੀ ਨਹੀਂ ਦਿੰਦੀਆਂ। ਉਪਰੋਕਤ ਕਹਾਣੀ **'ਦਲਦਲ'** ਵਿਚ ਸੁਖਬੀਰ ਦਾ ਫੁੱਫੜ ਉਸਨੂੰ ਆਪਣੀ ਜਾਤ ਅੰਦਰ ਵਿਆਹ ਕਰਵਾਉਣ ਲਈ ਇੰਝ ਆਪਣੀ ਦਲੀਲ ਪੇਸ਼ ਕਰਦਾ ਹੈ, "ਸੁੱਖ ਬੇਟੇ ... ਤੈਨੂੰ ਹੁਣ ਮਹਿਸੂਸ ਨੀ ਹੁੰਦਾ... ਬਾਦ ਵਿਚ ਬਹੁਤ ਪਛਤਾਵੇਂਗੀ, ਫਿਰ ਬਣਨਾ ਕੁਝ ਨੀ। ਉਨ੍ਹਾਂ ਦਾ ਅਲੱਗ-ਸਭਿਆਚਾਰ।ਅਲੱਗ ਰਸਮੋਂ ਰਿਵਾਜ। ਰਿਸ਼ਤੇ-ਨਾਤੇ, ਕਾਰਜ ਵਿਹਾਰ। ਬੇਟੇ ਅੱਡ-ਅੱਡ ਜਾਤਾਂ ਦੀਆਂ ਸਦੀਆਂ ਦੀਆਂ ਆਦਤਾਂ ਬਣੀਆਂ ਹੋਈਆਂ ਨੇ। ਉਸ ਸਭਿਆਚਾਰ 'ਚ ਤੇਰੇ ਤੋਂ ਕਿਵੇਂ ਵੀ ਐਡਜਸਟਮੈਂਟ ਨਹੀਂ ਹੋਣੀ।"[9] ਸੱਤਾ ਉੱਪਰ

ਕਾਬਜ਼ ਜਮਾਤਾਂ ਜਾਤ ਦੇ ਵਰਤਾਰੇ ਨੂੰ ਪਰਪੱਕ ਬਣਾਈ ਰੱਖਣ ਲਈ ਪਿਤਾ ਪੁਰਖੀ ਕਿੱਤੇ ਨੂੰ ਅਪਣਾਉਣ ਅਤੇ ਜਾਤ ਦੇ ਅੰਦਰ ਹੀ ਵਿਆਹ ਕਰਨ ਨੂੰ ਪ੍ਰਵਾਨਗੀ ਦਿੰਦੀਆਂ ਹਨ।

ਸਮਾਜ ਵਿਚ ਦਲਿਤ ਸ਼੍ਰੇਣੀਆਂ ਨੂੰ ਪੁਰਾਤਨ ਸਮੇਂ ਤੋਂ ਹੀ ਕੋਈ ਹੋਂਦ ਨਹੀ ਦਿਤੀ ਗਈ ਜਿਸਦੇ ਨਤੀਜੇ ਵਜੋਂ ਇਹ ਨਿਮਨ ਸ਼੍ਰੇਣੀਆਂ ਆਪਣੀ ਵੱਖਰੀ ਹੋਂਦ ਦਾ ਮਾਮਲਾ ਵਧੇਰੇ ਤਿੱਖੇ ਰੂਪ ਵਿਚ ਸਾਹਮਣੇ ਲਿਆ ਰਹੀਆਂ ਹਨ। ਜਿਵੇਂ-ਜਿਵੇਂ ਨਿਮਨ ਸ਼੍ਰੇਣੀਆਂ ਦੀ ਚੇਤਨਾ ਵਿਕਸਿਤ ਹੋ ਰਹੀ ਹੈ।ਦਲਿਤ ਕਹਾਣੀਕਾਰਾਂ ਦੁਆਰਾ ਇਨ੍ਹਾਂ ਦੀਆਂ ਸਮੱਸਿਆਵਾਂ ਨੂੰ ਕੇਂਦਰ ਵਿਚ ਲਿਆਂਦਾ ਜਾ ਰਿਹਾ ਹੈ।ਇਹ ਸ਼੍ਰੇਣੀਆਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਰਾਜਨੀਤੀ ਨੂੰ ਇਕ ਕਾਰਗਰ ਹਥਿਆਰ ਦੇ ਰੂਪ ਵਿਚ ਵਰਤ ਰਹੀਆਂ ਹਨ। ਅਜਿਹੇ ਤੱਥ ਅਤੇ ਘਟਨਾਵਾਂ ਜਿਹੜੀਆਂ ਇਤਿਹਾਸ ਵਿਚ ਪਹਿਲਾਂ ਵਾਪਰ ਚੁੱਕੀਆਂ ਹਨ ਜਿਨ੍ਹਾਂ ਵਿਚ ਆਦਿ ਧਰਮ ਮੰਡਲ, ਡਾ. ਬੀ. ਆਰ. ਅੰਬੇਡਕਰ ਦਾ ਦਲਿਤ ਉਦਾਰ ਮਿਸ਼ਨ ਆਦਿ ਦਾ ਸਹਾਰਾ ਲੈ ਕੇ ਇਹ ਲੋਕ ਆਪਣੀ ਵੱਖਰੀ ਹੋਂਦ ਦਾ ਮਸਲਾ ਸਾਹਮਣੇ ਲਿਆ ਰਹੇ ਹਨ। ਭਗਵੰਤ ਰਸੂਲਪੁਰੀ ਦੀ ਕਹਾਣੀ **'ਆਦਿ ਡੰਕਾ'** ਵੀ ਆਪਣੀ ਹੋਂਦ ਲਈ ਸੰਘਰਸ਼ ਨੂੰ ਦਰਸਾਉਂਦੀ ਹੈ।ਉਪਰੋਕਤ ਕਹਾਣੀ ਨਿਮਨ ਜਾਤੀਆਂ ਦੇ ਇਕ ਵਿਸ਼ੇਸ਼ ਫਿਰਕੇ ਦੇ ਲੋਕਾਂ ਦੇ ਵਿਦਰੋਹ ਨਾਲ ਸੰਬੰਧਤ ਹੈ। ਇਹ ਕਹਾਣੀ ਦਲਿਤ ਲੋਕਾਂ ਦੁਆਰਾ ਆਪਣੀ ਵੱਖਰੀ ਹੋਂਦ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਦਰਸਾਉਂਦੀ ਹੈ। ਇਹਨਾਂ ਨਿਮਨ ਸ਼੍ਰੇਣੀਆਂ ਵਿਚ ਜਿਵੇਂ-ਜਿਵੇਂ ਚੇਤੰਨਤਾ ਆ ਰਹੀ ਹੈ। ਇਹ ਦੱਬੇ-ਕੁਚਲੇ ਲੋਕ ਰਾਜਨੀਤੀ ਨੂੰ ਹਥਿਆਰ ਵਜੋਂ ਵਰਤ ਕੇ ਆਪਣੀ ਵੱਖਰੀ ਪਛਾਣ ਦਾ ਮਸਲਾ ਸਾਹਮਣੇ ਲਿਆ ਰਹੇ ਹਨ।

ਪੰਜਾਬ ਦੀ ਜ਼ਿਆਦਾਤਰ ਵਸੋਂ ਪਿੰਡਾਂ ਵਿਚ ਨਿਵਾਸ ਕਰਦੀ ਹੈ ਅਤੇ ਪੰਜਾਬ ਵਿਚ ਉਤਪਾਦਨ ਦੇ ਸਾਧਨਾਂ ਉੱਪਰ ਜ਼ਿਮੀਦਾਰ ਵਰਗ ਕਾਬਜ਼ ਹੈ। ਹੋਰਨਾਂ ਸੂਬਿਆਂ ਦੀ ਤਰ੍ਹਾਂ ਪੰਜਾਬੀ ਸਮਾਜ ਵੀ ਭਿੰਨ-ਭਿੰਨ ਵਰਗਾਂ ਅਤੇ ਜਾਤਾਂ ਵਿਚ ਵੰਡਿਆ ਹੋਇਆ ਹੈ। ਸਮਾਜ ਵਿਚ ਵੱਖੋ-ਵੱਖਰੇ ਵਰਗਾਂ ਦੇ ਹਿਤ ਹਮੇਸ਼ਾ ਆਪਸ ਵਿਚ ਟਕਰਾਉ ਦੀ ਸਥਿਤੀ ਵਿਚ ਹੁੰਦੇ ਹਨ। ਡਾ. ਜੋਗਿੰਦਰ ਸਿੰਘ ਨਿਰਾਲਾ ਅਨੁਸਾਰ, "ਸ਼੍ਰੇਣੀ ਸਮਾਜ ਵਿਚ ਸਮਾਜ ਨਿੱਕੀਆਂ ਵੱਡੀਆਂ ਸ਼੍ਰੇਣੀਆਂ ਵਿਚ ਵੰਡਿਆ ਹੁੰਦਾ ਹੈ। ਇਕ ਵਰਗ ਦੇ ਹਿਤ, ਦੂਸਰੇ ਵਰਗ ਦੇ ਹਿਤਾਂ ਨਾਲ ਟਕਰਾਉਂਦੇ ਰਹਿੰਦੇ ਹਨ ਅਤੇ ਇਸ ਵਿਰੋਧ ਨੇ ਹੀ ਵਿਕਾਸ ਲਈ ਆਧਾਰਭੂਮੀ ਤਿਆਰ ਕਰਨੀ ਹੁੰਦੀ ਹੈ।"[10] ਇਤਿਹਾਸਕ ਪਰਿਪੇਖ ਵਿਚ ਦੇਖਣ ਉਪਰੰਤ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਦਲਿਤ ਲੋਕ ਪੀੜ੍ਹੀਆਂ ਤੋਂ ਹੀ ਉੱਚ ਵਰਗ ਸ਼੍ਰੇਣੀਆਂ ਦੀ ਸੇਵਾ ਕਰਦੇ ਚਲੇ ਆ ਰਹੇ ਹਨ, ਪਰ ਇਸਦੇ ਬਾਵਜੂਦ ਵੀ ਇਨ੍ਹਾਂ ਨਿਮਨ ਵਰਗਾਂ ਨਾਲ ਕੰਮ ਦੇ ਆਧਾਰ ਤੇ ਸਾਂਝ ਤਾਂ ਹੈ। ਪਰ ਸਮਾਜਿਕ ਅਤੇ ਭਾਈਚਾਰਕ ਪੱਧਰ ਉਪਰ ਇਨ੍ਹਾਂ ਨਿਮਨ ਵਰਗਾਂ ਨਾਲ ਕੋਈ ਅਪਣਤ ਨਹੀਂ ਦਿਖਾਈ ਜਾਂਦੀ ਬਲਕਿ ਤ੍ਰਿਸਕਾਰ ਹੀ ਕੀਤਾ ਜਾਂਦਾ ਹੈ।

ਪਿਤਾ ਪੁਰਖੀ ਕਿੱਤਾ ਜਾਤ ਵਿਵਸਥਾ ਨੂੰ ਸਥਾਈ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਆਇਆ ਹੈ। ਜਦੋਂ ਉਤਪਾਦਨ ਦੇ ਸੰਦ ਬਦਲਦੇ ਹਨ ਤਾਂ ਉਹਨਾਂ ਦੇ ਨਾਲ-ਨਾਲ ਸਮਾਜ ਵਿਚਲੀਆਂ ਜਮਾਤਾਂ ਦੇ ਸੰਬੰਧ ਵੀ ਬਦਲਦੇ ਹਨ। ਜਿਵੇਂ-ਜਿਵੇਂ ਦਲਿਤ ਸ਼੍ਰੇਣੀਆਂ ਵਿਚ ਚੇਤੰਨਤਾ ਆ ਰਹੀ ਹੈ। ਇਨ੍ਹਾਂ ਸੰਬੰਧਤ ਸਮੂਹਾਂ ਦੇ ਵਿਅਕਤੀਆਂ ਨੇ ਆਪਣੇ ਪਰੰਪਰਾਗਤ ਕਿੱਤਿਆ ਨੂੰ ਤਿਲਾਂਜਲੀ ਦੇ ਕੇ ਹੋਰ ਕਿੱਤਿਆ ਵੱਲ ਆਪਣਾ ਰੁੱਖ ਅਖਤਿਆਰ ਕੀਤਾ ਹੈ। ਗੁਰਮੀਤ ਸਿੰਘ ਸਿੰਗਲ ਦੀ ਕਹਾਣੀ **'ਜਗੀਰਾ'** ਵਿਚ ਨਿਮਨ ਸ਼੍ਰੇਣੀਆਂ ਦੇ ਲੋਕ ਖੇਤ ਮਜ਼ਦੂਰੀ ਕਰਨ ਨਾਲੋਂ ਸ਼ਹਿਰਾਂ ਵਿਚ ਵਿਕਸਿਤ ਹੋਏ ਕਾਰਖਾਨਿਆਂ ਅੰਦਰ ਕੰਮ ਕਰਨ ਨੂੰ ਤਰਜੀਹ ਦੇਣ ਲਗ ਪਏ ਹਨ। ਇਸ ਨਾਲ ਉੱਚ ਜਾਤੀ ਦੀ ਸਰਦਾਰੀ ਉੱਪਰ ਸੱਟ ਵੱਜੀ ਹੈ 'ਜਗੀਰਾ' ਕਹਾਣੀ ਵਿਚ ਅਜਿਹੀ ਮਾਨਸਿਕਤਾ ਦਾ ਵੇਰਵਾ ਕਹਾਣੀ ਵਿਚੋਂ ਇਸ ਪ੍ਰਕਾਰ ਮਿਲਦਾ ਹੈ, "ਪਿੰਡ ਦੇ ਕੰਮੀਆਂ ਨੂੰ ਸਬਕ ਸਿਖਾਉਣ ਲਈ ਜੱਟ ਕਈ ਵਾਰ ਉਹਨਾਂ ਦਾ ਬਾਈਕਾਟ ਕਰ ਦਿੰਦੇ। ਉਹਨਾਂ ਦਾ ਬਾਹਰ ਅੰਦਰ ਜਾਣਾ ਬੰਦ ਕਰ ਦਿੰਦੇ।ਖੇਤਾਂ



ਵਿਚੋਂ ਘਾਹ ਆਦਿ ਵੱਢਣਾ ਵੀ ਬੰਦ ਕਰ ਦਿੰਦੇ, ਅਜਿਹੇ ਦਿਨ ਕੰਮੀਆਂ ਵਾਸਤੇ ਬੜੇ ਹੀ ਦੁਸ਼ਵਾਰੀਆਂ ਭਰੇ ਹੁੰਦੇ। ਉਹਨ੍ਹਾਂ ਨੂੰ ਆਪਣੇ ਹੀ ਆਜ਼ਾਦ ਦੇਸ਼ ਵਿਚ ਗੁਲਾਮਾਂ ਵਾਲੀ ਜ਼ਿੰਦਗੀ ਜਿਉਣ ਲਈ ਮਜਬੂਰ ਹੋਣਾ ਪੈਂਦਾ।" [11]

ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਸੰਵਿਧਾਨਕ ਉਪਚਾਰ ਰਾਹੀਂ ਇਨ੍ਹਾਂ ਲੋਕਾਂ ਨੂੰ ਸਿੱਖਿਆ ਦਾ ਅਧਿਕਾਰ ਪ੍ਰਾਪਤ ਹੋਇਆ। ਰੁਜ਼ਗਾਰ ਦੇ ਖੇਤਰ ਵਿਚ ਆਉਣ ਨਾਲ ਨਿਮਨ ਸ਼੍ਰੇਣੀਆਂ ਨੂੰ ਜ਼ਿਮੀਦਾਰੀ ਵਿਵਸਥਾ ਤੋਂ ਛੁੱਟਕਾਰਾ ਮਿਲ ਰਿਹਾ ਹੈ ਅਤੇ ਇਹਨਾਂ ਦਾ ਜੀਵਨ ਪੱਧਰ ਕੁਝ ਉੱਚਾ ਉੱਠਿਆ ਹੈ।ਅਜਿਹਾ ਹੋਣ ਨਾਲ ਜਾਤ ਆਧਾਰਿਤ ਕੀਤੇ ਜਾਣ ਵਾਲੇ ਸ਼ੋਸ਼ਣ ਵਿਰੁੱਧ ਚੇਤੰਨਤਾ ਵੀ ਆਈ ਹੈ।ਇਹ ਕਹਾਣੀ ਪੰਜਾਬ ਦੇ ਪੇਂਡੂ ਸਮਾਜ ਵਿਚ ਦਲਿਤ ਪਾਤਰਾਂ ਪ੍ਰਤੀ ਉੱਚ ਜਮਾਤਾਂ ਵੱਲੋਂ ਅਪਣਾਏ ਜਾ ਰਹੇ ਅਣਮਨੁੱਖੀ ਵਤੀਰੇ ਨੂੰ ਪੇਸ਼ ਕਰਦੀ ਹੈ। ਉਤਪਾਦਨ ਦੇ ਸਾਧਨਾਂ ਉੱਪਰ ਮਾਲਕੀ ਹੋਣ ਕਾਰਨ ਜਗੀਰਾ ਆਪਣੀ ਜਾਗੀਰਦਾਰੀ ਹਉਮੈ ਦਿਖਾਉਂਦਾ ਹੈ। ਪਰ ਇਸਦੇ ਨਾਲ-ਨਾਲ ਦਲਿਤ ਸ਼੍ਰੇਣੀਆਂ ਚੇਤੰਨ ਹੋ ਰਹੀਆਂ ਹਨ ਅਤੇ ਇਹ ਲੋਕ ਸੀਰ ਕਰਨ ਨਾਲੋਂ ਹੋਰ ਕੰਮ ਧੰਦਿਆ ਨੂੰ ਤਰਜੀਹ ਦੇਣ ਲੱਗੇ ਹਨ। ਕਿਉਂਕਿ ਉਤਪਾਦਨ ਦੇ ਸਾਧਨ ਬਦਲਣ ਨਾਲ ਸਮਾਜ ਵਿਚਲੀਆਂ ਜਮਾਤਾਂ ਦੇ ਰਿਸ਼ਤੇ ਵੀ ਬਦਲਦੇ ਹਨ। ਅਜਿਹਾ ਕਰਨ ਨਾਲ ਨਿਮਨ ਸ਼੍ਰੇਣੀ ਲੋਕਾਂ ਦਾ ਸ਼ੋਸ਼ਣ ਕਾਫੀ ਹੱਦ ਤਕ ਘਟਿਆ ਹੈ। ਉਹ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਅਪਣਾ ਕੇ ਵਿਕਾਸ ਦੇ ਰਾਹ ਪੈਂਦੇ ਹੋਏ ਆਪਣੇ ਹੋ ਰਹੇ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਅੱਗੇ ਵਧੇ ਹਨ।

ਅਤਰਜੀਤ ਦੀ ਕਹਾਣੀ **'ਅੰਨ੍ਹੀ ਥੇਹ'** ਰਾਹੀਂ ਇਹ ਗੱਲ ਉਭਰਕੇ ਸਾਹਮਣੇ ਆਈ ਹੈ ਕਿ ਧਰਮ ਆਪਣਾ ਰੂਪ ਪਰਿਵਰਤਤ ਕਰ ਰਿਹਾ ਹੈ।ਧਰਮ ਮਾਨਵਤਾ ਦੀ ਭਲਾਈ ਹਿਤ ਨਾ ਰਹਿ ਕੇ ਲੁੱਟ ਦਾ ਸਾਧਨ ਬਣਦਾ ਜਾ ਰਿਹਾ ਹੈ। ਧਰਮ ਲਗਾਤਾਰ ਗਿਰਾਵਟ ਵੱਲ ਜਾ ਰਿਹਾ ਹੈ। ਡੇਰਿਆਂ ਅੰਦਰ ਧਰਮ ਦੀ ਓਟ ਲੈ ਕੇ ਰਾਜਨੀਤੀ ਦੀ ਆੜ ਵਿਚ ਆਮ ਲੋਕਾਈ ਦੀ ਲੁੱਟ ਖਸੁੱਟ ਕੀਤੀ ਜਾ ਰਹੀ ਹੈ। ਅਤਰਜੀਤ ਦੀ ਕਹਾਣੀ **'ਅੰਨ੍ਹੀ ਥੇਹ'** ਜਿਆਦਾਤਰ ਜਾਤੀ ਭੇਦ-ਭਾਵ ਅਤੇ ਅੰਧ ਵਿਸ਼ਵਾਸਾ ਉੱਪਰ ਆਧਾਰਤ ਕਹਾਣੀ ਹੈ। ਡੇਰਿਆ ਵਿਚ ਇਕ ਪਾਸੇ ਧਾਰਮਿਕ ਪ੍ਰਚਾਰ ਤਾਂ ਹੁੰਦਾ ਹੈ ਲੇਕਿਨ ਫਿਰ ਵੀ ਉਥੇ ਜਾਤ-ਪਾਤ ਦੀ ਸਮੱਸਿਆ ਭਾਰੂ ਰੂਪ ਵਿਚ ਹਾਜ਼ਰ ਰਹਿੰਦੀ ਹੈ। **'ਅੰਨੀ ਥੇਹ'** ਕਹਾਣੀ ਵਿਚ ਜਦੋਂ ਇਕ ਵਿਦਿਆਰਥਣ ਮਾਸਟਰ ਬਖਸ਼ੀਸ਼ ਸਿੰਘ ਤੋਂ ਇਹ ਗੱਲ ਪੁੱਛਦੀ ਹੈ ਤਾਂ ਉਹ ਸੰਬੋਧਨ ਕਰਦਾ ਹੈ ਕਿ "ਗੱਲ ਬੇਟੇ ਠੀਕ ਸੁਣੀ ਐ ਤੁਸੀ ...ਉਥੇ ਸੱਚ ਮੁੱਚ ਹਰੀਜਨਾਂ ਨੂੰ ਨਹੀਂ ਜਾਣ ਦਿਤਾ ਜਾਂਦਾ... ਸੁਣਿਆ ਹੈ ਹਰੀਜਨ ਪਰ੍ਹੇ ਦੂਰ ਹੀ ਬੈਠ ਸਕਦੇ ਹਨ। ਉਨ੍ਹਾਂ ਦੀ ਪੰਗਤ ਵੀ ਉਰੇ ਬਾਹਰ ਹੀ ਲਗਦੀ ਹੈ ਇਹ ਕਿਉਂ ਹੈ? ਇਸ ਦਾ ਮੈਨੂੰ ਪਤਾ ਨਹੀਂ।" ਇਹ ਵਰਤਾਰਾ ਇਸ ਲਈ ਵਾਪਰ ਰਿਹਾ ਹੈ ਕਿਉਂਕਿ ਲੋਕਾਂ ਵਿਚ ਸਿਧਾਂਤਕ ਪੱਧਰ ਉਪਰ ਤਾਂ ਤਬਦੀਲੀ ਆ ਰਹੀ ਹੈ ਪਰੰਤੂ ਸੰਸਕਾਰਾਂ ਵਿਚ ਇਸ ਤਬਦੀਲੀ ਦੀ ਰਫਤਾਰ ਬਹੁਤ ਮੱਧਮ ਹੈ।ਅਜਿਹਾ ਵਿਤਕਰਾ ਭਰਿਆ ਰਵੱਈਆ ਨਵੀਆਂ ਸਮੱਸਿਆਵਾਂ ਲੈ ਕੇ ਹਾਜ਼ਰ ਹੋ ਰਿਹਾ ਹੈ।

ਸਮੁੱਚੇ ਰੂਪ ਵਿਚ ਉਪਰੋਕਤ ਕਹਾਣੀਆਂ ਦੇ ਹਵਾਲੇ ਨਾਲ ਇਹ ਗੱਲ ਕਹੀ ਜਾ ਸਕਦੀ ਹੈ ਕਿ ਪੰਜਾਬੀ ਸਮਾਜ ਵਿਚ ਜਾਤ-ਪਾਤ ਦੀ ਵਿਵਸਥਾ ਬਹੁਤ ਪੁਰਾਣੇ ਸਮੇਂ ਤੋਂ ਲਗਾਤਾਰ ਚੱਲੀ ਆ ਰਹੀ ਹੈ। **'ਪ੍ਰਾਹੁਣਾ'** ਕਹਾਣੀ ਵਿਚ ਸਿੱਖੀ ਦੇ ਹਵਾਲੇ ਨਾਲ ਇਕ ਸੰਵਾਦ ਲਲਕਾਰ ਦੇ ਰੂਪ ਵਿਚ ਉਭਰਕੇ ਸਾਹਮਣੇ ਆ ਰਿਹਾ ਹੈ। ਇਕ ਸਿਧਾਂਤ ਦਾ ਆਸਰਾ ਲੈ ਕੇ ਕਿਰਤੀ ਲੋਕ ਟੱਕਰ ਦੇ ਰਹੇ ਹਨ। ਇਹ ਕਿਰਤੀ ਵਰਗ ਸੰਵਾਦ ਦੇ ਪੱਧਰ ਤੇ ਤਾਂ ਭਾਰੂ ਹੋ ਰਿਹਾ ਹੈ। ਸਮਾਜਿਕ ਤਾਕਤਾਂ ਅੱਗੇ ਉਸਦੀ ਹੋਂਦ ਕਮਜ਼ੋਰ ਹੈ।ਪਹਿਲਾਂ ਵਿਅਕਤੀ ਲਈ ਜਾਤੀ ਜੋ ਹੀਣਤਾ ਦਾ ਭਾਵ ਪੇਸ਼ ਕਰਦੀ ਸੀ ਉਹ ਅੱਜ ਦੇ ਸਮੇਂ ਵਿਚ ਪਹੁੰਚ ਕੇ ਜਾਤੀ ਗੌਰਵ ਵਿਚ ਤਬਦੀਲ ਹੁੰਦੀ ਜਾ ਰਹੀ ਹੈ। **'ਵਿੰਗੀ ਗਲੀ ਸਿੱਧੀ ਗਲੀ'** ਕਹਾਣੀ ਰਾਹੀਂ ਨਿਮਨ ਜਾਤੀਆਂ ਨੇ ਇਸ ਗੱਲ ਨੂੰ ਮੰਨਣਾ ਸ਼ੁਰੂ ਕਰ ਦਿਤਾ ਹੈ ਕਿ ਜਾਤ-ਪਾਤ ਕੋਈ ਪਿਛਲੇ ਜਨਮਾਂ ਦੀ ਖੇਡ ਨਹੀਂ, ਸਗੋਂ ਵਰਤਮਾਨ ਸਮੇਂ ਵਿਚ ਸੁਚੇਤ ਅਤੇ ਅਚੇਤ ਲੁੱਟ ਦਾ ਸਾਧਨ ਹੈ। ਕਹਾਣੀ

**'ਆਦਿ ਡੰਕਾ'** ਅਨੁਸਾਰ ਸਟੇਟ ਸੈਕਟਰ ਦੇ ਆਉਣ ਨਾਲ ਦਲਿਤਾਂ ਨੂੰ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਰਤਾਰਿਆਂ ਨੂੰ ਸਮਝਣ ਦੀ ਸੋਝੀ ਮਿਲੀ ਹੈ। ਜਿਸ ਨਾਲ ਉਹ ਆਪਣੀਆਂ ਸਥਿਤੀਆਂ ਨੂੰ ਤੁਲਨਾਉਂਦਿਆਂ ਹੋਇਆਂ ਵੱਖਰੇ ਕਿਸਮ ਦੀ ਰਾਜਨੀਤੀ ਦੀ ਤਲਾਸ਼ ਵਿਚ ਹਨ। ਆਜ਼ਾਦੀ ਤੋਂ ਬਾਅਦ ਮਿਲੇ ਰਾਖਵੇਂਕਰਨ ਦੇ ਅਧਿਕਾਰ ਰਾਹੀਂ ਨਿਮਨ ਸ਼੍ਰੇਣੀਆਂ ਰੁਜ਼ਗਾਰ ਦੇ ਖੇਤਰ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਜਿਸ ਨਾਲ ਇਨ੍ਹਾਂ ਦੀ ਆਰਥਿਕਤਾ ਅਤੇ ਜੀਵਨ ਪੱਧਰ ਵਿਚ ਤਬਦੀਲੀ ਵਾਪਰਨੀ ਆਰੰਭ ਹੋਈ ਹੈ। ਅਜੋਕੇ ਸਮੇਂ ਦਲਿਤ ਲੋਕ ਆਪਣੀ ਵੱਖਰੀ ਹੋਂਦ ਦੀ ਪ੍ਰਾਪਤੀ ਲਈ ਰਾਜਨੀਤੀ ਨੂੰ ਇਕ ਹਥਿਆਰ ਦੇ ਰੂਪ ਵਿਚ ਵਰਤ ਰਹੇ ਹਨ। **'ਦਲਦਲ'** ਅਤੇ **'ਚੀਕ'** ਕਹਾਣੀ ਇਸ ਗੱਲ ਉੱਪਰ ਚਾਨਣ ਪਾ ਰਹੀ ਹੈ ਕਿ ਅੰਤਰ ਜਾਤੀ ਵਿਆਹ ਦੇ ਸੰਬੰਧ ਵਿਚ ਜਿਥੇ ਵਰਗ ਸਮਾਨ ਹਨ ਉਥੇ ਅੰਤਰ-ਜਾਤੀ ਵਿਆਹਾਂ ਨੂੰ ਕੁਝ ਹੱਦ ਤੱਕ ਪ੍ਰਵਾਨਗੀ ਵੀ ਪ੍ਰਾਪਤ ਹੋ ਰਹੀ ਹੈ। ਸਟੇਟ ਸੈਕਟਰ ਦੇ ਖੁੱਲਣ ਨਾਲ ਵਿਆਹ ਦੀ ਸੰਸਥਾ ਵਿਚ ਪਰਿਵਰਤਨ ਆਇਆ ਹੈ ਜਿਸ ਤਹਿਤ ਨੀਵੀਂਆਂ ਅਤੇ ਉੱਚੀਆਂ ਜਾਤੀਆਂ ਵਿਚ ਵਿਆਹ ਕੀਤੇ ਜਾਣ ਲੱਗੇ ਹਨ, ਪਰੰਤੂ ਇਹ ਅਨੁਪਾਤ ਬਹੁਤ ਘੱਟ ਹੈ। **'ਜਗੀਰਾ'** ਕਹਾਣੀ ਰਾਹੀਂ ਇਹ ਗੱਲ ਸਾਹਮਣੇ ਆਈ ਹੈ। ਹਰੇ ਇਨਕਲਾਬ ਦੇ ਨਾਲ-ਨਾਲ ਸਟੇਟ ਸੈਕਟਰ ਦੇ ਵਾਧੇ ਨੇ ਸਮਾਜਿਕ ਪੱਧਰ ਤੇ ਦੋ ਤਰ੍ਹਾਂ ਦੀਆਂ ਤਬਦੀਲੀਆਂ ਲਿਆਦੀਆਂ ਹਨ। ਇਕ ਜਿੱਥੇ ਦਲਿਤ ਕੁਝ ਹੱਦ ਤੱਕ ਖੇਤ ਮਜ਼ਦੂਰੀ ਤੋਂ ਮੁਕਤ ਹੋਏ ਹਨ, ਉੱਥੇ ਸਟੇਟ ਸੈਕਟਰ ਦੇ ਖੁੱਲਣ ਨਾਲ ਦਲਿਤਾਂ ਨੂੰ ਸਰਕਾਰੀ ਨੌਕਰੀਆਂ ਵਿਚ ਵੀ ਪ੍ਰਵੇਸ਼ ਮਿਲਿਆ ਹੈ। ਇਸ ਨਾਲ ਦਲਿਤਾਂ ਦੀ ਆਰਥਿਕਤਾ ਕੁਝ ਹੱਦ ਤਕ ਆਤਮ ਨਿਰਭਰ ਹੋਈ ਹੈ। ਉਹਨਾਂ ਉੱਪਰੋਂ ਜਗੀਰੂ ਧੌਂਸ ਦਾ ਜੂਲਾ ਉਤਰਨ ਲੱਗਿਆ ਹੈ।ਲੰਮੇ ਸਮਾਜਿਕ, ਆਰਥਿਕ ਵਰਤਾਰਿਆਂ ਦੇ ਸੰਘਰਸ਼ ਤੋਂ ਬਾਅਦ ਦਲਿਤਾਂ ਲਈ ਰਾਜਨੀਤੀ ਅਤੇ ਦਲਿਤਾਂ ਦੀ ਰਾਜਨੀਤੀ ਉਭਰਨੀ ਸ਼ੁਰੂ ਹੋਈ ਹੈ। ਜਿਸਨੇ ਬੀ.ਐਸ.ਪੀ ਵਰਗੀਆਂ ਪਾਰਟੀਆਂ ਨੂੰ ਜਨਮ ਦਿੱਤਾ ਹੈ।ਇਸ ਪਾਰਟੀ ਨੇ ਸਮਾਜਿਕ ਤਬਦੀਲੀ ਨੂੰ ਸੱਤਾ ਤਬਦੀਲੀ ਦੀ ਲੋੜ ਨਾਲ ਜੋੜਿਆ ਹੈ।ਇਸ ਵੱਖਰੀ ਰਾਜਨੀਤੀ ਨੇ ਜਿੱਥੇ ਦਲਿਤਾਂ ਨੂੰ ਜਾਤੀ ਹੀਣਤਾ ਤੋਂ ਮੁਕਤ ਕੀਤਾ ਹੈ, ਉੱਥੇ ਬਹੁਤ ਸਾਰੇ ਸਮਾਜਿਕ ਟਕਰਾਵਾਂ ਨੂੰ ਪੈਦਾ ਕੀਤਾ ਹੈ।

### ਹਵਾਲੇ


1. ਡਾ. ਜੀ. ਐਸ. ਭਟਨਾਗਰ ਤੇ ਡਾ. ਬਲਦੇਵ ਸਿੰਘ ਰਹਿਲ, ਭਾਰਤੀ **ਸਮਾਜ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲੀ ਵਾਰ, 1997, ਪੰਨਾ-74

२. बी. आर. अम्बेडकर, गंघी, एव अछूतों का उद्धार. खंड-7. डा. अम्बेडकर प्रतिठान सामाजिक. न्याय और अधिकारिता मंत्रलाय. भारत सरकार, नई दिल्ली, 2013. प्रथम पृष्ठ.

3. बी. आर. अम्बेडकर हिद्त्व का दर्शन, (खंड-7)डा. अम्बेडकर प्रतिठान सामाजिक. न्याय और अधिकारिता मंत्रलाय. भारत सरकार, नई दिल्ली, 2013. पृष्ठ-90

4. ਮਾਰਕਸ ਤੇ ਏਂਗਲਜ, ਚੋਣਵੀਆਂ **ਕਿਰਤਾਂ**, **ਭਾਗ ਤਿੰਨ**, (ਪੰਜਾਬੀ ਅਨੁਵਾਦ), ਪ੍ਰਗਤੀ ਪ੍ਰਕਾਸ਼ਨ, ਮਾਸਕੋ, 1981, ਪੰਨਾ- 344,345

5. ਡਾ. ਭੀਮ ਇੰਦਰ ਸਿੰਘ (ਸੰਪਾ.), ਦਲਿਤ **ਚਿੰਤਨ ਮਾਰਕਸੀ ਪਰਿਪੇਖ**, ਕੁਕਨਸ ਪ੍ਰਕਾਸ਼ਨ, ਜਲੰਧਰ, 2005, ਪੰਨਾ-159

6. ਸੁਜਾਨ ਸਿੰਘ, ਸਾਰੇ **ਪੱਤੇ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਵਾਰ 2009, ਪੰਨਾ-101

7. ਸਰੂਪ ਸਿਆਲਵੀ, ਨ੍ਹੇਰੇ **ਦੇ ਵਾਸੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ-92

8. ਉਹੀ, ਪੰਨਾ-32


9. ਗੁਰਮੀਤ ਕੜਿਆਲਵੀ, ਆਤੂ **ਖੋਜੀ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ-53

10. ਜੋਗਿੰਦਰ ਸਿੰਘ ਨਿਰਾਲਾ, ਪੰਜਾਬੀ **ਕਹਾਣੀ ਵਿਚ ਤਨਾਓ (ਸੀਮਾ ਤੇ ਸੰਭਾਵਨਾ)**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ-17

11. ਗੁਰਮੀਤ ਸਿੰਘ ਸਿੰਗਲ, ਅੱਗੇ **ਦਾ ਸਫਰ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ-16




## ਆਦਮੀ 'ਚੋਂ ਮਰਦੇ ਆਦਮੀ ਦਾ ਬਿਰਤਾਂਤ : ਸਾਰੰਗੀ ਦੀ ਮੌਤ ਤੇ ਹੋਰ ਕਹਾਣੀਆਂ/ - ਡਾ. ਸੰਤੋਖ ਸਿੰਘ ਸੁੱਖੀ




ਜੀਵਨ ਦਾ ਵਿਕਾਸ ਜੀਵਨ ਜਿਉਣ ਦੇ ਚਾਅ ਵਿਚ ਹੈ। ਜਿਹੜਾ ਵਿਕਾਸ ਆਦਮੀ ਨੂੰ ਜਿਉਣ ਦੀ ਤਾਂਘ ਨੂੰ ਨਹੀਂ ਉਪਜਾਉਂਦਾ ਉਹ ਵਿਨਾਸ਼ ਦੀ ਕੋਈ ਕਿਸਮ ਹੋ ਸਕਦਾ ਹੈ। ਭਾਰਤ ਵਿਚ ਮਨੁੱਖੀ ਵਿਕਾਸ ਦੀਆਂ ਮੋਟੇ ਤੌਰ 'ਤੇ ਵਿਭਿੰਨ ਕਿਸਮਾਂ ਹਨ। ਜਿਵੇਂ ਆਰਥਿਕ ਰਾਜਨੀਤਿਕ ਵਿਕਾਸ ਲੋਕਤੰਤਰ ਤੇ ਨੌਕਰੀਆਂ ਤੱਕ ਆਉਣਾ, ਧਾਰਮਿਕ ਵਿਕਾਸ ਵਿਚ ਕਿਸੇ ਵੀ ਧਰਮ ਨੂੰ ਮੰਨ ਲੈਣ ਦੀ ਖੁੱਲ੍ਹ, ਸਿੱਖਿਆ ਤੇ ਸਭਿਆਚਾਰਕ ਵਿਕਾਸ ਹਰ ਇੱਕ ਨੂੰ ਪੜ੍ਹਨ ਤੇ ਕਿਸੇ ਵੀ ਤਰ੍ਹਾਂ ਦੀਆਂ ਰਹੁ ਰੀਤਾਂ ਅਪਣਾਉਣ ਦੀ ਖੁੱਲ੍ਹ ਆਦਿ ਵਿੱਚੋਂ ਦੇਖਿਆ ਜਾ ਸਕਦਾ ਹੈ। ਪਰ ਇਹ ਵਿਕਾਸ ਉਨ੍ਹਾਂ ਲੋਕਾਂ ਤੱਕ ਸੀਮਤ ਰਿਹਾ ਜਿਹੜੇ ਜਾਂ ਤਾਂ ਅਮੀਰ ਸਨ ਜਾਂ ਜਿੰਨ੍ਹਾਂ ਦਾ ਸਭਿਆਚਾਰਕ ਦਾਬਾ ਰਿਹਾ ਸੀ। ਇਸ ਵਿਚ ਇੱਕ ਦੌੜ ਬਣ ਗਈ। ਜਿਹੜੇ ਪਹਿਲਾਂ ਅੱਗੇ ਸਨ ਅਗਲੇ ਪੜਾਵਾਂ ਵਿਚ ਵੀ ਅੱਗੇ ਹੀ ਰਹੇ। ਅਗਲਿਆਂ ਨੇ ਪਿਛਲਿਆਂ ਲਈ ਕਸੌਟੀਆਂ, ਚੁਣੌਤੀਆਂ ਪੈਦਾ ਕੀਤੀਆਂ। ਮਾੜੀ ਗੱਲ ਇਹ ਵਾਪਰੀ ਕਿ ਪਿਛਲਿਆਂ ਨੇ ਜਦੋਂ ਅਗਲਿਆਂ ਦੀਆਂ ਚੁਣੌਤੀਆਂ ਸਵੀਕਾਰ ਕਰ ਸਫ਼ਲਤਾ ਹਾਸਿਲ ਕੀਤੀ ਤਾਂ ਉਹਨਾਂ ਨੇ ਵੀ ਉਹੀ ਰਾਹ ਅਪਣਾਇਆ ਜਿਹੜਾ ਪਹਿਲਿਆਂ ਜਾਂ ਅਗਲਿਆਂ ਨੇ ਅਪਣਾਇਆ ਸੀ। ਇਹ ਭਾਵੇਂ ਸੰਘਰਸ਼ ਦੀ ਜਿੱਤ ਮੰਨੀ ਜਾ ਸਕਦੀ ਹੈ ਪਰ ਇਹ ਦੋਸ਼ਪੂਰਣ ਬਣ ਗਈ। ਪਹਿਲਾਂ ਦੋਸ਼ ਇਹ ਬਣ ਗਿਆ ਕਿ ਪਹਿਲਿਆਂ ਦਾ ਪੂਰੀ ਤਰ੍ਹਾਂ ਅਨੁਕਰਣ ਕੀਤਾ ਗਿਆ। ਜਿਹੜਾ ਕੁਝ ਛੱਡਣਾ ਚਾਹੀਦਾ ਸੀ ਉਹੀ ਛੱਡਿਆ ਨਾ ਗਿਆ। ਦੂਜਾ ਦੋਸ਼ ਇਹ ਕਿ ਵਿਕਾਸ ਦੇ ਅਰਥ ਦੌੜ ਬਣ ਗਏ ਪਿੱਛੇ ਆਉਂਦੇ ਲੋਕਾਂ ਲਈ ਭੁਲੇਖੇ ਹੀ ਸਿਰਜੇ ਗਏ। ਜਦੋਂਕਿ ਪਹਿਲੀ ਪੀੜ੍ਹੀ ਭੁਲੇਖਿਆਂ ਨੂੰ ਦੂਰ ਕਰਨ ਲਈ ਹੀ ਕੁਰਬਾਨ ਹੁੰਦੀ ਹੈ। ਅਜਿਹਾ ਨਹੀਂ ਹੋਇਆ ਇਸ ਲਈ ਅੱਜ ਤੱਕ ਵਿਕਾਸ ਦੇ ਰਾਹ ਵੀ ਪਰਿਭਾਸ਼ਾਹੀਣ ਹਨ ਤੇ ਸੰਘਰਸ਼ ਵੀ ਸਿੱਧਾਂਤ ਰਹਿਤ ਹੈ। ਇਹ ਸਾਰਾ ਕੁਝ ਆਦਮੀ ਕੋਲੋਂ ਜੀਣ ਦਾ ਚਾਅ ਖੋਹ ਰਿਹਾ ਹੈ। ਜਿੱਥੇ ਇਹ ਸ਼ੁੱਧ ਰੂਪ ਵਿਚ ਸਿਧਾਂਤਿਆ ਗਿਆ, ਰਿੜਕਿਆ ਗਿਆ ਉਥੇ ਜ਼ਿੰਦਗੀ ਇਕ ਪ੍ਰਤਿਮਾਨ ਸਿਰਜਦੀ ਹੈ, ਉਹ ਹੀ ਵਿਕਾਸ ਹੈ।

ਭਾਰਤ ਦੀ ਰਾਜਨੀਤਿਕ ਆਜ਼ਾਦੀ ਤੋਂ ਬਾਅਦ ਸਿਰਜੇ ਗਏ ਪ੍ਰਬੰਧ ਦੀ ਮਨਸ਼ਾ ਭਾਵੇਂ ਸਾਤਵਿਕ (ਸੱਚੀ ਸੁਚੀ) ਰਹੀ ਹੋਵੇ ਪਰੰਤੂ ਇਸ ਦਾ ਸਮੁੱਚਾ ਪ੍ਰਭਾਵ ਇੱਕ ਦੌੜ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਜਿਸ ਦੇਸ਼ ਸੇਵਾ ਦੇ ਪ੍ਰਭਾਵ ਵਿਚ ਆਜ਼ਾਦੀ ਸੰਘਰਸ਼ ਲੜਿਆ ਗਿਆ ਉਹ ਆਜ਼ਾਦੀ ਉਪਰੰਤ ਗਾਇਬ ਹੋ ਗਿਆ। ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਨੇ ਜਿਥੇ ਆਜ਼ਾਦੀ ਦੇ ਆਦਰਸ਼ ਦਰੜੇ ਉਥੇ ਆਜ਼ਾਦੀ ਸੰਘਰਸ਼ ਦੌਰਾਨ ਸਹਿਯੋਗੀ ਲੋਕਾਂ ਅੰਦਰ ਵੀ ਸੰਘਰਸ਼ ਸ਼ੁਰੂ ਹੋ ਗਿਆ। ਭਾਵ ਜਿੰਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਇਕੱਠੇ ਹੋਕੇ ਲੜਿਆ ਸੀ ਆਜ਼ਾਦੀ ਉਪਰੰਤ ਉਹਨਾਂ ਦਾ ਆਪਸ ਵਿਚ ਹੀ ਸੰਘਰਸ਼ ਸ਼ੁਰੂ ਹੋ ਗਿਆ। ਇਹ ਉਦਾਹਰਨ ਕੇਵਲ ਭਾਰਤ ਦੀ ਨਹੀਂ ਸਗੋਂ ਲਗਭੱਗ ਉਹਨਾਂ ਸਾਰੇ ਮੁਲਕਾਂ ਦੀ ਹੈ ਜਿਹੜੇ ਬ੍ਰਿਟਿਸ਼ ਰਾਜ ਤੋਂ ਮੁਕਤ ਹੋਏ ਸਨ।

ਭਾਵ ਸੰਘਰਸ਼ਾਂ ਅੰਦਰ ਸੰਘਰਸ਼ ਦੀ ਲਗਾਤਾਰਤਾ ਅੱਜ ਵੀ ਚੱਲ ਰਹੀ ਹੈ। ਇਸ ਨੂੰ ਗਹਿਨ ਤੇ ਗੰਭੀਰ ਦ੍ਰਿਸ਼ਟੀ ਨਾਲ ਹੀ ਦੇਖਿਆ ਜਾ ਸਕਦਾ ਹੈ।

ਭਾਰਤ ਵਿਚਲਾ ਸਮਾਜਿਕ ਵਿਕਾਸ ਸਹਿਜ ਤੇ ਸਾਵਾਂ ਨਹੀਂ ਹੈ। ਇਸ ਅੰਦਰ ਸਾਕਾਰਾਤਮਕ ਟੁੱਟ ਭੱਜ ਦੀ ਜਿੰਨ੍ਹੀ ਜ਼ਰੂਰਤ ਸੀ, ਨਹੀਂ ਹੋਈ। ਇਸ ਅੰਦਰਲੇ ਅੰਤਰਮੁਖੀ ਸਮੂਹਾਂ (ਆਪਣੇ ਆਪ ਪ੍ਰਤਿਮਾਨ ਸਿਰਜਣ ਵਾਲੇ ਸਮੂਹ ਜਿੰਨ੍ਹਾ ਨੇ ਖੁਦ ਨੂੰ ਸਰਵਸ਼੍ਰੇਸ਼ਟ ਐਲਾਨ ਦਿੱਤਾ) ਦੇ ਸਮੂਹ ਨੇ ਇਸ ਨੂੰ ਪੂਰੀ ਤਰ੍ਹਾਂ ਬਦਲਣ ਨਹੀਂ ਦਿੱਤਾ। ਇਸ ਕਰਕੇ ਕਿਹਾ ਜਾਂਦਾ ਹੈ ਕਿ ਭਾਰਤ ਬਾਹਰੋਂ ਤਾਂ ਬਹੁਤ ਬਦਲਿਆ ਦਿਖਦਾ ਹੈ ਪਰੰਤੂ ਅੰਦਰੋਂ ਨਹੀਂ ਬਦਲਿਆ। ਇਹ ਕਿਉਂ ਨਹੀਂ ਬਦਲਿਆ? ਇਹ ਕਿਸਨੇ ਬਦਲਣ ਨਹੀਂ ਦਿੱਤਾ ? ਇਹ ਕਿਵੇਂ ਬਦਲ ਸਕਦਾ ਸੀ? ਆਦਿ ਸਵਾਲ ਮਹੱਤਵਪੂਰਨ ਤੇ ਗੰਭੀਰ ਹਨ ਜਿਹਨਾਂ ਬਾਰੇ ਸਾਨੂੰ ਕੇਵਲ ਸੋਚਣਾ ਹੀ ਨਹੀਂ ਸਗੋਂ ਇਸ ਵਾਸਤੇ ਕੰਮ ਕਰਨ ਦੀ ਵੀ ਜ਼ਰੂਰਤ ਹੈ। ਇਸ ਵਿਚ ਆਦਮੀ ਦੀ ਹਾਲਤ ਬਦ ਤੋਂ ਬਦਤਰ ਕਿਵੇਂ ਹੋਈ ਹੋਰ ਵੀ ਗੰਭੀਰ ਸਵਾਲ ਹੈ। ਇਸ ਸਵਾਲ ਨੂੰ ਸਾਹਿਤ ਨੇ ਬਹੁਤ ਇਕਾਗਰਤਾ ਨਾਲ ਉਠਾਇਆ ਹੈ। ਆਖਰ ਜੇ ਧਰਤੀ ਦਾ ਸਰਵੋਤਮ ਪ੍ਰਾਣੀ ਹੀ ਠੀਕ ਤਰੀਕੇ ਨਾਲ ਜੀ ਨਹੀਂ ਪਾ ਰਿਹਾ ਤਾਂ ਹੋਰ ਵਰਤਾਰਿਆਂ ਦਾ ਕੀ ਅਰਥ ਹੈ। ਇਸ ਵਿਚ ਔਰਤਾਂ ਦੀ ਕੀ ਸਥਿਤੀ ਹੋਵੇਗੀ ਇਸ ਬਾਰੇ ਕੋਈ ਪ੍ਰਸ਼ਨ ਨਹੀਂ ਉਭਾਰਿਆ ਗਿਆ। ਇਸ ਲਈ ਹਰ ਸਵਾਲ ਵੀ ਸਵਾਲਾਂ ਦੇ ਘੇਰੇ ਵਿਚ ਹੈ। ਇਸੇ ਸਮੇਂ ਵਿਚ ਪੰਜਾਬੀ ਕਥਾਕਾਰ ਗੁਰਮੀਤ ਕੜਿਆਲਵੀ ਆਪਣੇ ਕਥਾ ਸੰਗ੍ਰਹਿ **'ਸਾਰੰਗੀ ਦੀ ਮੌਤ ਅਤੇ ਹੋਰ ਕਹਾਣੀਆਂ' (ਪ੍ਰਕਾਸ਼ਕ ਪੀਪਲਜ਼ ਫ਼ੋਰਮ, ਬਰਗਾੜੀ, ਪੰਜਾਬ, ਮੁੱਲ: 150 ਰੁਪਏ, ਪੰਨੇ :126)** ਰਾਹੀਂ ਹਾਜ਼ਰ ਹੁੰਦਾ ਹੈ ਜਿਹੜਾ ਜਿਥੇ ਪ੍ਰਬੰਧ 'ਤੇ ਸਵਾਲ ਖੜੇ ਕਰਦਾ ਹੈ ਉਥੇ ਸੰਵੇਦਨਸ਼ੀਲ ਮਨੁੱਖ ਦੀ ਸੰਵੇਦਨਾ ਬਚਾਉਣ ਦੀ ਕੋਸ਼ਿਸ਼ ਕਰਦਾ ਹੈ।

ਪੰਜਾਬ 'ਚ ਨਿਮਨ ਜਾਤੀ ਜਮਾਤੀ ਧਿਰਾਂ ਦੀ ਸਮਾਜਿਕ ਹਾਲਾਤ ਨੂੰ ਸਾਹਿਤ ਦਾ ਕੇਂਦਰ ਬਣਾਉਣਾ ਸੌਖਾ ਨਹੀਂ ਹੈ। ਵਿਚਾਰਧਾਰਕ ਸਰਦਾਰੀ ਤੇ ਸਭਿਆਚਾਰਕ ਦਾਬਾ ਸਮਾਜਿਕ ਸਵਾਲਾ ਨੂੰ ਉਭਰਨ ਨਹੀਂ ਦਿੰਦਾ। ਇਸ ਦਾ ਕਾਰਨ ਇਹੀ ਹੈ ਕਿ ਸਮਾਜ ਅੰਦਰਲੇ ਸੱਚ ਬਾਹਰ ਨਾ ਆਉਣ ਜਿਸ ਨਾਲ ਇਕ 'ਆਦਰਸ਼' ਬਣਿਆ ਰਹੇ ਤੇ ਇਹ ਆਦਰਸ਼ ਮੁੜ ਆਰਥਿਕ, ਸਮਾਜਿਕ, ਸਭਿਆਚਾਰਕ ਦਾਬੇ ਲਈ ਕਾਰਜਸ਼ੀਲ ਰਹੇ। ਪਰ ਸਾਹਿਤ ਦੇ ਸਮਾਜਿਕ ਪ੍ਰਬੰਧ ਦੀਆਂ ਪਰਤਾਂ ਨੂੰ ਉਭਾਰਨਾ ਹੀ ਨਹੀਂ ਹੁੰਦਾ ਸਗੋਂ ਇਸਦੇ ਸਮਾਨਾਂਤਰ ਨਵਾਂ ਸਮਾਜ ਸਿਰਜਣ ਦੀ ਤਾਂਘ, ਤਪਸ਼ ਤੇ ਦਿਸ਼ਾ ਵੀ ਦੇਣੀ ਹੁੰਦੀ ਹੈ।

ਗੁਰਮੀਤ ਕੜਿਆਲਵੀ ਦਾ ਕਥਾ ਸੰਗ੍ਰਹਿ 'ਸਾਰੰਗੀ ਦੀ ਮੌਤ ਅਤੇ ਹੋਰ ਕਹਾਣੀਆਂ' ਇਸ ਸੰਦਰਭ ਵਿਚ ਹੀ ਗੌਲਣਯੋਗ ਹਨ। ਇਹ ਕਹਾਣੀਆਂ ਪੰਜਾਬੀ ਨੂੰ, ਪੰਜਾਬੀ ਬੰਦੇ ਨੂੰ ਅੰਦਰੋਂ ਸਮਝਣ ਦੀ ਕੋਸ਼ਿਸ਼ ਕਰਦੀਆਂ ਹਨ। ਇਹ ਸਾਜਿਸ਼ ਤਹਿਤ ਟਾਲ਼ੇ ਗਏ ਸੰਵਾਦ ਨੂੰ ਖੜ੍ਹਾ ਕਰਦੀਆਂ ਹਨ ਕਿ ਆਖਰ ਪੰਜਾਬੀ ਸਮਾਜ ਦੀ ਨਕਾਰੀ ਗਈ ਸਮਾਜਿਕ ਧਿਰ ਨੂੰ ਕਦੋਂ ਤੱਕ ਅੱਖੋਂ ਓਹਲੇ ਕੀਤਾ ਜਾਵੇਗਾ।

ਪੰਜਾਬੀ ਕਥਾ ਜਦੋਂ ਜਾਤ ਦੇ ਜ਼ੁਲਮ ਦੇ ਪ੍ਰਵਚਨ ਰਾਹੀਂ ਪੰਜਾਬ ਨੂੰ ਦੇਖਦੀ ਹੈ ਤਾਂ ਇਹ ਆਪਣੇ ਨਕਸ਼ਾਂ ਨਾਲ ਨਵਾਂ ਵਿਧਾਨ ਸਿਰਜਦੀ ਹੈ। ਪੰਜਾਬੀ ਨੂੰ ਪੰਜਾਬ ਦੇਖਣ ਲਈ ਤੀਸਰੀ ਅੱਖ ਦਿੰਦੀ ਹੈ। ਇਹ ਉਹਨਾਂ ਸਾਰੇ ਵਰਤਾਰਿਆਂ ਨੂੰ ਖੋਲ੍ਹ ਦਿੰਦੀ ਹੈ ਜਿਹੜੇ ਬਹੁਤ ਪਹਿਲਾਂ ਵਾਪਰਨੇ ਚਾਹੀਦੇ ਸਨ। ਇਸ ਤਰ੍ਹਾਂ ਇਹ ਦਲਿਤ ਕਥਾ ਵਿਚ ਤਬਦੀਲ ਹੋ ਜਾਂਦੀ ਹੈ। ਪਰ ਸ਼ਰਾਰਤੀ ਆਲੋਚਕਾਂ ਦੁਆਰਾ ਕੇਵਲ ਤੇ ਕੇਵਲ ਜਾਤੀ ਨਾਲ ਜੋੜ ਦਿੱਤਾ ਜਾਂਦਾ ਹੈ ਤੇ ਇਸ ਨੂੰ ਨਫ਼ਰਤ ਦੀ ਪਾਤਰ ਬਣਾਇਆ ਜਾਂਦਾ ਹੈ। ਜਦੋਂਕਿ ਇਹ ਇੱਕ ਲੋਕ ਚੇਤਨਾ ਦਾ ਇੱਕ ਪਾਸਾਰ ਸੀ। ਦਲਿਤ



ਕਥਾ ਨੇ ਕਦੇ ਵੀ ਮਾਨਵ ਹਿਤੈਸ਼ੀ ਵਰਤਾਰੇ ਨੂੰ ਨਹੀਂ ਨਿੰਦਿਆ ਸਗੋਂ ਉਸਦੀ ਸਮਾਜਿਕਤਾ ਤਹਿ ਕਰਨ ਦੀ ਕੋਸ਼ਿਸ਼ ਕੀਤੀ ਹੈ।

'ਸਾਰੰਗੀ ਦੀ ਮੌਤ ਅਤੇ ਹੋਰ ਕਹਾਣੀਆਂ' ਦਾ ਸਮਾਜਿਕ ਦ੍ਰਿਸ਼ ਵੀ ਅਜਿਹਾ ਹੀ ਹੈ ਜਿਸ ਵਿਚ ਆਦਮੀ ਦੇ ਜਿਉਣ ਦੇ ਵਸੀਲੇ ਖੋਹੇ ਹੀ ਨਹੀਂ ਜਾਂਦੇ ਸਗੋਂ ਉਹਨਾਂ ਤੱਕ ਪਹੁੰਚਣ ਹੀ ਦਿੱਤਾ ਨਹੀਂ ਜਾਂਦਾ। ਸਾਰੰਗੀ ਕੇਂਦਰੀ ਧੁਨੀ ਹੈ ਜਿਹੜੀ ਜਿਥੇ ਆਪਣੇ ਇਤਿਹਾਸ ਨਾਲ ਜੁੜਦੀ ਬੀਰ ਰਸੀ ਸੰਗੀਤ ਨੂੰ ਪੈਦਾ ਕਰਦੀ, ਸੁਚੱਜੇ ਤੇ ਸਮੁੱਚੇ ਮਨੁੱਖ ਸਿਰਜਣ ਲਈ ਤਾਂਘਦੀ ਸੀ। ਦੀਨ, ਹੀਨ, ਮਸਕੀਨ ਨੂੰ ਨੈਤਿਕਤਾ ਤੇ ਸੰਘਰਸ਼ ਦਾ ਮਾਰਗ ਤੇ ਤੋਰਦਿਆਂ ਬਰਾਬਰਤਾ ਪੈਦਾ ਕਰਨ ਲਈ ਤਤਪਰ ਸੀ। ਉਹ ਟੁੱਟ ਗਈ ਹੈ ਜਾਂ ਤੋੜ ਦਿੱਤੀ ਗਈ ਹੈ। ਸਾਰੰਗੀ ਨੂੰ ਇਕ ਹੋਰ ਤਰੀਕੇ ਨਾਲ ਡੀ-ਕੋਡ ਕੀਤਾ ਜਾ ਸਕਦਾ ਹੈ ਕਿ ਸਾਰੰਗੀ ਦੀਆਂ ਉਪਰਲੀਆਂ ਮੋਟੀਆਂ ਤਿੰਨ ਤਾਰਾਂ ਜਿਹਨਾਂ ਨੂੰ ਤਰਬਾਂ ਕਿਹਾ ਜਾਂਦਾ ਹੈ ਸੱਚ, ਸੰਘਰਸ਼ ਤੇ ਕੁਰਬਾਨੀ ਦੀਆਂ ਹਨ। ਉਪਰ ਗਜ਼ ਫਿਰਨਾ ਕਰਮ ਦੀ ਲਗਾਤਾਰਤਾ ਹੈ ਤੇ ਹੇਠਲੀ ਜੀਲ ਵਿਚੋਂ ਆਵਾਜ਼ ਆਉਣਾ ਜ਼ਿੰਦਗੀ ਦਾ ਸੰਗੀਤ ਹੈ ਜਿਹੜਾ ਉਪਰਲੀਆਂ ਤਿੰਨ ਤਰਬਾਂ ਕਾਰਨ ਹੈ। ਪੋਟਿਆਂ ਦੀ ਹਿਲਜੁਲ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਨਾਲ ਸਬੰਧਤ ਹੈ। ਭਾਵ ਸਾਰੰਗੀ ਨੇ ਸਾਡੇ ਜੀਵਨ ਦਾ ਸੰਪੂਰਨ ਫਲਸਫਾ ਲੈ ਰੱਖਿਆ ਹੈ। ਹੁਣ ਇਹੀ ਸਾਰੰਗੀ ਦੀ ਮੌਤ ਹੋ ਚੁੱਕੀ ਹੈ। ਕਹਾਣੀ ਦਾ ਮੁੱਖ ਪਾਤਰ ਪੀਰੂ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਹੈ ਸੱਚ, ਸੰਘਰਸ਼ ਤੇ ਕੁਰਬਾਨੀ ਦੇ ਰਾਹ ਚਲਦਾ ਹੈ। ਮਿਰਜ਼ਾ ਨਾ ਗਾਉਣ ਕਰਕੇ ਜਗੀਰੂ ਲੋਕਾਂ ਤੋਂ ਪ੍ਰਬੰਧ ਰਾਹੀਂ ਮਾਰ ਖਾਂਦਾ ਹੈ। ਹਰ ਸੂੱਚਮ ਨੂੰ ਸ਼ਿੱਦਤ ਨਾਲ ਨਿਭਾਉਂਦਾ ਹੈ। ਉਸਦਾ ਵੱਡਾ ਪੁੱਤਰ ਸ਼ਾਰਦੀ, ਲੋਕ ਹਿੱਤਾਂ ਲਈ ਲੜਦਾ ਮਾਰਿਆ ਜਾਂਦਾ ਹੈ। ਪਰ ਛੋਟਾ ਪੁੱਤਰ ਕਾਦਰੀ ਜਗੀਰੂ ਪ੍ਰਬੰਧ ਦੇ ਪ੍ਰਭਾਵ ਵਿਚ ਵਹਿ ਕੇ ਮਿਰਜ਼ਾ ਗਾਉਂਦਾ ਹੈ ਜਿਹੜਾ ਸਿੱਧੇ ਤੌਰ ਤੇ ਪਿੰਡ ਦੇ ਉਹਨਾਂ ਚੌਧਰੀਆਂ ਦੀ ਹਮਾਇਤ ਹੋ ਜਾਂਦਾ ਹੈ ਜਿੰਨ੍ਹਾ ਨੇ ਪੀਰੂ ਨੂੰ ਮਿਰਜ਼ਾ ਨਾ ਸੁਣਾਉਣ 'ਤੇ ਕੁਟਵਾਇਆ ਸੀ। ਕਾਦਰੀ ਦੇ ਵਿਕਣ ਨਾਲ ਪੀਰੂ ਮਰ ਜਾਂਦਾ ਹੈ। ਸੁਰ ਤੇ ਸੋਚ ਦਾ ਸਬੰਧ ਟੁੱਟ ਜਾਂਦਾ ਹੈ। ਇਹ ਮੌਤ ਕੇਵਲ ਪੀਰੂ ਦੀ ਹੀ ਨਹੀਂ ਸਗੋਂ ਪੰਜਾਬ ਦੇ ਪੂਰੇ ਪ੍ਰਬੰਧ ਦੀ ਹੈ। ਇਥੋਂ ਇਹ ਵੀ ਪਤਾ ਲਗਦਾ ਹੈ ਕਿ ਕਿਰਤੀ ਲੋਕ ਸੱਚ ਨੂੰ ਕਿਵੇਂ ਸੰਭਾਲਦੇ ਹਨ।

ਤਾਰਾ ਚਿੱਬ ਕੱਢ 'ਤੇ 'ਗੁਰਚਰਨਾ ਗਾਡਰ' ਵੀ ਅਜਿਹੇ ਹੀ ਅਕੀਦੇ ਤੇ ਜ਼ਜ਼ਬੇ ਦੀਆਂ ਕਹਾਣੀਆਂ ਹਨ ਜਿੰਨ੍ਹਾਂ ਵਿਚ ਤਾਰਾ ਚਿੱਬ ਕੱਢ ਉਦੋਂ ਤੈਸ਼ ਵਿਚ ਆਉਂਦਾ ਹੈ ਜਦੋਂ ਉਸਦਾ ਪੁੱਤਰ ਰਵੇਲਾ ਕਿਸੇ ਨੂੰ ਮੌਤ ਦਾ ਸਰਟੀਫਿਕੇਟ ਦੇਣ 'ਤੇ ਵੀ ਰਿਸ਼ਵਤ ਲੈਂਦਾ ਹੈ। ਤਾਰਾ ਆਪਣੇ ਸੰਘਰਸ਼ ਨੂੰ ਅਸਫ਼ਲ ਮੰਨਦਾ ਹੈ ਜਦੋਂ ਨਵੀਂ ਪੀੜ੍ਹੀ ਨੂੰ ਆਪਣੇ ਰਾਹ 'ਤੇ ਨਹੀਂ ਲਿਜਾ ਸਕਦਾ। ਇਸ ਤਰ੍ਹਾਂ ਨਵੀਂ ਪੀੜ੍ਹੀ ਦੀ ਛੇਤੀ ਅਮੀਰ ਹੋ ਜਾਣ ਦੀ ਚਾਹਤ ਨੇ ਵੀ ਸਾਰੰਗੀ ਦੀਆਂ ਤਰਬਾਂ ਤੋੜੀਆਂ ਹਨ। 'ਗੁਰਚਰਨਾ ਗਾਡਰ' ਕਤਲ ਕਰਕੇ ਸਜ਼ਾ ਭੁਗਤ ਰਹੇ ਕੈਦੀ ਦੀ ਕਹਾਣੀ ਹੈ ਜਿਸ ਵਿਚ ਇੱਕ ਉਚ ਜਾਤੀ ਵਿਅਕਤੀ ਨੂੰ ਮਾਰਿਆ ਜਾਂਦਾ ਹੈ ਜਿਸਨੇ ਗੁਰਚਰਨ ਦੀ ਧੀ ਦਾ ਬਲਾਤਕਾਰ ਕੀਤਾ ਸੀ। ਦੂਸਰਾ ਕਤਲ ਉਸਨੇ ਜੇਲ੍ਹ ਵਿਚ ਕੀਤਾ ਹੈ ਜਿਹੜਾ ਪਹਿਲੇ ਦਾ ਹੀ ਭਰਾ ਸੀ। ਇਹ ਤਰਬਾਂ ਨੂੰ ਸੁਰੱਖਿਅਤ ਕਰ ਦੀ ਕਹਾਣੀ ਹੈ ਜਿੱਥੇ ਸੰਵੇਦਨਸ਼ੀਲ ਮਨੁੱਖ ਨੂੰ ਭਵਿੱਖ ਬਚਾਉਣ ਲਈ ਕੁਰਬਾਨੀ ਦੇਣੀ ਪੈਂਦੀ ਹੈ। ਕਹਾਣੀ ਦਾ ਗੁਣ ਗੁਰਚਰਨ ਦੀ ਸੰਵੇਦਨਾ ਤੇ ਨਿਡਰਤਾ ਹੈ। ਇਸ ਤਰ੍ਹਾਂ ਪੀਰੂ, ਤਾਰਾ ਤੇ ਗੁਰਚਰਨਾ ਤਿੰਨੇ ਇਕੋ ਕਤਾਰ ਵਿਚ ਖੜ੍ਹੇ ਦਿਖਾਈ ਦਿੰਦੇ ਹਨ ਜਿਹਨਾਂ ਨੇ ਸਾਰੰਗੀ ਨੂੰ ਬਚਾਉਣਾ ਹੈ।

ਕਹਾਣੀ 'ਨਮੋਲੀਆਂ', 'ਹੱਡਾ ਰੋੜੀ ਤੇ ਰੇਹੜੀ', 'ਚੀਕ' ਅਤੇ 'ਅੰਨ੍ਹੀ ਗਲ਼ੀ' ਜਾਤੀ ਪ੍ਰਬੰਧ ਦੀਆਂ ਪੈਦਾ ਕੀਤੀਆਂ ਕੁਰੀਤੀਆਂ ਨੂੰ ਦਰਸਾਉਂਦੀਆਂ ਹਨ। ਇਹਨਾਂ ਕਹਾਣੀਆਂ ਅੰਦਰ ਇਕ

ਲੜੀ ਬਣਦੀ ਹੈ। 'ਨਮੋਲੀਆਂ' ਕੌੜੇ ਘੁੱਟ ਭਰਕੇ ਵੀ ਜ਼ਿੰਦਗੀ ਦੀਆਂ ਔਖਿਆਈਆਂ ਨਾ ਮੁੱਕਣ ਦੇ ਬਿਰਤਾਂਤ ਨੂੰ ਸਿਰਜਦੀ ਹੈ। ਨਮੋਲੀਆਂ ਨਾਲ ਸਰੀਰਕ ਰੋਗ ਤਾਂ ਟੁੱਟ ਸਕਦੇ ਹਨ ਪਰ ਸਮਾਜਿਕਤਾ ਤੇ ਆਰਥਿਕਤਾ ਦੇ ਦਿੱਤੇ ਦੁੱਖ ਟੁੱਟਦੇ ਨਹੀਂ ਹਨ। ਗਰੀਬੀ ਤੇ ਮਾੜੇ ਪ੍ਰਬੰਧ ਕਾਰਨ ਕਿਸੇ ਵੀ ਕਾਬਲ ਮਨੁੱਖ ਦਾ ਮੁੱਲ ਨਹੀਂ ਪੈਂਦਾ ਪਰ ਇਸ ਦੇ ਉਲਟ ਨਿਮਨ ਜਾਤੀ ਜਮਾਤੀ ਲੋਕਾਂ ਨੂੰ ਵੱਖ-ਵੱਖ ਲਕਬਾਂ ਰਾਹੀਂ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ। ਪਾਲ ਯੋਗ ਹੋਣ ਦੇ ਬਾਵਜੂਦ ਬੇਰੁਜ਼ਗਾਰ ਹੈ, ਮਾਤਾ ਪਿਤਾ ਦੀਆਂ ਇੱਛਾਵਾਂ ਪੂਰੀਆਂ ਨਹੀਂ ਹੋ ਰਹੀਆ। ਇਸ ਨਾਲ ਇਕ ਤੜਫਣਾ ਹੈ, ਬੇਚੈਨੀ ਹੈ ਜਿਹੜੀ ਸਾਰੀ ਕਹਾਣੀ ਵਿਚ ਫੈਲੀ ਹੋਈ ਹੈ। ਘੋਟੇ ਮਾਸਟਰ ਦੀ ਕੁੱਟ ਤੇ ਅਹਿਸਾਨ ਯਾਦ ਆਉਂਦੇ ਹਨ। ਉਹ ਅਧਿਆਪਕ ਵੀ ਯਾਦ ਆਉਂਦੇ ਹਨ ਜਿਹੜੇ ਦਲਿਤ ਵਿਦਿਆਰਥੀਆਂ 'ਤੇ ਹਮੇਸ਼ਾਂ ਤੰਜ਼ ਕਸਦੇ ਰਹਿੰਦੇ ਹਨ। ਇਹ ਉਹ ਅਧਿਆਪਕ ਹਨ ਜਿਨ੍ਹਾਂ ਕੋਲ ਪਿੰਡ ਦੀ ਸੱਥ ਦੇ ਲੋਕਾਂ ਦੀ ਚੇਤਨਾ ਨਾਲੋਂ ਵੀ ਘੱਟ ਚੇਤਨਾ ਹੁੰਦੀ ਹੈ। ਇਹਨਾਂ ਕੋਲ ਕਾਰਨ ਕਾਰਜ ਤੱਕ ਜਾਣ ਦਾ ਕੋਈ ਵਿਸ਼ਲੇਸ਼ਣ ਟੂਲ ਨਹੀਂ ਹੁੰਦਾ। ਇਹਨਾਂ ਦਾ ਕੰਮ ਸਿਰਫ ਵਿਦਿਆਰਥੀ ਦੇ ਮਨ ਵਿਚ ਗੁੰਝਲਾਂ ਤੇ ਬੇਬਸੀ ਨੂੰ ਬੀਜਣਾ ਹੁੰਦਾ ਹੈ। ਇਹ ਸਾਰੰਗੀ ਦੀਆਂ ਤਰਬਾਂ ਨੂੰ ਢਿੱਲਾ ਕਰਨ ਵਾਲੇ ਲੋਕ ਹੁੰਦੇ ਹਨ।

'ਹੱਡਾਰੋੜੀ ਤੇ ਰੇਹੜੀ' ਕਹਾਣੀ ਇਸ ਲੜੀ ਦੀ ਅਗਲੀ ਕਹਾਣੀ ਹੈ ਜਿਸਦਾ ਪਾਤਰ ਨੌਕਰੀ ਹਾਸਿਲ ਕਰਨ ਉਪਰੰਤ ਆਪਣੇ ਅਤੀਤ ਤੇ ਅਵਚੇਤਨ ਤੋਂ ਬਚਣਾ ਚਾਹੁੰਦਾ ਹੈ। ਪਰ ਇੱਥੇ ਰੇਹੜੀ ਕਿਰਤ ਦੀ ਚਿਹਨ ਹੈ ਜਿਸ ਨਾਲ ਆਰਥਿਕ ਵਿਕਾਸ ਭਾਵੇਂ ਬਹੁਤਾ ਨਾ ਹੋਵੇ ਪਰ ਕਿਰਤੀ ਅੰਦਰਲਾ ਮਨੁੱਖ ਸਾਬਤ ਸਬੂਤਾ ਰਹਿੰਦਾ ਹੈ। ਗਾਸ਼ੇ ਦਾ ਪਿਤਾ ਰੇਹੜੀ 'ਤੇ ਮਾਣ ਕਰਦਾ ਹੈ ਪਰ ਗਾਸ਼ਾ ਵਧੀਆ ਰਿਸ਼ਤਾ ਨਾ ਹੋਣ ਦਾ ਕਾਰਨ ਰੇਹੜੀ ਨੂੰ ਮੰਨ ਰਿਹਾ ਹੈ। ਇਸ ਨਾਲ ਨਿਮਨ ਜਾਤੀਆਂ ਅੰਦਰਲੀ ਜਮਾਤੀ ਖਾਸਾ ਵੀ ਉਭਰ ਆਉਂਦਾ ਹੈ ਕਿ ਜਿਹਨਾਂ ਦਾ ਸਮਾਜਿਕ ਸਭਿਆਚਾਰਕ ਖਾਸਾ ਇੱਕੋ ਹੈ ਉਹ ਵੀ ਆਪਣੇ ਲੋਕਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕਰਦੇ। ਇਹ ਥੋੜ੍ਹੇ ਉਭਰ ਰਹੇ ਨਿਮਨ ਜਾਤੀ ਜਮਾਤੀ ਲੋਕਾਂ ਦੀ ਮਾਨਸਿਕਤਾ ਬਣ ਰਿਹਾ ਹੈ। ਇਹੀ ਦਲਿਤ ਸੰਵਾਦ ਲਈ ਤਿੱਖਾ ਸਵਾਲ ਵੀ ਬਣਿਆ ਰਿਹਾ ਹੈ। ਇਸੇ ਤਰ੍ਹਾਂ 'ਅੰਨ੍ਹੀ ਗਲੀ' ਕਹਾਣੀ ਦਲਿਤਾਂ ਅੰਦਰਲੇ ਰਾਜਨੀਤਿਕ ਵਿਕਾਸ ਤੇ ਵਿਨਾਸ਼ ਨੂੰ ਵਿਭਿੰਨ ਪਹਿਲੂਆਂ ਤੋਂ ਦੇਖਦੀ ਹੈ। ਯਸ਼ਪਾਲ ਵਰਗੇ ਪ੍ਰਤਿਬੱਧ ਵਰਕਰ ਨਿਰਾਸ਼ ਤੇ ਚਿੰਤਤ ਹੁੰਦੇ ਹਨ ਜਦੋਂ ਦਲਿਤਾਂ ਦੀ ਦਲਿਤਾਂ ਲਈ ਉਭਰੀ ਪਾਰਟੀ ਵੱਖ-ਵੱਖ ਸਮਝੌਤਿਆਂ ਰਾਹੀਂ ਆਪਣਾ ਵਜੂਦ ਖ਼ਤਮ ਕਰ ਲੈਂਦੀ ਹੈ। ਇਸ ਕਰਕੇ ਉਹ ਮਜ਼ਾਕ ਦਾ ਪਾਤਰ ਬਣਦਾ ਹੈ। ਉਹ ਲਟਕਿਆ ਪਾਤਰ ਬਣ ਜਾਂਦਾ ਹੈ। ਵਿਚਾਰਧਾਰਕ ਸਟਿਗਮਾ ਉਸ ਦੀ ਬੇਚੈਨੀ ਹੈ। ਇਹ ਕਹਾਣੀ ਦਲਿਤਾਂ ਨੂੰ, ਦਲਿਤਾਂ ਲਈ ਤੇ ਦਲਿਤਾਂ ਵਿਚੋਂ ਸਹੀ ਰਾਜਨੀਤੀ ਤਲਾਸ਼ਣ ਦਾ ਇਸ਼ਾਰਾ ਕਰਦੀ ਹੈ। ਜਿਸ ਵਿਚ ਸਮਝੌਤੇ ਨਹੀਂ ਸੰਘਰਸ਼ ਹੋਣਾ ਚਾਹੀਦਾ ਹੈ।

'ਚੀਕ' ਅੰਤਰਜਾਤੀ ਵਿਆਹ ਦੀ ਕਹਾਣੀ ਹੈ ਜਿਸ ਵਿਚ ਲੜਕਾ ਨਿਮਨ ਜਾਤੀ ਦਾ ਤੇ ਲੜਕੀ ਉੱਚ ਜਾਤੀ ਦੀ ਹੈ। ਇਹ ਕਹਾਣੀ ਪੰਜਾਬੀ ਦੇ ਅਖੌਤੀ ਵਿਸ਼ਲੇਸ਼ਕਾਂ ਦੀ ਮਿੱਥ ਭੰਨਦੀ ਹੈ ਕਿ ਆਰਥਿਕ ਵਿਕਾਸ ਨਾਲ ਸਮਾਜਿਕ ਪ੍ਰਬੰਧ ਵਿਚ ਇਕਸਾਰਤਾ ਆਉਂਦੀ ਹੈ। ਲੜਕਾ ਕਾਲਜ ਅਧਿਆਪਕ ਹੋਣ ਤੋਂ ਬਾਅਦ ਵੀ ਅਪਮਾਨ ਭੋਗਦਾ ਹੈ। ਸਵਾਲ ਉਭਰ ਜਾਂਦਾ ਹੈ ਕਿਉਂ? ਉੱਤਰ ਇਕੋ ਆਉਂਦਾ ਹੈ ਹਾਊਮੈਂ। ਪਰਮੀਤ ਪਾਤਰ ਜਿਹੜੀ ਨਿਮਨ ਜਾਤੀ ਲੜਕੇ ਦੀ ਪਤਨੀ ਦੀ ਭੈਣ ਹੈ ਇਹਨਾਂ ਸਾਰੇ ਕਾਰਨਾਂ ਨੂੰ ਬਾਹਰ ਕੱਢਦੀ ਹੈ। ਉਹ ਅਜਿਹੀ ਪਾਤਰ ਹੈ ਜਿਹੜੀ ਉਚ ਜਾਤੀ ਦੇ ਲੋਕਾਂ ਵਿਚੋਂ ਹੁੰਦੀ ਹੋਈ, ਦਲਿਤ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਸਾਹਮਣੇ



ਲਿਆਉਂਦੀ ਹੈ। ਗੁਰਮੀਤ ਦੀ ਇਹ ਨਵੀਂ ਜੁਗਤ ਵੀ ਹੈ ਕਿ ਉਚ ਜਾਤੀ ਪਾਤਰ ਕਿਸੇ ਧਿਰ ਵੱਲੋਂ ਵਿਸ਼ਲੇਸ਼ਣ ਕਰਦਾ ਸੰਵਾਦ ਰਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਜਿਹੀਆਂ ਹੋਰ ਕਹਾਣੀਆਂ ਦੀ ਜ਼ਰੂਰਤ ਵੀ ਹੈ ਕਿਉਂਕਿ ਇਕ ਧਿਰ ਵੱਲੋਂ ਆਪਣੀ ਵੇਦਨਾ ਤੇ ਸੰਵੇਦਨਾ ਵਿਚ ਲਿਖੀ ਕਹਾਣੀ ਸੰਵਾਦੀ ਤਾਂ ਹੋ ਜਾਂਦੀ ਹੈ ਪਰੰਤੂ ਇਸ ਦਾ ਪ੍ਰਭਾਵ ਬਹੁਤੀ ਵਾਰ ਮਨੋਵਚਨੀ ਹੋ ਨਿਬੜਦਾ ਹੈ। ਦੂਸਰੀ ਗੱਲ ਇਹ ਵੀ ਸਾਬਤ ਹੁੰਦੀ ਹੈ ਕਿ ਉਚ ਜਾਤੀ ਦੇ ਸਾਰੇ ਲੋਕ ਨਿਮਨ ਜਾਤੀ ਲੋਕਾਂ ਨੂੰ ਨਫ਼ਰਤ ਨਹੀਂ ਕਰਦੇ ਸਗੋਂ ਹਮਦਰਦੀ ਵੀ ਰੱਖਦੇ ਹਨ। ਪਰ ਫ਼ਰਕ ਇਹ ਕਿ ਇਹ ਸੰਵੇਦਨਾ, ਹਮਦਰਦੀ ਕਿਸੇ ਰਾਜਨੀਤਿਕ ਸੰਘਰਸ਼ ਦਾ ਰੂਪ ਧਾਰਨ ਨਹੀਂ ਕਰਦੀ। ਇਸ ਲਈ ਪਰਮੀਤ ਚਾਹੁੰਦੀ ਹੈ ਕਿ ਪੀੜਤ ਲੋਕ ਚੀਕ ਮਾਰਨ ਤਾਂ ਜੋ ਨਫ਼ਰਤ ਕਰਦੇ ਲੋਕ ਬੇਜ਼ੁਬਾਨ ਹੋਣ ਤੇ ਹਮਦਰਦੀ ਵਾਲੇ ਲੋਕ ਨਾਲ਼ ਆਉਣ।

'ਹਵਾ ਵਿਚ ਲਟਕਦੀ ਜ਼ਿੰਦਗੀ', 'ਨਦੀ ਦੇ ਆਰ-ਪਾਰ' ਅਤੇ 'ਢਾਲ਼' ਕਹਾਣੀਆਂ ਗਰੀਬ ਵਿਅਕਤੀ ਅੰਦਰੋਂ ਮੁੱਕ ਰਹੀ ਜ਼ਿੰਦਗੀ, ਪੰਜਾਬ ਅੰਦਰ ਫੈਲ ਰਹੀ ਨਿਪੁੰਸਕਤਾ ਤੇ ਔਲਾਦਾਂ ਦੇ ਵਸ ਤੋਂ ਬਾਹਰ ਜਾਣ 'ਤੇ ਕੇਂਦਰਤ ਹਨ। 'ਹਵਾ ਵਿੱਚ ਲਟਕਦੀ ਜ਼ਿੰਦਗੀ' ਜੰਗ ਸਿੰਘ (ਜੰਗੇ) ਦੇ ਸੰਘਰਸ਼ ਨੂੰ ਅਧਾਰ ਬਣਾਉਂਦੀ ਹੈ ਜਿਹੜਾ ਕਿਸੇ ਵੱਡੇ ਅਫ਼ਸਰ ਦਾ ਰਿਸ਼ਤੇਦਾਰ ਨਾ ਹੋਣ ਕਾਰਨ ਕੱਚੀ ਨੌਕਰੀ ਤੋਂ ਵੀ ਕੱਢ ਦਿੱਤਾ ਜਾਂਦਾ ਹੈ। ਬਰਾੜ ਤੇ ਮੇਹਰ ਸਿੰਘ ਵਰਗੇ ਬੰਦੇ ਉਸਦੇ ਆਰਥਿਕ ਵਿਰੋਧੀ ਹੀ ਨਹੀਂ ਸਗੋਂ ਉਸ ਨੂੰ ਜੜ੍ਹੋਂ ਪੁੱਟਣ ਤੱਕ ਜਾਂਦੇ ਹਨ। ਇਹ ਸਾਰਾ ਕੰਮ ਇੱਕ 'ਸਿਸਟਮ' ਨੂੰ ਆਧਾਰ ਬਣਾਕੇ 'ਸਿਸਟਮ' ਵਿਚ ਕਰਦੇ ਹਨ। ਇਹ ਮਾਰ ਇੰਨ੍ਹੀ ਗੁੱਝੀ ਤੇ ਗੁੰਝਲਦਾਰ ਹੈ ਕਿ ਪੀੜਤ ਵਿਅਕਤੀ ਕੋਈ ਸੰਘਰਸ਼ ਨਹੀਂ ਲੜ ਸਕਦਾ ਤੇ ਨਾ ਹੀ ਕੋਈ ਨਿਆਂਪਾਲਿਕਾ ਦਾ ਆਸਰਾ ਲੈ ਸਕਦਾ। ਦਮਨ ਨੀਤੀਆਂ ਰਾਹੀਂ ਸਾਰੀਆਂ ਸੰਸਥਾਵਾਂ, ਧਿਰਾਂ ਖ਼ਤਮ ਕੀਤੀਆਂ ਪਈਆਂ ਹਨ ਜਿਹਨਾਂ ਵਿਚ ਜੰਗੇ ਵਰਗੇ ਕੋਰਾਂ ਦਾ ਕੋਈ ਭਵਿੱਖ ਨਹੀਂ ਹੈ। ਇਸੇ ਤਰ੍ਹਾਂ 'ਨਦੀ ਦੇ ਆਰ-ਪਾਰ' ਕਹਾਣੀ ਔਰਤ ਦੇ ਦੋ ਪਾਸਾਰਾਂ ਦੀ ਗੱਲ ਕਰਦੀ ਹੈ। ਇਸ ਦੇ ਚਾਰ ਪਾਤਰ ਮੈਂ (ਨਿੰਮੀ), ਉਸਦਾ ਪਤੀ ਸੰਜੂ, ਮੈਂ ਪਾਤਰ ਦੀ ਸੱਸ ਤੇ ਸਹੁਰਾ ਸਨ। ਦਰਅਸਲ ਇਹ ਪੰਜਾਬ ਦੀ ਔਰਤ ਦੀ ਤੇ ਔਰਤ ਨੂੰ ਬਹੁਤ ਪ੍ਰੇਸ਼ਾਨ ਕਰਨ ਵਾਲੀ ਕਹਾਣੀ ਹੈ। ਨਿੰਮੀ ਦੇ ਪਤੀ ਅੰਦਰ ਬੱਚੇ ਦਾ ਪਿਤਾ ਬਣਨ ਦੀ ਸਮਰੱਥਾ ਨਹੀਂ ਹੈ। ਇਸ ਲਈ ਸਹੁਰੇ ਤੋਂ ਵੀਰਜ ਲੈ ਨੂੰਹ ਦੀ ਕੁੱਖ ਵਿਚ ਧਰਿਆ ਜਾਦਾ ਹੈ। ਸਹੁਰੇ ਤੇ ਸੱਸ ਦੀ ਭਾਸ਼ਾ ਬਦਲਦੀ ਹੈ। ਸਹੁਰਾ ਇਸ ਤਰ੍ਹਾਂ ਵਿਵਹਾਰ ਕਰਨ ਲਗਦਾ ਹੈ ਜਿਵੇਂ ਨੂੰਹ ਉਸਦੀ ਪਤਨੀ ਹੋਵੇ। ਪਰ ਨਿੰਮੀ ਆਪਣੇ ਪਤੀ ਨੂੰ ਪਿਤਾ ਬਣਾਉਣ ਲਈ ਇਹ ਕੁਰਬਾਨੀ ਕਰਨ ਲਈ ਤਿਆਰ ਹੈ। ਇਸ ਦੁਵਿਧਾ ਵਿਚ ਉਸ ਦੀ ਜ਼ਿੰਦਗੀ ਦਾ ਸੰਗੀਤ ਟੁਟਦਾ ਹੈ। ਉਹ ਮਨੋਵਚਨੀ ਵਿਚ ਫਿਊਡਲ ਸਾਇਕੀ ਦਾ ਵਿਰੋਧ ਕਰ ਰਹੀ ਹੈ ਪਰ ਦੂਜੇ ਪਾਸੇ ਪਤੀ 'ਤੇ ਭੱਦਾ ਸਟਿੱਕਰ ਵੀ ਨਹੀਂ ਲੱਗਣ ਦੇ ਰਹੀ। ਭਾਵੇਂ ਨਿੰਮੀ ਕੋਲ ਹੋਰ ਵੀ ਵਿਕਲਪ ਸਨ ਪਰ ਉਹ ਇੱਕ ਖਾਸ ਵਿਅਕਤੀ ਦੀ ਇੱਜ਼ਤ ਲਈ ਕਸ਼ਟ ਸਹਿੰਦੀ ਹੈ। ਦੂਸਰਾ ਪੱਖ ਇਹ ਹੈ ਕਿ ਇਕ ਔਰਤ ਦੂਜੀ ਔਰਤ ਨੂੰ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਸਮਝਦੀ ਹੈ। ਇਹ ਰੁਝਾਨ ਉਸਨੂੰ ਫਿਊਡਲ ਪ੍ਰਬੰਧ ਵੱਲ ਲੈ ਜਾਂਦੇ ਹਨ। ਅਗਲੀ ਗੱਲ ਇਹ ਵੀ ਕਿ ਤਕਨੋਲੋਜੀ ਦਾ ਪ੍ਰਯੋਗ ਵੀ ਫਿਊਡਲੀ ਵਰਤਾਰਿਆਂ ਨੂੰ ਪੱਕਿਆਂ ਕਰਨ ਲਈ ਵਰਤਿਆ ਜਾ ਰਿਹਾ ਹੈ।

'ਢਾਲ' ਪੰਜਾਬ ਵਿਚ ਘਰ ਤੇ ਵਿਆਹ ਸੰਸਥਾ ਵਿਚ ਆਈਆਂ ਤਬਦੀਲੀਆਂ ਪ੍ਰਤੀ ਨਾਕਾਰਾਤਮਕ ਤੇ ਨਿਰਾਸ਼ਾਮਈ ਪ੍ਰਤੀਕਰਮ ਦੀ ਕਹਾਣੀ ਹੈ। ਸਰਮਾਏ ਦੇ ਪ੍ਰਭਾਵ ਨੇ ਪਿੰਡਾਂ ਤੋਂ ਸ਼ਹਿਰਾਂ ਵੱਲ ਮੁੱਖ ਕਰਵਾਇਆ ਤੇ ਘਰ ਛੋਟੇ ਪਰਿਵਾਰਾਂ (ਨਿਊਕਲੀਅਰ ਫੈਮਿਲੀ) ਵਿਚ ਤਬਦੀਲ ਹੋ ਗਏ। ਸ਼ਹਿਰ ਵਿਚ ਆ ਕੇ ਮਾਪਿਆਂ ਨੇ ਬੱਚਿਆਂ ਤੇ ਆਪਣੀਆਂ ਇਛਾਵਾਂ ਥੋਪੀਆਂ। ਬੱਚਿਆਂ

ਨੂੰ ਪਿੰਡ ਦੇ ਮੁਕਾਬਲਤਨ ਵੱਖਰਾ ਮਾਹੌਲ ਮਿਲਣ ਕਾਰਨ 'ਆਜ਼ਾਦੀ' ਦਾ ਅਹਿਸਾਸ ਹੋਇਆ। ਥੋਪੀਆਂ ਇਛਾਵਾਂ ਤੇ ਬੱਚਿਆਂ ਅੰਦਰਲਾ ਆਜ਼ਾਦੀ ਦਾ ਅਹਿਸਾਸ ਟਕਰਾ ਗਿਆ। ਸਿੱਟੇ ਵਜੋਂ ਮਾਪੇ ਤੇ ਬੱਚੇ ਦੋਵੇਂ ਤਣਾਓ ਵਿਚ ਆ ਗਏ। ਦਰਅਸਲ ਇਹ ਸਰਮਾਏ ਦਾ ਹੀ ਪ੍ਰਭਾਵ ਸੀ ਜਿਸ ਨੂੰ ਦੋਵੇਂ ਧਿਰਾਂ ਸਮਝ ਨਾ ਸਕੀਆਂ। ਨਤੀਜਾ ਇਹ ਨਿਕਲਿਆ ਕਿ ਬੱਚੇ ਬਾਗੀ ਹੋਣ ਲੱਗੇ ਤੇ ਮਾਪੇ ਨਿਰਾਸ਼। 'ਢਾਲ' ਕਹਾਣੀ ਵਿਚ ਮਾਪੇ ਤੇ ਬੱਚਿਆਂ ਵਿਚਕਾਰ ਸੰਵਾਦ ਟੁੱਟ ਗਿਆ ਹੈ। ਬੱਚੇ ਪ੍ਰੰਪਾਰਿਤ ਰਿਸ਼ਤਿਆਂ ਤੋਂ ਪਾਰ ਜਾਣਾ ਚਾਹੁੰਦੇ ਹਨ। ਕਹਾਣੀ ਜਿੰਦਰ (ਲੜਕਾ), ਮੈਂ (ਪਿਤਾ), ਸੁਖਜੀਤ (ਮਾਂ), ਰਿਸ਼ਮ (ਧੀ) ਪਾਤਰਾਂ ਦੁਆਲੇ ਘੁੰਮਦੀ ਹੈ। ਜਿੰਦਰ ਘਰੋਂ ਚਲਾ ਗਿਆ। ਉਸਦੀ ਉਡੀਕ ਹੈ। ਉਸਦੇ ਪਿਛੋਕੜ ਵਿਚੋਂ ਰਿਸ਼ਮ ਦਾ ਅੰਤਰ ਜਾਤੀ ਵਿਆਹ ਤੇ ਭਰਾਵਾਂ ਨਾਲ ਤਣਾਓ ਦੀਆਂ ਧੁਨੀਆਂ ਸੁਣਾਈ ਦਿੰਦੀਆਂ ਹਨ। ਸਾਰੇ ਪਾਸੇ ਦੇ ਰਾਹ ਬੰਦ ਹਨ। ਇਕ ਬੰਦਸ਼ ਤੇ ਹੁੰਮਸ ਬਣੀ ਹੋਈ ਹੈ। ਉਡੀਕ ਹੈ ਪੁੱਤਰ ਦੀ। ਅਸਲੋਂ ਤਾਂ ਸਾਰਾ ਪੰਜਾਬ ਹੀ ਪੁੱਤਰ ਨੂੰ ਉਡੀਕ ਰਿਹਾ ਹੈ ਜਿੰਦਰ ਤਾਂ ਇੱਕ ਪਾਤਰ ਹੈ, ਬਹਾਨਾ ਬਣਦਾ ਹੈ। ਅਖੀਰ ਪਿਤਾ (ਮੈਂ ਪਾਤਰ) ਇਸ ਤਣਾਓ ਨੂੰ ਘਟਾਉਣ ਲਈ ਸੰਵਾਦ ਦਾ ਰਾਹ ਤਲਾਸ਼ਦਾ ਰਿਸ਼ਮ ਦੇ ਮਿਲਣ ਦੀ ਝੂਠੀ ਗੱਲ ਕਰਦਾ ਹੈ। ਮਾਂ ਵਿਚੋਂ ਤਣਾਓ ਘਟਦਾ ਹੈ। ਸੰਵਾਦ ਦਾ ਨਵਾਂ ਰਾਹ ਖੁਲ੍ਹਦਾ ਹੈ। ਦੋਵਾਂ ਵਿਚ ਮਿਲ ਸਕਦੇ ਬੱਚੇ ਨੂੰ ਮਿਲਣ ਦੀ ਤਾਂਘ ਉਪਜਦੀ ਹੈ। ਇਥੇ 'ਢਾਲ' ਮੋਹ ਹੀ ਬਣਦਾ ਹੈ। ਮੋਹ ਸੰਵਾਦ ਦਾ ਹੀ ਇੱਕ ਰੂਪ ਹੈ। ਇਹ ਉਹ ਸੰਵਾਦ ਹੈ ਜਿਹੜਾ ਪੰਜਾਬ ਦੇ ਹਰ ਮਾਪੇ ਨੂੰ ਅਪਣਾਉਣਾ ਪਵੇਗਾ। ਇਹ ਮਜਬੂਰੀ ਨਹੀਂ ਸਗੋਂ ਬਦਲਦੇ ਸਮਿਆਂ ਵਿਚ ਸਿਆਣਪ ਨਾਲ ਖੁਦ ਨੂੰ ਬਦਲਣਾ ਹੈ। ਮਾਪਿਆਂ ਨੂੰ ਕੁਰਬਾਨੀ ਕਰਕੇ ਸਾਰੰਗੀ ਨੂੰ ਫਿਰ ਸੁਰ ਵਿਚ ਲਿਆਉਣਾ ਹੀ ਪਵੇਗਾ।

ਸੋ ਸਮੁੱਚੇ ਰੂਪ ਵਿਚ ਇਹ ਕਹਾਣੀ ਸੰਗ੍ਰਹਿ ਆਦਮੀ ਅੰਦਰੋਂ ਖ਼ਤਮ ਕੀਤੀ ਜਾ ਰਹੀ ਆਦਮੀਅਤ ਨੂੰ ਗਹੁ ਨਾਲ ਦੇਖਦਾ, ਵਿਚਾਰਦਾ ਤੇ ਸਮਝਦਾ ਹੈ। ਕਹਾਣੀ ਸਿਰਜਣ ਪਿਛੇ ਸੁਆਦ ਦਾ ਮੰਤਵ ਨਹੀਂ ਸਗੋਂ ਸਮਝ ਦਾ ਮਨੋਰਥ ਹੈ। ਇਸੇ ਲਈ ਸਾਰੰਗੀ ਕਹਾਣੀਕਾਰ ਦਾ ਮੈਟਾਫਰ ਬਣਦੀ ਹੈ। ਕਿਉਂਕਿ ਸੰਗੀਤ ਉਸਦੀ ਚਾਹਤ ਹੈ। ਜ਼ਿੰਦਗੀ ਸੰਗੀਤ ਨਾਲ ਭਰੇ, ਚਾਅ ਨਾਲ ਨਾ ਭਰੇ। ਸਾਰੰਗੀ ਦੀ ਮੌਤ ਨਾ ਹੋਵੇ ਇਹ ਮਨੋਰਥ ਹੀ ਸਾਰੀਆਂ ਕਹਾਣੀਆਂ ਦੀ ਜਿੰਦ-ਜਾਨ ਹੈ। ਆਦਮੀ ਅੰਦਰੋਂ ਆਦਮੀ ਮਰੇ ਨਾ ਸਗੋਂ ਜਿਉਂਦਾ ਹੋਇਆ ਸੰਗੀਤ ਨਾਲ ਇੱਕ-ਮਿੱਕ ਹੋਵੇ ਤਾਂ ਜੋ ਜੀਵਨ ਦੀ ਪਰਿਭਾਸ਼ਾ ਨੂੰ ਅੱਗੇ ਵੱਲ ਵਧਾਇਆ ਜਾ ਸਕੇ।

(**ਸੰਪਰਕ**-88725-11179)

*ਕਹਾਣੀ ਧਾਰਾ ਦਾ ਅਗਲਾ ਅੰਕ ਹੋਵੇਗਾ*

***'ਵਿਸ਼ੇਸ਼: ਚਿੱਠੀਆਂ ਅੰਕ'***

*ਜਿਹਦੇ ਵਿਚ ਅਸੀਂ ਲੇਖਕਾਂ ਵੱਲੋਂ ਲੇਖਕਾਂ, ਪਾਠਕਾਂ ਅਤੇ ਸੰਸਥਾਵਾਂ ਨੂੰ ਲਿਖੀਆਂ ਚਿੱਠੀਆਂ ਪ੍ਰਕਾਸ਼ਤ ਕਰਾਂਗੇ। ਦੋਸਤ ਸਾਨੂੰ ਚਿੱਠੀਆਂ ਦੀਆਂ ਉਹ ਹੀ ਕਾਪੀਆਂ ਭੇਜਣ ਜਿਹਦੇ ਵਿਚ ਸਾਹਿਤ, ਸਾਭਿਆਚਾਰ, ਸਾਹਿਤਕ ਮੁੱਦਿਆਂ 'ਤੇ ਗੱਲਾਂ ਕੀਤੀਆਂ ਹੋਣ। ਇਹ ਅੰਕ ਅਕਤੂਬਰ-ਦਸੰਬਰ, 2020 ਹੋਵੇਗਾ।*



# ਅਨੁਵਾਦ ਦਾ ਸਾਹਿਤਕ ਅਤੇ ਸਮਾਜਿਕ ਸੰਦਰਭ

**-ਡਾ. ਸਵਰਨ ਜੀਤ ਕੌਰ ਸੰਮੀ**

ਅਨੁਵਾਦ ਸ਼ਬਦ ਅਨੁ+ਵਦ ਦੇ ਸੁਮੇਲ ਤੋਂ ਬਣਿਆ ਹੈ। ਅਨੁ ਦਾ ਅਰਥ ਹੈ ਅਨੁਕਰਣ ਭਵ ਨਕਲ ਕਰਨਾ ਜਾਂ ਦੁਵਾਰਾ ਕਹਿਣਾ। ਵਦ ਤੋਂ ਭਾਵ ਹੈ ਬੋਲਣਾ। ਇਸ ਪ੍ਰਕਾਰ ਅਨੁਵਾਦ ਦਾ ਭਾਵ ਹੈ ਕਹੀ ਗਈ ਗੱਲ ਨੂੰ ਦੁਵਾਰਾ ਕਹਿਣਾ। ਡਾ. ਕੁਮਾਰ ਸੁਸ਼ੀਲ ਅਨੁਸਾਰ,

*"ਅਨੁਵਾਦ ਸਰੋਤ ਭਾਸ਼ਾ ਵਾਲੇ ਸੰਦੇਸ਼ ਨੂੰ ਉਨ੍ਹਾਂ ਹੀ ਅਰਥਾਂ ਤੇ ਸ਼ੈਲੀ ਨਾਲ ਗ੍ਰਾਹਕ ਭਾਸ਼ਾ ਵਿਚ ਤਬਦੀਲ ਕਰਨ ਦਾ ਨਾਂ ਹੈ।"*

ਇਹ ਕਿਸੇ ਰਚਨਾ ਨੂੰ ਇਕ ਭਾਸ਼ਾ ਤੋਂ ਦੂਸਰੀ ਭਾਸ਼ਾ ਵਿਚ ਰੂਪਾਂਤਰਣ ਕਰਨ ਦੀ ਪ੍ਰਕ੍ਰਿਆ ਹੈ। ਅਨੁਵਾਦ ਕਰਦੇ ਸਮੇਂ ਰਚਨਾਕਾਰ ਦੇ ਦਿਮਾਗ਼ ਵਿਚ ਰਚਨਾ ਕੋਡਿਡ ਅਵਸਥਾ ਵਿਚ ਚੱਲਦੀ ਹੁੰਦੀ ਹੈ। ਇਹ ਕੋਡ ਇਕ ਭਾਸ਼ਾ ਵਿਚੋਂ ਦੂਸਰੀ ਭਾਸ਼ਾ ਵਿਚ ਤਬਦੀਲ ਕਰਨ ਨਾਲ ਸੰਬੰਧਿਤ ਹੁੰਦੇ ਹਨ। ਦੂਸਰੀ ਭਾਸ਼ਾ ਦਾ ਵਿਆਕਰਣ ਅਤੇ ਸਭਿਆਚਾਰ ਦੋਵੇਂ ਨਿਰੰਤਰ ਦਿਮਾਗ ਵਿਚ ਚੱਲ ਰਹੇ ਹੁੰਦੇ ਹਨ। ਇਨ੍ਹਾਂ ਤੋਂ ਬਿਨਾਂ ਸਾਹਿਤ ਦਾ ਆਪਣਾ ਇਕ ਵੱਖਰਾ ਕੋਡ ਹੁੰਦਾ ਹੈ। ਸਾਹਿਤ ਦੀਆਂ ਵੱਖਰੀਆਂ ਵੱਖਰੀਆਂ ਵਿਧਾਵਾਂ ਹੁੰਦੀਆਂ ਹਨ ਤੇ ਹਰ ਵਿਧਾ ਦੇ ਆਪਣੇ ਕੋਡ ਹੁੰਦੇ ਹਨ। ਕਵਿਤਾ, ਨਾਟਕ, ਕਹਾਣੀ, ਨਾਵਲ, ਜੀਵਨੀ, ਸਵੈ ਜੀਵਨੀ ਆਦਿ ਸਾਹਿਤ ਦੀਆਂ ਵੱਖਰੀਆਂ ਵੱਖਰੀਆਂ ਵਿਧਾਵਾਂ ਹਨ। ਇਨ੍ਹਾਂ ਰੂਪਾਂ ਦੀ ਜਾਣਕਾਰੀ ਇਕ ਵੱਖਰੇ ਧਿਆਨ ਦੀ ਮੰਗ ਕਰਦੀ ਹੈ। ਹਰ ਸਾਹਿਤ ਰੂਪ ਦੀ ਭਾਸ਼ਾ ਤੇ ਵਿਆਕਰਣ ਵੱਖਰਾ ਹੈ।

***1. ਅਨੁਵਾਦ ਵਾਸਤੇ ਦੋ ਭਾਸ਼ਾਵਾਂ ਦੀ ਜਾਣਕਾਰੀ-***

ਕੋਈ ਵੀ ਅਨੁਵਾਦ ਕੀਤੀ ਰਚਨਾ ਉਦੋਂ ਹੀ ਆਪਣੇ ਅਸਲੀ ਜਾਮੇ ਵਿਚ ਆਉਂਦੀ ਹੈ ਜਦੋਂ ਉਹ ਅਨੁਵਾਦਕ ਭਾਸ਼ਾ ਤੇ ਵਿਆਕਰਣ ਦੇ ਮੁਹਾਂਦਰੇ ਤੇ ਪੂਰੀ ਉਤਰਦੀ ਹੈ। ਰਚਨਾ ਨੇ ਭਾਸ਼ਾ ਰਾਹੀਂ ਹੀ ਆਪਣਾ ਰੂਪ ਗ੍ਰਹਿਣ ਕਰਨਾ ਹੁੰਦਾ ਹੈ।

*"ਅਨੁਵਾਦ ਲਈ ਸਿਰਫ਼ ਦੋ ਭਾਸ਼ਾਵਾਂ ਦਾ ਗਿਆਤਾ ਹੋਣਾ ਲਾਜ਼ਮੀ ਨਹੀਂ ਸਗੋਂ ਉਸਨੂੰ ਦੋ ਸੰਰਚਨਾਵਾਂ ਦਾ ਪੁਨਰ ਸਿਰਜਕ ਵੀ ਹੋਣਾ ਚਾਹੀਦਾ ਹੈ। ਇਕ ਪਾਸੇ ਤਾਂ ਅਸਲ ਭਾਸ਼ਾ ਦੀ ਸੰਰਚਨਾ ਹੁੰਦੀ ਹੈ ਤੇ ਦੂਜੇ ਪਾਸੇ ਅਨੁਵਾਦਿਤ ਭਾਸ਼ਾ ਦਾ ਢਾਂਚਾ ਹੁੰਦਾ ਹੈ।"* [2]

ਅਨੁਵਾਦ ਕਰਤਾ ਇਕ ਨਵੀਂ ਸਿਰਜਣਾ ਕਰ ਰਿਹਾ ਹੁੰਦਾ ਹੈ। ਇਸ ਲਈ ਉਸਨੂੰ ਭਾਸ਼ਾ ਦਾ ਤੇ ਉਸ ਭਾਸ਼ਾ ਦੇ ਵਿਅਕਰਣ ਦੋਵਾਂ ਦੀ ਸਮਝ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਸ ਭਾਸ਼ਾ ਵਿਚੋਂ ਰਚਨਾ ਅਨੁਵਾਦ ਕੀਤੀ ਗਈ ਹੈ ਉਸ ਦੇ ਵਿਆਕਰਣ ਤੇ ਜਿਸ ਭਾਸ਼ਾ ਵਿਚ ਅਨੁਵਾਦ ਕਰਨੀ ਹੈ, ਉਸ ਦੇ ਵਿਆਕਰਣ ਦੀ ਵੀ ਸਮਝ ਹੋਣੀ ਚਾਹੀਦੀ ਹੈ। ਤਦ ਹੀ ਉਹ ਰਚਨਾ ਨਾਲ ਨਿਆਂ ਕਰ ਸਕੇਗਾ। ਜੇਕਰ ਵਿਆਕਰਣਕ ਤੌਰ ਤੇ ਵਾਕਾਂ ਨੂੰ ਸਹੀ ਤਰੀਕੇ ਨਾਲ ਨਹੀਂ ਲਿਖਿਆ ਗਿਆ ਤਾਂ ਪੂਰੀ ਰਚਨਾ ਹੀ ਅਨੁਵਾਦ ਚੇ ਚੌਖਟੇ ਤੇ ਖ਼ਰੀ ਨਹੀਂ ਉਤਰੇਗੀ। ਅਨੁਵਾਦ ਦੀ ਪ੍ਰਕ੍ਰਿਆ ਸਿਰਫ ਲਿੱਪੀਅੰਤਰ ਨਹੀਂ ਹੈ ਬਲਕਿ ਇਸਨੇ ਡੀਕੋਡ ਹੋ ਕੇ ਪੂਰੀ ਰਚਨਾ ਦੇ ਰੂਪ ਵਿਚ ਸਾਹਮਣੇ ਆਉਣਾ ਹੁੰਦਾ ਹੈ। ਇਹ ਸੌਖੀ ਪ੍ਰਕ੍ਰਿਆ ਨਹੀਂ ਹੈ। ਅਨੁਵਾਦ ਕਰਤਾ ਭਾਸ਼ਾ ਦੀ ਪੂਰੀ ਸਮਝ ਤੋਂ ਬਾਅਦ ਹੀ ਕਿਸੇ ਰਚਨਾ ਨੂੰ ਅਨੁਵਾਦ ਕਰ ਸਕਦਾ ਹੈ।

ਇਸ ਲਈ ਸਰੋਤ ਭਾਸ਼ਾ ਤੇ ਅਨੁਵਾਦਿਤ ਭਾਸ਼ਾ ਦੋਵਾਂ ਦਾ ਗਿਆਨ ਅਨੁਵਾਦ ਕਰਤਾ ਨੂੰ ਹੋਣਾ ਬਹੁਤ ਜ਼ਰੂਰੀ ਹੈ। ਭਾਸ਼ਾ ਉਹ ਵਰਤਣੀ ਚਾਹੀਦੀ ਹੈ, ਜਿਹੜੀ ਆਮ ਲੋਕਾਈ ਨੂੰ ਸਮਝ ਆ

ਸਕੇ। ਔਖੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ।

***2. ਦੋ ਸਭਿਆਚਾਰਾਂ ਦੀ ਸਮਝ-***

ਅਨੁਵਾਦ ਰਚਨਾ ਦੇ ਇਲਾਕਾਈ ਸਭਿਆਚਾਰ ਦੇ ਸਮਾਜ ਦੀ ਸਮਝ ਦਾ ਹੋਣਾ ਬਹੁਤ ਜ਼ਰੂਰੀ ਹੈ। ਅਨੁਵਾਦ ਕਰਦੇ ਸਮੇਂ ਦੂਸਰੇ ਸਮਾਜ ਦਾ ਤੇ ਆਪਣੇ ਸਮਾਜ ਦਾ ਸਭਿਆਚਾਰ ਲਗਾਤਾਰ ਦਿਮਾਗ ਵਿਚ ਘੁੰਮ ਰਿਹਾ ਹੁੰਦਾ ਹੈ। ਰਚਨਾਕਾਰ ਨੇ ਇਸਨੂੰ ਵੀ ਡੀਕੋਡ ਕਰਨਾ ਹੁੰਦਾ ਹੈ। ਇਸ ਲਈ ਰੀਤਾਂ, ਰਸਮਾਂ, ਰਿਸ਼ਤਾ ਨਾਤਾ ਪ੍ਰਬੰਧ, ਸੰਬੋਧਨੀ ਸ਼ਬਦ, ਧਾਰਮਿਕ ਵਿਸ਼ਵਾਸ, ਮਿਥਿਹਾਸ ਆਦਿ ਦੀ ਸਮਝ ਦਾ ਹੋਣਾ ਜ਼ਰੂਰੀ ਹੈ। ਹਰ ਰਚਨਾ ਦੋ ਵੱਖਰੇ ਸਮਾਜਾਂ ਵਿਚੋਂ ਆਪਣਾ ਸੰਬੰਧ ਸਥਾਪਿਤ ਕਰਦੀ ਹੈ। ਇਕ ਸਮਾਜ ਉਹ ਹੈ ਜਿਸ ਵਿਚੋਂ ਉਹ ਆਈ ਹੈ ਤੇ ਦੂਸਰਾ ਸਮਾਜ ਉਹ ਹੈ ਜਿਸ ਵਿਚ ਉਹ ਆਪਣਾ ਰੂਪ ਗ੍ਰਹਿਣ ਕਰ ਰਹੀ ਹੈ। ਇਸ ਕਰਕੇ ਦੋਵਾਂ ਸਮਾਜਾਂ ਦੀਆਂ ਸਮਾਜਿਕ ਪ੍ਰਸਥਿਤੀਆਂ ਦੀ ਸਮਝ ਦੀ ਮੰਗ ਵੀ ਰਚਨਾ ਕਰਦੀ ਹੈ। ਕਈ ਵਾਰ ਦੋਵਾਂ ਸਮਾਜਾਂ ਦੀਆਂ ਪ੍ਰਸਥਿਤੀਆਂ ਆਪਸ ਵਿਚ ਵਧੇਰੇ ਮਿਲਦੀਆਂ ਹੁੰਦੀਆਂ ਹਨ ਤੇ ਕਈ ਵਾਰ ਬਹੁਤ ਘੱਟ ਮਿਲਦੀਆਂ ਹਨ। ਕਈ ਵਾਰ ਬਿਲਕੁੱਲ ਵੱਖਰੀਆਂ ਵੀ ਹੋ ਸਕਦੀਆਂ ਹਨ। ਜਿਵੇਂ ਕਿ ਰੂਸ ਦਾ ਬਹੁਤ ਸਾਰਾ ਸਾਹਿਤ ਅਨੁਵਾਦ ਹੋ ਕੇ ਪੰਜਾਬੀ ਵਿਚ ਆਇਆ ਹੈ। ਰੂਸ ਵੱਖਰਾ ਮੁਲਕ ਹੈ। ਉਸਦੀਆਂ ਕੁੱਝ ਪ੍ਰਸਥਿਤੀਆਂ ਜਿਵੇਂ ਕਿ ਭੂਗੋਲਿਕ ਆਲਾ-ਦੁਆਲਾ ਪੰਜਾਬ ਨਾਲੋਂ ਵੱਖਰਾ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਸਭਿਆਚਾਰਕ ਬਣਤਰਾਂ ਪੰਜਾਬੀ ਸੁਭਾਅ ਨਾਲ ਮੇਲ ਖਾਂਦੀਆਂ ਹਨ। 'ਮੇਰਾ ਦਾਗਿਸਤਾਨ' ਰੂਸ ਵਿਚ ਲਿਖੀ ਰਚਨਾ ਹੈ ਪਰ ਉਸਨੂੰ ਪੜ੍ਹਦਿਆਂ ਜਿਵੇਂ ਉਸਦੇ ਪਾਤਰ ਵਿਚਰਦੇ ਹਨ ਉਹ ਬਿਲਕੁੱਲ ਪੰਜਾਬ ਦੇ ਕਿਸੇ ਪਿੰਡ ਦੇ ਆਮ ਪਾਤਰ ਪ੍ਰਤੀਤ ਹੁੰਦੇ ਹਨ। ਅਨੁਵਾਦ ਕਰਤਾ ਇਨ੍ਹਾਂ ਸਭ ਗੱਲਾਂ ਨੂੰ ਸਮਝਦਿਆਂ ਰਚਨਾ ਨੂੰ ਆਪਣੇ ਭਾਸ਼ਾਈ ਮੁਹਾਂਦਰੇ ਵਿਚ ਢਾਲਣ ਦਾ ਯਤਨ ਕਰਦਾ ਹੈ ਜੇਕਰ ਇਹ ਯਤਨ ਵਧੀਆ ਹੋ ਨਿਬੜੇ ਤਾਂ ਰਚਨਾ ਵੀ ਵਧੀਆ ਹੋ ਨਿਬੜਦੀ ਹੈ। ਜੇਕਰ ਅਨੁਵਾਦ ਕਰਤਾ ਇਸ ਕਸਵੱਟੀ ਤੇ ਪੂਰਾ ਨਹੀਂ ਉਤਰਦਾ ਤਾਂ ਰਚਨਾ ਨੀਰਸ ਬਣ ਜਾਂਦੀ ਹੈ। ਚੰਗੇਜ਼ ਆਇਤਮਾਤੋਵ ਦੀ ਰਚਨਾ 'ਪਹਿਲਾ ਅਧਿਆਪਕ' ਦਾ ਪੰਜਾਬੀ ਵਿਚ ਬਹੁਤ ਹਰਮਨ ਪਿਆਰੇ ਹੋਣ ਦਾ ਵੀ ਇਹੀ ਕਾਰਨ ਹੈ ਕਿ ਇਸ ਦਾ ਸੱਭਿਆਚਾਰ ਪੱਖ ਪੰਜਾਬੀ ਸੱਭਿਆਚਾਰ ਦੇ ਵਧੇਰੇ ਨੇੜੇ ਹੈ। 'ਪਹਿਲਾ ਅਧਿਆਪਕ' ਦੀ ਪਾਤਰ ਨੂੰ ਮਾਂ-ਬਾਪ ਦੀ ਮੌਤ ਪਿਛੋਂ ਪੜ੍ਹਨ ਲਈ ਕਿੰਨਾ ਸੰਘਰਸ਼ ਕਰਨਾ ਪੈਂਦਾ ਹੈ ਤੇ ਉਸਨੂੰ ਪੜ੍ਹਾਉਣ ਵਾਲੇ ਅਧਿਆਪਕ ਨੂੰ ਵੀ ਕਿੰਨੀਆਂ ਔਖੀਆਂ ਮੁਸੀਬਤਾਂ ਵਿਚੋਂ ਲੰਘਣਾ ਪੈਂਦਾ ਹੈ। ਇਕ ਲੜਕੀ ਤੂੰ ਨਾ ਪੜ੍ਹਾਉਣ ਲਈ ਚਾਚੀ ਦਾ ਰਿਸ਼ਤਾ ਕਿਨ੍ਹਾਂ ਜਾਲਮਾਨਾ ਹੋ ਨਿਬੜਦਾ ਹੈ। ਇਹੋ ਜਿਹੀਆਂ ਅਨੇਕਾਂ ਉਦਾਹਰਨਾ ਪੰਜਾਬੀ ਸਮਾਜ ਵਿਚ ਵੀ ਦੇਖੀਆਂ ਜਾ ਸਕਦੀਆਂ ਹਨ।

***3. ਦੋ ਸਭਿਆਚਾਰਾਂ ਵਿਚ ਪੁਲ ਦਾ ਕਾਰਜ-***

ਅਨੁਵਾਦਤ ਰਚਨਾਵਾਂ ਇਕ ਸਮਾਜ ਨੂੰ ਦੂਸਰੇ ਸਮਾਜ ਨਾਲ ਜੋੜਨ ਲਈ ਪੁਲ ਦਾ ਕੰਮ ਕਰਦੀਆਂ ਹਨ। ਕਿਸੇ ਸਮਾਜ ਪ੍ਰਤੀ ਸਮਝ ਉਸ ਸਮਾਜ ਦੇ ਸਾਹਿਤ ਨੂੰ ਪੜ੍ਹ ਕੇ ਬਣਾਈ ਜਾ ਸਕਦੀ ਹੈ। ਅਨੁਵਾਦਤ ਰਚਨਾਵਾਂ ਅਜਿਹੇ ਸਮਾਜ ਦੀ ਵੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ, ਜਿਨ੍ਹਾਂ ਤੱਕ ਸਾਡੀ ਪਹੁੰਚ ਬਹੁਤ ਘੱਟ ਜਾਂ ਬਿਲਕੁੱਲ ਨਹੀਂ ਹੁੰਦੀ। ਜਿਵੇਂ ਕਿ ਮੈਂ 'ਬਾਬਰਨਾਮਾ' ਪੁਸਤਕ ਦਾ ਅਨੁਵਾਦ ਕਾਰਜ ਕੀਤਾ ਹੈ। ਇਹ ਬਾਬਰ ਦੁਆਰਾ ਲਿਖੀ ਪੰਜ ਸੌ ਸਾਲ ਪੁਰਾਣੀ ਸਵੈ ਜੀਵਨੀ ਹੈ। ਕਿਸੇ ਸਮੇਂ ਦੇ ਸਮਾਜ ਨੂੰ ਜਾਨਣ ਲਈ ਸਾਹਿਤਕ ਰਚਨਾਵਾਂ ਵਧੇਰੇ ਮੁੱਲਵਾਨ ਹੁੰਦੀਆਂ ਹਨ। ਫਿਰ ਉਸ ਸਮੇਂ ਜਿਹੜੀ ਰਚਨਾ ਲਿਖੀ ਗਈ ਉਸ ਦੀ ਭਾਸ਼ਾ ਜ਼ਰੂਰੀ ਨਹੀਂ ਕਿ ਸਦੀਆਂ ਬਾਅਦ ਵੀ ਚੱਲਦੀ ਹੋਵੇ। ਉਸ ਨੂੰ ਪੜ੍ਹ ਸਕਣ ਦੀ ਸਮਰੱਥਾ ਸਦੀਆਂ ਬਾਅਦ ਕਿਸੇ ਸਮਾਜ ਵਿਚ ਹੋ ਵੀ ਸਕਦੀ ਹੈ ਤੇ ਨਹੀਂ ਵੀ। ਪਰ ਜੇਕਰ ਉਹ ਆਪਣੇ ਸਮੇਂ ਦੇ ਇਤਿਹਾਸ ਵਿਚ ਲਗਾਤਾਰ ਅਨੁਵਾਦ



ਹੋ ਕੇ ਸਮੇਂ ਸਮੇਂ ਦੀਆਂ ਭਾਸ਼ਾਵਾਂ ਵਿਚੋਂ ਰੂਪ ਗ੍ਰਹਿਣ ਕਰਦੀ ਹੋਈ ਨਿਰੰਤਰ ਸਾਡੇ ਤੱਕ ਪਹੁੰਚ ਗਈ ਹੈ ਤਾਂ ਉਸ ਸਮਾਜ ਦੀ ਜਾਣਕਾਰੀ ਅਸੀਂ ਪ੍ਰਾਪਤ ਕਰ ਸਕਦੇ ਹਾਂ। 'ਬਾਬਰਨਾਮਾ' ਪੁਸਤਕ ਬਾਬਰ ਨੇ ਆਪਣੀ ਭਾਸ਼ਾ ਟਰਕਿਸ਼ ਵਿਚ ਲਿਖੀ ਇਸ ਤੋਂ ਬਾਅਦ ਇਹ ਅਨੁਵਾਦ ਹੋ ਕੇ ਅਲੱਗ-ਅਲੱਗ ਭਾਸ਼ਾਵਾਂ ਜਿਵੇਂ ਫਾਰਸੀ, ਹਿੰਦੀ, ਅੰਗਰੇਜ਼ੀ ਤੇ ਫਿਰ ਪੰਜਾਬੀ ਵਿਚ ਸਾਡੇ ਤੱਕ ਪਹੁੰਚ ਗਈ। ਇਸ ਤਰ੍ਹਾਂ ਪੰਜ ਸੌ ਸਾਲ ਪਹਿਲਾਂ ਦੇ ਸਮਾਜ ਤੇ ਸੱਭਿਆਚਾਰ ਦੀ ਸਮਝ ਇਸ ਵਿਚੋਂ ਬਾਖੂਬੀ ਪ੍ਰਾਪਤ ਹੋ ਰਹੀ ਹੈ। ਅਨੁਵਾਦਿਤ ਰਚਨਾਵਾਂ ਦੋ ਸਭਿਆਚਾਰਾਂ ਵਿਚ ਆਪਸੀ ਮੁਹੱਬਤ ਵਧਾਉਂਦੀਆਂ ਹਨ। ਇਹ ਦੁਨੀਆਂ ਵਿਚ ਹਿੰਸਾ ਨੂੰ ਘੱਟ ਕਰਨ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ। ਇਹ ਮਨੁੱਖ ਦੀ ਇਸ ਸਮਝ ਨੂੰ ਪੀਡਾ ਕਰਦੀਆਂ ਹਨ ਕਿ ਮਨੁੱਖ ਰੰਗ ਤੇ ਨੈਣ ਨਕਸ਼ਾਂ ਦੇ ਪੱਧਰ ਤੇ ਵੱਖਰੇ-ਵੱਖਰੇ ਹੋ ਸਕਦੇ ਹਨ ਪਰ ਅਸਲ ਵਿਚ ਉਹ ਇਕ ਹੀ ਪਰਿਵਾਰ ਦੀ ਉਪਜ ਹਨ।

***4. ਰਚਨਾ ਦੀ ਸਹੀ ਚੋਣ-***

ਅਨੁਵਾਦ ਕਰਨ ਲਈ ਕਿਹੜੀ ਰਚਨਾ ਚੁਣਨੀ ਹੈ। ਇਸ ਦੀ ਅਨੁਵਾਦ ਕਰਤਾ ਨੂੰ ਸਮਝ ਹੋਣੀ ਬਹੁਤ ਜ਼ਰੂਰੀ ਹੈ। ਰਚਨਾ ਦੀ ਚੋਣ ਸਮੇਂ ਜ਼ਰੂਰੀ ਹੈ ਕਿ ਉੱਤਮ ਰਚਨਾ ਦੀ ਚੋਣ ਕੀਤੀ ਜਾਵੇ। ਜਿਹੜੀ ਰਚਨਾ ਸਾਡੇ ਸਮਾਜ ਨੂੰ ਕੋਈ ਸੇਧ ਦੇਵੇ, ਜਿਸ ਦਾ ਸਾਡੇ ਲਈ ਕੋਈ ਖਾਸ ਮਹੱਤਵ ਹੋਵੇ ਅਜਿਹੀ ਰਚਨਾ ਦੀ ਚੋਣ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ। ਕਈ ਵਾਰ ਅਨੁਵਾਦ ਕਰਤਾ ਅਜਿਹੀ ਰਚਨਾ ਲੈ ਲੈਂਦਾ ਹੈ ਜਿਹੜੀ ਕਲਾਤਮਕ ਤੇ ਸਮਾਜਿਕ ਤੌਰ ਤੇ ਬਹੁਤੀ ਮਹੱਤਵਪੂਰਨ ਨਹੀਂ ਹੁੰਦੀ। ਅਜਿਹਾ ਕੰਮ ਵਾਧੂ ਦੀ ਭਰਤੀ ਹੋ ਨਿਬੜਦਾ ਹੈ। ਇਹ ਗੁਣਤਾਮਕ ਪੱਖ ਤੋਂ ਮੁੱਲਵਾਨ ਨਹੀਂ ਹੁੰਦਾ। ਹਰ ਸਮਾਜ ਦੀਆਂ ਕੁੱਝ ਰਚਨਾਵਾਂ ਬਹੁਤ ਹਰਮਨ ਪਿਆਰੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਦੂਜੇ ਸਮਾਜ ਵਿਚ ਜਾਣ ਨਾਲ ਉਥੋਂ ਦੇ ਸਾਹਿਤ ਤੇ ਵਧੀਆ ਪ੍ਰਭਾਵ ਪੈਂਦਾ ਹੈ। ਇਸ ਨਾਲ ਉਸ ਸਮਾਜ ਵਿਚ ਵੀ ਸਾਹਿਤਕ ਰਚਨਾਵਾਂ ਦਾ ਮਿਆਰ ਹੋਰ ਉੱਚਾ ਹੋ ਜਾਂਦਾ ਹੈ। ਜਿਸ ਵਿਚ ਉਹ ਅਨੁਵਾਦ ਹੋ ਕੇ ਪਹੁੰਚੀਆਂ ਹਨ। ਅਜਿਹੀਆਂ ਮੁੱਲਵਾਨ ਰਚਨਾਵਾਂ ਦਾ ਦੂਜੇ ਸਮਾਜਾਂ ਵਿਚ ਜਾਣਾ ਅਤਿ ਲੋੜੀਂਦਾ ਹੈ। ਫਿਰ ਇਹ ਕਾਰਜ ਸੋਨੇ ਤੇ ਸੁਹਾਗੇ ਵਾਲਾ ਹੋ ਨਿਬੜਦਾ ਹੈ। ਜਿਸ ਤਰ੍ਹਾਂ ਫਰਾਂਸੀਸੀ ਸਾਹਿਤ ਵਿਚੋਂ ਫਲਾਬੇਅਰ ਦਾ ਨਾਵਲ 'ਮਦਾਮ ਬਵੇਰੀ' ਦਾ ਅਨੁਵਾਦ ਜੋਗਿੰਦਰ ਸਿੰਘ ਰਾਮਦੇਵ ਨੇ 'ਮਦਾਮ ਬਵੇਰੀ' ਸਿਰਲੇਖ ਹੇਠ ਕੀਤਾ। ਅੰਗਰੇਜ਼ੀ ਸਾਹਿਤ ਵਿਚੋਂ ਮੱਰਗਰੇਟ ਮਸ਼ੇਲ ਦਾ ਨਾਵਲ 'ਗੌਨ ਵਿਦ ਦਾ ਵਿੰਡ' ਦਾ ਅਨੁਵਾਦ ਗੁਰਚਰਨ ਸਿੰਘ ਅਰਸ਼ੀ ਨੇ ਪੰਜਾਬੀ ਵਿਚ 'ਪੌਣਾ ਲਏ ਉਡਾਏ' ਦੇ ਸਿਰਲੇਖ ਹੇਠ ਕੀਤਾ। ਸਪੈਨਿਸ਼ ਭਾਸ਼ਾ ਵਿਚੋਂ ਗੈਬਰੀਅਲ ਮਾਰਕੇਜ਼ ਗਾਰਸੀਆ ਦਾ ਨਾਵਲ 'ਵਨ ਹੰਡਰਡ ਈਅਰ ਆਫ਼ ਸੌਲੀਚਿਊਡ' ਪੰਜਾਬੀ ਵਿਚ 'ਸੌ ਸਾਲ ਦਾ ਇਕਲਾਪਾ' ਡਾ. ਤੇਜਵੰਤ ਗਿੱਲ ਦੁਆਰਾ ਅਨੁਵਾਦ ਕੀਤਾ ਗਿਆ। ਅਜਿਹੀਆਂ ਕਲਾਸਿਕ ਰਚਨਾਵਾਂ ਨੇ ਪੰਜਾਬੀ ਵਿਚ ਨਵੀਂ ਬਹਿਸ ਛੇੜੀ ਹੈ।

***5. ਦੂਜੀ ਭਾਸ਼ਾ ਨਾਲ ਸੰਬੰਧਿਤ ਕੌਮ ਦੇ ਇਤਿਹਾਸ ਦੀ ਜਾਣਕਾਰੀ-***

ਇਤਿਹਾਸ ਦੀ ਜਾਣਕਾਰੀ ਇਕ ਲਾਜ਼ਮੀ ਸ਼ਰਤ ਤਾਂ ਨਹੀਂ ਹੈ ਪਰ ਜੇਕਰ ਇਹ ਹੋਵੇ ਤਾਂ ਅਨੁਵਾਦਕ ਸੰਪੂਰਨ ਬਣ ਸਕਦਾ ਹੈ।

ਜਿਸ ਕੌਮ ਦੀ ਸਾਹਿਤ ਰਚਨਾ ਅਸੀਂ ਅਨੁਵਾਦ ਕਰਨ ਜਾ ਰਹੇ ਹਾਂ ਉਸ ਕੌਮ ਦੇ ਇਤਿਹਾਸ ਦੀ ਸਮਝ ਦਾ ਹੋਣਾ ਵੀ ਇਕ ਜ਼ਰੂਰੀ ਨੁਕਤਾ ਹੈ। ਹਰ ਕੌਮ ਦੀਆਂ ਜੜ੍ਹਾਂ ਉਸਦੇ ਇਤਿਹਾਸ ਵਿਚੋਂ ਦੇਖੀਆਂ ਜਾ ਸਕਦੀਆਂ ਹਨ। ਉਹ ਕੌਮ ਕਿਹੋ ਜਿਹੇ ਇਤਿਹਾਸਕ ਸੰਘਰਸ਼ ਵਿਚੋਂ ਲੰਘ ਕੇ ਆਈ ਹੈ। ਉਸ ਕੌਮ ਦਾ ਇਤਿਹਾਸ ਸਾਡੀ ਕੌਮ ਦੇ ਇਤਿਹਾਸ ਨਾਲੋਂ ਕਿੰਨਾਂ ਵੱਖਰਾ ਹੈ ਤੇ ਕਿੰਨਾਂ ਕੁ ਮਿਲਦਾ ਜੁਲਦਾ ਹੈ ਇਹ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਸਾਹਿਤ ਵਿਚ ਵੀ ਇਤਿਹਾਸ ਛੁਪਿਆ

ਹੁੰਦਾ ਹੈ। ਸਾਹਿਤਕ ਰਚਨਾਵਾਂ ਵਿਚ ਇਹ ਕੋਡਿਡ ਅਵਸਥਾ ਵਿਚ ਹੁੰਦਾ ਹੈ। ਕੁੱਝ ਘਟਨਾਵਾਂ ਨੂੰ ਡੀਕੋਡ ਕਰਕੇ ਕਿਸੇ ਸਮਾਜ ਦੇ ਸਾਹਿਤ ਵਿਚੋਂ ਉਸ ਸਮਾਜ ਦੇ ਇਤਿਹਾਸ ਪ੍ਰਤੀ ਸਮਝ ਬਣਾਈ ਜਾ ਸਕਦੀ ਹੈ। ਪਰ ਇਸਨੂੰ ਡੀਕੋਡ ਅਸੀਂ ਤਦ ਹੀ ਕਰ ਸਕਦੇ ਹਾਂ ਜਦੋਂ ਅਸੀਂ ਉਸ ਕੌਮ ਦੇ ਇਤਿਹਾਸ ਬਾਰੇ ਜਾਣਕਾਰੀ ਰੱਖਦੇ ਹਾਂ। ਸਮਾਜਿਕ ਘਟਨਾਵਾਂ ਇਤਿਹਾਸ ਸਿਰਜਦੀਆਂ ਹਨ। ਇਹ ਘਟਨਾਵਾਂ ਸਾਹਿਤ ਵਿਚ ਵੀ ਪੇਸ਼ ਹੋਈਆਂ ਹੁੰਦੀਆਂ ਹਨ। ਸੋ ਸਾਹਿਤ ਤੇ ਇਤਿਹਾਸ ਇਕ ਦੂਜੇ ਦੇ ਪੂਰਕ ਹਨ। ਸਿਰਫ ਇਤਿਹਾਸਕ ਰਚਨਾਵਾਂ ਹੀ ਇਤਿਹਾਸ ਦੀ ਜਾਣਕਾਰੀ ਨਹੀਂ ਦਿੰਦੀਆਂ ਸਗੋਂ ਜਿਹੜੀਆਂ ਰਚਨਾਵਾਂ ਇਤਿਹਾਸ ਦੇ ਦਾਇਰੇ ਵਿਚ ਨਹੀਂ ਆਉਂਦੀਆਂ ਉਹ ਵੀ ਕਿਸੇ ਕੌਮ ਦੇ ਇਤਿਹਾਸ ਦੀਆਂ ਚਿਤੇਰੀਆਂ ਹੁੰਦੀਆਂ ਹਨ। ਇਸ ਲਈ ਜਿਸ ਕੌਮ ਦੀ ਸਾਹਿਤਕ ਰਚਨਾ ਦੀ ਅਨੁਵਾਦ ਲਈ ਚੋਣ ਕੀਤੀ ਗਈ ਹੈ ਉਸ ਦੇ ਇਤਿਹਾਸ ਦੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਸਮਾਜਿਕ ਘਟਨਾਵਾਂ ਹੀ ਇਤਿਹਾਸ ਤੇ ਰਾਜਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ।

ਜਿਵੇਂ ਕਿ ਪਰਮਿੰਦਰ ਸੋਢੀ ਜਪਾਨੀ ਕੁੜੀ ਨਾਲ ਵਿਆਹ ਕਰਵਾ ਕੇ ਜਪਾਨ ਵਿਚ ਇੱਕ ਪਰਵਾਸੀ ਪੰਜਾਬੀ ਲੇਖਕ ਹੈ ਉਸ ਨੇ ਜਪਾਨੀ ਸਾਹਿਤ ਦੀਆਂ ਉੱਤਮ ਕਵਿਤਾਵਾਂ ਤੇ ਕਹਾਣੀਆਂ ਪੰਜਾਬੀ ਵਿਚ ਅਨੁਵਾਦ ਕਰਕੇ ਇਸ ਅਮੀਰ ਟਾਪੂ ਨਾਲ ਪੰਜਾਬੀ ਸਭਿਆਚਾਰ ਦੀ ਸਾਂਝ ਪਵਾਈ ਹੈ। ਉਸਨੇ ਜਪਾਨੀ ਧਰਮ ਤੇ ਚਿੰਤਨ ਬਾਰੇ ਰਚਨਾਵਾਂ ਅਨੁਵਾਦ ਕਰਕੇ ਜਪਾਨੀ ਸਾਹਿਤ ਨੂੰ ਡੀਕੋਡ ਕਰਨ ਦੀ ਚਾਬੀ ਵੀ ਦਿੱਤੀ ਹੈ।

***6. ਸ਼ਬਦ ਤੋਂ ਸ਼ਬਦ ਦੀ ਥਾਂ ਰਚਨਾ ਦੀ ਭਾਵਨਾ ਦਾ ਅਨੁਵਾਦ-***

ਕਈ ਵਾਰ ਅਨੁਵਾਦ ਕਰਤਾ ਸ਼ਬਦਾਂ ਨੂੰ ਬਦਲ ਕੇ ਲਿੱਪੀਅੰਤਰ ਕਰ ਦਿੰਦਾ ਹੈ ਪਰ ਉਸ ਦੀ ਪੂਰੀ ਭਾਵਨਾ ਸਾਹਮਣੇ ਨਹੀਂ ਆਉਂਦੀ। ਅਜਿਹਾ ਅਨੁਵਾਦ ਬੇਰਸਾ ਹੁੰਦਾ ਹੈ। ਲੇਖਕ ਦੀ ਰਚਨਾ ਰਚਨ ਵੇਲੇ ਇਕ ਪੂਰੀ ਭਾਵਨਾ ਸ਼ਮਲਿਤ ਹੋਈ ਹੁੰਦੀ ਹੈ। ਇਹ ਭਾਵਨਾ ਸਦਕਾ ਹੀ ਰਚਨਾ ਅਨੰਦਾਇਕ ਤਰੀਕੇ ਨਾਲ ਅਰਥਾਂ ਤੱਕ ਆਪਣਾ ਸੰਦੇਸ਼ ਦਿੰਦੀ ਹੈ। ਜੇਕਰ ਇਸ ਭਾਵਨਾ ਨੂੰ ਅਣਗੌਲਿਆਂ ਕਰ ਦਿੱਤਾ ਜਾਵੇਗਾ ਤਾਂ ਰਚਨਾ ਇਕ ਕਲਾ ਨਹੀਂ ਰਹਿ ਜਾਵੇਗੀ। ਉਹ ਇਕ ਭਾਸ਼ਣ ਬਣ ਜਾਵੇਗੀ। ਸਾਹਿਤ ਨੇ ਕਲਾਤਮਕਤਾ ਨਾਲ ਆਪਣਾ ਰੂਪ ਗ੍ਰਹਿਣ ਕਰਨਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਲੇਖਕ ਦੀ ਭਾਵਨਾ ਨੂੰ ਸਮਝ ਕੇ ਫਿਰ ਅਨੁਵਾਦ ਕੀਤਾ ਜਾਵੇ। ਸ਼ਬਦ ਤੋਂ ਸ਼ਬਦ ਦਾ ਅਨੁਵਾਦ ਕਰਨਾ ਸਿਰਫ ਸਾਹਿਤ ਵਿਚ ਵਾਧਾ ਕਰਕੇ ਭਰਪਾਈ ਕਰਨਾ ਹੁੰਦਾ ਹੈ। ਅਜਿਹਾ ਕਾਰਜ ਉਦੋਂ ਕੀਤਾ ਜਾਂਦਾ ਹੈ ਜਦੋਂ ਕੋਈ ਅਨੁਵਾਦ ਕਰਤਾ ਕਾਹਲ ਨਾਲ ਕੰਮ ਕਰਦਾ ਹੈ। ਰਚਨਾਵਾਂ ਸਹਿਜਤਾ ਦੀ ਮੰਗ ਕਰਦੀਆਂ ਹਨ। ਇਹ ਕਾਰਜ ਆਪਣੀ ਮੌਲਿਕ ਰਚਨਾ ਲਿਖਣ ਨਾਲੋਂ ਵੀ ਔਖਾ ਹੁੰਦਾ ਹੈ ਕਿਉਂਕਿ ਤੁਸੀਂ ਕਿਸੇ ਹੋਰ ਦੇ ਕੀਤੇ ਕੰਮ ਵਿਚੋਂ ਉਸ ਦੀ ਭਾਵਨਾ ਦੀ ਪਛਾਣ ਕਰਕੇ ਇਸਨੂੰ ਕਰਨਾ ਹੁੰਦਾ ਹੈ। ਚਿੰਤਕ ਵੀਲ ਹਾਈਟ ਦੇ ਅਨੁਸਾਰ,

*"ਸਾਹਿਤ, ਭਾਸ਼ਾ ਦੇ ਪਾਰ ਅਰਥਾਂ ਦੀ ਵਰਤੋਂ ਕਰਦਾ ਹੈ। ਸਾਹਿਤ ਅਰਥਾਂ ਦੀਆਂ ਅਨੇਕ ਪਰਤਾਂ ਨੂੰ ਖੋਲ੍ਹਦਾ ਹੈ।"* [3]

ਅਨੁਵਾਦ ਦਾ ਕਾਰਜ ਸਮੇਂ ਤੇ ਧਿਆਨ ਦੀ ਮੰਗ ਕਰਦੇ ਹਨ। ਰਚਨਾ ਦਾ ਹਰ ਸ਼ਬਦ, ਵਾਕ ਤੇ ਪੈਰ੍ਹਾ ਮਹੱਤਵਪੂਰਨ ਹੁੰਦਾ ਹੈ। ਇਸ ਲਈ ਅਨੁਵਾਦ ਦਾ ਕਾਰਜ ਸਮੇਂ ਤੇ ਧਿਆਨ ਦੀ ਮੰਗ ਕਰਦੇ ਹਨ। ਰਾਹੀ ਮਸੂਮ ਰਜ਼ਾ ਦੇ ਮਸ਼ਹੂਰ ਨਾਵਲ 'ਟੋਪੀ ਸ਼ੁਕਲਾ' ਅਤੇ ਬੁਕਰ ਪਰਾਈਜ਼ ਜੇਤੂ ਲੇਖਕਾ ਅਰੁੰਧਤੀ ਰਾਏ ਦਾ ਨਾਵਲ 'ਦ ਗੌਡ ਆਫ਼ ਸਮਾਲ ਥਿੰਗਜ਼' ਪੰਜਾਬੀ ਵਿਚ ਹੋਏ ਮਾੜੇ ਅਨੁਵਾਦਾਂ ਦੀ ਇਕ ਉਦਾਹਰਨ ਹਨ। ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਹਰਮਨ ਪਿਆਰੇ ਇਹ ਨਾਵਲ ਪੰਜਾਬੀ ਅਨੁਵਾਦ ਤੋਂ ਬਾਅਦ ਪੰਜਾਬੀ ਪਾਠਕਾਂ ਦਾ ਧਿਆਨ ਨਹੀਂ ਖਿੱਚ ਸਕੇ।



***7. ਅਨੁਵਾਦਤ ਰਚਨਾ ਦਾ ਪ੍ਰਭਾਵ-***

ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ, ਸ਼ਰਤ ਚੰਦਰ ਵਰਗੇ ਬੰਗਾਲੀ ਨਾਵਲਕਾਰਾਂ ਦੇ ਹਿੰਦੀ ਅਨੁਵਾਦਾਂ ਨੂੰ ਪੜ੍ਹ ਕੇ ਪੰਜਾਬੀ ਵਿੱਚ ਨਾਵਲ ਲਿਖਣ ਲੱਗੇ ਸਨ। ਰੂਸੀ ਸਾਹਿਤ ਦੀਆਂ ਮੈਕਸਿਮ ਗੋਰਕੀ ਦੇ ਨਾਵਲ 'ਮਾਂ' ਵਰਗੀਆਂ ਉੱਚਿਤ ਪੰਜਾਬੀ ਰਚਨਾਵਾਂ ਦੇ ਅਨੁਵਾਦਾਂ ਨੇ ਪੰਜਾਬ ਵਿਚ ਇਕ ਪੂਰੀ ਕਮਿਊਨਿਸਟ ਲਹਿਰ ਖੜ੍ਹੀ ਕਰਨ ਵਿਚ ਯੋਗਦਾਨ ਪਾਇਆ। ਭਾਰਤ ਉੱਪਰ ਰਾਜ ਕਰਨ ਵਾਲੇ ਮੁਲਕਾਂ ਅਤੇ ਅੰਗਰੇਜ਼ ਹਾਕਮਾਂ ਦੀਆਂ ਆਪਣੀਆਂ ਭਾਸ਼ਾਵਾਂ ਵਿਚ ਲਿਖੀਆਂ ਕਿਤਾਬਾਂ ਦੇ ਅਨੁਵਾਦਾਂ ਰਾਹੀਂ ਅਸੀਂ ਉਨ੍ਹਾਂ ਦੇ ਭਾਰਤ ਦੇਸ਼ ਸੰਬੰਧੀ ਨਿੱਜੀ ਅਨੁਭਵਾਂ ਨੂੰ ਸਮਝ ਸਕਦੇ ਹਾਂ। ਜੇਕਰ ਨਾਟਕ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਪਾਰਸੀ ਕੰਪਨੀਆਂ ਅਨੁਵਾਦਤ ਨਾਟ ਰਚਨਾਵਾਂ ਹੀ ਸਟੇਜ ਤੇ ਖੇਡਦੀਆਂ ਹੁੰਦੀਆਂ ਸਨ। ਅੰਮ੍ਰਿਤਸਰ ਵਿਚ ਬਹੁਤ ਸਾਰੀਆਂ ਪਾਰਸੀ ਕੰਪਨੀਆਂ ਪੰਜਾਬੀ ਵਿਚ ਅਨੁਵਾਦ ਕਰਕੇ ਇਹ ਕਾਰਜ ਕਰਦੀਆਂ ਰਹੀਆਂ ਹਨ। ਉਸ ਸਮੇਂ ਪੰਜਾਬੀ ਵਿਚ ਮੌਲਿਕ ਨਾਟਕ ਦੀ ਅਣਹੋਂਦ ਸੀ। ਇਹਨਾਂ ਦੇ ਪ੍ਰਭਾਵ ਸਦਕਾ ਹੌਲੀ ਹੌਲੀ ਪੰਜਾਬੀ ਵਿਚ ਮੌਲਿਕ ਨਾਟਕ ਲਿਖਿਆ ਜਾਣ ਲੱਗਾ ਭਾਵੇਂ ਮੌਲਿਕ ਨਾਟਕ ਦਾ ਪਹਿਲਾ ਯਤਨ ਨੋਰਾ ਰਿਚਰਡ ਦੇ ਯਤਨਾਂ ਸਦਕਾ ਸੰਭਵ ਹੋਇਆ ਪਰ ਅਨੁਵਾਦ ਕੀਤੇ ਨਾਟਕਾਂ ਨੇ ਪੰਜਾਬੀਆਂ ਨੂੰ ਨਾਟਕ ਦੀ ਵਿਧਾ ਤੋਂ ਜਾਣੂ ਕਰਵਾਇਆ।

ਇਸ ਪ੍ਰਕਾਰ ਅਨੁਵਾਦ ਰਚਨਾਵਾਂ ਕਿਸੇ ਸਮਾਜ ਵਿਚ ਜਾਗ ਲਗਾਉਣ ਦਾ ਕੰਮ ਵੀ ਕਰਦੀਆਂ ਹਨ। ਹਾਇਕੂ ਕਵਿਤਾ ਹੁਣ ਪੰਜਾਬੀ ਵਿਚ ਵੀ ਲਿਖੀ ਜਾਣ ਲੱਗੀ ਹੈ। ਜਦੋਂ ਕਿ ਇਸਦਾ ਮੌਲਿਕ ਰੂਪ ਜਪਾਨੀ ਵਿਚ ਹੈ। ਉਨ੍ਹਾਂ ਦੇ ਪ੍ਰਭਾਵ ਸਦਕਾ ਇਹ ਪੰਜਾਬੀ ਵਿਚ ਆਈ। ਇਸ ਪ੍ਰਕਾਰ ਇਨ੍ਹਾਂ ਅਨੁਵਾਦ ਕੀਤੀਆਂ ਰਚਨਾਵਾਂ ਦਾ ਪ੍ਰਭਾਵ ਕਿਸੇ ਸਮਾਜ ਵਿਚ ਚੇਤਨਤਾ ਪੈਦਾ ਕਰਦਾ ਹੈ। ਹੁਣ ਸਾਹਿਤ ਦੇ ਕਿੰਨੇ ਹੀ ਰੂਪ ਹਨ ਜਿਹੜੇ ਵਿਸ਼ਵ ਪੱਧਰ ਤੇ ਮਿਲਦੇ ਹਨ ਇਹ ਸਭ ਅਨੁਵਾਦ ਕੀਤੀਆਂ ਰਚਨਾਵਾਂ ਦੇ ਪ੍ਰਭਾਵ ਸਦਕਾ ਹੈ। ਭਾਈ ਵੀਰ ਸਿੰਘ ਨੇ ਨਿੱਕੀ ਕਵਿਤਾ ਅੰਗਰੇਜ਼ੀ ਕਵਿਤਾ ਦੇ ਪ੍ਰਭਾਵ ਹੇਠ ਲਿਖਣੀ ਸ਼ੁਰੂ ਕੀਤੀ ਸੀ।

ਗ਼ਜ਼ਲ ਅਰਬੀ ਫ਼ਾਰਸੀ ਵਿਚੋਂ ਵਾਇਆ। ਉਰਦੂ ਹੁੰਦੀ ਹੋਈ ਪੰਜਾਬੀ ਵਿਚ ਆਈ ਹੈ। ਇਸ ਤਰ੍ਹਾਂ ਬਹੁਤ ਸਾਰੇ ਸਾਹਿਤ ਰੂਪ ਅਨੁਵਾਦ ਰਾਹੀਂ ਦੂਜੀਆਂ ਭਾਸ਼ਾਵਾਂ ਵਿਚ ਗਏ ਤੇ ਫਿਰ ਉਸ ਭਾਸ਼ਾ ਵਿਚ ਨਵੇਂ ਸਾਹਿਤ ਰੂਪ ਦੇ ਆਗਾਜ਼ ਦਾ ਸਬੱਬ ਬਣੇ।


ਇਸ ਪ੍ਰਕਾਰ ਅਨੁਵਾਦ ਇਕ ਬਹੁਤ ਵੱਡਾ ਸਾਹਿਤਕ ਤੇ ਸਮਾਜਿਕ ਕਾਰਜ ਹੈ। ਇਸ ਰਾਹੀਂ ਦੁਨੀਆਂ ਵਿਚ ਧਾਰਮਿਕ ਨਸਲੀ ਤੇ ਜਾਤੀਗਤ ਨਫ਼ਰਤ ਨੂੰ ਘਟਾਇਆ ਜਾ ਸਕਦਾ ਹੈ। ਬਾਈਬਲ, ਮਹਾਂਭਾਰਤ ਅਤੇ ਰਮਾਇਣ ਵਰਗੇ ਕਲਾਸਿਕ ਵਰਗੇ ਮਹਾਂਕਾਵਿ ਅਨੁਵਾਦ ਦੇ ਜ਼ਰੀਏ ਹੀ ਵਿਸ਼ਵ ਤੱਕ ਪਹੁੰਚੇ ਹਨ। ਗੁਰੂ ਗ੍ਰੰਥ ਸਾਹਿਬ ਅਤੇ ਕੁਰਾਨ ਦੇ ਚੰਗੇ ਅਨੁਵਾਦ ਦੁਨੀਆਂ ਵਿਚ ਹੋਰ ਭਾਈਚਾਰਕ ਸਾਂਝ ਵਧਾ ਸਕਦੇ ਹਨ। ਪੰਜਾਬੀ ਵਿਚ ਬਹੁਤ ਸਾਰੇ ਅਨੁਵਾਦ ਹੋਏ ਹਨ ਪਰੰਤੂ ਪੰਜਾਬੀ ਦੀਆਂ ਕਲਾਸਿਕ ਰਚਨਾਵਾਂ ਨੂੰ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੀ ਸਖ਼ਤ ਜ਼ਰੂਰਤ ਹੈ।

**ਹਵਾਲੇ**

1. ਕੁਮਾਰ ਸੁਸ਼ੀਲ, ਅਨੁਵਾਦ ਦਾ ਸੰਵਾਦ, ਉਡਾਨ ਪਬਲੀਕੇਸ਼ਨਜ਼, ਮਾਨਸਾ, ਪੰਨਾ-11
2. ਲਿਵੀ, ਕੁਮਾਰ ਸੁਸ਼ੀਲ ਦੁਆਰਾ ਦਿੱਤਾ ਹਵਾਲਾ, ਪੰਨਾ-24
3. ਵੀਲ ਰਾਈਟ, ਕੁਮਾਰ ਸੁਸ਼ੀਲ ਦੁਆਰਾ ਦਿੱਤਾ ਹਵਾਲਾ, ਪੰਨਾ-12

# ਕਬੀਲਾ ਮਾਨਸਿਕਤਾ ਦੀ ਗਲੋਰੀਫਿਕੇਸ਼-ਰਿਜ਼ਕ

## -ਭਗਵੰਤ ਰਸੂਲਪੁਰੀ




ਪੰਜਾਬੀ ਬੰਦੇ ਦੀ ਮਾਨਸਿਕਤਾ ਕਬੀਲਾ ਰਹੀ ਹੈ। ਸੰਯੁਕਤ ਪਰਿਵਾਰਾਂ ਵਿਚ ਜੰਮੇ ਬੰਦੇ ਦਾ ਅਸਤਿਤਵ ਵੀ ਕਬੀਲੇ ਵਿਚੋਂ ਨਿਕਲਦਾ ਤੇ ਵਿਕਾਸ ਕਰਦਾ ਹੈ। ਬੰਦਾ ਪਹਿਲਾ ਆਪਣੇ ਪਰਿਵਾਰ ਬਾਰੇ ਸੋਚਦਾ ਹੈ। ਆਪਣੇ ਪਰਿਵਾਰ ਨੂੰ ਹਰ ਪੱਧਰ ਤੇ ਸ਼ਕਤੀਸ਼ਾਲੀ ਕਰਨ ਲਈ ਉਹ ਆਪਣੀ ਸਾਰੀ ਸ਼ਕਤੀ ਅਤੇ ਪੂੰਜੀ ਲਗਾ ਦਿੰਦਾ ਹੈ। ਆਪਣੇ ਕਬੀਲੇ ਨੂੰ ਪਾਲਦਾ ਉਹ ਮਰ ਜਾਂਦਾ ਹੈ। ਅਵਤਾਰ ਸਿੰਘ ਬਿਲਿੰਗ ਦੇ ਨਵੇਂ ਨਾਵਲ 'ਰਿਜ਼ਕ' ਦਾ ਮੁੱਖ ਪਾਤਰ ਵੀ ਆਪਣੀ ਸਾਰੀ ਸ਼ਕਤੀ ਅਤੇ ਪੂੰਜੀ ਆਪਣੇ ਕਬੀਲੇ ਅਤੇ ਪਰਵਾਰ ਨੂੰ ਸ਼ਕਤੀਸ਼ਾਲੀ ਕਰਨ ਲਈ ਆਪਣੀ ਸਾਰੀ ਉਮਰ ਲਗਾ ਦਿੰਦਾ ਹੈ। ਉਹ ਆਪਣੇ ਕਬੀਲੇ ਲਈ ਜਿਉਂਦਾ ਹੈ, ਉਹਦੇ ਕੋਲ ਆਪਣੇ ਲਈ ਜੀਣ ਦਾ ਸਮਾਂ ਹੀ ਨਹੀਂ ਮਿਲਦਾ।

**'ਰਿਜ਼ਕ'** (**ਪ੍ਰਕਾਸ਼ਕ: ਐਵਿਸ ਪਬਲਿਕੇਸ਼ਨਜ਼, ਦਿੱਲੀ, ਮੁੱਲ: 595, ਪੰਨੇ :445**) ਅਵਤਾਰ ਸਿੰਘ ਬਿਲਿੰਗ ਦਾ ਵੱਡ ਅਕਾਰੀ ਨਾਵਲ ਹੈ। ਜਿਸ ਨੇ ਪੰਜਾਬ ਤੋਂ ਪਰਵਾਸ ਕਰਕੇ ਗਏ ਪਾਤਰ ਬੰਤ ਸਿੰਘ ਰਾਹੀਂ ਪਰਵਾਸ ਵਿਚ ਜਾਣ ਦੀਆਂ ਤਕਲੀਫ਼ਾਂ, ਆਪਣੇ ਆਪ ਦੀ ਪਛਾਣ ਬਣਾਉਣ ਲਈ ਕੀਤੀ ਕਰੜੀ ਮਿਹਨਤ ਅਤੇ ਆਪਣੇ ਅਤੇ ਆਪਣੇ ਪਰਿਵਾਰ ਨੂੰ ਆਰਥਿਕ ਤੌਰ ਤੇ ਸ਼ਕਤੀਸ਼ਾਲੀ ਬਣਾਉਣ ਲਈ ਕੀਤਾ ਸੰਘਰਸ਼ ਬਿਆਨ ਕੀਤਾ ਹੈ। ਨਾਵਲੀ ਬਿਰਤਾਂਤ ਵਿਚ ਉਸ ਨੇ ਸਭਿਆਚਾਰਕ ਟਕਰਾਅ, ਭੂ-ਹੇਰਵਾ, ਪੀੜ੍ਹੀ-ਪਾੜਾ, ਪੰਜਾਬੀ ਤੇ ਗੋਰੇ ਮਨੁੱਖ ਦੀ ਅੱਡ ਅੱਡ ਮਾਨਸਿਕ ਪੱਧਰ ਆਦਿ ਵੱਡੇ ਮਸਲੇ ਪੇਸ਼ ਕੀਤੇ ਹਨ। ਆਪਣੀ ਕਬੀਲਾ ਮਾਨਸਿਕਤਾ ਕਾਰਨ ਬੰਤ ਸਿੰਘ ਸਾਰੀ ਉਮਰ ਦੁੱਖੀ ਤੇ ਪਰੇਸ਼ਾਨ ਰਹਿੰਦਾ ਹੈ। ਪੈਰ ਪੈਰ ਤੇ ਉਹਦੇ ਰਾਹ 'ਤੇ ਮੁਸ਼ਕਲਾ ਆਉਂਦੀਆਂ ਹਨ। ਉਨ੍ਹਾਂ ਨੂੰ ਸਰ ਕਰਦਾ ਬੰਦਾ ਅੱਗੇ ਹੋਰ ਅੱਗੇ ਵੱਧਦਾ ਜਾਂਦਾ ਹੈ। ਉਹਦੇ ਸੁਭਾ ਨੂੰ ਘੜਨ ਵਿਚ ਸਮੇਂ ਸਮੇਂ ਜ਼ਿੰਦਗੀ ਦੇ ਰਾਹ ਵਿਚ ਆਉਂਦੀਆਂ ਮੁਸ਼ਕਲਾਂ ਅਹਿਮ ਰੋਲ ਅਦਾ ਕਰਦੀਆਂ ਹਨ। ਬੰਦਾ ਜੋ ਬਣਦਾ ਹੈ, ਉਹਦੇ ਪਿੱਛੇ ਇਕ ਲੰਮਾ ਸਮਾਜਿਕ ਇਤਿਹਾਸ ਪਿਆ ਹੁੰਦਾ ਹੈ। ਇਸ ਇਤਿਹਾਸ ਨੂੰ ਸਮਝੇ ਬਗੈਰ ਤੁਸੀਂ ਬੰਦੇ ਨੂੰ ਸਮਝ ਹੀ ਨਹੀਂ ਸਕਦੇ। ਬੰਤਾ ਅਮਰੀਕਾ ਪਹੁੰਚ ਕੇ ਵੀ ਸਾਇਕਲ ਤੇ ਹੀ ਰਹਿੰਦਾ ਹੈ, ਆਪਣੀ ਧੀ-ਪੁੱਤ ਤੋਂ ਦੁੱਖੀ, ਅਤਿ ਦਰਜੇ ਦਾ ਕੰਜੂਸ, ਮੂੰਹ ਫੱਟ ਨਾਵਲ ਵਿਚ ਪੇਸ਼ ਹੋਇਆ ਹੈ ਤਾਂ ਉਹਦੇ ਕਾਰਨ ਬਿਲਿੰਗ ਨੇ ਆਪਣੇ ਨਾਵਲੀ ਬਿਰਤਾਂਤ ਵਿਚ ਪੇਸ਼ ਕੀਤੇ ਹਨ। ਉਹਦੇ ਮਨ ਨੂੰ ਘੜਨ ਵਾਲਾ ਸਮਾਜਿਕ ਸਿਸਟਮ ਹੈ। ਆਪਣੀ ਕਬਾਈਲੀ ਮਾਨਸਿਕਤਾ ਕਾਰਨ ਹੀ ਉਹ ਗੋਰੀ ਰੋਜ਼ਮੇਰੀ ਨਾਲ ਵਿਆਹ ਕਰਵਾ ਕੇ ਉਹਦੇ ਨਾਲ ਸਾਰੀ ਉਮਰ ਨਹੀਂ ਕੱਟਦਾ ਉਹਨੂੰ ਪੱਕਿਆ ਹੋਣ ਲਈ ਵਰਤਦਾ ਹੈ। ਜ਼ਿੰਦਗੀ ਨੂੰ ਰੱਜ ਕੇ ਜਿਉਂਦਾ ਨਹੀਂ। ਮਾੜੇ



ਹਲਾਤਾਂ ਵਿਚੋਂ ਨਿਕਲਿਆ ਬੰਤਾਂ ਸਾਰੀ ਉਮਰ ਆਪਣੇ ਪਿੱਛੇ ਨੂੰ ਵੇਖਦਾ ਰਹਿੰਦਾ ਹੈ। ਅੰਤ ਵਿਚ ਉਹਦਾ ਮੁੰਡਾ ਜਿੰਦਰ ਅਤੇ ਧੀ ਦਾ ਉਸ ਨਾਲ ਰਿਸ਼ਤਾ ਪਦਾਰਥਕ ਹੀ ਰਹਿ ਜਾਂਦਾ ਹੈ। ਉਹ ਅਡੰਬਰੀ ਧਾਰਮਿਕ ਦਿਖਾਵੇ 'ਤੇ ਟਕੋਰ ਮਾਰਦਾ ਹੈ। ਮੇਵਾ ਸਿੰਘ ਘੰਗੂੜਾ ਤੇ ਨੇਬਾ ਉਹਦੇ ਦੁੱਖ ਸੁੱਖ ਦੇ ਸਾਥੀ ਹਨ।

ਭਾਰਤੀ ਅਤੇ ਅਮਰੀਕਨ ਰਹੁ-ਰੀਤਾ, ਨਾਰੀ ਦੇ ਅਸਤਿਤਵ ਨੂੰ ਲੈ ਕੇ ਨਾਵਲ ਵਿਚ ਸੰਵਾਦ ਵੀ ਨਾਵਲੀ ਬਿਰਤਾਂਤ ਦਾ ਹਿੱਸਾ ਬਣਦਾ ਹੈ। ਗੋਰਾ ਕਲਚਰ ਨਾਰੀ ਨੂੰ ਭੋਗਣ ਦੀ ਵਸਤੂ ਮੰਨਦਾ ਹੈ। ਜਦ ਕਿ ਪੰਜਾਬੀ ਕਲਚਰ ਨਾਰੀ ਨੂੰ ਪਰਿਵਾਰ ਦਾ ਇਕ ਅੰਗ ਅਤੇ ਪਤੀ ਪਤਨੀ ਦਾ ਰਿਸ਼ਤਾ ਅੰਤ ਤੱਕ ਨਿਭਣ ਵਾਲਾ ਮੰਨਦਾ ਹੈ। ਅਮਰੀਕਨ ਕਲਚਰ ਬੱਚੇ ਪੈਦਾ ਕਰਨ-ਪਰਿਵਾਰ ਬੰਨ੍ਹਣ ਨੂੰ ਮੂਰਖਤਾ ਮੰਨਦਾ ਹੈ ਜਦ ਕਿ ਪੰਜਾਬੀ ਕਲਚਰ 'ਚ ਬੱਝਾ ਬੰਦਾ ਸਾਰੀ ਉਮਰ ਪਰਿਵਾਰ ਲਈ ਸਿਰ ਸੁੱਟ ਕੇ ਕੰਮ ਕਰਦਾ ਰਹਿੰਦਾ ਹੈ। ਨਾਵਲਕਾਰ ਜ਼ਿੰਦਗੀ ਦਾ ਲੁਤਫ਼ ਲੈਣ ਦਾ ਵਿਚਾਰ ਮੰਨ ਵਿਚ ਪੈਦਾ ਹੀ ਨਹੀਂ ਹੋਣ ਦਿੰਦਾ ਜਾਂ ਹੁੰਦਾ ਹੀ ਨਹੀਂ। ਉਸਦੇ ਇਸ ਸੁਭਾ ਪਿੱਛੇ ਅਨੇਕਾਂ ਕਾਰਨ ਹਨ। ਬੰਤਾ ਪੰਜਾਬੀ ਕਲਚਰ ਦੀ ਪ੍ਰਤੀਨਿੱਧਤਾ ਕਰਦਾ ਹੈ ਤੇ ਉਹਦਾ ਮਰਦ ਦੋਸਤ ਅਤੇ ਰੋਜ਼ਮੇਰੀ ਗੋਰਾ ਕਲਚਰ ਅਤੇ ਸਭਿਆਚਾਰ ਦੀ। ਬੰਤ ਨੂੰ ਸਾਰੀ ਉਮਰ ਭੂ ਹੇਰਵਾ ਵੀ ਸਤਾਉਂਦਾ ਰਹਿੰਦਾ ਹੈ। ਉਹਦਾ ਵਾਰ ਵਾਰ ਮਨ ਪੰਜਾਬ ਆਪਣੇ ਕਬੀਲੇ ਵਿਚ ਜਾਣ ਨੂੰ ਕਰਦਾ ਹੈ। ਦੋ ਪੀੜ੍ਹੀਆਂ ਵਿਚ ਵਿਚਾਰਾਂ ਦਾ ਟਕਰਾਅ ਨਾਵਲ ਵਿਚ ਉਹਦੀ ਧੀ ਜੀਤਾਂ ਤੇ ਮੁੰਡੇ ਜਿੰਦਰ ਰਾਹੀਂ ਉਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਆਪੇ ਪਸੰਦ ਕੀਤੇ ਮੁੰਡੇ ਨਾਲ ਵਿਆਹ ਕਰਵਾ ਤੇ ਤਿੰਨ ਕੁ ਸਾਲਾਂ ਬਾਅਦ ਜੀਤਾਂ ਉਹਦੇ ਕੋਲੋਂ ਵੱਖ ਹੋਣ ਬਾਰੇ ਪਿਤਾ ਬੰਤ ਨੂੰ ਦੱਸਦੀ ਹੈ ਤਾਂ ਉਹ ਸਾਰੀ ਉਮਰ ਉਸ ਮੁੰਡੇ ਦੀ ਪਤਨੀ ਬਣੇ ਰਹਿਣ ਦੀ ਸਲਾਹ ਦਿੰਦਾ ਹੈ। ਜੀਤਾਂ ਇਕ ਤਾਂ ਅਜ਼ਾਦੀ ਚਾਹੁੰਦੀ ਹੈ ਦੂਜਾ ਸਹੁਰੇ ਪਰਿਵਾਰ ਕੋਲੋਂ ਹਿੱਸਾ ਲੈ ਕੇ ਆਪਣੇ ਆਪ ਨੂੰ ਆਰਥਿਕ ਤੌਰ ਤੇ ਤਾਕਤਵਾਰ ਕਰਨਾ ਚਾਹੁੰਦੀ ਹੈ। ਉਸ ਦੀਆਂ ਭਾਵਨਾਤਮਿਕ ਲੋੜਾਂ ਨਾਲੋਂ ਪਦਾਰਥਵਾਦੀ ਰੁਚੀਆਂ ਹੋਣ ਕਾਰਨ ਉਹ ਆਪਣੇ ਪਿਓ ਕੋਲੋਂ ਵੀ ਘਰ ਵਿਚੋਂ ਹਿੱਸਾ ਮੰਗਦੀ ਹੈ। ਦੂਜੇ ਪਾਸੇ ਅਜਿਹੀਆਂ ਰੁਚੀਆਂ ਦਾ ਧਾਰਨੀ ਉਹਦਾ ਮੁੰਡਾ ਜਿੰਦਰ ਵੀ ਬਣ ਜਾਂਦਾ ਹੈ। ਪਹਿਲਾਂ ਉਹ ਆਪਣੀ ਭੈਣ ਦੇ ਵਿਆਹ ਵਿਚ ਆਪਣੇ ਪਿਓ ਨੂੰ ਕੋਈ ਪੈਸਾ ਨਹੀਂ ਦਿੰਦਾ। ਦੂਜਾ ਮਾਂ ਦੇ ਬਿਮਾਰ ਹੋਣ ਤੇ ਵੀ ਕੋਈ ਪੈਸੇ ਨਹੀਂ ਦਿੰਦਾ। ਅਤੇ ਪਿਓ ਦੇ ਅੰਤਲੇ ਸਮੇਂ ਉਹਨੂੰ ਆਪਣੇ ਘਰੋਂ ਕੱਢ ਕੇ ਵੱਖਰਾ ਕਰ ਦਿੰਦਾ ਹੈ। ਬੁਢਾਪੇ ਵਿਚ ਬੰਤ ਦਾ ਸਹਾਰਾ ਨਾ ਤਾਂ ਉਹਦਾ ਪੁੱਤ ਬਣਦਾ ਹੈ ਨਾ ਧੀ। ਉਹ ਇਕੱਲਾ ਰਹਿ ਜਾਂਦਾ ਹੈ। ਜਿਸ ਟੱਬਰ ਲਈ ਉਹ ਸਾਰੀ ਉਮਰ ਕਿਰਤ ਕਰਦਾ ਹੈ। ਉਹੀ ਟੱਬਰ ਉਹਨੂੰ ਹੱਥਲ ਕਰ ਦਿੰਦਾ ਹੈ। ਪਰ ਨਾਵਲ ਦੇ ਅੰਤ ਤੱਕ ਬੰਤੇ ਦੀ ਕਬੀਲਾ ਮਾਨਸਿਕਤਾ ਬਣੀ ਰਹਿੰਦੀ ਹੈ। ਕਿਉਂਕਿ ਆਪਣੇ ਪੋਤੇ ਨਾਲ ਉਹਦਾ ਲਗਾਓ ਬਣਿਆ ਰਹਿੰਦਾ ਹੈ। ਬੰਤ ਸਿੰਘ ਦੀ ਜ਼ਿੰਦਗੀ ਵਿਚ ਸੱਜਣ ਸਿੰਘ ਨਾਲ ਪਾਤਰ ਆਉਂਦਾ ਹੈ ਜਦੋਂ ਉਹ ਅਮਰੀਕਾ ਵਿਚ ਚੋਰੀ ਦਾਖਲ ਹੁੰਦਾ ਹੈ। ਸੱਜਣ ਸਿੰਘ ਟਰੱਕਾ ਦੀ ਵਰਕਸ਼ਾਪ ਚਲਾਉਂਦਾ ਹੈ ਤੇ ਉਹਦਾ ਰੱਜ ਕੇ ਸ਼ੋਸ਼ਣ ਕਰਦਾ ਹੈ। ਦੂਜਾ ਸ਼ੋਸ਼ਣ ਕਰਨ ਵਾਲਾ ਵਕੀਲ ਝੰਡਾ ਸਿੰਘ ਹੈ। ਜਿਹੜਾ ਉਹਨੂੰ ਪੱਕਾ ਕਰਨ ਲਈ ਉਹਦਾ ਰੱਜ ਕੇ ਆਰਥਿਕ ਸ਼ੋਸ਼ਣ ਕਰਦਾ ਹੈ। ਝੰਡਾ ਸਿੰਘ ਕੋਲ ਹੋਰ ਕੋਈ ਬਦਲ ਨਹੀਂ।

ਦੂਜੇ ਪਾਸੇ ਪਿਆਰੋ ਜਿਹੜੀ ਬੰਤੇ ਦੀ ਪਤਨੀ ਹੈ। ਉਹ ਪੰਜਾਬੀ ਪਰੰਪਰਿਕ ਨਾਰੀ ਦੀ ਪ੍ਰਤੀਨਿੱਧਤਾ ਕਰਦੀ ਹੈ। ਪਹਿਲਾ ਉਹ ਚੌਦਾ ਸਾਲ ਪੰਜਾਬ ਆਪਣੇ ਸਹੁਰੀ ਪਤੀ ਤੋਂ ਬਗੈਰ ਇਕਲਾਪਾ ਕੱਟਦੀ ਹੈ ਫਿਰ ਉਹ ਬੰਤਾ ਕੋਲ ਅਮਰੀਕਾ ਪਹੁੰਚ ਕੇ ਵੀ ਦੁੱਖੀ ਰਹਿੰਦੀ ਹੈ। ਆਪਣੇ ਪਤੀ-ਪੁੱਤਰ- ਧੀ ਦੀ ਤਿਕੋਣ ਵਿਚਕਾਰ ਫਸੀ ਰਹਿੰਦੀ ਹੈ। ਅੰਤ ਲੰਮੀ ਬਿਮਾਰੀ ਤੋਂ ਬਾਅਦ ਮਰ

ਜਾਂਦੀ ਹੈ। ਨਾਵਲ ਵਿਚ ਇਕ ਗੋਰੀ ਪਾਤਰ ਰੋਜ਼ਮੇਰੀ ਹੈ। ਜਿਹੜੀ ਇਕ ਪੜਾ ਤੇ ਆ ਕੇ ਬੰਤੇ ਨੂੰ ਮਿਲਦੀ ਹੈ। ਉਹ ਇਕੱਲੀ ਹੈ ਅਤੇ 'ਰੋਜ਼ਮੇਰੀ ਡੇਅ ਕੇਅਰ' ਬੱਚੇ ਸਾਂਭਣ ਵਾਲੀ ਸੰਸਥਾ ਚਲਾਉਂਦੀ ਹੈ। ਉਹਦੇ ਨਾਲ ਬੰਤ ਦਾ ਰਿਸ਼ਤਾ ਐਨਾ ਗਹਿਰਾ ਹੋ ਜਾਂਦਾ ਹੈ ਕਿ ਦੋਵੇਂ ਦੈਹਿਕ ਸਬੰਧ ਬਣਾ ਲੈਂਦੇ ਹਨ। ਤੇ ਝੰਡੇ ਵਕੀਲ ਦੀ ਸਲਾਹ ਨਾਲ ਵਿਆਹ ਕਰਵਾ ਲੈਂਦੇ ਹਨ। ਬੰਤਾ ਇਸ ਰਿਸ਼ਤੇ ਨੂੰ ਪੱਕੇ ਹੋਣ ਲਈ ਵਰਤਦਾ ਹੈ। ਰੋਜ਼ਮੇਰੀ ਐਨੀ ਫ਼ਰਾਖਦਿਲ ਹੈ ਕਿ ਉਹਨੂੰ ਤਲਾਕ ਦੇ ਕੇ ਪੱਕਾ ਕਰਵਾ ਦਿੰਦੀ ਹੈ, ਤੇ ਭਵਿੱਖ ਵਿਚ ਉਹਦੇ ਨਾਲ ਦੋਸਤੀ ਰੱਖਣ ਦੀ ਹਾਮੀ ਭਰਦੀ ਹੈ। ਤੀਜੀ ਔਰਤ ਪਾਤਰ ਬੰਤੇ ਦੀ ਨੂੰਹ ਤੇ ਜਿੰਦਰ ਦੀ ਪਤਨੀ ਪਰਬੀਨ ਹੈ। ਉਹਦਾ ਪਿਛੋਕੜ ਮਾਝਾ ਹੈ। ਉਹਦੇ ਮਾਂ ਪਿਓ ਸਿੱਖੀ ਸਰੂਪ ਵਾਲੇ ਤੇ ਸੁੱਧ ਸਾਕਾ ਹਾਰੀ ਹਨ। ਜਦੋਂ ਪਰਬੀਨ ਅਮਰੀਕਾ ਪਹੁੰਚ ਜਾਂਦੀ ਹੈ ਤਾਂ ਉਹ ਬੰਤ ਸਮੇਤ ਆਪਣੇ ਸਹੁਰੇ ਪਰਿਵਾਰ ਨਾਲ ਗੁੱਸੇ ਹੋ ਕੇ ਵੱਖ ਰਹਿਣ ਲੱਗ ਪੈਂਦੀ ਹੈ। ਦੋਹਾਂ ਪਰਿਵਾਰਾਂ ਵਿਚ ਕਲਚਰਿਲ ਵਖਰੇਵਾ ਦੋਹਾਂ ਪਰਿਵਾਰਾਂ ਵਿਚ ਟੈਨਸ਼ਨ ਵਧਾਉਂਦਾ ਹੈ ਤੇ ਜਿੰਦਰ ਵੱਡੀ ਸੋਚ ਦਾ ਨਾ ਹੋਣ ਕਾਰਨ ਆਪਣੀ ਪਤਨੀ ਮਗਰ ਲੱਗ ਕੇ ਆਪਣੇ ਸਹੁਰੇ ਪਰਿਵਾਰ ਦੀ ਕੱਟੜ ਸਿੱਖੀ ਸੋਚ ਵਿਚ ਰੰਗਿਆ ਜਾਂਦਾ ਹੈ। ਤੇ ਆਪਣੇ ਪਿਓ ਦੀ ਆਂਡੇ ਤੇ ਸ਼ਰਾਬ ਪੀਣ ਨੂੰ ਬੁਰਾ ਸਮਝਣ ਲੱਗ ਪੈਂਦਾ ਹੈ। ਪਰਬੀਨ ਦੀ ਪੀੜ੍ਹੀ ਪਾੜੇ ਕਾਰਨ ਸੋਚ ਵੱਖਰੀ ਤਰ੍ਹਾਂ ਦੀ ਹੈ। ਆਪਣੇ ਸਹੁਰੇ ਦੇ ਕਿਰਸੀ ਸੁਭਾ ਨੂੰ ਉਹ ਬਹੁਤ ਵੱਡੀ ਬੁਰਾਈ ਵਜੋਂ ਪੇਸ਼ ਕਰਦੀ ਹੈ। ਉਹਦੇ ਅੱਗੇ ਰਿਸ਼ਤਿਆ ਤੋਂ ਪਹਿਲਾਂ ਆਪਣੀਆਂ ਪਦਾਰਥਿਕ ਰੁਚੀਆਂ ਅਤੇ ਆਪਣਾ ਪਰਿਵਾਰ ਆ ਜਾਂਦਾ ਹੈ। ਚੌਥੀ ਨਾਰੀ ਪਾਤਰ ਜੀਤਾਂ ਹੈ ਜਿਹੜੀ ਬੰਤ ਦੀ ਛੋਟੀ ਧੀ ਹੈ। ਜੀਤਾਂ ਜਦੋਂ ਅਮਰੀਕਾ ਪਹੁੰਚਦੀ ਹੈ। ਪੜ੍ਹਨ ਤੇ ਕੰਮ ਕਰਨ ਲੱਗਦੀ ਹੈ ਤੇ ਅਮਰੀਕਾ ਦੇ ਰੰਗ ਵਿਚ ਰੰਗੀ ਜਾਂਦੀ ਹੈ। ਪਹਿਲਾ ਉਹਦੀ ਦੋਸਤੀ ਇੰਡੀਅਨ ਸਟੋਰ ਵਾਲੇ ਗੁਰਬਚਨ ਨਾਲ ਹੁੰਦੀ ਹੈ ਜੋ ਵਿਆਹ ਵਿਚ ਬਦਲ ਜਾਂਦੀ ਹੈ। ਗੁਰਬਚਨ ਦਾ ਪਰਿਵਾਰ ਦੁਆਬੇ ਦਾ ਹੈ ਤੇ ਜੀਤਾਂ ਦਾ ਪੁਆਧ -ਢਾਹਾਂ ਖਿੱਤੇ ਦਾ। ਲੇਖਕ ਦੇ ਅਵਚੇਤਨ ਵਿਚ ਇਹ ਵੀ ਪਿਆ ਹੈ ਕਿ ਦੁਆਬੇ ਦੇ ਲੋਕ ਘਟੀਆਂ ਤੇ ਮਾੜੇ ਹੁੰਦੇ ਹਨ। ਇਸ ਮਾਨਸਿਕਤਾ ਕਾਰਨ ਉਹ ਗੁਰਬਚਨ ਦੇ ਪਰਿਵਾਰ ਨੂੰ ਗੁਵਾਰ, ਅਨਪੜ੍ਹ ਪਰ ਆਰਥਿਕ ਪੱਖੋ ਤੱਕੜੇ ਨਾਵਲ ਵਿਚ ਪੇਸ਼ ਕਰਦਾ ਹੈ। ਜਿਹੜੇ ਰਾਤਾਂ ਨੂੰ ਰੱਜ ਕੇ ਸ਼ਰਾਬਾਂ ਪੀਂਦੇ ਤੇ ਮੀਟ ਖਾਂਦੇ ਹਨ। ਜੀਤਾਂ, ਤਿੰਨ ਚਾਰ ਸਾਲਾਂ ਬਾਅਦ ਆਪਣੇ ਪਤੀ ਤੋਂ ਮੋਹ ਭੰਗ ਹੋਣ ਕਾਰਨ ਵੱਖ ਹੋ ਜਾਂਦੀ ਹੈ। ਤੇ ਜਾਇਦਾਦ ਤੋਂ ਹਿੱਸਾ ਲੈ ਕੇ ਆਪਣੇ ਆਪ ਨੂੰ ਆਜ਼ਾਦ ਕਰ ਕਰ ਲੈਂਦੀ ਹੈ ਜੋ ਬਾਅਦ ਵਿਚ ਇਕ ਡਾਕਟਰ ਨਾਲ ਵਿਆਹ ਕਰਵਾ ਲੈਂਦੀ ਹੈ। ਉਹਦੇ ਮਨ ਵਿਚ ਪਦਾਰਥਕ ਹਿੱਤ ਹਨ।

ਨਾਵਲ ਦਾ ਮੁੱਢ ਬੰਤਾ ਸਿੰਘ ਦੇ ਬਿਰਧ ਹੋ ਜਾਣ ਤੋਂ ਸ਼ੁਰੂ ਹੁੰਦਾ ਹੈ। ਜਿਹਦੀ ਪਤਨੀ ਸਾਥ ਛੱਡ ਗਈ ਹੈ ਤੇ ਉਹਦਾ ਮਾਤਰ ਇਕੋ ਸਹਾਰਾ ਬਦਾਮਾ ਦਾ ਬੂਟਾ ਹੈ। ਏਥੋਂ ਹੀ ਕਹਾਣੀ ਪਿਛਲਖੁਰੀ ਚੱਲਦੀ ਹੈ। ਸਾਰਾ ਨਾਵਲ ਉਹਦੇ ਅਵਚੇਤਨ ਵਿਚ ਚੱਲਦਾ ਹੈ। ਜਦੋਂ ਬੰਤੇ ਦੀ ਪੜ੍ਹਾਈ ਛੁੱਟਦੀ ਹੈ ਉਸ ਵੇਲੇ ਪੰਜਾਬ ਦੇ ਹਲਾਤ ਖਰਾਬ ਸਨ। ਛੋਟੀ ਕਿਸਾਨੀ ਵਿਚੋਂ ਜਨਮੇ ਬੰਤ ਦੇ ਮਾਪੇ ਉਹਦਾ ਵਿਆਹ ਕਰ ਦਿੰਦੇ ਹਨ। ਏਥੇ ਰਹਿੰਦਿਆਂ ਹੀ ਉਹਦੇ ਦੋ ਬੱਚੇ ਮੁੰਡਾ ਤੇ ਕੁੜੀ ਹੋ ਜਾਂਦੇ ਹਨ। ਖੇਤੀ ਵਿਚੋਂ ਕੋਈ ਆਮਦਨ ਨਹੀਂ, ਉਤੋਂ ਹਾਲਾਤ ਮਾੜੇ ਹਨ। ਇਸੇ ਸਮੇਂ ਦੌਰਾਨ ਬੰਤ ਸ਼ਾਂਤੀ ਪਰਸ਼ਾਦ ਏਜੰਟ ਰਾਹੀਂ ਅਮਰੀਕਾ ਬੜੀ ਮੁਸ਼ਕਲ ਨਾਲ ਪਹੁੰਚਦਾ ਹੈ। ਉਸ ਨੂੰ ਅਫਰੀਕਾ ਦੇ ਜੰਗਲਾਂ ਵਿਚੋਂ ਨਜਾਇਜ਼ ਤਰੀਕੇ ਨਾਲ ਏਜੰਟ ਲਿਜਾਂਦੇ ਹਨ। ਅਫਰੀਕਾ ਵਿਚ ਉਹ ਤਿੰਨ ਚਾਰ ਮਹੀਨੇ ਦਰੱਖ਼ਤ ਕੱਟਣ ਦਾ ਕੰਮ ਕਰਦਾ ਹੈ। ਬੜੀ ਮੁਸ਼ਕਲ ਨਾਲ ਆਪਣੇ 13 ਪੰਜਾਬੀਆਂ ਨਾਲ ਬੰਤਾ ਉਸ ਗੁਲਾਮੀ 'ਚੋਂ ਛੁੱਟਦਾ ਹੈ। ਅਮਰੀਕਾ ਦੇ ਬਾਡਰ ਵੱਲ ਵੱਧਦਿਆਂ ਬੰਤਾ ਆਪਣੇ ਨਾਲ ਕਈ ਸਾਥੀ ਖੋਹ ਲੈਂਦਾ ਹੈ। ਅੰਤ ਤਿੰਨ ਚਾਰ ਸਾਥੀਆਂ ਸਮੇਤ ਅਮਰੀਕਾ ਦਾ ਬਾਡਰ ਟੱਪ ਜਾਂਦਾ ਹੈ। ਨਾਵਲ



ਦਾ ਇਹ ਬਿਰਤਾਂਤ ਕਾਫੀ ਲੰਮਾ ਹੈ। ਕਿਸੇ ਤਰ੍ਹਾਂ ਉਹ ਸੱਜਣ ਸਿੰਘ ਦੀ ਵਰਕਸ਼ਾਪ ਵਿਚ ਕੰਮ ਕਰਨ ਲੱਗ ਪੈਂਦਾ ਹੈ। ਸੱਜਣ ਉਹਦਾ ਰੱਜ ਕੇ ਸ਼ੋਸ਼ਣ ਕਰਦਾ ਹੈ। ਇਕ ਪਾਤਰ ਉਹਦੀਆਂ ਅੱਖਾਂ ਖੋਹਲਾ ਹੈ, "ਤੂੰ ਆਪਣੇ ਸਾਕ-ਸੰਬੰਧੀ ਦੀ ਗੱਲ ਛੱਡ। ਜਿਥੇ ਵੀ ਜਾਏਂਗਾ, ਤੈਨੂੰ ਹਰੇਕ ਨੇ ਇਉਂ ਹੀ ਕੁਕਿਆਂ ਦੇ ਡੋਲ ਵਾਂਗੂੰ ਮਾਂਜਣਾ। (ਪੰਨਾ-65) ਸੱਜਣ ਦੀ ਵਰਕਸ਼ਾਪ ਵਿਚ ਬੰਤ ਥੱਲੇ ਸੌਂਦਾ ਹੈ, ਤੇ ਉਹ ਘਟੀਆਂ ਦਾਲ-ਰੋਟੀ ਖਾਣ ਨੂੰ ਦਿੰਦਾ ਹੈ। ਅੱਕ ਕੇ ਉਹ ਸੱਜਣ ਦੀ ਚੁੰਗਲ ਵਿਚੋਂ ਨਿਕਲਦਾ ਹੈ। ਪਰ ਬਾਹਰ ਹਨੇਰਾ ਹੈ। ਕਿਸੇ ਹੋਰ ਰਾਹੀਂ ਉਹ ਸਕਿਊਰਟੀ ਕਰਦਾ ਹੈ, ਉੱਥੇ ਹੀ ਉਹਦੇ ਤੇ ਜਾਨ ਲੇਵਾ ਹਮਲਾ ਹੋ ਜਾਂਦਾ ਹੈ। ਪੰਜਾਬੀ ਉਹਦੀ ਲੁੱਟ ਥਾਂ ਥਾਂ ਕਰਦੇ ਹਨ। ਇਸੇ ਸਮੇਂ ਦੌਰਾਨ ਝੰਡਾ ਵਕੀਲ ਬੰਤ ਦੇ ਵਰਕ ਪਰਮਿਟ ਦੇ ਪੇਪਰ ਭਰਦਾ ਹੈ। ਤੇ ਜੋ ਉਹ ਕੰਮ ਕਰਕੇ ਡਾਲਰ 'ਕੱਠੇ ਕਰਦਾ ਹੈ ਝੰਡਾ ਡਾਲਰ ਲਈ ਜਾਂਦਾ ਹੈ। ਰੋਗੀ ਰੋਜ਼ਮੇਰੀ ਇਕ ਪਾਰਕ ਵਿਚ ਬੰਤ ਨੂੰ ਮਿਲਦੀ ਹੈ। ਤੇ ਦੋਹਾਂ ਵਿਚ ਦੋਸਤੀ ਹੋ ਜਾਂਦੀ ਹੈ। ਰੋਜ਼ਮੇਰੀ ਡੇਅ ਕੇਅਰ ਵਿਚ ਉਹਨੂੰ ਨੌਕਰੀ 'ਤੇ ਰੱਖ ਲੈਂਦੀ ਹੈ। ਇਸੇ ਦੌਰਾਨ ਬੰਤ ਨੂੰ ਉਪਰੋ ਥਲੀ ਆਪਣੇ ਮਾਂ ਤੇ ਬਾਪ ਦੇ ਮਰਨ ਦੀ ਖਬਰ ਮਿਲਦੀ ਹੈ। ਝੰਡੇ ਵਕੀਲ ਦੀ ਸਲਾਹ ਨਾਲ ਉਹ ਗੋਰੀ ਨਾਲ ਵਿਆਹ ਕਰਵਾ ਲੈਂਦਾ ਹੈ। ਗਰੀਨ ਕਾਰਡ ਪ੍ਰਾਪਤ ਹੋਣ ਕਾਰਨ ਉਹਦਾ ਅਮਰੀਕਾ ਆਉਣ ਦਾ ਮਕਸਦ ਪੂਰਾ ਹੋ ਜਾਂਦਾ ਹੈ। ਤੇ ਬੰਤਾ 14 ਸਾਲਾਂ ਬਾਅਦ ਆਪਣੇ ਟੱਬਰ ਨੂੰ ਮਿਲਦਾ ਹੈ। ਪਿੱਛੇ ਇਕਲਾਪਾ ਕੱਟਦੀ ਬੰਤ ਦੀ ਪਤਨੀ ਪਿਆਰੋ ਆਪਣੇ ਦੋ ਬੱਚਿਆਂ ਨੂੰ ਲੈ ਕੇ ਤਾਹਨੇ ਮਿਹਣੇ ਮਾਰਦੀ ਹੈ। ਉਹ ਸੋਚਦੀ ਹੈ ਕਿ ਹੁਣ ਰੋਜ਼ਮੇਰੀ ਨਾਲ ਵਿਆਹ ਕਰਵਾ ਕੇ ਬੰਤਾ ਉਨ੍ਹਾਂ ਨੂੰ ਛੱਡ ਦੇਵੇਗਾ। ਤਲਾਕ ਦੀ ਸਹਿਮਤੀ ਭੇਜਦੀ ਰੋਜ਼ੀ ਲਿਖਦੀ ਹੈ, "ਜਦੋਂ ਤੇਰੀ ਫੈਮਿਲੀ ਏਧਰ ਆਵੇ ਤਾਂ ਮੈਨੂੰ ਮਿਲਾ ਕੇ ਜ਼ਰੂਰ ਜਾਵੀਂ।" ਆਪਣੇ ਏਸ ਵਰਤਾਓ ਨਾਲ ਉਹ ਬਹੁਤ ਵੱਡੇ ਵਿਚਾਰਾਂ ਵਾਲੀ ਨਾਰੀ ਵਜੋਂ ਉਭਰਦੀ ਹੈ। ਓਧਰ ਉਸ ਦੀ ਅਸਲ ਪਤਨੀ ਆਪਣੇ ਜੁਆਕ ਪਾਲਦੀ, ਘਰ ਦੇ ਕੰਮ ਕਰਦੀ, ਆਪਣੇ ਭੈਣ (ਛੋਟੀ ਭਰਜਾਈ) ਦੇ ਕੰਮ ਕਰਦੀ ਪਿਆਰੋ ਰੁਲ਼ ਜਾਂਦੀ ਹੈ।

ਪਿਛਲੇ ਪਰਿਵਾਰ ਦੇ ਮੋਹ ਕਾਰਨ ਬੰਤਾ ਗੋਰੀ ਤੋਂ ਤਲਾਕ ਲੈਣ ਲਈ ਵੱਖਰਾ ਰਹਿਣ ਲੱਗ ਪੈਂਦਾ ਹੈ। ਗੋਰੀ ਬੜੀ ਫ਼ਰਾਖਦਿਲ ਹੈ, ਜਿਹੜੀ ਬਿਨਾ ਲੋਭ ਤੋਂ ਉਹਨੂੰ ਤਲਾਕ ਦੇ ਦਿੰਦੀ ਹੈ। ਬੰਤਾ ਗੈਰੀਸਨ ਟਰੱਕ ਕੰਪਨੀ ਵਿਚ ਕੰਮ ਕਰਦਾ ਹੈ। ਉਧਰ ਉਹਦਾ ਮੁੰਡਾ ਜਿੰਦਰ ਕਾਲਜ ਪੜ੍ਹਦਾ ਵਿਗੜ ਜਾਂਦਾ ਹੈ। ਮੇਵਾ ਸਿੰਘ ਖੰਗੂੜਾ ਉਹਦਾ ਦੋਸਤ ਉਹਦੇ ਹਰ ਦੁੱਖ ਸੁੱਖ ਦਾ ਸਾਥੀ ਬਣਦਾ ਹੈ। ਬੰਤ ਦਾ ਪਰਿਵਾਰ ਇਕ ਦਿਨ ਅਮਰੀਕਾ ਪਹੁੰਚ ਜਾਂਦਾ ਹੈ। ਸ਼ੁਰੂ ਵਿਚ ਬੰਤ ਦੇ ਮੁੰਡੇ ਤੇ ਧੀ ਨੂੰ ਕੰਮ ਕਰਨ ਲਈ ਭਾਰੀ ਮੁਸ਼ਕਲਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਜਦੋਂ ਬੰਤ ਆਪਣੇ ਮੁੰਡੇ ਦਾ ਵਿਆਹ ਪਰਬੀਨ ਨਾਲ ਕਰਦਾ ਹੈ ਅਤੇ ਉਹਦੇ ਅਮਰੀਕਾ ਵਿਚ ਆਉਣ ਨਾਲ ਪਰਿਵਾਰ ਵਿਚ ਨਵਾਂ ਸੰਕਟ ਜਨਮ ਲੈਂਦਾ ਹੈ। ਬੰਤਾ ਅਮਰੀਕਾ ਦੇ ਸਿਸਟਮ 'ਚ ਫਸਿਆ ਮਹਿਸੂਸ ਕਰਦਾ ਹੈ। ਉਹਨੂੰ ਘਰਾਂ ਦੇ ਬੈੱਲ, ਗੱਡੀਆਂ ਦੀਆਂ ਕਿਸ਼ਤਾਂ, ਤੇ ਹੋਰ ਖਰਚੇ ਪਰੇਸ਼ਾਨ ਕਰਦੇ ਹਨ। ਉਹ ਕਿਰਸ ਕਰਕੇ ਆਪਣੇ ਸਿਰ ਦਾ ਕਰਜ਼ਾ ਕਿਸੇ ਤਰੀਕੇ ਨਾਲ ਲਾਹੁਣਾ ਚਾਹੁੰਦਾ ਹੈ। ਨਾਵਲੀ ਬਿਰਤਾਂਤ ਵਿਚ ਬੰਤਾ ਇਕ ਅਜਿਹਾ ਪਾਤਰ ਹੈ, ਜਿਹੜਾ ਸਾਰੀ ਉਮਰ ਕੰਮ ਕਰਦਾ ਰਹਿੰਦਾ ਹੈ। ਨਾ ਉਹ ਚੰਗੀ ਤਰ੍ਹਾਂ ਖਾਂਦਾ ਹੈ ਨਾ ਪਹਿਨਦਾ ਹੈ ਨਾ ਹੀ ਜਿਉਂਦਾ ਹੈ, ਬਸ ਦੂਜਿਆਂ ਲਈ ਜਿਉਂਦਾ ਹੈ। ਉਹ ਸਾਰੀ ਉਮਰ ਕੰਮ ਦੀ ਚੱਕੀ ਪੀਸੀ ਜਾਂਦਾ ਹੈ। ਪਰਬੀਨ ਦੇ ਆਉਣ ਨਾਲ ਜਿੰਦਰ ਸੇਵਾ ਸਿੰਘ ਦਾ ਟਰੱਕ ਚਲਾਉਂਦਾ ਹੈ। ਤੇ ਉਹਦੀ ਪਤਨੀ ਵੀ 'ਫੋਸਟਰ ਫਾਰਮ' ਕੰਮ ਕਰਨ ਲੱਗ ਪੈਂਦੀ ਹੈ। ਸਾਰਾ ਪਰਿਵਾਰ ਸਿਰ ਸੁੱਟ ਕੇ ਕੰਮ ਕਰਦਾ ਹੈ। ਕੰਮ ਦੇ ਦਬਾਓ ਨਾਲ ਉਹ ਇਕ ਦੂਜੇ ਨਾਲ ਅੰਦਰੋਂ ਅੰਦਰ ਖਿਝਦੇ ਹਨ। ਇਸ ਦੌਰਾਨ ਪਰਬੀਨ ਨਰਸ ਦੀ ਜੌਬ

ਤੇ ਲੱਗ ਜਾਂਦੀ ਹੈ। ਉਧਰ ਜੀਤਾਂ ਵੀ ਨੌਕਰੀ ਕਰਨ ਲੱਗ ਜਾਂਦੀ ਹੈ। ਜੀਤਾਂ ਦੇ ਵਿਆਹ ਨੂੰ ਲੈ ਕੇ ਬੰਤ ਤੇ ਜਿੰਦਰ ਵਿਚਕਾਰ ਤਲਖੀ ਹੋ ਜਾਂਦੀ ਹੈ। ਜਿੰਦਰ ਆਪਣੀ ਭੈਣ ਦੇ ਵਿਆਹ ਤੇ ਕੋਈ ਡਾਲਰ ਦੇਣਾ ਨਹੀਂ ਚਾਹੁੰਦਾ। ਗੱਲ ਐਨੀ ਵਿਗੜ ਜਾਂਦੀ ਹੈ ਕਿ ਦੋਵੇਂ ਜਣੇ ਵੱਖ ਹੋ ਕੇ ਰਹਿਣ ਲੱਗ ਪੈਂਦੇ ਹਨ। ਏਸੇ ਸਮੇਂ ਪਿਆਰੀ ਬਿਮਾਰ ਹੋ ਜਾਂਦੀ ਹੈ। ਬੰਤ ਉਹਦਾ ਇਲਾਜ਼ ਪੰਜਾਬ ਵਿਚ ਕਰਵਾਉਂਦਾ ਦੋ ਸਾਲ ਪੰਜਾਬ ਵਿਚ ਰਹਿੰਦਾ ਹੈ। ਨਾਵਲ ਵਿਚ ਪਿਆਰੀ ਦੀ ਬਿਮਾਰੀ ਦਾ ਬਿਰਤਾਂਤ ਬਹੁਤ ਲੰਮਾ ਹੈ। ਇਸ ਦੌਰਾਨ ਜੀਤਾਂ ਦਾ ਸਹੁਰਾ ਪਰਿਵਾਰ ਨਾਲ ਝਗੜਾ ਹੋ ਜਾਂਦਾ ਹੈ ਤੇ ਨੌਬਤ ਤਲਾਕ ਤੱਕ ਪਹੁੰਚ ਜਾਂਦੀ ਹੈ। ਦੂਜੇ ਪਾਸੇ ਪਰਬੀਨ ਦੇ ਮੁੰਡਾ ਹੋਣ ਵਾਲਾ ਹੁੰਦਾ ਹੈ। ਤੇ ਉਹ ਆਪਣੇ ਮਾਂ ਪਿਓ ਨੂੰ ਸੱਦ ਲੈਂਦੀ ਹੈ। ਜਿੰਦਰ ਦਾ ਕੰਮ ਚੰਗਾ ਚੱਲ ਪੈਂਦਾ ਹੈ। ਉਹ ਤਿੰਨ ਘਰ ਖਰੀਦ ਲੈਂਦਾ ਹੈ। ਜਦੋਂ ਬੰਤਾ ਮੁੜ ਅਮਰੀਕਾ ਆਉਂਦਾ ਹੈ ਤੇ ਉਦੋਂ ਕਾਫੀ ਉਥਲ-ਪੁੱਥਲ ਹੋ ਜਾਂਦੀ ਹੈ। ਬੰਤਾ ਅਣਮੰਨੇ ਮਨ ਨਾਲ ਆਪਣੇ ਮੁੰਡੇ ਕੋਲ ਰਹਿਣ ਲੱਗਦਾ ਹੈ। ਬੰਤ ਦੇ ਫਰੈਜ਼ ਵਿਚ ਰੱਖੇ ਅੰਡੇਆਂ ਨੂੰ ਲੈ ਕੇ ਉਹਦੀ ਕੁੜਮ-ਕੁੜਮਣੀ ਨਾਲ ਤਲਖੀ ਹੋ ਜਾਂਦੀ ਹੈ। ਨੌਬਤ ਬੰਤ ਨੂੰ ਘਰੋਂ ਕੱਡਣ ਦੀ ਆ ਜਾਂਦੀ ਹੈ। ਹੁਣ ਬੰਤਾ ਇਕੱਲਾ ਰਹਿ ਜਾਂਦਾ ਹੈ। ਆਪਣਾ ਭਵਿੱਖ ਉਹ ਆਪਣੇ ਪੋਤੇ ਵਿਚ ਵੇਖਦਾ ਹੈ। ਵਿਹਲੇ ਸਮੇਂ ਉਹ ਸੀਨੀਅਰ ਸੈਂਟਰ ਰਹਿੰਦਾ ਹੈ। ਬੰਤਾ ਅੰਤ ਤੱਕ ਆਪਣੇ ਕਿਰਤ ਕਰਨ ਦੇ ਸਿਧਾਂਤ ਤੇ ਰਹਿੰਦਾ ਹੈ। ਆਪਣੀਆਂ ਜੜ੍ਹਾਂ ਨਾਲ ਜੁੜਨ ਦੀ ਆਸ ਦੀ ਕਿਰਨ ਉਹ ਆਪਣੇ ਪੋਤੇ ਵਿਚ ਵੇਖਦਾ ਹੈ।

ਨਿਸਚੇ ਹੀ ਨਾਵਲਕਾਰ ਨੇ ਬੰਤ ਰਾਹੀਂ ਪੰਜਾਬੀ ਮਨੁੱਖ ਦੇ ਵਿਸ਼ਾਲ ਸਮਾਜਿਕ ਸਰੋਕਾਰ ਨੂੰ ਬਿਰਤਾਂਤ ਵਿਚ ਢਾਲਣ ਦਾ ਸਫ਼ਲ ਕਾਰਜ ਕੀਤਾ ਹੈ। ਉਹ ਇਕ ਹੰਢਿਆ ਹੋਇਆ ਨਾਵਲਕਾਰ ਹੈ। ਨਾਵਲੀ ਬਿਰਤਾਂਤ ਇਕ ਤਾਂ ਬੰਤ ਰਾਹੀ ਚੱਲਦਾ ਹੈ। ਨਾਲ ਨਾਲ ਉਹ ਪਾਤਰ ਦੀ ਮਾਨਸਿਕਤਾ ਵਿਚ ਵੀ ਚੱਲਦਾ ਹੈ। ਬਾਹਰੀ ਵਰਤਾਰਿਆਂ ਦਾ ਪਾਤਰਾਂ ਦੇ ਮਨ ਤੇ ਕਿਵੇਂ ਅਸਰ ਹੁੰਦਾ ਹੈ। ਉਹ ਮਨ ਰਾਹੀਂ ਘਟਨਾਵਾਂ ਬਾਰੇ ਕਿਵੇਂ ਸੋਚਦੇ ਹਨ ਤੇ ਬਾਹਰੀ ਕਾਰਜ ਕਿਵੇਂ ਕਰਦੇ ਹਨ। ਨਾਵਲ ਦੇ ਪਾਤਰ ਸਿੱਖੀ ਕਲਚਰ ਵਿਚੋਂ ਆਏ ਹਨ। ਜਿਸ ਕਾਰਨ ਨਾਵਲਕਾਰ ਸਿੱਖੀ ਇਤਿਹਾਸ ਦੇ ਚਿਹਨ ਆਪਣੀ ਗੱਲ ਨੂੰ ਦ੍ਰਿੜਤਾ ਨਾਲ ਕਰਨ ਲਈ ਵਰਤਦਾ ਹੈ। ਉਹਦੇ ਪਾਤਰ ਪੰਜਾਬ ਦੇ ਲੋਕਾਂ ਦੇ ਸੁਭਾਅ ਨੂੰ ਨਿੰਦਦੇ ਹਨ ਤੇ ਅਮਰੀਕਾ ਦੇ ਹਰ ਕੰਮ ਦੀ ਤਰੀਫ਼ ਕਰਦੇ ਹਨ। ਫ਼ਿਕਰ, ਤਰਸੇਵਾ, ਪਰੇਸ਼ਾਨੀ, ਟੈਨਸ਼ਨ ਪਾਤਰਾਂ ਨੂੰ ਪਲ ਪਲ ਘੇਰੀ ਰੱਖਦੇ ਹਨ। ਅਮਰੀਕਾ ਵੱਸ ਗਏ ਉਸ ਪਰਿਵਾਰ ਦੀ ਕਹਾਣੀ ਹੈ, ਜਿਹੜਾ ਮਸਾਂ ਗੁਜਾਰਾ ਚਲਾਉਂਦੇ ਹਨ। 'ਰਿਜ਼ਕ' ਦਾ ਨਾਵਲੀ ਬਿਰਤਾਂਤ ਕਿਤੇ ਕਿਤੇ ਬੋਝਲ ਵੀ ਲੱਗਦਾ ਹੈ। ਪਾਠਕ ਪੜ੍ਹਦਾ ਪੜ੍ਹਦਾ ਉਕਤਾ ਜਾਂਦਾ ਹੈ। ਲੇਖਕ ਜਾਣ ਬੁੱਝ ਕੇ ਕਈ ਵਾਰ ਵਾਕਾਂ ਨੂੰ ਲੰਮਾ ਖਿੱਚਦਾ ਹੈ। ਜਿਵੇਂ ਪੰਨਾ 74 ਉੱਤੇ ਇਕ ਵਾਕ ਹੈ- "ਕਿਣਮਿਣ-ਕਾਣੀ ਵਿਚ ਭਿੱਜਦਾ-ਸਿੱਜਦਾ ਉਹ ਤੁਰਦਾ ਗਿਆ।" ਮੈਨੂੰ ਇਸ ਵਾਕ ਵਿਚ ਦੋ ਸ਼ਬਦ 'ਕਾਣੀ' ਅਤੇ 'ਸਿੱਜਦਾ' ਫਾਲਤੂ ਲੱਗਦੇ ਹਨ। ਜੇਕਰ ਇਹ ਦੋ ਵਾਕ ਨਾ ਹੋਣ ਤਾਂ ਪਾਠਕ ਨੂੰ ਅਰਥ ਸੰਚਾਰ ਹੋ ਜਾਣੇ ਸਨ। ਇਸ ਤਰ੍ਹਾਂ ਹੋਰ ਥਾਵਾਂ ਤੇ ਲੇਖਕ ਆਪਣੇ ਸ਼ਬਦੀ ਮੋਹ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਦੇ ਬਾਵਜੂਵ ਰਿਜ਼ਕ ਅਮਰੀਕਾ ਪਰਵਾਸ ਦੇ ਵਰਤਾਰਿਆਂ ਨਾਲ ਸੰਵਾਦ ਰਚਾਉਂਦਾ ਹੈ।


## ***ਕਹਾਣੀ ਧਾਰਾ ਦੇ ਸਾਰੇ ਅੰਕਾਂ ਦੀਆਂ PDF ਫਾਇਲਾ***

***ਅਸੀਂ ਕਹਾਣੀ ਧਾਰਾ ਦੇ ਪਾਠਕਾਂ ਨੂੰ ਦੱਸ ਦਈਏ ਕਿ ਬੜੇ ਯਤਨਾ ਨਾਲ ਕਹਾਣੀ ਧਾਰਾ ਦੇ ਅੰਕ 1 ਤੋਂ 56 ਤੱਕ ਦੇ ਸਾਰੇ ਅੰਕਾਂ ਦੀਆਂ PDF ਫਾਇਲਾ ਤਿਆਰ ਕਰ ਲਈਆਂ ਗਈਆਂ ਹਨ। ਬਹੁਤ ਜਲਦੀ ਅਸੀਂ ਆਪਣੀ ਵੈਬ ਸਾਇਟ ਤੇ ਪਾ ਦਿਆਗੇ। ਪਾਠਕ ਮੁ਼ਫਤ ਵਿਚ ਸਾਰੇ ਪੁਰਾਣੇ ਅੰਕ ਪੜ੍ਹ ਸਕਣਗੇ। ਅਸੀਂ ਫੇਸ ਬੁੱਕ ਪੇਜ਼ ਵੀ ਤਿਆਰ ਕਰਾਗੇ।***



# ਇਤਿਹਾਸਕ ਗਤੀ ਨਾਲ ਸੰਵਾਦ ਰਚਾਉਂਦੀ ਗਲਪ ਰਚਨਾ 'ਸਾਦਿਕ ਸੁਲਤਾਨ ਸ਼ੇਰ ਸ਼ਾਹ ਸੂਰੀ'

**-ਭਗਵੰਤ ਰਸੂਲਪੁਰੀ**




ਮਨਮੋਹਨ ਬਾਵਾ ਪੰਜਾਬੀ ਦਾ ਅਜਿਹਾ ਨਾਵਲਕਾਰ ਹੈ ਜਿਸ ਨੇ ਇਤਿਹਾਸਕ ਨਾਵਲਾਂ ਰਾਹੀਂ ਭਾਰਤੀ ਰਾਜਨੀਤੀ, ਸਮਾਜਿਕ ਬਣਤਰ, ਆਰਥਿਕ ਦਸ਼ਾ, ਸੱਭਿਆਚਾਰਕ ਵਿਕਾਸ ਨੂੰ ਬੜੀ ਕੁਸ਼ਲਤਾ ਨਾਲ ਗਲਪ ਵਿਚ ਸਮੇਂ ਸਮੇਂ ਢਾਲਿਆ ਹੈ। ਇਤਿਹਾਸ ਨੂੰ ਸਮਝਣ ਲਈ ਉਹਦੇ ਕੋਲ ਸੰਤੁਲਿਤ ਦ੍ਰਿਸ਼ਟੀ ਹੈ। ਜਿਹੜੀ ਦ੍ਰਿਸ਼ਟੀ ਇਤਿਹਾਸ ਦੀਆਂ ਘਟਨਾਵਾਂ ਨੂੰ ਉਸ ਕਾਲ ਦੇ ਪਾਤਰਾਂ ਨੂੰ ਅਤੇ ਸਮਾਜਿਕ ਸਥਿਤੀ ਨੂੰ ਆਪਣੀ ਪਾਰਖੂ ਅੱਖ ਨਾਲ ਚੁੱਕ ਕੇ ਗਲਪੀ ਬਿਰਤਾਂਤ ਵਿਚ ਢਾਲ ਲੈਂਦੀ ਹੈ। ਉਹ ਇਤਿਹਾਸਕ ਪਾਤਰਾਂ ਨਾਲ ਐਨਾ ਰਚ ਮਿਚ ਜਾਂਦਾ ਹੈ ਕਿ ਪਾਠਕ ਨੂੰ ਨਾਵਲੀ ਬਿਰਤਾਂਤ ਦੇ ਨਾਲ ਨਾਲ ਤੋਰ ਲੈਂਦਾ ਹੈ। ਇਤਿਹਾਸ ਨਾਲ ਸੰਵਾਦ ਰਚਾਉਣ ਦੀ ਉਹਦੇ ਕੋਲ ਕਲਾ ਹੈ। ਪਾਠਕ ਅੱਗੇ ਉਹ ਆਪਣੀ ਤਰਕਸ਼ੀਲ ਦ੍ਰਿਸ਼ਟੀ ਨਾਲ ਇਤਿਹਾਸਕ ਨਾਵਲ ਦੇ ਬਿਰਤਾਂਤ ਦੀ ਘਟਨਾਵਾਂ ਦੀ ਚੋਣ ਕਰਕੇ ਅਨੇਕਾਂ ਭੁਲੇਖਿਆ ਨਾਲ ਲੱਗੇ ਪਾਠਕ ਦੇ ਮਨ ਵਿਚਲੇ ਜਾਲ਼ੇ ਲਾਹੁੰਦਾ ਤੁਰਿਆ ਜਾਂਦਾ ਹੈ। ਮੁਗਲ ਕਾਲ, ਬੁੱਧ ਕਾਲ ਅਤੇ ਰਣਜੀਤ ਸਿੰਘ ਦੇ ਕਾਲ ਨੂੰ ਸਮਝਣ ਲਈ ਉਹਦੇ ਕੋਲ ਤਿੱਖੀ ਦ੍ਰਿਸ਼ਟੀ ਹੈ। ਉਹ ਦਾ ਹੱਥਲਾ ਨਾਵਲ ਮੁ਼ਗਲ ਕਾਲ 'ਤੇ ਕੇਂਦਰਤ ਹੈ। ਜਿਸ ਵਿਚ ਉਸ ਨੇ ਮੁ਼ਗਲ ਕਾਲ ਦੇ ਸਮੇਂ ਉਭਰੇ ਅਫ਼ਗਾਨ ਸ਼ਾਸਕ ਫ਼ਰੀਦ ਉਰਫ ਸ਼ੇਰ ਸਾਹ ਸੂਰੀ ਦੇ ਸ਼ਾਸ਼ਨ ਨੂੰ ਬਹੁਤ ਹੀ ਸੰਤੁਲਿਤ ਦ੍ਰਿਸ਼ਟੀ ਨਾਲ ਉਭਾਰਨ ਦਾ ਯਤਨ ਕੀਤਾ ਹੈ। ਉਹਦੇ ਕੋਲ ਕੇਵਲ ਇਤਿਹਾਸ ਦੀਆਂ ਘਟਨਾਵਾਂ ਹੀ ਨਹੀਂ ਹਨ ਬਲਕਿ ਪਾਤਰਾਂ ਨਾਲ ਜੁੜੇ ਨਿੱਕੇ ਨਿੱਕੇ ਪਾਤਰ ਜਿਹੜੇ ਉਹਦੀ ਸ਼ਖ਼ਸ਼ੀਅਤ ਦਾ ਨਿਰਮਾਣ ਕਰਦੇ ਹਨ। ਦ੍ਰਿਸ਼ ਅਤੇ ਘਟਨਾਵਾਂ ਦੀ ਚੋਣ ਨਾਲ ਉਹ ਪਾਤਰ ਨੂੰ ਘੜਦਾ ਜਾਂਦਾ ਹੈ।

ਸ਼ੇਰ ਸ਼ਾਹ ਆਪਣੇ ਰਾਜ ਦਾ ਵਿਸਥਾਰ ਲੁੱਟਾਂ, ਕਤਲ, ਜ਼ੁਲਮ ਨਾਲ ਨਹੀਂ ਕਰਦਾ ਬਲਕਿ ਹਮਾਯੂੰ ਤੋਂ ਉਲਟ ਆਪਣੇ ਰਾਜ ਦਾ ਵਿਸਥਾਰ ਛੋਟੇ ਕਿਸਾਨ, ਕਾਮੇ, ਗਰੀਬ ਪਰਜ਼ਾ ਦੇ ਭਲੇ ਵਾਸਤੇ ਕੀਤੇ ਕਾਰਜਾਂ ਰਾਹੀ ਕਰਦਾ ਹੈ। ਮਨਮੋਹਨ ਬਾਵਾ ਆਪਣੇ ਨਾਵਲ **'ਸ਼ੇਰ ਸ਼ਾਹ ਸੂਰੀ'** (**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ:** 350, **ਪੰਨੇ** :400) ਦੇ ਬਿਰਤਾਂਤ ਵਿਚੋਂ ਸ਼ੇਰ ਸ਼ਾਹ ਸੱਚ ਦੇ ਮਾਰਗ 'ਤੇ ਚੱਲਣ ਵਾਲਾ ਸੁਲਤਾਨ ਹੈ। ਅਜਿਹਾ ਕਰਕੇ ਉਹ ਮੰਗੋਲਾਂ, ਤੁਰਕਾਂ ਨੂੰ ਸਵਾਲਾਂ ਦੇ ਘੇਰੇ ਵਿਚ ਲੈ ਆਉਂਦਾ ਹੈ। ਜਿਹੜੇ ਸ਼ਾਸਕਾਂ ਦਾ ਮੁੱਖ ਮਕਸਦ ਉੱਥੋਂ ਦੇ ਕਿਸਾਨਾਂ ਤੋਂ ਵੱਧ ਤੋਂ ਵੱਧ ਕਰ ਉਗਰਾਹੁਣਾ, ਔਰਤਾਂ ਨੂੰ ਲੁੱਟਣਾ ਰਿਹਾ ਹੈ। ਨਾਵਲਕਾਰ ਆਪਣੇ ਨਾਵਲੀ ਬਿਰਤਾਂਤ ਰਾਹੀਂ ਇਹ ਵੀ ਕਹਿਣਾ ਚਾਹੁੰਦਾ ਹੈ ਕਿ ਸ਼ੇਰ ਸ਼ਾਹ ਦਾ ਸਾਰੀ ਉਮਰ ਮੁੱਖ ਕੰਮ ਔਰਤ

ਦੀ ਰੱਖਿਆ ਕਰਨਾ, ਪਰਜਾ ਦਾ ਭਲਾ ਕਰਨਾ, ਕਿਸਾਨਾ ਤੋਂ ਬਣਦਾ ਕਰ ਲੈਣਾ ਰਿਹਾ ਹੈ। ਜਿਹੜਾ ਵੀ ਖ਼ਜ਼ਾਨਾ ਉਹਦੇ ਹੱਥ ਲੱਗਦਾ ਹੈ ਉਸ ਨੂੰ ਆਪਣੇ ਰਾਜ ਵਿਚ ਸੜਕਾ ਅਤੇ ਸਰਾਂਵਾਂ ਦੇ ਨਿਰਮਾਣ ਤੇ ਖਰਚ ਕਰ ਦਿੰਦਾ ਹੈ। ਹਮਾਯੂੰ ਨਾਲ ਟੱਕਰ ਲੈਣ ਲਈ ਆਲੇ ਦੁਆਲੇ ਦੇ ਕਿਲ੍ਹੇਦਾਰਾਂ, ਹਿੰਦੂ-ਰਾਜਪੂਤ  ਰਾਜਿਆਂ ਅਤੇ ਆਪਣੇ ਆਪ ਨੂੰ ਭਾਰਤੀ ਰਾਜਾ ਕਹਿੰਦਾ ਹੈ। ਅਤੇ ਅਫ਼ਗਾਨ ਰਾਜੇ ਬਾਬਰ ਤੇ ਉਸ ਦੇ ਬੇਟੇ ਹਮਾਯੂੰ ਨੂੰ ਬਾਹਰਲੇ ਹਮਲਾਵਰ ਸਿੱਧ ਕਰਦਾ ਹੈ। ਜੰਗ ਦੀ ਧਾਰਨਾ ਉਹ ਬਾਹਰੀ ਲੁਟੇਰਿਆਂ ਅਤੇ ਮੂਲ ਵਾਸੀ ਰਾਜਿਆਂ ਵਿਚਕਾਰ ਕਰਦਾ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਤਿਆਰ ਕਰਦਾ ਹੈ।

ਨਾਵਲੀ ਬਿਰਤਾਂਤ ਵਿਚ ਸ਼ੇਰ ਸ਼ਾਹ ਨਾਵਲ ਦੇ ਮੁੱਖ ਪਾਤਰ ਵੱਲੋਂ ਪੇਸ਼ ਹੋਇਆ ਹੈ। ਨਾਵਲ ਦਾ ਮੁੱਢ ਸ਼ੇਰ ਖਾਨ ਦੀ ਸੂਝ ਤੇ ਸਿਆਣਪ ਨਾਲ ਸ਼ੁਰੂ ਹੁੰਦਾ ਹੈ, ਸ਼ੇਰ ਦਾ ਸਾਹਮਣਾ ਕਰਦਾ ਹੋਇਆ ਉਹ ਬੜੇ ਹੌਸਲੇ ਨਾਲ ਉਹਦੇ ਅੱਗੇ ਬੈਠਾ ਰਹਿੰਦਾ ਹੈ। ਬਾਵਾ ਸ਼ੁਰੂ ਵਿਚ ਹੀ ਉਹਨੂੰ ਬਹੁਤ ਹੀ ਜਿਗਰੇ ਵਾਲਾ ਅਤੇ ਦਿਮਾਗੀ ਸੂਝ ਵਾਲਾ ਪੇਸ਼ ਕਰ ਜਾਂਦਾ ਹੈ। ਬਾਬਰ ਦੇ ਕਿਲ੍ਹੇ 'ਚ ਇਕ ਸੈਨਿਕ ਬਣ ਕੇ ਜਾਣ ਵਾਲੀ ਘਟਨਾ ਭਾਵੇਂ ਕਿ ਨਾਵਲ ਦੇ ਅੱਗੇ ਜਾ ਕੇ ਵਾਪਰਦੀ ਹੈ ਪਰ ਨਾਵਲਕਾਰ ਨੇ ਉਹਨੂੰ ਪਹਿਲਾ ਪੇਸ਼ ਕਰਕੇ ਪਾਠਕ ਨੂੰ ਨਾਵਲ ਪੜ੍ਹਨ ਲਈ ਉਤਸੁਕ ਕਰ ਦਿੰਦਾ ਹੈ। ਬਾਬਰ ਦੇ ਦਰਬਾਰ ਵਿਚ ਬੈਠਾ ਫਰੀਦ ਖ਼ਾਨ, ਬਾਬਰ ਨੂੰ ਬੜਾ ਖਤਰਨਾਕ ਲੱਗਦਾ ਹੈ, ਜਿਸ ਨੂੰ ਭਾਂਪ ਕੇ ਫਰੀਦ ਉੱਥੋਂ ਭੱਜ ਜਾਂਦਾ ਹੈ। ਤੇ ਇਕ ਪਿੰਡ ਵਿਚ ਆ ਕੇ ਲੁਕ ਜਾਂਦਾ ਹੈ। ਮਗਰੇ ਹੀ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਬਾਬਰ ਸੈਨਿਕ ਭੇਜਦਾ ਹੈ। ਏਥੇ ਨਾਵਲਕਾਰ ਨੇ ਆਗਰੇ ਦੇ ਬਜ਼ਾਰ ਦਾ ਦ੍ਰਿਸ਼ ਬਹੁਤ ਹੀ ਬਰੀਕੀ ਨਾਲ ਪੇਸ਼ ਕੀਤਾ ਹੈ।

ਫਿਰ ਬੜੀ ਦਿਲਚਸਪੀ ਨਾਲ ਮਨਮੋਹਨ ਬਾਵਾ ਫਰੀਦ ਖ਼ਾਨ ਦੇ ਬਚਪਨ ਤੋਂ ਨਾਵਲ ਸ਼ੁਰੂ ਕਰ ਦਿੰਦਾ ਹੈ। ਜਵਾਨੀ ਵਿਚ ਮਤਰੇਈ ਮਾਂ ਦੇ ਵਤੀਰੇ ਤੇ ਅੜਬ ਪਤਨੀ ਤੋਂ ਦੁੱਖੀ ਹੋ ਕੇ ਫ਼ਰੀਦ ਖ਼ਾਨ ਆਪਣੇ ਬਾਪ ਦੇ ਇਕ ਪਰਗਨੇ ਦੇ ਪਿੰਡ 'ਚ ਇਕੱਲਾ ਰਹਿਣ ਲੱਗ ਪੈਂਦਾ ਹੈ। ਉਸਦਾ ਪਿਤਾ ਇਸ ਪਰਗਨੇ ਦਾ ਮਾਲਕ ਹੈ। ਆਪਣੇ ਪਿਤਾ ਦੇ ਪਰਗਨੇ ਦੇ ਕਾਫੀ ਖੇਤਰ ਨੂੰ ਉਹ ਸੰਭਾਲ ਲੈਂਦਾ ਹੈ ਤੇ ਸੂਝ ਨਾਲ 10 ਪਿੰਡਾਂ ਦਾ ਲਗਾਨ ਇਕੱਠਾ ਕਰਕੇ ਅੱਗੇ ਆਪਣੇ ਪਿਤਾ ਨੂੰ ਤੇ ਬਿਹਾਰ ਦੇ ਸੁਲਤਾਨ ਬਹਰ ਖਾਂ ਨੂੰ ਭੇਜਣ ਲੱਗਦਾ ਹੈ। ਉਹ ਉਥੋਂ ਦੇ ਕਿਸਾਨਾ ਨੂੰ ਲੁੱਟਣ ਵਾਲੇ ਪਟਵਾਰੀ ਤੇ ਹੋਰ ਅਧਿਕਾਰੀਆਂ ਨੂੰ ਤਾੜਨਾ ਕਰਦਾ ਹੈ। ਇਕ ਦਿਨ ਉਸਦਾ ਪਿਤਾ ਫ਼ਰੀਦ ਨੂੰ ਉਸ ਪਰਗਨੇ ਤੋਂ ਕੱਢ ਦਿੰਦਾ ਹੈ।  ਰਸਤੇ ਵਿਚ ਉਸਨੂੰ ਜਿਹੜੇ ਠੱਗ ਮਿਲਦੇ ਹਨ ਉਨ੍ਹਾਂ ਤੋਂ ਤਲਵਾਰ ਚਲਾਉਣ ਵਾਲੇ ਭਗਵਤੀ ਸਿੰਘ ਬਾਰੇ ਪਤਾ ਲੱਗਦਾ ਹੈ। ਜਿਹੜਾ ਕਿ ਫ਼ਰੀਦ ਨੂੰ ਰਾਜੇ ਦੇ ਸੁਭਾ, ਜੰਗਾ ਦੇ ਸਿਟੇ ਅਤੇ ਤਲਵਾਰ ਚਲਾਉਣ ਦੀ ਕਲਾ, ਯੁੱਧ ਕਲਾ ਬਾਰੇ ਜਾਣਕਾਰੀ ਦਿੰਦਾ ਉਹਨੂੰ ਤਲਵਾਰ ਚਲਾਉਣ ਦਾ ਅਭਿਆਸ ਕਰਵਾਉਂਦਾ ਹੈ। ਫ਼ਰੀਦ ਕਾਫ਼ਲਿਆ ਨਾਲ ਰਹਿ ਕੇ, ਹੋਰ ਥਾਵਾਂ ਤੇ ਘੁੰਮ ਕੇ, ਆਪਣੇ ਅਨੁਭਵ ਨੂੰ ਵਿਸ਼ਾਲ ਕਰਦਾ ਹੈ। ਜੌਨਪੁਰ ਦੇ ਕਿਲੇਦਾਰ ਕੋਲ ਜਾ ਕੇ ਨੌਕਰੀ ਕਰਨ ਲਈ ਉਹ ਤੁਰ ਪੈਂਦਾ ਹੈ।  ਇਕ ਦਿਨ ਮੁੜ ਆ ਕੇ ਆਪਣੇ ਪਿਤਾ ਕੋਲੋਂ ਪਰਗਨੇ 'ਚੋਂ ਹਿੱਸਾ ਮੰਗ ਲੈਂਦਾ ਹੈ। ਉਹ ਸਾਹਸਰਾਮ ਪਰਗਨੇ ਦਾ ਮਾਲਕ ਬਣ ਜਾਂਦਾ ਹੈ ਜਿਹਦੇ ਅਧੀਨ 150 ਪਿੰਡ ਆਉਂਦੇ ਹਨ। ਫ਼ਰੀਦ ਆਪਣੇ ਪਰਗਨੇ ਦੇ ਲੁਟੇਰਿਆਂ ਦੀ ਮਾਨਸਿਕਤਾ ਨੂੰ ਸਮਝਦਾ ਹੈ। ਲੋਕਾਂ ਅਤੇ ਕਿਸਾਨਾਂ ਨੂੰ ਲੁੱਟਣ ਵਾਲੇ ਮੁਕੱਦਮ, ਮੁਸ਼ਰਫ, ਆਮੁਲ-ਚੌਧਰੀ, ਜਿੰਮੀਦਾਰ, ਪਟਵਾਰੀਆਂ ਨੂੰ ਸਖਤ ਸਜ਼ਾਵਾਂ ਦਿੰਦਾ ਹੋਇਆ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਦਾ ਹੈ। ਉਹਦੀ ਵੱਧਦੀ ਪ੍ਰਸਿੱਧੀ ਵੇਖ ਕੇ ਉਹਦੀ ਮਤਰੇਈ ਮਾਂ ਉਹਨੂੰ ਪਰਗਨੇ ਤੋਂ ਕਢਾ ਦਿੰਦੀ ਹੈ। ਤੇ ਫ਼ਰੀਦ ਬਿਹਾਰ ਦੇ ਸੁਲਤਾਨ ਬਹਰ ਖ਼ਾਨ ਕੋਲੋਂ ਕੋਈ ਅਹੁਦਾ ਲੈਣ ਤੁਰ ਪੈਂਦਾ ਹੈ। ਉਸਦੀ ਬੇਗ਼ਮ ਦਿਲਦਾਰ ਉਹਦੀ ਪ੍ਰਤਿਭਾ ਨੂੰ ਪਛਾਣ ਲੈਂਦਾ ਹੀ। ਬੇਗ਼ਮ ਦੀ ਸਲਾਹ ਨਾਲ ਬਹਰ ਖ਼ਾਨ ਆਪਣੀ ਸਲਤਨਤ ਦਾ ਸ਼ਿਕਦਾਰ ਏ



ਆਜ਼ਮ ਤੇ ਮੁਨਸਿਫ਼ ਮੁਕੱਰਰ ਕਰਦਾ ਹੈ।

"ਮੈਂ ਅੱਜ ਤੋਂ ਤੁਹਾਨੂੰ ਆਪਣੀ ਸਲਤਨਤ ਦਾ ਸ਼ਿਕਦਾਰ-ਏ-ਆਜ਼ਮ ਅਤੇ ਜ਼ਮੀਨ, ਖੇਤੀਬਾੜੀ ਨਾਲ ਤੁਅੱਲਕ ਰੱਖਦੇ ਮੁਆਮਲਿਆਂ ਦਾ ਮੁਨਸਿਫ਼ ਮੁਕੱਰਰ ਕਰਦਾ ਹਾਂ। ਸਾਰੀ ਮਾਲੀਆ ਆਮਦਨੀ ਦਾ ਹਿਸਾਬ ਤੁਸੀਂ ਦੇਵਾਨ-ਏ-ਵਜ਼ਾਰਤ ਸ਼ੌਕਤ ਖ਼ਾਨ ਨੂੰ ਦੇਂਦੇ ਰਹੋਗੇ।" (ਪੰਨਾ-83)

ਨਾਵਲਕਾਰ ਫ਼ਰੀਦ ਖ਼ਾਨ ਦਾ ਪਾਠਕ ਦੇ ਮਨ ਵਿਚ ਲੋਕ ਭਲਾਈ ਵਾਲਾ ਅਕਸ ਬਣਾਉਣ ਲਈ ਇਸ ਬਿਰਤਾਂਤ ਨੂੰ ਬਹੁਤ ਅਹਿਮੀਅਤ ਦਿੰਦਾ ਹੈ। ਉਹ ਪਰਗਨਿਆ 'ਚ ਜਾ ਕੇ ਕਿਸਾਨਾ, ਖੇਤੀਕਰਨ ਵਾਲੇ ਗਰੀਬਾਂ ਦੀਆਂ ਫਰਿਆਦਾ ਸੁਣਨ ਲੱਗ ਪੈਂਦਾ ਹੈ। ਇਸ ਦੌਰਾਨ ਉਹ ਇਕ ਲੁਟੇਰੇ ਤੇ ਕਿਸਾਨਾਂ ਤੇ ਜ਼ੁਲਮ ਕਰਨ ਵਾਲੇ ਪਰਗਨੇ ਦੇ ਮੁੱਖੀ ਨੂੰ ਸਖ਼ਤ ਸ਼ਜਾ ਵੀ ਦਿੰਦਾ ਹੈ ਅਤੇ ਉਸ ਕੋਲੋਂ ਸੋਨੇ ਦੇ ਗਹਿਣੇ ਤੇ ਅਨਾਜ-ਕੱਪੜੇ ਲੋਕਾਂ 'ਚ ਵੰਡ ਕੇ ਸ਼ੌਕਤ ਅਲੀ ਦੇ ਜ਼ੁਲਮ ਨੂੰ ਨੱਥ ਪਾਉਂਦਾ ਹੈ।

"ਹੁਣ ਸ਼ੇਰ ਖ਼ਾਨ ਖੇਤੀਹਾਰਾਂ ਦੀਆਂ ਸਮੱਸਿਆਵਾਂ ਨੂੰ ਸੁਣਦਾ, ਲਗਾਨ ਉਗਰਾਹੁਣ ਵਾਲਿਆਂ 'ਤੇ ਆਪਣੀ ਨਜ਼ਰ ਰੱਖਦਾ, ਝਗੜੇ ਸੁਲਝਾਉਂਦਾ, ਡੰਗਰਾਂ, ਹਲਾਂ ਜਾਂ ਬੀਜਾਂ ਆਦਿ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ। ਇਸ ਦੇ ਨਾਲ ਨਾਲ ਸੜਕਾਂ, ਪੁਲਾਂ ਦੀ ਮੁਰੰਮਤ, ਆਬਪਾਸ਼ੀ ਲਈ ਬਣੇ ਤਲਾਵਾਂ ਦੀ ਦੇਖਭਾਲ ਕਰਦਿਆਂ ਇਹ ਵੀ ਵੇਖਦਾ ਕਿ ਕਿਸੇ ਮੁਸਾਫ਼ਰ ਨੂੰ ਆਉਣ ਜਾਣ 'ਚ ਕੋਈ ਤਕਲੀਫ਼ ਨਾ ਹੋਵੇ। (ਪੰਨਾ-101)

ਸ਼ੇਰ ਖ਼ਾਨ ਕੇਵਲ ਆਪਣੇ ਅਹੁਦੇ ਮੁਤਾਬਕ ਕੰਮ ਹੀ ਨਹੀਂ ਕਰਦਾ ਬਲਕਿ ਉਹ ਇਸਲਾਮ ਨੂੰ ਸਮਝਣ ਲਈ, ਖੁਦਾ ਬਾਰੇ, ਸ਼ਰੀਅਤ, ਇਖ਼ਲਾਕ ਬਾਰੇ ਵੀ ਸੰਵਾਦ ਰਚਾ ਕੇ ਉਨ੍ਹਾਂ ਨੂੰ ਸਮਝਣ ਦਾ ਜਤਨ ਕਰਦਾ ਹੈ। ਸ਼ੇਰ ਖ਼ਾਨ ਵੇਖਦਾ ਤੇ ਸਮਝਦਾ ਹੈ ਕਿ ਰਾਜੇ ਭਾਵੇਂ ਬਦਲ ਜਾਂਦੇ ਹਨ ਪਰ ਆਮ ਲੋਕਾਂ ਦੀ ਜ਼ਿੰਦਗੀ ਨਹੀਂ ਬਦਲਦੀ।

" ਬਹੁਤ ਸਾਰੀਆਂ ਹਕੂਮਤਾਂ ਦੀ ਬੁਨਿਆਦ ਹੀ ਬੇਸ਼ੁਮਾਰ ਕਤਲਾਂ, ਧੋਖੇਬਾਜ਼ੀਆਂ, ਗਦਾਰੀਆਂ 'ਤੇ ਪਈ ਹੁੰਦੀ ਹੈ। ਜਿਨ੍ਹਾਂ ਦੀ ਜਹਿਨੀਅਤ 'ਚ ਇਹ ਕੁਝ ਹੋਵੇ, ਉਹ ਭਲਾ ਰਿਆਇਆ ਦੀ ਭਲਾਈ ਲਈ ਕਿਵੇਂ ਸੋਚ ਸਕਦੇ ਹਨ।" (ਪੰਨਾ-104)

ਇਸ ਅਹੁਦੇ 'ਤੇ ਕੰਮ ਕਰਦਿਆਂ ਪਰਗਨੇ ਦਾ ਮਾਲਕ, ਬਹਰ ਖ਼ਾਨ ਦਾ ਸਾਲਾ ਤੇ ਹੋਰ ਅਹੁਦੇਦਾਰ ਜਿਹੜੇ ਲੋਕਾਂ ਨੂੰ ਲੁੱਟਦੇ ਹਨ ਬਹਰ ਖ਼ਾਨ ਦੇ ਕੰਨ ਭਰਨ ਲੱਗ ਪੈਂਦੇ ਹਨ। ਦਿਲਦਾਰ ਬੇਗਮ ਵੀ ਬੇਵੱਸ ਹੋ ਜਾਂਦੀ ਹੈ, ਉਸਦਾ ਪੁੱਤਰ ਛੋਟਾ ਹੁੰਦਾ ਹੈ। ਅੰਤ ਰਾਜਾ ਸ਼ੇਰ ਖ਼ਾਨ ਨੂੰ ਉਸ ਦੇ ਅਹੁਦੇ ਤੋਂ ਲਾਹ ਦਿੰਦਾ ਹੈ। ਉਹ ਆਪਣੀ ਜਾਨ ਬਚਾ ਕੇ ਕਿਲੇ ਤੋਂ ਭੱਜ ਜਾਂਦਾ ਹੈ।

ਕੁਝ ਦੇਰ ਬਾਅਦ ਉਹ ਗਾਜ਼ੀਪੁਰ ਹਿਜ਼ਰਤ ਕਰ ਜਾਂਦਾ ਹੈ। ਉਪਰੰਤ ਜੁਨੈਦ ਬਰਲਾਸ ਦੀ ਸੈਨਾ 'ਚ ਕੁਝ ਲੜਾਈਆਂ ਲੜ ਕੇ ਜਨੈਵ ਸ਼ਾਹਬਾਦ ਦਾ ਕਿਲਾ ਸ਼ੇਰ ਖ਼ਾਨ ਦੇ ਹਵਾਲੇ ਕਰ ਦਿੰਦੀ ਹੈ। ਉਧਰ ਬਾਬਰ ਬਨਾਰਸ ਲੁੱਟਦਾ ਹੈ। ਕਤਲ ਕਰਦਾ ਹੈ। ਭਾਵੇਂ ਕਿ ਬਾਬਰ ਦੀ ਸਹਾਇਤਾ ਲਈ ਸ਼ੇਰ ਤੇ ਨਾਸਰ ਖ਼ਾਨ ਉਨ੍ਹਾਂ ਨਾਲ ਫ਼ੌਜੀ ਟੁਕੜੀ ਲੈ ਕੇ ਜਾਂਦੇ ਹਨ ਪਰ ਲੁੱਟ ਤੇ ਕਤਲ ਦੇ ਖਿਲਾਫ਼ ਵਿਚਾਰ ਰੱਖਦੇ ਹਨ। ਸਮੇਂ ਦੇ ਗੇੜ ਨਾਲ ਸ਼ੇਰ ਖ਼ਾਨ ਮੁੜ ਬਿਹਾਰ ਦੇ ਕਿਲ੍ਹੇ 'ਚ ਦਾਖਲ ਹੁੰਦਾ ਹੈ। ਕਿਉਂਕਿ ਉਹਨੂੰ ਪਤਾ ਲੱਗਦਾ ਹੈ ਕਿ ਬਿਹਾਰ ਦੇ ਕਿਲੇ ਦਾ ਰਾਜਾ ਬਹਰ ਖ਼ਾਨ ਮਰ ਜਾਂਦਾ ਹੈ। ਰਾਜ ਦਿਲਦਾਰ ਬੇਗਮ ਕੋਲ ਆ ਜਾਂਦਾ ਹੈ। ਉਹਦਾ ਪੁੱਤ ਨਿਕੰਮਾ ਸਿੱਧ ਹੁੰਦਾ ਹੈ। ਦਿਲਦਾਰ ਦੂਰ ਦੀ ਸੋਚ ਕੇ ਬਿਹਾਰ ਦੀ ਹਕੂਮਤ ਸ਼ੇਰ ਨੂੰ ਸਾਂਭ ਦਿੰਦੀ ਹੈ। ਰੋਹਤਾਸ ਦਾ ਰਾਜਾ ਪਰਭਾਤ ਦੇਵ ਬਾਬਰ ਵੱਲੋਂ ਭੇਜੇ ਤਮੂਰ ਬੇਗ ਨਾਲ ਲੜਦਾ ਹੈ। ਤੇ ਸ਼ੇਰ ਖ਼ਾਨ ਉਹਦੀ ਸਹਾਇਤਾ ਵਿਚ ਸੈਨਾ ਲੈ ਕੇ ਜਾਂਦਾ ਹੈ ਤੇ ਤੈਮੂਰ ਯੁੱਧ 'ਚ ਮਾਰਿਆ ਜਾਂਦਾ ਹੈ। ਇੰਝ ਜੰਗਾ ਜਿੱਤ ਕੇ ਸ਼ੇਰ ਆਪਣੀ ਸ਼ਕਤੀ ਵਧਾਈ

ਜਾਂਦਾ ਹੈ।

ਸ਼ੇਰ ਖ਼ਾਨ ਦੇ ਵਧਦੇ ਪ੍ਰਭਾਵ ਨੂੰ ਵੇਖ ਕੇ ਕਰਮਜੀਤ ਤੇ ਜਲਾਲ, ਦਿਲਦਾਰ ਬੇਗਮ ਦੇ ਕੰਨ ਭਰਦੇ ਹਨ। ਫਿਰ ਸ਼ੇਰ ਖ਼ਾਨ ਨੂੰ ਜਾਨੋ ਮਾਰਨ ਦੀ ਯੋਜਨਾ ਤਿਆਰ ਕਰਦੇ ਹਨ। ਪਰ ਕਾਮਯਾਬ ਨਹੀਂ ਹੁੰਦੇ। ਬੇਗਮ ਬਿਹਾਰ ਸਲਤਨਤ ਦੀਆਂ ਜ਼ੁੰਮੇਵਾਰੀਆਂ ਸਾਂਭ ਲੈਂਦਾ ਹੈ। ਇਸ ਦੌਰਾਨ ਸ਼ੇਰ ਖ਼ਾਨ ਵਿਰੁੱਧ ਬੰਗਾਲ-ਗੌਡ ਦਾ ਸੁਲਤਾਨ ਮੁਬਾਰਕ ਖ਼ਾਨ ਜੰਗ ਲੜਦਾ ਹੈ ਆਪਣੀ ਕਮਾਲ ਦੀ ਯੁੱਧ ਨੀਤੀ ਦੀ ਸੂਝ ਨਾਲ ਸ਼ੇਰ ਜੰਗ ਜਿੱਤ ਲੈਂਦਾ ਹੈ।

ਬਾਬਰ ਦੀ ਮੌਤ ਤੋਂ ਬਾਅਦ ਹਮਾਯੂੰ ਦੀ ਤਾਕਤ ਘੱਟਦੀ ਜਾਂਦੀ ਹੈ ਤੇ ਬਿਹਾਰ ਦੇ ਆਸ ਪਾਸ ਦੇ ਕਿਲੇਦਾਰ-ਚੁਨਾਰਾ, ਰੋਹਤਾਸ, ਗੋਡ ਮੌਕਾ ਮਿਲਣ ਤੇ ਸੁਤੰਤਰ ਹੋ ਜਾਂਦਾ ਹਨ।

ਬਿਹਾਰ ਦਾ ਗੁਵਾਂਢੀ ਰਾਜ ਚੁਨਾਰ ਹੈ, ਉਥੋਂ ਦੇ ਸੁਲਤਾਨ ਤਾਜ ਖ਼ਾ ਦਾ ਉਹਦਾ ਪੁੱਤ ਗੱਦੀ ਲਈ ਕਤਲ ਕਰ ਦਿੰਦਾ ਹੈ। ਸੁਲਤਾਨ ਦੀ ਬੀਵੀ ਲਾਡ ਮਲਿਕਾ ਹੈ। ਉਹ ਆਪਣਾ ਆਪ ਤੇ ਕਿਲਾ ਸ਼ੇਰ ਸ਼ਾਹ ਨੂੰ ਇਸ ਸ਼ਰਤ ਤੇ ਦੇਣ ਲਈ ਕਹਿੰਦੀ ਹੈ ਕਿ ਜੇ ਤਾਜ ਖ਼ਾਨ ਦੇ ਕਾਤਲਾਂ ਦੇ ਨੱਕ, ਕੰਨ ਵੱਢ ਕੇ ਭਿਖਾਰੀ ਬਣਾ ਕਿਲੇ 'ਚੋਂ ਬਾਹਰ ਕੱਢੇ। ਲਾਡ ਮਲਿਕਾ ਤੁਰਕ ਹੈ। ਚੁਨਾਰ ਦੀ ਪ੍ਰਾਪਤੀ ਲਈ ਲਾਡ ਮਲਿਕਾ ਨਾਲ ਸ਼ੇਰ ਖ਼ਾਨ ਵਿਆਹ ਕਰਵਾ ਲੈਂਦਾ ਹੈ। ਕਿਉਂਕਿ ਉਹ ਚੁਨਾਰ ਨੂੰ ਆਪਣੇ ਰਾਜ ਵਿਚ ਮਿਲਾ ਕੇ ਆਪਣੀ ਸ਼ਕਤੀ ਵਧਾਉਣੀ ਚਾਹੁੰਦਾ ਹੈ। ਕਿਉਂਕਿ ਇਬਰਾਹੀਮ ਲੋਧੀ ਦੇ ਭਤੀਜੇ ਮਹਿਮੂਦ ਲੋਧੀ ਨੇ ਸ਼ੇਰ ਖ਼ਾਨ ਨੂੰ ਈਨ ਮੰਨਣ ਲਈ ਸੰਦੇਸ਼ ਭੇਜਿਆ ਸੀ। ਸ਼ੇਰ ਵਿਆਹ ਉਪਰੰਤ ਲਾਡ ਬੇਗਮ ਦੇ ਮਤਰੇਅ ਪੁੱਤਰ ਨੂੰ ਕਿਲੇ 'ਚੋਂ ਕੱਢ ਕੇ ਉਹਨਾਂ ਨੂੰ ਪਰਗਣੇ ਦੇ ਕੇ ਜਾਨ ਬਖ਼ਸ ਦਿੰਦਾ ਹੈ। ਇਸ ਦੌਰਾਨ ਸ਼ੇਰ ਖ਼ਾਨ ਦਾ ਸਲਾਹਕਾਰ ਤੇ ਦੋਸਤ ਦੇਵਪਾਲ ਉਸ ਨੂੰ ਟੋਡਰ ਮੱਲ ਨੂੰ ਮਿਲਾਉਂਦਾ ਹੈ ਜੋ ਬਾਅਦ ਵਿਚ ਸ਼ੇਰ ਦਾ ਭੂਮੀ ਪ੍ਰਬੰਧ ਕਰਦਾ ਹੈ।

ਇਕ ਦਿਨ ਬੰਗਾਲ ਦਾ ਮੁਬਾਰਕ ਖ਼ਾਨ, ਬਿਹਾਰ ਦੇ ਕਿਲੇ 'ਤੇ ਹਮਲਾ ਕਰਦਾ ਹੈ। ਸ਼ੇਰ ਖ਼ਾਨ ਬੜੀ ਯੋਜਨਾ ਨਾਲ ਲੜਦਾ ਹੈ। ਉਸ ਨੂੰ ਹਰਾ ਦਿੰਦਾ ਹੈ। ਦੁਸਮਣ ਦੀ ਸੈਨਾ ਨੂੰ ਗੰਗਾ ਨਦੀ ਤੋਂ ਪਾਰ ਭਜਾ ਕੇ ਤੋਪਾ ਤੇ ਹਾਥੀ ਆਪਣੇ ਕਬਜ਼ੇ ਵਿਚ ਕਰਕੇ ਆਪਣੀ ਸੈਨਿਕ ਸ਼ਕਤੀ ਵਧਾ ਲੈਂਦਾ ਹੈ। ਗੌਡ ਤੇ ਸ਼ੇਰ ਖ਼ਾਨ ਦਾ ਕਬਜ਼ਾ ਵੀ ਹੋ ਜਾਂਦਾ ਹੈ। ਉਧਰ ਮੁਗਲ ਹਮਾਯੂੰ ਸ਼ਰਾਬ ਤੇ ਸ਼ਬਾਬ ਵਿਚ ਡੁੱਬਿਆ ਰਹਿਣ ਲੱਗਦਾ ਹੈ। ਸ਼ੇਰ ਹਮਾਯੂੰ ਨੂੰ ਇਹ ਪ੍ਰਭਾਵ ਦਿੰਦਾ ਹੈ ਕਿ ਉਹ ਹਮਾਯੂੰ ਤੇ ਕਿਸੇ ਤਰ੍ਹਾਂ ਵੀ ਹਮਲਾ ਕਰਨ ਦੇ ਹੱਕ ਵਿਚ ਨਹੀਂ ਹੈ।

ਪਰ ਹਮਾਯੂੰ ਸ਼ੇਰ ਖ਼ਾਨ ਤੇ ਹਮਲਾ ਕਰਨ ਲਈ ਦਿੱਲੀ ਤੋਂ ਤੁਰ ਪੈਂਦਾ ਹੈ। ਉਧਰ ਸ਼ੇਰ ਕੋਲ ਐਨੀ ਸੈਨਾ ਨਹੀਂ ਹੈ। ਸ਼ੇਰ ਦਾ ਪਰਿਵਾਰ ਗੁਵਾਂਢੀ ਰਾਜੇ ਹਰੀ ਕਿਸ਼ਨ ਦੀ ਸ਼ਰਨ ਕਿਲੇ 'ਚ ਚਲੇ ਜਾਂਦੇ ਹਨ ਜੋ ਬਹੁਤ ਸੁਰੱਖਿਅਤ ਥਾਂ ਹੁੰਦੀ ਹੈ। ਚਿਨਾਰ ਦਾ ਕਿਲਾ ਮੁਗਲਾ ਲਈ ਛੱਡ ਜਾਂਦਾ ਹੈ। ਹਮਾਯੂੰ ਦੀ ਸੈਨਾ ਨੂੰ ਰੋਕਣ ਲਈ ਸ਼ੇਰ ਦਾ ਸੈਨਾਪਤੀ ਸ਼ੈਫ਼ ਖ਼ਾਨ ਦਰੇ ਤੇ ਲੜਦਾ ਬਹੁਤ ਜ਼ਖ਼ਮੀ ਹੋ ਜਾਂਦਾ ਹੈ ਤੇ ਅੰਤ ਖਤਮ ਹੋ ਜਾਂਦਾ ਹੈ। ਆਪਣੇ ਬਚੇ ਸੈਨਿਕ ਏਧਰ ਉਧਰ ਕਰਕੇ ਸ਼ੇਰ ਖ਼ਾਨ ਥਾਂ ਥਾਂ ਲੁਕਦਾ ਫਿਰਦਾ ਹੈ। ਬਾਹਰੋ ਇਹ ਪ੍ਰਭਾਵ ਦਿੰਦਾ ਹੈ ਪਰ ਉਹ ਭੀਲ-ਗੌਂਡ ਰਾਜਿਆਂ ਨੂੰ ਮਿਲ ਕੇ ਹਮਾਯੂੰ ਵਿਰੁੱਧ ਲਾਮਬੰਦ ਕਰਦਾ ਜਾਂਦਾ ਹੈ। ਨਾਲ ਨਾਲ ਉਹ ਥਾਂ ਥਾਂ ਛੋਟੇ ਛੋਟੇ ਕਿਲੇਦਾਰਾਂ ਨੂੰ ਵੀ ਮਿਲਦਾ ਹੈ। ਇਕ ਮੌੜ ਤੇ ਆ ਕੇ ਬੈਰਮ ਖ਼ਾਨ ਦੀ ਅਗਵਾਈ ਵਾਲੀ ਫੌਜੀ ਟੁਕੜੀ 'ਤੇ ਹਮਲਾ ਕਰਕੇ ਸ਼ੇਰ ਖ਼ਾਨ ਤੇ ਬ੍ਰਾਹਮਜੀਤ ਉਸ ਨੂੰ ਹਰਾ ਦਿੰਦੇ ਹਨ। ਬੈਰਮ ਖ਼ਾਨ ਪਿੱਛੇ ਨੂੰ ਭੱਜ ਜਾਂਦਾ ਹੈ। ਮੁੜ ਸ਼ੇਰ ਖ਼ਾਨ ਰੋਹਤਾਸ ਕੋਲ ਆਸੇ ਪਾਸੇ ਦੇ ਛੋਟੇ ਰਾਜਿਆਂ ਦੀ ਸਹਾਇਤਾ ਨਾਲ ਸੈਨਿਕ ਲੈਂਦਾ ਸੈਨਾ ਤਿਆਰ ਕਰਦਾ ਹੈ। ਕਾਰਮਾਨਸ ਨਦੀ ਨੇੜੇ ਮੁੜ ਸ਼ੇਰ ਖ਼ਾਨ ਤੇ ਹਮਾਯੂੰ ਦੀਆਂ ਸੈਨਾਵਾਂ 'ਚ ਯੁੱਧ ਹੁੰਦਾ ਹੈ। ਇਸ ਦੌਰਾਨ ਆਪਣੀ ਯੁੱਧ ਨੀਤੀ ਨਾਲ ਸ਼ੇਰ ਖ਼ਾਨ ਹਮਾਯੂੰ ਤੇ ਦੋ ਦਸਤਿਆਂ ਨਾਲ ਪਿੱਛੋਂ ਹਮਲਾ ਕਰਕੇ ਉਸ ਦੇ ਕਾਫ਼ੀ ਸੈਨਿਕ ਮਾਰ ਦਿੰਦਾ ਹੈ। ਇਸ ਜੰਗ ਵਿਚ ਹਮਾਯੂੰ ਜਾਨ ਬਚਾ ਕੇ



ਨੱਠ ਜਾਂਦਾ ਹੈ। ਉਹਦੇ ਬਹੁਤ ਸਾਰੇ ਸੈਨਿਕ ਮਾਰੇ ਜਾਂਦੇ ਹਨ। ਚੌਸਾ ਦਾ ਮੈਦਾਨ ਜਿੱਤ ਕੇ ਸ਼ੇਰ ਲਈ ਦਿੱਲੀ ਦਾ ਰਾਹ ਸਾਫ਼ ਹੋ ਜਾਂਦਾ ਹੈ। ਹਮਾਯੂੰ ਸ਼ੇਰ ਖ਼ਾਨ ਤੋਂ ਐਨਾ ਡਰ ਜਾਂਦਾ ਹੈ ਕਿ ਦਿੱਲੀ ਤੋਂ ਪਿੱਛੇ ਨੂੰ ਭੱਜ ਜਾਂਦਾ ਹੈ। ਤੇ ਉਹ ਹੋਰ ਬਹੁਤ ਸਾਰੇ ਮੁਗਲਾ ਨਾਲ ਜਲੰਧਰ-ਸਰਹੰਦ ਤੋਂ ਹੁੰਦਾ ਹੋਇਆ ਲਹੌਰ ਪਹੁੰਚ ਜਾਂਦਾ ਹੈ। ਉਧਰ ਸ਼ੇਰ ਖ਼ਾਨ ਦਿੱਲੀ ਬਿਨਾ ਲੜੇ ਹਾਸਲ ਕਰ ਲੈਂਦਾ ਹੈ। ਤੇ ਦਿੱਲੀ ਦੀ ਹਕੂਮਤ 'ਸ਼ੇਰਗੜ' ਦੇ ਕਿਲੇ ਤੋਂ ਚਲਾਉਂਦਾ ਹੈ।

ਮੁਗਲਾ ਦਾ ਏਲਚੀ ਜੁਨੈਦ ਬਰਲਾਸ ਸ਼ੇਰ ਖ਼ਾਨ ਨਾਲ ਸਮਝੌਤਾ ਕਰਨ ਲਈ ਉਹਦੇ ਕੋਲ ਜਾਂਦਾ ਹੈ। ਉਹ ਇਸਲਾਮ ਦਾ ਵਾਸਤਾ ਵੀ ਪਾਉਂਦਾ ਹੈ। ਪਰ ਸ਼ੇਰ ਕਿਸੇ ਵੀ ਕੀਮਤ ਤੇ ਮੁਗਲਾ ਨੂੰ ਹਿੰਦੋਸਤਾਨ ਤੋਂ ਬਾਹਰ ਕੱਢਣਾ ਚਾਹੁੰਦਾ ਹੈ। ਤੇ ਸ਼ੇਰ ਦੀ ਫੌਜ ਸੁਲਤਾਨ ਪੁਰ ਤੇ ਮੁਗਲ ਦੀ ਫੌਜ ਵਰੋਵਾਲ ਪਹੁੰਚ ਕੇ ਜੰਗ ਲਈ ਤਿਆਰ ਹੋ ਕੇ ਖੜ ਜਾਂਦੀ ਹਨ। ਲੜਾਈ ਵਿਚ ਸ਼ੇਰ ਖ਼ਾਨ - ਕਾਰਮਾਨ ਤੇ ਹਮਾਯੂੰ ਦੇ ਸੈਨਕਾਂ ਨੂੰ ਪਿੱਛੇ ਵੱਲ ਧੱਕ ਕੇ ਲਾਹੌਰ ਵਾੜ ਦਿੰਦੇ ਹਨ। ਫਿਰ ਜਲਦੀ ਹੀ ਮੁਗਲ ਲਹੌਰ ਛੱਡ ਕੇ ਨੱਠ ਜਾਂਦੇ ਹਨ। ਲਹੌਰ ਫਤਿਹ ਉਪਰੰਤ ਸ਼ੇਰ ਖ਼ਾਨ ਮੁਗਲਾਂ ਨੂੰ ਹਿੰਦੋਸਤਾਨ 'ਚੋਂ ਕੱਢ ਕੇ ਹਿੰਦੋਸਤਾਨ 'ਚ ਲੋਕ ਭਲਾਈ ਤੇ ਚੰਗੇ ਕੰਮ ਕਰਨ ਲੱਗ ਪੈਂਦਾ ਹੈ।

ਨਾਵਲ ਵਿਚ ਔਰਤ ਪਾਤਰਾਂ ਦਾ ਅਹਿਮ ਰੋਲ ਹੈ। ਭਾਵੇਂ ਕਿ ਇਹ ਮੁੱਖ ਪਾਤਰ ਵਾਂਗ ਐਨਾ ਉਭਰ ਕੇ ਸਾਹਮਣੇ ਨਹੀਂ ਆਉਂਦੀਆਂ ਪਰ ਉਨ੍ਹਾਂ ਦੇ ਵਿਹਾਰ ਤੋਂ ਅਸੀਂ ਉਸ ਵੇਲੇ ਦੀ ਔਰਤ ਦੀ ਦਸ਼ਾ ਤੇ ਦਿਸ਼ਾ ਬਾਰੇ ਸਹਿਜੇ ਹੀ ਜਾਣ ਸਕਦੇ ਹਾਂ। ਸਭ ਤੋਂ ਪਹਿਲਾਂ ਨਾਵਲ ਵਿਚ ਜਿਹੜੀ ਔਰਤ ਸਾਨੂੰ ਦਿਸਦੀ ਹੈ ਉਹ ਫ਼ਰੀਦ ਦੀ ਮਤਰੇਈ ਮਾਂ ਅਮੀਨਾ ਬੇਗਮ ਹੈ। ਉਹ ਆਪਣੇ ਕੁੱਖੋਂ ਜੰਮੇ ਪੁੱਤਰਾਂ ਨੂੰ ਪਰਗਨੇ ਦਾ ਮੁੱਖੀ ਬਣਾਉਣਾ ਚਾਹੁੰਦੀ ਹੈ। ਜਿਸ ਕਾਰਨ ਜਦੋਂ ਉਹਨੂੰ ਪਤਾ ਲੱਗਦਾ ਹੈ ਕਿ ਫ਼ਰੀਦ ਚੰਗਾ ਸ਼ਾਸ਼ਕ ਬਣ ਜਾਂਦਾ ਹੈ ਉਹ ਕਿਸਾਨਾਂ ਦੀ ਭਲਾਈ ਲਈ ਕੰਮ ਕਰਦਾ ਹੈ ਤੇ ਕਰ ਵੀ ਵਧਣ ਲੱਗਦਾ ਹੈ ਤੇ ਉਹ ਉਸਨੂੰ ਪਰਗਨੇ ਵਿਚੋਂ ਕੱਢਵਾ ਦਿੰਦੀ ਹੈ। ਜਦੋਂ ਫ਼ਰੀਦ ਘਰੋਂ ਹਿਜ਼ਰਤ ਕਰਕੇ ਕਿਸੇ ਪਿੰਡ ਵਿਚ ਰਹਿਣ ਲੱਗਦਾ ਹੈ ਤਾਂ ਉਹਨੂੰ ਸਾਂਥਾਲ ਖ਼ੇਰੀ ਨਾਂ ਦੀ ਮੁਟਿਆਰ ਮਿਲਦੀ ਹੈ। ਜਿਹੜੀ ਉਹਦੀ ਰੋਟੀ ਤੇ ਘਰ ਦਾ ਕੰਮ ਕਰਦੀ ਹੈ। ਬਿਨਾ ਕਿਸੇ ਭੇਦ ਭਾਵ ਦੇ ਫ਼ਰੀਦ ਉਹਨੂੰ ਸਤਿਕਾਰ ਦਿੰਦਾ ਹੈ। ਤੇ ਉਹ ਰਲ ਕੇ ਉਥੇ ਜੰਗਲੀ ਦਰੱਖਤ ਲਗਾਉਂਦੇ ਹਨ। ਜਦੋਂ ਉਹ ਬਿਹਾਰ ਦਾ ਸੈਨਿਕ ਬਨਦਾ ਹੈ ਤੇ ਬਿਹਾਰ ਦੇ ਸੁਲਤਾਨ ਦੀ ਬੇਗਮ ਦਿਲਦਾਰ ਬੇਗਮ ਨਾਲ ਉਹਦਾ ਸੰਪਰਕ ਹੁੰਦਾ ਹੈ। ਬੇਗਮ ਉਹਦੀ ਪ੍ਰਤਿਭਾ ਨੂੰ ਝਟ ਪਛਾਣ ਲੈਂਦੀ ਹੈ। ਜਦੋਂ ਦਿਲਦਾਰ ਬੇਗਮ ਦਾ ਪਤੀ ਮਾਰਿਆ ਜਾਂਦਾ ਹੈ ਤਾਂ ਸ਼ੇਰ ਖ਼ਾਨ ਮੁੜ ਦਿਲਦਾਰ ਬੇਗਮ ਕੋਲ ਆ ਜਾਂਦਾ ਹੈ। ਬੇਗਮ ਉਹਨੂੰ ਬਿਹਾਰ ਦੀ ਹਕੂਮਤ ਸਾਂਭ ਦਿੰਦੀ ਹੈ। ਉਹਦੇ ਮਨ ਵਿਚ ਸ਼ੇਰ ਖ਼ਾਨ ਪ੍ਰਤੀ ਪਿਆਰ ਵੀ ਪੈਦਾ ਹੁੰਦਾ ਹੈ। ਜੇ ਉਹ ਚਾਹੁੰਦਾ ਤਾਂ ਉਹਦੇ ਨਾਲ ਵਿਆਹ ਵੀ ਕਰਵਾ ਸਕਦਾ ਸੀ। ਏਥੇ ਦਿਲਦਾਰ ਬੇਗਮ ਆਪਣੇ ਮਨ ਦੀ ਗੱਲ ਮਨ ਵਿਚ ਹੀ ਰੱਖ ਕੇ ਕਿਲੇ ਵਿਚ ਇਕੱਲੀ ਰਹਿ ਜਾਂਦੀ ਹੈ। ਕੁਝ ਚਿਰ ਬਾਅਦ ਦਿਲਦਾਰ ਹਿੰਦੂ ਵਸਤਰ ਪਾ ਕੇ ਆਪਣੀਆਂ ਜੜ੍ਹਾਂ ਵੱਲ ਪਰਤ ਜਾਂਦੀ ਹੈ। ਆਪਣੇ ਪੇਕੇ ਰਾਜ ਵਿਚ ਪਰਤ ਜਾਂਦੀ ਹੈ। ਬਿਹਾਰ ਨੂੰ ਸੁਰੱਖਿਅਤ ਹੱਥ ਵਿਚ ਦੇ ਕੇ ਉਸ ਦਾ ਪਿਛੋਕੜ ਰਾਜਪੂਤੀ ਘਰਾਣਾ ਹੈ। ਏਥੇ ਲੇਖਕ ਨੇ ਬੇਗਮ ਨੂੰ ਸਿਆਣੀ ਤੇ ਸੂਝ ਬੂਝ ਵਾਲੀ ਔਰਤ ਦਾ ਬਿੰਬ ਪੇਸ਼ ਕੀਤਾ ਹੈ। ਇਕ ਥਾਂ ਉਹਦੇ ਸੰਪਰਕ ਵਿਚ ਮਹੂਆ ਨਾਂ ਦੀ ਆਪਣੀ ਪ੍ਰੇਮਕਾ ਵੀ ਆਉਂਦੀ ਹੈ। ਲਾਡ ਮਲਿਕਾ ਨਾਵਲ ਦੀ ਇਕ ਹੋਰ ਪ੍ਰਮੁੱਖ ਔਰਤ ਵਜੋਂ ਪੇਸ਼ ਹੁੰਦੀ ਹੈ। ਇਹਦੇ ਮਨ ਵਿਚ ਸ਼ੇਰ ਪ੍ਰਤੀ ਅਥਾਹ ਪਿਆਰ ਤੇ ਸਤਿਕਾਰ ਹੈ। ਉਹ ਉਹਦੀ ਇਮਾਨਦਾਰੀ ਅਤੇ ਬਹਾਦਰੀ ਦੀ ਕਾਇਲ ਹੈ। ਜਦੋਂ ਲਾਡ ਦੇ ਮਤੇਰ ਪੁੱਤ ਨੇ ਚੁਨਾਰ ਦੇ ਸੁਲਤਾਨ ਤਾਜ ਖਾਂ ਦਾ ਕਤਲ ਕਰ ਦਿੱਤਾ ਤਾਂ ਉਹ ਆਪਣੇ ਰਾਜ ਸੁਰੱਖਿਅਤ ਹੱਥਾਂ ਵਿਚ ਦੇਣ ਲਈ ਸ਼ੇਰ ਖ਼ਾਨ ਨਾਲ ਵਿਆਹ ਕਰਵਾ ਲੈਂਦੀ ਹੈ। ਕਿਉਂਕਿ ਉਸ ਕੋਲ ਖ਼ਜ਼ਾਨੇ ਵਿਚ ਬੇਅੰਤ ਸੋਨਾ, ਚਾਂਦੀ ਅਤੇ ਗਹਿਣੇ ਸਨ। ਏਸੇ ਸਮੇਂ ਗੌਹਰ ਗੋਸਾਈ ਨਾਂ

ਦੀ ਇਕ ਬੇਗਮ ਵੀ ਸ਼ੇਰ 'ਤੇ ਮਰ ਮਿਟਦੀ ਹੈ ਤੇ ਉਹਨੂੰ ਬਹੁਤ ਸਾਰਾ ਸੋਨਾ ਅਤੇ ਗਹਿਣੇ ਦਿੰਦੀ ਹੈ। ਸਭ ਤੋਂ ਮਹੱਤਵਪੂਰਨ ਨਿਪੁੰਨ ਨ੍ਰਿਤਆਂਗਣ ਉਰਵਸੀ ਹੈ। ਜਿਹੜੀ ਆਮੋਦ ਭਵਨ ਵਿਚ ਨ੍ਰਿਤ ਕਰਦੀ ਹੈ। ਉਹਦੀ ਸੁੰਦਰਤਾ ਤੇ ਨ੍ਰਿਤ ਵੇਖ ਕੇ ਸ਼ੇਰ ਖ਼ਾਨ ਉਹਦਾ ਦਿਵਾਨਾ ਹੋ ਜਾਂਦਾ ਹੈ। ਉਰਵਸੀ ਗਰੀਬ ਕਿਸਾਨ ਦੀ ਪੁੱਤਰੀ ਹੈ। ਇਕ ਕਲਾ ਮੰਦਰ ਨੂੰ ਉਹ ਦਾਨ ਕਰ ਦਿੱਤੀ ਗਈ ਸੀ। ਉਹ ਦੇਵਦਾਸੀ ਵੀ ਰਹੀ। ਉਥੋਂ ਭੱਜ ਕੇ ਉਹ ਬਿਹਾਰ ਦੇ ਰੰਗ ਸ਼ਾਲਾ 'ਚ ਆ ਜਾਂਦੀ ਹੈ। ਉਥੇ ਹੀ ਸ਼ੇਰ ਤੇ ਉਰਵਸੀ ਇਕ ਦੂਜੇ ਨੂੰ ਪਿਆਰ ਕਰਨ ਲੱਗ ਜਾਂਦੇ ਹਨ। ਲੇਖਕ ਨੇ ਇਹ ਪ੍ਰਸੰਗ ਬਹੁਤ ਖ਼ੂਬਸੂਰਤੀ ਨਾਲ ਚਿਤਰਿਆ ਹੈ। ਜਦੋਂ ਸ਼ੇਰ ਸ਼ਾਹ ਕਈ ਰਾਜਾਂ ਦਾ ਸ਼ਾਸਕ ਬਣ ਜਾਂਦਾ ਹੈ ਤਾਂ ਉਹ ਉਰਵਸੀ ਲਈ ਤੜਫਦਾ ਵੀ ਹੈ। ਉਹਦੀ ਇੱਛਾ ਉਹਨੂੰ ਮਹਾਂਰਾਣੀ ਬਣਾਉਣਾ ਵੀ ਰਹਿੰਦੀ ਹੈ ਪਰ ਉਹ ਮਿਲਦੀ ਨਹੀਂ। ਇਕ ਵਾਰ ਸ਼ੇਰ ਸ਼ਾਹ ਨੂੰ ਰਾਜਕੁਮਾਰ ਵਰਮਨ ਦੇ ਇਲਾਕੇ ਜਾਦਵਗੜ੍ਹ 'ਚ ਉਰਵਸੀ ਦਾ ਪਤਾ ਲੱਗਦਾ ਹੈ। ਸ਼ੇਰ ਉਹਨੂੰ ਪ੍ਰਾਪਤ ਵੀ ਕਰਨਾ ਚਾਹੁੰਦਾ ਹੈ, ਇਸ ਲਈ ਉਹ ਆਪਣਾ ਏਲਚੀ ਵੀ ਭੇਜਦਾ ਹੈ ਪਰ ਉਹ ਆਉਂਦੀ ਨਹੀਂ। ਪਰ ਸ਼ੇਰ ਦੀ ਰੂਹ ਨੂੰ ਪਿਆਰ ਕਰਨਾ ਦਾ ਸੁਨੇਹਾ ਭੇਜਦੀ ਹੈ। ਫਿਰ ਉਰਵਸੀ ਵੱਲੋਂ ਅਮੀਰ ਖੁਸ਼ਰੋ ਦੀ ਮਜ਼ਾਰ ਤੇ ਕਵਾਲੀ ਸੁਣਨ ਦਾ ਸ਼ੇਰ ਨੂੰ ਪਤਾ ਲੱਗਦਾ ਹੈ। ਇਕ ਦਿਨ ਉਹ ਸ਼ੇਰ ਨੂੰ ਮਿਲਦੀ ਵੀ ਹੈ। ਏਸ ਸਮੇਂ ਉਰਵਸੀ ਦੀ ਸੋਚ ਬਹੁਤ ਬਦਲ ਜਾਂਦੀ ਹੈ। ਉਹ ਨ੍ਰਿਤ ਨੂੰ ਤਿਆਗ ਦਿੰਦੀ ਹੈ। ਲਾਹੌਰ ਵਿਚ ਭੇਸ ਵਟਾ ਕੇ ਉਰਵਸੀ ਗੁਲਬਦਨ ਨੂੰ ਸ਼ੇਰ ਸ਼ਾਹ ਦਾ ਸੁਨੇਹਾ ਵੀ ਦਿੰਦੀ ਹੈ ਕਿ ਉਹ ਕਾਬਲ ਨਾ ਜਾਵੇ। ਉਹ ਗੁਲਬਦਨ ਨੂੰ ਸ਼ੇਰ ਦੀ ਰਾਣੀ ਬਣਾਉਣ ਲਈ ਲੈਣ ਵੀ ਆਉਂਦੀ ਹੈ।


ਸ਼ੇਰ ਦੇ ਮਨ ਵਿਚ ਮੁਗਲ ਰਾਣੀਆਂ ਅਤੇ ਸ਼ਾਹੀ ਔਰਤਾਂ ਪ੍ਰਤੀ ਸਤਿਕਾਰ ਹੈ। ਜਦੋਂ ਹਮਾਯੂੰ ਚੌਸਾ ਦੇ ਮੈਦਾਨ ਵਿਚ ਹਾਰਦਾ ਵੇਖ ਕੇ ਆਪਣੀ ਜਾਨ ਬਚਾ ਕੇ ਨੱਠ ਜਾਂਦਾ ਹੈ ਤੇ ਮਗਰ ਉਨ੍ਹਾਂ ਦੀਆਂ ਬੇਗਮਾਂ ਦਿਲਦਾਰ, ਬੇਗਾ ਬੇਗਮ, ਮਾਹਿਮ ਬੇਗਮ, ਗੁਲਬਦਨ ਅਤੇ ਹੋਰ ਔਰਤਾਂ ਨੂੰ ਸ਼ੇਰ ਸ਼ਾਹ ਬੜੇ ਸਤਿਕਾਰ ਨਾਲ ਆਪਣੇ ਕਿਲੇ ਵਿਚ ਲੈ ਆਉਂਦਾ ਹੈ ਅਤੇ ਉਨ੍ਹਾਂ ਦਾ ਪੂਰਾ ਸਤਿਕਾਰ ਕਰਦਾ ਹੈ। ਏਥੇ ਲੇਖਕ ਨੇ ਸ਼ੇਰ ਨੂੰ ਔਰਤ ਪੱਖੀ ਪੇਸ਼ ਕੀਤਾ ਹੈ। ਔਰਤ ਦਾ ਸਤਿਕਾਰ ਕਰਨ ਵਾਲਾ ਅਤੇ ਮੁਗਲਾ ਨੂੰ ਔਰਤਾਂ ਨੂੰ ਗੁਲਾਮ ਰੱਖਣ ਵਾਲੇ, ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲੇ ਪੇਸ਼ ਕਰਦਾ ਹੈ। ਗੁਲ ਨੂੰ ਅਹਿਸਾਸ ਹੁੰਦਾ ਹੈ ਕਿ ਮੁਗਲ ਔਰਤਾਂ ਨੂੰ ਕਿਵੇਂ ਆਪਣੇ ਹਿੱਤਾਂ ਲਈ ਵਰਤਦੇ ਰਹੇ ਹਨ। ਏਥੇ ਹੀ ਗੁਲਬਦਨ ਦੀ ਸੂਝ ਅਤੇ ਸਿਆਣਪ ਤੋਂ ਸ਼ੇਰ ਕਾਇਲ ਹੁੰਦਾ ਹੈ। ਉਹਦੇ ਮਨ ਵਿਚ ਗੁਲਬਦਨ ਪ੍ਰਤੀ ਪਿਆਰ ਉਪਜਦਾ ਹੈ। ਜੇ ਸ਼ੇਰ ਚਾਹੁੰਦਾ ਤਾਂ ਉਨ੍ਹਾਂ ਸਾਹੀ ਔਰਤਾਂ ਨੂੰ ਆਪਣੇ ਸੈਨਿਕਾਂ ਅਤੇ ਮੁੱਖੀਆਂ ਵਿਚ ਵੰਡ ਸਕਦਾ ਸੀ ਤੇ ਗੁਲਬਦਨ ਨੂੰ ਆਪਣੀ ਰਾਣੀ ਬਣਾ ਸਕਦਾ ਸੀ ਪਰ ਉਹ ਅਜਿਹਾ ਨਹੀਂ ਕਰਦਾ। ਉਹ ਸਾਹੀ ਮਹੱਲ ਦੀਆਂ ਔਰਤਾਂ ਨੂੰ ਦਿੱਲੀ ਵੱਲ ਭੇਜ ਦਿੰਦਾ ਹੈ। ਜਦੋਂ ਹਮਾਯੂੰ ਨੂੰ ਲੱਗਦਾ ਹੈ ਕਿ ਹੁਣ ਸ਼ੇਰ ਦੀ ਤਾਕਤ ਬਹੁਤ ਵੱਧ ਗਈ ਹੈ ਤੇ ਉਹ ਸਾਨੂੰ ਕਾਬਲ ਵਾਪਸ ਭੇਜੇਗਾ ਤਾਂ ਉਹਦੇ ਨਾਲ ਗੁਲਬਦਨ ਦਾ ਵਿਆਹ ਕਰਨ ਦੀ ਯੋਜਨਾ ਵੀ ਤਿਆਰ ਕਰਦਾ ਹੈ। ਇਸੇ ਲਈ ਬੇਗਾ ਗੁਲਬਦਨ ਨੂੰ ਸ਼ੇਰ ਨਾਲ ਵਿਆਹ ਬਦਲੇ ਸਰਹੰਦ-ਪੇਸ਼ਾਵਰ ਦੇਣ ਦੀ ਯੋਜਨਾ ਬਣਾਉਂਦੀ ਹੈ। ਗੁਲਬਦਨ ਮਨ ਵੀ ਜਾਂਦੀ ਹੈ। ਕਿਉਂਕਿ ਉਹਦੇ ਮਨ ਵਿਚ ਸ਼ੇਰ ਪ੍ਰਤੀ ਅਥਾਹ ਪਿਆਹ ਹੈ। ਏਥੇ ਮੁਗਲ ਗੁਲਬਦਨ ਨੂੰ ਇਕ ਹੁਸੀਨ ਤੇ ਜ਼ਹੀਨ ਸਹਿਜ਼ਾਦੀ ਨਾਲੋਂ ਸਿਆਸਤ ਦਾ ਮੋਹਰਾ ਬਣਾ ਦਿੰਦੇ ਹਨ। ਜਦੋਂ ਮੁਗਲਾ ਦਾ ਏਲਚੀ ਜੁਨੈਦ ਬਰਲਾਸ ਸ਼ੇਰ ਨਾਲ ਸਮਝੌਤਾ ਕਰਨ ਲਈ ਉਹਦੇ ਕੋਲ ਜਾਂਦਾ ਹੈ ਤੇ ਇਸਲਾਮ ਦਾ ਵਾਸਤਾ ਪਾਉਂਦਾ ਹੈ। ਬਾਬਰ ਦੇ ਛੋਟੇ ਬੇਟੇ ਕਾਮਰਾਨ ਨਾਲ ਸਮਝੌਤਾ ਕਰਨ ਲਈ ਕਹਿੰਦਾ ਹੈ। ਇਸ ਸਮਝੌਤੇ ਦੀ ਕੜੀ ਗੁਲਬਦਨ ਹੈ। ਪਰ ਸ਼ੇਰ ਅੱਗੇ ਉਹਦਾ ਹਿੰਦੋਸਤਾਨ ਹੈ। ਉਹ ਮੁਗਲਾ ਨੂੰ ਆਪਣੀ ਜ਼ਮੀਨ ਤੋਂ ਬਾਹਰ ਕੱਢਣ ਦਾ ਫੈਸਲਾ ਕਰਦਾ ਹੈ। ਹਿੰਦੋਸਤਾਨ ਉੱਤੇ ਉਹ ਗੁਲਬਦਨ ਨੂੰ ਕੁਰਬਾਨ ਕਰ ਦਿੰਦਾ ਹੈ। ਪਰ ਉਹਦੇ ਮਨ ਵਿਚ



ਗੁਲਬਦਨ ਘਰ ਕਰੀ ਬੈਠੀ ਹੈ। ਜਦੋਂ ਲਾਹੌਰ ਵਿਚ ਜਿੱਤ ਲੈਂਦਾ ਹੈ ਤੇ ਕਿਸੇ ਤਰ੍ਹਾਂ ਉਰਵਸੀ ਨੂੰ ਗੁਲਬਦਨ ਰੋਕਣ ਲਈ ਕਿਲੇ ਵਿਚ ਭੇਜਦਾ ਹੈ। ਪਰ ਗੁਲਬਦਨ ਇਨਕਾਰ ਕਰ ਦਿੰਦੀ ਹੈ। ਬਸ ਉਂਗਲੀ 'ਚੋਂ ਲਾਹ ਕੇ ਆਪਣੀ ਅੰਗੂਠੀ ਦਿੰਦੀ ਹੈ। ਨਾਵਲ ਦੇ ਅੰਤ ਵਿਚ ਸ਼ੇਰ ਲਾਹੌਰ ਦੇ ਕਿਲੇ ਵਿਚ ਜਾ ਕੇ ਗੁਲਬਦਨ ਦੇ ਸ਼ਾਹੀ ਕਮਰੇ ਵਿਚ ਜਾ ਕੇ, ਉਹਦੇ ਪਲੰਘ ਤੇ ਕੱਪੜੇ ਵੇਖ ਕੇ ਉਹਦੀ ਹੋਂਦ ਨੂੰ ਮਹਿਸੂਸ ਕਰਦਾ ਹੈ। ਨਾਵਲ ਦੇ ਬਿਰਤਾਂਤ ਵਿਚ ਵੱਖ ਵੱਖ ਸਮੇਂ ਔਰਤਾਂ ਆ ਕੇ ਸ਼ੇਰ ਦੇ ਚ੍ਰਤਿਰ ਨੂੰ ਘੜਦੀਆਂ ਹਨ। ਆਪਣੀ ਮੁੱਖ ਕਥਾ ਬਿਰਤਾਂਤ ਵਿਚ ਅੱਗੇ ਉਪ ਕਥਾ ਬਿਰਤਾਂਤ ਅਤੇ ਅੱਗੇ ਹੋਰ ਨਿੱਕੇ ਬਿਰਤਾਂਤ ਰਾਹੀਂ ਨਾਵਲ ਸਿਖਰ ਵੱਲ ਵੱਧਦਾ ਜਾਂਦਾ ਹੈ।

ਸ਼ੇਰ ਸ਼ਾਹ ਸੂਰੀ ਇਕ ਚੰਗਾ ਸ਼ਾਸ਼ਕ ਤਾਂ ਪੇਸ਼ ਹੋਇਆ ਹੀ ਹੈ ਨਾਲ ਨਾਲ ਉਹ ਆਪਣੇ ਰਾਜ ਵਿਚ ਮੁੱਖ ਰੂਪ ਵਿਚ ਸਰਾਂਵਾਂ ਦਾ ਨਿਰਮਾਣ, ਸੜਕਾ ਦਾ ਨਿਰਮਾਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਉਹਦੇ ਸਾਹਮਣੇ ਮੁਹੱਲਾਂ ਦਾ ਰਾਜ ਕਰਨ ਦਾ ਮਾਡਲ ਨਹੀਂ ਹੈ। ਉਹਦਾ ਮਾਡਲ ਵਿਕਾਸ ਦਾ ਮਾਡਲ ਹੈ। ਉਹ ਅਥਾਹ ਧੰਨ, ਦੌਲਤ, ਸੋਨਾ-ਚਾਦੀ ਤੇ ਕੀਮਤੀ ਗਹਿਣੇ ਇਕੱਠੇ ਕਰਕੇ ਆਪਣਾ ਖ਼ਜ਼ਾਨਾ ਭਰਨਾ ਨਹੀਂ ਬਲਕਿ ਰਾਜ ਦਾ ਹਰ ਪੱਖ ਤੋਂ ਵਿਕਾਸ ਕਰਦਾ ਹੈ। ਜਦ ਭਾਰਤ ਤੇ ਜਦੋਂ ਗਜ਼ਨਵੀ, ਗੌਰੀ, ਚੌਹਾਨ, ਤੁਰਕ, ਲੋਧੀ ਮੁਗਲ ਸ਼ਾਸ਼ਕ ਕੇਵਲ ਲੋਕਾਂ ਦੀ ਲੁੱਟ ਕਰਦੇ ਹਨ। ਔਰਤ ਦਾ ਸ਼ੋਸ਼ਣ ਕਰਦੇ ਹਨ। ਉਨ੍ਹਾਂ ਦਾ ਵਿਕਾਸ ਵੱਲ ਕੋਈ ਧਿਆਨ ਨਹੀਂ ਹੁੰਦੀ। ਜ਼ਮੀਨੀ ਪ੍ਰਬੰਧ ਅਤੇ ਯਾਤਰੀਆਂ, ਵਪਾਰੀਆਂ ਦੀ ਸਹੂਲਤ ਲਈ ਸਰਾਂਵਾਂ ਤਿਆਰ ਕਰਨਾ, ਸੜਕਾ ਬਣਾਉਣਾ ਵੀ ਉਹਦੇ ਮੁੱਖ ਕੰਮ ਰਹੇ ਹਨ। ਇਸ ਨਾਵਲ ਵਿਚ ਮਨਮੋਹਨ ਬਾਵਾ ਸ਼ੇਰ ਸ਼ਾਹ ਸੂਰੀ ਨੂੰ ਤਰਕਸ਼ੀਲ ਦ੍ਰਿਸ਼ਟੀ ਨਾਲ ਨਵਾਂ ਸਰੂਪ ਦੇਣ ਵਿਚ ਸਫ਼ਲ ਹੁੰਦਾ ਹੈ।

## ਰਿਸ਼ਤਿਆਂ ਦਾ ਗੰਧਲਾਪਣ: ਚਿੱਕੜ/- ਡਾ. ਸੁਖਪਾਲ ਕੌਰ




ਪਰਵਾਸੀ ਪੰਜਾਬੀ ਸਾਹਿਤ ਵਿੱਚ ਬਲਵੀਰ ਕੌਰ ਸੰਘੇੜਾ ਦਾ ਨਾਂ ਆਪਣੀ ਅਲੱਗ ਪਹਿਚਾਣ ਰੱਖਦਾ ਹੈ।ਉਸਨੇ ਆਪਣੀਆਂ ਲਿਖਤਾਂ ਰਾਹੀ ਨਾ ਸਿਰਫ ਪੰਜਾਬੀਆਂ ਦੇ ਵਤਨ ਹੇਰਵੇ ਜਾਂ ਮੋਹ ਨੂੰ ਪੇਸ਼ ਕੀਤਾ ਹੈ ਸਗੋਂ ਉਹ ਸਮਕਾਲੀ ਪਰਵਾਸੀ ਸਮਾਜ ਅਤੇ ਉਥੋਂ ਦੇ ਸਮਾਜਕ ਪ੍ਰਬੰਧ ਨੂੰ ਵੀ ਆਪਣੀਆਂ ਲਿਖਤਾ ਰਾਹੀ ਉਜਾਗਰ ਕਰਦੀ ਹੈ। ਹੱਥਲਾ ਨਾਵਲ ਚਿੱਕੜ ਉਸ ਦਾ ਨਵਾਂ ਨਾਵਲ ਹੈ ਜਿਸ ਵਿੱਚ ਉਸਨੇ ਵਿਦੇਸ਼ਾ ਵਿੱਚ ਵਸਦੇ ਪੰਜਾਬੀਆ ਦੀਆਂ ਜ਼ਮੀਨ ਜਾਇਦਾਦਾਂ ਤੇ ਨਜ਼ਾਇਜ਼ ਕਬਜ਼ਿਆਂ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੇ ਸੰਕਟ ਅਤੇ ਪੀੜ ਨੂੰ ਬਿਆਨ ਕੀਤਾ ਹੈ। 30 ਕਾਂਡਾਂ ਵਿੱਚ ਫੈਲੇ ਇਸ ਨਾਵਲ ਵਿੱਚ ਕਈ ਕਿਸਮ ਦਾ 'ਚਿੱਕੜ' ਹੈ ਜਿਹੜਾ ਕਿ ਪਰਵਾਸ ਤੋਂ ਲੈ ਕੇ ਪੰਜਾਬੀ ਸਮਾਜ ਦੇ ਆਰ ਪਾਰ ਫੈਲਿਆ ਪਿਆ ਹੈ ਜਿਸ ਵਿੱਚ ਰਿਸ਼ਤਿਆਂ ਦਾ,ਰਾਜਨੀਤੀ ਦਾ, ਸੱਤਾ ਦਾ, ਲਾਲਸਾ ਦਾ, ਪਰਵਾਸੀਆਂ ਅਤੇ ਉਹਨਾਂ ਨਾਲ ਜੁੜੇ ਮਸਲਿਆਂ ਦਾ ਗੰਧਲਾਪਣ ਸ਼ਾਮਿਲ ਹੈ।

ਨਾਵਲ ਦੇ ਪਹਿਲੇ ਕਾਂਡ ਬੜੀ ਮੱਧਮ ਚਾਲ ਚਲਦੇ ਹਨ, ਜਿਨ੍ਹਾਂ ਵਿੱਚ ਪੰਜਾਬ ਤੋਂ ਇੰਗਲੈਂਡ ਤੱਕ ਦਾ ਸਫ਼ਰ, ਇੰਗਲੈਂਡ ਵਿੱਚ ਫੈਲੀ ਮੰਦੀ ਅਤੇ ਨਾਲ ਹੀ ਨਾਵਲ ਦੀ ਮੁੱਖ ਪਾਤਰ ਸਿਮਰਨ ਉਰਫ ਸਿਮਰ

ਜਿਸ ਨੂੰ ਸੂਤਰਧਾਰ ਵੀ ਮੰਨਿਆ ਜਾ ਸਕਦਾ ਹੈ,ਉਸਦੇ ਸਹੁਰਾ ਪਰਿਵਾਰ ਦੇ ਇੰਗਲੈਂਡ ਤੋਂ ਕੈਨੇਡਾ ਜਾ ਕੇ ਵਸਣ ਅਤੇ ਨਾਲ ਹੀ ਪੰਜਾਬ ਵਿੱਚ, ਆਪਣੇ ਪਿੰਡ ਵਿੱਚ ਜਾ ਕੇ ਰਸਣ ਵਸਣ ਦੀਆਂ ਗੱਲਾਂ ਅਤੇ ਆਪਣੀਆਂ ਜੜ੍ਹਾ ਨਾਲ ਜੁੜੇ ਰਹਿਣ ਦੇ ਹੇਰਵੇ ਨੂੰ ਬਿਆਨਿਆ ਗਿਆਂ ਹੈ। ਇਸ ਦੌਰਾਨ ਹੀ ਇੰਗਲੈਂਡ ਦੀ ਆਰਥਿਕ ਨੀਤੀ ਅਤੇ ਮੰਦਹਾਲੀ ਦੇ ਨਾਲ ਨਾਲ ਪੰਜਾਬ ਵਿੱਚ ਆਏ ਸਮਾਜਕ ਬਦਲਾਵਾਂ ਦੀ ਗੱਲ ਵੀ ਤੁਰਦੀ ਹੈ ਜਿਸ ਨੂੰ ਸਮਝਣ ਤੋਂ ਪਰਵਾਸੀ ਪੰਜਾਬੀ ਅਸਮਰੱਥ ਜਿਹੇ ਜਾਪਦੇ ਹਨ, ਕਿਉਂਕਿ ਉਹ ਅਜੇ ਵੀ ਉਸੇ ਪੰਜਾਬ ਦੇ ਸੁਪਨੇ ਦੇਖਦੇ ਜਿਹੜਾ ਉਹ ਛੱਡ ਕੇ ਆਏ ਸਨ। ਇਸ ਕਾਰਨ ਜਦੋਂ ਸਿਮਰ ਅਤੇ ਉਸਦੀ ਜਠਾਣੀ ਕੁਝ ਦਿਨ ਪੰਜਾਬ ਜਾ ਕੇ ਰਹਿੰਦੀਆ ਹਨ ਤਾਂ ਬਦਲਦੇ ਪੰਜਾਬੀ ਸਮਾਜ ਬਾਰੇ ਗੱਲਾਂ ਕਰਦੀਆਂ ਹਨ ਅਤੇ ਸੋਚਦੀਆਂ ਹਨ:-

'ਪੰਜਾਬ ਦੇ ਸਮਾਜ ਨੂੰ ਕੀ ਹੋ ਗਿਆ ਹੈ?ਕਿੱਥੇ ਅਤੇ ਕਦੋਂ ਗੜਬੜ ਸ਼ੁਰੂ ਹੋਈ?... ਸਾਨੂੰ ਪਤਾ ਨਾ ਹੁੰਦਾ ਕਿ ਬਦਲਾਵ ਕਿਵੇਂ ਅਤੇ ਕਿੰਨੇ ਕੁ ਘਾਤਕ ਆ ਚੁੱਕੇ ਹਨ। ਤੁਹਾਡੀ ਕੁੰਡੀ ਉਸੇ ਸਮੇਂ ਵਿੱਚ ਅਟਕ ਗਈ ਐ।'(ਪੰਨਾ 38)

ਉਧਰ ਸਿਮਰ ਦਾ ਸਹੁਰਾ ਸੁਰਜਣ ਸਿੰਘ ਅਕਸਰ ਪੰਜਾਬ ਆਉਦਾ ਰਹਿੰਦਾ ਹੈ ਅਤੇ ਪੰਜਾਬ ਵਿਚ ਆਪਣੇ ਪਿੰਡ ਵਿੱਚ ਆਪਣਾ ਘਰ ਬਣਾਉਂਦਾ ਹੈ। ਉਹ ਸ਼ੌਕੀਨ ਕਿਸਮ ਦਾ ਆਦਮੀ ਹੈ ,ਜ਼ਿੰਦਗੀ ਨੂੰ ਆਪਣੀ ਮੌਜ ਅਤੇ ਭਰਪੂਰਤਾ ਨਾਲ ਜਿਊਣ ਵਾਲਾ ਹੈ ਅਤੇ ਉਸਦੀ ਇਹੀ ਮੌਜ ਨਾਵਲ ਦੀ ਕਹਾਣੀ ਦਾ ਮੁੱਢ ਬੰਨਦੀ ਹੈ ਜਦ ਉਹ ਆਪਣੇ ਪਿੰਡ ਵਾਲੇ ਘਰ ਆਪਣੇ ਰੋਟੀ ਪਾਣੀ ਅਤੇ ਘਰ ਦੀ ਸੰਭਾਲ ਲਈ ਰਜਨੀ ਨਾਂ ਦੀ ਇੱਕ ਪਹਾੜਨ ਨੂੰ ਘਰ ਵਿੱਚ ਰੱਖਦਾ ਹੈ ਜਿਸ ਦਾ ਪਤੀ ਬਿਜਲੀ ਬੋਰਡ ਵਿੱਚ ਨੌਕਰੀ ਕਰਦਾ ਹੈ ਅਤੇ ਉਸਦੇ ਚਾਰ ਬੱਚੇ ਹਨ। ਹੌਲੀ ਹੌਲੀ ਰਜਨੀ ਘਰ ਅਤੇ ਸੁਰਜਣ ਸਿੰਘ ਦੇ ਪੈਸਿਆਂ ਤੇ ਨਜ਼ਾਇਜ਼ ਢੰਗ ਨਾਲ ਕਬਜ਼ਾ ਕਰ ਲੈਂਦੀ ਹੈ। ਸੁਰਜਣ ਸਿੰਘ ਦੀ ਕੈਨੇਡਾ ਵਿੱਚ ਮੌਤ ਤੋਂ ਬਾਅਦ ਹੀ ਅਸਲ ਕਹਾਣੀ ਸਾਹਮਣੇ ਆਉਣ 'ਤੇ ਸਿਮਰ ਅਤੇ ਉਸਦੇ ਪਤੀ ਗੁਰਦਿਆਲ ਸਿੰਘ ਦਾ ਚਿੱਕੜ ਨਾਲ ਵਾਹ ਪੈਂਦਾ ਹੈ। ਇਥੋਂ ਹੀ ਬਿਰਤਾਂਤ ਤਿੱਖਾ ਮੋੜ ਲੈਂਦਾ ਹੈ ਅਤੇ ਨਾਵਲ ਵਿੱਚ ਤਣਾਉ ਵਧਣਾ ਸ਼ੁਰੂ ਹੁੰਦਾ ਹੈ। ਅਸਲ ਵਿੱਚ ਪਰਵਾਸੀ ਪੰਜਾਬੀਆਂ ਦੇ ਮਨਾਂ ਵਿੱਚ ਅਜੇ ਵੀ ਕਿਤੇ ਨਾ ਕਿਤੇ ਉਦਰੇਵਾਂ ਅਤੇ ਹੇਰਵਾਂ ਪਿਆ ਹੈ ਭਾਂਵੇਂ ਕਿ ਇਸ ਦੀ ਸ਼ਿੱਦਤ ਪਹਿਲਾਂ ਵਾਲੀ ਨਹੀ ਰਹੀ। ਆਪਣੇ ਪਰਿਵਾਰ ਅਤੇ ਪੰਜਾਬ ਨਾਲ ਜੁੜੇ ਰਹਿਣ ਦਾ ਮੋਹ ਉਹਨਾ ਨੂੰ ਪੰਜਾਬ ਲਿਆਉਂਦਾ ਹੈ ਪਰ ਉਹਨਾਂ ਨੂੰ ਇੱਥੋਂ ਪਹਿਲਾਂ ਵਾਲਾ ਮੋਹ ਨਹੀ ਮਿਲਦਾ:-

"ਭੈਣ ਜੀ,ਇਸ ਮਿੱਟੀ ਦੇ ਮੋਹ ਲਈ ਆਉਂਦੇ ਹਾਂ। ਇਹ ਠੀਕ ਹੈ ਕਿ ਰਿਸ਼ਤੇ ਉਹ ਨਹੀਂ ਰਹੇ, ਪੰਜਾਬ ਆਪਣੀਆ ਰਗਾਂ ਵਿੱਚੋਂ ਕਿਵੇਂ ਕੱਢ ਦੇਈਏ?... ਇਹ ਸਭ ਨਹੀ ਕਰ ਹੁੰਦੇ ਅੱਡ।"(ਪੰਨਾ55)

ਇਸ ਮੋਹ ਪਿਆਰ ਦੇ ਬਦਲੇ ਜਦੋਂ ਉਹ ਰਜਨੀ ਵਰਗੇ ਲੋਕਾਂ ਨਾਲ ਉਹਨਾਂ ਦਾ ਵਾਹ ਪੈਂਦਾ ਹੈ ਅਤੇ ਜਿਸ ਦੌਰ ਵਿੱਚੋਂ ਉਹ ਗੁਜ਼ਰਦੇ ਹਨ ਜੋ ਉਹਨਾ ਕਦੇ ਕਿਆਸਿਆ ਵੀ ਨਹੀ ਹੁੰਦਾ ਤਾਂ ਉਹ ਪੰਜਾਬ ਵਿੱਚ ਇਖਲਾਕੀ ਤੌਰ ਤੇ ਆਏ ਨਿਘਾਰ ਨੂੰ ਮਹਿਸੂਸ ਕਰਦੇ ਹਨ। ਸੁਰਜਣ ਸਿੰਘ ਦੀ ਮੌਤ ਤੋਂ ਬਾਅਦ ਪਿੰਡ ਵਾਪਸ ਆ ਜਦੋਂ ਸਿਮਰ ਅਤੇ ਉਸਦੇ ਪਤੀ ਰਜਨੀ ਨਾਲ ਕੋਰਟ ਕਚਹਿਰੀ ਦੇ ਚੱਕਰਾਂ ਵਿੱਚ ਪੈਂਦੇ ਹਨ ਤਾਂ ਉਹ ਪਰਦੇਸ ਦੇ ਬਿਹਤਰ ਹੋਣ ਦਾ ਅਹਿਸਾਸ ਕਰਦੇ ਹਨ:-

'ਅਸੀ ਬਾਹਰ ਆਏ... ਪੌੜੀਆਂ ਉਤਰਦਿਆ ਲੱਤਾਂ ਜਿਵੇ ਕੰਬ ਰਹੀਆਂ ਸਨ। ਇੰਗਲੈਂਡ ਰਹਿੰਦਿਆ ਹੋਇਆ ਨਸਲਵਾਦ ਨਾਲ ਜੂਝਦਿਆਂ ਵੀ ਇਹ ਅਹਿਸਾਸ ਨਹੀ ਸੀ ਹੋਇਆ ਜੋ ਅੱਜ ਆਪਣੇ ਹੀ ਦੇਸ ਵਿੱਚ ਆਪਣੇ ਹੀ ਬੰਦਿਆ ਹੱਥੋਂ ਹੋਇਆ ਸੀ।'(ਪੰਨਾ-182)

ਇਥੋ ਨਾਵਲ ਆਪਣੇ ਸਿਖਰ ਵੱਲ ਤੁਰਦਾ ਹੈ। ਇੱਕ ਪਾਸੇ ਸਿਮਰ ਅਤੇ ਉਸਦਾ ਪਤੀ ਗੁਰਦਿਆਲ ਹੈ ਅਤੇ ਦੂਸਰੇ ਪਾਸੇ ਗੁਰਦਿਆਲ ਦਾ ਭਤੀਜਾ ਵਰਿੰਦਰ ਅਤੇ ਉਸਦੀ ਪਤਨੀ ਜੋ ਹਰ ਹੀਲਾ ਵਰਤ



ਆਪਣਾ ਜ਼ਿਆਦਾ ਹਿੱਸਾ ਜਾਇਦਾਦ ਵਿੱਚੋਂ ਲੈਣ ਲਈ ਤਤਪਰ ਹਨ ਅਤੇ ਅੰਦਰਖਾਤੇ ਰਜਨੀ ਦੀ ਮਦਦ ਵੀ ਕਰਦੇ ਹਨ। ਸ਼ਾਇਦ ਇਹੀ ਪੂੰਜੀਵਾਦ ਦੀ ਪ੍ਰਾਪਤੀ ਹੈ ਕਿ ਸੱਤਾ ਅਤੇ ਪੈਸੇ ਦਾ ਲਾਲਚ ਇਸ ਕਦਰ ਇਨਸਾਨ 'ਤੇ ਭਾਰ ਰਹਿੰਦਾ ਹੈ ਕਿ ਉਹ ਰਿਸ਼ਤਿਆਂ ਦੀ ਕਦਰ ਭੁੱਲ ਜਾਂਦਾ ਹੈ। ਰਜਨੀ ਤੋਂ ਘਰ ਦਾ ਕਬਜ਼ਾ ਛੁਡਾਉਣ ਦੇ ਪੰਜ ਸਾਲ ਦੇ ਲੰਮੇ ਅਰਸੇ ਦੌਰਾਨ ਬੈਂਕ, ਪੁਲਿਸ, ਰਾਜਨੀਤਿਕ ਲੋਕ, ਭੂਮੀ ਮਾਫੀਆ, ਸ਼ਰੀਕਾ, ਪਰਿਵਾਰ ਦੇ ਲੋਕ, ਪਿੰਡ ਵਾਲੇ ਇਹਨਾ ਸਭ ਨਾਲ ਵਿਚਰਦਿਆ ਸਿਮਰ ਨੂੰ ਮਹਿਸੂਸ ਹੁੰਦਾ ਹੈ ਇਹ ਇਕ ਅਜਿਹਾ ਚਿੱਕੜ ਹੈ ਜਿਸ ਵਿੱਚੋ ਅਸਾਨੀ ਨਾਲ ਨਹੀ ਨਿਕਲਿਆ ਜਾ ਸਕਦਾ। ਇਸ ਪੂਰੇ ਘਟਨਾਕ੍ਰਮ ਵਿੱਚ ਕੈਨੇਡਾ ਵਿੱਚ ਰਹਿੰਦੇ ਸਿਮਰ ਦੇ ਬੱਚੇ ਜੋ ਕੈਨੇਡੀਅਨ ਸਮਾਜ ਵਿੱਚ ਵਿਚਰਦੇ ਹਨ, ਉਹ ਆਪਣੇ ਮਾਂ ਬਾਪ ਨੂੰ ਇਹ ਸਭ ਕੁਝ ਛੱਡ ਕੇ ਵਾਪਸ ਕੈਨੇਡਾ ਆਉਣ ਲਈ ਕਹਿੰਦੇ ਹਨ ਪਰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਚਾਹ,ਪੁਰਖਿਆਂ ਦੀਆਂ ਯਾਦਾਂ ਅਤੇ ਜਾਇਦਾਦਾਂ ਦਾ ਮੋਹ ਉਹਨਾ ਨੂੰ ਅਜਿਹਾ ਕਰਨੋ ਵਰਜਦੇ ਮਹਿਸੂਸ ਹੁੰਦੇ ਹਨ :-

"ਪਰ ਖਹਿੜਾ ਕੋਈ ਕਿਦਾਂ ਛੱਡ ਦੇਵੇ? ਇਹ ਸਾਡੇ ਘਰ ਬਾਰ ਹਨ। ਅਸੀਂ ਜੰਮੇ-ਪਲੇ ਉਥੇ।ਸਾਡੇ ਪੁਰਖਿਆਂ ਨੇ ਜਾਇਦਾਦਾਂ ਬਣਾਈਆਂ।।ਅਸੀ ਬੱਚਿਆ ਨੂੰ ਸਮਝਾਉਂਦੇ"(ਪੰਨਾਂ223)

ਲ਼ਾਲਚ ਅਤੇ ਨਾ -ਉਮੀਦੀ ਦੇ ਇਸ ਗੰਧਲੇਪਣ ਵਾਲੇ ਮਾਹੌਲ ਵਿੱਚ ਉਹਨਾਂ ਨੂੰ ਰਾਜ,ਸੂਰਤੀ, ਮੋਤਾ ਸਿੰਘ , ਮਨੀਸ਼ ਕਮਾਰ ਪੁਲਿਸ ਵਾਲੇ ਵਰਗੇ ਲੋਕ ਵੀ ਮਿਲਦੇ ਹਨ ਜੋ ਪੂਰੀ ਤਰਾਂ ਤਾਂ ਨਹੀ ਪਰ ਅੰਦਰੋਂ ਅੰਦਰੀ ਆਪਣੇ ਕੀਤੇ ਗੁਨਾਹਾਂ ਦਾ ਪਚਸ਼ਾਤਾਪ ਕਰਨ ਲਈ ਸਿਮਰ ਅਤੇ ਉਸਦੇ ਪਰਿਵਾਰ ਦੀ ਮਦਦ ਕਰਦੇ ਹਨ ਅਤੇ ਆਪਣੇ ਸਿਰ ਤੋਂ ਭਾਰ ਲਾਹੁਣ ਦੀ ਕੋਸ਼ਿਸ ਕਰਦੇ ਹਨ। ਇਸੇ ਲਈ ਮਨੀਸ਼ ਕੁਮਾਰ ਸਿਮਰ ਨੂੰ ਕਹਿੰਦਾ ਹੈ:-

"ਭੈਣ ਜੀ ਮੈਂ ਜਿਸ ਦਿਨ ਤਹਾਨੂੰ ਮਿਲਿਆ ਸੀ ਨਫਾ ਹੋਵੇ ਭਾਵੇਂ ਨੁਕਸਾਨ। ਅੱਤਵਾਦ ਦਾ ਸਮਾਂ ਹੋਰ ਵੀ ਬੜਾ ਕੁਝ ਜ਼ਿਹਨ ਉੱਤੇ ਭਾਰ ਬਣ ਕੇ ਪਿਐ। ਸ਼ਾਇਦ ਇਹੋ ਸਹੀ ਮੌਕਾ ਐ ਕਿ ਕੋਈ ਚੰਗਾ ਕੰਮ ਵੀ ਕਰ ਜਾਵਾਂ।(ਪੰਨਾਂ 262)

ਅੰਤ ਇਸੇ ਮਨੀਸ਼ ਕੁਮਾਰ ਦੀ ਮਦਦ ਅਤੇ ਆਪਣੇ ਵਕੀਲ ਦੀ ਸਹਾਇਤਾ ਨਾਲ ਉਹ ਰਜਨੀ ਅਤੇ ਉਸਦੇ ਬੱਚਿਆ ਤੋਂ ਆਪਣੇ ਘਰ ਦਾ ਕਬਜ਼ਾ ਛੁਡਾਉਣ ਵਿੱਚ ਕਾਮਯਾਬ ਹੂੰਦੇ ਹਨ ਅਤੇ ਸਿਮਰ ਘੁੱਟ ਕੇ ਘਰ ਦੀ ਚਾਬੀ ਫੜਦੀ ਹੈ ਜਿਵੇਂ ਕਿਸੇ ਹੋਰ ਚਿੱਕੜ ਤੋਂ ਆਪਣੇ ਘਰ ਨੂੰ ਬਚਾਉਂਦੀ ਹੋਵੇ। ਇਸ ਚਾਬੀ ਨੂੰ ਘੁੱਟ ਕੇ ਫੜਨਾ ਉਸਦਾ ਆਪਣੇ ਜੜ੍ਹਾਂ ਨਾਲ ਮਜਬੂਤੀ ਨਾਲ ਜੁੜੇ ਰਹਿਣ ਦਾ ਇਸ਼ਾਰਾ ਸੀ। ਇਸ ਪੂਰੇ ਬਿਰਤਾਂਤ ਵਿੱਚ ਦੋਵੇਂ ਔਰਤਾਂ ਦੀ ਜਦੋਜਹਿਦ ਮੁੱਖ ਰੂਪ ਵਿਚ ਨਜ਼ਰ ਆਉਂਦੀ ਹੈ। ਪਹਿਲੀ ਸਿਮਰ ਜੋ ਹਰ ਹਾਲਾਤ ਵਿੱਚ ਆਪਣੇ ਪਤੀ ਅਤੇ ਬੱਚਿਆ ਦੇ ਨਾਲ ਰਹਿੰਦਿਆ ਆਪਣੇ ਘਰ ਅਤੇ ਪੁਰਖਿਆਂ ਦੀ ਹੋਂਦ ਨੂੰ ਬਚਾਉਣ ਲਈ ਸ਼ੰਘਰਸ਼ਸ਼ੀਲ ਰਹਿੰਦੀ ਹੈ ਅਤੇ ਦੂਸਰੀ ਰਜਨੀ ਜੋ ਹਰ ਹੀਲਾ ਵਰਤ ਆਪਣੇ ਨਜਾਇਜ਼ ਕਬਜ਼ੇ ਨੂੰ ਛੱਡਣਾ ਨਹੀ ਚਾਹੁੰਦੀ।

ਬਿਰਤਾਂਤਕ ਸ਼ੈਲੀ ਵਾਲੇ ਇਸ ਨਾਵਲ ਵਿੱਚ ਭਾਵੇਂ ਪਾਤਰਾਂ ਦੀ ਬੋਲੀ ਅਨੁਕੂਲ ਹੈ ਪਰ ਫਿਰ ਵੀ ਕਿਤੇ ਕਿਤੇ ਪਾਤਰਾਂ ਦਾ ਬੋਲੀ ਨਾਲ ਇਨਸਾਫ਼ ਨਹੀ। ਜਿਵੇਂ ਕਿ ਰਜਨੀ ਦਾ ਪਿਛੋਕੜ ਪਹਾੜ ਦਾ ਹੈ ਪਰ ਉਸ ਦੀ ਬੋਲੀ ਵਿੱਚ ਕਿਤੇ ਵੀ ਕੋਈ ਪਹਾੜੀ ਅੰਸ਼ ਸਾਮਿਲ ਨਹੀ। ਕੋਈ ਵਿਅਕਤੀ ਭਾਵੇਂ ਕਿਤੇ ਵੀ ਰਹਿਣ ਲੱਗ ਜਾਵੇ ਪਰ ਉਸਦੀ ਮਾਤ ਬੋਲੀ ਦਾ ਲਹਿਜਾ ਹਮੇਸ਼ਾਂ ਉਸਦੀ ਬੋਲੀ ਵਿੱਚ ਸਾਮਿਲ ਰਹਿੰਦਾ ਹੈ ਪਰ ਨਾਵਲ ਵਿਚ ਅਜਿਹਾ ਕਿਤੇ ਨਹੀ ਦਿਖਾਇਆਂ ਗਿਆ। ਕਿਤੇ ਕਿਤੇ ਮਨੀਸ ਕੁਮਾਰ ਪੁਲਿਸ ਵਾਲਾ ਵੀ ਜ਼ਿਆਦਾ ਹੀ ਭਾਵੁਕ ਦਿਖਾਇਆ ਗਿਆ ਹੈ। ਪਰ ਕੁੱਲ ਮਿਲਾ ਕਿ ਜਿਸ ਤਰਾਂ ਨਾਵਲ ਵਿੱਚ ਪ੍ਰਵਾਸੀਆਂ ਦੀ ਇਸ ਸਮੱਸਿਆ ਨੂੰ ਉਭਾਰਿਆ ਗਿਆ ਹੈ ਅਤੇ ਪੰਜਾਬ ਦੇ ਸਮਾਜਕ ਅਤੇ ਇਖਲਾਕੀ ਗੰਧਲੇਪਣ ਨੂੰ ਬਿਆਨਿਆਂ ਗਿਆਂ ਹੈ ਉਹ ਪਾਠਕ ਨੂੰ ਨਾਵਲ ਪੜ੍ਹਦਿਆ ਨੀਰਸਤਾ ਦਾ ਅਹਿਸਾਸ ਨਹੀਂ ਹੋਣ ਦਿੰਦਾ। (**ਸੰਪਰਕ**-83606-83823)

# ਮੇਰਾ ਸਟੱਡੀ ਟੇਬਲ/ -ਭਗਵੰਤ ਰਸੂਲਪੁਰੀ




ਲੌਕਡਾਊਨ ਉਪਰੰਤ ਪੰਜਾਬ 'ਚ ਮਾਰਚ 'ਚ ਕਰਫਿਊ ਲੱਗਣ ਕਾਰਨ ਦਿਨ ਦਾ ਵਧੇਰੇ ਸਮਾਂ ਮੈਂ ਪੜ੍ਹਨ ਵਿਚ ਗੁਜਾਰਿਆ। ਮੋਟੇ ਤੇ ਭਾਰੇ ਨਾਵਲ ਕਾਫੀ ਦੇਰ ਤੋਂ ਮੇਰੇ ਏਜੰਡੇ 'ਤੇ ਸਨ। ਸੋ ਮੈਂ ਵਾਰੀ ਵਾਰੀ ਉਨ੍ਹਾਂ ਨੂੰ ਪੜ੍ਹਨ ਤੇ ਸਮਝਣ ਲਈ ਵਧੇਰੇ ਸਮਾਂ ਦਿੱਤਾ। ਪਹਿਲਾ ਨਾਵਲ 'ਰੂਟਸ' ਏ ਜਿਹੜਾ ਵੱਡ ਅਕਾਰੀ ਨਾਵਲ ਏ। ਜਦੋਂ ਪੜ੍ਹਨਾ ਸ਼ੁਰੂ ਕੀਤਾ ਬਸ ਪੜ੍ਹਦਾ ਹੀ ਗਿਆ। ਮੈਂ '**ਰੂਟਸ**' ਦੇ ਸੰਸਾਰ ਵਿਚ ਪੂਰੀ ਤਰ੍ਹਾਂ ਖੁੱਭ ਗਿਆ ਕਿ ਰੋਟੀ ਪਾਣੀ ਵੀ ਭੁੱਲ ਜਾਂਦਾ ਰਿਹਾਂ। ਕੁੰਤੇ ਕਿੰਤੇ ਦੀ ਪੀੜ੍ਹੀ ਦਰ ਪੀੜ੍ਹੀ ਯਾਤਰਾ। ਉਸ ਦੇ ਕਬੀਲੇ ਦੇ ਟੈਬੂ, ਜੰਗਲੀ ਦ੍ਰਿਸ਼, ਜਹਾਜ ਵਿਚ ਗੁਲਾਮ ਬਣਾਉਣ ਦੀ ਲੰਮੀ ਪੀੜਾ ਦਾ ਐਨਾ ਬਰੀਕ ਅਤੇ ਭਿਆਨਕ ਵਰਨਣ। ਗੁਲਾਮਾ ਦਾ ਵਿਕਣਾ, ਇਕ ਤੋਂ ਬਾਅਦ ਦੂਜੇ ਵਲੋਂ ਖਰੀਦੇ ਜਾਣਾ। ਉਨ੍ਹਾਂ ਕੋਲੋਂ ਬੰਧੂਆਂ ਬਣਾ ਕੇ ਕੰਮ ਕਰਵਾਉਣਾ। ਉਨ੍ਹਾਂ ਦੀਆਂ ਔਰਤਾਂ ਦਾ ਸਰੀਰਕ ਸੋਸ਼ਣ, ਬੱਚੇ ਪੈਦਾ ਹੋਣਾ। ਗੱਲ ਕੀ ਬਹੁਤ ਹੀ ਸੰਘਰਸ਼ ਭਰਪੂਰ ਵਰਨਣ ਹੈ ਕੁੰਤੇ ਕਿੰਤੇ ਦੀਆਂ ਪੀੜ੍ਹੀਆਂ ਦਾ। ਐਲੈਕਸ ਹੇਲੀ ਕੋਲ ਐਨਾ ਵਿਸ਼ਾਲ ਅਨੁਭਵ ਏ। ਐਨਾ ਸਮਾਜਿਕ ਗਿਆਨ ਏ ਕਿ ਉਹਦੀ ਲਿਖਤ ਅੱਗੇ ਸਿਰ ਝੁੱਕ ਜਾਂਦਾ ਏ। ਜਦੋਂ ਨਾਵਲ ਪੜ੍ਹਿਆ ਤੇ ਮੈਂ ਨਾਵਲ ਨੂੰ ਸਤਿਕਾਰ ਵਜੋਂ ਮੱਥੇ ਨੂੰ ਲਾਇਆ ਤੇ ਟੇਬਲ ਤੇ ਰੱਖ ਦਿੱਤਾ। ਪਹਿਲੀ ਕਿਤਾਬ 'ਰੂਟਸ' ਏ ਜਿਹਨੂੰ ਮੈਂ ਮੱਥੇ ਨਾਲ ਲਾਇਆ ਏ। ਅਜੇ ਤੱਕ ਵੀ ਮੇਰੇ ਖਿਆਲਾ ਵਿਚ '**ਰੂਟਸ**' ਦੇ ਪਾਤਰ ਤੇ ਦ੍ਰਿਸ਼ ਘੁੰਮਦੇ ਰਹਿੰਦੇ ਨੇ। ਮੈਂ ਉਹਨੂੰ ਸਮਝਦਾ ਰਹਿੰਦਾ ਹਾਂ। ਕਿਸੇ ਨਾਵਲ ਦੀ ਏਹੀ ਪ੍ਰਾਪਤੀ ਹੁੰਦੀ ਏ। ਪੰਜਾਬੀ ਦੇ ਕਈ ਨਾਵਲਾਂ ਦਾ ਏਹ ਹਾਲ ਕਿ ਉਨ੍ਹਾਂ ਦਾ ਇਕ ਪੇਜ਼ ਨਹੀਂ ਪੜ੍ਹ ਹੁੰਦਾ ਭਾਵੇਂ ਕਿ ਉਨ੍ਹਾਂ ਨੂੰ ਵੱਡੇ ਵੱਡੇ ਇਨਾਮ ਵੀ ਮਿਲੇ ਹੁੰਦੇ ਨੇ। ਦੂਜਾ ਇਰਵਿੰਗ ਸਟੋਨ ਦਾ ਪ੍ਰਸਿੱਧ ਨਾਵਲ '**ਲਸਟ ਫਾਰ ਲਾਇਫ**' ਏ। ਜਿਹੜਾ ਕਿ ਉਸ ਨੇ ਪ੍ਰਸਿੱਧ ਚਿੱਤਰਕਾਰ ਵਾਨ ਗਾਗ ਦੀ ਜੀਵਨੀ 'ਤੇ ਲਿਖਿਆ ਏ। ਵਾਹ! ਕਮਾਲ ਦੀ ਰਚਨਾ ਏ। ਉਹ ਤਿੰਨ ਤਿੰਨ ਦਿਨ ਭੁੱਖਾ ਰਹਿ ਕੇ ਚਿੱਤਰਕਾਰੀ ਕਰਦਾ ਰਹਿੰਦਾ ਏ। ਜਿਹੜਾ ਧੰਨ ਉਸ ਨੇ ਰੋਟੀ 'ਤੇ ਖਰਚਣਾ ਹੁੰਦਾ ਏ ਉਹ ਮਾਡਲਾਂ ਤੇ ਖਰਚ ਕਰ ਦਿੰਦਾ ਏ। ਐਨਾ ਜਨੂੰਨੀ ਕਿ ਆਪਣੀ ਪ੍ਰੇਮਕਾ ਨੂੰ ਆਪਣਾ ਕੰਨ ਹੀ ਲਾਹ ਕੇ ਦੇ ਦਿੰਦਾ ਏ। ਉਸ ਤੋਂ ਉਪਰੰਤ ਉਸ ਨੂੰ ਪਾਗਲਪਲ ਦੇ ਦੌਰੇ ਪੈਣ ਲੱਗ ਪੈਂਦੇ ਨੇ। ਪਾਗਲਖਾਨੇ ਵਿਚ ਰਹਿ ਕੇ ਵੀ ਉਹ ਚਿੱਤਰਕਾਰੀ ਕਰਦਾ ਰਹਿੰਦਾ ਏ। ਇਹ ਉਹ ਚਿੱਤਰਕਾਰ ਏ ਜਿਹਦੇ ਚਿੱਤਰ ਉਹਦੇ ਜਿਉਂਦੇ ਧੇਲੇ ਦੇ ਨਹੀਂ ਵਿਕੇ ਤੇ ਮਰਨ ਉਪਰੰਤ ਕਰੋੜਾ ਲਾਡਰ ਦੇ ਵਿਕੇ। ਵਾਨ ਗਾਗ ਦਾ ਚਿੱਤਰਕਾਰ ਪ੍ਰਤੀ ਭਿਆਕਰ ਤੇ ਜਨੂੰਨੀ ਸੁਭਾ। ਦੰਗ ਕਰਨ ਵਾਲਾ ਏ। ਕਲਾ ਪ੍ਰਤੀ ਐਨੀ ਸ਼ਿੱਦਤ ਨਾਲ ਹੀ ਸਮਰਪਤ ਹੋਣਾ ਚਾਹੀਦਾ ਏ। ਬਹੁਤ ਹੀ



ਉਤਮ ਦਰਜੇ ਦਾ ਨਾਵਲ ਪੜ੍ਹ ਕੇ ਮਨ ਨੱਕੋ ਨੱਕ ਭਰ ਗਿਆ ਏ। ਉਪਰੰਤ ਅਬਦੁੱਲਾ ਹੁਸੈਨ ਦਾ '**ਉਦਾਸ ਨਸਲੇ**' ਕੀ ਕਹਿਣਾ ਏ ਏਸ ਨਾਵਲ ਦਾ 423 ਪੰਨਿਆ ਤੇ ਫੈਲਿਆ ਹੋਇਆ ਨਾਵਲ ਭਾਰਤ ਦੀ ਵੰਡ ਦੀ ਅਣਕਹੀ ਕਹਾਣੀ ਕਹਿੰਦਾ ਹੋਇਆ ਤੁਹਾਨੂੰ ਗਹਿਰੇ ਸਮੁੰਦਰ ਵਿਚ ਲੈ ਜਾਂਦਾ ਏ। ਨਾਵਲ ਵਿਚ ਕਈ ਪੀੜ੍ਹੀਆਂ ਆ ਕੇ ਤੁਹਾਨੂੰ ਬਸਤੀਵਾਦੀ ਦੌਰ, ਅਜ਼ਾਦੀ ਦੇ ਦੌਰ ਤੇ ਉਸ ਤੋਂ ਬਾਅਦ ਦੇ ਦੌਰ ਦੀਆਂ ਵਿਕਰਾਲ ਸਥਿਤੀਆਂ ਦਾ ਗਲਪੀਕਰਨ ਪੜ੍ਹਨ ਨੂੰ ਮਿਲਦਾ ਏ। ਅਗਲਾ ਅਬਦੁੱਲਾ ਹੁਸੈਨ ਦਾ ਦੂਜਾ ਨਾਵਲ '**ਝੀਨੀ ਝੀਨੀ ਬੀਨੀ ਚਦਰੀਆ**' ਪੜ੍ਹਿਆ, ਜਿਹੜਾ ਕਿ ਬਨਾਰਸ ਵਿਚ ਰਹਿ ਰਹੇ ਸਾੜ੍ਹੀ 'ਤੇ ਸੁੰਦਰ ਕਢਾਈ ਕਰਨ ਵਾਲੇ ਪਰਿਵਾਰਾਂ 'ਤੇ ਅਧਾਰਤ ਏ। ਬੁਨਕਰਾਂ ਦੇ ਇਕ ਅਜਿਹੇ ਸਮਾਜ ਬਾਰੇ ਤੁਸੀਂ ਪੜ੍ਹਦੇ ਹੋ ਜਿਹੜਾ ਆਰਥਿਕ ਥਪੇੜੇ ਆਪਣੇ ਗਰੀਬ ਪਿੰਡਿਆ 'ਤੇ ਖਾ ਰਿਹਾ ਏ, ਅਨੇਕਾਂ ਬਿਮਾਰੀਆਂ ਦਾ ਸ਼ਿਕਾਰ ਏ, ਬਹੁਤ ਹੀ ਕਰੂਰਤਾ ਦਾ ਵਰਨਣ ਅਬਦੁਲਾ ਨੇ ਕੀਤਾ ਏ। ਨਾਵਲ ਵਿਚ ਇਸ ਬੁਣਕਰ ਬਰਾਦਰੀ ਦੇ ਹੋਰ ਅਨੇਕਾਂ ਦ੍ਰਿਸ਼ ਨੇ ਜਿਨ੍ਹਾਂ ਨੂੰ ਲਿਖਿਆ ਨਹੀਂ ਜਾ ਸਕਦਾ, ਕੇਵਲ ਮਹਿਸੂਸ ਕੀਤਾ ਜਾ ਸਕਦਾ ਏ। ਫਿਰ ਮੈਂ ਉਸਦਾ ਤੀਜਾ ਨਾਵਲ '**ਅਪਵਿਤਰ ਆਖਿਆਨ**' ਵੀ ਪੜ੍ਹ ਗਿਆ। ਜਿਹੜਾ ਕਿ ਮੁਸਲਿਮ ਸਮਾਜ ਦੇ ਅੰਦਰੂਨੀ ਅਤੇ ਬਾਹਰੀ ਅੰਤਰਵਿਰੋਧਾ ਦੀ ਥਾਹ ਪਾਉਂਦਾ ਏ। ਨਾਵਲ ਇਸ ਸਮਾਜ ਦੀਆਂ ਅਨੇਕਾਂ ਪਰਤਾਂ ਨੂੰ ਤੁਹਾਡੇ ਸਾਹਮਣੇ ਫੈਲਾ ਦਿੰਦਾ ਏ। ਵਾਹ ਸਲਾਮ ਅਬਦੁਲ ਬਿਸਮਿਲਾ। ਅਗਲਾ ਨਾਵਲ ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਦਾ '**ਬਾਣਭੱਟ ਦੀ ਆਤਮਕੱਥਾ**' ਏ। ਨਾਵਲ ਵਿਚ ਚੇਤਨ ਪ੍ਰਵਾਹ 'ਤੇ ਵਰਤਮਾਨ ਦੇ ਬਹੁਤ ਸਾਰੇ ਤਜ਼ਰਬੇ ਕੀਤੇ ਗਏ ਨੇ। ਨਾਵਲ ਵਿਚ ਲੇਖਕ ਨੇ ਬਾਣ ਭੱਟ ਦੇ ਖਿਲਰੇ ਜੀਵਨ ਦੇ ਟੁਕੜਿਆਂ ਨੂੰ ਆਪਣੀ ਕਲਪਨਾ ਸ਼ਕਤੀ ਨਾਲ ਇਕੱਠੇ ਕਰਕੇ ਇਕ ਅਜਿਹੀ ਕਥਾ ਦਾ ਨਿਰਮਾਣ ਕੀਤਾ ਏ -'ਸੱਚ ਲਈ ਕਿਤੇ ਨਹੀਂ ਡਰਨਾ, ਗੁਰੂ ਤੋਂ ਵੀ ਨਹੀਂ, ਮੰਤਰਾਂ ਤੋਂ ਵੀ ਨਹੀਂ, ਲੋਕਾਂ ਤੋਂ ਵੀ ਨਹੀਂ, ਵੇਦਾਂ ਤੋਂ ਵੀ ਨਹੀਂ।' ਹਜ਼ਾਰੀ ਪ੍ਰਸ਼ਾਦ ਦੇ ਨਾਵਲ ਨੇ ਨਿਰਾਸ਼ ਨਹੀਂ ਕੀਤਾ। ਸਿੰਕਲੇਅਰ ਨੂੰ ਮੈਂ ਦੁਬਾਰਾ ਪੜ੍ਹਿਆ, '**ਜੰਗਲ**'। ਜੋ ਇਕ ਵੱਖਰੀ ਦੁਨੀਆਂ ਵਿਚ ਮੈਨੂੰ ਲੈ ਗਿਆ। ਵਿਸ਼ਾਲ ਅਕਾਰ ਦੀ ਮੀਟ ਫੈਕਟਰੀ ਦੇ ਆਲੇ ਦੁਆਲੇ ਸੰਘਣਾ ਬੁਣਿਆ ਤੰਤਰ, ਜਿਹਦੇ ਵਿਚ ਗੁਲਾਮ ਬਣਾ ਕੇ ਲਿਆਂਦੇ ਕਾਮੇ, ਉਨ੍ਹਾਂ ਦਾ ਰਹਿਣ ਸਹਿਣ, ਫੈਕਟਰੀ ਦੇ ਭਿਆਨਿਕ ਦ੍ਰਿਸ਼, ਫੈਕਟਰੀ ਦੇ ਕਾਮਿਆ ਦਾ ਇਕੱਠੇ ਹੋਣਾ.... ਅਨਿਆ ਵਿਰੁੱਧ ਖੜਨਾ... ਵਾਹ.... ਕਮਾਲ ਦਾ ਨਾਵਲ ਪੜ੍ਹਿਆ ਗਿਆ ਏ। ਇਕ ਹੋਰ ਨਾਵਲ ਲਕਸ਼ਮਣ ਗਾਇਕਵਾੜ ਦਾ ਏ, '**ਵਕੀਲ ਪਾਰਧੀ**' ਗਾਇਕਵਾੜ ਉਸ ਸਮਾਜ ਵਿਚੋਂ ਆਇਆ ਜਿਹਦੇ ਕੋਲੋਂ ਵਿਦਿਆ ਕੋਹਾਂ ਦੂਰ ਰਹੀ ਏ। ਉਸ ਦੀਆਂ ਹੋਰ ਲਿਖਤਾਂ ਵਾਂਗ ਇਹ ਲਿਖਤ ਵੀ ਦਿਲ ਨੂੰ ਟੁੰਬਣ ਵਾਲੀ ਏ। ਬ੍ਰਿਟਿਸ਼ ਸ਼ਾਸ਼ਨਕਾਲ ਵਿਚ 'ਪਾਰਧੀ' ਫਿਰਕੇ ਨੂੰ ਅਪਰਾਧੀਆਂ ਦੀ ਸੂਚੀ ਵਿਚ ਸੁੱਟ ਦਿੱਤਾ ਜਾਂਦਾ ਏ। ਇਹ ਨਾਵਲ ਇਸ ਦੇ ਆਲੇ ਦੁਆਲੇ ਘੁੰਮਦਾ ਏ। ਇਸ ਸਮਾਜ ਦੀ ਯਾਤਰਾਂ ਨਾਵਲ ਵਿਚ ਬਿਆਨ ਕੀਤੀ ਗਈ ਏ। ਭਾਵੇਂ ਕਿ 'ਪਾਰਧੀ' ਨੂੰ ਅਪਰਾਧੀ ਦੀ ਸੂਚੀ ਵਿਚੋਂ ਬਾਹਰ ਕੱਢ ਦਿੱਤਾ ਗਿਆ ਪਰ ਹਰ ਤੰਤਰ ਇਸ ਸਮਾਜ ਨੂੰ ਅਪਰਾਧੀ ਮੰਨਦਾ ਏ। ਲੇਖਕ ਨੇ ਟੱਪਰੀਵਾਸੀ ਜੀਵਨ ਬਤੀਤ ਕਰਨ ਵਾਲੇ ਇਸ ਸਮਾਜ ਦਾ ਲੂੰ ਕੰਡੇ ਖੜੇ ਕਰ ਦੇਣ ਵਾਲਾ ਵਰਨਣ ਕੀਤਾ ਏ। ਸਲਾਮ ਏ ਲੇਖਕ ਨੂੰ। ਜਗਦੀਸ਼ ਚੰਦਰ ਪੰਜਾਬ ਵਿਚ ਰਹਿ ਕੇ ਹਿੰਦੀ ਵਿਚ ਲਿਖਣ ਵਾਲਾ ਬੜਾ ਹੀ ਪ੍ਰਸਿੱਧ ਨਾਵਲਕਾਰ ਹੋਇਆ ਏ। ਉਸ ਦੇ ਹੁਣ ਤੱਕ ਛਪੇ ਅੱਠ ਨਾਵਲ ਮੈਂ ਇਕੱਠੇ ਕੀਤੇ ਹੋਏ ਸਨ। ਹੁਣ ਮੌਕਾ ਮਿਲ ਗਿਆ ਇਨ੍ਹਾਂ ਨੂੰ ਪੜ੍ਹਨ ਦਾ, **ਕਭੀ ਨਾ ਛੋੜੇ ਖੇਤ**, **ਧਰਤੀ ਧਨ ਨਾ ਆਪਣਾ**, **ਜ਼ਮੀਨ ਆਪਣੀ ਤੋ ਥੀ**, **ਨਰਕਕੁੰਡ ਮੇਂ ਵਾਸ**, **ਘਾਸ ਗੋਦਾਸ**, **ਮੁੱਠੀ ਭਰ ਕੰਕਰ**, **ਆਧਾ ਪੁੱਲ**, **ਲਾਟ ਕੀ ਵਾਪਸੀ** ਅਤੇ ਇਕ ਉਸ ਦਾ ਅਧੂਰਾ ਨਾਵਲ ਜਿਹੜਾ 'ਪਹਿਲ' ਪਰਚੇ ਵਿਚ ਛਪਿਆ ਸੀ, '**ਸ਼ਤਾਬਦੀਆਂ ਦਾ ਦਰਦ**' ਪੜ੍ਹ ਦਿੱਤੇ। ਉਸ ਦੇ ਇਕ ਇਕ ਨਾਵਲ ਬਾਰੇ ਕੀ ਲਿਖਿਆ ਜਾਵੇ। ਪੰਨੇ ਸੀਮਤ ਨੇ। ਬਸ ਮੈਂ ਇਹੀ ਕਹਿਣਾ ਏ ਕਿ ਮੈਂ 1970 ਤੋਂ ਪਿੱਛਲੇ ਡੇਡ ਸੋ ਸਾਲਾਂ ਦੇ ਪੰਜਾਬ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਕਲਚਰਲ

ਸਥਿਤੀ ਨੂੰ ਬਰੀਕੀ ਨਾਲ ਵੇਖ ਲਿਆ ਏ। ਚਾਹੇ ਉਹ ਦਲਿਤ ਹੋਣ, ਚਾਹੇ ਕਿਸਾਨ ਜਾਂ ਹੋਰ ਵਰਗ ਦੇ ਲੋਕ। ਜਗਦੀਸ਼ ਚੰਦਰ ਦਾ ਬਚਪਨ ਹੁਸਿਆਰਪੁਰ ਦੇ ਪਿੰਡ ਰਲਹਨ ਤੇ ਘੋੜੇਵਾਹ ਵਿਚ ਬੀਤਿਆ। ਫਿਰ ਉਸ ਨੇ ਛੋਟੇ ਕਸਬਿਆ ਦਾ ਅਨੁਭਵ ਪ੍ਰਾਪਤ ਕੀਤਾ। ਜਗਦੀਸ਼ ਚੰਦਰ ਦੇ ਨਾਵਲ ਪੜ੍ਹਦਿਆਂ ਮੈਨੂੰ ਬੀਤੇ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਰਹੀ। ਸਲਾਮ ਏ ਜਗਦੀਸ਼ ਦੀ ਲੇਖਣੀ ਨੂੰ।




ਪੰਜਾਬੀ ਵਿਚ ਵੱਡੀ ਮਾਤਰਾ ਵਿਚ ਕਹਾਣੀ ਲਿਖੀ ਜਾ ਰਹੀ ਏ। ਇਹ ਬਹੁਤ ਹੀ ਚੰਗਾ ਉਦਮ ਏ। ਕਹਾਣੀਕਾਰ ਨਿਰੰਤਰ ਇਕ ਦੂਜੇ ਤੋਂ ਅੱਗੇ ਨਿਕਲਣ ਲਈ ਆਪਣੀ ਸਮਰੱਥਾ ਨਾਲ ਚੰਗੀ ਕਹਾਣੀ ਲਿਖਣ ਦਾ ਯਤਨ ਕਰ ਰਹੇ ਨੇ। ਦਰਅਸਲ ਇਹ ਹਰ ਕਹਾਣੀਕਾਰ ਦੇ ਵਸ ਵਿੱਚ ਵੀ ਨਹੀਂ ਹੁੰਦਾ ਕਿ ਉਹ ਹਰ ਕਹਾਣੀ ਉਤਮ ਦਰਜੇ ਦੀ ਲਿਖੇ। ਕਦੇ ਚੰਗੀ ਲਿਖ ਹੋ ਜਾਂਦੀ ਏ ਕਦੇ ਦਰਮਿਆਨੀ ਤੇ ਕਦੇ ਹਲਕੀ। ਇਸ ਸਮੇਂ ਦੌਰਾਨ 2019 ਦੀਆਂ ਚੋਣਵੀਆਂ ਕਹਾਣੀਆਂ ਦੀਆਂ ਤਿੰਨ ਪੁਸਤਕਾਂ ਸੰਪਾਦਤ ਹੋ ਕੇ ਆਈਆਂ ਨੇ। ਭਾਵ ਕਿ ਸਾਲ ਦੀਆਂ ਉੱਤਮ ਦਰਜਾ ਪ੍ਰਾਪਤ ਕਹਾਣੀਆਂ ਦੀ ਨਿਸ਼ਾਨਦੇਹੀ ਕਰਕੇ ਹਰ ਸੰਪਾਦਕ ਨੇ ਕਿਤਾਬ ਵਿਚ ਥਾਂ ਦਿੱਤੀ ਏ। ਮੈਂ ਵੇਖਿਆ ਕਿ ਹਰ ਸੰਪਾਦਕ ਦੀ ਚੋਣ ਵਿਚ ਬਹੁਤ ਵੱਡੇ ਅੰਤਰ ਨੇ। ਪਹਿਲੀ ਕਿਤਾਬ ਸੁਕੀਰਤ ਆਨੰਦ ਹੁਰਾਂ ਦੀ ਸੰਪਾਦਕ ਪੁਸਤਕ ਸਾਡੇ ਸਾਹਮਣੇ ਏ '**2019 ਦੀਆਂ ਪ੍ਰਤੀਨਿਧੀ ਕਹਾਣੀਆਂ**'। ਉਸ ਦੀ ਚੋਣ ਦੀ ਵੱਖਰੀ ਵਿਧੀ ਏ। ਕਹਾਣੀਆਂ ਦੀ ਚੋਣ ਜਿਊਰੀ ਕਰਦੀ ਏ। ਮੈਂ ਇਕ ਹੀ ਕਹਾਣੀ ਦੀ ਮਿਸਾਲ ਦਿੰਦਾ ਹਾਂ। ਜਿਹਦੇ ਤੋਂ ਪਾਠਕ ਨੂੰ ਲੱਗੇਗਾ ਕਿ ਚੋਣਵੀਆਂ ਕਹਾਣੀਆਂ ਦੀ ਖੇਡ ਅਸਲ ਵਿਚ ਪ੍ਰਤੀਨਿੱਧੀ ਰਚਨਾਵਾਂ ਨਹੀਂ। ਮਿਸਾਲ ਵਜੋਂ ਸੁਕੀਰਤ ਆਨੰਦ ਹੁਰੀਂ ਦਸ ਕਹਾਣੀਆਂ ਦੀ ਚੋਣ ਵਿਚੋਂ ਬਿੰਦਰ ਬਸਰਾ ਦੀ ਕਹਾਣੀ '**ਕੱਲ੍ਹ ਵੀ ਆਉਣੈ**' ਨੂੰ ਸਾਲ ਦੀ ਪ੍ਰਤੀਨਿੱਧੀ ਕਹਾਣੀ ਦਾ ਇਨਾਮ ਦਿੰਦੇ ਨੇ। ਭਾਵ ਕਿ ਇਹ ਕਹਾਣੀ ਸਾਲ 'ਚ ਲਿਖੀਆਂ ਗਈਆਂ ਕਹਾਣੀਆਂ ਵਿਚੋਂ ਉੱਤਮ ਦਰਜਾ ਰੱਖਦੀ ਏ। ਇਸ ਦੀ ਚੋਣ ਇਕੱਲੇ ਸੁਕੀਰਤ ਹੁਰੀਂ ਨਹੀਂ ਕਰਦੇ ਬਲਕਿ ਦੋ ਵੱਖ ਵੱਖ ਤਰ੍ਹਾਂ ਦੀਆਂ ਜਿਊਰੀਆਂ ਕਰਦੀਆਂ ਹਨ। ਦੂਜੀ ਕਿਤਾਬ ਅਨੇਮਨ ਸਿੰਘ ਵਲੋਂ ਸੰਪਾਦਤ ਹੁੰਦੀ ਹੈ '**ਬੀ ਪੌਜ਼ੇਟਿਵ ਯਾਰ**' ਜਿਹੜੀ ਕਿ 2019 ਦੀਆਂ ਚੋਣਵੀਆਂ ਕਹਾਣੀਆਂ ਦੀ ਸੰਪਾਦਤ ਕਿਤਾਬ ਏ। ਅਤੇ ਤੀਜੀ ਕਿਤਾਬ ਸੁਸ਼ੀਲ ਦੁਸਾਂਝ ਵੱਲੋਂ ਸੰਪਾਦਤ ਹੁੰਦੀ ਏ '**2019 ਦੀਆਂ ਬਿਹਤਰੀਨ ਕਹਾਣੀਆਂ**' ਭਾਵ ਕਿ ਇਹ ਕੇਵਲ ਚੋਣਵੀਆਂ ਨਹੀਂ ਬਲਕਿ ਬਿਹਤਰੀਨ ਏ? ਹੁਣ ਇਹ ਮਗਰਲੇ ਦੋ ਕਹਾਣੀਕਾਰ ਬਿੰਦਰ ਬਸਰਾ ਦੀ ਕਹਾਣੀ ਨੂੰ ਕਿਤਾਬਾਂ ਵਿਚ ਸੰਪਾਦਤ ਨਹੀਂ ਕਰਦੇ। ਇਕ ਸੰਪਾਦਕ ਇਕ ਵਿਧੀ ਨਾਲ ਬਿੰਦਰ ਦੀ ਕਹਾਣੀ ਨੂੰ ਉੱਤਰ ਕਹਾਣੀ ਦਾ ਦਰਜ਼ਾ ਦੇ ਕੇ ਇਨਾਮ ਦਿੰਦੇ ਹਨ ਤੇ ਦੋ ਸੰਪਾਦਕ ਉਸ ਦੀ ਕਹਾਣੀ ਕਿਤਾਬਾਂ ਵਿਚ ਵੀ ਸਾਮਿਲ ਨਹੀਂ ਕਰਦੇ। ਇਨ੍ਹਾਂ ਤਿੰਨ ਸੰਪਾਦਤ ਕਿਤਾਬਾਂ ਵਿਚੋਂ ਕੁਝ ਕਹਾਣੀਆਂ ਹੀ ਸਾਂਝੀਆਂ ਹਨ। ਜਿਨ੍ਹਾਂ ਨੂੰ ਸਾਰੇ ਸੰਪਾਦਕਾਂ ਨੇ ਪ੍ਰਤੀਨਿੱਧ ਮੰਨਿਆ ਏ। ਕੀ ਏਹੀ ਮੰਨਿਆ ਜਾਵੇ ਕਿ ਹਰ ਸੰਪਾਦਕ ਦੀ ਆਪਣੀ ਚੋਣ ਹੁੰਦੀ ਏ। ਉਹਦੇ ਆਪਣੇ ਹਿੱਤ ਹੁੰਦੇ ਨੇ।



ਆਪਣੀ ਪਸੰਦ-ਨਾ ਪਸੰਦ ਹੁੰਦੀ ਏ। ਹਰ ਸੰਪਾਦਕ ਦਾ ਆਪਣਾ ਇਕ ਦਾਇਰਾ ਵੀ ਹੁੰਦਾ ਏ। ਆਪਣੀਆਂ ਦੋਸਤੀਆਂ ਦਾ ਘੇਰਾ ਵੀ ਹੁੰਦਾ ਏ। ਉਸ ਦੇ ਆਪਣੇ ਹਿੱਤ ਹੁੰਦੇ ਨੇ। ਫਿਰ ਵੀ ਤੁਸੀਂ ਇਨ੍ਹਾਂ ਤਿੰਨ ਸੰਪਾਦਤ ਕਿਤਾਬਾਂ ਵਿਚੋਂ ਸਾਲ ਦੀਆਂ ਚੰਗੀਆਂ ਕਹਾਣੀਆਂ ਪੜ੍ਹ ਸਕਦੇ ਹੋ। ਜਿਹੜੀਆਂ ਸਿਲੇਬਸਾਂ ਲਈ ਕਹਾਣੀਆਂ ਦੀਆਂ ਕਿਤਾਬਾਂ ਸੰਪਾਦਤ ਹੁੰਦੀਆਂ ਹਨ। ਉਨ੍ਹਾਂ ਦੀ ਚੋਣ ਵਿਚ ਵੀ ਇਹੀ ਕੁੱਝ ਹੁੰਦਾ ਏ। ਹਲਾਂ ਕਿ ਉਹਦੇ ਵਿਚ ਵੀ ਵਿਧੀ ਵਿਧਾਨ ਹੁੰਦਾ ਏ। ਪਰ ਕੌਣ ਇਹਦੀ ਪਰਵਾਹ ਕਰਦਾ ਏ? ਇਹਦੇ ਬਾਰੇ ਮੈਂ ਕਦੇ ਫੇਰ ਕਿਤਾਬਾਂ ਦੇ ਹਵਾਲੇ ਨਾਲ ਗੱਲ ਕਰਾਗਾ।




***ਸੁਭਾਸ਼ ਪਰਿਹਾਰ*** ਅੰਗਰੇਜ਼ੀ ਵਿਚ ਪੰਜਾਬ ਦੇ ਮੱਧਕਲੀਨ ਇਤਿਹਾਸ ਦੀਆਂ ਇਮਾਰਤਾਂ ਬਾਰੇ ਲਿਖਣ ਵਾਲਾ ਵਿਲੱਖਣ ਇਤਿਹਾਸਕਾਰ ਏ। ਉਸ ਨੇ ਇਸ ਵਿਸ਼ੇ ਤੇ ਵੱਡੇ ਪ੍ਰੋਜੈਕਟ ਤੇ ਕਾਰਜ ਕੀਤਾ ਏ। ਸਰਹਿੰਦ ਉਨ੍ਹਾਂ ਵਿਚੋਂ ਇਕ ਏ। ਉਨ੍ਹਾਂ ਦੀਆਂ ਪੰਜਾਬੀ ਵਿਚ ਲਿਖੀਆਂ ਦੋ ਕਿਤਾਬਾਂ ਮੈਨੂੰ ਪੜ੍ਹਨ ਨੂੰ ਮਿਲੀਆਂ ਨੇ। ਇਕ ਕਿਤਾਬ '**ਰਿਆਸਤ ਫ਼ਰੀਦਕੋਟ ਇਤਿਹਾਸ ਅਤੇ ਇਤਿਹਾਸਿਕ ਇਮਾਰਤਾਂ**' ਏ। ਰਿਆਸਤ ਫ਼ਰੀਦਕੋਟ ਦੀ ਆਪਣੀ ਇਤਿਹਾਸਕ ਵਿਲੱਖਣਤਾ ਏ। ਇਕ ਤਾਂ ਕਿਤਾਬ ਬਹੁਤ ਹੀ ਵਧੀਆਂ ਤਰੀਕੇ ਨਾਲ ਛਪੀ ਏ। ਜਿਹਦੇ ਵਿਚ ਚੰਗੀ ਕੁਅਲਟੀ ਦੀਆਂ ਤਸਵੀਰਾਂ ਛਾਪੀਆਂ ਗਈਆਂ ਹਨ। ਬਲੈਕ ਐਂਡ ਵਾਇਟ ਤੇ ਰੰਗੀਨ। ਸੁਭਾਸ਼ ਨੇ ਫ਼ਰੀਦਕੋਟ ਦੇ ਇਕ ਇਕ ਇਤਿਹਾਸਕ ਅਹਿਮੀਅਤ ਰੱਖਦੀ ਇਮਾਰਤ ਦੀ ਜਾਣਕਾਰੀ ਉਹਦੀ ਇਤਿਹਾਸਕ ਮਹੱਤਤਾ ਬਾਰੇ ਦੱਸਿਆ ਏ। ਪੁਰਾਤਨ ਅਵਸੇਸਾ ਨਾਲ , ਤੱਥਾਂ ਨਾਲ ਸੁਭਾਸ਼ ਹੁਰਾਂ ਨੇ ਫ਼ਰੀਦਕੋਟ ਦਾ ਇਤਿਹਾਸ ਰੱਚਿਆ ਏ। ਕਿਤਾਬ ਨੂੰ ਪੜ੍ਹ ਕੇ ਫ਼ਰੀਦਕੋਟ ਵੇਖਣ ਦਾ ਮਨ ਕਰ ਆਉਂਦਾ ਏ। ਪਰ ਸਮਕਾਲ ਵਿਚ ਤੁਹਾਨੂੰ ਸਾਰਾ ਕੁੱਝ ਨਹੀਂ ਦਿਸੇਗੇ ਜਿਹੜਾ ਕਿਤਾਬ ਵਿਚ ਦਿਸਦਾ ਏ। ਕਈ ਚਿੰਨ੍ਹ ਤੇ ਚਿਹਨ ਸਮੇਂ ਨਾਲ ਨਸ਼ਟ ਹੋ ਗਏ ਹੋਣਗੇ। ਉਨ੍ਹਾਂ ਦੀ ਦੂਜੀ ਕਿਤਾਬ '**ਸੁਭਾਸ਼ ਪਰਿਹਾਰ @ facebook**' ਏ। ਇਹ ਕਿਤਾਬ ਵੀ ਸਿੱਧੇ ਤਰੀਕੇ ਨਾਲ ਇਤਿਹਾਸ ਤੇ ਪੁਸਤਕਾਂ ਦੀ ਜਾਣ-ਪਛਾਣ ਨਾਲ ਸਬੰਧਤ ਏ। ਫੇਸ ਬੁੱਕ ਤੇ ਉਨ੍ਹਾਂ ਨੇ ਸਮੇਂ ਸਮੇਂ ਜਿਹੜੇ ਵੱਖ ਵੱਖ ਲੋਕਾਂ ਬਾਰੇ, ਲੇਖਕਾਂ ਬਾਰੇ , ਕਿਤਾਬਾਂ ਬਾਰੇ, ਇਮਾਰਤਾਂ ਬਾਰੇ ਅਤੇ ਹੋਰ ਮਹੱਤਵਪੂਰਨ ਮੁੱਦਿਆਂ ਬਾਰੇ ਮਿੰਨੀ ਨਿਬੰਧ ਵਰਗੇ ਵਿਚਾਰ ਪਾਏ ਨੇ ਉਨ੍ਹਾਂ ਨੂੰ ਇਕੱਤਰ ਕੀਤਾ ਗਿਆ ਏ। ਨਾਲ ਨਾਲ ਸੰਬੰਧਤ ਕਿਤਾਬਾਂ, ਲੇਖਕਾਂ ਤੇ ਇਮਾਰਤਾਂ ਦੀਆਂ ਤਸਵੀਰਾਂ ਵੀ ਹਨ। ਉਹ ਫੇਸਬੁੱਕ 'ਤੇ ਆਪਣੀਆਂ ਮਹੱਤਵਪੂਰਨ ਪੋਸਟਾਂ ਪਾ ਕੇ ਸੰਵਾਦ ਵੀ ਰਚਾਉਂਦਾ ਰਹਿੰਦਾ ਏ। ਕਿਤਾਬ ਵਿਚ ਆ ਕੇ ਇਹ ਛੋਟੀਆਂ ਛੋਟੀਆਂ ਟਿੱਪਣੀਆਂ ਮਹੱਤਵਪੂਰਨ ਬਣ ਗਈਆਂ ਨੇ। ਇਹ ਪ੍ਰੇਰਨਾ ਦੇਣ ਵਾਲੀ ਕਿਤਾਬ ਏ। ਕਿ ਫੇਸ ਬੁੱਕ ਤੇ ਵੀ ਸੰਵਾਦ ਤੋਰਿਆ ਜਾ ਸਕਦਾ ਏ। ਮੇਰੇ ਟੇਬਲ ਤੇ ਪੰਜਾਬੀ ਦੀਆਂ ਵੀ ਅਨੇਕਾਂ ਕਿਤਾਬਾਂ ਪਈਆਂ ਨੇ। ਜਿਨ੍ਹਾਂ ਨੂੰ ਮੈਂ ਇਸ ਲਈ ਪੜ੍ਹ ਨਹੀਂ ਸਕਿਆ ਕਿਉਂਕਿ ਮੈਂ ਵਧੇਰੇ ਸਮਾਂ ਕਲਾਸਿਕ ਨਾਵਲ ਪੜ੍ਹਨ ਵੱਲ ਲੱਗਾ ਰਿਹਾ। ਸੋ ਪੰਜਾਬੀ ਕਿਤਾਬਾਂ ਪੜ੍ਹਨ ਨੂੰ ਮਨ ਨਹੀਂ ਕੀਤਾ। ਅਗਲੇ ਵਾਰੀ ਉਨ੍ਹਾਂ ਦਾ ਜ਼ਿਕਰ ਹੋਵੇਗਾ। ਸੋ ਦੋਸਤੋ ਫਿਲਹਾਲ ਐਨਾ ਹੀ।